ਸੈਂਚੀ
ਤੀਜੀ

ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

# ਟੀਕਾ ਅਨੇਕ ਬਾਣੀਆਂ

ਭਾਈ ਸਾਹਿਬ ਭਾਈ ਵੀਰ ਸਿੰਘ

੧ੴ ਸਤਿਗੁਰ ਪ੍ਰਸਾਦਿ॥

## ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

# ਟੀਕਾ ਅਨੇਕ ਬਾਣੀਆਂ

[ਸੈਂਚੀ ਤੀਜੀ]

*ਜਿਸ ਵਿਚ*
ਸਵਯੇ ਸ੍ਰੀ ਮੁਖਬਾਕ੍ਯ ਮ: ੫ ਸਵਯੇ ਭੱਟਾਂ ਦੇ
ਤੇ ਸਲੋਕ ਮ: ੯ ਬਾਣੀਆਂ ਦਾ ਟੀਕਾ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ, ਨਵੀਂ ਦਿੱਲੀ-110001

Teeka Anek Banian [ Vol. - III ]
*Bhai Vir Singh*

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਪੰਜਵੀਂ ਐਡੀਸ਼ਨ : ਅਪ੍ਰੈਲ 2008

**ਛਪਾਈ ਦਾ ਵੇਰਵਾ**

| | | |
|---|---|---|
| ਪਹਿਲੀ ਐਡੀਸ਼ਨ | ਸਤੰਬਰ, | 1983 |
| ਦੂਜੀ ਐਡੀਸ਼ਨ | | 1992 |
| ਤੀਜੀ ਐਡੀਸ਼ਨ | ਅਗਸਤ, | 1996 |
| ਚੌਥੀ ਐਡੀਸ਼ਨ | | 1996 |
| ਪੰਜਵੀਂ ਐਡੀਸ਼ਨ | ਅਪ੍ਰੈਲ, | 2008 |
| | | (Computerised) |

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*ਪ੍ਰਿੰਟਰ :*
ਪ੍ਰਿੰਟੋਗ੍ਰਾਫ ਪ੍ਰਿੰਟਰਜ਼
2966/41, ਕਰੋਲ ਬਾਗ
ਨਵੀਂ ਦਿੱਲੀ-110005

ਮੁੱਲ : 145/- ਰੁਪਏ

ੴ ਸਤਿਗੁਰ ਪ੍ਰਸਾਦਿ॥

# ਮੁੱਢਲੀ ਬਿਨੈ

ਸਤਿਕਾਰਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਰਚਿਤ ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੱਤ ਪੋਥੀਆਂ ਜੋ ਸੋਰਠ ਰਾਗ ਤਕ ਛਪ ਚੁਕੀਆਂ ਹਨ, ਉਨ੍ਹਾਂ ਉਪ੍ਰਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅੱਡ ਅੱਡ ਬਾਣੀਆਂ ਦੇ ਹੋਏ ਟੀਕੇ ਛਾਪਣੇ ਸ਼ੁਰੂ ਕੀਤੇ ਗਏ ਸਨ, ਜਿਸ ਸਿਲਸਿਲੇ ਦੀ ਇਹ ਤੀਜੀ ਅੰਤਮ ਪੋਥੀ ਹੈ। ਇਸ ਵਿਚ ਸਵਈਏ ਸ੍ਰੀ ਮੁਖਵਾਕ ਮਹਲਾ ੫ ਤੇ ਭਟਾਂ ਦੇ ਅਤੇ ਸਲੋਕ ਮਹਲਾ ੯ ਦਾ ਟੀਕਾ ਆ ਗਿਆ ਹੈ।

ਸਵਈਆਂ ਦਾ ਟੀਕਾ ਸ੍ਰੀ ਮਾਨ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਦਾ ਕੀਤਾ ਸਹੀ ਹੁੰਦਾ ਹੈ*। ਸ੍ਰੀ ਮਾਨ ਸੰਤ ਕਰਤਾਰ ਸਿੰਘ ਜੀ ਕਮਾਲੀਏ ਵਾਲੇ ਦੱਸਦੇ ਹਨ ਕਿ ਅਸੀਂ ਛੋਟੇ ਹੁੰਦੇ ਦੇਖਦੇ ਹੁੰਦੇ ਸਾਂ ਕਿ ਸੰਤ ਪਿਤਾ ਜੀ ਸਵਈਆਂ ਦਾ ਟੀਕਾ ਲਿਖਦੇ ਹੁੰਦੇ ਸਨ। ਜਾਪਦਾ ਹੈ ਕਿ ਸ੍ਰੀ ਮਾਨ ਭਾਈ ਸਾਹਿਬ ਦੀ ਇੱਛਾ ਅਨੁਸਾਰ ਸ੍ਰੀ ਸੰਤ ਜੀ ਨੇ ਇਹ ਟੀਕਾ ਕੀਤਾ ਤੇ ਫਿਰ ਇਹ ਖਾਲਸਾ ਟ੍ਰੈਕਟ ਸੁਸਾਇਟੀ ਦੇ ਅਨੇਕ ਛੋਟੇ ਛੋਟੇ ਟ੍ਰੈਕਟਾਂ ਰਾਹੀਂ ਪ੍ਰਕਾਸ਼ਤ ਕੀਤਾ ਗਿਆ। ਇਹ ਗਲ ਸੰਨ ੧੯੨੫ ਈ: ਦੇ ਆਨਮਾਨ ਦੀ ਸਹੀ ਹੁੰਦੀ ਹੈ।

ਸਵਈਆਂ ਦੇ ਟੀਕੇ ਦੇ ਭਾਵਾਂ ਵਿਚ ਸੰਤਾਂ ਦੀ ਕਥਾ ਹੀ ਮਾਨੋ ਵਿਸ਼ਾਲ ਵਾਕਫੀ ਭਰਪੂਰ ਤੇ ਗੁਰਬਾਣੀ ਪ੍ਰਮਾਣਾਂ ਭੂਸ਼ਤ ਪ੍ਰਵਾਹਤ ਪਾਠਕ ਪ੍ਰਤੀਤ ਕਰ ਸਕਦੇ ਹਨ ਜਿਨ੍ਹਾਂ ਨੂੰ ਕਿ ਕਦੇ ਸੰਤਾਂ ਦੀ ਕਥਾ ਦੇ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ ਹੋਵੇ।

ਸਲੋਕ ਮਹਲਾ ੯ ਦਾ ਟੀਕਾ ਪਰਮ ਸਤਿਕਾਰਯੋਗ ਭਾਈ ਸਾਹਿਬ ਜੀ ਦਾ ਕੀਤਾ ਟੀਕਾ ਹੈ, ਜੋ ੧੯੦੫ ਈ: ਦੇ ਆਨਮਾਨ ਹੋਇਆ ਸਹੀ ਹੁੰਦਾ ਹੈ।

ਪਰਮ ਸਤਿਕਾਰਯੋਗ ਭਾਈ ਸਾਹਿਬ ਜੀ ਨੇ ਕੌਮ ਵਿਚ ਗੁਰਸਿਖੀ, ਗੁਰਬਾਣੀ, ਗੁਰ ਇਤਿਹਾਸ ਤੇ ਸਿਖੀ ਆਦਰਸ਼ ਅਨੁਸਾਰ ਜੀਵਨ ਸੁਧਾਰ ਦਾ ਪ੍ਰਚਾਰ ਕਰਨ ਲਈ ਪਹਿਲੇ ਖਾਲਸਾ ਟ੍ਰੈਕਟ ਸੁਸਾਇਟੀ ਸਥਾਪਨ ਕੀਤੀ ਤੇ ਉਸ ਰਾਹੀਂ 'ਨਿਰਗੁਣੀਆਰਾ' ਪੰਦਰਾਂ ਰੋਜ਼ਾ ਪੱਤ੍ਰ ਜਾਰੀ ਕੀਤਾ ਤੇ ਫਿਰ 'ਖਾਲਸਾ ਸਮਾਚਾਰ' ਸਪਤਾਹਕ ਪੱਤ੍ਰ ਜਾਰੀ ਕੀਤਾ। ਇਨ੍ਹਾਂ ਦੋਹਾਂ ਪੱਤ੍ਰਾਂ ਰਾਹੀਂ ਆਪ ਆਪਣੇ ਮਿਥੇ ਨਿਸ਼ਾਨੇ ਦਾ ਅਣਥੱਕ ਹੋਕੇ ਪ੍ਰਚਾਰ ਕਰਦੇ ਰਹੇ। ਆਪ ਜੀ ਦੀਆਂ ਕਈ ਪੁਸਤਕਾਂ ਪਹਿਲੇ ਇਨ੍ਹਾਂ ਪੱਤ੍ਰਾਂ ਰਾਹੀਂ ਪ੍ਰਚਾਰਿਤ ਹੋਈਆਂ, ਜੈਸੇ ਕਿ ਸਤਵੰਤ ਕੌਰ, ਸੁਭਾਗ ਜੀ (ਬਾਬਾ ਨੌਧ ਸਿੰਘ), ਰਾਣਾ ਸੂਰਤ ਸਿੰਘ ਤੇ ਗੁਰੂ ਸਾਹਿਬਾਂ ਦੇ ਚਮਤਕਾਰ; ਜੋ ਮਗਰੋਂ ਪੁਸਤਕ ਆਕਾਰ ਵਿਚ ਛਪਕੇ ਪ੍ਰਚਾਰਤਾ ਹੋਏ ਤੇ ਹੋ ਰਹੇ ਹਨ। ਆਪ ਜੀ ਦਾ ਇਹ ਸਾਹਿਤਜ ਕੌਮ ਵਿਚ ਜਾਗ੍ਰਤ ਤੇ ਅਪਣੇ ਸਿੱਖੀ ਆਦਰਸ਼ ਪਰ ਸਾਵਧਾਨਤਾ ਲਿਆਉਣ ਵਿਚ ਪੂਰਨ ਸਫ਼ਲ ਹੋਇਆ ਜੋ ਗੁਰੂ ਮਿਹਰ ਹੇਠ ਸਦਾ ਆਪਣਾ ਸੁਹਣਾ ਇਹ ਕਰਤੱਵ ਪਾਲਦਾ ਰਹੇਗਾ।

੫-੯-੧੯੮੩ ਬਿਨੈਕਾਰ— ਮਹਾਂ ਸਿੰਘ ਗਜਾਨੀ

---

* ਨੋਟ:-ਕਈਆਂ ਪਾਠਕਾਂ ਦਾ ਦ੍ਰਿੜ ਨਿਸਚਾ ਹੈ ਕਿ ਇਹ ਸਵਈਆਂ ਦਾ ਟੀਕਾ ਵੀ ਸਾਰਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਹੀ ਹੈ।

ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਟੀਕਾ ਅਨੇਕ ਬਾਣੀਆਂ

# ਸੂਚੀ ਪਤਰ


| ਅੰਕ | ਗੁਰਬਾਣੀ ਦਾ ਸਿਰਲੇਖ | ਪੰਨਾ |
|---|---|---|
| ੧੭*. | ਸਵਯੇ ਸ੍ਰੀ ਮੁਖਬਾਕੵ ਮ: ੫ | ੬੭੯* |
| ੧੮. | ਸਵਯੇ ਭੱਟਾਂ ਦੇ: | |
| | (ੳ) ਸਵਯੇ ਮ: ੧ ਕੇ | ੭੦੪ |
| | (ਅ) ਸਵਯੇ ਮ: ੨ ਕੇ | ੭੧੮ |
| | (ੲ) ਸਵਯੇ ਮ: ੩ ਕੇ | ੭੩੨ |
| | (ਸ) ਸਵਯੇ ਮ: ੪ ਕੇ | ੭੬੦ |
| | (ਹ) ਸਵਯੇ ਮ: ੫ ਕੇ | ੮੩੨ |
| ੧੯. | ਸਲੋਕ ਮਹਲਾ ੯ | ੮੫੫ |


* ਨੋਟ:-ਪੁਸਤਕ ਅਨੇਕ ਬਾਣੀਆਂ ਦੀਆਂ ਤਿੰਨ ਪੋਥੀਆਂ ਹਨ। ਇਨ੍ਹਾਂ ਦੇ ਅਧਿਆਇ-ਅੰਕ ਤੇ ਪੰਨੇ ਲਗਾਤਾਰਤਾ (continuty) ਵਿਚ ਚਲਦੇ ਹਨ।

# ੧੭. ਸਵਯੇ ਸ੍ਰੀ ਮੁਖ ਵਾਕ

## ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

## ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ ॥

**ਮੂਲ**

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ ॥ ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ ॥ ਬ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ ॥ ਅਬਿਨਾਸੀ ਅਬਿਗਤ ਆਪੇ ਆਪਿ ਉਤਪਤਿ ॥ ਏਕੈ ਤੂਹੀ ਏਕੈ ਅਨ ਨਾਹੀ ਤੁਮ ਭਤਿ ॥ ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ ॥ ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ

**ਅਰਥ**

(ਦਿੱਸਦੇ ਅਣਦਿੱਸਦੇ ਪਸਾਰੇ ਦਾ) ਮੂਲ ਪੁਰਖ ( ਹੈ ਜੋ, ਓਹ ਆਪ ਇਸ ਦਾ) ਸਿਰਜਨਹਾਰ ਹੈ, (ਉਸਦਾ ਅਪਣਾ ਆਪ ਹੀ ਇਸ ਦਾ) ਕਾਰਣ (ਹੈ ਤੇ ਉਸ ਕਾਰਣ ਦਾ) ਕਾਰਜ ਸਭ (ਕੁਛ) ਆਪ ਹੀ ਹੈ। (ਇਸ ਰਚੀ ਹੋਈ ਤੋਂ ਰਚਣਹਾਰ ਅਲੱਗ ਨਹੀਂ ਕਿਤੇ ਬੈਠਾ ਹੋਇਆ ਉਹ ਇਸ) ਸਾਰੀ ਵਿਚ ਭਰਪੂਰ ਹੈ, (ਅਕਾਸ਼ ਵਤ ਹੀ ਨਹੀਂ, ਪਰ) ਸਾਰੇ ਹਿਰਦਿਆਂ ਵਿਚ (ਬੀ) ਵਜਾਪਕ ਹੋ ਰਿਹਾ ਹੈ। (ਫੇਰ ਲੁਕਕੇ ਵਜਾਪਕ ਨਹੀਂ, ਪਰ) ਜਗਤ ਵਿਚ ਵਜਾਪਿਆ ਹੋਇਆ ਦੇਖੀਦਾ ਹੈ, (ਪਰ ਇਸ ਕਰਨ ਕਾਰਣ ਵਜਾਪਕਤਾ, ਭਰਪੂਰਤਾ, ਪਰਤੱਖ ਦਿੱਸਣ ਦੀ) ਤੇਰੀ ਗਤੀ ਕਉਣ ਜਾਣ ਸਕਦਾ ਹੈ, ਤੂੰ ਆਪ (ਸਾਰਿਆਂ ਦਾ) ਮਾਲਕ ਹੋਕੇ ਸਾਰਿਆਂ ਦੀ ਰਖਜਾ (ਬੀ) ਕਰਦਾ ਹੈਂ (ਰੱਖਜਾ ਕਰਨ ਵਾਲੇ ਅਰਥਾਤ ਪਤੀ ਵਜਕਤੀ ਵਾਲੇ ਤਾਂ ਨਾਸ਼ ਰੂਪ ਰਚੇ ਹੋਏ ਹੁੰਦੇ ਹਨ, ਪਰ) ਤੂੰ ਨਾਸ਼ ਤੋਂ ਰਹਿਤ (ਹੈਂ ਅਰ ਅਵਜਕਤ-) ਪਾਰਬ੍ਰਹਮ ਹੈਂ, (ਅਰ ਤੇਰੀ) ਉਤਪਤੀ (ਤੇਰੇ) ਅਪਣੇ ਆਪ ਤੋਂ ਹੈ। ਤੇਰੇ ਜੇਹਾ ਹੋਰ ਕੋਈ ਨਹੀਂ, ਇੱਕੋ ਤੂੰ (ਹੀ) ਇਕ ਹੈਂ। ਹੇ ਹਰੀ! (ਤੇਰਾ ਆਦ) ਅੰਤ ਨਹੀਂ, ਤੂੰ ਅਨੰਤ ਹੈਂ, ਕੌਣ ਹੈ (ਜੋ ਅਨੰਤ ਦਾ) ਵੀਚਾਰ ਕਰ ਸਕੇ, (ਅਨੰਤ ਹੋਕੇ ਫਿਰ ਤੂੰ) ਜਗਤ ਦਾ ਪਿਤਾ (ਹੋਕੇ) ਸਰਬ (ਪ੍ਰਾਣੀਆਂ ਦੇ) ਪ੍ਰਾਣ ਦਾ ਆਧਾਰ ਹੋ ਰਿਹਾ ਹੈਂ। ਦਾਸ ਨਾਨਕ (ਇਕ ਗੱਲ ਕਹਿੰਦਾ ਹੈ ਕਿ ਤੇਰੇ) ਦਰ ਤੁਲਿਆ (ਪ੍ਰਵਾਣ) ਭਗਤ (ਤੇ ਤੂੰ ਹੇ) ਬ੍ਰਹਮ! ਬਰੱਬਰ ਹੋ, (ਇਸ

| | |
|---|---|
| ਕਿਆ ਬਖਾਨੈ ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥੧॥ | ਤੁੱਲਤਾ ਦੀ ਗਤੀ ਨੂੰ) ਇਕ ਜੀਭ ਕੀਹ ਬਿਆਨ ਕਰੇ। ਹਾਂ (ਇਸ ਭੇਤ ਨੂੰ ਜਾਣਕੇ ਮੈਂ) ਸਦਕੇ ਹਾਂ, ਵਾਰੀ ਹਾਂ, ਘੋਲੀ ਹਾਂ, ਕੁਰਬਾਨ ਹਾਂ ਤੇ ਸਦਾ ਬਲਿਹਾਰ ਹਾਂ॥੧॥ |
| **ਮੂਲ** | **ਅਰਥ** |
| ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ ਪਰੈ ਹੀ ਤੇ ਪਰੈ ਅਪਰ ਅਪਾਰ ਪਰਿ ॥ ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ ਪਰਲੋ ਏਕੈ ਨਿਮਖ ਤੁ ਘਰਿ ॥ ਆਨ ਨਾਹੀ ਸਮਸਰਿ ਉਜੀਆਰੋ ਨਿਰਮਰਿ ਕੋਟਿ ਪਰਾਛਤ ਜਾਹਿ ਨਾਮ ਲੀਏ ਹਰਿ ਹਰਿ ॥ ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥ ੨ ॥ | ਅੰਮ੍ਰਿਤ ਪ੍ਰਵਾਹ (ਦੇ) ਸਰੋਵਰ, ਉਰਾਰ ਪਾਰ ਤੋਂ ਪਰੇ, ਅਤੋਲ ਭੰਡਾਰੇ (ਆਪ ਜੀ ਦੇ) ਭਰੇ (ਹੋਏ) ਹਨ। (ਹੇ ਉਚਿਆਂ ਤੋਂ ਉੱਚੇ ਵਾਹਿਗੁਰੂ ਜੀ) ਆਪਣੇ ਭਾਉਂਦੇ (ਕਾਰਜ) ਕਰਦੇ ਹੋ, ਦੂਜੇ (ਦੀ) ਸਲਾਹ ਦੀ ਲੋੜ ਨਹੀਂ ਰੱਖਦੇ, (ਸ੍ਰਿਸ਼ਟੀ ਦੀ) ਉਤਪਤੀ (ਤੇ) ਪਰਲੋ (ਇਕ) ਪਲਕਾਰੇ (ਵਿਚ ਆਪ ਜੀ ਦੇ) ਘਰ ਹੋ ਰਹੀ ਹੈ। ਹੇ ਪਵਿੱਤ੍ਰ ਪ੍ਰਕਾਸ਼ (ਵਾਲੇ!) ਦੂਜਾ (ਆਪ ਜੀ ਦੇ) ਬਰੋਬਰ ਕੋਈ ਨਹੀਂ, ਕ੍ਰੋੜਾਂ (ਹੀ) ਪਾਪ ਦੂਰ ਹੋ ਜਾਂਦੇ ਹਨ, (ਆਪ ਜੀ ਦਾ) ਹਰਿ ਹਰਿ ਨਾਮੁ ਲੈਣੇ (ਕਰਕੇ)। ਦਾਸ ਨਾਨਕ (ਇਕ ਗੱਲ ਕਹਿੰਦਾ ਹੈ ਕਿ ਤੇਰੇ) ਦਰ ਤੁਲਿਆ ਪ੍ਰਵਾਣੁ (ਭਗਤ ਤੇ ਤੂੰ ਹੇ) ਬ੍ਰਹਮ ਬਰਾਬਰ ਹੋ, (ਇਸ ਤੁੱਲਤਾ ਦੀ ਗਤੀ ਨੂੰ) ਇਕ ਜੀਭ ਕੀਹ ਬਿਆਨ ਕਰੇ, ਹਾਂ (ਇਸ ਭੇਦ ਨੂੰ ਜਾਣਕੇ ਮੈਂ) ਸਦਕੇ ਹਾਂ, ਵਾਰੀ ਹਾਂ, ਘੋਲੀ ਹਾਂ, ਕੁਰਬਾਨ ਹਾਂ ਤੇ ਸਦਾ ਬਲਿਹਾਰ ਹਾਂ॥੨॥ |

**ਪਦਾਰਥ**—ਸਰਿ-ਤਲਉ। ਅਪਰ-ਉਰਾਰ। ਅਪਾਰ-ਪਾਰ। ਮੰਤ੍ਰਿ-ਸਲਾਹ। ਓਪਤਿ-ਉਤਪਤੀ। ਨਿਰਮਰ-ਪਵਿਤ੍ਰ, ਸ਼ੁਧ। ਪਰਾਛਤ-ਪਾਪ।

**ਭਾਵ**—ਵਾਹਿਗੁਰੂ ਜੀ ਦੀ ਸਿਫ਼ਤ ਕਰਦੇ ਸਤਿਗੁਰੂ ਜੀ ਫ਼ੁਰਮਾਉਂਦੇ ਹਨ: ਵਾਹਿਗੁਰੂ ਅੰਮ੍ਰਿਤ ਦਾ ਸਰੋਵਰ ਹੈ, ਕਈਆਂ ਸਰੋਵਰਾਂ ਵਿਚ ਜਲ, ਦੂਜੀ ਥਾਂ ਤੋਂ ਆਕੇ ਪੈਂਦਾ ਹੈ। ਓਹ ਤਲਾ ਪ੍ਰਵਾਹ ਵਾਲੇ ਆਪ ਨਹੀਂ ਹੁੰਦੇ, ਏਥੇ ਸਤਿਗੁਰੂ ਜੀ ਨੇ ਦੱਸਿਆ ਹੈ ਕਿ ਇਕ ਵਾਹਿਗੁਰੂ ਹੀ ਅੰਮ੍ਰਿਤ ਦੇ ਪ੍ਰਵਾਹ ਵਾਲਾ ਤਲਾ ਹੈ, ਭਾਵ ਏਹ ਅੰਮ੍ਰਿਤ ਚਸ਼ਮੇ ਵਾਂਙ ਨਿਰੰਤਰ ਚਲ ਰਿਹਾ ਹੈ, ਜਿਸ ਵਿਚ ਹੋਰ ਥੋਂ ਅੰਮ੍ਰਿਤ ਆਵਨ ਦੀ ਲੋੜ ਨਹੀਂ। ਫੇਰ ਹੋਰ ਤਲਾ ਉਰਾਰ ਪਾਰ ਵਾਲੇ ਹੁੰਦੇ ਹਨ, ਪਰੰਤੂ ਏਹ ਅੰਮ੍ਰਿਤ ਸਰੋਵਰ (ਅਪਰ ਅਪਾਰ ਪਰਿ) ਉਰਾਰ ਪਾਰ ਤੋਂ ਪਰੇ; ਦੇਸ ਦੀ ਹੱਦ ਵਾਲਾ ਜਾਂ ਸਮੇਂ ਦੀ ਵੰਡ ਵਾਲਾ ਨਹੀਂ। ਕਈ ਕੁਦਰਤੀ ਸਰੋਵਰਾਂ ਵਿੱਚ ਮੋਤੀ, ਹੀਰੇ, ਰਤਨ, ਮਣੀਆਂ ਆਦਿ ਅਮੋਲਕ ਪਦਾਰਥ ਭੀ ਹੁੰਦੇ ਹਨ, ਸੋ ਵਾਹਿਗੁਰੂ ਜੀ ਦੇ (ਅਤੁਲ) ਜਿਨ੍ਹਾਂ ਦਾ ਤੋਲ ਨਾ ਹੋ ਸਕੇ, ਬਿਅੰਤ ਭੰਡਾਰੇ ਭਰੇ ਹੋਏ ਹਨ ਤੇ ਓਹ ਏਨੇ ਬਿਅੰਤ ਹਨ ਕਿ ਉਚਿਆਂ ਤੋਂ ਭੀ ਉੱਚੇ ਹਨ ਜਾਂ (ਪਰੇ ਹੀ ਤੋਂ ਪਰੇ) ਇਸ ਲੋਕ ਤੋਂ ਪਰੇ ਹੋਰ ਅਨੰਤ ਸ੍ਰਿਸ਼ਟੀਆਂ ਵਿਚ ਓਸਦੇ ਖਜ਼ਾਨੇ ਭਰਪੂਰ ਹਨ। ਭੰਡਾਰਿਆਂ ਦੇ ਮਾਲਕ, ਰਾਜੇ, ਪਾਤਸ਼ਾਹ, ਵਜ਼ੀਰ, ਮੰਤ੍ਰੀਆਂ ਦੀ ਸਲਾਹ ਨਾਲ ਆਪਣੇ ਖਜ਼ਾਨੇ ਵੰਡਦੇ ਤੇ ਹੋਰ ਕਾਰਜ ਕਰਦੇ ਹਨ, ਪਰ ਵਾਹਿਗੁਰੂ ਜੀ ਦੂਜੇ ਦੀ ਸਲਾਹ ਦੀ ਲੋੜ ਨਹੀਂ ਰੱਖਦੇ, ਕਿਉਂਕਿ ਓਹ ਅੰਤਰਜਾਮੀ ਹਨ ਤੇ ਸੁਤੰਤ੍ਰ ਹਨ, ਪੂਰਨ ਪੁਰਖ ਹਨ। ਓਸ ਸਿਰਜਣਹਾਰ ਜੀ ਦੇ ਨਿਜਰੂਪ ਘਰ ਵਿਚ ਸ੍ਰਿਸ਼ਟੀ ਦੀ ਉਤਪਤੀ ਤੇ ਪਰਲੋ ਇਕ ਅੱਖ ਦੇ ਪਲਕਾਰੇ ਵਿਚ ਹੋ ਰਹੀ ਹੈ; ਓਸ ਦੇ ਬਰਾਬਰ

ਦੂਜਾ ਕੋਈ ਨਹੀਂ; ਓਹ ਇਕੋ ਇਕ ਦਵੈਤ ਤੋਂ ਬਿਨਾਂ ਹੈ। ਇਹ ਜੋ ਦੀਸਣਹਾਰ ਹੈ ਜਲ ਤ੍ਰੰਗ ਦੀ ਤਰ੍ਹਾਂ ਓਸ ਤੋਂ ਵੱਖ ਨਹੀਂ।

ਯਥਾ-"**ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ॥**"(ਸੂਹੀ ਮ: ੫-੧) ਜੀਕੁਣ ਸੋਨੇ ਦੇ ਗਹਿਣੇ ਵੇਖਣ ਨੂੰ ਵੱਖੋ ਵੱਖ ਹਨ, ਪਰ ਓਹ ਸੋਨੇ ਬਿਨਾਂ ਹੋਰ ਕੁਛ ਨਹੀਂ। ਹੋਰ ਬਚਨ ਹੈ:-

"**ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੈ, ਨਜਾਰੇ ਨਯਾਰੇ ਹੁਇਕੈ ਫੇਰ ਆਗ ਮੈਂ ਮਿਲਾਹਿੰਗੇ॥ ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ, ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ॥ ਜੈਸੇ ਏਕ ਨਦਿ ਤੇ ਤਰੰਗ ਕੋਟ ਉਪਜਤ ਹੈਂ, ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ॥ ਤੈਸੇ ਵਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹ੍ਵੈ, ਤਾਹੀ ਤੇ ਉਪਜਿ ਸਬੈ ਤਾਹੀ ਮੈਂ ਸਮਾਹਿੰਗੇ॥**" {ਅਕਾਲ ਉਸਤਤ}

ਏਹ ਬਚਨ ਸ੍ਰਿਸ਼ਟੀ ਦੀ ਹੋਂਦ ਸ੍ਰਿਸ਼ਟੇ ਦੇ ਵਿਚ ਅਭੇਦ ਰੂਪ ਕਰਕੇ ਪ੍ਰਗਟ ਕਰਦੇ ਹਨ, ਇਸ ਲਈ ਓਹ ਸਭ ਕੁਛ ਬਣਾਕੇ ਭੀ ਇਕੋ ਇਕ ਹੈ, ਓਸ ਦੇ ਵਰਗਾ ਹੋਰ ਕੋਈ ਭੀ ਨਹੀਂ। ਯਥਾ- 'ਆਨ ਨ ਥੀਆ ਤੇਰੀ ਸਮਸਰਿ'। (੩੭੧) ਫੇਰ ਓਹ ਚੇਤਨ ਪ੍ਰਕਾਸ਼ ਰੂਪ ਹੈ ਅਤੇ ਓਸ ਦਾ ਪ੍ਰਕਾਸ਼ ਪਵਿਤ੍ਰ ਹੈ, ਸ਼ੁਧ ਹੈ, ਇਸ ਲਈ ਕਿ ਓਹ ਪ੍ਰਕਾਸ਼ ਮਾਯਾ ਦੀ ਮੈਲ ਤੋਂ ਪਵਿੱਤ੍ਰ ਹੈ, ਨਾਲੇ ਸੁਤੰਤ੍ਰ ਸੁਤੇ ਪ੍ਰਕਾਸ਼ ਹੈ।* 'ਹਰਿ' ਏਸ ਬਚਨ ਦੇ ਕਈ ਅਰਥ ਹਨ ਪਰ ਏਥੇ 'ਪਾਪਾਂ ਦੇ ਹਰਨ ਵਾਲਾ' ਜੋ ਹੋਵੈ ਸੋ ਕਹਾਵੈ 'ਹਰਿ'; ਏਹ ਭਾਵ ਪ੍ਰਤੀਤ ਹੁੰਦਾ ਹੈ। ਕ੍ਰੋੜਾਂ ਹੀ (ਪਰਾਛਤ) ਪਾਪ ਜੋ ਪਿੱਛੇ ਕੀਤੇ ਹਨ ਓਹ ਭੀ ਨਾਮ ਲੈਣ ਕਰ ਦੂਰ ਹੁੰਦੇ ਹਨ ਤੇ ਹੁਣ ਦੇ ਭੀ ਪਾਪ 'ਹਰਿ' ਨਾਮ ਦੂਰ ਕਰ ਦਿੰਦਾ ਹੈ। 'ਜਨ ਨਾਨਕ' ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਫੁਰਮਾਉਂਦੇ ਹਨ ਕਿ 'ਭਗਤੁ ਦਰਿ ਤੁਲਿ' ਵਾਹਿਗੁਰੂ ਜੀ ਦੇ ਦਰ ਪੁਰ 'ਤੁਲਿਆ' ਪ੍ਰਵਾਣਿਤ (ਪਰਮਾਰਥੀ ਪ੍ਰੀਖ੍ਯਾ ਵਿੱਚੋਂ ਪੂਰਾ ਨਿਕਲਿਆ) ਭਗਤ ਤੇ ਵਾਹਿਗੁਰੂ ਇਕ ਰੂਪ ਹਨ। ਜੀਕੁਣ ਅੱਗ ਦੇ ਪ੍ਰਵੇਸ਼ ਨਾਲ ਲੋਹਾ ਲਾਲ ਹੋ ਜਾਂਦਾ ਹੈ, ਲੋਹੇ ਦੀ ਅਗਨੀ ਤੇ ਬਾਹਰਲੀ ਅੱਗ ਦੋਵੇਂ ਇਕ ਰੂਪ ਹੁੰਦੀਆਂ ਹਨ, ਏਸੇ ਤਰ੍ਹਾਂ ਵਾਹਿਗੁਰੂ ਜੀ ਤੇ ਵਾਹਿਗੁਰੂ ਜੀ ਦੇ ਪਿਆਰੇ (ਜਿਨ੍ਹਾਂ ਦੇ ਵਿਚ ਖਾਸ ਵਾਹਿਗੁਰੂ ਦਾ ਪ੍ਰਵੇਸ਼ ਪ੍ਰਤੱਖ ਰੂਪ ਕਰਕੇ ਹੈ) ਇਕ ਹੀ ਹਨ। ਏਹ ਇਸ਼ਾਰਾ ਸਤਿਗੁਰ ਨਾਨਕ ਸਾਹਿਬ ਜੀ ਤੇ ਵਾਹਿਗੁਰੂ ਜੀ ਦੇ ਇਕ ਰੂਪ ਹੋਣ ਵੱਲ ਜਾਪਦਾ ਹੈ, ਕਿਉਂਕਿ ਅਗੇ ਚਲਕੇ ਸਤਿਗੁਰੂ ਤੇ ਵਾਹਿਗੁਰੂ ਜੀ ਨੂੰ ਸਪਸ਼ਟ ਰੂਪ ਕਰਕੇ ਇਕ ਰੂਪ ਦੱਸਿਆ ਹੈ। ਯਥਾ-'**ਹਰਿ ਗੁਰੁ ਨਾਨਕੁ ਜਿਨ ਪਰਸਿਓ**'। (੧੩੮੬) ਇਕ ਹੋਰ ਥਾਂ ਪੁਰ ਭੀ ਪੰਚਮ ਗੁਰੂ ਜੀ ਦਾ ਸ੍ਰੀ ਮੁਖ ਵਾਕ ਹੈ। ਯਥਾ-'**ਗੁਰ ਨਾਨਕ ਦੇਵ ਗੋਵਿੰਦ ਰੂਪ**'॥ ਸ੍ਰੀ ਗੁਰੂ ਕਲਗੀਧਰ ਜੀ ਨੇ ਦ੍ਰਿਸ਼ਟਾਂਤ ਨਾਲ ਇਹ ਗੱਲ ਇਉਂ ਦੱਸੀ ਹੈ :-

**'ਹਰਿ ਹਰਿ ਜਨ ਦੁਈ ਏਕ ਹੈਂ ਬਿਬ ਬਿਚਾਰ ਕਛੁ ਨਾਹਿ।**
**ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ।'** (ਪਾ-੧੦)

ਇਸ ਭਗਤ ਭਗਵੰਤ ਦੀ ਇਕ ਰੂਪਤਾ ਨੂੰ ਪ੍ਰਗਟ ਕਰਕੇ ਆਪ ਬਿਸਮਾਦ ਦੇ ਘਰ ਵਿਚ ਆਏ ਹੋਏ ਦੱਸਦੇ ਹਨ, ਇਕ ਜੀਭ ਕੀ ਆਖੇ? ਬੱਸ ਵਾਰੀ, ਘੋਲੀ, ਸਦਕੇ, ਕੁਰਬਾਨ ਤੇ ਬਲਿਹਾਰ ਹੀ ਹਾਂ। ਏਹ ਪੂਰਨ ਅਕਹਿ ਅਵਸਥਾ ਦਾ ਚਿਤ੍ਰ ਹੈ, ਜਿੱਥੇ ਮਨ ਉਕਤੀ ਛੱਡ ਦੇਵੇ ਓਥੇ ਹੀ ਆਤਮ ਸਮਰਪਨ ਰੂਪ ਭਾਵ ਏਸ ਤਰ੍ਹਾਂ ਦੇ ਪ੍ਰਗਟ ਹੁੰਦੇ ਹਨ।

ਨੋਟ-ਗਜਾਨੀ ਇਸ ਤੁਕ ਦਾ ਅਰਥ ਇਉਂ ਭੀ ਕਰਦੇ ਹਨ:-ਹੇ ਸਤਿਗੁਰ ਨਾਨਕ ਸਾਹਿਬ

---

* 'ਆਨਿ ਨਾਹੀ ਸਮਸਰਿ ਉਜੀਆਰੋ ਨਿਰਮਰਿ' ਜੇਕਰ ਏਸ ਬਚਨ ਦਾ ਕੱਠਾ ਅਰਥ ਕਰੀਏ ਤਾਂ ਇਉਂ ਭੀ ਬਣਦਾ ਹੈ ਕਿ ਆਪ ਜੀ ਦੇ ਪਵਿਤ੍ਰ ਪ੍ਰਕਾਸ਼ ਦੇ ਬਰਾਬਰ ਹੋਰ ਪ੍ਰਕਾਸ਼ ਨਹੀਂ।

ਜੀ! ਮੈਂ ਆਪ ਦੇ ਦਰ ਦਾ ਭਗਤ ਜਨ ਹਾਂ, ਮੈਂ ਵਿਚਾਰਿਆ ਹੈ ਕਿ ਆਪ (ਬ੍ਰਹਮ ਸਮਸਰਿ) ਵਾਹਿਗੁਰੂ ਜੀ ਦਾ ਰੂਪ ਹੋ, ਮੇਰੀ ਇਕ ਜੀਭ ਕੀਹ ਆਖੇ; ਮੈਂ ਆਪ ਜੀ ਤੋਂ ਮਨ ਕਰਕੇ ਭੀ ਬਲਿਹਾਰ ਬਲਿਹਾਰ ਹਾਂ, ਤੇ ਮੈਂ ਤਨ ਕਰਕੇ ਭੀ ਬਲਿਹਾਰ ਬਲਿਹਾਰ ਹਾਂ॥੨॥

**ਮੂਲ**

**ਸਗਲ ਭਵਨ ਧਾਰੇ ਏਕ ਥੇਂ ਕੀਏ ਬਿਸਥਾਰੇ ਪੂਰਿ ਰਹਿਓ ਸ੍ਰਬ ਮਹਿ ਆਪਿ ਹੈ ਨਿਰਾਰੇ ॥ ਹਰਿ ਗੁਨ ਨਾਹੀ ਅੰਤ ਪਾਰੇ ਜੀਅ ਜੰਤ ਸਭਿ ਥਾਰੇ ਸਗਲ ਕੋ ਦਾਤਾ ਏਕੈ ਅਲਖ ਮੁਰਾਰੇ ॥ ਆਪ ਹੀ ਧਾਰਨ ਧਾਰੇ ਕੁਦਰਤਿ ਹੈ ਦੇਖਾਰੇ ਬਰਨੁ ਚਿਹਨੁ ਨਾਹੀ ਮੁਖ ਨ ਮਸਾਰੇ ॥ ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥ ੩ ॥**

**ਅਰਥ**

ਇਕ (ਆਪਣੇ ਆਪ) ਤੋਂ ਬਿਸਥਾਰ ਕਰਕੇ ਸਾਰੇ ਲੋਕ (ਆਪ ਨੇ) ਧਾਰੇ ਹਨ ਤੇ (ਆਪਣੇ ਆਸਰੇ ਟਿਕਾਕੇ) ਸਾਰਿਆਂ ਵਿਚ ਪੂਰਨ ਹੋਕੇ ਫਿਰ ਆਪ ਨਿਰਲੇਪ ਹੋ। ਹੇ ਵਾਹਿਗੁਰੂ ਜੀ! (ਆਪਦੇ) ਗੁਣਾਂ (ਦਾ) ਅੰਤ ਤੇ ਪਾਰਾਵਾਰ ਨਹੀਂ, (ਇਹ) ਜੀਵ ਜੰਤੂ ਸਭ ਆਪ ਦੇ (ਹੀ ਹਨ), ਇਹਨਾਂ ਸਾਰਿਆਂ ਦੇ ਦਾਤੇ ਇਕ ਆਪ ਹੀ ਹੋ, ਅਲਖ ਹੋ ਤੇ ਅਗਜਾਨ ਦੇ ਦੂਰ ਕਰਨ ਵਾਲੇ ਹੋ। ਆਪ ਹੀ ਧਰਤੀ (ਦੇ) ਧਾਰਨ ਵਾਲੇ (ਹੋ) ਤੇ ਕੁਦਰਤ ਦਿਖਾਉਣ ਵਾਲੇ ਹੋ; ਨਾ ਹੀ (ਆਪ ਦਾ ਕੋਈ) ਰੰਗ ਤੇ ਨਾ ਹੀ (ਚਿਹਨ) ਨਿਸ਼ਾਨ (ਤੇ) ਨਾ ਹੀ ਮੂੰਹ (ਤੇ) ਨਾ ਹੀ ਸਰੀਰ ਹੈ। (ਵਾਹਿਗੁਰੂ ਜੀ!) ਦਾਸ ਨਾਨਕ (ਇਕ ਗੱਲ ਕਹਿੰਦਾ ਹੈ ਕਿ ਤੇਰੇ) ਦਰ ਤੁਲਿਆ (ਪ੍ਰਵਾਣੁ) ਭਗਤ(ਤੇ ਤੂੰ ਹੇ) ਬ੍ਰਹਮ! ਬਰਾਬਰ ਹੋ, (ਇਸ ਤੁੱਲਤਾ ਦੀ ਗਤੀ ਨੂੰ) ਇਕ ਜੀਭ ਕੀਹ ਬਿਆਨ ਕਰੇ, ਹਾਂ (ਇਸ ਭੇਤ ਨੂੰ ਜਾਣ ਕੇ ਮੈਂ) ਸਦਕੇ ਹਾਂ, ਵਾਰੀ ਹਾਂ, ਘੋਲੀ ਹਾਂ, ਕੁਰਬਾਨ ਹਾਂ, ਤੇ ਸਦਾ ਬਲਿਹਾਰ ਹਾਂ॥੩॥

**ਪਦ ਅਰਥ**—ਭਵਨ-ਲੋਕ, ਜੋ ਚੌਦਾਂ ਗਿਣੇ ਜਾਂਦੇ ਹਨ, ਸੱਤ ਪਾਤਾਲ ਤੇ ਸੱਤ ਆਕਾਸ਼। ਨਿਰਾਰੇ-ਨ੍ਰਿਲੇਪ। ਥਾਰੇ-ਆਪ ਦੇ। ਅਲਖ-ਜੋ ਲਖਨ ਵਿੱਚ ਨਾ ਆਵੇ, ਸਾਡੀ ਜਾਣ ਪਛਾਣ ਤੋਂ ਪਰੇ। ਮੁਰਾਰੇ-ਅਗਜਾਨ ਦੇ ਨਾਸ਼ ਕਰਨ ਵਾਲਾ। ਧਾਰਨ-ਧਰਤੀ। ਬਰਨ-ਰੰਗ। ਚਿਹਨ-ਨਿਸ਼ਾਨ। ਮਸਾਰੇ-ਮਾਸ ਮਯ ਸਰੀਰ ਜਾਂ ਦਾਹੜਾ। ਜੀਹ-ਜਿਭ।

**ਭਾਵ**—ਇਸ ਸ੍ਰੀ ਮੁਖਵਾਕ ਵਿਚ ਅਕਾਲ ਪੁਰਖ ਵਾਹਿਗੁਰੂ ਜੀ ਦੀ ਅਸਚਰਜ ਮਹਿਮਾ ਪ੍ਰਗਟ ਕਰਕੇ ਸਤਿਗੁਰੂ ਜੀ ਦਸਦੇ ਹਨ ਕਿ ਵਾਹਿਗੁਰੂ ਜੀ ਨੇ ਇਕ ਆਪਣੇ ਆਪ ਤੋਂ ਸਾਰਾ ਵਿਸਥਾਰ ਕੀਤਾ ਹੈ। ਯਥਾ **"ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ"**(੪੬੩) ਤਥਾ-'**ਇਕਸੁ ਤੇ ਹੋਇਓ ਅਨੰਤਾ।**'(੧੩੧) ਕਈ ਮਤਾਂ ਵਿਚ ਮੰਨਿਆਂ ਹੈ ਕਿ ਪ੍ਰਕ੍ਰਿਤੀ ਮਾਇਆ ਜਾਂ ਪ੍ਰਮਾਣੂਆਂ ਦੀ ਸਹਾਇਤਾ ਨਾਲ ਵਾਹਿਗੁਰੂ ਜਗਤ ਰਚਦਾ ਹੈ, ਸੋ ਸਤਿਗੁਰੂ ਜੀ ਦੇ ਸਿਧਾਂਤ ਵਿਚ ਕੇਵਲ ਅਕਾਲ ਪੁਰਖ ਹੀ ਸੁਤੰਤ੍ਰ ਜਗਤ ਕਰਤਾ ਮੰਨਿਆ ਹੈ। ਮਾਇਆ ਪੰਜ ਤੱਤ ਤੇ ਸਾਰੀ ਰਚਨਾ ਦਾ ਰਚਣਹਾਰ ਓਹ ਆਪ ਹੀ ਹੈ ਤੇ ਆਪਣੇ ਕੀਤੇ ਸਾਰੇ (ਭਵਨ) ਲੋਕ ਅਰਥਾਂਤ ਪਾਤਾਲ ਆਕਾਸ਼ ਮਾਤ੍ਰ ਲੋਕ ਸਾਰਿਆਂ ਨੂੰ ਉਸਨੇ ਆਪਣੇ ਆਸਰੇ ਟਿਕਾਇਆ ਹੈ। ਕਈਆਂ ਦਾ ਖਿਆਲ ਹੈ ਕਿ ਏਹ ਧਰਤੀ ਧੌਲ ਦੇ ਆਸਰੇਹੈ, ਤੇ ਪਾਤਾਲ ਸ਼ੇਸ਼ਨਾਗ ਕੱਛੂ ਆਦਿਕ ਦੇ ਆਸਰੇ ਹਨ ਅਰ ਆਕਾਸ਼, ਗ੍ਰਹ ਨਛੱਤ੍ਰਾਂ ਦੇ ਆਸਰੇ ਹਨ, ਪਰ ਇਸ ਗੱਲ ਨਾਲ ਸਤਿਗੁਰੂ ਜੀ ਦੀ ਸੰਮਤੀ ਨਹੀਂ, ਇਸੇ ਲਈ ਆਪ ਜੀ ਨੇ ਮਹਾਂ ਮੰਤ੍ਰ ਸ੍ਰੀ ਜਪ

ਸਾਹਿਬ ਜੀ ਵਿਚ ਦੱਸਿਆ ਹੈ ਕਿ "**ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ**"। ਏਸੇ ਤਰ੍ਹਾਂ ਆਕਾਸ਼ ਬਾਬਤ ਆਪ ਨੇ ਕਿਹਾ ਹੈ: "**ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ**"।(੧੨੭੯) ਭਾਵੇਂਹ ਕਿ ਜੋ ਰਚਨਹਾਰ ਹੈ ਓਹੀ ਧਾਰਨਹਾਰ ਹੈ, ਸੋ ਸਾਰੇ ਭਵਨਾਂ ਨੂੰ ਓਹ ਆਪ ਹੀ ਧਾਰਨ ਕਰ ਰਿਹਾ ਹੈ। ਤਾਂ ਹੁਣ ਪ੍ਰਸ਼ਨ ਹੁੰਦਾ ਹੈ ਕਿ ਇਕ ਵਾਹਿਗੁਰੂ ਵੱਖੋ ਵੱਖ ਅਨੰਤ ਰਚਨਾਂ ਦਾ ਆਸਰਾ ਕਿੱਕੁਣ ਹੋ ਸਕਦਾ ਹੈ? ਇਸ ਦਾ ਉੱਤਰ ਦਿੰਦੇ ਹਨ ਕਿ '**ਪੂਰਿ ਰਹਿਓ ਸ੍ਰਬ ਮਹਿ**'-ਸਾਰਿਆਂ ਵਿਚ ਉਹ ਪੂਰਨ ਹੋ ਰਿਹਾ ਹੈ, ਕੋਈ ਪਦਾਰਥ ਨਹੀਂ ਜਿਸ ਵਿਚ ਉਹ ਨਾ ਹੋਵੇ। ਜੋ ਵਸਤੂ 'ਹੈ', ਇਉਂ ਅਸਤੀ ਮਾਤ੍ਰ ਕਹੀ ਜਾ ਸਕਦੀ ਹੈ, ਉਹ ਹਸਤੀ ਵਾਹਿਗੁਰੂ ਬਿਨਾਂ ਕਿਤੇ ਹੈ ਨਹੀਂ; ਤਾਂਤੇ ਸਰਬੱਤ ਵਿਖੇ ਉਹ ਹੈ ਤੇ ਸਭ ਉਸਦੇ ਆਸਰੇ ਹੈ। ਇਕ ਦੇਸੀ ਵਸਤੂ ਇਕੋ ਥਾਂ ਆਸਰਾ ਦੇ ਸਕਦੀ ਹੈ, ਜੀਕੁਣ ਛਤੀਰ ਹੇਠ ਥੰਭਾ ਇਕੋ ਥਾਂ ਹੀ ਆਸਰਾ ਦੇ ਸਕਦਾ ਹੈ, ਪਰ ਵਿਆਪਕ ਵਾਹਿਗੁਰੂ ਸਰਬ ਦੇਸੀ ਹੈ। ਯਥਾ-"**ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ**"(੪੩੮); ਇਸ ਲਈ ਸਰਬਾਧਾਰ ਓਹੀ ਹੈ। ਹੁਣ ਏਹ ਪ੍ਰਸ਼ਨ ਹੁੰਦਾ ਹੈ ਕਿ ਜੋ ਜੋ ਦਿੱਸ ਆਂਵਦਾ ਹੈ ਸੋ ਸੋ ਪਦਾਰਥ ਬਦਲਦਾ ਰਹਿੰਦਾ ਹੈ। ਇਸ (ਪ੍ਰਣਾਮੁ) ਦਸ਼ਾ ਦਾ ਅਸਰ ਭੀ ਵਾਹਿਗੁਰੂ ਤੇ ਪਏਗਾ। ਜੀਕੁਣ ਸਰੀਰ ਇਕ ਪਦਾਰਥ ਹੈ, ਇਹ ਪਹਿਲਾਂ ਬਾਲਕ ਸੀ, ਫੇਰ ਜੁਆਨ ਹੋਇਆ; ਫੇਰ ਬੁੱਢਾ ਹੋ ਗਿਆ ਹੈ, ਫੇਰ ਮਰ ਗਿਆ; ਇਕ ਸਰੀਰ ਵਿਚ ਸਮੇਂ ਦੇ ਹੇਰ ਫੇਰ ਨਾਲ ਚਾਰ ਮੋਟੀਆਂ ਹਾਲਤਾਂ ਬਦਲੀਆਂ ਤਾਂ ਜਿਸ ਵਾਹਿਗੁਰੂ ਦੇ ਆਸਰੇ ਏਹ ਸਰੀਰ ਹੈ, ਉਸ ਪੁਰ ਭੀ ਇਸ ਦਾ ਅਸਰ ਪੈ ਸਕਦਾ ਹੈ? ਇਸ ਦਾ ਉੱਤਰ ਦਿੰਦੇ ਹਨ। '**ਆਪਿ ਹੈ ਨਿਰਾਰੇ**' ਅਰਥਾਤ ਆਪ ਇਨ੍ਹਾਂ ਬਦਲਾਵਟਾਂ ਤੋਂ ਨਿਰਾਲਾ ਹੈ। ਜੀਕੁਣ ਅੱਖਾਂ ਨੂੰ ਰੋਸ਼ਨੀ ਦਿੰਦਾ ਸੂਰਜ ਅੱਖਾਂ ਦੇ ਗੁਣ ਅਵਗੁਣਾਂ ਤੋਂ ਨਿਰਲੇਪ ਹੈ, ਇਸੇ ਤਰ੍ਹਾਂ ਸਾਰਿਆ ਨੂੰ ਸੱਤਜਾ ਦੇ ਕੇ ਵਾਹਿਗੁਰੂ ਫਿਰ ਨਿਰਲੇਪ ਹੈ। ਯਥਾ-"**ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ**"।(੭੨੩) ਇਹ ਇਕ ਅਸਚਰਜ ਗੁਣ ਹੈ ਕਿ ਵਿਚ ਪੂਰਨ ਹੋਕੇ, ਆਸਰਾ ਦੇ ਕੇ ਫਿਰ ਨਿਰਲੇਪ ਰਹਿਣਾ, ਪਰੰਤੂ ਏਹੋ ਜੇਹੇ ਗੁਣ ਵਾਹਿਗੁਰੂ ਵਿਚ ਐਨੇਂ ਹਨ ਕਿ ਉਹਨਾਂ ਦਾ ਅੰਤ ਹੀ ਨਹੀਂ। ਜੀਅ ਜੰਤ ਸਭ ਉਸ ਦੇ ਹਨ ਤੇ ਸਾਰਿਆਂ ਦਾ ਦਾਤਾ ਇਕੋ ਹੈ, ਅਰਥਾਤ ਜੋ ਰਚਨਹਾਰ ਹੈ, ਓਹੀ ਧਾਰਨ ਹਾਰ ਹੈ, ਜੋ ਧਾਰਨ ਹਾਰ ਹੈ ਓਹੀ ਪਾਲਨ ਹਾਰ ਹੈ, ਪਰੰਤੂ ਆਪ ਓਹ (ਅਲਖ ਹੈ), ਸਾਡੇ ਮਨ ਦੇ ਫੁਰਨੇ ਤੇ ਬੁੱਧਿ ਦੀਆਂ ਚਤੁਰਾਈਆਂ ਨਾਲ ਓਹ ਲਖਿਆ ਨਹੀਂ ਜਾਂਦਾ, ਪਰ ਓਹ (ਮੁਰਾਰੇ)* ਅਗਜਾਨ ਦੇ ਨਾਸ਼ ਕਰਨ ਵਾਲਾ ਹੈ। ਭਾਵ ਵਿਚ ਮਟਕ ਇਹ ਹੈ ਕਿ ਸਾਡੀਆਂ ਚਤੁਰਾਈਆਂ ਤੋਂ ਤਾਂ ਅਲਖ ਹੈ, ਪਰ ਆਪਣੀ ਮੇਹਰ ਨਾਲ ਅਗਜਾਨ ਨੂੰ ਨਾਸ਼ ਕਰਕੇ ਆਪ ਦਿਖਾਲਦਾ ਹੈ, ਆਪ ਹੀ ਧਰਤੀ ਨੂੰ ਆਪਣੇ ਆਸਰੇ ਟਿਕਾਕੇ ਤੇ ਕੁਦਰਤਾਂ ਦਿਖਾਲਦਾ ਹੈ। ਭਾਵੇਂ ਉਸ ਦੀ ਕੁਦਰਤ ਦਾ ਰੰਗ, ਰੂਪ, ਨਿਸ਼ਾਨ ਤੇ ਅਸਥੂਲ ਆਕਾਰ ਹੈ, ਪਰ ਓਸ ਦਾ ਨਾ ਕੋਈ ਰੰਗ ਹੈ, ਨਾ ਰੂਪ ਹੈ, ਨਾ ਹੀ ਨਿਸ਼ਾਨ ਹੈ, ਨਾਹੀ ਮਾਸਮਯ ਅਸਥੂਲ ਸਰੀਰ ਤੇ ਨਾ ਹੀ ਕੋਈ ਮੂੰਹ ਹੈ। ਮਸਾਰੇ ਦਾ ਅਰਥ ਗਜਾਨੀ ਦਾਹੜਾ ਵੀ ਕਰਦੇ ਹਨ, ਅਰਥਾਤ ਨਾ ਹੀ ਓਸ ਦਾ ਕੋਈ ਮੂੰਹ ਤੇ ਨਾ ਹੀ ਦਾੜ੍ਹਾ ਹੈ। '**ਜਨੁ ਨਾਨਕੁ ਭਗਤੁ ਦਰਿ ਤੁਲਿ**' ਇਹਨਾਂ ਦੋ ਤੁਕਾਂ ਦੇ ਭਾਵ ਲਈ ਪਿਛਲਾ ਸਵੱਯਾ ਦੇਖੋ॥੩॥

---

* 'ਮੁਰ' ਏਹ ਧਾਤੂ ਹੈ, ਇਸ ਦਾ ਅਰਥ ਹੈ ਫਸਾਉਣ ਵਾਲੀ ਵਸਤੂ। ਸੋ ਮੋਹ ਦੇ ਬੰਧਨ ਵਿਚ ਫਸਾਉਣ ਦਾ ਕਾਰਨ ਅਗਜਾਨ ਹੈ, ਓਸ ਅਗਜਾਨ ਦਾ ਜੋ ਹੋਵੈ (ਅਰੀ) ਸ਼ਤਰੂ, ਸੋ ਕਹਾਵੈ ਮੁਰਾਰਿ। ਇਥੇ 'ਮੁਰਾਰੇ' ਦੀ 'ਰੇ' ਦੀਰਘ ਪਾਦ ਪੂਰਨਾਰਥ ਹੈ।

## ਮੂਲ

**ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯਾਨੰ ਧ੍ਯਾਨੰ ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ ॥ ਮਨੁ ਧਨੁ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ ਕਵਨ ਉਪਮਾ ਦੇਉ ਬਡੇ ਤੇ ਬਡਾਨੰ ॥ ਜਾਨੈ ਕਉਨੁ ਤੇਰੋ ਭੇਉ ਅਲਖ ਅਪਾਰ ਦੇਉ ਅਕਲ ਕਲਾ ਹੈ ਪ੍ਰਭ ਸਰਬ ਕੋ ਧਾਨੰ ॥ ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥ ੪ ॥**

## ਅਰਥ

ਹੇ ਵਾਹਿਗੁਰੂ ਜੀ! (ਤੂੰ) ਸਾਰਿਆਂ ਗੁਣਾਂ ਦਾ ਖਜ਼ਾਨਾ ਹੈਂ, ਗਜਾਨ ਧਿਆਨ ਨਾਲ ਤੇਰੀ ਕੀਮਤ ਨਹੀਂ ਪੈਂਦੀ, ਉਚਿਆਂ ਤੋਂ ਉਚਾ ਜਾਣੀਦਾ ਹੈ ਤੇਰਾ ਥਾਂ। ਮਨ ਧਨ ਤੇ ਪ੍ਰਾਨ ਤੇਰੇ ਹਨ, (ਸਾਰੇ) ਜਗਤ ਨੂੰ ਇਕ (ਚੇਤਨ ਸਤਾ ਦੇ) ਸੂਤ ਵਿਚ ਪਰੋ ਰੱਖਿਆ ਹੈ। (ਹੇ ਵਾਹਿਗੁਰੂ ਜੀ ਆਪ) ਵੱਡਿਆਂ ਤੋਂ ਵੱਡੇ ਹੋ (ਮੈਂ ਤੁਸਾਂ ਨੂੰ) ਕਿਹੜੀ ਉਪਮਾ ਦੇਵਾਂ? ਹੇ ਅਲਖ ਤੇ ਅਪਾਰ ਜੋਤੀ ਸ੍ਵਰੂਪ ਜੀ ਤੇਰੇ ਭੇਦ ਨੂੰ ਕੌਣ ਜਾਣੇ? ਸਾਰੀਆਂ ਕਲਪਨਾਂ ਤੋਂ ਰਹਿਤ ਤੇ ਸਰਬ ਸ਼ਕਤੀਆਂ ਸਹਿਤ ਆਪ ਹੀ ਸਰਬ ਦਾ ਆਸਰਾ ਹੋ। (ਬਾਕੀ ਅਰਥ ਪਹਿਲੇ ਵਾਂਗ) ॥੪॥

**ਪਦ ਅਰਥ**—ਨਿਧਾਨੰ-ਖਜ਼ਾਨਾ। ਥਾਨੰ-ਅਸਥਾਨ, ਜਗਾ। ਭੇਉ-ਭੇਦ, ਖਬਰ। ਧਾਨੰ*-ਧਾਰਨੇ ਵਾਲਾ ਜਾਂ ਧਜਾਨ ਕਰਨ ਵਾਲਾ। ਅਕਲ-ਕਲਪਨਾਂ ਤੋਂ ਰਹਿਤ। ਕਲਾ ਸ਼ਕਤੀਆਂ।

**ਭਾਵ**—ਵਾਹਿਗੁਰੂ ਜੀ ਦੇ ਸਨਮੁਖ ਉਸਤਤੀ ਗੁਣ ਇਕ ਐਸੀ ਚੀਜ਼ ਹੈ ਜੋ ਦਿਲ ਨੂੰ ਖਿੱਚ ਪਾਂਦੀ ਹੈ, ਪਰ ਇਕ ਗੁਣ ਵੇਖਕੇ ਜਦੋਂ ਦਿਲ ਖਿੱਚ ਖਾ ਜਾਂਦਾ ਹੈ ਤਾਂ ਨਾਲ ਹੀ ਔਗੁਣ ਵੇਖਕੇ ਉਦਾਸ ਹੋ ਜਾਂਦਾ ਹੈ, ਇਸ ਲਈ ਮਾਨੁਖ ਦੀ ਖਿੱਚੀਣ ਵਾਲੀ ਬ੍ਰਿਤੀ ਇਕ ਰਸ ਨਹੀਂ ਰਹਿੰਦੀ, ਪਰ ਸਾਰੇ ਗੁਣਾਂ ਦੇ ਖਜ਼ਾਨੇ ਵਾਹਿਗੁਰੂ ਜੀ ਵੱਲ ਜਿਨ੍ਹਾਂ ਦੀ ਲਗਨ ਲਗੀ ਹੈ, ਓਹਨਾਂ ਦੀ ਪ੍ਰੀਤ ਦਿਨੋ ਦਿਨ ਵਧਦੀ ਹੈ। ਮਨੁਖ ਦੇ ਗੁਣ ਗਿਣਤੀ ਵਿਚ ਆਕੇ ਮੁਕ ਜਾਂਦੇ ਹਨ, ਪਰ ਵਾਹਿਗੁਰੂ ਗੁਣਾਂ ਦਾ ਅਮੁਕ ਖਜ਼ਾਨਾ ਹੈ। ਇਹ ਜਦ ਸਮਝ ਪੈਂਦੀ ਹੈ ਤਾਂ ਚਿਤ ਕਰਤਾਰ ਵਲ ਗੁਣਾਂ ਦੇ ਕਾਰਨ ਖਿਚਿਆ ਜਾਂਦਾ ਹੈ, ਪਰੰਤੂ ਮਾਨੁਖ ਦੇ ਗਿਆਨ ਦੀ ਹੱਦ ਤੋਂ ਪਾਰ ਦੇਸ ਹੈ ਵਾਹਿਗੁਰੂ ਜੀ ਦਾ ਤੇ ਸਾਡੇ ਧਿਆਨ ਮੰਡਲ ਤੋਂ ਉਚਾ ਹੈ ਉਹ ਥਾਂ ਜਿਥੇ ਅਦੇਸ ਅਕਾਲ ਪਰਮਾਤਮਾਂ ਹੈ। ਇਸ ਲਈ ਸਾਡੇ ਗਿਆਨ ਧਿਆਨ ਨਾਲ ਉਸ ਦੀ ਕੀਮਤ ਨਹੀਂ ਪੈਂਦੀ। ਉਸ ਉਚੇ ਕਰਤਾਰ ਦੀ ਦਾਤ ਹੈ ਮਨ ਧਨ ਤੇ ਪ੍ਰਾਣ ਅਰ ਇਕ ਚੇਤਨਸੱਤਾ ਦੇ ਸੂਤ ਵਿਚ (ਤਾਗੇ ਵਿਚ ਪਰੋਏ ਮਣਕਿਆਂ ਵਾਂਗ) ਸਾਰੇ ਜਗਤ ਨੂੰ ਉਸ ਨੇ ਪਰੋ ਰੱਖਿਆ ਹੈ। ਐਸੇ ਦਾਤਾਰ ਕਰਤਾਰ ਦੀ ਸ਼ਾਨ ਵਿਚ ਉਪਮਾ ਕਿਹੜੀ ਦਿਤੀ ਜਾਵੇ, ਕਿਉਂਕਿ ਉਹ ਵਡਿਆਂ ਤੋਂ ਵੱਡਾ ਹੈ, ਉਸ ਦੇ ਬਰਾਬਰ ਦਾ ਕੋਈ ਹੋਵੇ ਤਾਂ ਉਪਮਾ ਦੇ ਸਕੀਏ; ਇਸ ਲਈ "**ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥ ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ**"॥ (੮੫੮) ਜੋ ਅਲਖ ਤੇ ਅਪਾਰ ਹੈ ਉਸ ਦੇ ਭੇਦ ਨੂੰ ਜਾਣੇ ਹੀ ਕੌਣ। ਦੇਸ਼ ਕਾਲ ਦੀ ਹੱਦ ਵਿਚ ਰਹਿਣ ਵਾਲੀ ਸਾਡੀ ਬ੍ਰਿਤੀ ਦੇਸ਼ ਕਾਲ ਦੀ ਹੱਦ ਵਾਲੇ ਪਦਾਰਥਾਂ ਨੂੰ ਹੀ ਸਮਝ ਸਕਦੀ ਹੈ; ਜੋ ਦੇਸ਼ ਕਾਲ ਦੀ

---

* 'ਧਾਨੰ' ਦਾ ਅਰਥ 'ਧ੍ਯਾਨ' ਬੀ ਕਰਦੇ ਹਨ। ਸਰਬਤ ਦਾ ਧਿਆਨ ਉਸ ਨੂੰ ਹੈ। ਯਥਾ-"**ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ**"॥(੯੫੫)

ਹੱਦ ਤੋਂ ਪਾਰ ਹੈ, ਉਸ ਦੇ ਭੇਦ ਨੂੰ ਕੀਕੁਣ ਜਾਣ ਸਕੇ? ਭਾਵ ਨਹੀਂ ਜਾਣ ਸਕਦੀ। ਓਹ ਆਪ ਸਾਰੀਆਂ ਕਲਪਨਾਂ ਤੋਂ ਰਹਿਤ ਹੈ ਤੇ ਸਰਬਕਲਾ ਸਮਰਥ ਹੈ, ਤੇ ਸਰਬ ਦਾ ਆਸਰਾ ਹੈ॥੪॥

**ਮੂਲ**

**ਨਿਰੰਕਾਰੁ ਆਕਾਰ ਅਛਲ ਪੂਰਨ ਅਬਿਨਾਸੀ ॥ ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ ॥ ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਾਹੀ ਪਾਸੀ ॥ ਜਾ ਕਉ ਹੋਂਹਿ ਕ੍ਰਿਪਾਲ ਸੁ ਜਨੁ ਪ੍ਰਭ ਤੁਮਹਿ ਮਿਲਾਸੀ ॥ ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥ ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ ॥ ੫ ॥**

**ਅਰਥ**

'ਨਿਰੰਕਾਰ' ਸਤਿ ਸ੍ਰੂਪ ਪੂਰਨ ਵਾਹਿਗੁਰੂ ਜੀ (ਆਪਨੇ ਐਸਾ) ਆਕਾਰ (ਧਾਰਨ ਕੀਤਾ) ਜੋ ਛਲ ਵਿਚ ਨਾ ਆ ਸਕੇ। (ਆਪ) ਆਨੰਦ ਵਾਲੇ ਤੇ ਅੰਤੋਂ ਬਾਹਰ, ਮੈਲ ਤੋਂ ਰਹਿਤ ਸਦਾ ਪ੍ਰਸੰਨ ਰੂਪ ਹੋ। (ਆਪਦੇ) ਬੇਅੰਤ ਹੀ ਗੁਣ ਗਾਂਵਦੇ ਹਨ (ਪਰ) ਇਕ ਤਿਲ ਮਾਤ੍ਰ ਭੀ ਅੰਤ ਨਹੀਂ ਪਾ ਸਕੇ। ਹੇ ਪ੍ਰਭੂ ਜਿਸ ਉਤੇ ਆਪ ਕ੍ਰਿਪਾਲ ਹੋਵੋ· ਓਹ ਪੁਰਖੁ ਆਪ ਨੂੰ ਮਿਲ ਸਕਦਾ ਹੈ। ਉਹ ਤਿੰਨਾਂ ਸਮਿਆਂ (ਭੂਤ, ਭਵਿੱਖ, ਵਰਤਮਾਨ) ਵਿਚ ਧੰਨ ਹਨ ਜਿਹਨਾਂ ਉਪਰ (ਪਾਪ ਵਿਨਾਸ਼ਕ ਪ੍ਰਫੁਲਤ ਕਰਨ ਵਾਲਾ) ਵਾਹਿਗੁਰੂ ਕ੍ਰਿਪਾਲ ਹੋਇਆ ਹੈ। ਹਰਿ (ਸਰੂਪ) ਗੁਰ ਨਾਨਕ ਨੂੰ ਜੋ ਛੋਹਿਆ ਓਹ ਜਨਮ ਮਰਨ, ਦੋਹਾਂ ਤੋਂ ਬਚ ਗਿਆ ਹੈ॥੫॥

ਸਤਿਗੁਰ ਨਾਨਕ ਸ੍ਰੂਪ ਵਿਚ ਪ੍ਰਗਟ ਵਾਹਿਗੁਰੂ ਦੀ ਮਹਿਮਾ॥

**ਭਾਵ**—ਵਾਹਿਗੁਰੂ ਪੂਰਨ ਹੈ **"ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥ ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ"**॥(੭੧੬) ਸਾਰੇ ਹੀ ਜਿਸ ਦੀ ਜੋਤ ਪੂਰਨ ਹੈ, ਉਸ ਪੂਰਨ ਪ੍ਰਮਾਤਮਾ ਦੀ ਰਚੀ ਸ੍ਰਿਸ਼ਟੀ ਵਿਚ ਜਦ ਲੋਕੀ ਸਤਿ ਸ੍ਰੂਪ ਅਬਿਨਾਸੀ ਤੋਂ ਵੇਮੁਖ ਹੋਕੇ ਝੂਠ, ਛਲ, ਅਨਜਾਯ ਆਦਿ ਪਾਪਾਂ ਵਿਚ ਲਗ ਗਏ, ਤਦੋਂ ਆਕਾਰ ਰਹਿਤ ਵਾਹਿਗੁਰੂ ਜੀ ਨੇ ਅਪਣੀ ਇੱਛਾ ਨਾਲ ਇਕ ਐਸਾ ਸਰੂਪ ਧਾਰਿਆ ਜੋ ਦਿੱਸਣ ਵਿਚ ਆਕਾਰ ਹੋ ਭਾਸਿਆ। ਪਰ ਐਸਾ ਆਕਾਰ ਜੋ ਛਲ ਰੂਪ ਮਾਇਆ ਤੋਂ ਅਛਲ ਅਰ ਦੁਖ ਰੂਪ ਸੰਸਾਰ ਵਿਚ ਸਦਾ ਆਨੰਦ ਸ੍ਰੂਪ ਅਰ ਦੇਸ਼ ਕਾਲ ਦੇ ਅੰਤ ਵਾਲੇ ਜਗਤ ਵਿਚ ਆਕੇ, ਦਿੱਸਕੇ ਫੇਰ ਅਨੰਤ ਰੂਪ, ਅਰ ਅਗਜਾਨ ਤੇ ਪਾਪਾਂ ਰੂਪੀ ਮੈਲ ਭਰੇ ਸੰਸਾਰ ਵਿਚ ਮੈਲ ਰਹਿਤ, ਮਹਾਂ ਪਵਿਤ੍ਰ ਤੇ ਚਿੰਤਾ ਸ਼ੋਕ ਨਾਲ ਸਕੁਚੇ ਹੋਏ ਜਗਤ ਵਿਚ ਖੇੜਾ ਹੀ ਖੇੜਾ ਹੋ ਦਿਸਿਆ। ਇਸ ਦਿਬ ਜੋਤਿ ਨੂੰ ਵੇਖਕੇ ਅਰ ਉਸਦੇ ਗੁਣਾਂ ਪੁਰ ਮੋਹਿਤ ਹੋਕੇ ਅਨੰਤ ਪੁਰਖ ਹੀ ਗੁਣ ਗਾਵਣ ਵਾਲੇ ਹੋਏ, ਪਰ ਇਕ ਰੰਚਕ ਮਾਤ੍ਰ ਭੀ ਅੰਤ ਨਾ ਪਾ ਸਕੇ। ਪਰ ਗੁਣ ਗਾਵਣ ਦੇ ਤੁਫੈਲ ਜਿਸ ਪੁਰ ਮੇਹਰ ਹੋਈ, ਉਹ ਉਸ ਨੂੰ ਮਿਲ ਗਿਆ। ਜਿਸ ਉਪਰ ਮੇਹਰ ਹੋਈ ਸਾਰੇ ਸਮਿਆਂ ਵਿਚ ਓਹ ਧੰਨਤਾ ਦੇ ਯੋਗ ਹੋ ਗਿਆ। ਪ੍ਰਸ਼ਨ ਹੁੰਦਾ ਹੈ, ਉਸ ਦਾ ਨਾਮ ਕੀ ਹੈ? ਉਤਰ-**"ਵਾਹਿਗੁਰੂ ਗੁਰੂ ਨਾਨਕ ਦੇਵ ਜੀ।"** ਜੋ ਆਪ ਜੀ ਦੇ ਨਾਲ ਛੋਹਿਆ ਓਹ ਮੁਕਤ ਹੋ ਗਿਆ। ਯਥਾ-**"ਗੁਰੁ ਨਾਨਕੁ ਜਨਿ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ।"**(੬੧੨)॥੫॥

**ਮੂਲ**

**ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥ ਦੂਸਰ ਆਨ ਨ**

**ਅਰਥ**

ਸਤਿ (ਸਰੂਪ) ਵਾਹਿਗੁਰੂ (ਪਿਛੇ ਭੀ) ਸਤਿ ਸੀ, ਸਤਿ (ਸਰੂਪ ਵਾਹਿਗੁਰੂ ਹੁਣ ਭੀ) ਸਤਿ ਹੀ ਆਖੀਦਾ ਹੈ; ਸਤਿ ਸਰੂਪ

| ਮੂਲ | ਅਰਥ |
|---|---|
| ਅਵਰੁ ਪੁਰਖੁ ਪਊਰਾਤਨੁ ਸੁਣੀਐ ॥ ਅੰਮ੍ਰਿਤੁ ਹਰਿ ਕੌ ਨਾਮੁ ਲੈਤ ਮਨਿ ਸਭ ਸੁਖ ਪਾਏ ॥ ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ ॥ ਜਿਹ ਠਾਕੁਰੁ ਸੁਪ੍ਰਸੰਨੁ ਭਯੌ ਸਤਸੰਗਤਿ ਤਿਹ ਪਿਆਰੁ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤਿਨ੍ ਸਭ ਕੁਲ ਕੀਓ ਉਧਾਰੁ ॥ ੬ ॥ | (ਵਾਹਿਗੁਰੂ ਅਗੇ ਨੂੰ ਭੀ) ਸਤਿ ਹੋਵੇਗਾ। ਹੋਰ ਥਾਂ ਪੁਰ ਉਸ ਜੇਹਾ ਦੂਸਰਾ ਕੋਈ ਨਹੀਂ, ਓਹ ਅਨੰਤ ਅਨਾਦੀ ਪੁਰਖ ਹੀ ਸੁਣੀਂਦਾ ਹੈ। ਵਾਹਿਗੁਰੂ ਜੀ ਦਾ ਨਾਮੁ ਅੰਮ੍ਰਿਤ ਲੈਣ ਨਾਲ ਸਾਰੇ ਸੁਖ ਪਾਈਦੇ ਹਨ। ਜਿਨ੍ਹਾਂ ਨੇ (ਨਾਮ ਰੂਪੀ ਅੰਮ੍ਰਿਤ) ਜੀਭ ਨਾਲ ਚਖਿਆ ਹੈ (ਭਾਵ ਪ੍ਰੇਮ ਸਹਿਤ ਜਪਿਆ ਹੈ) ਓਹ ਭਗਤ ਜਨ ਪੂਰਨ ਰਜ ਗਏ ਹਨ। ਜਿਸ ਦੇ ਉਪਰ ਵਾਹਿਗੁਰੂ ਜੀ ਪ੍ਰਸੰਨ ਹੋਏ ਹਨ ਉਸ ਦਾ ਸੰਤਾਂ ਦੀ ਸੰਗਤ ਨਾਲ ਪਿਆਰ ਪੈ ਜਾਂਦਾ ਹੈ। ਵਾਹਿਗੁਰੂ ਰੂਪ ਗੁਰ ਨਾਨਕ ਨਾਲ ਜੋ ਛੋਹ ਗਿਆ ਉਸ ਨੇ ਸਭ ਕੁਲਾਂ ਦਾ ਉਧਾਰ ਕਰ ਲੀਤਾ॥੬॥ |

**ਭਾਵ**—ਵਾਹਿਗੁਰੂ ਜੀ ਸਦਾ ਹੈ, ਅਬਿਨਾਸੀ ਹੈ, ਅਕਾਲ ਸਰੂਪ ਹੈ। ਸਮੇਂ ਦੇ ਹੇਰ ਫੇਰ ਵਿਚ ਇਕ ਰਸ ਹੈ। ਪਿਛੇ ਹੁਣ ਤੇ ਅਗੇ ਓਹ ਆਪ ਇਕੋ ਜਿਹਾ ਹੈ, ਪਰੰਤੂ ਉਸ ਜੇਹਾ ਹੋਰ ਕੋਈ ਭੀ ਨਹੀਂ ਹੈ। ਭਾਵੇਂ ਹੇਠਾਂ ਉਪਰ ਕਿਸੇ ਥਾਂ ਪੁਰ ਵੇਖੋ ਉਸੇ ਤਰ੍ਹਾਂ ਦਾ ਸਤਿਸਰੂਪ ਕੋਈ ਭੀ ਨਹੀਂ। (ਪੁਰਖ)ਸ੍ਰਬ ਵਿਆਪਤ ਤੇ ਅਨਤ ਅਨਾਦੀ ਹੀ ਸੁਣੀਦਾ ਹੈ। ਭਾਵ ਯਕ ਜ਼ਬਾਨ ਹੋਕੇ ਸਾਰੇ ਮਹਾਂਪੁਰਖ ਤੇ ਸਾਰੇ ਪੁਸਤਕ ਇਹੋ ਗਲ ਆਖਦੇ ਹਨ ਕਿ ਓਹ ਆਦਿ ਪੁਰਖ ਹੈ, ਸਭ ਤੋਂ ਪਹਿਲੇ ਓਹੋ ਹੀ ਸੀ ਤੇ ਹੁਣ ਹੈ ਅਤੇ ਅਗੋਂ ਨੂੰ ਹੋਵੇਗਾ। ਸਤਿ ਸਰੂਪ ਪੁਰ ਨਿਸਚਾ ਧਾਰਕੇ ਜੋ ਨਾਮ ਜਪਦਾ ਹੈ ਉਹ ਸੁਖ ਪਾਂਦਾ ਹੈ ਕਿਉਂਕਿ ਉਸ ਦਾ ਨਾਮ ਅੰਮ੍ਰਿਤ ਹੈ, ਮਿੱਠਾ ਹੈ, ਰਸ ਰੂਪ ਹੈ ਤੇ ਸਾਰੇ ਦੁਖਾਂ ਨੂੰ ਦੂਰ ਕਰਨ ਵਾਲਾ ਹੈ। ਜਿਹਨਾਂ ਨੇ ਪ੍ਰੇਮ ਸਹਿਤ ਜੀਭ ਨਾਲ ਜਪਕੇ ਇਸ ਰਸ ਨੂੰ ਪੀਤਾ ਹੈ ਓਹ ਪੂਰਨ ਰੱਜ ਗਏ ਹਨ। ਨਾ ਇਸ ਦੁਨੀਆਂ ਦੇ ਪਦਾਰਥਾਂ ਦੀ ਓਹਨਾਂ ਨੂੰ ਭੁੱਖ ਰਹੀ ਤੇ ਨਾ ਸੁਰਗ ਦੇ ਭੋਗਾਂ ਨੂੰ ਓਹ ਚਾਹੁੰਦੇ ਹਨ। ਜਿਸ ਦੇ ਉਪਰ ਓਹ ਸਰਬ ਜਗਤ ਦਾ ਪੂਜ ਵਾਹਿਗੁਰੂ ਪ੍ਰਸੰਨ ਹੋਇਆ ਉਸ ਦਾ ਪਿਆਰ ਸਤਿਸੰਗ ਨਾਲ ਪੈਂਦਾ ਹੈ। (ਸਤਿਸੰਗ) ਸਤਿ ਵਾਹਿਗੁਰੂ ਤੇ ਸਤਿਨਾਮੁ ਨਾਲ ਜਿਨ੍ਹਾਂ ਦਾ ਸੰਗ ਹੈ ਉਹਨਾਂ ਮਨੁੱਖਾਂ ਦਾ ਮਿਲਾਪ ਹੀ ਅਸਲ ਸਤਿਸੰਗ ਹੈ। ਯਥਾ-"**ਸਤ ਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ**"॥(੭੨) ਕੇਵਲ ਨਾਮ ਜਪਣ ਵਾਲੇ ਤਥਾ ਇਕੋ ਨਾਮ ਦੀ ਟੇਕ ਵਾਲਿਆਂ ਦਾ ਸੰਗ ਪ੍ਰਾਪਤ ਹੋਣਾ ਇਹ ਕਰਤਾਰ ਦੀ ਮੇਹਰ ਹੈ। ਵਾਹਿਗੁਰੂ ਰੂਪ ਗੁਰ ਨਾਨਕ ਦੇ ਚਰਨ ਜਿਨ੍ਹਾਂ ਪਰਸੇ ਭਾਵ ਜੋ ਉਸ ਨਿਰੰਕਾਰੀ ਜੋਤਿ ਨਾਲ ਛੋਹਿਆ, ਜੀਕਣ ਲੋਹਾ ਪਾਰਸ ਨਾਲ ਛੋਹ ਕੇ ਕੰਚਨ ਹੁੰਦਾ ਹੈ, ਜੀਕੁਣ ਚੰਦਨ ਦੀ ਹਵਾ ਨਾਲ ਛੁਹਕੇ ਨਿੰਮ ਚੰਦਨ ਹੁੰਦੀ ਹੈ, ਇਕੁਰ ਜੋ ਗੁਰੂ ਨਾਲ ਛੁਹਿਆ ਓਹ ਜੀਉ ਉਠਿਆ ਤੇ ਓਹ ਆਪ ਹੀ ਨਹੀਂ ਤਰਿਆ ਸਗੋਂ ਉਸ ਨੇ ਸਾਰੀਆਂ ਕੁਲਾਂ ਦਾ ਭੀ ਉਧਾਰ ਕਰ ਲੀਤਾ ਹੈ॥੬॥

| ਮੂਲ | ਅਰਥ |
|---|---|
| ਸਚੁ ਸਭਾ ਦੀਬਾਣੁ ਸਚੁ ਸਚੇ ਪਹਿ ਧਰਿਓ ॥ ਸਚੈ ਤਖਤਿ ਨਿਵਾਸੁ ਸਚੁ ਤਪਾਵਸੁ ਕਰਿਓ ॥ ਸਚਿ ਸਿਰਜਿਉ ਸੰਸਾਰੁ ਆਪਿ ਆਭੁਲੁ ਨ ਭੁਲਉ ॥ ਰਤਨ ਨਾਮੁ ਅਪਾਰੁ ਕੀਮ ਨਹੁ ਪਵੈ | ਵਾਹਿਗੁਰੂ ਜੀ ਦੀ ਸਭਾ ਭੀ ਸੱਚ ਹੈ ਤੇ ਸਚੇ (ਸੰਤਾਂ) ਪਾਸ ਹੀ (ਆਪਣਾ) ਸੱਚਾ (ਹੁਕਮ ਨਾਮ) ਰੱਖਿਆ ਹੈ। ਸਚੇ ਤਖ਼ਤ (ਉਪਰ ਉਸਦਾ) ਵਾਸਾ ਹੈ, ਨਿਆਂ (ਭੀ ਉਸ ਨੇ) ਸੱਚ ਹੀ ਕੀਤਾ ਹੈ। (ਇਹ) ਸੰਸਾਰ ਭੀ ਸੱਚਾ ਹੀ ਬਣਾਇਆ ਹੈ (ਉਹ) ਆਪ ਅਭੁਲ ਹੈ (ਕਿਸੇ ਗਲੇ ਭੀ) ਨਹੀਂ ਭੁਲਿਆ |

| | |
|---|---|
| **ਅਮੁਲਉ ॥ ਜਿਹ ਕ੍ਰਿਪਾਲੁ ਹੋਯਉ ਗੋਬਿੰਦੁ ਸਰਬ ਸੁਖ ਤਿਨਹੂ ਪਾਏ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ॥ ੭ ॥** | ਨਾਮ (ਰੂਪੀ) ਰਤਨ ਬੇਅੰਤ ਕੀਮਤ ਵਾਲਾ ਹੈ (ਇਸ ਦੀ) ਕੀਮਤ ਨਹੀਂ ਪਾਈ ਜਾਂਦੀ। ਜਿਹਦੇ (ਉਪਰ) ਵਾਹਿਗੁਰੂ ਕ੍ਰਿਪਾਲ ਹੋਇਆ ਹੈ ਉਸ ਨੇ ਸਾਰੇ ਸੁਖ ਪਾ ਲਏ। ਹਰੀ (ਸਰੂਪ) ਗੁਰੂ ਨਾਨਕ ਨੂੰ ਜੋ ਛੋਹੇ ਉਹ ਮੁੜਕੇ ਜੂਨਾਂ ਦੇ ਫੇਰ (ਚੱਕਰ) ਵਿਚ ਨਹੀਂ ਆਏ (ਭਾਵ ਮੁਕਤਿ ਹੋ ਗਏ)॥੭॥ |

**ਪਦ ਅਰਥ**—ਤਪਾਵਸੁ-ਨਿਆਂ। ਸਿਰਜਿਓੁ-ਪੈਦਾ ਕੀਤਾ। ਕੀਮ-ਕੀਮਤ, ਮੁੱਲ। ਪਰਸਿਓ-ਛੋਹੇ। ਬਹੁੜ-ਮੁੜਕੇ। ਫਿਰਿ-ਫੇਰ, ਚਕ੍ਰ।

**ਭਾਵ**—ਸਚੇ ਤਖਤ ਪੁਰ ਓਹ ਬਹਿੰਦਾ ਹੈ ਤੇ ਨਿਆਂ ਭੀ ਉਸ ਦਾ ਸੱਚਾ ਹੈ। ਯਥਾ-"**ਵਡੀ ਵਡਿਆਈ ਜਾ ਸਚੁ ਨਿਆਉ**"। (੪੬੩) ਸੰਸਾਰੀ ਨਿਆਯ ਕਰਨ ਵਾਲੇ ਗਵਾਹੀ ਦੇ ਪਾਬੰਦ ਹਨ, ਕਿੰਤੂ ਆਪ ਓਹ ਦੇਸ਼ ਕਾਲ ਦੀ ਵਿੱਥ ਕਾਰਨ ਅਨਜਾਨ ਹਨ। ਇਸ ਵਾਸਤੇ ਅਗਜਾਨੀ ਜੀਵਾਂ ਦੇ ਨਿਆਯ ਵਿਚ ਕੂੜੇ-ਸੱਚ ਤੇ ਸੱਚੇ-ਕੂੜੇ ਹੋ ਜਾਂਦੇ ਹਨ, ਇਸ ਲਈ ਸੱਚ ਨਿਆਯ ਇਨ੍ਹਾਂ ਤੋਂ ਨਹੀਂ ਹੁੰਦਾ। ਦੂਸਰਾ ਮਾਨੁੱਖੀ ਨਿਆਯ ਵਿਚ ਪੱਖਪਾਤ ਭੀ ਹੁੰਦਾ ਹੈ, ਅਰ ਮਾਨੁਖ ਪਰਾਧੀਨ ਭੀ ਹੈ ਇਸ ਵਾਸਤੇ ਵੀ ਸਚ ਨਿਆਯ ਨਹੀਂ ਕਰ ਸਕਦੇ। ਵਾਹਿਗੁਰੂ ਜੀ ਅੰਤਰਜਾਮੀ ਹੈ। ਯਥਾ-"**ਘਟਿ ਘਟਿ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ**"॥(ਚਉਪਈ) ਇਸ ਲਈ ਜੋ ਕੁਛ ਭੀ ਕੋਈ ਕਰਦਾ ਹੈ ਗੁਪਤ ਭਾਵੇਂ ਪ੍ਰਗਟ ਕਰਤਾਰ ਸਰਬ ਦਾ ਸਾਖੀ ਹੈ, ਇਸ ਕਾਰਨ ਉਸਦਾ ਨਿਆਉਂ ਸੱਚਾ ਹੈ। ਦੂਸਰਾ ਉਹ ਨਿਰਭਉ ਨਿਰਵੈਰ ਹੈ, ਕਿਸੇ ਦੇ ਪੱਖਪਾਤ ਤੋਂ ਰਹਿਤ ਹੈ ਅਰ ਸੁਤੰਤਰ ਹੈ, ਇਸ ਵਾਸਤੇ ਉਸ ਦਾ ਨਿਆਉਂ ਸੱਚਾ ਹੈ। ਯਥਾ-"**ਬੀਓਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥**"(੮੬੩) ਨਾ ਕਿਸੇ ਨਾਲ ਆਪੂੰ ਉਸ ਦਾ ਵੈਰ ਹੈ ਤੇ ਨਾ ਹੀ ਕਿਸੇ ਦੀ ਸਪਾਰਸ਼ ਜਾਂ ਚੁਗਲੀ ਸੁਣਦਾ ਹੈ। ਯਥਾ-"**ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ॥ ਹਰਿ ਕੀ ਵਡਿਆਈ ਵਡੀ ਹੈ ਜਾ ਫਲ ਹੈ ਜੀਅ ਕਾ॥ ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ॥**"(੮੪) ਸੱਚੇ ਵਾਹਿਗੁਰੂ ਜੀ ਨੇ ਇਹ ਸੰਸਾਰ ਭੀ ਸੱਚਾ ਹੀ ਕੀਤਾ ਹੈ। ਯਥਾ-"**ਆਪਿ ਸਤਿ ਕੀਆ ਸਭੁ ਸਤਿ॥**"(੨੯੪) ਇਸ ਸੰਸਾਰ ਦੀ ਬਨਾਵਟ ਵਿਚ ਓਹ ਭੁੱਲਿਆ ਕਿਤੇ ਭੀ ਨਹੀਂ, ਕਿਉਂਕਿ ਓਹ ਅਭੁੱਲ ਹੈ। ਭੁੱਲ ਅਗਿਆਨੀ ਕਰਦਾ ਹੈ, ਇਸ ਲਈ ਕਿ ਓਹ ਅੰਧੇਰੇ ਵਿਚ ਹੈ; ਅਗੇ ਦੀ ਉਹਨੂੰ ਸੋਝੀ ਨਹੀਂ, ਪਿੱਛੇ ਦਾ ਪਤਾ ਨਹੀਂ, ਪਰ ਕਰਤਾਰ ਨਿਰੋਲ ਚਾਨਣ ਹੈ, ਨੂਰੋ ਨੂਰ ਹੈ, ਇਸ ਲਈ ਉਸ ਦੇ ਕੀਤੇ ਵਿਚ ਭੁੱਲ ਨਹੀਂ। ਯਥਾ-"**ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ**"। (੧੪੧੨) ਐਸੇ ਚਾਨਣ ਰੂਪ ਹਰੀ ਦੇ ਚਾਨਣ ਲੈਣ ਦਾ ਵਸੀਲਾ ਇਕ ਨਾਮ ਹੈ, ਉਸ ਦਾ ਨਾਮ ਇਕ ਰਤਨ ਹੈ, ਜਿਸਦੀ ਕੀਮਤ ਬੇਅੰਤ ਹੈ ਤੇ ਸੰਸਾਰੀ ਜੀਵਾਂ ਤੋਂ ਇਸ ਦਾ ਮੁੱਲ ਨਹੀਂ ਪਾਇਆ ਜਾਂਦਾ। ਜਿਸ ਦਿਲ ਵਿਚ ਏਹ ਰਤਨ ਪ੍ਰਗਟਿਆ ਹੈ, ਉਥੇ ਭੀ ਚਾਨਣ ਹੋ ਗਿਆ, ਇਸ ਚਾਨਣ ਵਿਚ ਰਹਿਣ ਵਾਲੇ ਗੁਰਮੁਖ ਹਨ ਤੇ ਓਹ ਜਾਣਦੇ ਹਨ ਕਿ ਜੋ ਕੁਛ ਵਾਹਿਗੁਰੂ ਜੀ ਨੇ ਕੀਤਾ ਹੈ ਓਹ ਪੂਰਾ ਹੀ ਹੈ। ਜਿਸਦੇ ਉਪਰ ਵਾਹਿਗੁਰੂ ਜੀ ਦੀ ਮੇਹਰ ਹੋਈ ਹੈ, ਉਸ ਨੂੰ ਸਾਰੇ ਸੁਖ ਮਿਲਦੇ ਹਨ, ਉਹ ਮਨ ਕਰ ਸੁਖੀ ਹੈ ਗਿਆਨ ਵਿਚ, ਉਹ ਤਨ ਕਰ ਸੁਖੀ ਹੈ ਸੰਤੋਖ ਵਿਚ, ਉਹ ਵਰਤੋਂ ਵਿਚ ਸੁਖੀ ਹੈ ਰਜ਼ਾ ਵਿਚ, ਉਸ ਦੇ ਵਾਸਤੇ "**ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ**"(੧੩੦੨) ਅੰਦਰ ਬਾਹਰ ਓਹ ਸਾਰੇ ਸੁਖੀ ਹੀ ਸੁਖੀ ਹੈ। ਹਰੀ ਸਰੂਪ ਗੁਰੂ ਨਾਨਕ ਨੂੰ ਛੋਹਕੇ ਜੋ ਸਿਮਰਨ ਵਿਚ ਜੀ ਉਠਿਆ ਹੈ ਉਹ ਮੁੜਕੇ ਚੌਰਾਸੀ ਵਿਚ ਨਹੀਂ ਆਉਂਦਾ, ਉਸ ਦਾ ਆਵਾਗੌਨ ਮਿਟ ਗਿਆ ਹੈ॥੭॥

| ਮੂਲ | ਅਰਥ |
|---|---|
| ਕਵਨੁ ਜੋਗੁ ਕਉਨੁ ਗ੍ਯਾਨੁ ਧ੍ਯਾਨੁ ਕਵਨ ਬਿਧਿ ਉਸ੍ਤਤਿ ਕਰੀਐ ॥ ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ ॥ ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ॥ ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ ॥ ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ ॥ ੮ ॥ | ਕੇਹੜਾ ਜੋਗ, ਕੇਹੜਾ ਗਿਆਨ, ਕੇਹੜਾ ਧਯਾਨ, ਕੇਹੜੀ ਵਿਧੀ ਨਾਲ (ਆਪਦੀ) ਮਹਿਮਾਂ ਕੀਤੀ ਜਾਵੇ। ਸਿਧ (ਪੂਰਨਪਦ ਤੇ ਪੁਜੇ ਹੋਏ), ਸਾਧਕ, ਤੇਤੀ ਕਰੋੜ ਦੇਵਤਾ (ਇਨ੍ਹਾਂ ਸਾਰਿਆਂ ਤੋਂ) ਤਿਲਮਾਤ੍ਰ ਭੀ ਆਪ ਦੀ ਕੀਮਤ ਨਹੀਂ ਪਾਈ ਗਈ। ਬ੍ਰਹਮਾਂ ਤੋਂ ਆਦਿ (ਵੇਦ ਵੇਤਾ); ਸਨਕਾਦਕਾਂ (ਤੋਂ ਆਦਿ ਗਿਆਨੀ ਅਰ) ਸ਼ੇਸ਼ਨਾਗ (ਇਹ ਸਾਰੇ) ਗੁਣਾਂ ਦਾ ਅੰਤ ਨਹੀਂ ਪਾ ਸਕੇ। ਓਹ ਅਗਹ ਹੈ (ਭਾਵ) ਗਹਿਨ ਨਹੀਂ ਕੀਤਾ ਜਾਂਦਾ (ਪਰ) ਸਾਰਿਆਂ ਵਿਚ ਭਰਪੂਰ ਸਮਾ ਰਿਹਾ ਹੈ। ਦਯਾ ਕਰਕੇ ਵਾਹਿਗੁਰੂ ਨੇ ਜਿਸਦੀ ਹਉਮੈ ਦੀ ਬੇੜੀ ਕਟ ਦਿਤੀ ਉਹ ਪੁਰਖ ਲਗੇ ਹਨ ਭਗਤੀ ਵਿਚ। ਹਰੀ ਸਰੂਪ ਗੁਰੂ ਨਾਨਕ ਨੂੰ ਜੋ ਛੋਹੇ ਉਹ ਇਥੇ ਤੇ ਓਥੇ ਦੇ ਬੰਧਨਾਂ ਤੋਂ ਸਦਾ ਵਾਸਤੇ ਛੁਟ ਗਏ॥੮॥ |

**ਪਦ ਅਰਥ**—ਤੇਤੀਸ ਕੋਰਿ-ਤੇਤੀ ਕ੍ਰੋੜ ਦੇਵਤੇ। ਤਿਰੁ-ਤਿਲ। ਕੀਮ-ਕੀਮਤ। ਸਿਲਕ-ਬੇੜੀ, ਫਾਹੀ। ਇਤ-ਇਹ ਲੋਕ। ਉਤ-ਪਰਲੋਕ।

**ਭਾਵ**—ਵਾਹਿਗੁਰੂ ਦੀ ਬੇਅੰਤਤਾ ਪ੍ਰਗਟ ਕਰਦੇ ਹਨ ਕਿ ਹੇ ਅਗਮ ਵਾਹਿਗੁਰੂ ਜੀ! ਓਹ ਕੇਹੜਾ ਜੋਗ ਹੈ ਜਿਸ ਦਵਾਰਾ ਆਪ ਵਿਚ ਜੁੜੀਏ। ਵਾਹਿਗੁਰੂ ਬੇਅੰਤ ਹੈ ਮਾਨੁਖ ਦੇ ਜਤਨ ਤੇ ਸਾਧਨਾ ਅੰਤ ਵਾਲੀ ਹੈ, ਇਸ ਲਈ ਉਸ ਅਪਾਰ ਕਰਤਾਰ ਦੀ ਮੇਹਰ ਲੋੜੀਦੀ ਹੈ। ਇਸ ਭਾਵ ਪੁਰ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਹਠ ਯੋਗ, ਰਾਜ ਜੋਗ, ਮੰਤ੍ਰ ਜੋਗ, ਲਯ ਜੋਗ ਆਦਿਕ ਕੇਹੜੇ ਜੋਗ ਦਵਾਰਾ ਜੁੜਕੇ ਆਪ ਦੀ ਮਹਿਮਾਂ ਕਰੀਏ? ਚਿੱਤ ਬ੍ਰਿਤੀ ਦੀ ਇਕਾਗਰਤਾ ਇਕ ਮਾਨੁਖ ਦਾ ਜਤਨ ਹੈ। ਪਰ ਵਾਹਿਗੁਰੂ ਅਗਮ ਹੈ ਉਸ ਵਿਚ ਚਿੱਤ ਦੀ ਸੁਤੰਤ੍ਰ ਪਹੁੰਚ ਨਹੀਂ, ਇਸ ਲਈ ਆਪਣੇ ਜਤਨ ਦਵਾਰਾ ਜੋਗ ਵਿਚ ਜੁੜਕੇ ਉਸ ਨੂੰ ਲਖ ਨਹੀਂ ਸਕੀਦਾ। ਏਸੇ ਤਰ੍ਹਾਂ ਹੀ ਗਯਾਨ ਤੇ ਧਯਾਨ ਦੁਆਰਾ ਭੀ ਅੰਤ ਨਹੀਂ ਪਾ ਸਕੀਦਾ। ਇਹ ਕੇਵਲ ਵਿਚਾਰ ਮਾਤ੍ਰ ਹੀ ਨਹੀਂ ਕਿੰਤੂ ਜੋਗ* ਦੁਆਰਾ ਸਿਧਿ ਪਦ ਨੂੰ ਪਹੁੰਚੇ ਸਿਧਿ ਤੇ ਧਯਾਨ ਦੁਆਰਾ ਸਾਧਨਾ ਵਿਚ ਲਗੇ ਸਾਧਿਕ ਤੇ ਸਤੋ ਗੁਣੀ ਸ੍ਰਿਸ਼ਟੀ ਦੈਵ ਸ਼੍ਰੇਣੀ ਜੋ ਤੇਤੀ ਕ੍ਰੋੜ ਆਖੀਦੇ ਹਨ, ਜਿਨ੍ਹਾਂ ਵਿਚ ਸੁਤੇ ਗਿਆਨ ਦਾ ਪ੍ਰਕਾਸ਼ ਹੈ, ਇਨ੍ਹਾਂ ਸਾਰਿਆਂ ਤੋਂ ਇਕ ਤਿਲ ਮਾਤ੍ਰ ਭੀ ਵਾਹਿਗੁਰੂ ਜੀ ਦੀ ਕੀਮਤ ਨਹੀਂ ਪੈ ਸਕੀ। ਚਾਰ ਵੇਦ ਦਾ ਵਕਤਾ ਬ੍ਰਹਮਾ ਤੇ ਸਦਾ ਧਯਾਨ ਪਰਾਇਨ ਸਨਕਾਦਕ ਬ੍ਰਹਮਾ ਦੇ ਸਪੁਤ੍ਰ ਅਰ ਸ਼ੇਸ਼ਨਾਗ ਜੋ ਨਿਤ ਨਵੀਨ ਨਾਮ ਉਚਾਰਨ ਵਿਚ ਪ੍ਰਸਿੱਧ ਹੈ, ਇਹ ਸਾਰੇ ਹੀ ਗੁਣਾਂ ਦੇ ਅੰਤ ਨਹੀਂ ਪਾ ਸਕੇ। ਅਸਚਰਜ ਏਹ ਹੈ ਕਿ ਸਰਬਤ ਪਰੀ ਪੂਰਨ ਸਰਬਤ ਵਿਆਪਕ ਹੈ ਕਰਤਾਰ, ਪਰ ਮਨ ਇੰਦ੍ਰੇ ਦੁਆਰਾ ਉਸ ਨੂੰ ਪਕੜ ਨਹੀਂ ਸਕੀਦਾ। ਪਰੰਤੂ ਜਿਸ ਦੀ ਮੋਹ ਵਾਸ਼ਨਾ ਦੀ ਫਾਹੀ ਉਸ ਨੇ ਆਪਣੀ ਮੇਹਰ ਨਾਲ ਕਟ ਦਿਤੀ ਹੈ ਓਹ ਉਸ ਦੀ ਭਗਤੀ ਵਿਚ ਲਗੇ ਹਨ। ਭਗਤੀ ਭਾਵ ਸਹਿਤ ਗੁਰੂ ਨਾਨਕ ਸਰੂਪ ਵਿਚ ਪ੍ਰਗਟ

* ਜੋਗ ਨਾਲ ਸਿਧਿ, ਧਯਾਨ ਨਾਲ ਸਾਧਿਕ, ਗਯਾਨ ਨਾਲ ਦੇਵਤਾ ਦੋਹਾਂ ਤੁਕਾਂ ਨਾਲ ਅੰਨਵੈ ਕਰ ਲੈਣਾ।

ਵਾਹਿਗੁਰੂ ਜੀ ਨੂੰ ਜਿਨ੍ਹਾਂ ਸਪਰਸ਼ ਕੀਤਾ, ਭਾਵ ਸਹਿਤ ਉਪਦੇਸ਼ ਲੈ ਕੇ ਸੇਵਾ ਕੀਤੀ ਉਹ ਪੁਰਖ ਇਥੇ ਭੀ ਬੰਧਨਾਂ ਤੋਂ ਛੁਟੇ ਤੇ ਅਗੇ ਪ੍ਰਲੋਕ ਵਿਚ ਭੀ ਮੁਕਤ ਪਦ ਨੂੰ ਪੁਜੇ॥੮॥

| ਮੂਲ | ਅਰਥ |
|---|---|
| ਪ੍ਰਭ ਦਾਤਉ ਦਾਤਾਰ ਪਰਿਉ ਜਾਚਕੁ ਇਕੁ ਸਰਨਾ ॥ ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ॥ ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥ ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ ॥ ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥ ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥ ੯ ॥ | ਦਾਤਾਂ ਦੇ ਦੇਣਹਾਰੇ ਦਾਤਾਰ ਪ੍ਰਭੂ ਜੀ! (ਮੈਂ) ਇਕ ਮੰਗਤਾ (ਆਪ ਜੀ ਦੀ) ਸ਼ਰਨ (ਵਿਚ) ਆ ਪਿਆ ਹਾਂ। ਸੰਤਾਂ ਦੇ ਚਰਨਾਂ ਦੀ ਧੂੜੀ ਮੈਨੂੰ ਮਿਲੇ ਜਿਹਦੇ ਆਸਰੇ ਸੰਸਾਰ ਸਮੁੰਦਰ ਤੋਂ ਤਰ ਜਾਂਵਾਂ। ਨਿੰਮ੍ਰਤਾ ਨਾਲ ਅਰਦਾਸ ਕਰਦਾ ਹਾਂ (ਹੇ ਮੇਰੇ) ਮਾਲਕ ਜੇ (ਆਪ ਨੂੰ) ਭਾਵੇ ਤਾਂ ਸੁਣ ਲੌ! ਮਨ ਵਿਚ (ਇਹ ਪ੍ਰੇਮ ਭਰਿਆ) ਉਤਸ਼ਾਹ ਹੈ ਕਿ ਦਰਸ਼ਨ ਬਖਸ਼ੋ ਤੇ (ਆਪਦੀ) ਭਗਤੀ ਵਿਚ ਇਹ ਮਨ ਟਿਕੇ। ਅੰਨ੍ਹੇਰੇ ਵਿਚ ਦੀਵਾ ਜਗ ਪਿਆ (ਅਰਥਾਤ ਸਤਿਗੁਰ ਨਾਨਕ ਦੇਵ ਜੀ ਪ੍ਰਗਟ ਹੋਏ, ਉਹਨਾਂ ਦੇ ਦਸੇ) 'ਨਾਮ' ਧਰਮ ਦੇ ਆਸਰੇ ਸਾਰੀ ਸ੍ਰਿਸ਼ਟੀ ਉਧਰ ਗਈ। (ਸ੍ਰੀ ਗੁਰੂ) ਨਾਨਕ (ਦੇਵ ਜੀ ਬਚਨ ਕਰਦੇ ਹਨ ਕਿ) ਇਸ ਲੋਕ ਵਿਚ ਤੇ ਸਚਖੰਡ ਵਿਚ ਇਹ ਪ੍ਰਗਟ ਹੈ ਕਿ ਸਤਿਗੁਰ ਨਾਨਕ ਦੇਵ ਜੀ ਪਾਰਬ੍ਰਹਮ ਹਨ॥੯॥ |

**ਪਦ ਅਰਥ**—ਜਾਚਕੁ-ਮੰਗਤਾ। ਰੇਨ-ਧੂੜ। ਭਉਜਲੁ-ਭਵ ਸਾਗਰ। ਚਾਉ-(ਦਰਸ਼ਨ ਦਾ) ਉਤਸ਼ਾਹ। ਚਰਾਗ-ਦੀਵਾ। ਕਲ-ਸ੍ਰਿਸ਼ਟੀ। ਭਵਨ-ਬ੍ਰਹਮੰਡ।

**ਭਾਵ**—ਉਸਤਤੀ ਕਰਤਾ ਦਾ ਏਹ ਰਵੱਯਾ ਹੁੰਦਾ ਹੈ ਕਿ ਮਹਿਮਾਂ ਉਚਾਰਕੇ ਆਪਣੇ ਦਾਤਾ ਜੀ ਨੂੰ ਪ੍ਰਸੰਨ ਕਰਨਾ ਤੇ ਫੇਰ ਆਪਣੀ ਯਾਚਨਾਂ ਪ੍ਰਗਟ ਕਰਨੀ, ਉਸੇ ਤਰੀਕੇ ਅਨੁਸਾਰ ਅੱਠ ਛੰਦਾਂ ਦਵਾਰਾ ਸਤਿਗੁਰ ਜੀ ਦੀ ਮਹਿਮਾਂ ਪ੍ਰਗਟ ਕਰਕੇ ਹੁਣ ਇਸ ਨੌਮੇ ਛੰਦ ਦੁਆਰਾ ਦਾਤਾਰ ਕਰਤਾਰ ਦੇ ਹਜ਼ੂਰ ਆਪਣੀ ਯਾਚਨਾ ਪ੍ਰਗਟ ਕਰਦੇ ਹਨ, ਵਾਹਿਗੁਰੂ ਜੀ ਦੇ ਸਨਮੁਖ ਅਰਜ਼ ਕਰਦੇ ਹਨ। **'ਪ੍ਰਭੁ ਦਾਤਉ ਦਾਤਾਰ'**-ਹੇ ਪ੍ਰਭੂ ਆਪ ਦਾਤਿਆਂ ਦੇ ਦਾਤਾ ਹੋ। ਸੰਸਾਰਕ ਦਾਤੇ ਭੀ ਆਪ ਦੇ ਦਰ ਦੇ ਮੰਗਤੇ ਹਨ, ਜਾਂ ਦਾਤਾਂ ਆਪ ਦੀਆਂ ਹਨ ਤੇ ਦੇਣ ਹਾਰੇ ਭੀ ਆਪ ਹੋ। ਭਾਵ ਜੋ ਦਾਤੇ ਹਨ, ਉਹਨਾਂ ਪਾਸ ਦਾਤ ਨਹੀਂ ਹੋਂਦੀ, ਜਿਨ੍ਹਾਂ ਪਾਸ ਦਾਤ ਹੋਂਦੀ ਹੈ ਉਹ ਦੇ ਨਹੀਂ ਸਕਦੇ। ਪਰੰਤੂ ਆਪ ਜੀ ਵਿਚ ਦੋਵੇਂ ਗੁਣ ਹਨ, ਆਪ ਪਾਸ ਦਾਤਾਂ ਭੀ ਅੰਮਿਤ ਹਨ ਤੇ ਉਹ ਸਾਰੀਆਂ ਆਪ ਦੇ ਵੱਸ ਵਿਚ ਹਨ ਤੇ ਆਪ ਦੇਣਹਾਰ ਭੀ ਹੋ, ਇਸ ਲਈ ਆਪ ਹੀ ਸਭ ਦੇ ਦਾਤਾਰ ਹੋ, ਤੇ ਮੈਂ ਮੰਗਤਾ ਹਾਂ। ਪਰ ਦਾਤ ਨੂੰ ਉਡੀਕ ਕੇ ਨਾ ਮਿਲੀ ਤੇ ਹੋਰ ਦਰ ਚਲੀਏ ਐਦਾਂ ਦਾ ਮੰਗਤਾ ਮੈਂ ਨਹੀਂ, ਮੈਂ ਤਾਂ ਸਾਰੇ ਦਰ ਛੋੜ ਕੇ ਆਪ ਦੀ ਸ਼ਰਨ ਵਿਚ ਆ ਪਿਆ ਹਾਂ। ਇਸ ਚਰਨ ਸ਼ਰਨ ਤੋਂ ਲ੍ਹਮ ਮੈਂ ਹੋਰ ਥੇ ਜਾਣਾ ਨਹੀਂ। ਮੇਰੀ ਮੰਗ ਹੈ ਸੰਤ ਚਰਨਾਂ ਦੀ ਧੂੜ, ਜਿਹਦੇ ਪ੍ਰਾਪਤ ਹੋਣ ਨਾਲ ਮੈਂ ਭਵਸਾਗਰ ਤੋਂ ਪਾਰ ਹੋਸਾਂ। ਸਾਰੀ ਹਉਮੈ ਛਡਕੇ ਮੈਂ ਬਿਤਨੀ ਨਾਲ ਅਰਦਾਸ ਕਰਦਾ ਹਾਂ ਪਰ ਜੇ ਆਪ ਸੁਣਨੀ ਪ੍ਰਵਾਨ ਕਰੋ ਤਾਂ। ਹੇ ਸਵਾਮੀ ਜੀ! ਅਪਣਾ ਦਰਸ਼ਨ ਬਖਸ਼ੋ, ਆਪਣਾ ਪਿਆਰ ਮੇਰੇ ਮਨ ਵਿਚ ਵਸਾਓ। ਆਪ ਨੇ ਹੀ ਅਨ੍ਹੇਰੇ ਵਿਚ ਆਨ ਚਾਨਣਾ ਕੀਤਾ ਹੈ। ਨਾਮ ਦੇ ਜਹਾਜ਼ ਚੜ੍ਹਾਕੇ ਉਚੇ ਨੀਵੇਂ ਪੁੰਨੀ ਪਾਪੀ ਸਭ ਨੂੰ ਪਾਰ ਕਰਨ ਵਾਲੇ ਇਥੇ ਉਥੇ ਆਪ ਹੀ ਆਪ ਹੋ, ਹੇ ਧੰਨ ਗੁਰੂ ਨਾਨਕ ਦੇਵ ਜੀਓ!

# ਸਵਯੇ ਸ੍ਰੀ ਮੁਖਬਾਕ੍ ਮਹਲਾ ੫ ॥
# ੴ ਸਤਿਗੁਰ ਪ੍ਰਸਾਦਿ ॥

**ਮੂਲ**

ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ ॥ ਧਾਵਤ ਭ੍ਰਮਤ ਰਹਨੁ ਨਹੀ ਪਾਵਤ ਪਾਰਬ੍ਰਹਮ ਕੀ ਗਤਿ ਨਹੀ ਜਾਨੀ ॥ ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ ॥ ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ ॥ ਬਲਬੰਚ ਛਪਿ ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ ॥ ਸੀਲ ਧਰਮ ਦਯਾ ਸੁਚ ਨਾਸ੍ਤਿ ਆਇਓ ਸਰਨਿ ਜੀਅ ਕੇ ਦਾਨੀ ॥ ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ ॥੧॥

**ਅਰਥ**

(ਏਹ) ਦੇਹ ਕੱਚੀ ਹੈ, (ਪਰ ਮੈਂ ਸੱਚੀ ਜਾਣਕੇ ਆਪਣੀ ਬੁਧੀ) ਏਸਦੇ ਮੋਹ ਵਿਚ ਬੰਨ੍ਹੀ ਹੋਈ ਹੈ; ਇਸ ਲਈ ਮੈਂ ਮੂਰਖ ਹਾਂ, ਕਰੜਾ ਹਾਂ, ਅਪਵਿਤ੍ਰ ਹਾਂ ਤੇ ਭੈੜੀ ਸਮਝ ਵਾਲਾ ਹਾਂ। (ਨਾ ਟਿਕਣ ਵਾਲੇ ਪਦਾਰਥਾਂ ਲਈ) ਦੌੜਦਾ ਭਜਦਾ ਹਾਂ, (ਮੈਨੂੰ) ਟਿਕਾਂਉ ਨਹੀਂ ਆਉਂਦਾ; (ਹੇ ਸੰਸਾਰ ਤੋਂ ਨਿਰਲੇਪ ਵਿਆਪਕ) ਵਾਹਿਗੁਰੂ! (ਤੇਰੇ) ਭੇਤ ਨੂੰ ਨਹੀਂ ਜਾਣਦਾ। ਜੁਵਾਨੀ, (ਸੋਹਣਾ) ਰੂਪ ਤੇ ਦੌਲਤ ਦੇ ਹੰਕਾਰ ਵਿਚ ਮਸਤਿਆ ਹੋਇਆ ਫਿਰਦਾ ਹਾਂ, (ਹਾਂ ਤਾਂ) ਬੇਅਕਲ, (ਪਰ ਅਕਲਮੰਦ ਹੋਣ ਦਾ) ਬੜਾ ਹੰਕਾਰੀ ਹਾਂ। (ਇਥੇ ਹੀ ਬਸ ਨਹੀਂ), ਪਰਾਈ ਦੌਲਤ, ਪਰਾਏ ਝਗੜੇ, ਪਰਾਈ ਨਿੰਦਜਾ, ਪਰਾਈ ਇਸਤ੍ਰੀ ਇਹੋ ਹੀ ਦਿਲ ਨੂੰ ਮਿੱਠੀ ਪਿਆਰੀ ਲਗਦੀ ਹੈ। (ਇਹਨਾਂ ਦੀ ਪ੍ਰਾਪਤੀ ਵਾਸਤੇ) ਲੁਕਕੇ ਠੱਗੀ ਦੇ ਉਪਾਵ ਕਰਦਾ ਹਾਂ, ਪਰ ਹੇ ਅੰਤਰਜਾਮੀ! (ਤੂੰ ਸਭ ਕੁਝ) ਵੇਖ ਸੁਣ ਰਿਹਾ ਹੈਂ। ਨੇਕ ਸੁਭਾਵ, ਧਰਮ, ਦਯਾ, ਪਵਿੱਤ੍ਰਤਾ, (ਏਹ ਉਤਮ ਗੁਣ ਮੇਰੇ ਵਿਚ) ਕੋਈ ਨਹੀਂ; ਹੇ ਜੀਵਨ ਦਾਤਾ! (ਮੈਂ ਆਪ ਦੀ) ਸ਼ਰਨ ਵਿਚ ਆਇਆ ਹਾਂ। ਮੈਨੂੰ ਰਖ ਲਓ ਹੇ (ਸਰਬ) ਕਾਰਜਾਂ ਦੇ ਕਰਤਾ! ਹੇ ਸਮਰੱਥ! ਹੇ ਮਾਇਆ ਦੇ ਆਸਰੇ, ਹੇ ਨਾਨਕ ਦੇ ਸਾਹਿਬ! ॥੧॥

**ਪਦਾਰਥ**—ਸ੍ਰੀ ਮੁਖ-ਸੁਹਣਾ ਮੂੰਹ। ਬਾਕ੍-ਬਚਨ। ਕਾਚੀ-ਕਚੀ। ਦੇਹ-ਦੇਹੀ, ਸਰੀਰ। ਸਠ-ਮੂਰਖ। ਕਠੋਰ-ਕਰੜਾ। ਕੁਚੀਲ-ਅਪਵਿਤ੍ਰ। ਕੁਗਿਆਨੀ-ਭੈੜੀ ਸਮਝ ਵਾਲਾ। ਧਾਵਤ-ਦੌੜਨਾ। ਭ੍ਰਮਤ-ਭੌਣਾ। ਗਤਿ-ਗਿਆਨ, ਪ੍ਰਾਪਤੀ, ਭੇਤ। ਮਦ-ਸ਼ਰਾਬ, ਭਾਵ ਵਿਚ ਹੰਕਾਰ। ਮਾਤਾ-ਮਸਤ। ਬਿਚਰਤ-ਫਿਰਦਾ। ਬਿਕਲ-ਬੇਅਕਲ, ਬੁਧੀ ਰਹਿਤ। ਅਪਵਾਦ-ਝਗੜੇ। ਨਾਰਿ-ਇਸਤ੍ਰੀ। ਹਿਤਾਨੀ-ਪਿਆਰੀ। ਬੰਚ-ਠਗੀ। ਉਪਾਵਾ-ਉੱਦਮ। ਸੀਲ-ਜਤ, ਨੇਕ ਸੁਭਾਵ। ਸੁਚ-ਪਵਿਤ੍ਰਤਾ। ਨਾਸ੍ਤਿ-ਨਹੀਂ। ਜੀਅ ਕੇ ਦਾਨੀ-ਜੀਅ ਦੇ ਦਾਤੇ। ਸਿਰੀ ਧਰ-ਮਾਯਾ ਦੇ ਧਾਰਨ ਵਾਲੇ।

**ਭਾਵ**—ਵਾਹਿਗੁਰੂ ਜੀ ਅੱਗੇ ਅਰਦਾਸ ਕਰਨ ਦੀ ਜਾਚ ਦੱਸਦੇ ਹਨ। ਅਰਦਾਸ ਵਿਚ ਅੰਗ ਪ੍ਰਗਟ ਕਰਦੇ ਹਨ।

(੧) ਅਪਣੇ ਔਗੁਣ:-ਜੀਵ ਦੀ ਬੁਧੀ ਦੇਹ ਵਿਚ ਬੱਧੀ ਹੋਈ ਹੈ, ਦੇਹ ਦੇ ਸੁਭਾਵ ਦੇਹੀ

ਆਤਮਾਂ ਵਿਚ ਵਰਤ ਰਹੇ ਹਨ। ਦੇਹ ਭਲੇ ਬੁਰੇ ਆਪਣੇ ਹਿਤ ਅਨਹਿਤ ਦੀ ਪਛਾਣ ਵਲੋਂ ਮੂਰਖ ਹੈ, ਤਥਾ ਕਠੋਰ ਹੈ, ਸਦਾ ਅਪਵਿਤ੍ਰ ਤੇ ਮਲੀਨ ਹੈ, ਮਾੜੀ ਸਮਝ ਬੂਝ ਵਾਲੀ ਹੈ। ਏਹ ਦੇਹ ਦੇ ਧਰਮ ਕੁਸੰਗ ਦੇ ਪ੍ਰਤਾਪ ਕਰਕੇ ਆਤਮਾਂ ਦੇ ਸੁਭਾਵ ਬਣ ਰਹੇ ਹਨ। ਏਸੇ ਤਰ੍ਹਾਂ ਹੀ ਅਗਿਆਨ ਦੇ ਵੱਸ ਹੋਇਆ ਮਨ ਨਾ ਟਿਕਣਵਾਲੇ ਪਦਾਰਥਾਂ ਵੱਲ ਹੀ ਦੌੜਦਾ ਹੈ ਤੇ ਅਪਣੇ ਕਰਤਾਰ ਵੱਲੋਂ ਅਚੇਤ ਹੋ ਰਿਹਾ ਹੈ। ਅਪਣੇ ਮੂਲ ਟਿਕਾਣੇ ਤੋਂ ਘੁੱਥਾ ਹੋਇਆ ਬਾਹਰ ਸਰੀਰ ਦੀ ਜਵਾਨ ਅਵਸਥਾ, ਖੂਬਸੂਰਤੀ ਆਕੜਕੇ ਤੁਰਨਾਂ ਕਿਸੇ ਨੂੰ ਨਜ਼ਰ ਤਲੇ ਨਾ ਲਿਆਉਣਾ, ਪਰਾਈ ਦੌਲਤ, ਝਗੜੇ, ਤੇ ਪਰਾਈ ਨਿੰਦਜਾ ਤੇ ਪਰਾਈ ਇਸਤ੍ਰੀ, ਏਹ ਨਖਿੱਧ ਦੇਹ ਦੇ ਰਸ ਮਨ ਨੂੰ ਮਿੱਠੇ ਲਗ ਰਹੇ ਹਨ। ਅਨਜਾਣੇ ਮੋਹ ਦੇ ਵੱਸ ਦੇਹ ਦੇ ਅਪਣੇ ਔਗੁਣ ਤੇ ਅਵਿਹਤ ਰਸ ਕਸ ਚੰਗੇ ਲੱਗ ਰਹੇ ਹਨ। ਇਹਨਾਂ ਰਸਾਂ ਕਸਾਂ ਲਈ ਠੱਗੀ ਤੇ ਜ਼ੋਰ ਪੜਦੇ ਵਿਚ ਬੈਠਕੇ ਕਰੀਦੇ ਹਨ, ਪਰ ਕਰਤਾਰ ਸਭ ਕੁਝ ਵੇਖ ਰਿਹਾ ਹੈ।

(੨) ਉਤਮ ਗੁਣਾਂ ਦਾ ਨਾ ਹੋਣਾ:-ਸੀਲ, ਓਹ ਸੁਭਾਵ ਜੋ ਮਿੱਠਾ ਤੇ ਸੀਤਲ ਹੋਵੇ। ਧਰਮ ਉਹ ਕੰਮ ਜੋ ਮਾਨੁੱਖ ਨੂੰ ਕਰਨ ਦਾ ਹੁਕਮ ਹੈ, ਜਿਸ ਦੇ ਕਰਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਦਯਾ, ਦੁਖੀ ਜੀਵਾਂ ਉਪਰ ਮੇਹਰਬਾਨੀ। ਸਰੀਰ ਤੇ ਮਨ ਦੀ ਪਵਿਤ੍ਰਤਾ, ਇਹ ਉਤਮ ਗੁਣਾਂ ਦੀ ਅਨਹੋਂਦ ਤੇ ਔਗੁਣਾਂ ਦਾ ਹੋਣਾ; ਇਹ ਸੋਚ ਜਦ ਫੁਰਨੀ ਤਾਂ ਕੋਈ ਆਸਰਾ ਤੇ ਆਪਣਾ ਬੁਧਿ ਬਲ ਨਾ ਵੇਖਕੇ ਕਰਤਾਰ ਦੀ ਟੇਕ ਫੜਨੀ।

(੩) ਤੀਜਾ ਅੰਗ ਅਰਦਾਸ ਦਾ ਪ੍ਰਗਟ ਕਰਦੇ ਹਨ:-ਹੇ ਜੀਅ ਦਾਤੇ! ਆਪ ਦੀ ਸ਼ਰਨ ਹਾਂ; ਹੇ ਜਗਤ ਕਰਤਾ ਸਰਬ ਸਮਰਥ ਵਾਹਿਗੁਰੂ ਜੀ, ਰਖ ਲਓ! ਰਖ ਲਓ!!

| ਮੂਲ | ਅਰਥ |
|---|---|
| **ਕੀਰਤਿ ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ ॥ ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ ॥ ਚਿਤ ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ ਧੰਉ ॥ ਮੂਰਤ ਘਰੀ ਚਸਾ ਪਲ ਸਿਮਰਨ ਰਾਮ ਨਾਮੁ ਰਸਨਾ ਸੰਗਿ ਲਉ ॥ ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭੰਉ ॥ ਸਿਖ੍ਯਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਰੰਉ ॥ ੨ ॥** | ਮਨ ਮੋਹਨ (ਵਾਹਿਗੁਰੂ ਜੀ) ਦੀ ਸ਼ਰਨ ਵਿਚ ਰਹਿਣਾ ਤੇ ਕੀਰਤਨ ਦਾ ਕਰਨਾ (ਇਹ ਦੋਵੇਂ ਉਪਾਵ) ਪਾਪਾਂ ਦੇ ਨਾਸ਼ ਕਰਨ ਲਈ ਸੂਰਬੀਰ ਹਨ। ਹਰ ਤਰ੍ਹਾਂ ਕਰਕੇ ਹਰੀ (ਸੰਸਾਰ ਭਉਜਲ ਤੋਂ) ਤਾਰਨ ਲਈ ਜਹਾਜ਼ ਵਤ ਸਮਰੱਥ ਹੈ, (ਕੇਵਲ ਸ਼ਰਨਾਗਤਾਂ ਲਈ ਹੀ ਨਾਂ, ਸਗੋਂ) ਉਹਨਾਂ ਦੀਆਂ ਕਈ ਸੈਂਕੜੇ ਕੁਲਾਂ ਦਾ ਭੀ ਨਾਲ ਤਾਰਕ ਹੈ। (ਹੇ ਅਚੇਤ ਚਿਤ ਚੇਤ) ਹੇ ਭੁੱਲੇ ਮਨਾਂ ਸੋਚ ਤੇ ਸਾਧ ਸੰਗਤ ਵਿਚ ਜਾਣਾ ਸਿਖ, ਕਾਹਨੂੰ ਭਰਮ ਦੇ ਅੰਨ੍ਹੇਰੇ ਵਿਚ ਠਗਿਆ ਪਿਆ ਦੌੜਦਾ ਹੈਂ। ਘੜੀ ਦੋ ਘੜੀ ਜਾਂ ਪਲ ਝਲਕ ਹੀ ਸਹੀ, ਸਿਮਰਨ ਕਰ (ਅਰਥਾਤ) ਰਾਮ ਦਾ ਨਾਮ ਜੀਭ ਨਾਲ ਜਪ। ਤੁੱਛ ਕੰਮ (ਜਿਨ੍ਹਾਂ ਦਾ) ਸੁਖ ਥੋੜਾ ਜਿੰਨਾ ਹੈ, (ਉਹਨਾਂ ਦੇ) ਬੰਧਨ (ਵਿਚ ਬੱਧਾ) ਕਾਹਨੂੰ ਕ੍ਰੋੜਾਂ ਜਨਮ ਦੁਖਾਂ ਵਿਚ ਪਿਆ ਭਟਕਦਾ ਹੈਂ। (ਇਹਨਾਂ ਦੁਖਾਂ ਤੋਂ ਛੁੱਟਣ ਲਈ) ਸੰਤਾਂ ਦੀ ਸਿਖਜਾ ਲੈਕੇ ਨਾਮ ਜਪ, ਹੇ ਨਾਨਕ! (ਤੇ) ਆਤਮਾਂ ਦੇ ਪ੍ਰੇਮ ਨਾਲ ਵਾਹਿਗੁਰੂ ਜੀ ਦਾ ਸਿਮਰਨ ਕਰ॥੨॥ |

**ਪਦ ਅਰਥ**—ਜੋਹਨ-ਸੂਰਬੀਰ। ਬਿਦਾਰਨ-ਨਾਸ਼ ਕਰਨ। ਕੁਲਹ-ਕੁਲਾਂ। ਸਉ-ਸੌ ਗਿਣਤੀ। ਧੰਉ-ਦੌੜਨਾ। ਮੂਰਤ-ਮਹੂਰਤ, ਦੋ ਘੜੀ। ਚਸਾ ਪਲ-ਪੰਦਰਾਂ

ਵਾਰ ਅੱਖਾਂ ਦੇ ਮੀਟਣ ਖੁਲ੍ਹਣ ਦੇ ਵਕਤ ਦਾ ਨਾਮ ਹੈ ਇਕ ਵਿਸ਼ਾ ਤੇ ਪੰਦਰਾਂ ਵਿਸ਼ਿਆਂ ਦਾ ਨਾਮ ਹੈ ਇਕ ਚਸਾ ਤੇ ਤੀਸ ਚਸੇ ਦਾ ਨਾਮ ਹੈ ਇਕ ਪਲ, ਸੱਠ ਪਲ ਦੀ ਇਕ ਘੜੀ ਹੁੰਦੀ ਹੈ। ਹੋਛਉ-ਤੁੱਛ। ਅਲਪ-ਥੋੜਾ। ਭੱਉ-ਫਿਰਨਾ। ਰੱਉ-ਸਿਮਰੋ।

**ਭਾਵ**—ਪਿਛਲੇ ਸਵੱਯੇ ਵਿਚ ਸ਼ਰਨ ਦਾ ਵਿਚਾਰ ਕਿਹਾ ਹੈ, ਹੁਣ ਸ਼ਰਨ ਵਿਚ ਪੈਣ ਦੇ ਗੁਣ ਤੇ ਸ਼ਰਨ ਪੈਣ ਲਈ ਸਿਖ੍ਯਾ ਦੇਂਦੇ ਹਨ। ਕੀਰਤਨ ਸ਼ਰਨ ਪੈਕੇ ਕਰਨਾ, ਇਹ ਪਾਪਾਂ ਦੇ ਨਾਸ਼ ਕਰਨ ਦਾ ਸਾਧਨ ਹੈ। ਕੀਰਤਨ ਕਰਨ ਵਾਲਾ ਜਿਸ ਦਾ ਕੀਰਤਨ ਕਰਦਾ ਹੈ, ਉਸ ਤੋਂ ਅੱਡ ਨਾ ਰਹੇ। ਚਰਨ ਸ਼ਰਨ ਸਮਾਕੇ ਕੀਰਤਨ ਕਰੇ। ਕੀਰਤਨ ਵਿਚ ਸਿਫਤ ਸਲਾਹ ਹੁੰਦੀ ਹੈ, ਗੁਣਾਂ ਦਾ ਉਚਾਰ ਹੁੰਦਾ ਹੈ। ਜਿਉਂ ਜਿਉਂ ਗੁਣ ਗਾਈਦੇ ਹਨ, ਗੁਣੀ ਵਾਹਿਗੁਰੂ ਵਲ ਖਿੱਚ ਪੈਂਦੀ ਹੈ, ਮਨ ਮੋਹਤ ਹੋ ਹੋ ਜਾਂਦਾ ਹੈ। ਇਉਂ ਕਰਤਾਰ ਦੇ ਨੇੜੇ ਹੋਇਆਂ ਪਾਪ ਨਾਸ਼ ਹੋ ਜਾਂਦੇ ਹਨ। ਅਗੇ ਵਾਹਿਗੁਰੂ ਸਰਬ ਕਲਾ ਸਮਰੱਥ ਹੈ, ਓਹ ਭਵ ਸਾਗਰ ਤੋਂ ਤਾਰ ਲੈਂਦਾ ਹੈ ਤੇ ਆਪਣੇ ਭਗਤਾਂ ਦੀਆਂ ਕੁਲਾਂ ਦਾ ਭੀ ਉਧਾਰ ਕਰ ਲੈਂਦਾ ਹੈ, ਪਰ ਐਸੇ ਸਮਰੱਥ ਹਰੀ ਦਾ ਨਾਮ ਤੇ ਕੀਰਤਨ ਸਤਿਸੰਗ ਵਿਚੋਂ ਲਭਦਾ ਹੈ, ਪਰ ਇਹ ਜੀਵ ਸਤਿਸੰਗ ਵਲੋਂ ਅਚੇਤ ਹੈ; ਇਸ ਦੇ ਸੁਰਤ ਦੇ ਨੈਣਾਂ ਅਗੇ ਭਰਮ ਦਾ ਅੰਨ੍ਹੇਰਾ ਪੈ ਰਿਹਾ ਹੈ। ਇਹ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਜਾਣਦਾ ਹੈ। ਆਪਣੇ ਰੋਝਿਆਂ ਵਿਚ ਰੁਝ ਰਿਹਾ ਹੈ। ਚਾਹੀਦਾ ਤਾਂ ਹੈ ਸਾਰਾ ਸਮਾਂ ਸਿਮਰਨ ਵਿਚ ਲਾਣਾ, ਪਰ ਘੜੀ ਦੋ ਘੜੀ ਛਿਨ ਪਲ ਹੀ ਸਹੀ, ਜੀਭ ਨਾਲ ਨਾਮ ਜਪੇ ਤਾਂ ਇਸ ਨੂੰ ਅੰਮ੍ਰਿਤ ਸੁਖ ਮਿਲੇ। ਤੁਛ ਸੁਖ ਦੇਣ ਵਾਲੇ ਕੰਮ ਧੰਦੇ ਕਰਦਾ ਹੈ, ਜਿਨ੍ਹਾਂ ਦੇ ਬੰਧਨਾਂ ਦਾ ਬੱਧਾ ਕ੍ਰੋੜਾਂ ਜਨਮ ਦੁਖ ਭੋਗਦਾ ਹੈ। ਆਪਣੇ ਕੀਤੇ ਕੰਮਾਂ ਦਾ ਨਤੀਜਾ ਦੁਖ ਵੇਖਕੇ ਜੇ ਇਸਨੂੰ ਮੱਤ ਆਵੇ ਤਾਂ ਸਤਿਸੰਗ ਕਰੇ ਤੇ ਸੰਤਾਂ ਦੀ ਸਿਖ੍ਯਾ ਅਨੁਸਾਰ ਨਾਮ ਜਪੇ ਤਦ ਇਹ ਜੀਵ ਆਤਮਾ ਪ੍ਰੇਮ ਦੁਆਰਾ ਆਪਣੇ ਵਾਹਿਗੁਰੂ ਜੀ ਵਿਚ ਵਾਸਾ ਪਾਵੇ।

## ਮੂਲ

**ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ ॥ ਖਾਨ ਪਾਨ ਸੋਧੇ ਸੁਖ ਭੁੰਚਤ ਸੰਕਟ ਕਾਟਿ ਬਿਪਤਿ ਹਰੀ ॥ ਮਾਤ ਪਿਤਾ ਭਾਈ ਅਰੁ ਬੰਧਪ ਬੂਝਨ ਕੀ ਸਭ ਸੂਝ ਪਰੀ ॥ ਬਰਧਮਾਨ ਹੋਵਤ ਦਿਨ ਪ੍ਰਤਿ ਨਿਤ ਆਵਤ ਨਿਕਟਿ ਬਿਖੰਮ ਜਰੀ ॥ ਰੇ ਗੁਨ ਹੀਨ ਦੀਨ ਮਾਇਆ ਕ੍ਰਿਮ ਸਿਮਰਿ ਸੁਆਮੀ ਏਕ ਘਰੀ॥ ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ ਨਾਨਕ ਕਾਟਿ ਭਰੰਮ ਭਰੀ ॥ ੩ ॥**

## ਅਰਥ

(ਮਾਤਾ ਦੇ) ਸਰੀਰ (ਰੂਪੀ) ਖੇਤ ਵਿਚ ਥੋੜੇ ਜਿਹੇ ਬੀਰਜ ਦੇ ਪ੍ਰਵੇਸ਼ ਦੁਆਰਾ ਦੁਰਲਭ (ਮਾਨੁਖ) ਦੇਹੀ (ਜਿਸ ਵਾਹਿ-ਗੁਰੂ ਜੀ ਨੇ) ਬਣਾ ਦਿਤੀ ਹੈ। ਖਾਨ (ਲਈ ਭੋਜਨ), ਪੀਣ (ਲਈ ਜਲ, ਦੁਧ, ਰਹਿਣ ਲਈ) ਮੰਦਰਾਂ ਦੇ ਸੁਖ (ਜਿਹਦੀ ਕਿਰਪਾ ਨਾਲ) ਭੋਗਦਾ ਹੈ (ਅਰ ਮਾਤਾ ਦੇ ਪੇਟ ਦੇ) ਬੰਧਨ ਕਟਕੇ (ਜਿਸਨੇ) ਬਿਪਤਾ ਦੂਰ ਕੀਤੀ ਹੈ। ਮਾਂ, ਪਿਉ, ਭਰਾ, ਸਾਕ ਸਨਬੰਧੀਆਂ (ਦੇ ਕਹੇ ਬਚਨਾਂ) ਦੀ ਸਾਰੀ ਸਮਝ (ਜਿਸਦੀ ਮੇਹਰ ਨਾਲ ਤੈਨੂੰ) ਪਈ। ਹਰ ਦਿਨ (ਤੇਰਾ ਸਰੀਰ) ਵਧਦਾ ਜਾਂਦਾ ਹੈ (ਪਰ ਤੂੰ ਸਿਮਰਨ ਤੋਂ ਅਚੇਤ ਹੈਂ ਤੇ ਉਪਰੋਂ) ਔਖੀ ਬੁਢਾਪਾ ਅਵਸਥਾ ਨੇੜੇ ਆ ਰਹੀ ਹੈ। ਹੇ ਗੁਣਾਂ ਤੋਂ ਖਾਲੀ (ਨਾਮ ਧਨੋ ਨਿਰਧਨੀ) ਮਾਇਆ ਦੇ ਕੀੜੇ ਇਕ ਘੜੀ ਹੀ ਅਪਣੇ ਮਾਲਕ (ਦਾਤਾ ਵਾਹਿਗੁਰੂ ਜੀ) ਨੂੰ ਚੇਤੇ ਕਰ। ਹੇ ਅਪਾਰ ਕ੍ਰਿਪਾ ਦੇ ਸਮੁੰਦਰ ਭਰਮ ਦੀ ਫਾਹੀ ਕਟਕੇ ਬਾਹੋਂ ਫੜ ਲਓ ਨਾਨਕ ਨੂੰ॥੩॥

**ਪਦਾਰਥ**—ਰੇਤ-ਬੀਰਜ। ਨਿਰਮਿਤ-ਪ੍ਰਵੇਸ਼। ਸੋਧ-ਘਰ। ਜਰੀ-ਬੁਢੇਪਾ। ਕ੍ਰਿਮ-ਕੀੜੇ। ਭਰੀ-ਫਾਹੀ।

**ਭਾਵ**—ਵਾਹਿਗੁਰੂ ਜੀ ਦੇ ਉਪਕਾਰ ਚੇਤੇ ਕਰਾਕੇ ਸਿਮਰਨ ਕਰਨ ਲਈ ਪ੍ਰੇਰਦੇ ਹਨ। ਪਿਤਾ ਦੇ ਬੀਰਜ ਦਾ ਕਿਣਕਾ ਮਾਤ੍ਰ ਮਾਤਾ ਦੇ ਸਰੀਰ ਵਿਚ ਪ੍ਰਵੇਸ਼ ਹੋਇਆ। ਇਹ ਇਕ ਪਾਣੀ ਦਾ ਕਤਰਾ ਹੀ ਸੀ ਇਸ ਵਿਚ ਨਾ ਕੋਈ ਅੰਗ, ਨਾ ਦਿਲ, ਨਾ ਦਿਮਾਗ਼ ਸੀ। ਏਹ ਵਾਹਿਗੁਰੂ ਜੀ ਦੀ ਕਾਰੀਗਰੀ ਹੈ ਕਿ ਉਸ ਕਿਣਕੇ ਤੋਂ ਇਹ ਮਾਨੁਖ ਦੇਹੀ, ਇੰਦ੍ਰੇ, ਚੇਤਨਾਂ ਸਮੇਤ ਬਣ ਕੇ ਪ੍ਰਗਟ ਕਰ ਦਿੱਤੀ। ਏਹ ਕੈਸੀ ਅਮੋਲਕ ਦੇਹ ਹੈ ਜੋ ਕਿਸੇ ਮੁੱਲੋਂ, ਕਿਸੇ ਜਤਨ ਤੋਂ ਪ੍ਰਾਪਤ ਨਹੀਂ ਹੋ ਸਕਦੀ, ਅਰ ਐਸੇ ਐਸੇ ਕਾਰਜ ਕਰਨ ਦੇ ਯੋਗ ਹੈ ਕਿ ਦੇਵਤੇ ਭੀ ਇਸ ਦੀ ਇੱਛਾ ਕਰਦੇ ਹਨ। ਫੇਰ ਇਥੇ ਹੀ ਬਸ ਨਹੀਂ; ਪੇਟ ਅੰਦਰ ਜਠਰਾਗਨਿ ਪਚਾਨ ਲਈ, ਮੂੰਹ ਤੇ ਰਸਨਾ ਖਾਣ ਲਈ ਦੇਕੇ ਫੇਰ ਖਾਣੇ ਯੋਗ ਸਮੇਂ ਦੇ ਭੋਜਨ ਜਦ ਦੰਦ ਨਹੀਂ ਤਾਂ ਦੁਧ ਅਰ ਦੁਧ ਭੀ ਮਾਤਾ ਦੇ ਥਣਾਂ ਵਿਚ, ਰਾਤ ਦਿਨ ਜਿਸ ਵੇਲੇ ਜੀ ਚਾਹੇ ਛਕੇ, ਫੇਰ ਦੰਦ ਨਿਕਲਣ ਬਾਦ ਵੰਨੋ ਵੰਨੀ ਦੇ ਅੰਨ, ਮੇਵੇ; ਫਲ, ਤਰ੍ਹਾਂ ਤਰ੍ਹਾਂ ਦੇ ਪਦਾਰਥ ਖਾਣ ਵਾਸਤੇ, ਰਹਿਣ ਲਈ ਸੋਹਣੇ ਮੰਦਰ ਅਰ ਸਰੀਰ ਦੇ ਭੋਗ ਲਈ ਸਾਰੇ ਸੁਖ ਦੇ ਸਾਮਾਨ ਰਚਕੇ ਫੇਰ ਮਾਤਾ ਦੇ ਪੇਟ ਤੋਂ ਬਾਹਰ ਲਿਆਂਦਾ। ਓਹ ਉਲਟੇ ਖੜੇ ਹੋਣ ਦੀ ਬਿਪਤਾ ਦੂਰ ਕੀਤੀ। ਫਿਰ ਸਰੀਰ ਦੀਆਂ ਲੋੜਾਂ ਦੇ ਸਹਾਈ ਮਾਤਾ, ਪਿਤਾ, ਭਰਾ ਅਰ ਸਾਕ ਇਹਨਾਂ ਦੇ ਗਲ ਬਾਤ ਕਰਨ ਦੀ ਸਾਰੀ ਸੂਝ ਬਖਸ਼ੀ। ਸਰੀਰ ਦਿਨੋ ਦਿਨ ਵਧਦਾ ਗਿਆ। ਬਾਲਪਨ ਤੋਂ ਬਾਦ ਜਵਾਨੀ ਆਈ, ਪਰ ਆਪਣੇ ਰਚਨਹਾਰ ਦਾਤਾਰ ਦੀ ਭਗਤੀ ਸਿਫਤ ਸਲਾਹ ਤੋਂ ਅਚੇਤ ਹੀ ਰਿਹਾ। ਉਪਰੋਂ ਔਖੀ ਤਰ੍ਹਾਂ ਨਿਭਣ ਵਾਲੀ ਬੁਢਾਪਾ ਅਵਸਥਾ ਨੇੜੇ ਆ ਰਹੀ ਹੈ, ਉਸ ਦੀ ਤਕਲੀਫ ਦਾ ਤੈਨੂੰ ਫਿਕਰ ਹੀ ਨਹੀਂ। ਹੁਣ ਤੱਕ ਤੂੰ ਉਤਮ ਗੁਣਾਂ ਤੋਂ ਖਾਲੀ ਰਿਹਾ। ਸਾਰੇ ਭੋਗ ਭੋਗਕੇ ਫਿਰ ਭੁੱਖੇ ਦਾ ਭੁੱਖਾ ਮਾਇਆ ਦਾ ਕੀੜਾ ਬਣਿਆ ਰਿਹਾ। ਹੁਣ ਤਾਂ ਹੋਸ਼ ਕਰ, ਇਕ ਘੜੀ ਭਰ ਹੀ ਅਪਣੇ ਸਿਰਜਣਹਾਰ ਨੂੰ ਚੇਤੇ ਕਰ, ਆਪਣੀ ਐਸੀ ਹੀਨ ਦਸ਼ਾ ਪਰ ਧਿਆਨ ਦੇਕੇ ਅਰਦਾਸ ਕਰ: ਹੇ ਕ੍ਰਿਪਾ ਦੇ ਸਮੁੰਦਰ! ਹੇ ਦੁਖੀਆਂ ਪਰ ਦਿਆਲੂ! ਮੇਰੀ ਭਰਮ ਦੀ ਫਾਹੀ ਕਟੋ ਤੇ ਬਾਹੋਂ ਫੜਕੇ ਅਪਣੀ ਸ਼ਰਨ ਸਮਾਓ॥੩॥

| ਮੂਲ | ਅਰਥ |
|---|---|
| **ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ ॥ ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ ॥ ਸੁਤ ਬਨਿਤਾ ਸਾਜਨ ਸੁਖ ਬੰਧਪ ਤਾ ਸਿਉ ਮੋਹੁ ਬਢਿਓ ਸੁ ਘਨਾ ॥ ਬੋਇਓ ਬੀਜੁ ਅਹੰ ਮਮ ਅੰਕੁਰੁ ਬੀਤਤ ਅਉਧ ਕਰਤ ਅਘਨਾਂ ॥ ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੂਖ ਭੁਖਨਾ ॥ ਸਿਮਰਿ ਗੁਪਾਲ ਦਇਆਲ ਸਤਸੰਗਤਿ ਨਾਨਕ ਜਗੁ** | ਹੇ ਮਨ ਚੂਹੇ! (ਦੇਹ ਰੂਪੀ) ਖੁਡ ਵਿਚ ਬੈਠਾ ਆਕੜ ਰਿਹਾ ਹੈਂ ਤੇ ਵੱਡੇ ਮੂਰਖਾਂ ਵਾਲੇ ਕੰਮ ਕਰਦਾ ਹੈਂ। ਧਨ ਪਦਾਰਥ ਦੇ ਪੰਘੂੜੇ ਚੜ੍ਹਿਆ ਝੂਟੇ ਲੈ ਰਿਹਾ ਹੈਂ, ਹੇ ਮੂਰਖ ਮਾਇਆ ਵਿਚ ਮਗਨ ਹੋਇਆ ਫਿਰ ਰਿਹਾ ਹੈਂ। ਪੁਤ੍ਰ, ਵਹੁਟੀ, ਮਿਤ੍ਰ, ਤੇ ਸਾਕ ਅਪਣੇ ਸੁਖ ਦਾਤਾ ਜਾਣਕੇ, ਇਨ੍ਹਾਂ ਵਿਚ (ਤੇਰਾ) ਬਹੁਤਾ ਮੋਹ ਵਧ ਰਿਹਾ ਹੈ ਤੇ ਜੋ ਹਉਮੈ ਦਾ ਬੀਜਿਆ ਸੀ ਬੀਜ, ਉਸ ਤੋਂ ਮਮਤਾ ਦਾ ਅੰਗੂਰ ਉਗਿਆ ਤੇ ਪਾਪ ਕਰਦਿਆਂ (ਬਸ) ਬੀਤ ਰਹੀ ਹੈ (ਤੇਰੀ) ਉਮਰ। ਮੌਤ ਦਾ ਬਿੱਲਾ ਮੂੰਹ ਖੋਲ੍ਹਕੇ ਤੈਨੂੰ ਤੱਕ ਰਿਹਾ ਹੈ, ਜੋ ਖਾ ਖਾਕੇ (ਭੁਗਤਿ) ਭੋਜਨ ਫਿਰ ਭੁੱਖਾ ਹੀ ਭੁੱਖਾ ਹੈ। (ਹੇ ਮਨ ਮੌਤ ਦੇ ਹੜੱਪ ਕਰ ਲੈਣ ਤੋਂ ਪਹਿਲਾਂ) ਸਤਿਸੰਗ ਵਿਚ (ਪਹੁੰਚਕੇ) |

**ਜਾਨਤ ਸੁਪਨਾ ॥ ੪ ॥**

ਸ੍ਰਿਸ਼ਟੀ ਪਾਲਕ ਕ੍ਰਿਪਾਲ ਵਾਹਿਗੁਰੂ ਜੀ ਨੂੰ ਯਾਦ ਕਰ ਹੇ ਨਾਨਕ! ਅਤੇ ਜਗਤ ਨੂੰ ਸੁਪਨਾ ਸਮਝ* ॥੪॥

**ਪਦ ਅਰਥ**—ਮੂਸ-ਚੂਹਾ। ਬਿਲਾ-ਖੁਡ। ਮੁਘਨਾਂ-ਮੂਰਖ। ਦੋਲ-ਪੰਘੂੜਾ ਜਾਂ ਹਿੰਡੋਲਾ। ਘਘੁਨਾ-ਉਲੂ, ਭਾਵ ਮੂਰਖ। ਅੰਘਨਾਂ-ਪਾਪ। ਮੰਜਾਰ-ਬਿੱਲਾ।

**ਭਾਵ**—ਪਿਛਲੇ ਸਵੱਯੇ ਵਿਚ ਕਰਤਾਰ ਦੇ ਉਪਕਾਰ ਚਿਤ ਕਰਾਕੇ ਸਿਮਰਨ ਵਲ ਪ੍ਰੇਰਿਆ ਸੀ, ਹੁਣ ਜੀਵ ਦੇ ਸਿਰ ਤੇ ਮੌਤ ਦਾ ਸਮਾਂ ਅਟੱਲ ਆਉਣਾ ਹੈ, ਤੇ ਜੀਵ ਸੰਸਾਰਕ ਭੋਗਾਂ ਵਿੱਚ ਰੁਝਾ ਹੋਇਆ ਜੋ ਅਚੇਤ ਹੈ, ਤੇ ਅਪਣੇ ਸਿਰਜਣਹਾਰ ਸੁਖ ਦਾਤੇ ਕਰਤਾਰ ਨੂੰ ਭੁੱਲ ਗਿਆ ਹੈ, ਮਨੁੱਖ ਦੀ ਇਸ ਅਚੇਤਤਾ ਤੇ ਆਵਣ ਵਾਲੇ ਮੌਤ ਦੇ ਸਮੇਂ ਨੂੰ ਯਾਦ ਕਰਕੇ ਵਾਹਿਗੁਰੂ ਜੀ ਦੇ ਭਜਨ ਵਲ ਪ੍ਰੇਰਨਾ ਕਰਦੇ ਹਨ। ਦ੍ਰਿਸ਼ਟਾਂਤ-ਜੀਕੁਣ ਚੂਹਾ ਆਪਣੀ ਖੁਡ ਅੰਦਰ ਬੈਠਾ ਬਾਹਰ ਬੈਠੇ ਬਿੱਲੇ ਤੋਂ ਅਚੇਤ ਹੁੰਦਾ ਹੈ, ਜੋ ਕਿ ਉਸ ਦੇ ਖਾਣ ਲਈ ਦਾਉ ਲਾਈ ਬੈਠਾ ਹੁੰਦਾ ਹੈ, ਇਸੇ ਤਰ੍ਹਾਂ ਏਹ ਮਨ ਹੈ ਚੂਹਾ ਤੇ ਸਰੀਰ ਹੈ ਖੁਡ, ਇਸ ਖੁਡ ਅੰਦਰ ਬੈਠਾ ਮਨ ਮੌਤ ਰੂਪੀ ਬਿੱਲੇ ਤੋਂ ਅਚੇਤ ਹੈ। ਜੋ ਮ੍ਰਿਤੂ ਕਿ ਸਾਰੇ ਜਗਤ ਨੂੰ ਖਾ ਰਹੀ ਹੈ ਤੇ ਫਿਰ ਭੀ ਛਕਣ ਲਈ ਮਾਨੋਂ ਨਿਰਾਹਾਰ ਹੈ, ਭਾਵ ਭੁਖੀ ਬੈਠੀ ਹੈ। ਐਸੀ ਮੌਤ ਤੋਂ ਅਚੇਤ ਹੋਕੇ ਆਪਣੀਆਂ ਮੌਜਾਂ ਵਿਚ ਲਗਿਆ ਹੋਇਆ ਹੈ ਤੇ ਜਿਹਨਾਂ ਪਦਾਰਥਾਂ ਤੇ ਸਾਕਾਂ ਵਿਚ ਰੁੱਝਾ ਅੱਗਾ ਨਹੀਂ ਸਵਾਰ ਰਿਹਾ ਓਹ ਤਾਂ ਮੌਤ ਤੋਂ ਰਖ ਨਹੀਂ ਸਕਣ ਲਗੇ ਤੇ ਪਰਲੋਕ ਦਾ ਸਾਥੀ ਕੋਈ ਬੀ ਨਹੀਂ। ਇਸ ਲਈ ਮੌਤ ਤੋਂ ਬਚਣ ਦਾ ਉਪਾਵ ਸਤਿਸੰਗ ਹੈ, ਜਦ ਸਤਿਸੰਗ ਕਰੇਗਾ ਤਦ ਹੀ ਮੌਤ ਦੇ ਪੰਜੇ ਤੋਂ ਬਚੇਗਾ, ਜੀਕੁਣ ਚੱਕੀ ਦੇ ਦੋ ਪੁੜਾਂ ਵਿਚ ਆਏ ਦਾਣੇ ਸਭ ਦਰੜੇ ਜਾਂਦੇ ਹਨ, ਪਰ ਜੋ ਕਿੱਲੀ ਨਾਲ ਲਗੇ ਰਹਿੰਦੇ ਹਨ ਓਹ ਬਚ ਜਾਂਦੇ ਹਨ॥੪॥

| ਮੂਲ | ਅਰਥ |
| --- | --- |
| ਦੇਹ ਨ ਗੇਹ ਨ ਨੇਹ ਨ ਨੀਤਾ ਮਾਇਆ ਮਤ ਕਹਾ ਲਉ ਗਾਰਹੁ॥ ਛਤ੍ਰ ਨ ਪਤ੍ਰ ਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ ॥ ਰਥ ਨ ਅਸ੍ਵ ਨ ਗਜ ਸਿੰਘਾਸਨ ਛਿਨ ਮਹਿ ਤਿਆਗਤ ਨਾਂਗ ਸਿਧਾਰਹੁ ॥ ਸੂਰ ਨ ਬੀਰ ਨ ਮੀਰ ਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ ॥ ਕੋਟ ਨ ਓਟ ਨ ਕੋਸ ਨ ਛੋਟਾ ਕਰਤ ਬਿਕਾਰ ਦੋਊ ਕਰ ਝਾਰਹੁ ॥ ਮਿਤ੍ਰ ਨ ਪੁਤ੍ਰ ਕਲਤ੍ਰ | ਹੇ ਮਾਇਆ ਵਿਚ ਮਸਤੇ ਹੋਏ ਤੂੰ ਕਾਹਦੇ ਲਈ ਹੰਕਾਰ ਕਰ ਰਿਹਾ ਹੈਂ, (ਏਹ) ਸਰੀਰ ਤੇ ਘਰ (ਤੇ ਏਹ) ਮੋਹ ਮੁਹਾਬੇ ਨਿਤ ਨਹੀਂ ਰਹਿਣੇ। (ਸ੍ਰਿਸ਼ਟੀ ਅਪਣੇ ਰਾਹੇ ਪਈ) ਤੁਰੀ ਜਾਂਦੀ ਹੈ, ਇਥੇ ਤਾਂ ਨਾ ਛਤ੍ਰ ਨ ਹੁਕਮ ਨਾਮੇਂ ਨਾ ਚਉਰ ਤੇ ਨਾ ਚੋਰ ਕਰਨ ਵਾਲੇ (ਕਿਸੇ) ਨਹੀਂ ਰਹਿਣਾ, (ਤੂੰ) ਦਿਲ ਵਿਚ (ਇਸ ਹਾਲਤ ਨੂੰ) ਕਿਉਂ ਨਹੀਂ ਸੋਚਦਾ? ਰਥ, ਘੋੜੇ, ਹਾਥੀ, ਤੇ ਸਿੰਘਾਸਨ (ਕਿਸੇ ਨੇ ਨਾਲ) ਨਹੀਂ ਜਾਣਾ, (ਏਹਨਾਂ ਨੂੰ) ਪਲਕ ਵਿਚ ਛਡਕੇ ਨੰਗੇ ਤੁਰ ਜਾਣਾ ਹੈ। ਅੱਖ ਪੱਟਕੇ ਵੇਖ! ਭਾਵੇਂ ਹੋਣ ਸੂਰਮੇ ਤੇ ਚਾਹੇ ਹੋਣ ਭਰਾ, ਭਾਵੇਂ ਹੋਣ ਬਾਦਸ਼ਾਹ ਤੇ ਚਾਹੇ ਹੋਣ ਖਾਨ (ਦਸ ਹਜ਼ਾਰੀ ਫੌਜਾਂ ਦੇ ਜਰਨੈਲ, ਤੇਰਾ) ਕੋਈ ਸਾਥੀ ਨਹੀਂ। ਦੋਵੇਂ ਹੱਥ ਧੋਕੇ (ਜਿਨ੍ਹਾਂ ਦੇ ਮਗਰ ਲਗਾ ਹੋਇਆ) ਬਿਕਾਰ ਕਰ ਰਿਹਾ ਹੈਂ, ਇਹਨਾਂ ਕਿਲ੍ਹਿਆਂ ਤੇ ਖਜ਼ਾਨਿਆਂ ਦੇ ਆਸਰੇ (ਮੌਤ ਤੋਂ ਤੇਰਾ) |

* ਗਜਾਨੀ 'ਜਗਤ ਜਾਨਤ ਸੁਪਨਾ' ਦਾ ਅਰਥ ਜਗਤ ਨੂੰ ਅਤਿ ਸੁਪਨਾ ਜਾਣ, ਇਉਂ ਬੀ ਅਰਥ ਕਰਦੇ ਹਨ।

| | |
|---|---|
| **ਸਾਜਨ ਸਖ ਉਲਟਤ ਜਾਤ ਬਿਰਖ ਕੀ ਛਾਂਰਹੁ ॥ ਦੀਨ ਦਯਾਲ ਪੁਰਖ ਪ੍ਰਭ ਪੂਰਨ ਛਿਨ ਛਿਨ ਸਿਮਰਹੁ ਅਗਮ ਅਪਾਰਹੁ ॥ ਸ੍ਰੀਪਤਿ ਨਾਥ ਸਰਣਿ ਨਾਨਕ ਜਨ ਹੇ ਭਗਵੰਤ ਕ੍ਰਿਪਾ ਕਰਿ ਤਾਰਹੁ ॥ ੫ ॥** | ਛੁਟਕਾਰਾ ਨਹੀਓਂ ਹੋਣਾ। ਮਿਤ੍ਰ, ਪੁਤ੍ਰ, ਵਹੁਟੀ, ਦੋਸਤ ਤੇ ਯਾਰ ਸਭ ਬਦਲਦੇ ਜਾ ਰਹੇ ਹਨ ਬ੍ਰਿਛ ਦੀ ਛਾਂ ਵਾਂਗੂੰ। (ਬਸ ਇਕੋ ਹੀ ਤੇਰਾ ਸਾਥੀ ਹੈ ਵਾਹਿਗੁਰੂ) ਹਰ ਛਿਨ ਓਸ ਨੂੰ (ਐਉਂ) ਚੇਤੇ ਕਰ: ਹੇ ਦੀਨ ਦਿਆਲ, ਹੇ ਸਮਰਥ ਪ੍ਰਭੂ! ਹੇ ਸਰਬ ਵਿਆਪਕ! ਹੇ ਮੇਰੇ ਮਨ ਦੇ ਖਿਆਲਾਂ ਤੋਂ ਉਚੇ! ਹੇ ਦੇਸ ਕਾਲ ਤੋਂ ਪਰੇ ਵਾਹਿਗੁਰੂ ਜੀਉ! ਹੇ ਮਾਯਾ ਦੇ ਸਵਾਮੀ! (ਹੇ ਮੇਰੇ) ਨਾਥ! (ਮੈਂ) ਦਾਸ ਨਾਨਕ (ਆਪ ਦੀ) ਸ਼ਰਨ ਹਾਂ, ਹੇ ਭਗਵੰਤ! ਕ੍ਰਿਪਾ ਕਰਕੇ (ਰੱਖ ਲਓ! ਬਚਾ ਲਓ!) ਤਾਰ ਲਓ!॥੫॥ |

**ਪਦ ਅਰਥ**—ਦੇਹ-ਸਰੀਰ। ਗੇਹ-ਘਰ। ਮਤ-ਮਸਤ। ਗਾਰਹੁ-ਹੰਕਾਰ। ਪਤ੍ਰ-ਹੁਕਮ ਨਾਵੇਂ। ਚਾਵਰ-ਚੋਰ ਕਰਨ ਵਾਲੇ। ਅਸ੍ਵ-ਘੋੜੇ। ਗਜ-ਹਾਥੀ। ਨਾਂਗ-ਨੰਗ। ਕੋਟ-ਕਿਲ੍ਹੇ। ਕੋਸ-ਖਜ਼ਾਨੇ। ਕਰ-ਹੱਥ।

**ਭਾਵ**—ਪਿਛੇ ਕਿਹਾ ਸੀ 'ਨਾਨਕ ਜਗੁ ਜਾਨਤ ਸੁਪਨਾ' ਜਗਤ ਨੇ ਸੁਪਨੇ ਸਮਾਨ ਦਿੱਸਣਾ ਹੈ, ਪਰ ਸਦਾ ਨਹੀਂ ਰਹਿਣਾ, ਇਸ ਦਾ ਵਿਸਥਾਰ ਕਰਦੇ ਹਨ। ਹੇ ਬੰਦੇ! ਤੂੰ ਹੰਕਾਰ ਕੇਹਾ ਕਰ ਰਿਹਾ ਹੈਂ, ਪਹਿਲਾਂ ਤਾਂ ਦੇਹ ਹੀ ਸਦਾ ਨਹੀਂ ਰਹਿਣੀ, ਜਿਕੁਣ ਜਵਾਨੀ ਦੇ ਆਇਆਂ ਬਾਲਪਨ ਨਹੀਂ ਰਿਹਾ, ਏਦਾਂ ਬੁਢਾਪੇ ਆਇਆਂ ਜਵਾਨੀ ਨਹੀਂ ਰਹਿਣੀ ਤੇ ਮੌਤ ਦੇ ਆਇਆਂ ਬੁਢਾਪਾ ਕੀ ਬੁਢੀ ਦੇਹ ਬੀ ਨਹੀਂ ਰਹਿਣੀ। ਫੇਰ ਇਹ ਘਰ ਕਿਦਾਂ ਰਹਿਣਗੇ? ਜਦ ਦੇਹ ਵਸਣਹਾਰੀ ਹੀ ਨਹੀਂ ਰਹੀ ਤਾਂ ਘਰ ਭੀ ਢਹਿ ਢੇਰੀ ਹੋ ਜਾਣਗੇ। ਹੁਣ ਰਹੇ ਦੇਹ ਦੇ ਮੋਹ ਪਿਆਰ ਵਾਲੇ, ਓਹ ਦੇਹ ਤਕ ਹੀ ਸਨ, ਜਦ ਦੇਹ ਗਈ ਤਾਂ ਨਾਲ ਉਹ ਭੀ ਗਏ। ਜਦ ਇਹ ਹਾਲਤ ਹੈ ਤੇ ਏਹ ਪਰੀਵਰਤਨ ਹਰ ਛਿਨ ਹੋ ਰਿਹਾ ਹੈ ਤਾਂ ਤੈਨੂੰ ਕਾਹਦੀ ਮਸਤੀ ਚੜ੍ਹੀ ਹੋਈ ਹੈ ਜੋ ਇਹਨਾਂ ਚੀਜ਼ਾਂ ਦਾ ਹੰਕਾਰ ਕਰ ਰਿਹਾ ਹੈਂ? ਸਰੀਰ ਤੇ ਘਰ, ਪਰਵਾਰ ਵੇਖਕੇ ਤੂੰ ਹੰਕਾਰ ਕਰਦਾ ਹੈਂ, ਇਹ ਹੰਕਾਰ ਕਰਨ ਵਾਲੀ ਤਾਂ ਗਲ ਹੀ ਕੋਈ ਨਹੀਂ। ਇਹ ਤਾਂ ਸਗੋਂ ਵਿਚਾਰਨ ਵਾਲੀ ਗਲ ਹੈ। ਫਿਰ ਅਗੇ ਵੇਖ ਜਦ ਉਮਰਾ ਹੀ ਤੁਰੀ ਜਾਂਦੀ ਹੈ, ਸ੍ਰਿਸ਼ਟੀ ਦੇ ਪਦਾਰਥ ਸਮੇਂ ਅਨੁਸਾਰ ਆਪਣੇ ਰਾਹੇ ਜਾ ਰਹੇ ਹਨ ਤਾਂ ਕੀ ਇਹ ਛਤ੍ਰ ਤੇ ਹੁਕਮ ਦੇ ਪ੍ਰਵਾਨੇ ਤੇ ਚੌਰ ਝੁਲਾਉਣ ਵਾਲੇ ਥਿਰ ਰਹਿਣਗੇ? ਕਦੀ ਨਹੀਂ! ਤੂੰ ਇਹ ਸੋਚਦਾ ਕਿਉਂ ਨਹੀਂ, ਤੂੰ ਦਿਲ ਲਾਕੇ ਡੂੰਘੀ ਨਜ਼ਰ ਨਾਲ ਵਿਚਾਰ ਕਰ, ਜਦ ਭੋਗਣਹਾਰ (ਦੇਹ ਇੰਦ੍ਰੇ) ਹੀ ਨਹੀਂ ਰਹਿਣੇ ਤਾਂ (ਭੋਗ) ਛੱਤ੍ਰ ਚੌਰ ਆਦਿਕ ਕਿਥੇ ਤੇਰੇ ਸਾਥੀ ਹੋਣੇ ਹਨ? ਸਚ ਤਾਂ ਇਹ ਹੈ ਕਿ ਰਥ, ਘੋੜੇ, ਹਾਥੀ ਤੇ ਸਿੰਘਾਸਨ ਇਕ ਪਲ ਵਿਚ ਛੱਡਕੇ ਤੈਂ ਉਠਕੇ ਨੰਗੇ ਤੁਰ ਜਾਣਾ ਹੈ। ਤੂੰ ਅਗ੍ਹਾਂ ਆਉਣ ਵਾਲੀ ਹਾਲਤ ਨੂੰ ਡੂੰਘੀ ਨਜ਼ਰ ਨਾਲ ਤੱਕ; ਏਹ ਸੂਰਮੇ ਜੋਧੇ ਭਿਰਾ ਤੇ ਬਾਦਸ਼ਾਹ (ਜਾਂ ਮੀਰ ਸ਼ਿਕਾਰ) ਤੇ ਫੌਜਾਂ ਦੇ ਜਰਨੈਲ ਤੇਰੇ ਨਾਲ ਕਿਸੇ ਨੇ ਨਹੀਂ ਤੁਰਨਾ, ਫਿਰ ਭਲੇ ਬੁਰੇ ਦੀ ਵਿਚਾਰ ਛਡਕੇ ਇਕ ਵਹਣ ਵਿਚ ਜੋ ਤੂੰ ਪੈ ਰਿਹਾ ਹੈਂ: ਭਈ ਕਿਲ੍ਹੇ ਬਨਾ ਲਵਾਂ, ਖਜ਼ਾਨੇ ਜਮਾਂ ਕਰਾਂ, ਇਨ੍ਹਾਂ ਦੇ ਆਸਰੇ ਤੂੰ ਮੌਤ ਤੋਂ ਛੁਟ ਨਹੀਂ ਸਕਦਾ ਤੇ ਨਾ ਹੀ ਇਹ ਪਰਲੋਕ ਦੇ ਸਹਾਈ ਹੋ ਸਕਦੇ ਹਨ। ਪਰ ਇਹਨਾਂ ਲਈ ਜੋ ਤੂੰ ਮਾੜੇ ਕੰਮ ਕੀਤੇ ਹਨ ਓਹ ਤੈਨੂੰ ਪਸਚਾਤਾਪ ਦਾ ਦੁਖ ਜ਼ਰੂਰ ਦੇਣਗੇ। ਜੇ ਤੂੰ ਇਹਨਾਂ ਦੁਖਾਂ ਤੋਂ ਬਚਣਾ ਹੈ ਤਾਂ ਹੁਣ ਹੀ ਇਨ੍ਹਾਂ ਵਲੋਂ ਹੱਥ ਧੋ ਛੱਡ, ਭਾਵ ਤਿਆਗ ਦੇਹ। ਬਾਕੀ ਰਹੇ ਪੁਤ੍ਰ, ਵਹੁਟੀ, ਮਿਤ੍ਰ ਤੇ ਬਾਲਸਖਾਈ ਯਾਰ ਇਨ੍ਹਾਂ ਦਾ ਕੀ ਆਸਰਾ ਕਰਦਾ ਹੈਂ, ਇਹ ਤਾਂ

ਦਰਖਤ ਦੀ ਛਾਂ ਵਾਂਗੂ ਬਦਲਦੇ ਜਾ ਰਹੇ ਹਨ, ਜੀਕੁਣ ਸਵੇਰੇ ਬ੍ਰਿਖ ਦੀ ਛਾਂ ਕਿਤੇ ਦੁਪਹਿਰੇ ਕਿਤੇ, ਸ਼ਾਮ ਨੂੰ ਕਿਤੇ ਤੇ ਰਾਤ ਨੂੰ ਮੂਲੋਂ ਦਿਸਦੀ ਹੀ ਨਹੀਂ। ਇਹ ਸਾਮਾਨ ਤੈਂ ਅਪਣੇ ਮੰਨੇ ਹੋਏ ਹਨ, ਇਨ੍ਹਾਂ ਨੂੰ ਆਪਣਾ ਸਮਝਣਾ ਨਿਰਾ ਭੁਲੇਖਾ ਹੀ ਨਹੀਂ, ਸਗੋਂ ਜੋ ਆਪਣਾ ਹੈ ਉਸ ਵਲੋਂ ਇਹ ਪੜਦਾ ਹਨ, ਉਸ ਤੋਂ ਰੋਕ ਪਾਉਣ ਵਾਲੇ ਹਨ। ਜਦ ਤੂੰ ਇਹ ਵਿਚਾਰ ਕਰੇਂ 'ਕਿ ਮੇਰਾ ਕੋਈ ਨਹੀਂ, ਮੈਂ ਦੀਨ ਹਾਂ! ਕਿਉਂਕਿ ਮੇਰੇ ਖਜ਼ਾਨੇ, ਮੇਰੇ ਤਖਤ, ਮੇਰੇ ਛਤ੍ਰ, ਮੇਰੇ ਚੌਰ, ਮੇਰੇ ਹਾਥੀ, ਮੇਰੇ ਘੋੜੇ, ਮੇਰੇ ਕਿਲ੍ਹੇ, ਮੇਰੇ ਸਹਾਈ ਨਹੀਂ ਤੇ ਮੌਤ ਦੇ ਮੂੰਹ ਤੋਂ ਛੁਡਾਨ ਲਈ ਇਹ ਕੁਛ ਨਹੀਂ ਕਰ ਸਕਦੇ। ਏਸੇ ਤਰ੍ਹਾਂ ਕੁਟੰਬ ਪਰਵਾਰ ਫੌਜਾਂ ਤੇ ਮੁਲਕ ਜਗੀਰ ਭੀ ਸਹਾਈ ਨਹੀਂ, ਇਹ ਕੀ, ਇਹਨਾਂ ਸਾਰਿਆਂ ਦੇ ਸਨਬੰਧ ਦਾ ਮੂਲ ਕਾਰਨ ਏਹ ਦੇਹ ਭੀ ਸੰਗ ਨਹੀਂ ਜਾਣੀ। ਮੈਂ ਨਿਰਬਲ ਹਾਂ, ਪਰਾਧੀਨ ਹਾਂ, ਅਨਾਥ ਹਾਂ, ਸੰਗੀ ਸਾਥੀ ਤੋਂ ਬਿਨਾਂ ਨਿਰਾਧਾਰ ਹਾਂ, ਇਹ ਸੋਚ ਤੈਨੂੰ ਘਬਰਾ ਨਾ ਦੇਵੇ, ਇਹ ਵਿਚਾਰ ਤੈਨੂੰ ਨਿਰਾਸ ਨਾ ਰਕੇ। ਇਨ੍ਹਾਂ ਸਾਰੀਆਂ ਥੋੜਾਂ ਤੇ ਲੋੜਾਂ ਨੂੰ ਪੂਰਨ ਕਰਨ ਵਾਲਾ ਹੈ 'ਇਕ ਵਾਹਿਗੁਰੂ'। ਓਹ ਹੈ ਦੀਨ ਦਜਾਲ, ਓਹ ਹੈ ਸਰਬ ਕਲਾ ਸਮਰਥ, ਓਹ ਹੈ ਸਰਬ ਵਿਆਪਕ ਤੇ ਸਭ ਥਾਂ ਸਹਾਈ, ਤੂੰ ਪਲ ਪਲ ਓਹਨੂੰ ਚੇਤ ਤੇ ਉਸ ਸਵਾਮੀ ਦੀ ਸ਼ਰਨ ਪੈਕੇ ਬਿਨੇ ਕਰ, ਕਿ ਹੇ ਮਾਇਆ ਦੇ ਸਿਰਤਾਜ ਵਾਹਿਗੁਰ ਜੀ ਕ੍ਰਿਪਾ ਕਰਕੇ ਤਾਰ ਲਓ! ਉਸ ਦੀ ਸ਼ਰਨ ਪ੍ਰਾਪਤ ਹੋਣਾ ਹੀ ਮੌਤ ਤੇ ਫਤਹ ਪਾਉਣ ਦਾ ਵਸੀਲਾ ਹੈ ਤੇ ਇਹੋ ਹੀ ਦਰਗਾਹ ਦੇ ਨੰਗੇਜ ਨੂੰ ਢੱਕਣ ਦਾ ਅਸਲ ਸਿਰੋਪਾਉ ਹੈ ਤੇ ਇਹੋ ਹੀ ਜਨਮ ਜੂਨਾਂ ਤੋਂ ਛੁਟਕਾਰਾ ਦੇਕੇ ਸਚ ਖੰਡ ਵਾਸ ਦੇਣ ਹਾਰਾ ਹੈ॥੫॥

ਨੋਟ-'ਦੇਉ ਕਰ ਝਾਰਹੁ' ਦਾ ਅਰਥ ਗਿਆਨੀ ਐਉਂ ਭੀ ਕਰਦੇ ਹਨ ਕਿ ਵਿਕਾਰਾਂ ਵਲੋਂ ਦੋਵੇਂ ਹੱਥ ਝਾੜ ਦੇਹ ਭਾਵ ਛਡ ਦੇਹ, ਜਾਂ ਤੂੰ ਹੱਥ ਝਾੜਕੇ ਤੁਰ ਜਾਣਾ ਹੈ ਖਾਲੀ।

### ਮੂਲ

**ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ ਲੇ ਲੇ ਪਾਰੀ ॥ ਸਾਜਨ ਸੈਨ ਮੀਤ ਸੁਤ ਭਾਈ ਤਾਹੂ ਤੇ ਲੇ ਰਖੀ ਨਿਰਾਰੀ ॥ ਧਾਵਨ ਪਾਵਨ ਕੂਰ ਕਮਾਵਨ ਇਹ ਬਿਧਿ ਕਰਤ ਅਉਧ ਤਨ ਜਾਰੀ ॥ ਕਰਮ ਧਰਮ ਸੰਜਮ ਸੁਚ ਨੇਮਾ ਚੰਚਲ ਸੰਗਿ ਸਗਲ ਬਿਧਿ ਹਾਰੀ ॥ ਪਸੁ ਪੰਖੀ ਬਿਰਖ ਅਸਥਾਵਰ ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥ ਖਿਨੁ ਪਲੁ ਚਸਾ ਨਾਮੁ ਨਹੀ ਸਿਮਰਿਓ ਦੀਨਾ ਨਾਥ ਪ੍ਰਾਨਪਤਿ ਸਾਰੀ ॥ ਖਾਨ ਪਾਨ ਮੀਠ ਰਸ ਭੋਜਨ ਅੰਤ ਕੀ ਬਾਰ ਹੋਤ ਕਤ ਖਾਰੀ ॥ ਨਾਨਕ ਸੰਤ ਚਰਨ**

### ਅਰਥ

ਪ੍ਰਾਨ ਤੇ ਆਦਰ ਦੇਕੇ (ਤੈਂ ਮਾਯਾ ਦਾ ਹੀ) ਰਸਤਾ[1] ਤੱਕਿਆ, (ਜਿਉਂ ਜਿਉਂ ਮਿਲੀ) ਲੈ ਲੈਕੇ ਫਿਰ ਚਿਤ ਦੀ ਪ੍ਰੀਤ ਨਾਲ ਸਾਂਭ ਸਾਂਭ ਕੇ ਰੱਖੀ। ਸੱਜਨ, ਕੁੜਮ, ਕਬੀਲਾ, ਮਿਤ੍ਰ, ਪੁਤ੍ਰ, ਭਰਾ ਸਾਰਿਆਂ ਤੋਂ ਲੁਕਾਕੇ ਵੱਖਰੀ (ਜੋੜਕੇ) ਰੱਖੀ, (ਮਾਇਆ ਦੇ ਮਗਰ) ਦੌੜ ਭਜਕੇ ਝੂਠ ਕਮਾਕੇ ਕੱਠੀ ਕੀਤੀ ਤੇ ਇਹੋ ਕੁਛ ਕਰਦਿਆਂ ਸਰੀਰ ਦੀ ਉਮਰਾ ਸੁਆਹ ਕਰ ਦਿਤੀ। ਧਰਮ ਦੇ (ਸਭ) ਕੰਮ (ਸੰਜਮ) ਪਾਪਾਂ ਤੋਂ ਬਚਣਾਂ, ਪਵਿੱਤ੍ਰਤਾ, ਪਾਠ ਪੂਜਾ ਦਾ ਨੇਮ ਇਹ ਸਭੋ ਕੁਛ ਮਾਇਆ ਦੇ ਪਿਛੇ ਲਗਕੇ ਹਾਰ ਦਿਤਾ। (ਚਾਰਪਾਏ) ਪਸ਼ੂ, ਪੰਖੀ, ਬਿਰਖ ਤੇ ਪੱਥਰ ਪਹਾੜ ਬਹੁਤ ਤਰ੍ਹਾਂ ਦੀਆਂ ਜੂਨੀਆਂ ਵਿਚ ਭਟਕਿਆ ਤੇ ਬੜੇ ਦੁਖ ਸਹਾਰੇ। ਸਾਰੀ (ਸ੍ਰਿਸ਼ਟੀ) ਦੇ ਪ੍ਰਾਨ ਪਤੀ ਦੀਨਾ ਨਾਥ ਵਾਹਿਗੁਰੂ ਜੀ ਦਾ ਨਾਮ ਛਿਨ ਪਲ ਭੀ ਨਹੀਂ ਲੀਤਾ। ਖਾਣ ਵਾਲੇ ਮਿਠੇ ਭੋਜਨ ਤੇ ਪੀਣ ਲਈ ਰਸ ਵਾਲੇ ਪਦਾਰਥ (ਇਨ੍ਹਾਂ ਦਾ ਕੀ ਹੈ, ਏਹ ਤਾਂ) ਆਖਰ ਨੂੰ ਕੌੜੇ[2] ਹੋ ਜਾਂਦੇ

---

੧. 'ਪ੍ਰਾਨ ਇਜ਼ਤ ਤੇ ਦਾਨ ਦੀ ਰਾਹ ਮਾਰ ਜੋ ਮਾਇਆ ਹੈ' ਇਉਂ ਭੀ ਅਰਥ ਕਰਦੇ ਹਨ।

੨. ਗਜਾਨੀ ਖਾਰੀ ਦਾ ਅਰਥ ਖਾਲੀ ਤੇ ਖਰ ਜਾਣ ਵਾਲੇ ਭੀ ਕਰਦੇ ਹਨ।

| ਮੂਲ | ਅਰਥ |
|---|---|
| **ਸੰਗਿ ਉਧਰੇ ਹੋਰਿ ਮਾਇਆ ਮਗਨ ਚਲੇ ਸਭਿ ਡਾਰੀ ॥ ੬ ॥** | ਹਨ। ਹੇ ਨਾਨਕ! (ਜੋ) ਸੰਤਾਂ ਦੇ ਚਰਨੀ (ਲਗੇ ਓਹ ਤਾਂ) ਬਚ ਗਏ, ਹੋਰ ਜੋ ਮਾਇਆ ਦੇ ਵਿਚ ਮਗਨ ਰਹੇ, (ਓਹ ਆਪਣਾ ਆਪ) ਸਭ ਕੁਝ ਗਵਾਕੇ ਰਾਹੀ ਹੋਏ॥੬॥ |

**ਪਦਾਰਥ**—ਹੀਤੁ-ਪ੍ਰੀਤ। ਪਾਰੀ-ਪਾਲੀ। ਚੰਚਲ-ਮਾਇਆ। ਅਸਥਾਵਰ-ਪੱਥਰ, ਪਹਾੜ।

**ਭਾਵ**—ਜੀਕੁਣ ਜੀਵ ਮਾਇਆ ਵਿਚ ਮਗਨ ਹੈ ਉਹ ਦਸ਼ਾ ਪ੍ਰਗਟ ਕਰਕੇ ਪਿਛੋਂ ਮਾਇਆ ਥੋਂ ਬਚਨ ਦਾ ਉਪਾਵ ਪ੍ਰਗਟ ਕਰਦੇ ਹਨ। ਮਾਇਆ ਮਿਲੇ, ਚਾਹੇ ਜਾਨ ਜਾਏ ਇਜ਼ਤ ਜਾਏ ਪਰ ਮਾਇਆ ਹੱਥੀਂ ਆਵੇ, ਇਉਂ ਦੀ ਲਗਨ ਨਾਲ ਕੱਠੀ ਕਰਕੇ ਪੂਰੇ ਚਿਤ ਦੇ ਪ੍ਰੇਮ ਨਾਲ ਫਿਰ ਸਾਂਭੀ, ਪਰ ਐਸੀ ਜਗਾ ਸਾਂਭਕੇ ਰੱਖੀ ਜੋ ਨਾ ਸੱਜਣਾਂ ਨੂੰ ਪਤਾ ਲਗੇ ਨਾ ਮਿਤ੍ਰਾਂ ਨੂੰ ਖਬਰ ਹੋਵੇ, ਪੁਤ੍ਰ ਤੇ ਭਰਾਵਾਂ ਨੂੰ ਭੀ ਸੂੰਧਕ ਨਾ ਪੈ ਜਾਵੇ ਪਰ ਇਹ ਇੰਨੀ ਹੀ ਨਾ ਰਹੇ, ਹੋਰ ਵਧਾਵਾਂ। ਜੇ ਪੈਰੀਂ ਤੁਰਨਾ ਪਏ, ਝੂਠ ਬੋਲਣਾ ਪਏ ਤਾਂ ਕੋਈ ਡਰ ਨਹੀਂ, ਪਰ ਇਹ ਮਾਯਾ ਕਿਵੇਂ ਹਥ ਆਵੇ। ਐਉਂ ਕਰਦਿਆਂ ਅਮੋਲਕ ਜੋ ਉਮਰਾ ਸੀ, ਓਹ ਸੁਆਹ ਕਰ ਦਿਤੀ, ਜੀਕੁਣ ਇਕ ਅਨਜਾਨ ਨੇ ਤੰਦੂਰ ਤਪਾਨ ਲਈ ਚੰਦਨ ਸਾੜਕੇ ਸੁਆਹ ਕਰ ਦਿਤਾ ਸੀ ਓਸੇ ਤਰ੍ਹਾਂ ਮਾਇਆ ਦੇ ਮਗਰ ਅਮੋਲਕ ਸ੍ਵਾਸ ਗੁਵਾ ਦਿਤੇ। ਫੇਰ ਮਨੁਖ ਦੇ ਕਰਨੇ ਜੋਗ ਉੱਤਮ ਕੰਮ ਪਵਿਤ੍ਰਤਾ, ਜੁਗਤ ਵਿਚ ਰਹਿਣਾ, ਭਜਨ ਪਾਠ ਦੇ ਨਿਤਨੇਮ ਸਾਰੇ ਹੀ ਮਾਇਆ ਦੇ ਮਗਰ ਛੱਡ ਛੱਡੇ। ਇਸ ਤਰ੍ਹਾਂ ਦੇ ਜੀਵਨ ਬਿਤੀਤ ਕਰਦਿਆਂ ਸਦਾ ਹੀ ਹੇਠਲੀਆਂ ਜੂਨਾਂ ਵਿਚ ਭਟਕਦਾ ਰਿਹਾ, ਸਾਂਈਂ ਸਿਮਰਨ ਕਦੇ ਨਾ ਕੀਤਾ। ਇਹ ਆਮ ਜੀਵਾਂ ਦੀ ਦਸ਼ਾ ਹੈ ਪਰ ਜੋ ਇਨ੍ਹਾਂ ਵਿਚੋਂ ਸੰਤਾਂ ਦੀ ਸ਼ਰਨ ਪੁਜੇ ਉਹ ਬਚ ਗਏ, ਬਾਕੀ ਜੋ ਮਾਇਆ ਵਿਚ ਫਸ ਰਹੇ ਉਹ ਆਪਣਾ ਅਮੋਲਕ ਜੀਵਨ ਕੌਡਾਂ ਦੇ ਭਾ ਨਿਸਫਲ ਕਰਕੇ ਹਥ ਝਾੜ ਕੇ ਚਲਦੇ ਬਣੇ॥੬॥

| ਮੂਲ | ਅਰਥ |
|---|---|
| **ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ॥ ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ ॥ ਸਿਧ ਮਨੁਖ੍ਯ ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ ਨ ਪਾਵਤ ॥ ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ ਹਰਿ ਜਨ ਤਾ ਕੈ ਦਰਸਿ ਸਮਾਵਤ॥ ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ ॥ ਰੇ ਮਨ ਮੂੜ ਸਿਮਰਿ** | ਬ੍ਰਹਮਾ ਸ਼ਿਵ ਵੱਡੇ ਵੱਡੇ ਮੁਨੀ ਵੇਦਾਂ ਦੁਵਾਰੇ ਰਸ ਵਿਚ ਗੁੱਧੇ ਹੋਏ ਵਾਹਿਗੁਰੂ ਜੀ ਦੇ ਗੁਣਾਂ ਨੂੰ ਗਾਂਵਦੇ ਹਨ। ਇੰਦ੍ਰ, ਵਿਸ਼ਨੂ ਤੇ ਗੋਰਖ ਨਾਥ ਜੀ (ਉਸ ਵਾਹਿਗੁਰੂ ਜੀ ਨੂੰ) ਆਕਾਸ਼ (ਤੋਂ ਢੂੰਡ ਕੇ ਫਿਰ ਧਰਤੀ ਪੁਰ) ਆਉਂਦੇ (ਤੇ) ਧਰਤੀ ਤੋਂ ਢੂੰਡ ਕੇ ਫੇਰ ਆਕਾਸ਼ ਨੂੰ) ਦੌੜਦੇ ਹਨ, ਪਰ (ਉਸ ਬੇਅੰਤ ਦਾ ਭੇਤ ਨਹੀਂ ਮਿਲਦਾ)। ਸਿਧ, ਯੋਗੀ, ਮਾਨੁਖ, ਦੇਵਤਾ ਤੇ ਦੈਤ ਇਕ ਤਿਲ ਮਾਤ੍ਰ ਭੀ ਉਸ ਦੇ ਭੇਤ ਨੂੰ ਨਹੀਂ ਪਾ ਸਕੇ। ਪਰ ਪ੍ਰੇਮਾ ਭਗਤੀ ਦੇ ਰਸ ਨੂੰ (ਲੈਂਦੇ ਹੋਏ ਪ੍ਰੇਮੀ) ਭਗਤ ਆਪਣੇ ਪਿਆਰੇ ਪ੍ਰਭੂ ਜੀ ਦੇ ਦਰਸ਼ਨ ਵਿਚ ਪ੍ਰੀਤ ਦਵਾਰਾ ਜਾ ਸਮਾਉਂਦੇ ਹਨ। ਐਸੇ (ਵਾਹਿਗੁਰੂ ਜੀ) ਨੂੰ ਛਡਕੇ ਹੋਰ ਤੋਂ ਮੰਗਣ ਨਾਲ ਮੂੰਹ ਜੀਭ ਤੇ ਦੰਦ ਸਭ ਘਸ ਜਾਂਦੇ ਹਨ (ਭਾਵ ਅਤੀ ਸ਼ਰਮ ਆਉਂਦੀ ਹੈ*) ਹੇ ਮੂਰਖ ਮਨਾਂ! ਤੈਨੂੰ |

* ਵਾਹਿਗੁਰੂ ਤੋਂ ਛੁਟ ਹੋਰਨਾਂ ਪਾਸੋਂ ਮੰਗਦਾ ਹੈ। ਪਰ ਤ੍ਰਿਪਤੀ ਨਹੀਂ ਆਉਂਦੀ ਭਾਵੇਂ ਮੰਗਦਿਆਂ ਮੰਗਦਿਆਂ ਜੀਭ, ਮੂੰਹ ਤੇ ਦੰਦ ਹੀ ਸਾਰੇ ਘਸ ਜਾਣ।

| ਮੂਲ | ਅਰਥ |
|---|---|
| **ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ ॥ ੭ ॥** | ਨਾਨਕ ਦਾਸ ਸਮਝਾਉਂਦਾ ਹੈ (ਤੂੰ ਉਸ) ਸੁਖ ਦਾਤੇ ਨੂੰ ਯਾਦ ਕਰ॥੭॥ |

**ਪਦ ਅਰਥ**—ਛੰਦ-ਵੇਦ। ਗਗਨ-ਆਕਾਸ਼। ਦਾਨਵ-ਦੈਤ। ਮਰਮੁ-ਭੇਤ।

**ਭਾਵ**—ਵਾਹਿਗੁਰੂ ਬੇਅੰਤ ਹੈ, ਉਸ ਦੀ ਸਿਫਤ ਸਾਲਾਹ ਪ੍ਰੀਤ ਨਾਲ ਬ੍ਰਹਮਾ ਸ਼ਿਵ ਤੇ ਮੁਨੀ ਲੋਕ ਕਰਦੇ ਹਨ, ਪਰ **'ਓਹ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ'**(ਜਪੁ-੩੦) ਉਹ ਤਾਂ ਦੇਖਦਾ ਹੈ ਪਰ ਆਪ ਨਜ਼ਰੀਂ ਨਹੀਂ ਪੈਂਦਾ, ਇਹੋ ਹੀ ਅਚਰਜ ਹੈ, ਇਸ ਤਰ੍ਹਾਂ ਦੇ ਵਿਸਮਾਦ ਵਿਚ ਉਸ ਦੇ ਢੂੰਡਣ ਲਈ ਇੰਦ੍ਰ, ਵਿਸ਼ਨੂ, ਗੋਰਖ ਨਾਥ ਦਰਸ਼ਨਾਂ ਲਈ ਜ਼ਿਮੀਂ ਅਸਮਾਨ ਵਿਚ ਫਿਰਦੇ ਹਨ, ਪਰ ਉਹ ਲਭਦਾ ਨਹੀਂ। ਰਿਧੀ ਸਿਧੀ ਵਾਲੇ ਜੋਗੀ ਜਨ, ਮਨੁਖ, ਦੇਵਤਾ, ਦੈਤ ਉਸ ਦੇ ਭੇਤ ਨੂੰ ਤਿਲ ਭਰ ਭੀ ਨਹੀਂ ਪਾ ਸਕੇ। ਕਾਰਨ ਇਹ ਹੈ ਕਿ ਇਨ੍ਹਾਂ ਦੀ ਖੋਜ ਭਾਲ ਦੇਸ਼ ਕਾਲ ਦੀ ਹੱਦ ਅੰਦਰ ਹੈ ਤੇ ਉਹ ਅਦੇਸ਼ ਅਕਾਲ ਵਸਤੂ ਹੈ, ਇਸ ਲਈ ਇਨ੍ਹਾਂ ਸਾਰਿਆਂ ਦੀ ਪਹੁੰਚ ਉਸ ਵਿਚ ਨਹੀਂ। ਹਾਂ, ਇਕ ਜੁਗਤ ਉਸ ਦੇ ਦਰਸ਼ਨਾਂ ਲਈ ਹੈ ਉਹ ਹੈ ਪ੍ਰੇਮਾ ਭਗਤੀ; ਜੋ ਪੁਰਖ ਪ੍ਰੇਮਾ ਭਗਤੀ ਵਿਚ ਲਗਦੇ ਹਨ, ਉਹ ਹਉਮੈਂ ਛੱਡਕੇ ਆਪਾ ਭੁੱਲ ਜਾਂਦੇ ਹਨ ਤੇ ਵਾਹਿਗੁਰੂ ਜੀ ਦੀ ਸ਼ਰਨ ਵਿਚ ਸਮਾ ਕੇ ਦਰਸ਼ਨ ਦਾ ਰਸ ਲੈਂਦੇ ਹਨ। ਬਾਕੀ ਸਭ ਵਿੱਥ ਵਿਚ ਰਹਿ ਕੇ ਖੋਜ ਭਾਲ ਵਿਚ ਹੀ ਲਗੇ ਰਹਿੰਦੇ ਹਨ। ਹੇ ਮੂਰਖ ਮਨਾ! ਐਸੇ ਅਪਾਰ ਦਾਤਾਰ ਨੂੰ ਛੱਡਕੇ ਤੂੰ ਹੋਰ ਤੋਂ ਕੁਛ ਮੰਗੇਂ ਤਾਂ ਬੜੇ ਸ਼ਰਮ ਦੀ ਗੱਲ ਹੈ :-

**"ਜਾਕੋ ਠਾਕੁਰੁ ਊਚਾ ਹੋਈ॥ ਸੋ ਜਨੁ ਪਰ ਘਰ ਜਾਤ ਨ ਸੋਹੀ॥"** {ਗਉੜੀ ਕਬੀਰ ਜੀ}

ਇਸ ਲਈ ਇਕੋ ਕਰਤਾਰ ਦੇ ਦਰ ਤੇ ਪਿਆ ਸਿਮਰਨ ਕਰ, ਉਹੋ ਹੀ ਸਾਰਿਆਂ ਸੁਖਾਂ ਦਾ ਦਾਤਾ ਹੈ॥੭॥

| ਮੂਲ | ਅਰਥ |
|---|---|
| **ਮਾਇਆ ਰੰਗ ਬਿਰੰਗ ਕਰਤ ਭ੍ਰਮ ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥ ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸ੍ਤ ਕ੍ਰਿਮਿ ਉਦਰੁ ਭਰਿਓ ਹੈ॥ ਦਹ ਦਿਸ ਧਾਇ ਮਹਾ ਬਿਖਿਆ ਕਉ ਪਰ ਧਨ ਛੀਨਿ ਅਗਿਆਨ ਹਰਿਓ ਹੈ ॥ ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਜਮਦੂਤਨ ਡੰਨੁ ਮਿਰਤੁ ਮਰਿਓ ਹੈ ॥ ਅਨਿਕ ਜੋਨਿ ਸੰਕਟ ਨਰਕ ਭੁੰਚਤ ਸਾਸਨ ਦੂਖ** | (ਜਿਸ) ਮਾਇਆ (ਦੇ) ਮੋਹ ਦੇ ਅੰਨ੍ਹੇ ਖੂਹ ਵਿਚ ਤੂੰ ਪਿਆ ਹੈਂ, (ਇਹਦੇ ਰੰਗ ਦੇ) ਭੁਲੇਖੇ (ਵਿਚ ਨਾ ਰਹੁ ਕਿਉਂਕਿ ਇਸ ਦੇ) ਰੰਗ (ਤਾਂ ਸਭ) ਬੇਰੰਗ (ਉਲਟ ਜਾਣੇ) ਹਨ, (ਕਿਉਂਕਿ ਇਹ ਤਾਂ ਸਦਾ ਬਦਲਿਆ ਕਰਦੇ ਹਨ) (ਤੂੰ ਤਾਂ) ਐਨਾਂ ਹੰਕਾਰ (ਕਰਦਾ ਹੈਂ) ਜੋ ਅਸਮਾਨ ਵਿਚ ਭੀ ਨਹੀਂ ਮੇਉਂਦਾ, (ਪਰ ਅੰਦਰ ਤਾਂ ਝਾਤ ਪਾ, ਇਹ ਸਰੀਰ ਤਾਂ) ਹੱਡੀਆਂ ਤੇ ਪੇਟ ਮੈਲੇ ਤੇ ਕੀੜਿਆਂ ਦਾ ਭਰਿਆ ਹੋਇਆ ਹੈ। ਮਾਇਆ ਵਾਸਤੇ ਹਰਿ ਪਾਸੇ ਦੌੜੀ ਫਿਰਦਾ ਹੈਂ, ਅਗਿਆਨ ਦੇ ਢਹੇ ਚੜ੍ਹਿਆ ਪਰਾਏ ਧਨ ਨੂੰ ਖਸਦਾ ਹੈਂ। (ਇਸ ਦਾ ਨਤੀਜਾ ਦੁਖ ਹੋਣਾ ਹੈ ਸੋਚ ਲੈ)। ਜਦੋਂ ਜਵਾਨੀ ਬੀਤੀ ਤੇ ਉਪਰੋਂ ਰੋਗਾਂ (ਦੀ ਖਾਣ) ਬੁਢਾਪਾ ਆਇਆ, ਬੁਢੇਪੇਤੋਂ ਮੌਤ ਨੇ ਮਾਰਿਆ ਤਾਂ ਅਗੋਂ ਜਮਦੂਤਾਂ ਨੇ ਡੰਨ ਦੇਣਾ ਹੈ*। ਅਨੇਕ ਜੂਨਾਂ ਦੇ ਦੁਖ ਤੇ ਨਰਕ ਦੀਆਂ ਸਜ਼ਾਵਾਂ ਭੋਗਦਾ |

* ਗਿਆਨੀ ਇਉਂ ਭੀ ਅਰਥ ਕਰਦੇ ਹਨ ਕਿ ਜਦੋਂ ਮਰਿਆ ਤਦ ਜਮਦੂਤਾਂ ਨੇ (ਡੰਨ) ਡੰਡੇ ਮਾਰੇ।

| | |
|---|---|
| **ਗਰਤਿ ਗਰਿਓ ਹੈ ॥ ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥ ੮ ॥** | ਦੇ ਟੋਏ ਵਿਚ ਜਾ ਢੱਠਾ। (ਪਰ ਹੇ) ਨਾਨਕ! ਕ੍ਰਿਪਾ ਕਰਕੇ (ਜਿਨ੍ਹਾਂ ਨੂੰ) ਸੰਤ ਨੇ ਆਪਣਾ ਕਰਕੇ (ਵਾਹਿਗੁਰੂ ਜੀ ਦੀ) ਪ੍ਰੇਮਾ ਭਗਤੀ (ਦੇ ਰਾਹੇ ਪਾਇਆ ਉਹੋ ਹੀ) ਤਰ ਗਏ॥੮॥ |

**ਪਦਾਰਥ**—ਕੂਪਿ-ਖੂਹ। ਗੁਬਾਰਿ-ਅੰਧੇਰਾ। ਗਬੁ-ਗਰਬ, ਹੰਕਾਰ। ਅਸਤ-ਹੱਡੀਆਂ। ਕ੍ਰਿਮਿ-ਕੀੜੇ। ਉਦਰੁ-ਪੇਟ। ਛੀਨਿ-ਖੋਹ ਲੈਣਾ। ਜਰਾ-ਬੁਢਾਪਾ। ਭੁੰਚਤ-ਭੋਗਣਾ। ਸਾਸਨ-ਤਾੜਨਾ। ਗਰਤਿ-ਟੋਆ, ਖੱਡ।

**ਭਾਵ**—ਮਾਇਆ ਦੇ ਰੰਗ ਤੱਕ ਕੇ ਭੁਲੇਖੇ ਵਿਚ ਪਿਆ ਬੰਦਾ ਫਸ ਜਾਂਦਾ ਹੈ; ਪਰ ਜਦ ਇਨ੍ਹਾਂ ਰੰਗਾਂ ਦੇ ਟਿਕਾਉ ਵਲ ਧਿਆਨ ਮਾਰੀਏ ਤਾਂ ਥੋੜੇ ਚਿਰਾਂ ਨੂੰ ਹੀ ਹੋਰ ਦੇ ਹੋਰ ਹੋ ਜਾਂਦੇ ਹਨ। ਪਰ ਇਹ ਵਰਤਮਾਨ ਨੂੰ ਵੇਖਦਾ ਹੈ ਅਗੇ ਦਾ ਪਤਾ ਹੀ ਨਹੀਂ, ਕਿਉਂਕਿ ਇਸ ਭੁਲੇਖੇ ਨਾਲ ਮੋਹ ਦੇ ਅੰਨ੍ਹੇ ਖੂਹ ਵਿਚ ਪਿਆ ਹੈ ਇਸ ਕਰਕੇ ਨਾ ਵੇਖਦਾ ਹੈ ਤੇ ਨਾ ਹੀ ਮਤ ਲੈਂਦਾ ਹੈ, ਆਕੜਦਾ ਐਨਾਂ ਹੈ ਕਿ ਅਸਮਾਨ ਵਿਚ ਹੀ ਨਹੀਂ ਮੇਉਂਦਾ, ਪਰ ਵਿਚੋਂ ਵੇਖੋ ਤਾਂ ਹੱਡੀਆਂ ਤੇ ਮੈਲ ਤੋਂ ਬਿਨਾਂ ਹੋਰ ਕੁਝ ਸਰੀਰ ਵਿਚ ਹੈ ਹੀ ਨਹੀਂ। ਚਾਰ ਚੁਫੇਰੇ ਦੌੜਦਾ ਹੈ ਮਾਇਆ ਦੇ ਵਾਸਤੇ, ਅਗਿਆਨ ਨੇ ਐਸੀ ਇਸ ਦੀ ਮੱਤ ਮਾਰੀ ਹੈ ਕਿ ਪਰਾਏ ਧਨ ਨੂੰ ਖੋਹਣ ਖਿੰਜਣ ਜਾ ਪੈਂਦਾ ਹੈ। ਇਹ ਐਧਰ ਇਉਂ ਤ੍ਰਿਸ਼ਨਾਂ ਵਲ ਭਟਕ ਰਿਹਾ ਹੈ ਤੇ ਉਧਰ ਬੁਢੇਪਾ ਸਿਰ ਤੇ ਆ ਰਿਹਾ ਹੈ, ਅਗੇ ਮੌਤ ਖੜੀ ਹੈ ਤੇ ਮੌਤ ਦੇ ਬਾਦ ਜਮਦੂਤ ਕੀਤੇ ਕਰਮਾਂ ਦੇ ਫਲ ਭੁਗਤਾਉਣ ਲਈ ਤਿਆਰ ਖੜੇ ਹਨ। ਜੂਨਾਂ ਦੇ ਕਲੇਸ਼ ਤੇ ਨਰਕਾਂ ਦੇ ਅਸਹਿ ਦੁਖ ਸਿਰ ਪਰ ਹਨ, ਮਾਨੋਂ ਦੁਖਾਂ ਦੇ ਖਾਤੇ ਹੀ ਜਾ ਪੈਣਾ ਹੈ, ਪਰ ਮਨੁਖ ਇਸ ਆਵਣ ਵਾਲੇ ਦੁਖਾਂ ਤੋਂ ਅਚੇਤ ਹੈ। ਜੇ ਚੇਤਦਾ ਭੀ ਹੈ ਤਾਂ ਮਾਇਆ ਦਾ ਪੜਦਾ ਅੱਗੇ ਆ ਜਾਂਦਾ ਹੈ ਤੇ ਭੁੱਲ ਜਾਂਦਾ ਹੈ। ਇਨ੍ਹਾਂ ਕਲੇਸ਼ਾਂ ਤੋਂ ਬਚਣਾਂ ਔਖਾ ਹੈ, ਪਰ ਜਿਨ੍ਹਾਂ ਪੁਰ ਸੰਤਾਂ ਦੀ ਮਿਹਰ ਹੋਈ ਤੇ ਉਨ੍ਹਾਂ ਅਪਣਾ ਲਿਆ ਉਸਨੂੰ ਪ੍ਰੇਮਾ ਭਗਤੀ ਦੇ ਰਸਤੇ ਟੋਰ ਕੇ ਇਨ੍ਹਾਂ ਦੁਖਾਂ ਤੋਂ ਛੁਡਾ ਕੇ ਭਵਸਾਗਰ ਤੋਂ ਤਾਰ ਲਿਆ॥੮॥

| ਮੂਲ | ਅਰਥ |
|---|---|
| **ਗੁਣ ਸਮੂਹ ਫਲ ਸਗਲ ਮਨੋਰਥ ਪੂਰਨ ਹੋਈ ਆਸ ਹਮਾਰੀ ॥ ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ ॥ ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮੁ ਉਚਾਰੀ॥ ਇਸਨਾਨ ਦਾਨ ਤਾਪਨ ਸੁਚਿ ਕਿਰਿਆ ਚਰਣ ਕਮਲ ਹਿਰਦੈ ਪ੍ਰਭ ਧਾਰੀ ॥ ਸਾਜਨ ਮੀਤ ਸਖਾ ਹਰਿ ਬੰਧਪ ਜੀਅ ਧਾਨ ਪ੍ਰਭ ਪ੍ਰਾਨ ਅਧਾਰੀ ॥ ਓਟ ਗਹੀ ਸੁਆਮੀ ਸਮਰਥਹ ਨਾਨਕ ਦਾਸ ਸਦਾ ਬਲਿਹਾਰੀ ॥ ੯ ॥** | ਸਾਰੇ ਗੁਣ (ਪ੍ਰਾਪਤ ਹੋ ਗਏ), ਸਭੇ ਮਨੋਰਥ ਸੁਫਲੇ (ਹੋਏ ਤੇ) ਸਾਡੀ ਆਸਾ (ਸਭ) ਪੂਰੀ ਹੋ ਗਈ। ਸਾਰਿਆਂ ਰੋਗਾਂ ਦੇ ਦੂਰ ਕਰਨ ਵਾਲੀ ਗੁਣਕਾਰੀ ਦਵਾਈ (ਲੱਭ ਪਈ ਤੇ ਸਾਰੇ) ਦੁਖਾਂ ਦੇ ਦੂਰ ਕਰਨ ਲਈ ਮੰਤ੍ਰ (ਮਿਲ ਗਿਆ ਤੇ) ਸਾਰੀਆਂ (ਉਪਾਧਾਂ ਦੀ ਨਿਵਿਰਤੀ ਲਈ) ਤੰਤ੍ਰ (ਹੱਥੀਂ ਲਗਾ; ਉਹ ਕੀ) 'ਵਾਹਿਗੁਰੂ ਜੀ ਦਾ ਨਾਮ' (ਜਿਸ ਦੇ) ਜਪਣ ਨਾਲ ਕਾਮ, ਕ੍ਰੋਧ, ਹੰਕਾਰ, ਈਰਖਾ, ਤ੍ਰਿਸ਼ਨਾ (ਸਭ) ਨਾਸ ਹੋ ਜਾਂਦੇ ਹਨ। ਸ੍ਰੀ ਵਾਹਿਗੁਰੂ ਜੀ ਦੇ ਚਰਨ ਕਮਲਾਂ ਨੂੰ ਹਿਰਦੇ ਵਿਚ ਟਿਕਾਉਣਾ ਹੀ ਇਨਸਾਨ, ਦਾਨ, ਤਪ ਦੀ ਪਵਿਤ੍ਰ ਕਿਰਿਆ ਹੈ। ਜੀਅ ਦਾਨ (ਦੇ ਦੇਣ ਵਾਲਾ) ਪ੍ਰਾਨ ਅਧਾਰ ਵਾਹਿਗੁਰੂ ਹੀ (ਸਾਡਾ) ਸਜਣ, ਮਿਤ੍ਰ, ਬਾਲ ਸਖਾਈ ਤੇ ਸਨਬੰਧੀ ਹੈ। (ਅਸਾਂ) ਸਮਰਥ ਸੁਾਮੀ ਦੀ ਓਟ ਫੜੀ ਹੈ, ਦਾਸ ਨਾਨਕ (ਉਸ ਤੋਂ) ਸਦਾ ਹੀ ਬਲਿਹਾਰੀ ਹੈ॥੯॥ |

**ਪਦਾਰਥ**—ਅਉਖਧ-ਦਵਾਈ। ਮੰਤ੍ਰ-ਜੋ ਕਿਸੇ ਦੇਵਤਾ ਦੇ ਧਿਆਨ ਸਹਿਤ ਅਖਰਾਂ ਦਾ ਜਪ ਰੂਪ ਹੋਵੇ। ਤੰਤ੍ਰ-ਪਾਰਥਵ ਚੀਜ਼ਾਂ ਦੇ ਕੱਠ ਨਾਲ ਜੋ ਆਪਣੀ ਤਾਸੀਰ ਪੈਦਾ ਕਰੇ। ਖੰਡਣ-ਨਾਸ। ਤਾਪਨ-ਤਪ ਕਰਨਾ।

**ਭਾਵ**—ਇਕ ਖਿਆਲ ਮਨੁਖ ਦੇ ਅੰਦਰੋਂ ਉਪਜਦੇ ਹਨ ਜੋ ਲੋੜਾਂ ਦੀ ਸ਼ਕਲ ਧਾਰਦੇ ਹਨ। ਏਹ ਅਕਸਰ ਆਪਣੇ ਸੁਖ ਲਈ ਹੁੰਦੇ ਹਨ। ਸੋ ਕੋਈ ਸੁਖ ਤਾਂ ਇੰਦ੍ਰਿਆਂ ਤੇ ਸਰੀਰ ਦੇ ਭੋਗ ਮਾਤ੍ਰ ਹੁੰਦੇ ਹਨ ਤੇ ਕੋਈ ਸੁਖ ਆਤਮਾਂ ਦੇ ਸੁਖ ਸਰੂਪ ਦੇ ਨਜ਼ਦੀਕੀ ਹੋਣ ਦੇ ਕਾਰਨ ਆਤਮ ਸੁਖ ਕਹੇ ਜਾਂਦੇ ਹਨ। ਸੋ ਜੋ ਸੁਖ ਜਿਸ ਦਾ ਉਦੇਸ਼ ਹੈ, ਉਸ ਸੁਖ ਲਈ ਉਹ ਆਸ ਧਾਰਦਾ ਹੈ, ਉਸੇ ਸੁਖ ਦੇ ਮਨੋਰਥ ਉਸ ਨੂੰ ਉਪਜਦੇ ਹਨ ਤੇ ਉਸੇ ਸੁਖ ਲਈ ਉਹ ਜਤਨ ਕਰਦਾ ਹੈ; ਪਰੰਤੂ ਉਸ ਸੁਖ ਦਾ ਪ੍ਰਾਪਤ ਹੋ ਜਾਣਾ ਤੇ ਪ੍ਰਾਪਤ ਹੋਕੇ ਉਸ ਦਾ ਨਿਰਵਿਘਨ ਆਨੰਦ ਲੈਣਾ ਏਹ ਭਾਗ ਵਸ਼ ਹੈ। ਪਰ ਜਤਨ ਸੁਖ ਪ੍ਰਾਪਤੀ ਲਈ ਹੈ ਤੇ ਪ੍ਰਾਪਤ ਹੋਏ ਸੁਖ ਦੀ ਰਖਜਾ ਲਈ ਭੀ ਜਤਨ ਕਰੀਦਾ ਹੈ। ਹੁਣ ਇਸ ਤਰ੍ਹਾਂ ਸੁਖ ਇਛਾ ਵਿੱਚ ਅਨਚਿਤਵੇਂ ਦੁਖ ਆ ਪੈਂਦੇ ਹਨ, ਸੋ ਕਈ ਸਰੀਰਕ ਰੋਗ ਹਨ, ਕਈ ਉਪਰੋਂ ਉਪਾਧਾਂ ਆਨ ਖੜੀਆਂ ਹੁੰਦੀਆਂ ਤੇ ਕਈ ਆਪਣੇ ਮਨੋ ਰੋਗ ਉੱਠ ਪੈਂਦੇ ਹਨ, ਭਾਵੇਂ ਜਾਪਦੇ ਓਹ ਸੁਖ ਰੂਪ ਹਨ ਪਰ ਅਸਲ ਦੁਖ ਦਾ ਕਾਰਨ ਹਨ। ਇਉਂ ਸੁਖਾਂ ਨੂੰ ਚਾਹੁੰਦਾ ਹੋਇਆ ਭੀ ਮਾਨੁਖ ਨਿਤ ਦੁਖੀ ਹੈ, ਇਉਂ ਸੁਖਾਂ ਲਈ ਜਤਨ ਕਰਦਾ ਭੀ ਮਾਨੁਖ ਕਲੇਸ਼ ਵਿਚ ਹੈ। ਇਸ ਦਾ ਕਾਰਨ ਇਹ ਹੈ ਕਿ ਸਾਰਿਆਂ ਸੁਖਾਂ ਦਾ ਸਾਧਨ ਤੇ ਸਾਰਿਆਂ ਦੁਖਾਂ ਦੀ ਨਿਵਰਤੀ ਦਾ ਉਪਾਉ ਇਸ ਦੇ ਹਥ ਨਹੀਂ ਲਗਾ। ਜਾਂ ਇਸ ਨੇ ਖੋਜ ਨਹੀਂ ਕੀਤੀ, ਜਾਂ ਇਸ ਦੀ ਖੋਜ ਵਿਚ ਕੋਈ ਨੁਕਸ ਹੈ, ਜਾਂ ਇਸ ਨੂੰ ਉਹ ਸੁਖ ਮੂਲਕ ਕੁੰਜੀ ਲੱਭੀ ਹੀ ਨਹੀਂ। ਹੁਣ ਇਥੇ ਪੁਛ ਹੁੰਦੀ ਹੈ ਕਿ ਉਹ ਕੀ ਹੈ? ਤੇ ਉਤਰ ਮਿਲਦਾ ਹੈ **'ਹਰਿ ਨਾਮੁ ਉਚਾਰੀ'**। ਵਾਹਿਗੁਰੂ ਜੀ ਦਾ ਨਾਮ ਜਪਣਾਂ ਇਹ ਸਰਬ ਸੁਖਾਂ ਦਾ ਮੂਲ ਹੈ ਤੇ ਸਾਰਿਆਂ ਕਲੇਸ਼ਾਂ ਦਾ ਦਾਰੂ ਹੈ। ਸੁਖ ਦੀ ਆਸ ਪੂਰਨ ਕਰਨ ਵਾਲਾ ਭੀ ਹੈ, **'ਹਰਿਨਾਮ'** 'ਕਿਉਂਕਿ ਇਹ ਆਪ ਹੈ ਪੂਰਨ ਸੁਖ ਰੂਪ', ਇਸ ਦੇ ਹੁੰਦਿਆਂ ਨਿਰਾਸਤਾ ਨੇੜੇ ਆਉਂਦੀ ਹੀ ਨਹੀਂ। ਸਾਰਿਆਂ ਖਿਆਲਾਂ ਨੂੰ ਸੁਫਲ ਕਰਨ ਵਾਲਾ ਭੀ ਹੈ **'ਹਰਿਨਾਮ'** ਕਿਉਂਕਿ ਇਹ ਹੈ ਕਲਪ ਬ੍ਰਿਛ **'ਪਾਰਜਾਤੁ ਇਹੁ ਹਰਿ ਕੋ ਨਾਮ'**।(੨੬੫) ਸਾਰਿਆਂ ਗੁਣਾਂ ਦਾ ਸਿਰਤਾਜ ਤੇ ਸਾਰਿਆਂ ਗੁਣਾਂ ਨੂੰ ਪ੍ਰਾਪਤ ਕਰਨ ਵਾਲਾ ਭੀ ਹੈ **'ਹਰਿਨਾਮ'** ਯਥਾ **"ਨਾਮਿ ਰਤੇ ਗੁਣ ਗਿਆਨ ਬੀਚਾਰੁ"**।(੯੪੧) ਸਾਰਿਆਂ ਰੋਗਾਂ ਦੀ ਦਵਾਈ ਤੇ ਨਿਸਚੇ ਕਰਕੇ ਸਭ ਨੂੰ ਗੁਣ ਕਰਨ ਵਾਲੀ ਦਵਾਈ ਭੀ ਹੈ **'ਹਰਿਨਾਮ'** ਯਥਾ-**"ਸਰਬ ਰੋਗ ਕਾ ਅਉਖਦੁ ਨਾਮੁ"**।(ਸੁਖ-੨੭੪) ਵਾਂਛਤ ਪਦਾਰਥਾਂ ਨੂੰ ਪ੍ਰਾਪਤ ਕਰਨ ਵਾਲਾ ਤੇ ਸ਼ਤਰੂਆਂ ਪਰ ਫਤਹ ਦੇਣ ਵਾਲਾ ਮੰਤਰ ਤੰਤਰ ਭੀ ਹੈ **'ਹਰਿਨਾਮ'**; ਕਾਮ, ਕਰੋਧ, ਹੰਕਾਰ, ਈਰਖਾ, ਤ੍ਰਿਸ਼ਨਾਂ, ਅਸੁਰੀ ਔਗੁਣਾਂ ਦੇ ਨਾਸ਼ ਕਰਨ ਵਾਲਾ ਭੀ ਹੈ **'ਹਰਿਨਾਮ'**; ਇਸ਼ਨਾਨ ਦਾਨ ਤਪ ਤੇ ਪਵਿਤ੍ਰ ਕਿਰਿਆ ਤੇ ਇਨ੍ਹਾਂ ਨੂੰ ਸਫਲ ਕਰਨ ਵਾਲਾ ਤੇ ਇਨ੍ਹਾਂ ਦਾ ਪਰਮ ਪ੍ਰਯੋਜਨ ਤੇ ਜਿਸ ਦੇ ਹੋਣ ਨਾਲ ਸਭ ਪ੍ਰਾਪਤ ਹੋ ਜਾਣ ਉਹ ਭੀ ਹੈ **'ਹਰਿਨਾਮ'**। ਸੰਸਾਰਕ ਤੇ ਪਰਲੋਕ ਦੇ ਸਹਾਇਕ ਸਜਣ, ਮਿੱਤ੍ਰ, ਸਨਬੰਧੀ ਸਾਰਿਆਂ ਦੀਆਂ ਥੋੜਾਂ ਨੂੰ ਪੂਰਨ ਕਰਨ ਵਾਲਾ ਹੈ **'ਹਰਿਨਾਮ'**; ਇਸ ਲਈ ਸਭ ਸੁਖਾਂ ਦੇ ਦੇਣ ਲਈ ਜੋ ਸਮਰੱਥ ਹੈ ਤੇ ਸਾਰਿਆਂ ਕਲੇਸ਼ਾਂ ਦੇ ਦੂਰ ਕਰਨ ਲਈ ਜੋ ਸਮਰੱਥ ਹੈ ਓਹ ਇਕੋ ਵਾਹਿਗੁਰੂ ਹੈ, ਉਸੇ ਦੀ ਓਟ ਪਕੜੀ ਹੈ ਤੇ ਛਿਨ ਛਿਨ ਉਸ ਤੋਂ ਹੋ ਰਹੇ ਹਾਂ ਬਲਿਹਾਰ! ਬਲਿਹਾਰ!! ਬਲਿਹਾਰ!!!

| ਮੂਲ | ਅਰਥ |
| --- | --- |
| ਆਵਧ ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ ॥ ਦਾਵਨਿ ਬੰਧਿਓ ਨ ਜਾਤ ਬਿਧੇ ਮਨ ਦਰਸ ਮਗਿ ॥ ਪਾਵਕ ਜਰਿਓ ਨ ਜਾਤ ਰਹਿਓ ਜਨ ਧੂਰਿ ਲਗਿ ॥ ਨੀਰੁ ਨ ਸਾਕਸਿ ਬੋਰਿ ਚਲਹਿ ਹਰਿ ਪੰਥਿ ਪਗਿ ॥ ਨਾਨਕ ਰੋਗ ਦੋਖ ਅਘ ਮੋਹ ਛਿਦੇ ਹਰਿ ਨਾਮ ਖਗਿ॥੧॥੧੦॥ | (ਵਾਹਿਗੁਰੂ ਜੀ ਦੇ) ਚਰਨ ਕਮਲਾਂ ਦੇ ਰਸ ਨਾਲ (ਜਿਸ ਦਾ) ਪ੍ਰੇਮ ਹੈ (ਉਹ) ਸ਼ਸਤ੍ਰਾਂ ਤੋਂ ਨਹੀਂ ਕਟਿਆ ਜਾਂਦਾ। ਜਿਸ ਦਾ) ਮਨ ਦਰਸ਼ਨ ਵਿਚ ਮਗਨ ਹੋਕੇ ਵਿੰਨ੍ਹਿਆ ਗਿਆ ਹੈ (ਉਹ) ਫਾਹੀਆਂ ਵਿਚ ਨਹੀਂ ਫਸ ਸਕਦਾ। (ਜੋ ਸੰਤ) ਜਨਾਂ ਦੀ ਧੂੜ ਨਾਲ ਲਿਪਟ ਰਿਹਾ ਹੈ (ਉਹ) ਅੱਗ ਵਿਚ ਨਹੀਂ ਸਾੜਿਆ ਜਾ ਸਕਦਾ। (ਜੋ) ਵਾਹਿਗੁਰੂ ਜੀ ਦੇ ਰਾਹੇ ਪੈਰੀਂ ਤੁਰਦਾ ਹੈ (ਓਹਨੂੰ) ਪਾਣੀ ਡੋਬ ਨਹੀਂ ਸਕਦਾ*। ਰੋਗ, ਕਲੰਕ, ਪਾਪ ਤੇ ਮੋਹ ਕਟ ਜਾਂਦੇ ਹਨ, ਨਾਮ ਰੂਪੀ ਖੰਡੇ ਦੇ ਨਾਲ, ਹੇ ਨਾਨਕ॥੧॥੧੦॥ |

**ਪਦਾਰਥ**—ਆਵਧ-ਹਥਿਆਰ। ਦਾਵਨਿ-ਰੱਸਾ, ਲੱਜ। ਬਿਧੇ-ਵਿੰਨ੍ਹਿਆਂ। ਪਾਵਕ-ਅੱਗ। ਅਘ-ਪਾਪ। ਛਿਦੇ-ਕੱਟੇ। ਖਗਿ-ਖੰਡਾ।

**ਭਾਵ**—ਸੰਗਤ ਦੇ ਗੁਣ ਤੇ ਅਸਰ ਹਰ ਥਾਂ ਵਿਆਪਦੇ ਹਨ, ਜੋ ਹਰ ਕੰਮ ਵਿਚ ਵਾਹਿਗੁਰੂ ਜੀ ਦੀ ਸ਼ਰਨ ਚਰਨ ਵਿਚ ਰਹਿੰਦੇ ਹਨ, ਉਹਨਾਂ ਭਗਤ ਜਨਾਂ ਵਿਚ ਭੀ ਵਾਹਿਗੁਰੂ ਜੀ ਦੇ ਪੂਰਨ ਪ੍ਰਭਾਵ ਪੈਂਦੇ ਹਨ। ਸੋ ਜੀਕੁਣ ਵਾਹਿਗੁਰੂ ਅਛੇਦ ਹੈ, ਅਬੰਧ ਹੈ, ਨਿਰਜਰ ਹੈ, ਅਕਲੇਦਜ ਹੈ, ਅਰਥਾਤ ਸ਼ਸਤ੍ਰਾਂ ਤੋਂ ਕਟਿਆ ਨਹੀਂ ਜਾਂਦਾ, ਜ਼ੰਜੀਰਾਂ ਤੇ ਰਸਿਆਂ ਨਾਲ ਬੱਧਾ ਨਹੀਂ ਜਾਂਦਾ, ਅਗਨ ਉਸ ਨੂੰ ਸਾੜ ਨਹੀਂ ਸਕਦੀ ਤੇ ਪਾਣੀ ਉਸ ਨੂੰ ਡੋਬ ਅਰ ਗਾਲ ਨਹੀਂ ਸਕਦਾ, ਰੰਗ, ਕਲੰਕ, ਪਾਪ, ਵਿਕਾਰ ਉਸ ਨੂੰ ਛੋਹ ਨਹੀਂ ਸਕਦੇ, ਇਸੇ ਤਰ੍ਹਾਂ ਵਾਹਿਗੁਰੂ ਜੀ ਦੇ ਪਿਆਰੇ ਭੀ ਹਰ ਕੰਮ ਕਰਤਾਰ ਦੇ ਸੰਗੀ ਹੋਣ ਕਰਕੇ ਇਨ੍ਹਾਂ ਦੁਖਦਾਇਕ ਸਮਾਨਾਂ ਤੋਂ ਪਾਰ ਹੋ ਜਾਂਦੇ ਹਨ; ਜੈਸੇ ਭਗਤ ਪ੍ਰਹਿਲਾਦ ਜੀ ਬਾਬਤ ਲਿਖਯਾ ਹੈ :-

'ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ॥ ਕਢਿ ਖੜਗੁ ਸਦਿ ਪੁਛਿਆ
ਕਉਣੁ ਸੁ ਤੇਰਾ ਹੈ ਉਸਤਾਦੁ॥ ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ॥
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ॥ ਜੈ ਜੈ ਕਾਰ ਕਰਨਿ ਬ੍ਰਹਮਾਦਿ॥

{ਵਾਰ: ਭਾ: ਗੁ: ੧੦-੨}

ਦੂਸਰਾ ਭਾਵ ਇਹ ਭੀ ਪ੍ਰਗਟਦਾ ਹੈ ਕਿ ਜਿਸ ਨੂੰ ਚਰਨ ਕਮਲਾਂ ਦਾ ਰਸ ਆਯਾ ਹੈ ਉਸ ਪ੍ਰੇਮੀ ਨੂੰ ਸ਼ਸਤ੍ਰਾਂ ਨਾਲ ਭੈ ਭੀਤ ਕਰੀਏ ਤਾਂ ਉਹ ਸ਼ਰੀਰਕ ਕਸ਼ਟ ਤੋਂ ਡਰਕੇ ਉਸ ਆਤਮ ਰਸ ਨੂੰ ਛੱਡ ਨਹੀਂ ਸਕਦਾ, ਕਿਉਂਕਿ ਉਸ ਪ੍ਰੇਮ ਰਸ ਨੂੰ ਤੇ ਪ੍ਰੇਮ ਰਸ ਲੈਣ ਵਾਲੇ ਜੀਉੜੇ ਨੂੰ ਤਾਂ ਸ਼ਸਤ੍ਰ ਕਟ ਹੀ ਨਹੀਂ ਸਕਦੇ। ਜਿਸਦਾ ਮਨ ਦਰਸ਼ਨ ਦੀ ਮਗਨਤਾ ਵਿਚ ਵਿੰਨ੍ਹਿਆ ਗਿਆ ਹੈ, ਉਸ ਦੇ ਰੋਕਣ ਲਈ ਕੋਈ ਜ਼ੰਜੀਰਾਂ ਜਾਂ ਰੱਸੇ ਪਾਕੇ ਉਸ ਨੂੰ ਬੰਨ੍ਹ ਰਖਣਾ ਚਾਹੇ ਤਾਂ ਉਹ ਬੱਝ ਨਹੀਂ ਸਕਦਾ, ਜੈਸੇ ਭਗਤ ਕਬੀਰ ਜੀ ਆਪਣੀ ਬੀਤੀ ਆਪਣੇ ਮੂੰਹੋਂ ਹੀ ਦੱਸਦੇ ਹਨ:-

**"ਗੰਗ ਗੁਸਾਇਨਿ ਗਹਿਰ ਗੰਭੀਰ॥ ਜੰਜੀਰ ਬਾਂਧਿ ਕਰਿ ਖਰੇ ਕਬੀਰ॥੧॥ ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥ ਚਰਨ ਕਮਲ ਚਿਤੁ ਰਹਿਓ ਸਮਾਇ॥ਰਹਾਉ॥ ਗੰਗਾ ਕੀ**

* ਗਜਾਨੀ ਅੰਤ੍ਰੀਵ ਭਾਵ ਕੱਢਦੇ ਇਉਂ ਭੀ ਅਰਥ ਕਰਦੇ ਹਨ ਆਵਧ ਕਾਮ, ਕ੍ਰੋਧ, ਦੁਰਬਚਨ ਦੀ ਦਾਵਨ ਮੋਹ, ਪਾਵਕ ਤ੍ਰਿਸ਼ਣਾਂ, ਨੀਰ ਪਦਾਰਥ।

ਲਹਰਿ ਮੇਰੀ ਟੂਟੀ ਜੰਜੀਰ॥ ਮ੍ਰਿਗ ਛਾਲਾ ਪਰ ਬੈਠੇ ਕਬੀਰ॥੨॥ ਕਹਿ ਕੰਬੀਰ ਕੋਊ ਸੰਗ ਨ ਸਾਥ॥ ਜਲ ਥਲ ਰਾਖਨ ਹੈ ਰਘੁਨਾਥ॥੩॥੧੦॥੧੮॥" {ਭੈ: ਕਬੀਰ}

ਜੋ ਸਤਿਸੰਗ ਦੇ ਸ਼ਾਂਤਿ ਰਸ ਨੂੰ ਅੰਤ੍ਰ ਆਤਮੈਂ ਲੈ ਰਿਹਾ ਹੈ ਉਹਨੂੰ ਅੱਗ ਵਿਚ ਸਾੜਨ ਦੇਡਰ ਦੇਈਏ ਤਾਂ ਉਹ ਦੇਹ ਸੜਨ ਦੇ ਡਰ ਨਾਲ ਭੈ ਭੀਤ ਹੋਕੇ ਸਤਿਸੰਗ ਨਹੀਂ ਤਿਆਗ ਸਕਦਾ, ਕਿਉਂਕਿ ਉਸ ਨੂੰ ਜੋ ਅੰਮ੍ਰਿਤ ਰਸ ਸਤਿਸੰਗ ਤੋਂ ਪ੍ਰਾਪਤ ਹੋਇਆ ਹੈ ਉਸ ਵਿਚ ਟਿਕਣਾ ਹੀ ਅਸਲ ਜੀਵਨ ਹੈ। ਇਸ ਜੀਵਨ ਤੋਂ ਅੱਗ ਦਾ ਭੈ ਉਸ ਨੂੰ ਅੱਡ ਨਹੀਂ ਕਰ ਸਕਦਾ, ਸਗੋਂ ਉਹ ਤਾਂ ਆਪ ਆਖਦੇ ਹਨ। "**ਵਿਚਿ ਅਗਨੀ ਆਪੁ ਜਲਾਈ**"। ਵਾਹਿਗੁਰੂ ਜੀ ਦੇ ਤੁਰਾਊ ਨੂੰ ਪਾਣੀ ਦਾ ਡੁਬਣਾ ਭੈਦਾਇਕ ਨਹੀਂ ਉਹ ਤਾਂ ਬਚਨ ਕਰਦੇ ਹਨ "**ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰ ਸਿਖੁ ਲਘਿ ਗੁਰੂ ਪਹਿ ਜਾਈ॥**"(੭੫੭) ਵਾਹਿਗੁਰੂ ਜੀ ਦੇ ਨਾਮ ਰੂਪੀ ਖੰਡੇ ਨਾਲ ਰੋਗ ਦੋਸ਼ ਪਾਪ ਮੋਹ ਸਭ ਕੱਟੇ ਜਾਂਦੇ ਹਨ, ਇਹ ਨਾਮ ਪ੍ਰਤਾਪ ਪਰਮ ਪ੍ਰਸਿੱਧ ਹੈ "**ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ**"॥ (੬੫੯) ਇਸ ਨਾਮ ਅੰਮ੍ਰਿਤ ਨਾਲ ਅੰਤਰ ਬਾਹਰ ਦੇ ਸਭ ਕਲੇਸ਼ ਦੂਰ ਹੋ ਜਾਂਦੇ ਹਨ॥੧੦॥

| <u>ਮੂਲ</u> | <u>ਅਰਥ</u> |
|---|---|
| **ਉਦਮੁ ਕਰਿ ਲਾਗੇ ਬਹੁ ਭਾਤੀ ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ ॥ ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ ॥ ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥ ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ ਥਟੂਆ ॥ ੨ ॥ ੧੧ ॥ ੨੦ ॥** | (ਲੋਕੀ ਪਰਮਾਰਥ ਦੀ ਪ੍ਰਾਪਤੀ ਦਾ ਨਾਮ ਰਖ ਕੇ) ਉਦਮ ਕਰਕੇ ਲਗੇ ਹੋਏ ਹਨ ਬਹੁਤ ਤਰ੍ਹਾਂ ਨਾਲ, ਅਨੇਕਾਂ ਤਾਂ ਖਟ ਸਾਸਤ੍ਰਾਂ ਨੂੰ ਹੀ ਬਹੁਤਾ ਵਿਚਾਰਦੇ ਹਨ*। ਬਹੁਤੇ ਸੁਆਹ ਮਲਕੇ (ਸਰੀਰ ਤੇ) ਤੀਰਥਾਂ ਪੁਰ ਫਿਰਦੇ ਹਨ, (ਕਈ ਤਪ ਕਰਕੇ) ਦੇਹ ਨੂੰ ਸੁਕਾ ਰਹੇ ਹਨ, ਬਹੁਤੇ ਜਟਾਂ ਦਾ ਜੂੜਾ (ਸਿਰ ਪੁਰ) ਬੰਨ੍ਹਦੇ ਹਨ। (ਕਈ) ਪੂਜਾ (ਕਰਦੇ ਹਨ), (ਕਈ ਸਰੀਰ ਪੁਰ) ਚਕ੍ਰ (ਲਾਉਂਦੇ ਹਨ), (ਕਈ) ਆਪਣੇ ਹੱਥੀਂ ਪ੍ਰਸਾਦ ਕਰਕੇ ਛਕਦੇ ਹਨ (ਜਾਂ ਚਾਂਦ੍ਰਾਯਣ ਵਰਤ ਕਰਦੇ ਹਨ, ਇਉਂ) ਅਨੇਕ ਤਰ੍ਹਾਂ ਦੇ ਠਾਠ ਰਚਦੇ ਹਨ। (ਪਰ) ਵਾਹਿਗੁਰੂ ਜੀ ਦੇ ਭਜਨ ਬਿਨਾਂ ਸਾਰੇ ਦੁਖ ਪਾ ਰਹੇ ਹਨ, ਜੀਕੁਣ ਡਾਉਰਾ (ਕਹਿਣਾ ਜਾਂ ਰੇਸ਼ਮੀ ਕੀੜਾ) ਪ੍ਰੇਮ ਨਾਲ (ਆਪਣੇ ਅੰਦਰੋਂ ਕੱਢਕੇ) ਸੂਤ੍ਰ (ਜਾਂ ਰੇਸ਼ਮ ਦੀਆਂ ਤੰਦਾਂ ਨੂੰ) ਵਧਾਉਂਦਾ ਹੈ (ਤੇ ਫੇਰ ਆਪਹੀ ਵਿਚੇ ਫਸ ਕੇ ਮਰ ਜਾਂਦਾ ਹੈ)॥੨॥੧੧॥੨੦॥ |

**ਪਦਾਰਥ**—ਖਟੂਆ-ਛੇ ਸ਼ਾਸਤ੍ਰ ਜਾਂ ਖੱਟਣ ਲਈ। ਭਸਮ-ਸੁਆਹ। ਜਟੂਆ-ਜੜਾਵਾਂ। ਹਟੂਆ-ਡਾਉਰਾ (ਕਹਿਣਾ) ਜਾਂ ਰੇਸ਼ਮੀ ਕੀੜਾ। ਸੋਮਪਾਕਾ-ਸ੍ਵਯੰ ਪਾਕ, ਆਪਣੀ ਹੱਥੀਂ ਪਕਾਕੇ ਖਾਣਾ, ਜਾਂ ਚੰਦ੍ਰਾਇਣ ਬ੍ਰਤਿ ਕਰਨਾਂ, ਚੰਦ੍ਰਮਾਂ ਦੀਆਂ ਕਲਾਂ ਦੇ ਵਧਾ ਘਟਾ ਅਨੁਸਾਰ ਭੋਜਨ ਦੇ ਗ੍ਰਾਸ ਘਟਾਉਣੇ ਵਧਾਉਣੇ, ਜਾਂ ਸੋਮਵਲੀ ਦਾ ਰਸ ਪੀਣਾ। ਥਟੂਆ-ਭੇਖ, ਠਾਠ।

* ਗਿਆਨੀ ਖਟੂਆ ਦਾ ਅਰਥ ਖਟੀ ਬੀ ਕਰਦੇ ਹਨ, ਅਰਥਾਤ ਮਾਇਆ ਖੱਟਣ ਲਈ ਪੰਡਤ ਸ਼ਾਸਤ੍ਰਾਂ ਦਾ ਵਿਚਾਰ ਕਰਦੇ ਹਨ।

**ਭਾਵ**—ਅਰਥ ਤੇ ਪਰਮਾਰਥ ਦੋ ਹੀ ਸੁਖ ਦੇ ਸਾਧਨ ਹਨ। ਅਰਥ-ਜੜ ਚੇਤਨ ਮਾਇਆ ਤੋਂ ਜੋ ਸੁਖ ਲਭਦਾ ਹੈ ਉਹ ਸੁਖ ਮਲੀਨ, ਪਰਾਧੀਨ, ਨਾਸਵੰਤ ਤੇ ਦੁਖਾਂ ਨਾਲ ਰਲਿਆ ਹੋਇਆ ਹੁੰਦਾ ਹੈ, ਪ੍ਰੰਤੂ ਪਰਮਾਰਥ, ਜੋ ਮਾਨੁਖਾ ਦੇਹ ਦਾ ਵਡਾ ਪ੍ਰਯੋਜਨ ਹੈ, ਉਸ ਦਾ ਸੁਖ ਨਿਰਮਲ, ਸੁਤੰਤ੍ਰ, ਅਬਿਨਾਸ਼ੀ ਤੇ ਨਿਰੋਲ ਸੁਖ ਹੀ ਸੁਖ ਹੈ, ਉਸ ਵਿਚ ਦੁਖ ਦਾ ਰਲਾ ਭੀ ਨਹੀਂ ਤੇ ਉਹ ਸਗੋਂ ਸਾਰਿਆਂ ਦੁਖਾਂ ਤੋਂ ਛੁਡਾਉਣ ਵਾਲਾ ਪਰਮ ਸੁਖ ਰੂਪ ਹੈ। ਇਸ ਤਰ੍ਹਾਂ ਪਰਮਾਰਥ ਮਾਰਗ ਦੇ ਤੁਰਾਊਆਂ ਦਾ ਪਰਮ ਪਵਿਤ੍ਰ ਪ੍ਰਯੋਜਨ ਵੇਖਕੇ ਅਰਥੀ ਲੋਕ ਆਪਣੇ ਭਲੇ ਲਈ ਉਨ੍ਹਾਂ ਦੀ ਸੇਵਾ ਤੇ ਸਤਿਕਾਰ ਕਰਦੇ ਹਨ। ਏਹ ਕੁਝ ਹੁੰਦਾ ਵੇਖਕੇ ਕਈ ਲੋਕ ਤਾਂ ਸਚ ਦੀ ਤਲਾਸ਼ ਵਾਲੇ ਹੋਕੇ ਪਰਮਾਰਥ ਪ੍ਰਾਪਤੀ ਦੇ ਸਾਧਨਾਂ ਵਲ ਲਗਦੇ ਹਨ ਤੇ ਕੇਈ ਆਪਣੀ ਪੂਜਾ ਤੇ ਸਤਿਕਾਰ ਲਈ ਪਰਮਾਰਥੀਆਂ ਦੀ ਨਕਲ ਕਰਕੇ ਭੇਖ ਵਿਚ ਲਗ ਪੈਂਦੇ ਹਨ। ਸੋ ਜੋ ਭੇਖ ਵਲ ਲਗੇ ਓਹ ਤਾਂ ਕੋਈ ਦਿਨ ਪਾਖੰਡ ਦਾ ਤੋਰਾ ਤੋਰ ਕੇ ਆਪਣਾ ਪਾਜ ਬਣਾ ਲੈਂਦੇ ਹਨ, ਪਰ ਓੜਕ ਨੂੰ ਉਹ ਪਾਜ ਉਘੜਦਾ ਹੈ ਤੇ ਉਹ ਦੁਖ ਪਾਉਂਦੇ ਹਨ ਜੈਸਾ ਕਿ ਬਚਨ ਹੈ **"ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸ ਕੀਨ॥ ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ"**। ਹੁਣ ਦੂਜੇ ਜੋ ਸੱਚੇ ਦਿਲੋਂ ਪਰਮਾਰਥ ਦੀ ਪ੍ਰਾਪਤੀ ਵਲ ਲਗੇ ਹਨ, ਜੇ ਤਾਂ ਉਹ ਬਾਹਰ ਮੁਖੀ ਪ੍ਰਚਲਤ ਸਾਧਨਾਂ ਵਲ ਲਗ ਪਏ; ਜੈਸਾ ਕਿ ਧਾਰਨਾਂ ਬਿਨਾਂ ਵਾਦ ਲਈ ਸ਼ਾਸਤ੍ਰ ਵਿਚਾਰ, ਸੁਆਹ ਸਰੀਰ ਪੁਰ ਮਲਨੀ, ਤੀਰਥਾਂ ਪੁਰ ਫਿਰਨਾ, ਬ੍ਰਤ ਕਰਨੇ, ਜਟਾਵਾਂ ਬੰਨਣੀਆਂ, ਪੂਜਾ ਕਰਨੀ, ਚਕ੍ਰ ਲਾਉਣੇ, ਪਵਿਤ੍ਰ ਰਸੋਈ ਆਪਣੇ ਹਥੀਂ ਬਨਾਕੇ ਛਕਣੀ, ਇਤਯਾਦਿਕ। ਤਾਂ ਉਹ ਅਸਲ ਪਰਮਾਰਥ ਤੋਂ ਦੂਰ ਰਹੇ, ਕਿਉਂਕਿ ਇਹ ਤਾਂ ਸਰੀਰਕ ਬਨਾਉਟਾਂ ਵਿਚ ਹੀ ਪਰਚੇ ਰਹੇ। ਧਰਮ ਪ੍ਰਯੋਜਨ ਜੋ ਸਾਂਈਂ ਪ੍ਰਾਪਤੀ ਸੀ ਉਸ ਦਾ ਮੁਖ ਸਾਧਨ ਤਾਂ ਪ੍ਰੇਮਾਂ ਭਗਤੀ ਸੀ, ਉਸ ਤੋਂ ਉਹ ਦੁਰੇਡੇ ਰਹੇ, ਉਨ੍ਹਾਂ ਬਾਹਰਲੇ ਸਾਧਨਾਂ ਨਾਲ ਹਉਮੈ ਵਧੀ। ਜਿਉਂ ਜਿਉਂ ਸਾਧਨਾਂ ਨਾਲ ਹਉਮੈ ਵਧੀਕ ਕੀਤੀਆਂ, ਤਿਉਂ ਤਿਉਂ ਹੰਕਾਰ ਵਧੀਕ ਹੁੰਦਾ ਗਿਆ ਤੇ ਰੇਸ਼ਮ ਦੇ ਕੀੜੇ ਵਾਂਗ ਆਪਣੇ ਅੰਦਰੋਂ ਰੇਸ਼ਮ ਕੱਢਕੇ ਆਪ ਹੀ ਉਸ ਵਿਚ ਫਸ ਮਰਨਾ; ਇਹੋ ਕੁਛ ਉਨ੍ਹਾਂ ਦਾ ਹਾਲ ਹੋਇਆ ਕਿ ਕਰਮ ਆਪ ਕੀਤੇ, ਹਉਮੈ ਆਪਣੇ ਅੰਦਰ ਵਧਾਈ ਤੇ ਉਸ ਹਉਮੈ ਦੇ ਅੰਦਰ ਫਸ ਕੇ ਆਪ ਹੀ ਦੁਖੀ ਹੋਏ; ਕਰਤਾਰ ਪਰੇਡੇ ਰਿਹਾ ਤੇ ਆਪਾ ਭਾਵ ਵਿਚ ਆਪੇ ਫਸ ਮੋਏ। ਸੋ ਇਨ੍ਹਾਂ ਦੀ ਹਾਲਤ ਪੁਰ ਏਹ ਬਚਨ ਪ੍ਰਗਟ ਹੋਇਆ ਹੈ ਕਿ **"ਬਿਨੁ ਹਰਿਭਜਨ ਸਗਲ ਦੁਖ ਪਾਵਤ"**। (੧੩੮੯) ਧਰਮ ਅਨੁਸਾਰ ਪ੍ਰਾਪਤ ਸਰੀਰ ਸੁਖ ਦੇ ਸਾਮਾਨ ਛਡ ਕੇ ਬਾਹਰੋਂ ਵਰਤਮਾਨ ਵਿਚ ਭੀ ਦੁਖੀ ਤੇ ਅੰਤ ਨੂੰ ਪਰਲੋਕ ਵਿਚ ਭੀ ਦੁਖੀ। ਸੋ ਸਾਂਈਂ ਸੁਮੱਤ ਦੇਵੇ, ਸਾਰੇ ਪਰਮਾਰਥੀ ਹਰੀ ਭਜਨ ਦੇ ਰਾਹੇ ਤੁਰਨ ਜੋ **"ਲੋਕ ਸੁਖੀ ਤੇ ਪਰਲੋਕ ਸੁਹੇਲੇ"** ਹੋਣ। ਸਿਮਰਨ ਦੇ ਵਿਚ ਲਗਾ ਮਾਨੁਖ ਸਰੀਰਕ ਲੋੜਾਂ ਪੂਰਨ ਕਰਕੇ ਸਰੀਰ ਕਰਕੇ ਸੁਖੀ ਰਹਿੰਦਾ ਹੈ ਤੇ ਹਰ ਦਮ ਸੁਖ ਸਾਗਰ ਕਰਤਾਰ ਦੀ ਹਜ਼ੂਰੀ ਵਿਚ ਹੋਣ ਦੇ ਕਾਰਨ ਅੰਦਰੋਂ ਸੁਖੀ ਹੁੰਦਾ ਹੈ ਤੇ ਚੋਲਾ ਛਡਣ ਬਾਦ ਪ੍ਰਲੋਕ ਵਿਚ ਭੀ ਪਰਮ ਸੁਖੀ ਹੁੰਦਾ ਹੈ; ਇਸ ਲਈ ਬਾਹਰੀ ਬਨਾਵਟ ਦੀ ਲੋੜ ਨਹੀਂ ਪੈਂਦੀ ਤੇ ਹਉਮੈ ਸਾਰੀ ਕਟੀ ਜਾਂਦੀ ਹੈ, ਜਿਸ ਕਰਕੇ ਪਰਮ ਸੁਖੀ ਹੋ ਜਾਂਦਾ ਹੈ।

-ਇਤੀ-

# ੧੮. ਸਵਯੇ ਭੱਟਾਂ ਦੇ

## (ੳ) ਸਵਈਏ ਮਹਲੇ ਪਹਿਲੇ ਕੇ ੧

ਪਹਿਲੇ ਪਾਤਸ਼ਾਹ ਸ੍ਰੀ ਸਤਿਗੁਰ ਨਾਨਕ ਦੇਵ ਜੀ ਦੀ ਉਸਤਤੀ ਦੇ ਸਵਯੇ।

### ੧ੳ ਸਤਿਗੁਰ ਪ੍ਰਸਾਦਿ ॥

| ਮੂਲ | ਅਰਥ |
|---|---|
| ਇਕ ਮਨਿ ਪੁਰਖੁ ਧਿਆਇ ਬਰਦਾਤਾ ॥ ਸੰਤ ਸਹਾਰੁ ਸਦਾ ਬਿਖਿਆਤਾ ॥ ਤਾਸੁ ਚਰਨ ਲੇ ਰਿਦੈ ਬਸਾਵਉ ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥ ੧ ॥ | (ਮਨ ਬਾਂਛਤ ਫਲਾਂ ਦੇ) ਵਰ ਦੇਣ ਵਾਲੇ (ਅਕਾਲ) ਪੁਰਖ ਜੀ ਨੂੰ ਇਕ ਚਿੱਤ ਸਿਮਰਦੇ ਹਾਂ, ਜੋ ਸੰਤਾਂ ਦਾ ਸਹਾਈ ਤੇ ਸਦਾ ਹੀ ਪ੍ਰਗਟ ਹੈ। ਉਸ (ਵਾਹਿਗੁਰੂ ਜੀ) ਦੇ ਚਰਨਾਂ ਨੂੰ (ਧਿਆਨ ਦਵਾਰਾ) ਚਿੱਤ ਵਿਚ (ਪਹਿਲਾਂ) ਵਸਾਕੇ, ਫੇਰ ਵਡੇ (ਸਤਿਗੁਰੂ) ਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਂਵਦੇ ਹਾਂ॥੧॥ |

**ਪਦਾਰਥ**—ਬਰਦਾਤਾ-ਵਰ ਦੇਣ ਵਾਲਾ। ਸਹਾਰੁ-ਆਸਰਾ।

**ਭਾਵ**—ਅਕਾਲ ਪੁਰਖ ਵਾਹਿਗੁਰੂ ਜੋ ਸਭ ਦੇ ਮਨ ਬਾਂਛਤ ਦੇਣ ਵਾਲਾ ਹੈ, ਜਿਸ ਦੇ ਘਰ ਸਭੋ ਕੁਛ ਹੈ ਤੇ ਸਭ ਨੂੰ ਦੇਂਦਾ ਹੈ, ਫਿਰ ਸੰਤਾਂ ਦਾ ਆਸਰਾ ਹੈ ਤੇ ਇਹ ਗਲ ਸਦਾ ਤੋਂ ਪ੍ਰਗਟ ਹੈ। ਪ੍ਰਹਲਾਦ ਭਗਤ ਜੀ ਆਦਿਕਾਂ ਦੇ ਪ੍ਰਸੰਗ ਵਿਚ ਇਹ ਵਰਤੀ ਹੈ। ਆਪਣੇ ਚਿੱਤ ਵਿਚ ਧਿਆਨ ਦਵਾਰਾ ਉਸ ਵਾਹਿਗੁਰੂ ਜੀ ਦੇ ਚਰਨ ਕਮਲਾਂ ਨੂੰ ਟਿਕਾਕੇ ਤੇ ਇਕ ਚਿੱਤ ਉਸ ਦੇ ਨਾਮ ਨੂੰ ਸਿਮਰਕੇ ਵਡੇ ਗੁਰੂ ਸਤਿਗੁਰ ਸ੍ਰੀ ਗੁਰ ਨਾਨਕ ਦੇਵ ਜੀ ਦੇ ਗੁਣਾਂ ਨੂੰ ਕਲ੍ਹ ਜੀ ਗਾਂਵਦੇ ਹਨ। ਪਰਮ ਗੁਰੂ ਸਤਿਗੁਰੂ ਨਾਨਕ ਦੇਵ ਜੀ ਨੂੰ ਇਸ ਲਈ ਕਿਹਾ ਹੈ ਕਿ ਆਪ ਇਕ ਜ਼ਾਤ, ਕੁਲ ਜਾਂ ਦੇਸ਼ ਦੇ ਹੀ ਗੁਰੂ ਨਹੀਂ ਪਰ 'ਜਗਤ ਗੁਰੂ ਨਾਨਕ ਦੇਉ' ਹਨ। ਫਿਰ ਆਪ ਆਪਣੀ ਸਾਧਨਾਂ ਦਵਾਰੇ ਗੁਰੂ ਪਦਵੀ ਨਹੀਂ ਪਾਈ, ਪਰ "ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿੰ ਪਠਾਇਆ"(ਵਾ: ਭਾ: ਗੁ:੧-੨੩) ਸਰਬਤ ਜਗਤ ਦੀ ਪੁਕਾਰ ਸੁਣਕੇ ਅਕਾਲ ਪੁਰਖ ਜੀ ਨੇ ਆਪ ਨੂੰ ਸ੍ਰਿਸ਼ਟੀ ਦਾ ਗੁਰੂ ਪ੍ਰਗਟ ਕੀਤਾ ਹੈ। ਇਸ ਲਈ ਸਤਿਗੁਰੂ ਨਾਨਕ ਦੇਵ ਜੀ ਪਰਮ ਗੁਰੂ ਹਨ॥੧॥*

---

* ਇਸ ਵਿਸਤਾਰ ਲਈ ਦੇਖੋ ਲੇਖ ਨੰ:੯੫ 'ਸਭ ਤੇ ਵਡਾ ਸਤਿਗੁਰੁ ਨਾਨਕ' (ਗੁ: ਨਾ: ਚ:, ਭਾਗ-੨)

**ਮੂਲ**

**ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ ॥ ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ ॥ ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ ॥ ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੨ ॥**

**ਅਰਥ**

ਵਡੇ ਗੁਰੂ (ਗੁਰ ਨਾਨਕ ਦੇਵ ਜੀ ਦੇ) ਗੁਣਾਂ ਨੂੰ ਗਾਂਵਦਾ ਹਾਂ (ਜੋ) ਸੁਖਾਂ ਦੇ ਸਮੁੰਦਰ ਹਨ, ਪਾਪਾਂ ਦੇ ਦੂਰ ਕਰਨ ਵਾਲੇ ਹਨ ਤੇ ਨਾਮ ਦਾ (ਪ੍ਰਵਾਹ ਵਤ) ਸਰੋਵਰ ਹਨ। (ਮੈਂ ਹੀ ਕੇਵਲ ਉਨ੍ਹਾਂ ਦੇ ਗੁਣ ਨਹੀਂ ਗਾਂਵਦਾ ਸਗੋਂ) ਗਾਂਵਦੇ ਹਨ (ਸਤਿਗੁਰੂ ਜੀ ਦੇ ਗੁਣਾਂ ਨੂੰ ਗੰਭੀਰ) ਅਚਲ ਵਿਚਾਰ ਵਾਲੇ ਧੀਰਜਵਾਨ (ਵਿਦਵਾਨ ਜੋ) ਅਕਲ ਦੇ ਸਮੁੰਦਰ ਹਨ (ਅਰ) ਜੋਗੀ ਤੇ ਜੰਗਮ (ਬੀ ਆਪ ਦਾ ਹੀ) ਧਿਆਨ ਧਰ ਰਹੇ ਹਨ। ਗਾਂਵਦੇ ਹਨ (ਆਪ ਨੂੰ) ਇੰਦ੍ਰ ਤੋਂ ਆਦ ਲੈਕੇ (ਦੇਵਤਾ ਅਰ) ਪ੍ਰਹਲਾਦ ਤੋਂ ਆਦ ਲੈਕੇ ਭਗਤ ਜਿਹਨਾਂ ਨੇ ਆਤਮ ਰਸ ਨੂੰ ਅਨੁਭਵ ਕੀਤਾ ਹੈ। ਕਲ੍ਹ (ਨਾਮ ਵਾਲੇ) ਕਵੀ ਗਾਂਵਦੇ ਹਨ ਗੁਰੂ ਨਾਨਕ ਦੇਵ ਜੀ ਦੇ ਸ੍ਰੇਸ਼ਟ ਜਸ ਨੂੰ; ਜਿਨ੍ਹਾਂ ਨੇ ਰਾਜ ਜੋਗ (ਦੋਹਾਂ) ਨੂੰ ਭੋਗਿਆ॥੨॥

**ਪਦ ਅਰਥ**—ਦੁਰਤ-ਪਾਪ। ਜੋਗੀ-ਗੋਰਖ ਨਾਥ ਦੇ ਪੰਥ ਵਾਲੇ। ਜੰਗਮ-ਸ਼ਿਵ ਸੰਪ੍ਰਦਾਯ ਦੇ ਲੋਕ ਜੋ ਸਿਰ ਤੇ ਵਾਲਾਂ ਦੀ ਕਲਗੀ ਬੰਨ੍ਹਦੇ ਹਨ ਤੇ ਹੱਥ ਵਿਚ ਟੱਲੀਆਂ ਵਜਾਉਂਦੇ ਹਨ।

**ਭਾਵ**—ਸਰਬ ਸ਼ਿਰੋਮਣ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਣ ਅਰ ਜਸ ਨੂੰ ਗਾਇਨ ਕਰਦੇ ਹਨ। ਗੁਣ ਓਹ ਜੋ ਗੁਣੀ ਵਿਚ ਵਰਤਦੇ ਹੋਣ, ਜੈਸਾ ਕਿ ਸਤਿਗੁਰ ਨਾਨਕ ਦੇਵ ਜੀ ਸੁਖਾਂ ਦੇ ਸਮੁੰਦਰ ਹਨ, ਪਾਪਾਂ ਦੇ ਦੂਰ ਕਰਨ ਵਾਲੇ ਹਨ, ਨਾਮ ਦਾ ਪ੍ਰਵਾਹੀ ਤਲਾ ਹਨ; ਇਹ ਗੁਣ ਹਨ ਜੋ ਕਿ ਧੰਨ ਗੁਰੂ ਨਾਨਕ ਦੇਵ ਜੀ ਦੇ ਵਿਚ ਵਰਤਦੇ ਹਨ ਤੇ ਜਿਨ੍ਹਾਂ ਦਾ ਪਰਤੱਖ ਅਸਰ ਆਮ ਲੋਕਾਂ ਪੁਰ ਹੋਇਆ ਹੈ। ਮਹਾਂ ਦੁਖੀ, ਕੁਸ਼ਟੀ ਲੋਗਾਂ ਭੀ ਜਦ ਆਪ ਜੀ ਦੇ ਦਰਸ਼ਨ ਪਾਏ ਤਾਂ ਪਰਮ ਸੁਖੀ ਹੋ ਗਏ। ਬੜੇ ਬੜੇ ਪਾਪੀ ਰਾਖਸ਼ ਭੀ ਆਪ ਜੀ ਦੀ ਸ਼ਰਨ ਵਿਚ ਆਕੇ ਪਵਿਤ੍ਰ ਹੋ ਗਏ। ਬੜੇ ਕਠੋਰ ਚਿੱਤ ਨਾਸਤਕ ਜੋ ਕਰਤਾਰ ਤੋਂ ਬੀ ਬੇਮੁਖ ਸੇ 'ਓਹ' ਨਿਰੇ ਆਸਤਕ ਹੀ ਨਾ ਹੋਏ, ਸਗੋਂ ਸਿਮਰਨ ਭਜਨ ਵਿਚ ਰੰਗੇ ਗਏ। ਇਹ ਪ੍ਰਭਾਵਸ਼ਾਲੀ ਗੁਣਾਂ ਦੀਆਂ ਸਾਖੀਆਂ ਜਨਮ ਸਾਖੀ ਵਿਚ ਪ੍ਰਗਟ ਹਨ। ਗੁਣਾਂ ਨੂੰ ਵੇਖਕੇ ਲੋਕਾਂ ਨੂੰ ਖਿੱਚ ਪੈਂਦੀ ਹੈ ਤੇ ਨੇੜੇ ਹੋਕੇ ਜਦ ਗੁਣ ਵੇਖਦੇ ਹਨ ਤਾਂ ਉਹਨਾਂ ਪੁਰ ਗੁਣਾਂ ਦਾ ਪ੍ਰਭਾਵ ਪੈਂਦਾ ਹੈ ਜਿਸਤੋਂ ਮੁੱਤਾਸਰ ਹੋਕੇ ਉਹ ਜਸ ਕਰਦੇ ਹਨ ਤੇ ਵਾਹ ਵਾਹ ਕਰ ਉਠਦੇ ਹਨ। ਸੋ ਅਗੇ ਉਹਨਾਂ ਮਹਾਂਪੁਰਖਾਂ ਦੇ ਨਾਮ ਭੀ ਦਿੱਤੇ ਹਨ ਤੇ ਸਰਵ ਸਾਧਾਰਨ ਪੁਰਖ ਭੀ ਆਖੇ ਹਨ। ਸਤਿਗੁਰੂ ਜੀ ਨੂੰ ਸਰਬਾਤਮ ਪਰਮਾਤਮਾ ਰੂਪ ਕਰਕੇ ਕਲ੍ਹ ਭੱਟਾਚਾਰਯ ਜੀ ਨੇ ਗਾਵਿਆ ਹੈ, ਜੈਸਾ ਕਿ ਅਗੇ ਚੱਲਕੇ ਪਉੜੀ ੯ ਵਿਚ ਆਪ ਜੀ ਨੇ ਨਿਰਨੇ ਕਰ ਦਿੱਤਾ ਹੈ ਕਿ **"ਬ੍ਰਹਮੰਡ ਖੰਡ ਪੂਰਨ ਬ੍ਰਹਮੁ 'ਗੁਣ' 'ਨਿਰਗੁਣ' ਸਮ ਜਾਣਿਓ"** ਅਰਥਾਤ ਖੰਡਾਂ ਬ੍ਰਹਮੰਡਾਂ ਵਿਚ ਪੂਰਨ ਨਿਰਗੁਣ ਬ੍ਰਹਮ ਤੇ (ਸਤਿਗੁਰੂ ਸਰੂਪ ਵਿਚ ਪ੍ਰਗਟੇ) ਸਗੁਣ ਬ੍ਰਹਮ ਦੁਹਾਂ ਨੂੰ ਸਮ ਜਾਣਕੇ ਭਾਵ **"ਨਿਰਗੁਨੁ ਆਪਿ ਸਰਗੁਨੁ ਭੀ ਓਹੀ"**(ਸੁਖਮਨੀ) ਸਮਝਕੇ ਮੈਂ ਜਸ ਕੀਤਾ ਹੈ। ਪਾਠਕਾਂ ਨੂੰ ਇਹ ਭਾਵ ਸਮਝਕੇ ਸਵਯੇ ਦਾ ਵਿਚਾਰ ਸੁਹਣਾ ਸਮਝ ਵਿਚ ਆਸੀ, ਇਸ ਲਈ ਇਥੇ ਬਿਨੈ ਕਰ ਦਿਤੀ ਹੈ॥੨॥

| ਮੂਲ | ਅਰਥ |
|---|---|
| **ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ ॥ ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ ॥ ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ ॥ ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੩ ॥** | (ਸਤਿਗੁਰ ਨਾਨਕ ਦੇਵ ਜੀ ਦੇ ਜਸ ਨੂੰ) ਗਾਂਵਦੇ ਹਨ ਜਨਕ ਆਦਿਕ (ਗਜਾਨੀ) ਸਹਿਤ (ਨੌਂ) ਜੋਗੇਸ੍ਵਰਾਂ ਦੇ (ਜੋ ਸਤਿਗੁਰੂ) ਹਰੀ ਨਾਮੁ ਰਸ ਕਰਕੇ ਭੀ ਪੂਰਨ ਹੈ (ਅਰ ਵਾਹਿਗੁਰੂ ਜੀ ਦੀਆਂ) ਸਰਬ ਕਲਾਂ (ਕਰਕੇ ਭੀ) ਪੂਰਨ ਹਨ*। ਗਾਂਵਦੇ ਹਨ ਸਨਕ ਆਦਿਕ (ਚਾਰੋਂ ਭ੍ਰਾਤਾ ਅਰ) ਸਾਧੂ (ਅਰ ਗੋਰਖ) ਆਦਿ (ਚੌਰਾਸੀ) ਸਿਧ (ਅਰ) ਮੁਨੀ ਜਨ ਭੀ ਗਾਂਵਦੇ ਹਨ (ਕਿ ਹੇ ਸਤਿਗੁਰੋ! ਆਪ) ਛਲੀਆਂ ਤੋਂ ਅਛਲ ਹੋ (ਭਾਵ ਵਾਹਿਗੁਰੂ ਰੂਪ ਹੋ)। ਗਾਂਵਦੇ ਹਨ ਧੋਮ ਰਿਸ਼ੀ ਜੀ (ਅਰ) ਓਹ (ਜੋ) ਅਟੱਲ ਹੋਕੇ ਆਪਣੇ ਮੰਡਲ ਵਿਚ ਹਨ (ਧ੍ਰੂ ਭਗਤ ਜਿਸਨੇ ਕਿ) ਪ੍ਰੇਮਾ ਭਗਤੀ ਦੇ ਰਸ ਨੂੰ ਜਾਣਿਆ ਹੈ। ਕਲ੍ਯ ਕਵੀ ਜੀ ਗਾਂਵਦੇ ਹਨ ਗੁਰ ਨਾਨਕ ਦੇਵ ਜੀ ਦੇ ਸ੍ਰੇਸ਼ਟ ਜੱਸ ਨੂੰ, ਜਿਨ੍ਹਾਂ ਨੇ ਰਾਜ ਜੋਗ ਨੂੰ ਭੋਗਿਆ ਹੈ॥੩॥ |

**ਪਦਾਰਥ**—ਧੋਮੁ-ਧ੍ਰੂ ਭਗਤ ਜਾਂ ਧੋਮ ਰਿਖੀ।

**ਭਾਵ**—ਜਨਕ ਜੀ ਤ੍ਰੇਤਾ ਜੁਗ ਵਿਚ ਮਿਥਲਾ ਪੁਰੀ ਦੇ ਰਾਜਾ ਹੋਏ ਹਨ, ਆਪ ਵਾਹਿਗੁਰੂ ਜੀ ਦੇ ਗਜਾਨ ਵਾਲੇ ਪ੍ਰਸਿਧ ਹਨ। ਆਪ ਨੂੰ ਜਿਨ੍ਹਾਂ ਮਹਾਂ ਪੁਰਖਾਂ ਨੇ ਉਪਦੇਸ਼ ਕੀਤਾ ਸੀ, ਓਹ ਨੌਂ ਜਗੇਸ੍ਵਰ ਸਨ, ਜਿਨ੍ਹਾਂ ਦੇ ਨਾਮ ਏਹ ਹਨ:-ਕਪ ੧, ਹਰੀ ੨, ਅੰਤ੍ਰੀਛ ੩, ਪ੍ਰਬੁਧ ੪, ਪਿਪਲਾਇਨ ੫, ਹੋਤ੍ਰ ੬, ਦ੍ਰੂਮਲ ੭, ਜਸਮ ੮, ਕਰਭਾਂਜਨ ੯। ਰਾਜਾ ਜਨਕ ਤੇ ਇਨ੍ਹਾਂ ਦੀ ਕਥਾ ਵਿਸਥਾਰ ਨਾਲ ਭਾਗਵਤ ਪੁਰਾਨ ਦੇ ੧੧ਵੇਂ ਸਕੰਧ ਅਰ ਤੀਸਰੇ ਧਿਆਇ ਵਿਚ ਹੈ। ਰਾਜਾ ਜਨਕ ਜੀ ਦੀ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ "**ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ॥**" {ਕਾ: ਅ: ਮ: ੪-੧੩੦੯} ਇਤਨਾ ਸੰਖੇਪ ਮਾਤ੍ਰ ਕਿਹਾ ਹੈ ਅਰ ਭਾਈ ਗੁਰਦਾਸ ਜੀ ਨੇ 'ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚ ਉਦਾਸੀ। {ਵਾਰ ੧੦ ਪਉੜੀ ੫} ਦੱਸ ਕੇ ਸੁਹਣਾ ਨਾਮ ਪ੍ਰਤਾਪ ਦਾ ਪ੍ਰਸੰਗ ਦਿਤਾ ਹੈ। ਸਨਕਾਦਿਕ ਬ੍ਰਹਮਾਂ ਜੀ ਦੇ ੪ ਪੁਤ੍ਰ ਲਿਖੇ ਹਨ। ਸਨਕ ੧, ਸਨੰਦਨ ੨, ਸਨਾਤਨ ੩, ਸਨਤ ਕੁਮਾਰ ੪। ਏਹ ਭੀ ਸਤਿਗੁਰ ਜੀ ਦੇ ਗੁਣ ਗਾਂਵਦੇ ਹਨ। ਧੋਮ ਜੀ ਇਕ ਰਿਖੀ ਹੋਏ ਹਨ। ਭਗਤ ਧ੍ਰੂ ਜੀ ਦੀ ਕਥਾ ਪ੍ਰਸਿੱਧ ਹੀ ਹੈ, ਭਾਈ ਗੁਰਦਾਸ ਜੀ ਨੇ ਵਾਰ ੧੦ ਦੀ ਪਹਿਲੀ ਪਉੜੀ ਵਿਚ ਆਪ ਦੀ ਕਥਾ ਲਿਖੀ ਹੈ 'ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।' (ਦੇਖੋ ਸਾਰੀ ਪਉੜੀ)। ਰਾਜ ਜੋਗ ਦੇ ਦੋ ਭਾਵ ਹਨ, ਇਕ ਤਾਂ ਸਤਿਗੁਰੂ ਜੀ ਨੇ ਰਾਜ ਵਿਚ ਹੀ ਜੋਗ ਕੀਤਾ ਹੈ, ਦੂਜਾ ਸਹਜ ਜੋਗ। ਵਿਸ਼ੇਸ਼ ਵਿਚਾਰ ਅਗੇ ਹੋਵੇਗਾ॥੩॥

---

* ਰਸ ਵਿਚ ਜੁੜੇ ਹੋਏ ਜੋਗੇਸ਼ਰ ਸਰਬ ਕਲਾਂ ਸੰਪੰਨ ਹਰੀ ਨੂੰ ਗਾਂਵਦੇ ਹਨ, ਗਜਾਨੀ ਇਉਂ ਭੀ ਅਰਥ ਕਰਦੇ ਹਨ।

| ਮੂਲ | ਅਰਥ |
|---|---|
| ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ॥ ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ ॥ ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ ॥ ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੪ ॥ | ਵਾਹਿਗੁਰੂ ਜੀ ਦੇ ਵਡੇ ਅਵਤਾਰ (ਸਤਿਗੁਰ ਨਾਨਕ ਦੇਵ ਜੀ) ਨੂੰ ਕਪਲ ਆਦਿ ਵੱਡੇ ਜੋਗੀ ਗਾਂਵਦੇ ਹਨ। ਜਮਦਗਨਿ (ਰਿਸ਼ੀ ਜੀ ਅਰ) ਪਰਸਰਾਮ ਜੀ (ਜਿਨ੍ਹਾਂ ਦੇ) ਹੱਥੋਂ ਤੇਜ ਸਹਿਤ ਕੁਹਾੜਾ ਸ੍ਰੀ ਰਾਮ ਚੰਦਰ ਜੀ ਨੇ ਖੋਹ ਲਿਆ ਸੀ (ਇਹ ਭੀ ਸਤਿਗੁਰੂ ਜੀ ਦੇ ਗੁਣਾਂ ਨੂੰ) ਗਾਂਵਦੇ ਹਨ। ਊਧੋ ਜੀ, (ਭਗਤ) ਅਕ੍ਰੂਰ ਜੀ, ਬਿਦਰ ਜੀ, ਜਿਹਨਾਂ ਨੇ ਸਰਬਤ ਵਿਖੇ ਵਾਹਿਗੁਰੂ ਜੀ ਨੂੰ ਪੂਰਨ ਜਾਣਿਆ ਹੈ (ਇਹ ਭੀ ਸਤਿਗੁਰੂ ਜੀ ਦੇ ਗੁਣਾਂ ਨੂੰ ਗਾਂਵਦੇ ਹਨ)। ਕਲ੍ਹ ਕਵੀ ਜੀ ਸ੍ਰੇਸ਼ਟ ਜਸ ਗਾਂਵਦੇ ਹਨ ਸਤਿਗੁਰ ਨਾਨਕ ਦੇਵ ਜੀ ਦਾ, ਰਾਜ ਜੋਗ ਜਿਨ੍ਹਾਂ ਨੇ ਭੋਗਿਆ ਹੈ॥੪॥ |

**ਪਦ ਅਰਥ**—ਅਪਰੰਪਰ-ਜਿਸ ਦਾ ਪਾਰ ਨ ਪਾਇਆ ਜਾ ਸਕੇ, ਵਾਹਿਗੁਰੂ।

**ਭਾਵ**—ਵਾਹਿਗੁਰੂ ਜੀ ਦੇ ਸ਼ਿਰੋਮਣੀ ਅਵਤਾਰ ਸਤਿਗੁਰੂ ਜੀ ਹਨ, ਹੋਰ ਸਭ ਅਵਤਾਰ ਗੁਰੂ ਅਵਤਾਰ ਦੇ ਤਾਬਿਆ ਹਨ। ਜੈਸਾ ਕਿ:-**"ਕ੍ਰਿਸਨੁ ਬਲਭਦ੍ਰ ਗੁਰਪਗ ਲਗਿ ਧਿਆਵੈ"**।(੧੬੫) ਇਸ ਮਹਾਂ ਵਾਕ ਵਿਚ ਪ੍ਰਗਟ ਕੀਤਾ ਹੈ, ਕਿ ਕਪਿਲ ਜੀ ਮਹਾਰਾਜ ਵੱਡੇ ਸਿਧ ਹੋਏ ਹਨ, ਆਪ ਜੀ ਦੀ ਮਾਤਾ ਦੇਵਹੂਤੀ ਤੇ ਪਿਤਾ ਕਰਦਮ ਪ੍ਰਜਾਪਤੀ ਨਾਮ ਰਿਖੀ ਹੋਏ ਸਨ, ਸਾਂਖ ਯੋਗ ਦਾ ਗਿਆਨ ਪਹਿਲਾਂ ਆਪ ਨੇ ਪ੍ਰਗਟ ਕੀਤਾ ਹੈ, ਹਿੰਦੂ ਲੋਕ ਆਪ ਨੂੰ ਭਗਵਾਨ ਦੇ ਚੌਵੀ ਅਵਤਾਰਾਂ ਵਿਚੋਂ ਗਿਣਦੇ ਹਨ, ਇਹ ਭੀ ਸਤਿਗੁਰੂ ਜੀ ਦੇ ਗੁਣਾਂ ਨੂੰ ਗਾਂਵਦੇ ਹਨ। ਜਮਦਗਨਿ ਰਿਖੀ ਪਰਸਰਾਮ ਜੀ ਦੇ ਪਿਤਾ ਸਨ, ਪਰਸਰਾਮ ਜੀ ਭੀ ਚੌਵੀ ਅਵਤਾਰਾਂ ਵਿਚੋਂ ਹਨ। ਆਪ ਪਾਸੋਂ ਹੀ ਤੇਜ ਸਮੇਤ ਕੁਹਾੜਾ ਸ੍ਰੀ ਰਾਮ ਚੰਦਰ ਜੀ ਨੇ ਖੋਹਿਆ ਸੀ, ਇਹ ਕਥਾ ਰਾਮਾਯਣ ਵਿਚ ਪ੍ਰਗਟ ਹੈ। ਊਧਵ ਜੀ ਉਹ ਭਗਤ ਹਨ ਜਿਨ੍ਹਾਂ ਦੀ ਕਥਾ ਪ੍ਰਸਿੱਧ ਹੈ ਕਿ ਸ੍ਰੀ ਕ੍ਰਿਸ਼ਨ ਜੀ ਦੇ ਭੇਜੇ ਹੋਏ ਬਿੰਦ੍ਰਾਬਨ ਗੋਪੀਆਂ ਨੂੰ ਉਪਦੇਸ਼ ਕਰਨ ਗਏ ਸੀ। ਅਕ੍ਰੂਰ ਜੀ ਭੀ ਪ੍ਰੇਮੀ ਭਗਤ ਹੋਏ ਹਨ। ਇਸੇ ਤਰ੍ਹਾਂ ਬਿਦਰ ਜੀ ਪਾਂਡਵਾਂ ਦੇ ਸਮੇਂ ਇਕ ਭਗਤ ਹੋਏ ਹਨ। ਸ੍ਰੀ ਕ੍ਰਿਸ਼ਨ ਜੀ ਦੁਰਜੋਧਨ ਦੇ ਪਾਸ ਜਦ ਗਏ ਤਾਂ ਬਿਦਰ ਦੇ ਘਰ ਜਾਕੇ ਠਹਿਰੇ ਸਨ, ਜਿਸਦਾ ਸੰਖੇਪ ਇਉਂ ਹੈ:-

> **"ਰਾਜਨ ਕਉਨੁ ਤੁਮਾਰੈ ਆਵੈ॥ ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥੧॥ ਰਹਾਉ॥ ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥ ਤੁਮਰੋ ਦੂਧੁ ਬਿਦਰ ਕੋ ਪਾਨ੍ਹੋ ਅੰਮ੍ਰਿਤੁ ਕਰਿ ਮੈ ਮਾਨਿਆ॥੧॥ ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥ ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ"॥੨॥੯॥** {ਮਾਰੂ ਕਬੀਰਜੀ}

ਭਾਈ ਗੁਰਦਾਸ ਜੀ ਨੇ ਭੀ ਲਿਖਿਆ ਹੈ:-

> 'ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ॥ ਘਰਿ ਅਸਾਡੇ ਛਡਿਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ॥ ਭੀਖਮੁ ਦੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ॥ ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ॥ ਹਸਿ ਬੋਲੇ

ਭਗਵਾਨ ਜੀ ਸੁਣਿਹੋ ਰਾਜਾ ਹੁਇ ਸਨਮੁਖਾ॥ ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ॥ ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ॥ ਗੋਬਿੰਦ ਭਾਉ ਭਗਤਿ ਦਾ ਭੁਖਾ॥੭॥' (ਭਾ: ਗੁ: ਵਾਰ-੧੦)

| ਮੂਲ | ਅਰਥ |
|---|---|
| ਗਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ ॥ ਗਾਵੈ ਗੁਣ ਸੇਸੁ ਸਹਸ ਜਿਹਬਾ ਰਸ ਆਦਿ ਅੰਤਿ ਲਿਵ ਲਾਗਿ ਧੁਨਾ ॥ ਗਾਵੈ ਗੁਣ ਮਹਾਦੇਉ ਬੈਰਾਗੀ ਜਿਨਿ ਧਿਆਨ ਨਿਰੰਤਰਿ ਜਾਣਿਓ ॥ ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੫ ॥ | (ਸਤਿਗੁਰ ਜੀ ਦੇ) ਗੁਣ ਗਾਂਵਦੇ ਹਨ ਚਾਰੇ ਵਰਨ (ਬ੍ਰਹਮਣ, ਖਤ੍ਰੀ, ਸੂਦ੍ਰ, ਵੈਸ਼) ਛੇ ਦਰਸ਼ਨ (ਜੋਗੀ, ਜੰਗਮ, ਸਰੇਵੜੇ, ਸੰਨਯਾਸੀ, ਮਦਾਰ, ਬ੍ਰਹਮਨ) ਅਰ ਬ੍ਰਹਮਾ ਤੋਂ ਆਦਿ ਲੈਕੇ (ਸਭ) ਸਿਮਰਨ ਕਰਦੇ ਹਨ ਗੁਣਾਂ ਦਾ। ਗਾਂਵਦਾ ਹੈ ਗੁਣ ਸ਼ੇਸ਼ ਨਾਗ (ਜੋ) ਹਜ਼ਾਰ ਜਿਹਬਾ ਨਾਲ ਧੁਨੀ ਲਾਕੇ ਆਦ ਅੰਤ (ਗਾਂਵਦਾ ਹੈ ਨਾਮ ਨੂੰ ਤੇ) ਲਿਵ ਵਿਚ ਲੱਗ ਕੇ ਰਸ ਮਾਣਦਾ ਹੈ। ਸ਼ਿਵਜੀ (ਜੋ ਤਿਆਗੀ ਹਨ), ਜਿਨ੍ਹਾਂ ਨਿਰੰਤਰ ਧਿਆਨ ਨੂੰ ਅਨੁਭਵ ਕੀਤਾ ਹੈ (ਉਹ ਭੀ) ਗੁਣ ਗਾਂਵਦੇ ਹਨ। ਕਲ੍ਯ ਕਵੀ ਜੀ ਗੁਰੂ ਨਾਨਕ ਦੇ ਸ੍ਰੇਸ਼ਟ ਜਸ ਨੂੰ ਗਾਂਵਦੇ ਹਨ, ਜਿਨ੍ਹਾਂ ਨੇ ਰਾਜ ਜੋਗ ਨੂੰ ਭੋਗਿਆ ਹੈ॥੫॥ |

**ਭਾਵ**—ਖਟ ਦਰਸ਼ਨਾਂ ਤੋਂ ਛੇ ਸ਼ਾਸਤ੍ਰਾਂ ਦੀ ਮੁਰਾਦ ਭੀ ਹੋ ਸਕਦੀ ਹੈ। ਛੇ ਸ਼ਾਸਤ੍ਰ ਏਹ ਹਨ- ਨਯਾਯ, ਸਾਂਖ, ਮੀਮਾਂਸਾ, ਯੋਗ, ਵੈਸੇਸ਼ਕ, ਵੇਦਾਂਤ। ਅਰ ਮਹਾਂਦੇਉ ਤੋਂ ਬੈਰਾਗੀ ਪਦ ਅਡਰਾ ਕਰਕੇ ਸ਼ਿਵਜੀ ਤੇ ਸ੍ਰੀ ਰਾਮਾ ਨੰਦ ਬੈਰਾਗੀ ਭੀ ਅਰਥ ਕਰਦੇ ਹਨ॥੫॥

| ਮੂਲ | ਅਰਥ |
|---|---|
| ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥ ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ ॥ ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ ॥ ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ ॥ ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ ॥ ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ ॥ ੬ ॥ | ਰਾਜ ਤੋਂ ਜੋਗ ਨੂੰ ਭੋਗਿਆ ਹੈ, (ਸਤਿਗੁਰ ਨਾਨਕ ਦੇਵ ਜੀ ਨੇ ਅਰ ਆਪਦੇ) ਰਿਦੇ ਅੰਦਰ ਨਿਰਵੈਰਤਾ ਦਾ ਵਾਸਾ ਹੈ (ਅਥਵਾ ਆਪਦੇ ਹਿਰਦੇ ਨਿਰਵੈਰ ਵਾਹਿਗੁਰੂ ਵਸਦਾ ਹੈ)। ਸ੍ਰਿਸ਼ਟੀ ਸਾਰੀ ਤਾਰ ਲਈ, (ਜਿਨ੍ਹਾਂ ਨੇ ਸਤਿਗੁਰ ਤੋਂ) ਨਾਮ ਲੈਕੇ ਲਗਾਤਾਰ (ਜਪਿਆ, ਓਹ ਸਾਰੇ ਹੀ) ਤਰ ਗਏ। ਗੁਣ ਗਾਂਵਦੇ ਹਨ ਸਨਕ, ਸਨੰਦਨ ਆਦਿ (ਚਾਰੇ ਭਰਾ ਤੇ ਇਹਨਾਂ ਤੋਂ ਆਦ ਲੈਕੇ ਸਾਰੇ ਮਹਾਂ ਪੁਰਖ ਤੇ) ਜਨਕ ਆਦਿਕ ਰਾਜਾਨੀ ਜੁਗਾਂ ਪ੍ਰਯੰਤ। ਧੰਨ ਹੈ, ਧੰਨ ਹੈ, ਧੰਨ ਹੈ, ਸਤਿਗੁਰ (ਆਪ ਜੀ ਦਾ) ਅਵਤਾਰ ਜਗਤ ਵਿਚ ਉਤਮ ਤੇ ਸਫਲ ਹੈ। ਦਾਸ ਕਲ੍ਯ ਕਵੀ ਆਖਦਾ ਹੈ (ਸਤਿਗੁਰ ਜੀ ਦੀ) 'ਜੈ ਹੋ! ਜੈ ਹੋ!! ਜੈ ਹੋ!!!' (ਐਸੀ ਉਚੀ ਧੁਨੀ) ਪਤਾਲ ਤੋਂ (ਭੀ ਪ੍ਰਗਟ) ਹੋ ਰਹੀ ਹੈ। ਵਾਹਿਗੁਰੂ ਜੀ ਦੇ ਨਾਮ ਰਸੀਏ ਸਤਿਗੁਰ ਨਾਨਕ ਦੇਵ ਜੀ ਆਪ ਜੀ ਨੇ ਹੀ ਰਾਜ ਜੋਗ ਦਾ ਆਨੰਦ ਲਿਆ ਹੈ॥੬॥ |

**ਪਦ ਅਰਥ**—ਸਕਯਥੁ-ਯਥਾਰਥ, ਸਫਲ। ਮਾਣਿਓ-ਭੋਗਿਆ।

**ਭਾਵ**—ਸਤਿਗੁਰ ਨਾਨਕ ਦੇਵ ਜੀ ਦੇ ਗੁਣਾਂ ਗਾਂਵਦੇ ਕਲ੍ਯ ਭਟ ਜੀ ਬਚਨ ਕਰਦੇ ਹਨ ਕਿ ਸੰਸਾਰਕ ਰਾਜ ਵਿਚ ਰਹਿਕੇ ਵਾਹਿਗੁਰੂ ਮਿਲਾਪ ਦੇ ਆਨੰਦ ਨੂੰ ਸਤਿਗੁਰ ਜੀ ਨੇ ਹੀ ਭੋਗਿਆ ਹੈ, ਤੇ ਵੈਰ ਦੇ ਮੰਡਲ ਵਿਚ ਰਹਿਕੇ ਆਪ ਦਿਲੋਂ ਨਿਰਵੈਰ ਹੀ ਰਹੇ, ਅਥਵਾ 'ਨਿਰਵੈਰ' ਵਾਹਿਗੁਰੂ ਦਾ ਆਪਦੇ ਰਿਦੇ ਵਿਚ ਵਾਸ ਹੈ। ਸ੍ਰਿਸ਼ਟੀ ਸਾਰੀ ਤਾਰ ਲਈ ਸਤਿਗੁਰਾਂ ਨੇ। ਅੱਠ ਪਹਰ ਲਗਾਤਾਰ ਨਾਮ ਲੈਕੇ ਜਪਣ ਵਾਲੇ ਜੋ ਭੀ ਆਪ ਨੂੰ ਮਿਲੇ ਓਹ ਤਰ ਗਏ; ਜਾਂ ਕੇਵਲ ਨਾਮ ਆਸਰੇ ਹੀ ਲਗਾਕੇ ਤਾਰਿਆ। ਯੋਗ ਦੇ ਮੰਨੇ ਹੋਏ ਪ੍ਰਧਾਨ ਸਨਕਾਦਿਕ ਸਤਿਗੁਰ ਜੀ ਦਾ ਯੋਗ ਤੱਕਕੇ ਗੁਣ ਗਾ ਰਹੇ ਹਨ ਤੇ ਰਾਜ ਪ੍ਰਬੰਧ ਵਿਚ ਉੱਘਾ ਰਾਜਾ ਜਨਕ ਗ੍ਰਿਹਸਤ ਨਿਰਬਾਨ ਨੂੰ ਵੇਖਕੇ ਧੰਨ ਧੰਨ ਕਰ ਰਿਹਾ ਹੈ। ਇਸ ਸਤਿਗੁਰ ਜੀ ਦੇ ਗੁਣ ਗਾਇਨ ਵਿਚ ਇਨ੍ਹਾਂ ਮਹਾਂਪੁਰਖਾਂ ਨੂੰ ਇੰਨਾਂ ਪ੍ਰੇਮ ਹੈ ਕਿ ਜੁਗਾਂ ਤਕ ਹੀ ਗੁਣ ਗਾਵਣ ਦੇ ਇੱਛਾਵਾਨ ਹਨ 'ਜੁਗਹ ਲਗਿ' ਦੇ ਭਾਵ ਇਉਂ ਭੀ ਗਿਆਨੀ ਲੈਂਦੇ ਹਨ, ਕਿ ਜੁਗਾਂ ਸਮੇਤ ਗੁਣ ਗਾਂਵਦੇ ਹਨ। ਅਥਵਾ 'ਜੁਗਹ ਲਗਿ' ਆਪਣੇ ਆਪਣੇ ਜੋੜੀਦਾਰਾਂ ਸਮੇਤ ਸਨਕਾਦਿਕ ਵਿਰਕਤ ਮਹਾਤਮਾਂ ਸਮੇਤ ਤੇ ਜਨਕ ਜੀ ਰਾਜਿਆਂ ਸਮੇਤ, ਅਥਵਾ ਆਪਣੇਂ ਆਪਣੇ ਜੁਗਾਂ ਸਮੇਤ, ਅਰਥਾਤ ਸਤਿਜੁਗ ਸਮੇਤ ਸਨਕਾਦਿਕ ਅਰ ਤ੍ਰੇਤਾ ਸਮੇਤ ਜਨਕ ਜੀ ਗੁਣ ਗਾਉਂਦੇ ਹਨ। ਸ੍ਰਿਸ਼ਟੀ ਤਾਰਕ ਸਤਿਗੁਰੁ ਧੰਨ ਹੈ! ਜਨਕ ਆਦਿਕਾਂ ਦੁਆਰਾ ਸਲਾਹਿਆ ਗਿਆ ਸਤਿਗੁਰ ਧੰਨ ਹੈ, ਸਫਲ ਅਵਤਾਰ ਸਤਿਗੁਰੂ ਧਨ ਹੈ। ਕਲ੍ਯ ਕਵੀ ਜੀ ਆਖਦੇ ਹਨ ਕਿ ਇਸ ਧਰਤੀ ਤੋਂ ਨੀਵੇਂ ਥਾਵਾਂ ਵਿਚ ਭੀ 'ਜੈ ਹੋ ਸਤਿਗੁਰ ਨਾਨਕ ਦੇਵ ਜੀ ਕੀ! ਜੈ ਹੋ ਸ੍ਰਿਸ਼ਟੀ ਤਾਰਕ ਸਤਿਗੁਰੂ ਜੀ ਕੀ' ਐਸੀ ਜੈ ਜੈ ਦੀ ਉਚੀ ਆਵਾਜ਼ ਆ ਰਹੀ ਹੈ। ਵਾਹਿਗੁਰੂ ਜੀ ਦੇ ਨਾਮ ਦੇ ਰਸ ਨੂੰ ਆਪ ਲੈਣ ਵਾਲੇ ਤੇ ਸੰਸਾਰ ਨੂੰ ਵੰਡਣ ਵਾਲੇ ਸਤਿਗੁਰ ਜੀਓ! ਰਾਜ ਜੋਗ ਦੇ ਰਸ ਨੂੰ ਆਪ ਜੀ ਨੇ ਹੀ ਲੀਤਾ ਹੈ॥੬॥

| ਮੂਲ | ਅਰਥ |
| --- | --- |
| **ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥ ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥ ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥ ਸ੍ਰੀ ਗੁਰੁ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥ ੭ ॥** | ਸਤਿਜੁਗ ਵਿਚ ਤੂੰ (ਰਾਜ) ਮਾਣਿਆ (ਤੇ ਤੈਨੂੰ) ਭਾਇਆ ਬਾਵਨ (ਜਿਸ ਨੇ) ਬਲ ਰਾਜੇ ਨੂੰ ਛਲਿਆ। ਤ੍ਰੇਤੇ (ਜੁਗ) ਵਿਚ ਤੈਂ (ਰਾਜ) ਮਾਣਿਆ, ਰਘੁ (ਰਾਜਾ ਦੀ) ਬੰਸ ਵਿਚ ਰਾਮ ਜੀ ਅਖਵਾਇਆ। ਦੁਆਪਰ ਵਿਚ ਕ੍ਰਿਸ਼ਨ ਨੇ ਮੁਰ ਦੈਤ ਨੂੰ ਮਾਰਕੇ ਕੰਸ ਰਾਜਾ ਨੂੰ ਮੁਕਤ ਕੀਤਾ। ਉਗ੍ਰਸੈਣ ਨੂੰ ਰਾਜ ਦਿਤਾ ਤੇ ਭਗਤ ਜਨਾਂ (ਜੋ ਕੰਸ ਤੋਂ ਭੈ ਭੀਤ ਸਨ, ਉਹਨਾਂ) ਨੂੰ ਨਿਰਭੈ ਕਰ ਦਿਤਾ। ਕਲਿਜੁਗ ਵਿਚ (ਸਰਬ ਸ਼ਿਰੋਮਣ ਦਰਗਾਹੇ ਪ੍ਰਮਾਣਿਤ ਅਰਥਾਤ) ਪ੍ਰਮਾਣੀਕ (ਅਵਤਾਰ ਆਪਣੇ ਆਪ ਨੂੰ ਸ੍ਰੀ) ਗੁਰੂ ਨਾਨਕ (ਸਾਹਿਬ ਜੀ ਸ੍ਰੀ ਗੁਰੂ) ਅੰਗਦ (ਸਾਹਿਬ ਜੀ ਤੇ ਸ੍ਰੀ ਗੁਰੂ) ਅਮਰਦਾਸ (ਸਾਹਿਬ ਜੀ) ਕਹਿਲਾਏ। ਸ੍ਰੀ ਸਤਿਗੁਰੂ ਜੀ ਦਾ ਰਾਜ ਅਬਿਨਾਸੀ ਤੇ ਨਾ ਟਲਣ ਵਾਲਾ, ਅਕਾਲ ਪੁਰਖ ਜੀ ਨੇ (ਆਪਣੇ) ਹੁਕਮ ਨਾਲ (ਇਸਥਿਤ) ਕੀਤਾ ਹੈ॥੭॥ |

**ਪਦਾਰਥ**—ਬਲਿ-ਇਕ ਰਾਜਾ ਦਾ ਨਾਮ ਹੈ ਜੋ ਪ੍ਰਹਿਲਾਦ ਭਗਤ ਜੀ ਦਾ ਪੋਤਾ ਸੀ। ਰਘੁਵੰਸੁ-ਰਘੁ ਰਾਜਾ ਦੀ ਕੁਲ ਜਿਸ ਵਿਚ ਸ੍ਰੀ ਰਾਮ ਚੰਦ੍ਰ ਜੀ ਹੋਏ ਹਨ। ਕੰਸੁ-ਇਹ ਭੀ ਮਥਰਾ ਦਾ ਰਾਜਾ ਸੀ ਜੋ ਸਾਕੋਂ ਸ੍ਰੀ ਕ੍ਰਿਸ਼ਨ ਜੀ ਦਾ ਮਾਮਾ ਸੀ। ਉਗ੍ਰਸੈਣ-ਇਹ ਕੰਸ ਦਾ ਪਿਤਾ ਸੀ ਜਿਸ ਨੂੰ ਕੰਸ ਨੇ ਕੈਦ ਕਰ ਰਖਿਆ ਸੀ। ਪ੍ਰਮਾਣੁ-ਅਰਸ਼ਾਂ ਕੁਰਸ਼ਾਂ ਵਿਚ ਮੰਨੇ ਪ੍ਰਮੰਨੇ ਜਾਂ ਸ਼ਿਰੋਮਣ ਅਵਤਾਰ।

**ਭਾਵ**—(੧) ਪਹਿਲੇ ਜੁਗਾਂ ਦੇ ਅਵਤਾਰਾਂ ਤੇ ਕਰਣੀਆਂ ਦਾ ਜ਼ਿਕਰ ਕੀਤਾ ਹੈ, ਤੇ ਅੰਤ ਵਿਚ ਦਸਿਆ ਹੈ ਕਿ ਕਲਜੁਗ ਦਾ ਅਵਤਾਰ ਪ੍ਰਮਾਣੀਕ ਅਵਤਾਰ ਹੈ, ਜਿਸ ਨੇ ਗੁਰੂ ਨਾਨਕ ਆਦਿ ਕਹਿਲਾਯਾ ਹੈ। (੨) ਇਸ ਨੁਕਤੇ ਨੂੰ ਲੈਕੇ ਜੇ ਟੁਰੀਏ ਕਿ ਸਾਰੇ ਜੁਗਾਂ ਦਾ ਇਕ ਇਹ ਅਵਤਾਰ ਦਾ ਕਿਵੇਂ ਇਸ਼ਾਰਾ ਹੈ ਤਾਂ ਵਿਚਾਰ ਇਹ ਹੈ : ਇਸ ਸਵੱਯੇ ਵਿਚ ਕਲ੍ਯ ਭਟਾਚਾਰਯ ਜੀ ਨੇ ਆਪਣੇ ਇਸ਼ਟ ਸਤਿਗੁਰ ਨਾਨਕ ਸਾਹਿਬ ਜੀ ਨੂੰ ਸਰਬ-ਰੂਪਤਾ ਵਿਚ ਵਰਣਨ ਕੀਤਾ ਹੈ ਜੀਕੁਣ ਸਤਿਗੁਰ ਜੀ ਨੇ ਮਹਾਂ ਮੰਤ੍ਰ ਸ੍ਰੀ ਜਪੁ ਸਾਹਿਬ ਜੀ ਦੀ ਪੰਜਵੀਂ ਪੌੜੀ ਵਿਚ-'**ਗੁਰ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ**' ਵਿਚ ਸਰਬ ਰੂਪ ਸਤਿਗੁਰ ਜੀ ਨੂੰ ਵਰਣਨ ਕੀਤਾ ਹੈ; ਕਿ ਸਤਿਗੁਰ ਹੀ ਸ਼ਿਵ ਹੈ, ਸਤਿਗੁਰ ਹੀ ਬਰਮਾ ਹੈ, ਸਤਿਗੁਰ ਹੀ (ਗੋਰਖੁ-) ਸ੍ਰਿਸ਼ਟੀ ਰਖਜਕ ਵਿਸ਼ਨੂੰ ਹੈ, ਸਤਿਗੁਰ ਹੀ ਪਾਰਬਤੀ (ਮਾਂ), ਲਖਮੀ ਤੇ ਸੁਰੱਸਤੀ ਹੈ। ਭਾਵ ਸਭਨੀਂ ਥੋਕੀਂ ਗੁਰੂ ਹੀ ਗੁਰੂ ਹੈ। ਤਿਵੇਂ ਹੀ ਸ੍ਰੀ ਸਤਿਗੁਰੂ ਰਾਮ ਦਾਸ ਸਾਹਿਬ ਜੀ ਸੋਰਠਿ ਰਾਗ ਵਿਖੇ ਆਪਣੇ ਪ੍ਰੀਤਮ ਸ੍ਰੀ ਵਾਹਿਗੁਰੂ ਜੀ ਨੂੰ ਸਰਬ ਰੂਪ ਕਰਕੇ ਇਉਂ ਵਰਣਨ ਕਰਦੇ ਹਨ:-ਯਥਾ-"**ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ॥ ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ॥**"(੬੦੬) ਤਥਾ-"**ਕਰਿ ਆਪ ਗਊ ਚਰਾਵੈ ਬਾਨਾ**"॥ {ਮਾਰੂ ਮ: ੫ ਸੋਲਹੇ}

ਇਸ ਤਰ੍ਹਾਂ ਦੇ ਵਚਨਾਂ ਵਿਚ ਤ੍ਰੈ ਭਾਵ ਪ੍ਰਤੀਤ ਹੁੰਦੇ ਹਨ। ਗਜਾਨ ਪੱਖ ਵਿਚ, ਪੂਰਨ ਗਜਾਨ ਦੀ ਦਸ਼ਾ ਵਿਚ ਪਰਮਾਤਮਾਂ ਆਤਮਾਂ ਦੀ ਏਕਤਾ ਵਿਚ ਹਰਿ ਪਾਸੇ ਹਰਿ ਵਸਤੂ ਵਿਚ ਆਪਣਾ ਪਿਆਰਾ ਹੀ ਦਿਸਦਾ ਹੈ, ਜੈਸਾ ਕਿ ਚੌਥੇ ਪਾਤਸ਼ਾਹ ਜੀ ਨੇ ਪਿਛੇ ਕਹੇ ਬਚਨਾਂ ਵਿਚ ਪ੍ਰਗਟ ਕੀਤਾ ਹੈ। ਭਗਤੀ ਪੱਖ ਵਿਚ ਅਨੰਨਜਤਾ ਦੀ ਅਤਿ ਬੁੜ ਹੈ; ਅਨੰਨਜਤਾ ਬਿਨਾਂ ਭਗਤੀ ਸਿੱਧ ਨਹੀਂ ਹੁੰਦੀ। ਇਕ ਇਸ਼ਟ ਵਿਚ ਅਨੰਨਜਤਾ ਹੋਣ ਦੇ ਕਾਰਨ ਦੂਜੇ ਮਹਾਂ ਪੁਰਖਾਂ ਵਲੋਂ ਬ੍ਰਿਤੀ ਉਦਾਸ ਮਾਤ੍ਰ ਹੋ ਜਾਵੇ ਤਾਂ ਸੂਖਮ ਦੁਬਿਧਾ ਬਣੀ ਰਹਿੰਦੀ ਹੈ ਤੇ ਜੇ ਦੂਜੇ ਮਹਾਂ ਪੁਰਖਾਂ ਦੀ ਨਿੰਦਾ ਵਿਚ ਜਾਂ ਊਚ ਨੀਚ ਦੇ ਝਗੜੇ ਵਿਚ ਜਾ ਫਸੇ ਤਾਂ ਆਪਣੀ ਭਗਤੀ ਵਿਚ ਏਹ ਆਸੁਰੀ ਔਗੁਣ ਵਿਘਨਕਾਰਕ ਹੀ ਨਹੀਂ ਸਗੋਂ ਵਾਦ ਵਿਵਾਦ ਵਿਚ ਪੈਕੇ ਆਪਣਾ ਅਮੋਲਕ ਜਨਮ ਹੀ ਵਿਰਥਾ ਹੋ ਜਾਂਦਾ ਹੈ ਤੇ ਅਨੇਕ ਭਲੇ ਪੁਰਖਾਂ ਦਾ ਚਿਤ ਅਤਿ ਦੁਖੀ ਹੁੰਦਾ ਹੈ, ਇਸੇ ਲਈ ਉਤਮ ਮਹਾਂ ਪੁਰਖਾਂ ਉਪਦੇਸ਼ ਕੀਤਾ ਹੈ:-"**ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ॥ ਰਸਨਾ ਰਾਮ ਰਸਾਇਨੁ ਪੀਜੈ॥**"(੧੧੬੪) ਵਾਦ ਵਿਵਾਦ ਰਹਿਤ ਪੁਰਖਾਂ ਲਈ ਕਿਹਾ ਹੈ:-"**ਬਿਨੁ ਬਾਦ ਬਿਰੋਦਹਿ ਕੋਈ ਨਾਹੀ॥ ਮੈ ਦੇਖਾਲਿਹੁ ਤਿਸੁ ਸਾਲਾਹੀ॥**"(੧੦੨੫) ਇਸ ਲਈ ਉਤਮ ਭਗਤ ਜਨਾਂ ਦਾ ਇਹ ਮਾਰਗ ਹੈ ਕਿ ਆਪਣੇ ਇਸ਼ਟ ਵਿਚ ਸਰਬੱਤ ਨੂੰ ਦੇਖਣਾ, ਜੈਸੇ ਦੀਵਾ, ਬਿਜਲੀ, ਅਗਨੀ ਸਰਬਤ ਸੂਰਜ ਵਿਖੇ ਹੈ। ਜਿਵੇਂ ਸਰਬਤ ਤਰੰਗ ਸਾਗਰ ਵਿਖੇ ਹਨ ਤਾਂਤੇ ਸਰਬ ਤਰੰਗੀ ਰੂਪ ਸਾਗਰ ਨੇ ਹੀ ਧਾਰਿਆ ਹੈ। ਜੈਸੇ ਸਰਬਤ ਗਹਿਣੇ ਸੋਨੇ ਵਿਖੇ ਹਨ, ਤੈਸੇ ਸਰਬਤ ਅਵਤਾਰ, ਪੈਗੰਬਰ, ਸਿੱਧ, ਯੋਗੀ ਮੇਰੇ ਇਸ਼ਟ ਵਿਚ ਹੀ ਹਨ ਅਰ ਸਰਬ ਰੂਪ ਮੇਰੇ ਇਸ਼ਟ ਨੇ ਹੀ ਧਾਰੇ ਹਨ। ਇਹ ਬੂਝ ਭਗਤੀ ਪਖ ਵਿਚ ਉੱਤਮ ਮੰਨੀ ਹੈ। ਇਸ ਵਿਚ ਆਪਣੀ ਅਨੰਨਜਤਾ ਭੀ ਦ੍ਰਿੜ੍ਹ ਹੈ, ਮਹਾਂ ਪੁਰਖਾਂ ਦੀ ਨਿੰਦਾ ਭੀ ਨਹੀਂ ਹੁੰਦੀ ਤੇ ਚਿਤ ਵਿਚੋਂ

ਸੂਖਮ ਦੁਬਿਧਾ ਭੀ ਦੂਰ ਹੋ ਜਾਂਦੀ ਹੈ, ਅਰ ਸਾਰੇ ਭਗਤ ਜਨਾਂ ਦਾ ਸਤਿਕਾਰ ਭੀ ਟਿਕਿਆ ਰਹਿੰਦਾ ਹੈ। ਇਹੀ ਸਿਖਯਾ ਭਾਈ ਸਾਹਿਬ ਗੁਰਦਾਸ ਜੀ ਨੇ ਦਿਤੀ ਹੈ; ਯਥਾ:-'ਆਪਨੋ ਸੁਅੰਨਿ[1] ਜੈਸੇ ਲਾਗਤ ਪਿਆਰੋ ਜੀਅ ਜਾਣੀਐ ਵੈਸੋ ਈ ਪਜਾਰੋ ਸਕਲ ਸੰਸਾਰ ਕਉ। ਆਪਨੋ ਦਰਬੁ[2] ਜੈਸੇ ਰਾਖੀਐ ਜਤਨ ਕਰਿ ਵੈਸੋਈ ਸਮਝਿ ਸਭ ਕਾਹੂ ਕੋ ਬਿਉਹਾਰ ਕਉ। ਉਸਤੁਤ ਨਿੰਦਾ ਸੁਨਿ ਬਿਆਪਤ ਹਰਖ ਸੋਗ, ਵੈਸੀਐ ਲਗਤ ਜਗ ਅਨਿਕ ਪ੍ਰਕਾਰ ਕਉ। ਤੈਸੇ ਕੁਲ ਧਰਮੁ ਕਰਮ ਜੈਸੇ ਜੈਸੋ ਕਾਕੋ[3] ਉਤਮ ਕੈ ਮਾਨਿ ਜਾਨਿ ਬ੍ਰਹਮ ਬਿਸਥਾਰ ਕਉ। ਕਬਿਤ-੩੯੮[4]।

ਹੁਣ ਜੇ ਇਹ ਪ੍ਰਸ਼ਨ ਕੋਈ ਕਰੇ ਕਿ ਕਿਤੇ ਕਿਤੇ ਬਾਣੀ ਵਿਚ ਅਕਾਲ ਪੁਰਖ ਜੀ ਦੇ ਮੁਕਾਬਲੇ ਪੁਰ ਅਵਤਾਰਾਂ ਨੂੰ ਨੀਵਾਂ ਭੀ ਕਿਹਾ ਹੈ, ਦੇਵੀ ਦੇਵਤਿਆਂ ਨੂੰ ਮਾਇਆ ਦੇ ਚੱਕ੍ਰ ਵਿਚ ਫਸੇ ਬੀ ਦਸਿਆ ਹੈ; ਤਾਂ ਇਸ ਦਾ ਉੱਤਰ ਇਹ ਹੈ ਕਿ ਆਦਿ ਭਗਤੀ ਦਾ ਉਪਦੇਸ਼ ਕਰਨ ਵੇਲੇ ਸਤਿਗੁਰੂ ਹੇਠਲਿਆਂ ਤੋਂ ਨਜ਼ਰ ਚੁੱਕਣ ਲਈ ਤੇ ਸਰਬ ਸ਼ਿਰੋਮਣ ਵਾਹਿਗੁਰੂ ਜੀ ਪੁਰ ਠਹਿਰਾਉਣ ਲਈ ਇਹ ਉਪਦੇਸ਼ ਕੀਤਾ ਕਰਦੇ ਸਨ, ਸੋ ਇਨ੍ਹਾਂ ਬਚਨਾਂ ਦਾ ਭਾਵ ਵਾਹਿਗੁਰੂ ਜੀ ਦੀ ਸਰਬ ਸ਼ਿਰੋਮਣਤਾ ਪ੍ਰਗਟ ਕਰਨ ਲਈ ਤੇ ਅਸਲੀਅਤ ਪਰ ਲੈ ਜਾਣ ਲਈ ਹੈ, ਨਿੰਦਾ ਭਾਵ ਕਰਕੇ ਇਹ ਬਚਨ ਨਹੀਂ ਆਖੇ। ਪ੍ਰਸ਼ਨ-ਤਾਂ ਸਰਬ ਸ਼ਿਰੋਮਣਤਾ ਲਈ ਐਵੇਂ ਉਪਦੇਸ਼ ਕਰ ਦਿੰਦੇ? ਉਤ੍ਰ-ਜਦ ਤਕ ਮੁਕਾਬਲੇ ਪਰ ਖੜੀ ਵਸਤੂ ਦੀ ਵਡਿਆਈ ਛੁਟਿਆਈ ਪ੍ਰਗਟ ਨਾ ਕੀਤੀ ਜਾਵੇ ਤਦ ਤਕ ਉਸ ਵਸਤੂ ਦੇ ਵਡੇ ਹੋਣ ਦਾ ਗਜਾਨ ਪ੍ਰਾਪਤ ਨਹੀਂ ਹੋ ਸਕਦਾ, ਸੋ ਉਪਦੇਸ਼ ਕਰਨ ਵੇਲੇ ਜਗਜਾਸੂ ਨੂੰ ਐਸਾ ਕਿਹਾ ਜਾਂਦਾ ਹੈ। ਹੁਣ ਭਾਵ ਵਲ ਆਓ ਕਿ ਭਗਤੀ ਦੀ ਪੂਰਨ ਅਵਧੀ ਹੈ, ਆਪਣੇ ਇਸ਼ਟ ਦੇਵ ਨੂੰ ਸਰਬ ਰੂਪ ਵਿਚ ਵੇਖਣਾ। ਇਸ ਹਾਲਤ ਵਿਚ ਭੇਦ ਭਾਵ ਮਿਟ ਜਾਂਦਾ ਤੇ ਪੂਰਨ ਏਕਤਾ ਦਾ ਗਜਾਨ ਆ ਪ੍ਰਕਾਸ਼ਦਾ ਹੈ। ਅਗੇ ਚੱਲ ਕੇ ਨੌਵੇਂ ਸਵੱਯੇ ਵਿਚ ਸਪਸ਼ਟ ਕੀਤਾ ਹੈ। ਯਥਾ-'ਗੁਣ ਨਿਰਗੁਣ ਸਮ ਜਾਣਿਓ।' ਤੀਸਰਾ ਪੱਖ ਕਰਮਾਂ ਦਾ ਹੈ, ਇਹ ਮੰਨੀ ਪ੍ਰਮੰਨੀ ਗੱਲ ਹੈ ਕਿ ਆਪਣੀ ਸੰਸਾਰਕ ਕਾਮਨਾ ਵਾਸਤੇ ਕੀਤੇ ਸ਼ੁਭ ਕਰਮਾਂ ਦਾ ਫਲ ਮਿਲਦਾ ਹੈ ਪਰ ਉਹ ਕਰਮ ਅੰਤ ਵਾਲਾ ਫਲ ਦਿੰਦੇ ਹਨ, ਇਸ ਲਈ ਵਾਹਿਗੁਰੂ ਜੀ ਦੇ ਪਿਆਰਿਆਂ ਨੂੰ ਲੋੜ ਹੈ ਕਿ ਸ਼ੁਭ ਕਰਮ ਕਰਕੇ ਵਾਹਿਗੁਰੂ ਜੀ ਦੇ ਅਰਪਨ ਕਰਨੇ ਤੇ ਕੀਤੇ ਕਰਮਾਂ ਦੇ ਮਾਨ ਨੂੰ ਛਡਕੇ ਨਜ਼ਰ ਇਕੋ ਦਾਤਾ ਪਰ ਰਖਣੀ ਤੇ ਸਾਰੀਆਂ ਦਾਤਾਂ ਦੇ ਦੇਣ ਵਾਲਾ ਇਕੋ ਆਪਣੇ ਇਸ਼ਟ ਨੂੰ ਸਮਝਣਾ। ਇਸੇ ਲਈ ਸ਼ਿਵ, ਵਿਸ਼ਨੂੰ, ਬ੍ਰਹਮਾਂ, ਪਾਰਬਤੀ, ਲਛਮੀ, ਸੁਰਸਤੀ ਇਨ੍ਹਾਂ ਸਾਰਿਆਂ ਤੋਂ ਜੋ ਲੋੜਾਂ ਪੂਰੀਆਂ ਹੋਣੀਆਂ ਹਨ ਉਹ ਸਾਰੀਆਂ ਲੋੜਾਂ ਨੂੰ ਪੂਰਨ ਕਰਨ ਵਾਲਾ ਇਕ ਸਤਿਗੁਰ ਜੀ ਨੂੰ ਕਿਹਾ। ਭਾਵ ਇਹ ਹੈ ਕਿ "**ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ।**"(੫੨) ਪਤੀਬ੍ਰਤਾ ਇਸਤ੍ਰੀ ਆਪਣੇ ਪਤੀ ਤੋਂ ਸਭ ਲੋੜਾਂ ਜੀਕੁਣ ਪੂਰੀਆਂ ਕਰਦੀ ਹੈ, ਇਸੇ ਤਰ੍ਹਾਂ ਸਭ ਲੋੜਾਂ ਸਿਖ ਦੀਆਂ ਇਕੋ ਸਤਿਗੁਰੂ ਪੂਰਨ ਕਰਦਾ ਹੈ। ਇਉਂ ਪੱਖ ਵਿਚ ਭੀ ਅਨੰਨਜਤਾ ਦੀ ਲੋੜ ਹੈ, ਇਸ ਲਈ ਹੁਕਮ ਹੈ :-

**"ਜਾਕੋ ਠਾਕੁਰੁ ਊਚਾ ਹੋਈ॥ ਸੋ ਜਨੁ ਪਰ ਘਰ ਜਾਤ ਨ ਸੋਹੀ॥੧॥**
**ਸੋ ਸਾਹਿਬੁ ਰਹਿਆ ਭਰਪੂਰਿ॥ ਸਦਾ ਸੰਗਿ ਨਾਹੀ ਹਰਿ ਦੂਰਿ॥੨॥**
**ਕਵਲਾ ਚਰਨ ਸਰਨ ਹੈ ਜਾਕੇ॥ ਕਹੁ ਜਨ ਕਾ ਨਾਹੀ ਘਰ ਤਾਕੇ॥੩॥"** (੩੩੦)

ਤਥਾ-"**ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ ਲਾਜ ਲੋਨੁ ਹੋਇ ਜਾਈਐ।**"(੧੨੧੪) ਇਸ ਲਈ ਸਾਰੀਆਂ ਟੇਕਾਂ ਚੁਕਾਕੇ ਇਕੋ ਦਾਤਾਰ ਸਤਿਗੁਰੂ ਪੁਰ ਟੇਕ ਰਖਣ ਲਈ ਸਭ ਅਵਤਾਰ ਸਤਿਗੁਰੂ ਜੀ ਦੇ ਅੰਤਰ ਕਹੇ ਹਨ ਤੇ ਸਾਰਿਆਂ ਸਮਿਆਂ ਵਿਚ ਸਭ ਚੋਜ ਸਤਿਗੁਰੂ ਜੀ ਦੇ ਹੀ ਤੱਕਦੇ ਹੋਏ ਇਹ ਬਚਨ ਕਹੇ ਪ੍ਰਤੀਤ ਹੁੰਦੇ ਹਨ॥੭॥

---

੧. ਪੁੱਤ੍ਰ। ੨. ਧਨ। ੩. ਕਿਸੇ ਦਾ। ੪. ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਨਾਲ ਸ਼ੁਧ ਕੀਤੇ।

## ਮੂਲ

ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ ॥ ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ ॥ ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ॥ ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ ॥ ਸੁਖਦੇਉ ਪਰੀਖ੍ਯ੍ਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ ॥ ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ ॥ ੮ ॥

## ਅਰਥ

(ਸਤਿਗੁਰ ਨਾਨਕ ਸਾਹਿਬ ਜੀ ਦੇ) ਗੁਣਾਂ ਨੂੰ ਗਾਂਵਦੇ ਹਨ ਭਗਤ ਰਵਿਦਾਸ ਜੀ, (ਭਗਤ) ਜੈ ਦੇਵ ਜੀ, (ਭਗਤ) ਤ੍ਰਿਲੋਚਨ ਜੀ। ਭਗਤ ਨਾਮ ਦੇਵ ਜੀ, (ਭਗਤ) ਕਬੀਰ ਜੀ (ਵਾਹਿਗੁਰੂ ਜੀ ਨੂੰ ਸਾਰੇ) ਸਮਾਨ ਤੱਕਣ ਵਾਲੇ (ਇਹ) ਸਦਾ (ਹੀ ਸਤਿਗੁਰ ਜੀ ਦੇ ਗੁਣਾਂ ਨੂੰ) ਗਾਂਵਦੇ ਹਨ। ਭਗਤ ਬੇਣੀ ਜੀ ਗੁਣਾਂ ਨੂੰ ਉਚਾਰਦੇ ਹਨ, (ਕੈਸੇ ਹਨ ਭਗਤ ਬੇਣੀ ਜੀ?) ਜੋ ਸ਼ਾਂਤੀ ਨਾਲ ਆਤਮ ਆਨੰਦ ਨੂੰ ਲੈਂਦੇ ਹਨ। (ਤੇ) ਗੁਰਾਂ ਦੇ ਗਿਆਨ ਦੇ ਰਾਹੀਂ (ਜੋ ਮਿਲਿਆ ਹੈ ਵਾਹਿਗੁਰੂ ਜੀ ਦਾ) ਧਿਆਨ ਜੋਗ (ਉਸ ਤੋਂ) ਬਿਨਾਂ ਹੋਰ ਨੂੰ ਜਾਣਦੇ ਹੀ ਨਹੀਂ। (ਸਤਿਗੁਰੂ ਜੀ ਦੇ) ਗੁਣਾਂ ਨੂੰ ਉਚਾਰਦੇ ਹਨ, ਸੁਕਦੇਵ ਜੀ (ਅਰ ਰਾਜਾ) ਪ੍ਰੀਛਤ ਜੀ ਅਤੇ ਗੋਤਮ ਰਿਖੀ ਜੀ ਨੇ (ਬੀ) ਜਸ ਗਾਇਆ ਹੈ। ਕਲ੍ਯ ਕਵੀ ਜੀ ਆਖਦੇ ਹਨ, ਸਤਿਗੁਰ ਨਾਨਕ (ਸਾਹਿਬ) ਜੀ ਦਾ ਜਸੁ ਨਿਤ ਨਵਾਂ ਹੀ ਜਗਤ ਪਰ ਪਸਰ ਰਿਹਾ ਹੈ॥੮॥

**ਭਾਵ**—ਸਤਿਗੁਰ ਜੀ ਦੇ ਗੁਣਾਂ ਨੂੰ ਤਤ ਗਿਆਨ ਦੇ ਗਿਆਨੀ, ਵਾਹਿਗੁਰੂ ਜੀ ਦੇ ਪਿਆਰੇ ਭਗਤ ਰਵਿਦਾਸ ਜੀ ਗਾਂਵਦੇ ਹਨ। ਆਪ ਕਾਂਸ਼ੀ ਪੁਰੀ ਬਨਾਰਸ ਵਿਚ ਪ੍ਰਗਟ ਹੋਏ ਸਨ। ਜਾਤੀ ਕਰਕੇ ਭਾਵੇਂ ਚਮਾਰ ਸਨ, ਪਰ ਵਾਹਿਗੁਰੂ ਜੀ ਦੀ ਭਗਤੀ ਦੇ ਪ੍ਰਤਾਪ ਕਰਕੇ ਬ੍ਰਾਹਮਣ ਆਦਿ ਚਾਰੋਂ ਵਰਨ ਆਪ ਜੀ ਦੇ ਚਰਨੀ ਪੈਂਦੇ ਸਨ। ਆਪ ਜੀ ਦੇ ਉਚ ਪ੍ਰਭਾਵ ਨੂੰ ਸ੍ਰੀ ਮਾਨ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਉਂ ਪ੍ਰਗਟ ਕੀਤਾ ਹੈ :-

'ਭਗਤੁ ਭਗਤੁ ਜਗਿ ਵਜਿਆ ਚਹੁੰ ਚਕਾਂ ਦੇ ਵਿਚਿ ਚਮਰੇਟਾ'। {ਵਾਰ ੧੦-੧੭}

ਆਪ ਜੀ ਦੇ ਮੁਖੋਂ ਜੋ ਪਵਿਤ੍ਰ ਬਾਣੀ ਪ੍ਰਗਟ ਹੋਈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਹੈ, ਆਪ ਜੀ ਦਾ ਉਚ ਭਾਵ ਇਨ੍ਹਾਂ ਬਚਨਾਂ ਤੋਂ ਪ੍ਰਗਟ ਹੈ:-

**"ਜਨ ਰਵਿਦਾਸ ਰਾਮ ਰੰਗਿ ਰਾਤਾ॥ ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥"**{ਆਸਾ}

### {ਭਗਤ ਜੈ ਦੇਵ ਜੀ}

ਭਗਤ ਜੈ ਦੇਵ ਜੀ ਜਾਤੀ ਦੇ ਬ੍ਰਹਮਣ ਤੇ ਸੰਸਕ੍ਰਿਤ ਦੇ ਵਿਦਵਾਨ ਚੰਗੇ ਪੰਡਤ ਹੋਏ ਹਨ। ਆਪ ਜੀ ਦੀ ਅੰਮ੍ਰਿਤ ਬਾਣੀ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਹੈ। ਆਪ ਜੀ ਦੇ ਉੱਚ ਭਾਵ ਇਸ ਬਚਨ ਵਿਚ ਪ੍ਰਗਟ ਹਨ:-

**"ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮ ਨਿਰਬਾਣੁ ਲਿਵਲੀਣੁ ਪਾਇਆ"** ॥੨॥੧॥ {ਮਾਰੂ}

### {ਭਗਤ ਤ੍ਰਿਲੋਚਨ ਜੀ}

ਭਗਤ ਤ੍ਰਿਲੋਚਨ ਜੀ ਬਾਣੀਏ ਜਾਤੀ ਵਿਚ ਹੋਏ ਹਨ। ਭਗਤ ਮਾਲ ਪੋਥੀ ਵਿਚ ਆਪ ਦੀ ਕਥਾ ਹੈ। ਆਪ ਬੀ ਆਪਣੇ ਪਵਿੱਤ੍ਰ ਬਚਨਾਂ ਤੋਂ ਸਤਿਗੁਰ ਨਾਨਕ ਸਾਹਿਬ ਜੀ ਦੇ ਗੁਣ ਗਾਇਨ ਕਰ ਰਹੇ ਹਨ। ਆਪ ਜੀ ਦੀ ਅੰਮ੍ਰਿਤ ਬਾਣੀ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਹੈ:-

**"ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥**
**ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ"** ॥੫॥੨॥ {ਗੂਜਰੀ}

{ਭਗਤ ਨਾਮ ਦੇਵ ਜੀ}

ਭਗਤ ਨਾਮ ਦੇਵ ਜੀ ਜਾਤੀ ਦੇ ਛੀਂਬੇ ਹੋਏ ਹਨ, ਪਰ ਵਾਹਿਗੁਰੂ ਨਾਮ ਦੇ ਪ੍ਰਤਾਪ ਉਚ ਪਦਵੀ ਨੂੰ ਪ੍ਰਾਪਤ ਹੋਏ। ਆਪ ਦੱਖਣ ਦੇਸ਼ ਵਿਚ ਪ੍ਰਗਟ ਹੋਏ। ਆਪ ਜੀ ਦੇ ਪ੍ਰਸੰਗਾਂ ਸਾਖੀਆਂ ਤੋਂ ਪ੍ਰਗਟ ਹੁੰਦਾ ਹੈ ਕਿ ਵਾਹਿਗੁਰੂ ਨੇ ਆਪ ਦੀ ਅਨੇਕ ਵਾਰੀ ਰਖਜਾ ਕੀਤੀ ਤੇ ਆਪ ਦੇ ਪ੍ਰਭਾਵ ਨੂੰ ਉੱਚਾ ਦਿਖਾਉਣ ਲਈ ਪੰਡਰ ਪੁਰੀ ਵਿਚ ਦੇਹੁਰਾ ਫੇਰਕੇ ਆਪ ਜੀ ਨੂੰ ਵਡਿਆਇਆ। ਆਪਜੀ ਦੀ ਬਾਣੀ ਭੀ ਸਤਿਗੁਰੂ ਜੀ ਨੇ ਪ੍ਰਵਾਨ ਕੀਤੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਹੈ। ਆਪ ਜੀ ਦੇ ਅੰਮ੍ਰਿਤ ਰੂਪੀ ਬਚਨਾਂ ਤੋਂ ਗੁਰੂ ਜਸ ਬਾਰੇ ਆਪ ਦੇ ਭਾਵ ਪ੍ਰਗਟ ਹਨ:-

**"ਸਫਲ ਜਨਮੁ ਮੋਕਉ ਗੁਰ ਕੀਨਾ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ॥੧॥**
**ਗਿਆਨ ਅੰਜਨੁ ਮੋਕਉ ਗੁਰਿ ਦੀਨਾ॥ ਰਾਮ ਨਾਮ ਬਿਨੁ ਜੀਵਨੁ ਮਨ ਹੀਨਾ॥੧॥ਰਹਾਉ॥**
**ਨਾਮ ਦੇਇ ਸਿਮਰਨੁ ਕਰਿ ਜਾਨਾਂ॥ ਜਗਜੀਵਨ ਸਿਉ ਜੀਉ ਸਮਾਨਾਂ॥"** {ਬਿਲਾਵਲ}

{ਭਗਤ ਕਬੀਰ ਜੀ}

ਵਾਹਿਗੁਰੂ ਜੀ ਨੂੰ ਸਾਰੇ ਪਰੀਪੂਰਨ ਦੇਖਣ ਵਾਲੇ ਭਗਤ ਕਬੀਰ ਜੀ ਸਤਿਗੁਰ ਨਾਨਕ ਪਾਤਸ਼ਾਹ ਦੇ ਗੁਣਾਂ ਨੂੰ ਗਾਂਵਦੇ ਹਨ। ਆਪ ਜਾਤੀ ਦੇ ਜੁਲਾਹੇ ਹੋਏ ਹਨ, ਪਰ ਵਾਹਿਗੁਰੂ ਜੀ ਦੀ ਸਿਮਰਨ ਭਗਤੀ ਦੇ ਪ੍ਰਤਾਪ **'ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥'** ਇਸ ਪਦਵੀ ਪੁਰ ਪੁੱਜੇ। ਆਪ ਜੀ ਦੀ ਬਾਣੀ ਭੀ ਸਤਿਗੁਰ ਜੀ ਨੇ ਪ੍ਰਵਾਨ ਕੀਤੀ ਹੈ। ਆਪ ਜੀ ਦੇ ਉੱਤਮ ਭਾਵ ਇਹ ਹਨ :-

**"ਸਤਿਗੁਰੁ ਪੂਜਉ ਸਦਾ ਸਦਾ ਮਨਾਵਉ॥ ਐਸੀ ਸੇਵ ਦਰਗਹ ਸੁਖੁ ਪਾਵਉ"॥੩॥**(ਭੈਰਉ)
ਤਥਾ-**"ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥"**(ਗਉੜੀ)

{ਭਗਤ ਬੇਣੀ ਜੀ}

ਆਤਮ ਗਿਆਨ ਦੀ ਆਰੂਢ ਦਸ਼ਾ ਵਿਚ ਟਿਕੇ ਹੋਏ ਭਗਤ ਬੇਣੀ ਜੀ ਸਤਿਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਂਵਦੇ ਹਨ। ਆਪ ਜੀ ਦੇ ਉੱਚ ਜੀਵਨ ਤੇ ਅਭਜਾਸ ਬਾਬਤ ਭਾਈ ਗੁਰਦਾਸ ਜੀ ਇਉਂ ਲਿਖਦੇ ਹਨ :-

**'ਗੁਰਮੁਖਿ ਬੇਣੀ ਭਗਤਿ ਕਰਿ ਜਾਇ ਇਕਾਂਤੁ ਬਹੈ ਲਿਵ ਲਾਵੈ॥ ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ॥'** {ਵਾਰ ੧੦-੧੪}

ਆਪ ਜੀ ਦੀ ਉਤਮ ਬਾਣੀ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਸਿੱਧ ਹੈ, ਆਪ ਜੀ ਦੇ ਅਭਜਾਸ ਤੇ ਸਿੱਧਾਂਤ ਨੂੰ ਰਾਮਕਲੀ ਰਾਗ ਵਿਚ ਇਕ ਅਸਟਪਦੀ ਪ੍ਰਗਟ ਕਰਦੀ ਹੈ। **"ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥ ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੧॥ ਸੰਤਹੁ ਤਹਾ ਨਿਰੰਜਨ ਰਾਮੁ ਹੈ॥ ਗੁਰ ਗਮਿ ਚੀਨੈ ਬਿਰਲਾ ਕੋਇ॥ ਮਹਾ ਨਿਰੰਜਨੁ ਰਾਮਈਆ ਹੋਇ॥"**(੯੭੪)

ਅੰਤ ਵਿਚ ਦੱਸਿਆ ਹੈ ਕਿ:-

**"ਦਲਿਮਲਿ ਦੈਤਹੁ ਗੁਰਮੁਖਿ ਗਿਆਨੁ॥ ਬੇਣੀ ਜਾਚੈ ਤੇਰਾ ਨਾਮੁ"॥੯॥੧॥** {ਰਾਮਕਲੀ}

{ਸੁਕਦੇਵ ਜੀ ਤੇ ਰਾਜਾ ਪ੍ਰੀਛਤ ਜੀ}

ਆਪ ਸ੍ਰੀ ਵਿਆਸ ਦੇਵ ਜੀ ਦੇ ਸਪੁੱਤ੍ਰ ਹੋਏ ਹਨ। ਅਵਧੂਤ ਦਸ਼ਾ ਵਿਚ ਰਹਿੰਦੇ ਸਨ ਪਰ ਸ਼ਾਂਤੀ ਨੂੰ ਪ੍ਰਾਪਤ ਹੋਏ। ਇਸ ਲਈ ਜਨਕ ਰਾਜਾ ਜੀ ਦੇ ਚਰਨੀ ਲਗਕੇ ਵਾਹਿਗੁਰੂ ਜੀ ਦਾ ਗਿਆਨ ਪ੍ਰਾਪਤ ਕੀਤਾ। ਕਹਿੰਦੇ ਹਨ ਰਾਜਾ ਪ੍ਰੀਛਤ ਨੇ, ਜੋ ਅਭਿਮੰਨੂ ਜੀ ਦੇ ਪੁਤਰ ਤੇ ਅਰਜਨ ਜੀ ਦੇ ਪੋਤ੍ਰੇ ਸਨ, ਇਨ੍ਹਾਂ ਤੋਂ ਭਾਗਵਤ੍ਰ ਪੁਰਾਨ ਸੁਣਿਆਂ ਸੀ। ਇਹ ਸੁਕਦੇਵ ਜੀ ਭੀ ਸਰਬੋਤਮ

ਸਤਿਗੁਰ ਨਾਨਕ ਦੇਵ ਜੀ ਦੇ ਗੁਣ ਗਾਂਵਦੇ ਹਨ। ਤੈਸੇ ਰਾਜਾ ਪ੍ਰੀਛਤ ਜੀ ਭੀ ਸਤਿਗੁਰ ਨਾਨਕ ਦੇਵ ਜੀ ਦੇ ਗੁਣ ਗਾਂਵਦੇ ਹਨ।

{ਗੋਤਮ}

ਗੋਤਮ ਨਾਮਾ ਰਿਖੀ ਜੀ ਸਤਿਗੁਰ ਜੀ ਦੇ ਗੁਣ ਗਾਂਵਦੇ ਹਨ। ਗੋਤਮ ਰਿਖੀ ਜੀ ਨਜਾਯ ਸ਼ਾਸਤ੍ਰ ਦੇ ਕਰਤਾ ਹੋਏ ਹਨ, ਆਪਦਾ ਦੂਸਰਾ ਨਾਮ ਅਸ਼ਟਪਾਦਾ ਭੀ ਹੈ। 'ਗੋਤਮ' ਬੁਧ ਦੇਵ ਜੀ ਦਾ ਨਾਮ ਭੀ ਹੈ। ਇਕ ਗੋਤਮ ਅਹੱਲਿਆ ਦਾ ਪਤੀ ਭੀ ਹੋਇਆ ਹੈ; ਯਥਾ-'**ਗੋਤਮ ਨਾਰਿ ਅਹਲਿਆ**'। ਪਰੰਤੂ ਇਥੇ ਗੋਤਮ ਰਿਖਿ ਲਿਖਿਆ ਹੈ, ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਨਜਾਯ ਸ਼ਾਸਤ੍ਰ ਦਾ ਕਰਤਾ ਗੋਤਮ ਰਿਖੀ ਇਥੇ ਕਿਹਾ ਹੈ; ਪ੍ਰੰਤੂ ਇਹੋ ਹੀ ਅਹੱਲਿਆ ਦਾ ਪਤੀ ਸੀ ਜਾਂ ਉਹ ਹੋਰ ਸੀ ਇਹ ਖੋਜ ਦਾ ਮੁਥਾਜ ਹੈ। ਬੁਧ ਜੀ ਦਾ ਨਾਮ ਗੋਤਮ ਤਾਂ ਸੀ, ਪਰੰਤੂ ਉਹਨਾਂ ਦੇ ਨਾਮ ਨਾਲ ਅੱਗੋਂ ਜਾਂ ਪਿਛੋਂ ਰਿਖੀ ਪਦ ਨਹੀਂ ਆਇਆ ਹੈ; ਜੈਸਾ ਕਿ 'ਰਿਖੀ' ਵਿਸ਼ੇਸ਼ਨ ਨਾਲ ਗੋਤਮ ਰਿਖੀ ਨਜਾਯ ਸ਼ਾਸਤ੍ਰ ਦਾ ਕਰਤਾ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਲਿਖਿਆ ਹੈ।

ਕਲ੍ਯ ਭਟਾਚਾਰਯ ਜੀ ਕਹਿੰਦੇ ਹਨ ਕਿ ਗੁਰ ਨਾਨਕ ਦੇਵ ਜੀ ਦਾ ਉਤਮ ਜਸੁ ਨਿਤ ਨਵਾਂ ਜਗਤ ਪੁਰ ਫੈਲ ਰਿਹਾ ਹੈ।

ਪ੍ਰਸ਼ਨ-ਸਤਿਗੁਰ ਨਾਨਕ ਸਾਹਿਬ ਜੀ ਹੁਣ ਕਲਜੁਗ ਵਿਚ ਪ੍ਰਗਟ ਹੋਏ ਤੇ ਜਸ ਕਰਤਾ ਜਿਨ੍ਹਾਂ ਦੇ ਨਾਮ ਲੀਤੇ ਗਏ ਹਨ ਓਹ ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ-ਵਖੋ-ਵਖ-ਸਮਿਆਂ ਵਿਚ ਹੋਏ; ਓਹ ਸਤਿਗੁਰ ਜੀ ਦੇ ਗੁਣ ਕਿਸ ਤਰ੍ਹਾਂ ਗਾਂਵਦੇ ਹਨ?

ਉੱਤਰ-ਇਨ੍ਹਾਂ ਬਚਨਾਂ ਦੇ ਕਹਿਣ ਵਾਲੇ[1] ਵਾਹਿਗੁਰੂ ਜੀ ਦੀ ਦਰਗਾਹੇ ਪੁੱਜੇ ਹੋਏ ਮਹਾ ਪੁਰਖ ਹਨ। ਜੋ ਕੁਛ ਓਹ ਸਤਿਗੁਰ ਨਾਨਕ ਸਾਹਿਬ ਜੀ ਨੂੰ ਦੇਖ ਰਹੇ ਹਨ, ਓਸਦੇ ਅਨੁਸਾਰ ਜਸ ਕਰਤਿਆਂ[2] ਨੂੰ ਭੀ ਓਹ ਦੇਖ ਰਹੇ ਹਨ। ਆਤਮ ਅਨੁਭਵੀ ਪੁਰਖਾਂ ਨੂੰ ਦੇਸ਼ ਕਾਲ ਦੀ ਹੱਦ ਤੋਂ ਪਾਰ ਗਮਤਾ ਪ੍ਰਾਪਤ ਹੁੰਦੀ ਹੈ। ਸੋ ਪਰਮਾਤਮ ਮੰਡਲ ਵਿਚ ਵਿਥ ਵਲਿਖ ਕੁਛ ਨਹੀਂ, ਇਸੇ ਲਈ ਅੱਗੇ ਚੱਲਕੇ ਆਪ ਜੀ ਨੇ ਸਪਸ਼ਟ ਕੀਤਾ ਹੈ ਕਿ-

> "**ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥ ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ॥ ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ॥ ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ॥**"(ਸਵਯੇ ਮ:੪ ਕੇ-੬੦)

ਸੋ ਅਕਾਲ ਅਦੇਸ਼ ਦੇ ਅਨੁਭਵੀ ਪੁਰਖਾਂ ਦਾ ਕਹਿਣਾ ਯਥਾਰਥ ਹੈ, ਓਹ ਆਪ ਡਿੱਠੇ ਹਾਲ ਪਰਗਟ ਕਰ ਰਹੇ ਹਨ, ਇਸੇ ਲਈ ਯੁਗਾਂ ਜਾਂ ਸਮਿਆਂ ਦਾ ਵਿਚਾਰ ਉਨ੍ਹਾਂ ਦੇ ਮੰਡਲਾਂ ਵਿਚ ਨਹੀਂ ਹੈ, ਜੀਕੁਣ ਸੂਰਜ ਵਿਚ ਰਾਤ ਦਿਨ ਦਾ ਅੰਤਰ ਨਹੀਂ॥੮॥

| ਮੂਲ | ਅਰਥ |
|---|---|
| **ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭੁਯੰਗਮ॥ ਮਹਾਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮ॥ ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ॥ ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ** | (ਸਤਿਗੁਰ ਨਾਨਕ ਦੇਵ ਜੀ ਦੇ) ਗੁਣਾਂ ਨੂੰ ਗਾਂਵਦੇ ਹਨ, ਪਾਤਾਲ ਦੇ ਭਗਤ ਸ਼ੇਸ਼ ਨਾਗ ਆਦਿਕ ਸੱਪ। ਸ਼ਿਵਜੀ ਗੁਣਾਂ ਨੂੰ ਉਚਾਰਦੇ ਹਨ ਸਦਾ ਹੀ ਤੇ ਜੋਗੀ ਜਤੀ ਤੇ ਜੰਗਮ (ਭੀ ਗੁਣ ਗਾਂਵਦੇ ਹਨ)। ਗਾਂਵਦੇ ਹਨ ਗੁਣਾਂ ਨੂੰ ਬਿਆਸ ਮੁਨੀ ਜੀ, ਜਿਨ੍ਹਾਂ ਨੇ ਬਯਾਕਰਨ (ਦਵਾਰਾ) ਬੇਦ (ਨੂੰ) ਬਿਚਾਰਿਆ ਹੈ। ਬ੍ਰਹਮਾ ਜੀ ਗੁਣ ਗਾਂਵਦੇ ਹਨ ਜਿਨ੍ਹਾਂ ਨੇ (ਕਰਤਾਰ ਦੇ) |

੧. ਯਾਨੀ ਸਵਯੇ ਗਾਣ ਵਾਲੇ ਭਟ। ੨. ਯਾਨੀ ਪਿਛਲੇ ਯੁਗਾਂ ਦੇ ਰਿਖੀ ਆਦਿ। (ਸੰਪਾਦਕ)

| ਮੂਲ | ਅਰਥ |
|---|---|
| ਸਵਾਰੀਅ ॥ ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ ॥ ਜਪੁ ਕਲ ਸੁਜਸੁ ਨਾਨਕ ਗੁਰੁ ਸਹਜੁ ਜੋਗੁ ਜਿਨਿ ਮਾਣਿਓ ॥ ੯ ॥ | ਹੁਕਮ ਨਾਲ ਸਾਰੀ ਸ੍ਰਿਸ਼ਟੀ ਨੂੰ ਬਣਾਇਆ ਹੈ। ਖੰਡਾਂ ਬਹ੍ਰਮੰਡਾਂ ਵਿਚ ਪੂਰਨ ਨਿਰਗੁਣ ਬ੍ਰਹਮ (ਤੇ ਗੁਰੂ ਸਰੂਪ ਧਾਰ ਕੇ ਪ੍ਰਗਟੇ) ਸਗੁਣ ਬ੍ਰਹਮ (ਸਤਿਗੁਰ ਨਾਨਕ ਦੇਵ ਜੀ ਨੂੰ) ਇਕੋ ਰੂਪ ਕਰ ਜਾਤਾ ਹੈ। ਹੇ ਕਲ੍ਹ! ਸਤਿਗੁਰ ਨਾਨਕ ਦੇਵ ਜੀ ਦੇ ਉਤਮ ਜਸੁ ਨੂੰ ਉਚਾਰ, ਸਹਿਜ ਜੋਗ ਨੂੰ ਜਿਨ੍ਹਾਂ ਨੇ ਮਾਣਿਆ ਹੈ॥੯॥ |

**ਪਦਾਰਥ**—ਪਾਯਾਲਿ-ਪਾਤਾਲ। ਭੁਯੰਗਮ-ਸੱਪ।

**ਭਾਵ**—ਸਤਿਗੁਰ ਨਾਨਕ ਦੇਵ ਜੀ ਦੇ ਗੁਣਾਂ ਨੂੰ ਪ੍ਰੇਮ ਨਾਲ ਪਤਾਲ ਵਾਸੀ ਭਗਤ ਗਾਂਵਦੇ ਹਨ ਸ਼ੇਸ਼ ਨਾਗ ਆਦਿਕ। ਸ਼ੇਸ਼-ਇਹ ਨਾਮ ਹੈ ਤੇ ਨਾਗ-ਇਹ ਜਾਤੀ ਹੈ। ਨੌ ਕੁਲਾਂ ਵਖੋ ਵੱਖ ਇਨ੍ਹਾਂ ਦੀਆਂ ਹਨ। 'ਭੁਯੰਗਮ' ਸੱਪ ਇਹ ਭੀ ਨੌ ਕੁਲਾਂ ਵਿਚੋਂ ਹੀ ਹਨ। ਆਮ ਲੋਕਾਂ ਦੀ ਬੋਲ ਚਾਲ ਵਿਚ ਸੱਪ, ਨਾਗ, ਇਕ ਲੰਬੇ ਜਿਹੇ ਕੀੜੇ ਨੂੰ ਭੀ ਆਖਦੇ ਹਨ, ਪਰੰਤੂ ਇਥੇ ਮਤਲਬ ਜਾਤਾਂ ਤੋਂ ਪ੍ਰਤੀਤ ਹੁੰਦਾ ਹੈ। ਲਹਿੰਦੇ ਵਲ ਹੁਣ ਤਕ "ਨਾਗ ਪਾਲ" ਜਾਤ ਦੇ ਅਰੋੜੇ ਖਾਨਦਾਨ ਆਦਿ ਅਨੇਕਾਂ ਐਸੀਆਂ ਜਾਤੀਆਂ ਮੌਜੂਦ ਹਨ। ਆਸਾਮ ਵਿਚ ਨਾਗਾ ਕੌਮ ਅਜੇ ਹੈ। ਸ਼ੇਸ਼ ਨਾਗ ਜੀ ਦੀ ਬਾਬਤ ਪ੍ਰਸਿੱਧ ਹੈ ਕਿ ਉਹ ਹਜ਼ਾਰ ਮੁਖਾਂ ਨਾਲ ਹਜ਼ਾਰ ਹੀ ਵਾਹਿਗੁਰੂ ਜੀ ਦੇ ਨਾਮ ਨਵੇਂ ਤੋਂ ਨਵੇਂ ਹਰ ਰੋਜ਼ ਉਚਾਰਦਾ ਹੈ। 'ਨਾਗ' ਅਖਰ ਉਨ੍ਹਾਂ ਦੇ ਨਾਮ ਨਾਲ ਵੇਖ ਕੇ ਤੇ ਏਸੇ ਤਰ੍ਹਾਂ ਮੁਖ ਤੋਂ ਨਿੱਤ ਹਜ਼ਾਰ ਨਵਾਂ ਨਾਮ ਲੈਣਾ ਸੁਣ ਕੇ ਲਿਆ ਹੈ, ਪ੍ਰੰਤੂ ਇਹ ਗਲ ਵਿਚਾਰ ਗੋਚਰੀ ਹੈ। ਹਜ਼ਾਰ ਮੂੰਹ ਦੇ ਹੋਣ ਨਾਲੋਂ ਹਜ਼ਾਰ ਮੂੰਹਾਂ ਤੋਂ ਮੈਂ ਨਿਤ ਨਵਾਂ ਨਾਮ ਉਚਾਰਾਂ ਏਹ ਪ੍ਰੇਮ ਸੰਭਾਵਨਾ ਹੈ। ਜੀਕੁਣ ਸਤਿਗੁਰ ਜੀ ਨੇ **'ਇਕ ਦੂ ਜੀਭੌ ਲਖ ਹੋਹਿ'** ਇਸ ਮਹਾਂਵਾਕ ਵਿਚ ਵਿਸ਼ੇਸ਼ ਸਿਮਰਨ ਦਾ ਪ੍ਰੇਮ ਭਾਵ ਪ੍ਰਗਟ ਕੀਤਾ ਹੈ, ਇਸੇ ਤਰ੍ਹਾਂ ਰਸਨਾਂ ਤੋਂ ਹਜ਼ਾਰਾਂ ਨਵੇਂ ਨਾਮ ਪ੍ਰੇਮਾਭਗਤੀ ਵਿਚ ਆਕੇ ਪ੍ਰਗਟ ਕਰਨ ਵਾਲਾ ਸ਼ੇਸ਼ ਭਗਤ ਹੈ। ਇਹ ਭਾਵ ਸਮਝਣਾ ਵਧੇਰੇ ਉਤਮ ਹੈ। ਹੋਰ ਜਗ੍ਹਾਂ ਪਰ ਭੀ ਸਤਿਗੁਰ ਜੀ ਨੇ ਕਿਹਾ ਹੈ:-

**"ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ"॥** {ਸੂਹੀ ਮ: ੫}

ਪਰੰਤੂ ਕਿਤੇ **'ਸਹਸ ਫਨੀ ਸੇਖ ਅੰਤੁ ਨ ਜਾਨੈ'**(੧੦੮੩) ਜੋ ਲਿਖਜਾ ਹੈ, ਉਥੇ ਜਾਂ ਤਾਂ ਆਮ ਪ੍ਰਚਲਤ ਬੋਲ ਚਾਲ ਵਿਚ ਜੀਕੁਣ ਲੋਕ ਸਮਝ ਸਕਣ ਓਦਾਂ ਬਚਨ ਕਹੇ ਹਨ ਜਾਂ ਅਰਥ ਹੀ ਹੋਰ ਹਨ। 'ਫਨ' ਪਦ ਦਾ ਅਰਥ ਸੱਪ ਦਾ ਫਨ ਭੀ ਹੈ ਤੇ ਹੁਨਰ ਜਾਂ ਕਲਾ ਭੀ। ਸੋ ਹਜ਼ਾਰਾਂ ਕਲਾਂ ਤੇ ਜੁਗਤੀਆਂ ਵਾਲਾ ਸ਼ੇਸ਼ ਭੀ ਅੰਤ ਨਹੀਂ ਜਾਣਦਾ। 'ਮਹਾ ਦੇਉ ਗੁਣ ਰਵੈ' ਸ਼ਿਵਜੀ ਸਤਿਗੁਰ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਂਵਦੇ ਹਨ। ਸ਼ਿਵਜੀ ਤਿੰਨ ਮਸ਼ਹੂਰ ਦੇਵਤਿਆਂ ਵਿਚੋਂ ਇਕ ਹਨ। ਆਪ ਦੇ ਨਾਮ ਪੁਰ ਹੀ ਸ਼ਿਵ ਪੁਰਾਨ ਤੇ ਸ਼ਿਵ ਸੰਹਿਤਾ ਆਦਿਕ ਗ੍ਰੰਥ ਹਨ। ਆਪ ਦਾ ਨਿਵਾਸ ਕੈਲਾਸ਼ ਪੁਰ ਕਿਹਾ ਜਾਂਦਾ ਹੈ। ਆਪ ਜੋਗੀਆਂ ਜੰਗਮਾਂ ਦੀਆਂ ਸੰਪ੍ਰਦਾਵਾਂ ਦੇ ਬਾਨੀ ਮੰਨੇ ਜਾਂਦੇ ਹਨ। ਗੋਰਖ ਨਾਥ ਆਦਿ ਜੋਗੀਆਂ ਨੇ ਆਪ ਤੋਂ ਹੀ ਆਪਣੀ ਸੰਪ੍ਰਦਾ ਦਾ ਸਿਲਸਿਲਾ ਪ੍ਰਚਲਤ ਕੀਤਾ ਹੈ। ਜੋਗੀ ਤੋਂ ਮਤਲਬ ਭਾਵੇਂ ਜੁੜਿਆ ਹੋਇਆ ਭੀ ਨਿਕਲਦਾ ਹੈ, ਪਰ ਇਥੇ ਜੰਗਮ ਨਾਲ ਹੋਣ ਦੇ ਕਾਰਣ ਜੋਗੀ ਸੰਪ੍ਰਦਾਯ ਅਨੁਸਾਰੀ ਜੋਗੀ ਹਨ, ਜੋ ਸਤਿਗੁਰ ਨਾਨਕ ਦੇਵ ਜੀ ਦੇ ਨਾਲ ਸੁਮੇਰ ਪਰਬਤ ਪੁਰ ਨਾਨਕ ਮਤੇ, ਅਚਲ ਵਟਾਲੇ ਆਦ ਥਾਂਵਾਂ ਪੁਰ ਚਰਚਾ ਜਾਂ ਗੋਸਟ ਕਰਦੇ ਰਹੇ ਹਨ ਤੇ ਅੰਤ ਨੂੰ ਭਾਈ ਗੁਰਦਾਸ ਜੀ ਦੇ ਲੇਖ ਅਨੁਸਾਰ 'ਧੰਨ ਨਾਨਕ ਤੇਰੀ ਵਡੀ ਕਮਾਈ' ਦਾ ਅਵਾਜ਼ਾ ਕਰਦੇ ਹੋਏ

ਸਤਿਗੁਰ ਜੀ ਦੇ ਗੁਣ ਗਾਂਵਦੇ ਨਾਮ ਦਾਤ ਦੇ ਭਿੱਛਕ ਬਣੇ; ਜਿਸ ਦੀ ਵਿਚਾਰ ਸਿਧ ਗੋਸਟਿ ਬਾਣੀ ਦੇ ਅੰਤ ਵਿਚ ਹੈ। ਇਹ ਭੀ ਸਤਿਗੁਰ ਜੀ ਦੇ ਗੁਣ ਗਾਂਵਦੇ ਹਨ। ਜਤੀ-ਆਮ ਬੋਲੀ ਵਿਚ ਜਤੀ ਛੇ ਗਿਣੇ ਜਾਂਦੇ ਹਨ:-ਲਛਮਨ ਜਤੀ, ਭੈਰੋ ਜਤੀ, ਦੱਤ ਜਤੀ, ਗੋਰਖ ਜਤੀ, ਭੀਛਮ ਜਤੀ, ਹਨਵੰਤ ਜਤੀ। ਪ੍ਰੰਤੂ ਵਿਦਵਾਨਾ ਦੀ ਬੋਲੀ ਵਿਚ ਜੋ ਅੱਠ ਤਰ੍ਹਾਂ ਦੇ ਕਾਮ ਨੂੰ ਜਿੱਤੇ ਸੋ ਜਤੀ। ਇਹ ਜਤੀ ਭੀ ਸਤਿਗੁਰ ਜੀ ਦੇ ਗੁਣ ਗਾਂਵਦੇ ਹਨ। ਜੰਗਮ-ਇਹ ਭੀ ਛੇ ਦਰਸ਼ਨਾਂ ਵਿਚੋਂ ਇਕ ਦਰਸ਼ਨ ਹੈ, ਸ਼ਿਵਜੀ ਤੋਂ ਆਪਣੀ ਸੰਪ੍ਰਦਾਯ ਪ੍ਰਗਟ ਹੋਈ ਮੰਨਦੇ ਹਨ। ਸਿਰ ਪੁਰ ਵਾਲਾਂ ਦੀਆਂ ਕਲਗੀਆਂ ਝੁਲਾਂਦੇ ਹਨ ਤੇ ਹਥ ਵਿਚ ਟੱਲੀ ਵਜਾਕੇ ਸ਼ਿਵ ਪਾਰਬਤੀ ਦੇ ਪ੍ਰਸੰਗ ਪੜ੍ਹਦੇ ਹਨ। ਇਹ ਆਮ ਸ਼ਹਿਰਾਂ ਵਿਚ ਦੇਖੀਦੇ ਹਨ। ਇਹ ਭੀ ਸਤਿਗੁਰ ਜੀ ਦੇ ਗੁਣ ਗਾਂਵਦੇ ਹਨ।

## {ਬਿਆਸ ਜੀ}

'ਗੁਣ ਗਾਵੈ ਮੁਨਿਬ੍ਯਾਸੁ' ਬਿਆਸੁ ਮੁਨੀ ਪਰਾਸ਼ਰ ਰਿਖੀ ਦੇ ਸਪੁਤ੍ਰ ਹੋਏ ਹਨ। ਆਪ ਦਾ ਖਾਨਦਾਨੀ ਸਨਬੰਧ ਮਾਤਾ ਜੋਜਨ ਗੰਧਾਰੀ ਵਲੋਂ ਪਾਂਡਵ ਕੁਲ ਨਾਲ ਭੀ ਸੀ। ਆਪ ਨੇ ਹੀ ਵਜਾਕਰਨ ਦੁਆਰਾ ਵੇਦਾਂ ਨੂੰ ਵਿਚਾਰਕੇ ਉਹਨਾਂ ਦੇ ਕਰਮ ਉਪਾਸ਼ਨਾਂ ਗਿਆਨ ਦੇ ਮੰਤ੍ਰ ਵਖੋ ਵਖ ਕਰਕੇ ਤਿੰਨ ਕਾਂਡ ਬਣਾਏ ਸਨ। ਆਪ ਦੇ ਨਾਮ ਪੁਰ ਹੀ ਸਾਰੀਰਕ ਸੂਤ੍ਰ ਵੇਦਾਂਤ ਦਰਸ਼ਨ ਪ੍ਰਸਿੱਧ ਹੈ। ਆਪ ਹੀ ੧੮ ਪੁਰਾਣਾਂ ਦੇ ਕਰਤਾ ਮੰਨੇ ਜਾਂਦੇ ਹਨ। ਇਹ ਭੀ ਸਤਿਗੁਰ ਨਾਨਕ ਦੇਵ ਜੀ ਦੇ ਗੁਣ ਗਾਂਵਦੇ ਹਨ।

## {ਬ੍ਰਹਮਾ ਜੀ}

'ਬ੍ਰਹਮਾ ਗੁਣ ਉਚਰੈ' ਇਹ ਤਿੰਨਾਂ ਦੇਵਤਿਆਂ ਵਿਚੋਂ ਇਕ ਦੇਵਤਾ ਹਨ। ਸ੍ਰਿਸ਼ਟੀ ਰਚਣ ਦੀ ਕਾਰ ਕਰਤਾਰ ਦੇ ਹੁਕਮ ਵਿਚ ਕਰਦੇ ਹਨ, ਵੇਦਾਂ ਦੇ ਉਤਪੰਨਾ ਕਰਤਾ ਭੀ ਆਪ ਮੰਨੇ ਜਾਂਦੇ ਹਨ। ਇਹ ਭੀ ਸਤਿਗੁਰ ਜੀ ਦੇ ਗੁਣ ਗਾਂਵਦੇ ਹਨ।

ਬ੍ਰਹਮੰਡ ਤੇ ਬ੍ਰਹਮੰਡ ਦੇ ਅੰਦਰ ਵਖੋ ਵਖ ਖੰਡ ਇਨ੍ਹਾਂ ਵਿਚ ਵਿਆਪਕ ਵਾਹਿਗੁਰੂ ਨਿਰਗੁਣ ਬ੍ਰਹਮ ਤੇ ਜਗ ਤਾਰਨ ਵਾਸਤੇ ਆਕਾਰ ਧਾਰਕੇ ਪ੍ਰਗਟੇ ਸਗੁਣ ਬ੍ਰਹਮ ਸਤਿਗੁਰ ਨਾਨਕ ਦੇਵ ਜੀ, ਕਲ੍ਯ ਜੀ ਆਖਦੇ ਹਨ, ਅਸਾਂ ਨਿਰਗੁਣ ਤੇ ਸਰਗੁਣ ਦੋਹਾਂ ਨੂੰ ਇਕੋ ਰੂਪ ਜਾਣਿਆ ਹੈ। ਇਥੇ ਆਪ ਨੇ ਉਸ ਪ੍ਰਸ਼ਨ ਦਾ ਉੱਤਰ ਆਪ ਹੀ ਦੇ ਦਿੱਤਾ ਹੈ ਕਿ ਕੀਕੁਣ ਪਿਛਲੇ ਮਹਾਂ ਪੁਰਖ ਸਤਿਗੁਰ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਂਵਦੇ ਹਨ। ਆਪਣੇ ਆਪ ਨੂੰ ਸੰਬੋਧਨ ਕਰਦੇ ਆਖਦੇ ਹਨ : ਹੇ ਕਲ੍ਯ! ਸਤਿਗੁਰ ਨਾਨਕ ਦੇਵ ਜੀ ਦੇ ਸ੍ਰੇਸ਼ਟ ਜਸ ਨੂੰ (ਜਪੁ) ਉਚਾਰਨ ਕਰ, ਜਿਨ੍ਹਾਂ ਨੇ ਸਹਜ ਜੋਗ ਨੂੰ ਮਾਣਿਆਂ ਹੈ। ਬਿਨਾਂ ਯਤਨ ਤੋਂ ਸੁਤੇ ਪ੍ਰੇਮ ਭਾਵ ਨਾਲ ਵਾਹਿਗੁਰੂ ਵਿਚ ਜੁੜਿਆ ਰਹਿਣਾ ਇਸ ਦਾ ਨਾਮ ਸਹਜ ਜੋਗ ਹੈ॥੯॥

| ਮੂਲ | ਅਰਥ |
|---|---|
| **ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ ॥ ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ ॥ ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ ॥ ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ ॥ ਦੂਰਬਾ ਪਰੂਰਉ** | (ਸਤਿਗੁਰ ਨਾਨਕ ਸਾਹਿਬ ਜੀ ਦੇ) ਗੁਣਾਂ ਨੂੰ ਨੌਂ ਨਾਥ ਗਾਂਵਦੇ ਹਨ, ਧੰਨ ਹੈ ਸਤਿਗੁਰੂ ਵਾਹਿਗੁਰੂ ਨਾਲ ਇਕ ਰੂਪ। ਮਾਨਧਾਤਾ (ਰਾਜਾ) ਜਿਸ ਨੇ ਚੱਕ੍ਰਵਰਤੀ (ਆਪ ਨੂੰ) ਅਖਵਾਇਆ, (ਉਹ ਭੀ ਸਤਿਗੁਰੂ ਜੀ ਦੇ) ਗੁਣਾਂ ਨੂੰ ਉਚਾਰਦਾ ਹੈ। ਬਲ ਰਾਜਾ ਜੋ ਸਤਵੇਂ ਪਾਤਾਲ ਰਹਿੰਦਾ ਹੈ (ਓਹ ਭੀ ਸਤਿਗੁਰੂ ਜੀ ਦੇ) ਗੁਣਾਂ ਨੂੰ ਗਾਂਵਦਾ ਹੈ। ਭਰਥਰੀ ਜੀ ਜੋ ਸਦਾ ਹੀ ਸਤਿਗੁਰੂ ਜੀ ਦੇ ਨਾਲ ਰਹਿੰਦੇ ਹਨ, (ਓਹ |

| | |
|---|---|
| **ਅੰਗਰੈ ਗੁਰ ਨਾਨਕ ਜਸੁ ਗਾਇਓ॥ ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ ॥ ੧੦ ॥** | ਭੀ) ਗੁਣ ਗਾਂਵਦੇ ਹਨ। ਦੁਰਭਾਸ਼ਾ ਰਿਖੀ, ਪੂਰੂ ਰਾਜਾ, ਅੰਗਰੈ ਰਿਖੀ ਜੀ (ਇਨ੍ਹਾਂ ਸਾਰਿਆਂ ਨੇ ਹੀ) ਸਤਿਗੁਰ ਨਾਨਕ ਦੇਵ ਜੀ ਦੇ ਜਸ ਨੂੰ ਗਾਇਆ ਹੈ। ਕਲ੍ਯ ਕਵੀ ਜੀ ਆਖਦੇ ਹਨ ਕਿ ਸਤਿਗੁਰ ਨਾਨਕ ਦੇਵ ਜੀ ਦਾ ਸ੍ਰੇਸ਼ਟ ਜਸ ਘਟਾਂ ਘਟਾਂ ਵਿਚ ਸੁਤੇ ਹੀ ਸਮਾ ਰਿਹਾ ਹੈ॥੧੦॥ |

**ਪਦ ਅਰਥ**—ਮਾਂਧਾਤਾ-ਮਾਨਧਾਤਾ ਰਾਜਾ। ਚਕ੍ਰਵੈ-ਚਕ੍ਰਵਰਤੀ, ਸਾਰੇ ਜਗਤ ਤੇ ਸਮੁੰਦਰ ਦੇ ਅੰਦਰ ਜੋ ਜ਼ਮੀਨ ਹੈ ਉਸ ਪਰ ਬੀ ਜਿਸ ਦਾ ਹੁਕਮ ਤੁਰੇ। ਬਲਿਰਾਉ-ਇਕ ਰਾਜਾ ਦਾ ਨਾਮ ਹੈ ਜੋ ਵਿਰੋਚਨ ਦਾ ਪੁਤ੍ਰ ਤੇ ਭਗਤ ਪ੍ਰਹਲਾਦ ਦਾ ਪੋਤਾ ਸੀ। ਦੂਰਬਾ-ਦੁਰਬਾਸ਼ਾ ਰਿਖੀ। ਪਰੂਰਉ-ਪੁਰੂ ਨਾਮ ਵਾਲਾ ਰਾਜਾ। ਅੰਗਰੈ-ਇਕ ਰਿਖੀ।

**ਭਾਵ**—ਧੰਨ ਹੈ ਸਤਿਗੁਰੂ ਵਾਹਿਗੁਰੂ ਜੀ ਨਾਲ ਇਕ ਰੂਪ, ਆਪ ਦੇ ਗੁਣਾਂ ਨੂੰ ਨੌਂ ਨਾਥ ਗਾ ਰਹੇ ਹਨ। ਸ੍ਰੀ ਗੋਰਖਨਾਥ ਜੀ ਦੀ ਸੰਪ੍ਰਦਾਯ ਵਿਚ ਨੌਂ ਨਾਥ ਤੇ ਚੌਰਾਸੀ ਸਿੱਧ ਕਲਪ ਪਰਯੰਤ ਅਮਰ ਮੰਨੇ ਹਨ, ਇਹ ਗਲ ਹਠ ਯੋਗ ਪ੍ਰਦੀਪਕਾ ਦੇ ਪਹਿਲੇ ਧਿਆਇ ਵਿਚ ਵੇਖੋ। ਨੌਂ ਨਾਥ ਇਹ ਹਨ:- ਮਾਨਧਾਤਾ ਇਕ ਰਾਜਾ ਹੋਇਆ ਹੈ ਜੋ ਚੱਕ੍ਰਵਰਤੀ ਸੀ, ਆਪ ਦੀ ਕਥਾ ਭਾਗਵਤ ਪੁਰਾਣ ਵਿਚ ਪ੍ਰਸਿੱਧ ਹੈ। ਬਲਿ ਇਕ ਰਾਜਾ ਹੋਇਆ ਹੈ, ਜਿਸ ਨੂੰ ਬਾਵਨ ਅਵਤਾਰ ਜੀ ਨੇ ਪਤਾਲ ਨਿਵਾਸ ਦਿੱਤਾ ਸੀ। 'ਸਪਤ ਪਾਤਾਲ ਬਸੰਤੌ' ਦੇ ਅਰਥ ਗਿਆਨੀ (ਸ+ਪਤ) ਸਹਤ (ਪਤ) ਇੱਜ਼ਤ ਦੇ ਜੋ ਪਤਾਲ ਜਾ ਵਸਿਆ, ਯਾ ਪ੍ਰਤੱਗਯਾ ਪੂਰੀ ਕਰਨ ਵਾਸਤੇ ਜੋ ਪਤਾਲ ਜਾ ਵਸਿਆ, ਇਉਂ ਅਰਥ ਭੀ ਕਰਦੇ ਹਨ। ਭਰਥਰੀ ਜੀ ਜੋਗੀ ਹੋਏ ਹਨ, ਇਹ ਉਹੀ ਭਰਥਰੀ ਜੀ ਸਨ ਜੋ ਉਜੈਨ ਦੇ ਰਾਜ ਨੂੰ ਛੱਡਕੇ ਸ੍ਰੀ ਗੋਰਖਨਾਥ ਜੀ ਦੇ ਚੇਲੇ ਹੋਕੇ ਜੋਗੀ ਬਣੇ ਜਾਂ ਹੋਰ ਭਰਥਰੀ ਜੀ ਸਨ ਇਹ ਖੋਜ ਦੀ ਮੁਥਾਜ ਗਲ ਹੈ, ਪ੍ਰੰਤੂ ਗੁਰੂ ਨਾਨਕ ਪ੍ਰਕਾਸ਼ ਤੇ ਜਨਮ ਸਾਖੀ ਵਿਚ ਭਰਥਰੀ ਜੀ ਦਾ ਸਤਿਗੁਰ ਨੂੰ ਮਿਲਕੇ ਨਾਮ ਦਾਨ ਲੈਣਾ ਤੇ ਪਰਮਾਰਥ ਵਿਸ਼ੇ ਵਿਚ ਪ੍ਰਸ਼ਨ ਕਰਨੇ ਤੇ ਸਤਿਗੁਰ ਜੀ ਦੇ ਉਹਨਾਂ ਦੇ ਨਾਮ ਸੰਬੋਧਨ ਸਹਿਤ ਬਾਣੀ ਵਿਚ ਉੱਤਰ ਦੇਣੇ ਪ੍ਰਗਟ ਹਨ। ਸਤਿਗੁਰ ਜੀ ਨੇ ਜੋ ਭਰਥਰੀ ਜੋਗੀ ਦੇ ਨਾਮ ਸੰਬੋਧਨ ਸਹਿਤ ਸ਼ਬਦ ਆਖੇ ਹਨ ਓਹ ਆਸਾ ਰਾਗ ਵਿਚ ਹਨ; ਯਥਾ:-

**"ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ॥"** {ਆਸਾ ਮ: ੧-੩੬੦}

ਤਥਾ-**"ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ॥ ਨਿਰਮਲ ਨਾਮੁ ਮੇਰਾ ਆਧਾਰੁ॥"** {ਆਸਾ ਮ: ੧-੪੧੨}

ਇਹ ਆਸਾ ਰਾਗ ਦੀ ਅਸਟਪਦੀ ਦੇ ਅੰਤ ਦੀਆਂ ਤੁਕਾਂ ਹਨ। ਇਸ ਅਸਟਪਦੀ ਵਿਚ ਉੱਤਰ ਕਹੇ ਹਨ ਅਰ ਪ੍ਰਸ਼ਨ ਰੂਪ ਜੋ ਅਸਟਪਦੀ ਹੈ ਓਹ ਜਨਮਸਾਖੀ ਵਿਚ ਲਿਖੀ ਹੈ। ਪ੍ਰਸ਼ਨ ਉੱਤਰ ਸਮਝਾਉਣ ਲਈ ਦੋਹਾਂ ਦੇ ਪੜ੍ਹਨ ਤੋਂ ਚੰਗੀ ਸਮਝ ਆਂਵਦੀ ਹੈ। ਹੋਰ ਜਗ੍ਹਾ ਭੀ ਆਸਾ ਮ: ੧ ਦਾ ਬਚਨ ਹੈ:-

**"ਕਹੁ ਨਾਨਕ ਸੁਣਿ ਭਰਥਰੀ ਜੋਗੀ ਖੀਵਾ ਅੰਮ੍ਰਿਤੁ ਧਾਰੈ॥"** {ਆਸਾ ਮ: ੧-੩੬੦}

ਇਸ ਸ਼ਬਦ ਵਿਚ ਝੂਠੇ ਸ਼ਰਾਬ ਦਾ ਖੰਡਨ ਕਰਕੇ ਨਾਮ ਅੰਮ੍ਰਿਤ ਦੇ ਪੀਣ ਲਈ ਭਰਥਰੀ ਜੀ ਨੂੰ ਉਪਦੇਸ਼ ਦਿਤਾ ਹੈ। ਹੋਰ ਰਾਮਕਲੀ ਰਾਗ ਦੀ ਪਹਿਲੀ ਵਾਰ ਵਿਚ ਭਰਥਰੀ ਜੀ ਦੇ ਨਾਮ ਨੂੰ ਸੰਬੋਧਨ ਦੇਕੇ ਇਉਂ ਤੁਕਾਂ ਲਿਖੀਆਂ ਹਨ:-

**"ਬੋਲੇ ਭਰਥਰਿ ਸਤਿ ਸਰੂਪੁ॥ ਪਰਮ ਤੰਤ ਮਹਿ ਰੇਖ ਨ ਰੂਪੁ॥"**{ਰਾ: ਵਾ: ਮ: ੧-੯੫੩}

ਇਹ ਭਰਥਰੀ ਜੀ ਸਤਿਗੁਰ ਜੀ ਦੇ ਸਿੱਖ ਹੋਕੇ ਗੁਰਾਂ ਦੇ ਨਾਲ ਸਦਾ ਰਹਿੰਦੇ ਹੋਏ ਗੁਰ ਨਾਨਕ ਜੀ ਦੇ ਗੁਣ ਗਾਂਵਦੇ ਹਨ। ਦੁਰਭਾਸ਼ਾ ਜੀ ਇਕ ਰਿਖੀ ਹੋਏ ਹਨ ਜੋ ਜਾਦਵ ਕੁਲ ਦੇ ਪੂਜ ਭਾਗਵਤ ਵਿਚ ਲਿਖੇ ਹਨ ਅਰ ਅੰਬਰੀਕ* (ਅਮ੍ਰਿਸ਼) ਰਾਜਾ ਦੇ ਭਗਤੀ ਪ੍ਰਭਾਵ ਨੂੰ ਦੇਖਕੇ ਰਾਜਾ ਦੀ ਸ਼ਰਨ ਲੈਕੇ ਸੁਦਰਸ਼ਨ ਚੱਕ੍ਰ ਤੋਂ ਬਚੇ, ਇਹ ਕਥਾ ਆਮ ਪ੍ਰਸਿੱਧ ਹੈ, ਇਹ ਭੀ ਧੰਨ ਗੁਰ ਨਾਨਕ ਦੇ ਗੁਣ ਗਾਂਵਦੇ ਹਨ। ਪੁਰੂ ਨਾਮ ਦੇ ਇਕ ਯਦੁਵੰਸ਼ੀ ਰਾਜਾ ਹੋਏ ਹਨ ਜੋ ਯਯਾਤੀ ਰਾਜਾ ਦੇ ਪੁਤ੍ਰ* ਸਨ, ਇਹ ਭੀ ਸਤਿਗੁਰ ਜੀ ਦੇ ਗੁਣ ਗਾਂਵਦੇ ਹਨ। ਅੰਗਰੈ ਜੀ ਭੀ ਇਕ ਰਿਸ਼ੀ ਹੋਏ ਹਨ। ਜਿਨ੍ਹਾਂ ਛੇ ਰਿਸ਼ੀਆਂ ਦੇ ਚਿਤ ਵਿਚ ਵੇਦ ਗਿਆਨ ਦਾ ਪ੍ਰਗਟ ਹੋਣਾ ਹਿੰਦੂ ਲੋਕ ਮੰਨਦੇ ਹਨ ਉਹਨਾਂ ਵਿਚ ਇਕ ਆਪ ਦਾ ਭੀ ਨਾਮ ਹੈ। ਇਹ ਭੀ ਸਤਿਗੁਰੂ ਜੀ ਦੇ ਗੁਣਾਂ ਨੂੰ ਗਾਂਵਦੇ ਹਨ। ਕਲ੍ਯ ਕਵੀ ਜੀ ਬਚਨ ਕਰਦੇ ਹਨ ਕਿ ਸ੍ਰੇਸ਼ਟ ਜਸ ਸਤਿਗੁਰ ਨਾਨਕ ਦੇਵ ਜੀ ਦਾ ਗਿਣਤੀ ਵਿਚ ਨਹੀਂ ਆਉਂਦਾ ਤੇ ਨਾ ਸਾਰਿਆਂ ਦੇ ਨਾਮ ਗਿਣ ਸਕੀਦੇ ਹਨ। ਸਤਿਗੁਰ ਜੀ ਦਾ ਜਸ ਸੁਤੇ ਸਿਧ ਘਟਾਂ ਘਟਾਂ ਵਿਚ ਪੂਰਨ ਹੋ ਰਿਹਾ ਹੈ। ਜੋ ਕੁਛ ਰਚਨਾਂ ਹੈ ਸਭ ਵਿਚ ਸਤਿਗੁਰ ਜੀ ਦਾ ਜਸ ਵਿਆਪ ਰਿਹਾ ਹੈ। ਇਉਂ ਅਨੁਭਵੀ ਭਾਵਾਂ ਵਿਚ ਸਤਿਗੁਰ ਜੀ ਦੀ ਮਹਿਮਾ ਗਾਇਨ ਕਰਦੇ ਕਲ੍ਯ ਭੱਟਾਚਾਰਯ ਜੀ ਇਥੇ ਪਹਿਲੇ ਮਹੱਲੇ ਦੇ ਸਵੱਯਾਂ ਦੀ ਸਮਾਪਤੀ ਕਰਦੇ ਹਨ॥੧੦॥

---

* ਦੇਖੋ ਸ੍ਰੀ ਮਦ ਭਾਗਵਤ, ਸਿਕੰਦ-੯, ਪੰਨਾ-੭੦੩।

– ੦ –

# (ਅ) ਸਵਈਏ ਮਹਲੇ ਦੂਜੇ ਕੇ ੨

ਦੂਜੇ ਸਤਿਗੁਰੂ (ਸ੍ਰੀ ਗੁਰੂ ਅੰਗਦ ਦੇਵ ਜੀ) ਦੀ (ਮਹਿਮਾਂ ਇਨ੍ਹਾਂ) ਸਵੱਯਾਂ ਦਵਾਰਾ (ਕਲ੍ਯ) ਭਟਾਚਾਰਯ ਜੀ) ਕਰਦੇ ਹਨ।

## ੧ੳ ਸਤਿਗੁਰ ਪ੍ਰਸਾਦਿ ॥

| ਮੂਲ | ਅਰਥ |
|---|---|
| ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ ॥ ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ ॥ ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ ॥ ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥ ਜਗੁ ਜੀਤਉ ਗੁਰ ਦੁਆਰਿ ਖੇਲਹਿ | ਓਹ ਕਰਤਾ ਪੁਰਖ ਕਰਤਾਰ ਧੰਨ ਹੈ, (ਜੋ ਸਭ) ਕਾਰਜਾਂ ਦੇ ਕਰਨ ਨੂੰ ਸਮਰੱਥ ਹੈ। ਸਤਿਗੁਰ ਨਾਨਕ ਦੇਵ ਜੀ ਧੰਨ ਹਨ, ਜਿਨ੍ਹਾਂ ਨੇ ਤੁਹਾਡੇ ਮੱਥੇ ਪਰ ਹੱਥ ਰਖਿਆ। ਜਦੋਂ ਉਨ੍ਹਾਂ ਸਹਜ ਨਾਲ (ਆਪ ਦੇ) ਮੱਥੇ ਤੇ ਹੱਥ ਧਰਿਆ ਤਦੋਂ ਹੀ ਅੰਮ੍ਰਿਤ ਵਸਿਆ ਛਹਬਰ ਲਾਕੇ; ਜਿਸ ਨਾਲ ਦੇਵਤੇ, ਮਨੁਖ, ਗਣ ਤੇ ਮੁਨੀ ਪ੍ਰਗਟ ਹੀ ਤ੍ਰਿਬੁਡਿ ਹੋ ਗਏ। ਦੁਖਦਾਈ ਕਾਲ ਨੂੰ ਵੰਗਾਰਕੇ ਮਾਰਿਆ ਹੈ (ਤੁਸਾਂ ਨੇ ਤੇ) ਦੌੜਦੇ (ਮਨ) ਨੂੰ ਰੋਕ ਲਿਆ ਹੈ; ਪੰਜ (ਕਾਮ ਆਦਿਕ) ਭੂਤ ਜੋ ਨਾਂ ਜਿੱਤੇ ਜਾਣ ਵਾਲੇ ਹਨ, (ਉਨ੍ਹਾਂ ਨੂੰ) ਇਕ ਘਰ (ਅਪਣੇ ਵਸੀਕਾਰ ਵਿਚ) ਰਖ ਲਿਆ। ਸਤਿਗੁਰੂ ਜੀ ਦੇ ਰਾਹੀਂ ਸਮਤਾ ਦੀ |

**ਸਮਤ ਸਾਰਿ ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ ॥ ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੧ ॥**

ਬਾਜ਼ੀ ਖੇਡਕੇ ਜਗਤ ਨੂੰ ਜਿੱਤ ਲਿਆ (ਤੇ ਸੰਸਾਰ ਵੱਲੋਂ ਇਨਕਾਰ ਕਰਕੇ) ਬ੍ਰਿਤੀ ਦਾ ਲਗਾਤਾਰ ਪ੍ਰਵਾਹ ਵਾਹਿਗੁਰੂ ਜੀ ਵੱਲ ਟਿਕਾਇਆ। ਕਹਿੰਦੇ ਹਨ ਕਲਸਹਾਰ (ਨਾਮ ਵਾਲੇ ਭਟ) ਜੀ ਕਿ ਸੱਤਾਂ ਦੀਪਾਂ ਵਿਚ ਪ੍ਰਗਟ, ਜਗਤ ਤੇ ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਵਾਹਿਗੁਰੂ ਰੂਪ ਕਰਕੇ ਪੂਜੀਦੇ ਹਨ॥੧॥

**ਪਦਾਰਥ**—ਮਸਤਕਿ-ਮੱਥਾ। ਛਜਿ-ਛਹਬਰ ਲਾਕੇ। ਬੋਹਯ-ਸਨਿਗਧ, ਤ੍ਰਿਬੁਡ। ਅਗਾਜਿ-ਪ੍ਰਗਟ। ਕੰਟਕੁ-ਕੰਡੇ ਵਾਂਗ ਚੁਭਣ ਵਾਲਾ, ਭਾਵ ਦੁਖਦਾਈ। ਧਾਵਤੁ-ਦੌੜਦੇ ਨੂੰ। ਬਰਿਜ-ਰੋਕ ਲਿਆ। ਪੰਚਭੂਤ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਸਮਜਿ-ਨਾ ਜੈ ਹੋਣ ਵਾਲੇ। ਸਾਰਿ-ਬਾਜੀ। ਰਥੁ-ਬ੍ਰਿਤੀ ਦਾ ਪ੍ਰਵਾਹ। ਪਰਸਿ-ਪਰਸੇ ਤੇ ਪੂਜੇ ਜਾਂਦੇ ਹਨ।

**ਭਾਵ**—ਵਾਹਿਗੁਰੂ ਸਰਬ ਸ਼ਕਤੀ ਕਰ ਪੂਰਨ ਹੈ, ਓਹ ਆਪ ਹੀ ਇਸ ਜਗਤ ਦੇ ਮੂਲ ਕਾਰਨ ਨੂੰ ਰਚਦਾ ਹੈ, ਇਸ ਲਈ ਕਰਤਾ ਪੁਰਖ ਹੈ ਤੇ ਆਪ ਹੀ ਅਪਣੇ ਹੁਕਮ ਅੰਦਰ ਸਭ ਨੂੰ ਪਾਲਦਾ ਹੈ, ਇਸ ਲਈ ਕਰਤਾਰ ਹੈ। ਐਸੇ ਸਿਰਜਣਹਾਰ, ਪਾਲਣਹਾਰ, ਸਰਬ ਸਮਰੱਥ ਵਾਹਿਗੁਰੂ ਜੀ ਨੂੰ "ਵਾਹ ਵਾਹ" ਹੈ। ਇਉਂ ਵਾਹਿਗੁਰੂ ਜੀ ਦਾ ਸਿਮਰਨ ਰੂਪ ਮੰਗਲ ਕਰਦੇ ਹੋਏ ਕਲ੍ਯ ਭਟ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਿਮਾਂ ਪ੍ਰਗਟ ਕਰਦੇ ਹਨ। ਧਨ ਹਨ ਸਤਿਗੁਰ ਨਾਨਕ ਦੇਵ ਜੀ ਜਿਨ੍ਹਾਂ ਆਪ ਜੀ ਦੇ ਸੀਸ ਪੁਰ ਹੱਥ ਰੱਖਿਆ ਤੇ ਅਪਣਾਕੇ ਨਿਜ ਰੂਪ ਕੀਤਾ, ਆਪ ਜੀ ਤੋਂ ਸਹਿਜੇ ਹੀ ਛਹਬਰ ਲਾਕੇ ਅੰਮ੍ਰਿਤ ਵਸਿਆ, ਦੇਵਤੇ, ਮਨੁਖ ਤੇ ਸ਼ਿਵਜੀ ਦੇ ਗੁਣ ਤੇ ਮੁਨੀਸ਼ਰ ਲੋਕ ਓਸ ਅੰਮ੍ਰਿਤ ਨੂੰ ਅਪਣੇ ਅੰਦਰ ਸਿੰਜ ਕੇ ਸੋਭਾ ਨੂੰ ਪ੍ਰਾਪਤ ਹੋਏ। ਕਾਲ ਨੂੰ ਗਜ ਵੱਜਕੇ ਨਾਸ਼ ਕੀਤਾ ਤੇ ਮਨ ਨੂੰ ਕਾਬੂ ਕਰਕੇ ਪੰਜਾਂ ਨੂੰ ਅਪਣੇ ਵਸ ਵਿਚ ਕਰ ਲਿਆ। ਜਗਤ ਨੂੰ ਸਤਿਗੁਰ ਜੀ ਦੇ ਉਪਦੇਸ਼ ਨਾਲ ਫਤਹ ਕਰ ਲਿਆ ਅਤੇ ਅਪਣੀ ਬ੍ਰਿਤੀ ਦੇ ਪ੍ਰਵਾਹ ਨੂੰ ਲਿਵ ਧਾਰੀ ਹੋਕੇ ਕਰਤਾਰ ਵਿਚ ਟਿਕਾਇਆ। ਸੱਤਾਂ ਦੀਪਾਂ ਵਿਚ ਆਪ ਜੀ ਦੀ ਕੀਰਤੀ ਹੋ ਰਹੀ ਹੈ, ਓਹ ਸਤ ਦੀਪ ਇਹ ਹਨ-ਜੰਬੂ ਦੀਪ, ਕੁਸ਼ ਦੀਪ, ਲਖਨ ਦੀਪ, ਸ੍ਵੇਤ ਦੀਪ, ਕੌਚ ਦੀਪ, ਸਾਂਪ ਦੀਪ, ਪੁਸ਼ਕਰ ਦੀਪ। ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਜਗਤ ਦੇ ਗੁਰੂ ਵਾਹਿਗੁਰੂ ਰੂਪ ਕਰਕੇ ਪੂਜੇ ਜਾਂਦੇ ਹਨ। ਦੂਜਾ ਅਰਥ ਇਉਂ ਭੀ ਕਰਦੇ ਹਨ ਕਿ ਵਾਹਿਗੁਰੂ ਰੂਪ ਲਹਿਣਾ ਜੀ ਮੈਂ ਪਰਸੇ ਹਨ, ਭਾਵ ਮੈਨੂੰ ਪ੍ਰਾਪਤ ਹੋਏ ਹਨ, ਜਾਂ ਤੁਸੀਂ ਵਾਹਿਗੁਰੂ ਰੂਪ ਜਾਣ ਕਰਕੇ ਪਰਸੋ॥੧॥

## ਮੂਲ

**ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ ਤਿਮਰ ਅਗ੍ਯਾਨ ਜਾਹਿ ਦਰਸ ਦੁਆਰ ॥ ਓਇ ਜੁ ਸੇਵਹਿ ਸਬਦੁ ਸਾਰੁ ਗਾਖੜੀ ਬਿਖਮ ਕਾਰ ਤੇ ਨਰ ਭਵ ਉਤਾਰਿ ਕੀਏ ਨਿਰਭਾਰ ॥ ਸਤਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ**

## ਅਰਥ

(ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਿਮਾ)

ਜਿਨ੍ਹਾਂ ਦੀ ਦ੍ਰਿਸ਼ਟੀ ਤੋਂ ਚਲੀਆਂ ਅੰਮ੍ਰਿਤ ਦੀਆਂ ਧਾਰਾਂ ਪਾਪਾਂ ਦੀ ਕਾਲਖ ਨੂੰ ਪੁੱਟਕੇ ਲਾਹ ਸੁਟਦੀਆਂ ਹਨ, (ਜਿਨ੍ਹਾਂ ਦੇ) ਦੁਆਰੇ ਦੇ ਦਰਸ਼ਨ ਕਰਦਿਆਂ ਹੀ ਅਗਯਾਨ ਦਾ ਹਨੇਰਾ ਦੂਰ ਹੋ ਜਾਂਦਾ ਹੈ। ਔਖੀ ਤੋਂ ਔਖੀ ਘਾਲ (ਕਰਕੇ) ਜਿਨ੍ਹਾਂ ਨੇ ਸੇਵਿਆ ਤੇ ਸ੍ਰੇਸ਼ਟ ਸ਼ਬਦ (ਨਾਮ) ਨੂੰ ਜਿਨ੍ਹਾਂ ਨੇ ਸਿਮਰਿਆ ਓਹ ਸੰਸਾਰ ਸਾਗਰ ਤੋਂ ਤਾਰਕੇ ਮੁਕਤਿ ਕਰ

| | |
|---|---|
| **ਨਿੰਮਰੀ ਭੂਤ ਸਦੀਵ ਪਰਮ ਪਿਆਰਿ॥ ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੨ ॥** | ਦਿੱਤੇ। (ਆਪ ਜੀ ਦੇ) ਸਤਿਸੰਗ ਨੂੰ (ਪ੍ਰਾਪਤ) ਸਾਰੇ ਹੀ ਸ਼ਾਂਤੀ ਵਾਲੇ ਤੇ ਗੁਰਾਂ ਦੇ ਵਿਚਾਰ ਦੁਆਰੇ ਜਾਗੇ ਹੋਏ, ਨਿੰਮ੍ਰਤਾ (ਦੇ ਸੁਭਾਵ) ਵਾਲੇ ਹਨ (ਤੇ) ਸਦਾ ਹੀ (ਵਾਹਿਗੁਰੂ ਜੀ ਦੇ) ਪਰਮ ਪਿਆਰ ਵਿਚ (ਰੰਗੇ ਹੋਏ) ਹਨ। ਆਖਦੇ ਹਨ ਕਲਸਹਾਰ ਜੀ ਕਿ ਸੱਤਾਂ ਦੀਪਾਂ ਵਿਚ ਹੋ ਰਿਹਾ ਹੈ ਜਸ ਜਿਸ ਜਗਤ ਗੁਰੂ ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਦਾ (ਉਸ ਨੂੰ) ਵਾਹਿਗੁਰੂ ਰੂਪ ਕਰਕੇ ਪੂਜ॥੨॥ |

**ਪਦਾਰਥ**—ਕਾਲੁਖ-ਪਾਪਾਂ ਦੀ ਮੈਲ। ਖਨਿ-ਪੁੱਟ ਕੇ। ਤਿਮਰ-ਹਨੇਰਾ। ਦੁਆਰ-ਦਰਵਾਜਾ। ਗਾਖੜੀ-ਔਖੀ। ਭਵ-ਸੰਸਾਰ। ਨਿਰਭਾਰ-ਮੁਕਤ।

**ਭਾਵ**—ਸਤਿਗੁਰ ਜੀ ਦੇ ਦਰਸ਼ਨਾਂ ਤੋਂ ਜੋ ਪ੍ਰਭਾਵ ਪੈਂਦੇ ਹਨ, ਉਨ੍ਹਾਂ ਦਾ ਵਰਣਨ ਕਰਦੇ ਹਨ-"**ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ**" :(ਸੁਖਮਨੀ-੮) ਵਾਹਿਗੁਰੂ ਰੰਗ ਰੱਤੀਆਂ ਅੱਖਾਂ ਤੋਂ ਅੰਮ੍ਰਿਤ ਦੀਆਂ ਧਾਰਾਂ ਚਲ ਰਹੀਆਂ ਹਨ। ਜਗਜਾਸੂ ਦੇ ਨੈਣਾਂ ਦੁਆਰਾ ਇਹ ਧਾਰਾਂ ਦਿਲ ਦੇ ਤਖਤੇ ਪੁਰ . ਪੈਂਦੀਆਂ ਹਨ ਤੇ ਉਸ ਦੀ ਆਤਮਾਂ ਪੁਰ ਲਗੀ ਪਾਪ ਦੀ ਕਾਲਖ ਓਥੋਂ ਪੁੱਟਕੇ ਲਾਹ ਸੁੱਟਦੀਆਂ ਹਨ। ਅਰਥਾਤ-"**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ**"। (੬੫੧) ਜਨਮ ਜਨਮ ਦੀ ਪਾਪ ਰੂਪੀ ਮੈਲ ਲਗਕੇ ਮਨ ਪੁਰ ਥੱਰ ਜੰਮੇ ਪਏ ਹਨ, ਇਨ੍ਹਾਂ ਛੌੜਾਂ ਨੂੰ ਸਤਿਗੁਰ ਦੀ ਕ੍ਰਿਪਾ ਦ੍ਰਿਸ਼ਟੀ ਕੱਟ ਦੇਂਦੀ ਹੈ। ਫਿਰ ਆਪ ਦੇ ਦੁਆਰੇ ਦੇ ਦਰਸ਼ਨ ਨਾਲ ਅਗਜਾਨ ਦਾ ਹਨੇਰਾ ਐਉਂ ਦੂਰ ਹੋ ਜਾਂਦਾ ਹੈ, ਜੀਕੁਣ ਸੂਰਜ ਦੇ ਉਦੇ ਹੋਇਆਂ ਰਾਤ ਦਾ ਹਨੇਰਾ। 'ਔਖੀ ਤੋਂ ਔਖੀ ਘਾਲ ਕਰਕੇ ਜਿਨ੍ਹਾਂ ਨੇ ਸੇਵਿਆ' ਇਹ ਇਸ਼ਾਰਾ ਸ੍ਰੀ ਗੁਰੂ ਅਮਰਦਾਸ ਜੀ ਦੀ ਉਸ ਉੱਗਰ ਸੇਵਾ ਵਲ ਜਾਪਦਾ ਹੈ, ਜੋ ਉਹਨਾਂ ਬਾਰਾਂ ਬਰਸ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕੀਤੀ; ਜਿਸ ਸੇਵਾ ਦੇ ਯਾਦ ਕਰਨ ਜਾਂ ਸੁਣਨ ਨਾਲ ਰੋਮ ਖੜੇ ਹੋ ਜਾਂਦੇ ਹਨ। ਸਰੀਰ ਦੀ ਪਰਮ ਬਿਰਧ ਉਮਰ ਜਦ ਸੀ ਤਦ ਆਪ ਸੇਵਾ ਵਿਚ ਲੱਗੇ, ਅੱਧੀ ਰਾਤ ਨੂੰ ਉਠਕੇ ਤ੍ਰੈ ਕੋਹ ਬਿਆਸਾ ਨਦੀ ਤੋਂ ਜਲ ਦੀ ਗਾਗਰ ਭਰ ਲਿਆਉਣੀ, ਉਸ ਨਾਲ ਸਤਿਗੁਰੂ ਜੀ ਨੂੰ ਇਸ਼ਨਾਨ ਕਰਾਉਣਾ, ਲੰਗਰ ਦਾ ਜਲ ਭਰਨਾ, ਲੱਕੜਾਂ ਲਿਆਉਣੀਆਂ, ਸੰਗਤ ਦੀ ਸੇਵਾ ਕਰਨੀ, ਸਤਿਗੁਰ ਜੀ ਵਲੋਂ ਬਰਸ ਦੇ ਬਾਦ ਇਕ ਡੇਢ ਗਜ਼ ਦਾ ਬਸਤ੍ਰ ਸਿਰੋਪਾਉ ਮਿਲਣਾ, ਓਹ ਸਿਰ ਪੁਰ ਬਨ੍ਹਣਾ ਤੇ ਬਖਸ਼ੀਸ਼ ਦਾ ਪਰਮ ਸਤਿਕਾਰ ਕਰਨਾ। ਇਹ ਸੇਵਾ ਲਗਾਤਾਰ ਕੀਤੀ; ਮੀਂਹ ਜਾਏ, ਹਨੇਰੀ ਜਾਏ, ਕਦੇ ਸੇਵਾ ਨੂੰ ਛਡਿਆ ਨਹੀਂ, ਪਰ ਸੇਵਾ ਨੂੰ ਪੂਰਨ ਸਫਲ ਕਰਨ ਵਾਲਾ 'ਸ਼ਬਦ ਸਾਰ' ਨਾਮ ਦਾ ਸਿਮਰਨ ਲਗਾਤਾਰ ਜਾਰੀ ਰਖਿਆ, ਸੇਵਾ ਸਿਮਰਨ ਕਰਕੇ ਸਿਖੀ ਦਾ ਪੂਰਨ ਮਾਰਗ ਆਪ ਕਰਕੇ ਦਿਖਾਇਆ। ਐਸੀ ਸੇਵਾ ਨੂੰ ਦੇਖਕੇ ਸਤਿਗੁਰੂ ਪਸੀਜੇ ਤੇ ਆਪਣਾ ਰੂਪ ਕਰ ਲਿਆ। 'ਤੇ ਨਰ ਭਵ ਉਤਾਰਿ ਕੀਏ ਨਿਰਭਾਰ' ਇਸ ਦਾ ਭਾਵ ਇਉਂ ਭੀ ਬਣਦਾ ਹੈ ਕਿ ਮਨੁਖਾਂ ਦੇ ਪਾਰ ਉਤਾਰੇ ਲਈ ਸੁਤੰਤ੍ਰ ਗੁਰੂ ਥਾਪਿਆ। ਸੇਵਾ ਸਿਮਰਨ ਦੇ ਆਦਰਸ਼ ਨੂੰ ਸਮਝਕੇ ਜਿਨ੍ਹਾਂ ਕਮਾਈ ਕੀਤੀ, ਉਨ੍ਹਾਂ ਨੂੰ ਸੰਸਾਰ ਤੋਂ ਪਾਰ ਉਤਾਰਕੇ ਮੁਕਤ ਕਰ ਦਿਤਾ। ਤੀਜੀ ਤੁਕ ਦੇ ਅਰਥ ਗਿਆਨੀ ਸ੍ਰੀ ਗੁਰੂ ਅੰਗਦ ਦੇਵ ਜੀ ਵਲ ਭੀ ਲਾਉਂਦੇ ਹਨ ਕਿ ਸਤਿਗੁਰਾਂ ਦੀ ਸਤਿਸੰਗਤ ਦੁਆਰਾ ਸ਼ਾਂਤੀ, ਸਾਰਗ੍ਰਾਹੀ, ਗਿਆਨ ਦੀ ਜਾਗ੍ਰਤ, ਸਤਿ ਬਿਚਾਰ, ਗਰੀਬੀ ਸੁਭਾਵ ਤੇ ਵਾਹਿਗੁਰੂ ਪ੍ਰੇਮ ਇਹ ਗੁਣ ਆਪ ਜੀ ਵਿਚ ਪ੍ਰਗਟ ਹੋਏ। 'ਕਹੁ ਕੀਰਤ ਕਲ ਸਹਾਰ' ਇਸ ਤੁਕ ਦੇ ਭਾਵ ਲਈ ਪਿਛਲਾ ਸਵੱਯਾ ਦੇਖੋ॥੨॥

| ਮੂਲ | ਅਰਥ |
|---|---|
| ਤੈ ਤਉ ਦ੍ਰਿੜਿਓ ਨਾਮੁ ਅਪਾਰੁ ਬਿਮਲ ਜਾਸੁ ਬਿਥਾਰੁ ਸਾਧਿਕ ਸਿਧ ਸੁਜਨ ਜੀਆ ਕੋ ਅਧਾਰੁ ॥ ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਸਾਰੁ ਰਹਹਿ ਜਗਤ੍ਰ ਜਲ ਪਦਮ ਬੀਚਾਰ ॥ ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ ॥ ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੩ ॥ | ਅਪਾਰ (ਵਾਹਿਗੁਰੂ ਜੀ ਦਾ) ਨਾਮ ਆਪ ਜੀ ਨੇ ਤਾਂ ਦ੍ਰਿੜ੍ਹ ਕੀਤਾ ਹੈ। (ਹੇ ਸਤਿਗੁਰੂ ਜੀ ਆਪ ਦਾ) ਪਵਿੱਤ੍ਰ ਜਸ ਫੈਲ ਰਿਹਾ ਹੈ, ਜੋ ਜਗਜਾਸੂ, ਗਜਾਨੀ ਤੇ ਭਗਤ ਜਨਾਂ ਦੇ ਆਤਮਾ ਦਾ ਆਸਰਾ ਹੈ। ਹੇ ਸ਼ਬਦ ਅਵਤਾਰ ਜੀ ਜੀਕੁਣ ਰਾਜਾ ਜਨਕ ਜੀ ਪਾਣੀ ਵਿਚ ਕੌਲ ਫੂਲ ਵਾਂਗੂ ਸੰਸਾਰ ਵਿਚ ਰਹਿਕੇ ਨਿਰਲੇਪ ਰਹੇ ਹਨ, ਓਦਾਂ ਜਗਤ ਵਿਚ ਰਹਿਕੇ ਆਪ ਨਿਰਲੇਪ ਹੋ। ਰੋਗਾਂ ਦੇ ਦੂਰ ਕਰਨ ਲਈ ਤੇ ਸੰਸਾਰ ਦੇ ਤਾਪਾਂ ਦੇ ਹਟਾਉਣ ਲਈ ਆਪ ਕਲਪ ਬ੍ਰਿਛ ਹੋ, ਮਨ, ਬਾਣੀ ਤੇ ਸਰੀਰ ਤਿੰਨੇ ਆਪ ਦੇ ਵਾਹਿਗੁਰੂ ਜੀ ਵਿਚ ਲਗਾਤਾਰ ਟਿਕੇ ਹੋਏ ਹਨ। ਕਹਿੰਦੇ ਹਨ ਜਸ ਕਲਸਹਾਰ ਜੀ ਕਿ ਸੱਤਾਂ ਦੀਪਾਂ ਵਿਚ ਪ੍ਰਗਟ ਜਗਤ ਦੇ ਗੁਰੂ ਲਹਿਣਾ ਜੀ (ਸ੍ਰੀ ਗੁਰੂ ਅੰਗਦ ਸਾਹਿਬ ਜੀ) ਵਾਹਿਗੁਰੂ ਰੂਪ ਕਰ ਪੂਜ ਹਨ॥੩॥ |

**ਪਦ ਅਰਥ**—ਸਾਧਿਕ-ਸਾਧਨਾਂ ਵਿਚ ਲਗੇ ਹੋਏ ਜਗਜਾਸੂ। ਸਿਧ-ਪੂਰਨ ਪਦ ਨੂੰ ਪੁੱਜੇ ਹੋਏ ਗਜਾਨੀ। ਪਦਮ-ਕੌਲ ਫੁੱਲ। ਕਲਿਪਤਰੁ-ਕਲਪ ਬ੍ਰਿਛ। ਤ੍ਰਿਬਿਧਿ-ਮਨ, ਬਾਣੀ, ਸਰੀਰ ਤਿੰਨਾਂ ਬਿਧੀਆਂ ਨਾਲ।

## {ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਮਹਿਮਾ}

**ਭਾਵ**—ਵਾਹਿਗੁਰੂ ਜੀ ਦਾ ਨਾਮ ਸਰਬੋਤਮ ਧਰਮ ਹੈ, ਸਤਿਗੁਰ ਜੀ ਨੇ ਨਾਮ ਧਰਮ ਨੂੰ ਹੀ ਦ੍ਰਿੜ੍ਹ ਕੀਤਾ ਹੈ, ਇਸੀ ਵਾਸਤੇ ਅਗੇ ਸ਼ਬਦ ਅਵਤਾਰ ਸਤਿਗੁਰੂ ਜੀ ਨੂੰ ਕਿਹਾ ਹੈ, ਫਿਰ ਆਖਦੇ ਹਨ ਕਿ ਸਤਿਗੁਰੂ ਜੀ ਦਾ ਪਵਿੱਤ੍ਰ ਜਸ ਸਾਰੇ ਫੈਲ ਰਿਹਾ ਹੈ। ਜਗਜਾਸੂ ਜਨਾਂ ਦੇ ਆਤਮਾ ਧਿਆਨ ਵਿਚ ਟਿਕਦੇ ਹਨ। ਸੋ ਉਹਨਾਂ ਨੂੰ ਧੇਯ ਰੂਪ ਕਰਕੇ ਆਸਰਾ ਸਤਿਗੁਰੂ ਜੀ ਦਾ ਹੈ। ਗਿਆਨੀ ਪੁਰਖਾਂ ਦਾ ਆਤਮਾਂ ਪ੍ਰਤੱਖ ਗਜਾਨ ਦਵਾਰਾ ਸਤਿਗੁਰ ਵਿਚ ਲੀਨ ਹੈ, ਸੋ ਨਿਜਾਤਮ ਰੂਪ ਕਰਕੇ ਗਿਆਨੀ ਦਾ ਆਧਾਰ ਭੀ ਸਤਿਗੁਰ ਹੀ ਹਨ। ਭਗਤ ਜਨਾਂ ਨੂੰ ਤਾਂ ਟੇਕ ਹੀ ਸਤਿਗੁਰ ਜੀ ਦੀ ਹੈ, ਓਹ ਆਪਾ ਭਾਵ ਛਡਕੇ ਕੇਵਲ ਗੁਰੂ ਆਸਰੇ ਹਨ। ਇਸ ਤੁਕ ਦਾ ਅਰਥ 'ਨਾਮ' ਦੀ ਮਹਿਮਾਂ ਵਲ ਭੀ ਲਗ ਸਕਦਾ ਹੈ ਕਿ ਨਾਮ ਦਾ ਪਵਿੱਤ੍ਰ ਜਸ ਫੈਲ ਰਿਹਾ ਹੈ ਤੇ ਨਾਮ ਹੀ ਜਗਜਾਸੂ, ਗਿਆਨੀ ਤੇ ਭਗਤ ਜਨਾਂ ਦੇ ਜੀਅ ਦਾ ਆਸਰਾ ਹੈ। ਰੋਗਾਂ ਦੇ ਦੂਰ ਕਰਨ ਲਈ ਸਤਿਗੁਰੂ ਜੀ ਕਲਪ ਬ੍ਰਿਛ ਹਨ। ਇਹ ਉਸ ਸਾਖੀ ਵਲ ਇਸ਼ਾਰਾ ਹੈ ਜੋ ਸੂਰਜ ਪ੍ਰਕਾਸ਼ ਵਿਚ ਲਿਖੀ ਹੈ ਕਿ ਸਵੇਰੇ ਅੰਮ੍ਰਿਤ ਵੇਲੇ ਹੀ ਦੂਰ ਦੂਰ ਤੋਂ ਰੋਗੀ ਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਵਾਜੇ ਬਾਹਰ ਆ ਬੈਠਦੇ ਸਨ ਤੇ ਜਦ ਸਤਿਗੁਰ ਜੀ ਘਰੋਂ ਬਾਹਰ ਨਿਕਲਦੇ ਜਿਨ੍ਹਾਂ ਪੁਰ ਅੰਮ੍ਰਿਤ ਦ੍ਰਿਸ਼ਟੀ ਪੈ ਜਾਂਦੀ ਓਹ ਰੋਗੀ ਨਿਰੋਗ ਹੋ ਜਾਂਦੇ ਸਨ, ਇਹ ਹਰ ਰੋਜ਼ ਹੀ ਨਿਰੋਗਤਾ ਦੀ ਦਾਤ ਸਤਿਗੁਰ ਜੀ ਦੇ ਦਰਬਾਰੋਂ ਵੰਡੀਦੀ ਸੀ। ਇਹ ਕੇਵਲ ਸਰੀਰਕ ਤਾਪ ਹੀ ਨਹੀਂ ਸੰਸਾਰ ਦੇ ਹਰ ਤਰ੍ਹਾਂ ਦੇ ਤਾਪਾਂ ਨੂੰ ਸਤਿਗੁਰੂ ਜੀ ਦੂਰ ਕਰ ਦਿੰਦੇ ਸਨ ਅਤੇ ਆਪ ਲਗਾਤਾਰ ਵਾਹਿਗੁਰੂ ਜੀ ਵਿਚ ਮਨ, ਬਾਣੀ, ਸਰੀਰ ਕਰਕੇ ਜੁੜੇ ਰਹਿੰਦੇ ਸਨ। '**ਕਹੁ ਕੀਰਤਿ ਕਲਸਹਾਰ**' ਇਸ ਤੁਕ ਦਾ ਭਾਵ ਪਹਿਲੇ ਸਵੱਯੇ ਵਿਚ ਦੇਖੋ॥੩॥

ਨੋਟ-ਇਸ ਛੰਦ ਦੀ ਤੀਜੀ ਤੁਕ ਵਿਚ ਆਇਆ ਹੈ '**ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਸਾਰੁ**'। ਇਸ ਤੁਕ ਦਾ ਅਰਥ ਇਉਂ ਭੀ ਕਰਦੇ ਹਨ ਕਿ ਤੁਸੀਂ ਤਾਂ ਰਾਜਾ ਜਨਕ ਦਾ

ਅਉਤਾਰ ਹੋ, ਜਿਸ ਤਰ੍ਹਾਂ ਰਾਜਾ ਜਨਕ ਜੀ ਸੰਸਾਰ (ਸ਼ਬਦ) ਸਾਗਰ ਵਿਚ ਰਹਿਕੇ (ਸਾਰ) ਸ੍ਰੇਸ਼ਟ ਅਰਥਾਤ ਉਪਰ ਰਹੇ ਹਨ, ਜੀਕੁਣ ਕੌਲ ਫੁਲ ਪਾਣੀ ਵਿਚ ਰਹਿਕੇ ਪਾਣੀ ਤੋਂ ਉਪਰ ਰਹਿੰਦਾ ਹੈ, ਏਦਾਂ ਹੀ ਜਗਤ ਵਿਚ ਰਹਿਕੇ ਆਪ ਨਿਰਲੇਪ ਹੋ, ਪ੍ਰੰਤੂ ਪਿਛੇ ਕਿਹਾ ਹੈ "**ਗਾਵਹਿ ਜਨਕਾਦਿ ਜੁਗਤਿ ਜੋਗੇਸੁਰ**"(ਮ:੧ ਦਾ ਤੀਸਰਾ ਸਵਯਾ) ਅਰਥਾਤ ਜਨਕ ਆਦਿਕ ਆਪ ਜੀ ਦੇ ਗੁਣਾਂ ਨੂੰ ਗਾਂਵਦੇ ਹਨ। ਇਹ ਤੁਕ ਭਾਵੇਂ ਸਤਿਗੁਰੂ ਨਾਨਕ ਦੇਵ ਜੀ ਦੀ ਮਹਿਮਾਂ ਵਿਚ ਹੈ, ਪ੍ਰੰਤੂ ਵਕਤਾ ਦੇ ਹ੍ਰਿਦੇ ਵਿਚ ਗੁਰੂ ਨਾਨਕ ਤੇ ਗੁਰੂ ਅੰਗਦ ਜੀ ਦੇ ਅੱਡ ਅੱਡ ਰੂਪ ਨਹੀਂ ਹਨ। ਯਥਾ-"**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ ਤਾਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥**"(੧੪੦੮) ਇਸ ਲਈ ਗੁਣ ਗਾਵਣ ਵਾਲਿਆਂ ਵਿਚ ਬੀ ਜਨਕ ਜੀ ਹਨ ਤੇ ਫਿਰ ਜਨਕ ਦਾ ਅਵਤਾਰ ਸਤਿਗੁਰੂ ਜੀ ਹਨ, ਇਹ ਅਰਥ ਕਰਨ ਵਿਚ ਪੂਰਬ ਅਪਰ ਦਾ ਵਿਰੋਧ ਹੈ। ਕਵੀ ਸੰਤੋਖ ਸਿੰਘ ਜੀ ਨੇ ਗੁਰ ਨਾਨਕ ਪ੍ਰਕਾਸ਼ ਵਿਚ ਇਸ ਦਾ ਉਧਾਰ ਇਉਂ ਕੀਤਾ ਹੈ ਕਿ ਨਿਰਲੇਪਤਾ ਦੇ ਅੰਗ ਤੋਂ ਜਨਕ ਅਉਤਾਰ ਕਿਹਾ ਹੈ, ਜੀਕੁਣ ਪਾਣੀ ਤੇ ਕੌਲ ਫੁਲ ਦਾ ਦ੍ਰਿਸ਼ਟਾਂਤ ਦਿਤਾ ਹੈ, ਪ੍ਰੰਤੂ ਉਨ੍ਹਾਂ ਤੁਕਾਂ ਦੇ ਅਰਥ ਓਥੇ ਸਪਸ਼ਟ ਨਹੀਂ ਕੀਤੇ। ਇਸ ਤੁਕ ਦੇ ਆਸਰੇ ਹੀ ਜਨਮ ਸਾਖੀ ਵਿਚ ਕਈਆਂ ਨੇ ਅਨਜਾਨਤਾ ਤੇ ਅਗਜਾਤ ਕਰਕੇ ਜਾਂ ਵਿਰੋਧ ਕਰਕੇ ਸਾਖੀਆਂ ਘੜ ਰਖੀਆਂ ਹਨ, ਇਸ ਲਈ ਸ਼ਬਦ ਅਵਤਾਰ ਸ੍ਰੀ ਗੁਰੂ ਜੀ ਹਨ, ਇਸ ਅਰਥ ਕਰਨ ਨਾਲ ਸਾਰੇ ਪਦ ਸੋਹਣੇ ਲਗ ਜਾਂਦੇ ਹਨ। ਜਨਕ ਪਦ ਦਾ ਦੂਜਾ ਅਰਥ ਗਿਆਨਵਾਨ ਹੈ ਜੋ ਅਗੇ ਚੱਲਕੇ ਲਿਖਿਆ ਹੈ"**ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ**"। (੧੩੯੮) ਇਉਂ ਇਹ ਅਰਥ ਬਣਦਾ ਹੈ ਕਿ ਤੂੰ ਤਾਂ ਗਿਆਨਵਾਨਾਂ ਦਾ ਸ਼ਹਿਨਸ਼ਾਹ ਅਵਤਾਰ ਹੈਂ, ਭਾਵ ਜੁਗੋ ਜੁਗ ਗਿਆਨ ਦਾ ਦਾਤਾ ਤੂੰ ਹੈਂ। ਯਥਾ-"**ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ**"(੭੯)॥੩॥

| ਮੂਲ | ਅਰਥ |
|---|---|
| **ਤੈ ਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰੁ ਪਰਵਾਨੁ ਸਾਧਿ ਅਜਗਰੁ ਜਿਨਿ ਕੀਆ ਉਨਮਾਨੁ ॥ ਹਰਿ ਹਰਿ ਦਰਸ ਸਮਾਨ ਆਤਮਾ ਵੰਤਗਿਆਨ ਜਾਣੀਅ ਅਕਲ ਗਤਿ ਗੁਰ ਪਰਵਾਨ ॥ ਜਾ ਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ ॥ ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੪ ॥** | (ਐਸੀ) ਸਤਿਗੁਰਾਂ ਦੀ ਸੇਵਾ ਕੀਤੀ (ਜੋ) ਪਰਵਾਣੁ (ਪਈ ਤੇ) ਧੁਰ ਦਰਗਾਹੋਂ ਤੁਸਾਂ ਨੇ ਮਾਨ ਪਾਇਆ (ਸੱਪ ਵਾਂਗੂੰ ਜ਼ਹਰੀਲੇ ਤੇ ਚੰਚਲ) ਮਨ ਨੂੰ (ਆਪਣੇ ਵੱਸ ਕਰਕੇ) ਆਪ ਜੀ ਨੇ ਉੱਚਾ ਤੇ ਅਫੁਰ ਕਰ ਲਿਆ। ਵਾਹਿਗੁਰੂ ਜੀ ਦੇ ਦਰਸ਼ਨ ਵਿਚ ਸਮਾ ਗਏ, ਆਤਮ ਗਿਆਨ ਵਾਲੇ (ਅਰ) ਸਤਿਗੁਰ (ਨਾਨਕ ਦੇਵ) ਜੀ ਦੇ ਤੁੱਲ ਅਫੁਰ (ਵਾਹਿਗੁਰੂ ਜੀ ਦੀ) ਪਹੁੰਚ ਵਾਲੇ ਹੋਏ। ਜਿਨ੍ਹਾਂ ਦੀ ਸਤਿ ਸਰੂਪ (ਵਾਹਿ-ਗੁਰੂ ਜੀ ਪੁਰ) ਟਿਕੀ ਹੋਈ ਹੈ ਨਜ਼ਰ, ਤੇ ਆਤਮ ਵਿਸ਼ੈਣੀ ਹੈ ਪਵਿਤ੍ਰ ਬੁਧੀ, (ਅਤੇ) ਸ਼ਾਂਤੀ ਦੀ ਕਵਚ (ਜ਼ਿਰਹ) ਪਾਕੇ ਤਮੋਗੁਣੀ ਬ੍ਰਿਤੀ ਨੂੰ ਨਾਸ਼ ਕੀਤਾ ਹੈ। ਆਖਦੇ ਹਨ ਕਲਸ-ਹਾਰ ਜੀ 'ਭਟ' ਕਿ ਸੱਤਾਂ ਦੀਪਾਂ ਵਿਚ ਹੋ ਰਿਹਾ ਹੈ, ਜਿਸ ਜਗਤ ਦੇ ਗੁਰੂ ਲਹਿਣਾਂ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਦਾ ਜਸ, (ਤੂੰ) ਵਾਹਿਗੁਰੂ ਰੂਪ ਕਰਕੇ ਪੂਜ॥੪॥ |

**ਪਦਾਰਥ**—ਹਦਰਥਿ-ਹਜ਼ੂਰ ਤੋਂ, ਧੁਰ ਦਰਗਾਹੋਂ। ਅਜਗਰੁ-ਸੱਪ ਭਾਵ ਮਨ। ਉਨਮਾਨੁ-ਲਿਵ ਵਾਲਾ ਮਨ, ਉੱਚਾ ਮਨ। ਸੀਲ-ਸ਼ਾਂਤੀ। ਸਨਾਹੁ-ਕਵਚ, ਜਿਰਹਾ

ਜੋ ਜੰਗ ਵੇਲੇ ਲੋਹੇ ਦੀ ਪੁਸ਼ਾਕ ਸੂਰਮੇ ਪਹਿਰਦੇ ਹਨ ਤਾਂਕਿ ਦੁਸ਼ਮਨ ਦੇ ਸ਼ਸਤ੍ਰ ਦੇ ਵਾਰ ਤੋਂ ਬਚਾਉ ਹੋਵੇ। ਸਕਤਿ-ਤਮੋਗੁਣੀ ਬ੍ਰਿਤੀ। ਬਿਦਾਰਿ-ਨਾਸ਼ ਕੀਤੀ।

## {ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਿਮਾ}

**ਭਾਵ**—ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪਵਿਤ੍ਰ ਸੇਵਾ ਦਾ ਹਾਲ ਉਹਨਾਂ ਦੇ ਆਗਯਾਕਾਰੀ ਹੋਕੇ ਸਤਿਗੁਰ ਨਾਨਕ ਦੇਵ ਜੀ ਦੇ ਪ੍ਰਸੰਨ ਕਰਨ ਦੇ ਜਤਨ ਅਦੁਤੀ ਹਨ। ਜਿੰਨੀਆਂ ਪ੍ਰੀਛਾ ਸਤਿਗੁਰੂ ਜੀ ਨੇ ਲਈਆਂ ਆਪ ਪੂਰੇ ਉਤਰੇ, ਕਿਸੇ ਗੱਲੇ ਤੇ ਕਿਸੇ ਵੇਲੇ ਭੀ ਹੁਕਮ ਤੋਂ ਮੁਖ ਨਹੀਂ ਮੋੜਿਆ*, ਇਸ ਕਾਰਨ ਆਪ ਜੀ ਦੀ ਘਾਲ ਥਾਇਂ ਪਈ ਤੇ ਧੁਰ ਦਰਗਾਹੋਂ ਗੁਰਿਆਈ ਦਾ ਮਰਾਤਬਾ ਪਾਇਆ। ਸੇਵਾ ਵਿਚ ਮਨ ਨੂੰ ਅਡੋਲ ਰੱਖਣਾ ਔਖਾ ਹੈ, ਇਸੇ ਲਈ ਸੇਵਾ ਧਰਮ ਅਤਿ ਔਖਾ ਲਿਖਯਾ ਹੈ, "**ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ**"(੧੪੨੨) ਕਹੀ ਹੈ, ਪਰ ਆਪ ਜੀ ਨੇ ਮਨ ਨੂੰ ਵੱਸ ਕਰਕੇ ਸਤਿਗੁਰੂ ਜੀ ਦੇ ਹੁਕਮ ਅੱਗੇ ਅਫੁਰ ਕਰ ਦਿੱਤਾ, ਆਪਣਾ ਫੁਰਨਾ ਫੁਰਨ ਹੀ ਨਹੀਂ ਦਿੱਤਾ। ਕਿੱਕਰ ਝੂਲਨ ਵੇਲੇ ਭੀ ਮਨ ਅਫੁਰ ਹੀ ਰਿਹਾ। ਜਦ ਮੁਰਦੇ ਖਾਣ ਦਾ ਚੋਜ ਹੋਇਆ ਤਦ ਭੀ ਫੁਰਨਾ ਨਹੀਂ ਫੁਰਿਆ, ਤੇ ਇਉਂ ਹਰ ਸਮੇਂ ਮਨ ਨੂੰ ਅਫੁਰ ਰਖਿਆ। ਸੋ ਫੁਰਨਾ ਰਿਹਾ ਕਿੱਥੇ?

"**ਹਰਿ ਹਰਿ ਦਰਸ ਸਮਾਨ**"(੧੩੯੧) ਵਾਹਿਗੁਰੂ ਜੀ ਦੇ ਦਰਸ਼ਨਾਂ ਵਿਚ ਲੀਨ ਰਹੇ, ਆਤਮ ਗਯਾਨ ਦੇ ਬਲ ਕਰਕੇ ਮਨ ਨੂੰ ਅਮਨ ਕਰ ਲੀਤਾ, ਸਤਿਗੁਰ ਜੀ ਦੇ ਹੁਕਮਾਂ ਨੂੰ ਅਡੋਲ ਮੰਨਕੇ ਵਾਹਿਗੁਰੂ ਜੀ ਦੇ ਗਿਆਨ ਨੂੰ ਸਤਿਗੁਰ ਜੀ ਦੇ ਤੁੱਲ ਹੀ ਜਾਣ ਲਿਆ, ਇਸੇ ਕਾਰਨ ਆਪ ਗੁਰੂ ਰੂਪ ਹੋਏ ਤੇ "**ਏਕ ਜੋਤਿ ਦੁਇ ਮੂਰਤੀ**"(੭੯੮) ਦੇ ਪਦ ਨੂੰ ਪੁਜੇ ਸਦਾ ਹੀ ਕਰਤਾਰ ਪੁਰ ਟਿਕੀ ਨਜ਼ਰ ਤੇ ਆਤਮ ਵਿਸ਼ੈਣੀ ਪਾਵਨ ਬੁਧੀ ਤੇ ਤਮੋਗੁਣੀ ਬ੍ਰਿਤੀ ਨੂੰ ਨਾਸ਼ ਹੀ ਕਰ ਦਿਤਾ। ਸ਼ਾਂਤੀ ਦੀ (ਸੰਜੋਅ) ਜ਼ਿਰਹ ਐਸੀ ਪਾਈ ਜੋ ਮਹਾਨ ਸ਼ਕਤੀ ਦੇ ਹੁੰਦਿਆਂ ਸਾਧਾਰਨ ਪੁਰਖਾਂ ਦੀ ਗੁਸਤਾਖੀ ਬਰਦਾਸ਼ਤ ਕੀਤੀ, ਪਰ ਤਮੋਗੁਣੀ ਫੁਰਨਾ ਹੀ ਨਹੀਂ ਫੁਰਨ ਦਿਤਾ। ਇਹ ਇਸ਼ਾਰਾ ਓਸ ਸਾਖੀ ਵਲ ਜਾਪਦਾ ਹੈ ਜੋ ਸੂਰਜ ਪ੍ਰਕਾਸ਼ ਵਿਚ ਲਿਖੀ ਹੈ ਕਿ ਖਡੂਰ ਸਾਹਿਬ ਜਦ ਸਤਿਗੁਰੂ ਜੀ ਆ ਨਿਵਾਸ ਕੀਤਾ ਤੇ ਗੁਰ ਗਾਦੀ ਪੁਰ ਟਿਕਕੇ ਸੰਗਤਾਂ ਨੂੰ ਤਾਰਨ ਦੀ ਕਾਰ ਕਰਨ ਲੱਗੇ; ਅੰਮ੍ਰਿਤ ਵੇਲੇ ਦੇ ਦੀਵਾਨ ਤੇ ਗੁਰ ਨਾਨਕ ਦੇਵ ਜੀ ਦੀ ਜਨਮ ਸਾਖੀ ਦੀ ਕਥਾ, ਪ੍ਰਸੰਗ ਤੇ ਗੁਰਮੁਖੀ ਅੱਖਰ ਬਨਾਕੇ ਗੁਰਬਾਣੀ ਦੇ ਪ੍ਰਚਾਰ ਦਾ ਪ੍ਰਵਾਹ ਤੋਰਿਆ, ਤਦੋਂ ਦੂਰ ਦੂਰ ਤੋਂ ਸਿਖ ਸੰਗਤਾਂ ਦੀ ਆਵਾਜਾਈ ਹੋਣ ਲੱਗੀ ਤੇ ਗੁਰੂ ਕਾ ਪ੍ਰਤਾਪ ਸੂਰਜ ਵਾਂਗੂੰ ਚਮਕਿਆ। ਬਾਬਾ ਬੁੱਢਾ ਸਾਹਿਬ ਜੀ ਆਦਿ ਗੁਰੂ ਦੇ ਹਜ਼ੂਰੀਏ ਸਿਖ ਪਾਸ ਆਣ ਟਿਕੇ ਤੇ (ਸ੍ਰੀ ਗੁਰ) ਅਮਰਦਾਸ ਜੀ ਨੇ ਉੱਗਰ ਸੇਵਾ ਆਰੰਭ ਕੀਤੀ। ਭਾਈ ਗੋਂਦੇ ਖਤ੍ਰੀ ਦੀ ਬਿਨੈ ਪੁਰ ਗੋਇੰਦਵਾਲ ਵਸਾਉਣ ਦਾ ਹੁਕਮ ਤੀਜੇ ਪਾਤਸ਼ਾਹ ਜੀ ਨੂੰ ਮਿਲਿਆ ਤੇ ਹੁਕਮ ਵਿਚ ਇਹ ਕਾਰਜ ਸਿਰੇ ਚੜ੍ਹਿਆ। ਏਸੇ ਸਮੇਂ ਦਾ ਜ਼ਿਕਰ ਹੈ ਕਿ ਇਕ ਜੋਗੀ ਤਪਾ ਜੋ ਖਡੂਰ ਵਿਚ ਰਹਿੰਦਾ ਸੀ, ਪਰ ਸਤਿਗੁਰੂ ਜੀ ਦੇ ਪ੍ਰਤਾਪ ਨੂੰ ਦੇਖਕੇ ਈਰਖਾ ਦੀ ਅੱਗ ਨਾਲ ਅਤਿ ਦੁਖੀ ਰਹਿੰਦਾ ਸੀ। ਕੁਦਰਤ ਨਾਲ ਇਕੇਰਾਂ ਬਰਖਾ ਦੀ ਰੁਤੇ ਬਰਖਾ ਨਾ ਹੋਈ ਤੇ ਔੜ ਆਨ ਲੱਗੀ, ਤਦੋਂ ਜੋਗੀ ਦੇ ਸਿਖ ਸੇਵਕ ਖਹਿਰੇ ਜੱਟ ਕੱਠੇ ਹੋਕੇ ਜੋਗੀ ਪਾਸ ਗਏ ਤੇ ਮੀਂਹ ਲਈ ਕਿਹਾ। ਓਨੇ ਮੌਕਾ ਸਮਝਕੇ ਮੂਰਖ ਜੱਟਾਂ ਨੂੰ ਕਿਹਾ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਗ੍ਰਿਹਸਤੀ ਹੋਕੇ ਪੂਜਾ ਕਰਾਂਦੇ ਹਨ, ਇਸ ਲਈ ਮੀਂਹ ਨਹੀਂ ਪੈਂਦਾ ਸੋ ਇਹਨਾਂ ਨੂੰ ਇਥੋਂ ਕੱਢੋ ਤਦ ਮੀਂਹ ਪਏਗਾ। ਉਨ੍ਹਾਂ ਅਨਜਾਣ ਜੱਟਾਂ ਨੇ ਸਤਿਗੁਰ ਜੀ ਨੂੰ ਆਨ ਕਿਹਾ ਕਿ ਆਪ ਇਥੋਂ ਚਲੇ ਜਾਵੋ, ਤੁਹਾਡੇ ਇਥੇ ਹੋਣ ਨਾਲ ਮੀਂਹ ਨਹੀਂ ਪੈਂਦਾ। ਇਹ ਸੁਣਕੇ ਸਤਿਗੁਰ ਜੀ ਹੱਸ ਪਏ ਤੇ ਸਿੱਖਾਂ ਨੂੰ ਹੁਕਮ ਦਿਤਾ ਭਾਈ ਕੂਚ ਕਰੋ ਅਸਾਂ ਤਾਂ ਕਰਤਾਰ ਦਾ ਜਸੁ ਹੀ

* ਵਿਸਤਾਰ ਲਈ ਦੇਖੋ ਗੁਰ ਨਾਨਕ ਪ੍ਰਕਾਸ਼ ਤੇ ਟ੍ਰੈਕਟ ਜੀਵਨ ਗੁਰ ਅੰਗਦ ਦੇਵ ਜੀ ਅਰ ਰਸਭਿੰਨੜਾ ਗੁਰਪੁਰਬ।

ਜਿਥੇ ਕਿਥੇ ਕਰਨਾ ਹੈ, ਇਥੇ ਪਿੰਡ ਵਿਚ ਨਾ ਕੀਤਾ ਤਾਂ ਜੰਗਲ ਵਿਚ ਸਹੀ। ਸੋ ਆਪ ਜੀ ਦੇ ਆਸ਼ੇ ਨੂੰ ਵੇਖਕੇ ਸਿਖਾਂ ਹੁਕਮ ਦੀ ਕਾਰ ਕੀਤੀ ਤੇ ਜੰਗਲ ਵਿਚ ਡੇਰੇ ਜਾ ਲਾਏ। ਓਥੇ ਹੀ ਇਲਾਹੀ ਰੰਗ ਲਗ ਗਿਆ ਤੇ ਕੀਰਤਨ ਕਥਾ ਦਾ ਅੰਮ੍ਰਿਤ ਪ੍ਰਵਾਹ ਤੁਰ ਪਿਆ। ਇਸ ਚੋਜ ਦੇ ਵਰਤਣ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਗਏ ਹੋਏ ਸੀ, ਓਹ ਜਦ ਖਡੂਰ ਸਾਹਿਬ ਆਏ ਤਾਂ ਹੋਰ ਦਾ ਹੋਰ ਹੀ ਰੰਗ ਡਿਠਾ, ਸਾਰੀ ਬੀਤੀ ਸੁਣ ਤੇ ਨੇਤ੍ਰਾਂ ਵਿਚ ਜਲ ਆ ਗਿਆ। ਐਸੀ ਗੁਸਤਾਖੀ ਨੂੰ ਸੁਣਕੇ ਆਪ ਬੜੇ ਦੁਖੀ ਹੋਏ, ਜੱਟਾਂ ਤੋਂ ਪੁਛਿਆ ਕਿ ਤੁਸਾਂ ਜੋਗੀ ਦੇ ਕਹੇ ਗੁਰਾਂ ਦੀ ਬੇਅਦਬੀ ਕੀਤੀ ਪਰ ਮੀਂਹ ਭੀ ਨਾ ਪਿਆ, ਅੱਠ ਦਿਨ ਹੋ ਗਏ ਤਪਾ ਮੀਂਹ ਨਹੀਂ ਪੁਆ ਸਕਿਆ ਹੁਣ ਤੁਸੀਂ ਗੁਰਾਂ ਦੇ ਇਕ ਸੇਵਕ ਦਾ ਬਚਨ ਮੰਨੋ, ਦੇਖੋ ਕਿਵੇਂ ਮੀਂਹ ਪੈਂਦਾ ਹੈ; ਜਿਸ ਗੁਰੂ ਜੀ ਦੀ ਤੁਸਾਂ ਬੇਅਦਬੀ ਕੀਤੀ ਹੈ ਓਸੇ ਲਈ ਸ਼ਰਧਾ ਭਾਵ ਵਿਚ ਆਓ ਤੇ ਨਿੰਮ੍ਰੀ ਭੂਤ ਹੋਕੇ ਅਰਦਾਸ ਕਰੋ, ਮੀਂਹ ਓਸੇ ਸਤਿਗੁਰ ਦੀ ਮਿਹਰ ਵਿਚ ਹੈ; ਉਸੇ ਦੀ ਮਿਹਰ ਨਜ਼ਰ ਮੀਂਹ ਦੀ ਛਹਿਬਰ ਲਾ ਦੇਵੇਗੀ। ਜੱਟਾਂ ਨੇ ਅਵੱਗਜਾ ਦਾ ਪਸਚਾਤਾਪ ਕੀਤਾ ਤੇ ਸ੍ਰੀ ਅਮਰਦਾਸ਼ ਜੀ ਦੀ ਅਗੁਵਾਈ ਵਿਚ ਨਿੰਮ੍ਰੀ ਹੋਕੇ ਇਕ ਮਨ ਅਰਦਾਸ ਕੀਤੀ; ਮੀਂਹ ਲਹਿ ਪਿਆ ਤੇ ਜਲ ਥਲ ਹੋ ਗਿਆ। ਤਪਾ ਜੋ ਉਨ੍ਹਾਂ ਨੂੰ ਮੀਂਹ ਦੇ ਝੂਠੇ ਲਾਰੇ ਦਿੰਦਾ ਸੀ ਉਨ੍ਹਾਂ ਦੇ ਕੋਪ ਦਾ ਸ਼ਿਕਾਰ ਹੋ ਗਿਆ ਤੇ ਉਨ੍ਹਾਂ ਦੇ ਧੱਕੇ ਧੋੜਿਆਂ ਵਿਚ ਮਾਰਿਆ ਗਿਆ। ਇਹ ਸਾਖੀ ਹੋਰਵੇਂ ਬੀ ਦੱਸਦੇ ਹਨ ਜੋ ਅਗ਼ਲਬ ਨਹੀਂ ਜਾਪਦੀ ਕਿ ਸ੍ਰੀ ਅਮਰਦਾਸ ਜੀ ਦੇ ਕਹਿਣ ਤੇ ਕਿ ਜਿਥੇ ਜਿਥੇ ਇਸ ਤਪੇ ਦਾ ਕੋਈ ਅੰਗ ਪੁੱਜੇਗਾ, ਓਥੇ ਓਥੇ ਮੀਂਹ ਵਸੇਗਾ ਤੇ ਜੱਟਾਂ ਨੇ ਇਹ ਸੁਣਕੇ ਜੋਗੀ ਨੂੰ ਘਰੋਂ ਜਦ ਬਾਹਰ ਲਿਆਂਦਾ ਤਾਂ ਬੱਦਲ ਆਨ ਜੁੜੇ ਤੇ ਜਦ ਓਹ ਖੇਤ ਵਿਚ ਪੁੱਜਾ ਮੀਂਹ ਵਸ ਪਿਆ, ਇਉਂ ਜੱਟਾਂ ਨੇ ਜੋਗੀ ਨੂੰ ਛੇਤੀ ਛੇਤੀ ਆਪੋ ਆਪਣੇ ਖੇਤਾਂ ਵਿਚ ਲਿਜਾਣ ਲਈ ਘਸੀਟਿਆ ਤੇ ਮਰ ਗਿਆ; ਜੋ ਸ੍ਰੀ ਅਮਰਦਾਸ ਜੀ ਦੇ ਆਸ਼ੇ ਅਨੁਕੂਲ ਨਹੀਂ। ਮੀਂਹ ਪੈਣ ਪਿਛੋਂ ਸ੍ਰੀ ਗੁਰੂ ਅਮਰਦਾਸ ਜੀ ਸਮੇਤ ਖਹਰੇ ਜੱਟ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਜ਼ੂਰ ਹਾਜ਼ਰ ਹੋਏ, ਭੁੱਲ ਬਖਸ਼ਾਈ, ਸੋ ਜੱਟਾਂ ਨੂੰ ਤਾਂ ਸਤਿਗੁਰੂ ਜੀ ਨੇ ਬਖਸ਼ ਦਿਤਾ, ਪਰ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਿਹਾ, ਪੁਰਖਾ! ਐਸੀ ਕਾਰ ਫੇਰ ਨਹੀਂ ਕਰਨੀ। ਭਾਵ ਇਹ ਹੈ ਕਿ ਸ਼ਾਂਤੀ ਦਾ ਕਵਚ ਐਸਾ ਪਹਿਨਿਆਂ ਕਿ ਹੋਂਦੇ ਬਲ ਦੰਡ ਯੋਗ ਤਪੇ ਨੂੰ ਦੰਡ ਦੇਣ ਦਾ ਫੁਰਨਾ ਨਿਰਾ ਆਪਣਾਹੀ ਨਾ ਰੋਕਿਆ, ਬਲਕਿ ਅੱਗੇ ਨੂੰ ਭੀ ਸੁਮੱਤ ਦਿੱਤੀ॥੪॥

| ਮੂਲ | ਅਰਥ |
|---|---|
| ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ ॥ ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ॥ ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ ॥ ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ ॥ ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ ॥ | (ਸਤਿਗੁਰੂ ਜੀ) ਕ੍ਰਿਪਾ ਦ੍ਰਿਸ਼ਟੀ ਕਰਦੇ ਹੀ (ਅਗਜਾਨ ਦੇ) ਅਨ੍ਹੇਰੇ ਨੂੰ ਦੂਰ ਕਰ ਦੇਂਦੇ ਹਨ, (ਹੁਣ ਤੇ ਪਿਛੇ ਦੇ ਕੀਤੇ) ਪਾਪਾਂ ਨੂੰ ਸਾੜਕੇ ਨਾਸ ਕਰ ਦੇਂਦੇ ਹਨ। ਬਚਨ ਦੇ ਸੂਰੇ ਤੇ ਕਾਮ ਕ੍ਰੋਧ, ਜੋ ਬਲੀ ਹਨ, ਨੂੰ ਨਾਸ਼ ਕਰਨ ਵਾਲੇ ਹਨ। ਲੋਭ ਤੇ ਮੋਹ ਨੂੰ ਆਪਣੇ ਵੱਸ ਵਿਚ ਰਖਣ ਵਾਲੇ ਤੇ ਸ਼ਰਨ ਆਏ ਮੰਗਤਿਆਂ ਦੀ ਪ੍ਰਤਿਪਾਲਾ ਕਰਨ ਵਾਲੇ ਹਨ। ਆਤਮ ਪ੍ਰੇਮ ਦਾ ਇਕੱਠਾ ਕਰਨ ਵਾਲੇ (ਤੇ ਜਿਨ੍ਹਾਂ ਦਾ ਬਚਨਾਂ ਦਾ) ਬੋਲਣਾ ਇਉਂ ਹੈ ਕਿ ਮਾਨੋ ਅੰਮ੍ਰਿਤ ਝਰ ਰਿਹਾ ਹੈ। ਕਲ੍ਯ ਜੀ (ਆਖਦੇ ਹਨ ਕਿ) ਸਤਿਗੁਰੂ (ਨਾਨਕ ਜੀ ਨੇ ਆਪ) ਤਿਲਕ ਦੇਕੇ ਸਤਿਗੁਰੂ ਥਾਪਿਆ, (ਜੋ ਇਸ) ਸਤਿਗੁਰੂ (ਅੰਗਦ ਦੇਵ ਜੀ ਦੀ ਚਰਨੀ ਲਗੇ ਸੋਈਓ ਤਰ ਜਾਏਗਾ। ਭਾਈ ਫੇਰੂ ਜੀ ਦੇ ਸਪੁਤਰ ਲਹਣਾ ਜੀ ਜੋ ਗੁਰੂ ਦੇ ਅੰਗਾਂ ਤੋਂ |

**ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ ॥ ੫ ॥**

ਉਪਜਕੇ ਜਗਤ ਦੇ ਗੁਰੂ ਬਣੇ (ਓਹ) ਰਾਜ ਤੇ ਜੋਗ (ਦੋਵੇਂ) ਕਰ ਰਹੇ ਹਨ॥੫॥

**ਪਦਾਰਥ**—ਤਮ-ਅਨ੍ਹੇਰਾ। ਜਾਚਿਕ-ਮੰਗਤਾ। ਰਤ-ਪ੍ਰੀਤੀ। ਕਲ-ਵਾਂਗ, ਤਰ੍ਹਾਂ। ਫਿਰਣ ਸੀਹ-ਫੇਰੂ ਦੇ ਸ਼ੇਰ; ਭਾਵ ਭਾਈ ਫੇਰੂ ਜੀ ਦੇ ਸਪੁੱਤ੍ਰ। ਭਾਈ ਫੇਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਿਤਾ ਜੀ ਦਾ ਨਾਮ ਸੀ। ਅੰਗਰਉ-ਗੁਰੂ ਦੇ ਅੰਗਾਂ ਤੋਂ ਨਿੰਮਣ ਵਾਲਾ ਭਾਵ ਸ੍ਰੀ ਗੁਰੂ ਅੰਗਦ ਦੇਵ ਜੀ।

## {ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਿਮਾ}

**ਭਾਵ**—"**ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ**"। (੩੪੬) ਇਹ ਜਗਤ ਪ੍ਰਸਿਧ ਗਲ ਹੈ ਕਿ ਸੂਰਜ ਦੇ ਪ੍ਰਗਟ ਹੋਇਆਂ ਰਾਤ ਨਹੀਂ ਰਹਿੰਦੀ। ਸ੍ਰੀ ਗੁਰੂ ਅੰਗਦ ਦੇਵ ਜੀ ਜਦੋਂ ਆਪਣੀ ਦਯਾ ਦ੍ਰਿਸ਼ਟੀ ਕਰਕੇ ਤੱਕਦੇ ਹਨ ਤਾਂ ਅਗਜਾਨ ਦਾ ਅਨ੍ਹੇਰਾ ਦੂਰ ਹੋ ਜਾਂਦਾ ਹੈ। ਪਿਛਲੇ ਸੰਚਤ ਪਾਪ ਤੇ ਹੁਣ ਦੇ ਕੀਤੇ ਪਾਪ ਸੜਕੇ ਸੁਆਹ ਹੋ ਜਾਂਦੇ ਹਨ। ਬਚਨ ਦੇ ਸੂਰੇ ਸਤਿਗੁਰੂ ਜੀ ਦੇ ਮੁਖੋਂ ਜੋ ਨਿਕਲਿਆ ਸੋ ਸਤਿ ਹੋਇਆ ਤੇ ਜੋ ਕੁਝ ਆਪ ਜੀ ਨੇ ਕਿਹਾ ਓਹ ਪੂਰਾ ਕੀਤਾ। ਕਾਮ ਤੇ ਕ੍ਰੋਧ ਨੂੰ ਨਾਸ਼ ਕਰਕੇ ਲੋਭ ਤੇ ਮੋਹ ਨੂੰ ਆਪਣੇ ਵੱਸ ਕਰ ਲਿਆ; (ਜਾਂ ਨਾਸ਼ ਕਰਨ ਵਾਲੇ ਕਾਮ, ਕ੍ਰੋਧ ਤੇ ਲੋਭ ਮੋਹ ਨੂੰ ਵੱਸ ਵਿਚ ਕਰ ਲਿਆ।) ਸ਼ਰਨ ਵਿਚ ਆਏ ਮੰਗਤਿਆਂ ਦੀ ਪੂਰੀ ਰਖਯਾ ਕੀਤੀ। ਆਤਮ ਪ੍ਰੇਮ ਨੂੰ ਕੱਠਾ ਕੀਤਾ ਤੇ ਆਪ ਦਾ ਬਚਨਾਂ ਦਾ ਬੋਲਣਾ ਇਉਂ ਹੈ ਕਿ ਅੰਮ੍ਰਿਤ ਟਪਕ ਰਿਹਾ ਹੈ; ਯਥਾ-"**ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ**"। (੩੨੦) ਸ੍ਰੀ ਸਤਿਗੁਰੂ ਨਾਨਕ ਦੇ ਵ ਜੀ ਨੇ ਮੱਥੇ ਪੁਰ ਆਪ ਟਿੱਕਾ ਲਾਕੇ ਗੁਰੂ ਥਾਪਿਆ। ਹੁਣ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਚਰਨੀ ਲਗੇਗਾ ਸੋ ਤਰੇਗਾ। ਭਾਈ ਫੇਰੂ ਜੀ ਤ੍ਰੇਹੁਣ ਜਾਤਿ ਦੇ ਖਤ੍ਰੀ ਸੇ, ਉਹਨਾਂ ਦੇ ਸਪੁਤਰ ਲਹਿਣਾ ਜੀ, ਜੋ ਸਤਿਗੁਰੂ ਨਾਨਕ ਦੇਵ ਜੀ ਦੀ ਚਰਨ ਸ਼ਰਨ ਸਮਾਕੇ ਉਹਨਾਂ ਦੇ ਅੰਗਾਂ ਤੋਂ ਉਪਜਕੇ ਸ੍ਰੀ ਗੁਰੂ ਅੰਗਦ ਜੀ ਕਹਿਲਾਏ, ਓਹ ਰਾਜ ਤੇ ਜੋਗ ਦੋਵੇਂ ਕਰ ਰਹੇ ਹਨ॥੫॥

| <u>ਮੂਲ</u> | <u>ਅਰਥ</u> |
|---|---|
| **ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾ ਚਾਰਹ ॥ ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ॥ ਇਹੈ ਤਤੁ ਜਾਣਿਓ ਸਰਬ ਗਤਿ ਅਲਖੁ ਬਿਡਾਣੀ ॥ ਸਹਜ ਭਾਇ ਸੰਚਿਓ ਕਿਰਣਿ ਅੰਮ੍ਰਿਤ ਕਲ ਬਾਣੀ ॥ ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ॥** | ਸਦਾ ਹੀ ਵਾਹਿਗੁਰੂ ਜੀ ਦੀ ਲਿਵ ਵਿਚ ਟਿਕੇ ਹੋਏ ਕਰਨੀ ਸੋਹਣੀ ਤੇ ਸੁਤੰਤ੍ਰ ਹੈ। (ਫਲਾਂ ਨਾਲ) ਭਰਿਆ ਬ੍ਰਿਛ ਜੀਕੁਣ ਝੁਕਦਾ ਹੈ ਤੇ ਖੇਚਲ ਸਹਿਕੇ (ਸਗੋਂ ਫਲ ਹੀ ਦੇਂਦਾ ਹੈ, ਇਸੇ ਤਰ੍ਹਾਂ ਦਾ ਹੀ) ਪਵਿਤ੍ਰ ਵੀਚਾਰ (ਆਪ ਦਾ) ਹੈ। (ਉਤਮ ਗੁਣ ਤੇ ਐਡੇ ਉਚੇ ਪਦ ਨੂੰ ਪਾਕੇ ਫੇਰ ਭੀ ਨਿੰਮ੍ਰਤਾ ਹੀ ਧਾਰੀ ਹੋਈ ਹੈ ਤੇ ਦੁਸ਼ਟ ਜਨਾਂ ਦਾ ਭਲਾ ਹੀ ਚਿਤਵਦੇ ਹੋ)। ਅਲਖ ਵਾਹਿਗੁਰੂ ਹੀ ਸਾਰੇ ਪੂਰਨ ਹੈ ਇਹ ਸਿਧਾਂਤ ਹੀ (ਆਪ ਨੇ) ਜਾਣਿਆ ਹੈ। ਸੋਹਣੀ ਬਾਣੀ ਰੂਪੀ ਕਿਰਨਾਂ ਦਵਾਰੇ ਸ਼ਾਂਤੀ ਅਤੇ ਪ੍ਰੇਮ ਦਾ ਅੰਮ੍ਰਿਤ ਹੀ (ਆਪ ਜੀ ਨੇ) ਛਿਣਕਿਆ ਹੈ। ਸਤਿਗੁਰ (ਨਾਨਕ ਦੇਵ) ਜੀ ਦੇ ਬਰੋਬਰ ਤੁਸੀਂ ਪਹੁੰਚ ਵਾਲੇ ਹੋ ਅਰ ਸਤ ਤੇ ਸੰਤੋਖ ਨੂੰ (ਆਪ ਜੀ ਨੇ) ਗ੍ਰਹਣ ਕੀਤਾ ਹੈ। ਕਲ (ਭਟਾਚਾਰਯ) ਜੀ ਆਖਦੇ ਹਨ ਕਿ ਲਹਿਣਾ ਜੀ (ਸ੍ਰੀ |

| | |
|---|---|
| **ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ ॥ ੬ ॥** | ਗੁਰੂ ਅੰਗਦ ਦੇਵ ਜੀ) ਦਾ ਦਰਸ਼ਨ ਹੋਇਆ (ਜਨ) ਮਾਨੋਂ ਵਾਹਿਗੁਰੂ ਹੀ ਮਿਲ ਪਿਆ॥੬॥ |

**ਪਦਾਰਥ**—ਅਕਲ-ਵਾਹਿਗੁਰੂ। ਦ੍ਰੁਮ ਸਪੂਰ-ਫਲਾਂ ਵਾਲਾ ਬ੍ਰਿਛ। ਖਵੈ-ਸਹਿੰਦਾ ਹੈ। ਕਸੁ-ਖੇਚਲ, ਫਲਦਾਰ ਦਰਖਤ ਨੂੰ ਲੋਕ ਵੱਟੇ ਮਾਰਦੇ ਹਨ ਓਹ ਅਗੋਂ ਫਲ ਹੀ ਦੇਂਦਾ ਹੈ। ਗਮਿ-ਗਮਤਾ, ਪਹੁੰਚ। ਪ੍ਰਮਾਣੁ-ਬਰੋਬਰ। ਗ੍ਰਹਜਿ-ਗ੍ਰਹਣ ਕਰ ਲਏ, ਧਾਰ ਲਏ।

## {ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕਰਣੀ}

**ਭਾਵ**—'ਅਕਲ' ਕਲਪਨਾ ਤੇ ਫੁਰਨੇ ਤੋਂ ਰਹਿਤ ਵਾਹਿਗੁਰੂ ਜੀ ਦਾ ਨਾਮ ਹੈ। 'ਲਿਵ' ਧਿਆਨ, ਸਿਮਰਨ, ਇਕਾਗ੍ਰਤਾ ਤਿੰਨਾਂ ਦੀ ਇਕੱਤ੍ਰਤਾ ਜਿਥੇ ਜਾਕੇ ਹੁੰਦੀ ਹੈ, ਉਸ ਹਾਲਤ ਦਾ ਨਾਮ ਹੈ। ਹੇ ਸਤਿਗੁਰੂ ਜੀਉ! ਆਪ ਜੀ ਦੀ 'ਲਿਵ' ਸਦਾ ਹੀ ਵਾਹਿਗੁਰੂ ਜੀ ਵਿਚ ਲੱਗ ਰਹੀ ਹੈ, ਕਰਨੀ ਸੋਹਣੀ ਸੁਖਦਾਇਕ ਤੇ ਸੁਤੰਤਰ ਆਪ ਜੀ ਦੀ ਹੈ। ਇਸ ਤੁਕ ਦਾ ਵਿਚਾਰ ਇਉਂ ਭੀ ਜਾਪਦਾ ਹੈ **'ਕਰਨ ਸਿਉ ਇਛਾ ਚਾਰਹ'** (ਕਰਨ) ਇੰਦਰੇ ਆਪ ਜੀ ਦੀ ਇੱਛਾ ਨਾਲ ਵਿਚਰਦੇ ਹਨ। ਜਿਉਂ ਜਿਉਂ ਬ੍ਰਿਛ ਨੂੰ ਫਲ ਵਧੀਕ ਪੈਂਦਾ ਹੈ ਤਿਉਂ ਤਿਉਂ ਝੁਕਦਾ ਹੈ ਤੇ ਦੂਜਿਆਂ ਵਲੋਂ ਹੋਈ ਖੇਚਲ ਨੂੰ ਸਹਾਰਕ ਸਗੋਂ ਛਾਂ ਤੇ ਫਲ ਦੇਂਦਾ ਹੈ। ਆਪ ਜੀ ਦਾ ਪਵਿਤ੍ਰ ਵਿਚਾਰ ਬੀ ਐਸਾ ਹੈ। ਜਿਉਂ ਜਿਉਂ ਵਡਿਆਈ ਆਪ ਜੀ ਨੂੰ ਮਿਲੀ ਤਿਉਂ ਤਿਉਂ ਗਰੀਬੀ ਵਧੀਕ ਧਾਰਨ ਕੀਤੀ ਤੇ ਜਿਨ੍ਹਾਂ ਖਹਿਰੇ ਜੱਟਾਂ ਨੇ ਤਕਲੀਫ ਦਿਤੀ ਉਹਨਾਂ ਨੂੰ ਹੀ ਸਿੱਖੀ ਦਾਨ ਬਖਸ਼ਕੇ ਨਿਹਾਲ ਕਰ ਦਿੱਤਾ। ਸਾਰੇ ਵਾਹਿਗੁਰੂ ਹੀ ਪੂਰਨ ਹੈ, ਭਾਵੇਂ ਹੈ ਓਹ ਅਲਖ ਪ੍ਰੰਤੂ ਗੁਪਤ ਪ੍ਰਗਟ, ਸੂਖਮ ਅਸਥੂਲ ਸਾਰੇ ਹੀ ਚੋਜ ਪ੍ਰੀਤਮ ਦੇ ਚੋਜ ਹਨ, ਇਸ ਸਿਧਾਂਤ ਨੂੰ ਆਪ ਜੀ ਨੇ ਪਰਤੱਖ ਜਾਣਿਆਂ ਹੈ। ਹੇ ਨਿਸ਼ਕਲੰਕ ਚੰਦ੍ਰਮਾਂ ਸਤਿਗੁਰੂ ਜੀਉ! ਆਪ ਜੀ ਨੇ ਸੁਹਾਵਣੀ ਬਾਣੀ ਦੀਆਂ ਕਿਰਨਾਂ ਦਵਾਰਾ ਪ੍ਰੇਮ ਦਾ ਅੰਮ੍ਰਿਤ ਛਿਣਕਿਆ ਹੈ, ਜਿਸ ਨਾਲ ਸੜਦੀਆਂ ਰੂਹਾਂ ਨੂੰ ਠੰਢ ਪ੍ਰਾਪਤ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ (ਗੰਮਤਾ) ਪਹੁੰਚ ਜਿਥੇ ਸੀ ਉਥੇ ਹੀ ਆਪ ਪੁੱਜੇ ਹੋ, ਅਰਥਾਤ ਆਪ ਤੇ ਸਤਿਗੁਰੂ ਜੀ ਇਕ ਰੂਪ ਹੋ। ਯਥਾ-

**"ਗੁਰ ਨਾਨਕ ਅੰਗਦ ਕਰਿ ਮਾਨਾ"**

ਅਰ ਸਤਿ ਤੇ ਸੰਤੋਖ ਆਪ ਜੀ ਨੇ ਗ੍ਰਹਣ ਕੀਤਾ ਹੈ ਅਥਵਾ 'ਗ੍ਰਹਜਿ' ਦਾ ਅਰਥ ਹੈ ਭੋਜਨ, ਸੋ ਸਤਿ ਤੇ ਸੰਤੋਖ ਦਾ ਆਪ ਜੀ ਨੇ ਭੋਜਨ ਛਕਿਆ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਦਰਸ਼ਨ ਹੀ ਹਰੀ ਦਾ ਦਰਸ਼ਨ ਹੈ, ਯਥਾ-

**"ਗੁਰੁ ਪਰਮੇਸਰੁ ਏਕੋ ਜਾਣੁ"**(੮੬੪)

'ਜਨ' ਦਾ ਅਰਥ ਭਗਤ, ਵਾਹਿਗੁਰੂ ਜੀ ਦਾ ਪਿਆਰਾ ਇਹ ਭੀ ਗਜਾਨੀ ਕਰਦੇ ਹਨ। ਅਰਥਾਤ ਕਲ ਭਟ ਜੀ ਆਖਦੇ ਹਨ, ਵਾਹਿਗੁਰੂ ਜੀ ਦੇ ਪਿਆਰੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤਿਆਂ ਵਾਹਿਗੁਰੂ ਜੀ ਦੇ ਦਰਸ਼ਨ ਪ੍ਰਾਪਤ ਹੋ ਗਏ। 'ਸਮੁਲਵੈ' ਦੀ ਵਿਤਪਤੀ 'ਸੰਉਲਵੈ'। 'ਸੰ' ਭਲੀ ਪ੍ਰਕਾਰ ਉਲਵੈ ਉਚਾਰਨ ਇਉਂ ਕਰਦੇ ਹਨ, ਪਰ ਉਲਵੈ ਉਚਾਰਨ ਅਰਥਾਂ ਵਿਚ ਖਿੱਚ ਭਾਸਦੀ ਹੈ। 'ਲਵੈ' ਉਚਾਰਨ ਅਰਥਾਂ ਵਿਚ ਆਇਆ ਹੈ, ਯਥਾ-**'ਟੀਡ ਲਵੈ ਮੰਝਿ ਬਾਰੇ'** ਤੁਖਾਰੀ ਬਾਰਹਮਾਹ ਮ: ੧॥ ਆਮ ਪੰਜਾਬੀ ਬੋਲਚਾਲ ਵਿਚ 'ਲਉਣਾ' ਬਹੁਤ ਬੋਲਣ ਦਾ ਨਾਮ ਹੈ ਇਸ ਲਈ 'ਸਮੁ' 'ਲਵੈ' ਦੋਵੇਂ ਪਦ ਠੀਕ ਬਣੇ ਰਹਿਣ ਤੇ ਅਰਥ ਇਉਂ ਕੀਤਾ ਜਾਵੇ

'ਜਨ ਕਲ ਲਵੈ' ਦਾਸ ਕਲ ਆਖਦਾ ਹੈ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਦਰਸ਼ਨ ਹਰੀ ਪਰਸਨ ਦੇ 'ਸਮ' ਤੁਲ ਪ੍ਰਾਪਤ ਹੋਇਆ ਹੈ। **"ਹਰਿਕੇ ਸੰਤ ਮਿਲੇ ਹਰਿ ਮਿਲਿਆ"** (੧੨੯੪) ਅਥਵਾ 'ਜਨ ਹਰਿ ਭੇਟਿਓ ਬਨਵਾਰੀ।'॥੬॥

| ਮੂਲ | ਅਰਥ |
|---|---|
| **ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਥਿ ਦੀਓ ॥ ਗਰਲ ਨਾਸੁ ਤਨਿ ਨਠਯੋ ਅਮਿਉ ਅੰਤਰਗਤਿ ਪੀਓ ॥ ਰਿਦਿ ਬਿਗਾਸੁ ਜਾਗਿਓ ਅਲਖਿ ਕਲ ਧਰੀ ਜੁਗੰਤਰਿ ॥ ਸਤਿਗੁਰੁ ਸਹਜ ਸਮਾਧਿ ਰਵਿਓ ਸਾਮਾਨਿ ਨਿਰੰਤਰਿ ॥ ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਤ੍ਰਸਨ ॥ ਸਦ ਰੰਗ ਸਹਜਿ ਕਲੁ ਉਚਰੈ ਜਸੁ ਜੰਪਉ ਲਹਣੇ ਰਸਨ ॥ ੭ ॥** | (ਸਤਿਗੁਰੂ ਪਰ) ਮਨ ਵਿਚ ਭਰੋਸਾ ਪਾ ਲਿਆ ਤੇ ਧੁਰ ਦਰਗਾਹੋਂ ਵਡੀ ਪਹੁੰਚ (ਆਪ ਨੂੰ) ਮਿਲੀ। ਨਾਸ਼ ਕਰਨ ਵਾਲੀ ਵਿਹੁ ਤਨ ਵਿਚੋਂ ਦੌੜ ਗਈ ਤੇ ਅੰਤਰਮੁਖ ਹੋਕੇ ਨਾਮ ਅੰਮ੍ਰਿਤ ਪੀਤਾ। ਦਿਲ ਦਾ ਖੇੜਾ ਜਾਗ ਪਿਆ ਤੇ ਸੰਸਾਰ ਵਿਚ ਐਸੀ ਜੁਗਤ ਰੱਖੀ ਜੋ ਅਲਖ ਹੀ ਰਹੇ। ਇਕੋ ਜੇਹਾ ਇਕ ਰਸ ਜੋ ਪੂਰਨ ਹੈ (ਵਾਹਿਗੁਰੂ ਉਸ ਵਿਚ) ਸਤਿਗੁਰੂ ਜੀ ਦੀ ਸਹਜੇ ਹੀ ਸਮਾਧੀ ਲਗ ਰਹੀ ਹੈ। ਉਦਾਰ ਆਤਮਾ ਦਲਿਦਰ ਦੇ ਦੂਰ ਕਰਨ ਵਾਲੇ ਜਿਨ੍ਹਾਂ ਦੇ ਡਿਠਿਆਂ ਪਾਪ ਡਰਕੇ ਨਸ ਜਾਂਦੇ ਹਨ। ਕਲ ਭਟ ਜੀ ਆਖਦੇ ਹਨ ਸਹਜ ਰੰਗ ਵਿਚ ਸਦਾ ਹੀ ਟਿਕੇ ਹੋਏ ਲਹਣੇ (ਸ੍ਰੀ ਗੁਰੂ ਅੰਗਦ ਦੇਵ) ਜੀ ਦਾ ਜਸ (ਮੈਂ) ਜੀਭ ਨਾਲ ਜਪਦਾ ਹਾਂ॥੭॥ |

**ਪਦਾਰਥ**—ਤ੍ਰਸਨ-ਡਰ ਜਾਂਦੇ ਹਨ।

{ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਿਮਾ}

**ਭਾਵ**—ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਮਨ ਵਿਚ ਪੱਕਾ ਭਰੋਸਾ ਪਾ ਲਿਆ, ਜੋ ਕਦੇ ਨਾ ਹਿੱਲਿਆ। ਕਈ ਚੋਜ ਸਤਿਗੁਰ ਜੀ ਕੀਤੇ, ਕਈ ਵਾਰੀ ਪ੍ਰੀਖਯਾ ਦੇ ਪਰਚੇ ਲੀਤੇ, ਪਰ ਆਪ ਸਦਾ ਹੀ ਅਡੋਲ ਰਹੇ। ਡੂੰਘਾਈ ਦਾ ਗ੍ਰਹਣ ਅਰਥਾਤ ਰੱਬੀ ਉਚੀ ਤੇ ਡੂੰਘੀ ਰਮਜ਼ ਦਾ ਪਤਾ ਧੁਰ ਦਰਗਾਹੋਂ ਆਪ ਨੂੰ ਮਿਲਿਆ। ਸਤਿਗੁਰ ਨਾਨਕ ਦੇਵ ਜੀ ਦੇ ਦਰਸ਼ਨ ਕਰਦਿਆਂ ਹੀ ਆਪ ਤਹਿ ਤੇ ਪੁਜ ਗਏ ਤੇ ਕਦੇ ਭੀ ਨਾ ਹਿੱਲੇ ਅਰ ਜਿਉਂ ਦਾ ਤਿਉਂ ਸਤਿਗੁਰ ਜੀ ਨੂੰ ਪਛਾਤਾ। ਅੰਤਰ ਮੁਖ ਹੋਕੇ ਬ੍ਰਹਮਾਨੰਦ ਦਾ ਅੰਮ੍ਰਿਤ ਜੋ ਨਾਮ ਸਿਮਰਨ ਤੋਂ ਉਪਜਦਾ ਹੈ, ਓਹ ਆਪ ਜੀ ਨੇ ਪੀਤਾ। ਵਿਸ਼ਿਆਂ ਦੀ ਵਿਹੁ ਅੰਦਰੋਂ ਹੀ ਉਪਜਕੇ ਅੰਦਰਲੇ ਦੇ ਸੁਖ ਨੂੰ ਨਾਸ਼ ਕਰਦੀ ਹੈ ਓਹ ਵਿਹੁ ਆਪ ਜੀ ਦੇ (ਦਰਸ਼ਨ) ਤੋਂ ਦੂਰ ਦੌੜਨ ਲਗ ਪਈ। ਆਪ ਦੇ ਦਿਲ ਦਾ (ਜੋ ਵਾਹਿਗੁਰੂ ਜੀ ਨੇ ਆਪ ਦੇ ਅੰਦਰ ਸਿਖੀ ਦਾ ਆਦਰਸ਼ ਕਾਇਮ ਕਰਨ ਲਈ ਲੁਕਾਕੇ ਰਖਿਆ ਹੋਇਆ ਸੀ) ਖੇੜਾ ਜਾਗ ਪਿਆ ਤੇ ਇਸ ਸਾਰੀ ਉੱਚਤਾ ਨੂੰ ਪਾਕੇ ਐਸੀ ਜੁਗਤ ਬਾਹਰੋਂ ਰੱਖੀ ਕਿ ਗੁਪਤ ਹੀ ਰਹੇ, ਆਪਾ ਨਹੀਂ ਲਖਾਇਆ; ਇਸੀ ਪਰ ਭਾਈ ਗੁਰਦਾਸ ਜੀ ਦਾ ਬਚਨ ਹੈ, ਯਥਾ-'ਦੀਨ ਦੁਨੀ ਦੀ ਸਾਹਿਬੀ ਗੁਰਮੁਖਿ ਗੋਸ਼ ਨਸੀਨੀ ਬਹਿਣਾ॥'(੨੪/੭) 'ਬਾਬਾਣੇ ਘਰ ਚਾਨਣ ਲਹਿਣਾ।'(੨੪/੬) ਅਰ ਇਕੋ ਜਿਹਾ ਸਾਰੇ ਪੂਰਨ ਵਾਹਿਗੁਰੂ ਜੋ ਨਿਰੰਤਰਿ 'ਕਾਲ ਦੇਸ਼' ਦੀ ਹੱਦ ਤੋਂ ਬਾਹਰ ਹੈ ਉਸ ਵਿਚ ਸਹਿਜੇ ਹੀ ਜੁੜੇ ਹੋਏ ਹਨ। ਬਖਸ਼ਸ਼ ਵਾਲਾ ਸੁਭਾਵ ਹੈ ਦਲਿਦਰ ਦੇ ਦੂਰ ਕਰਨ ਵਾਲੇ ਹਨ ਤੇ ਦਰਸ਼ਨ ਤੋਂ ਹੀ ਪਾਪ ਦੂਰ ਹੋ ਜਾਂਦੇ ਹਨ। ਸਦਾ ਹੀ ਸਹਿਜ ਰੰਗ ਹਰ ਹਾਲਤ ਵਿਚ ਇਕ ਰਸ, ਐਸੀ ਧਾਰਨਾ ਟਿਕੀ ਹੋਈ ਜੋ

ਅੱਠ ਪਹਿਰ ਨਿਰੰਤਰ ਆਨੰਦ ਹੀ ਆਨੰਦ ਹੈ। ਕਲ੍ਯ ਜੀ ਕਹਿੰਦੇ ਹਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜਸ ਨੂੰ ਜੀਭ ਨਾਲ ਮੈਂ ਜਪਦਾ ਹਾਂ। ਇਸ ਤੁਕ ਦਾ ਪਰਮਾਰਥ ਇਉਂ ਭੀ ਕਰਦੇ ਹਨ ਕਿ ਕਲ੍ਯ ਭਟ ਜੀ ਆਖਦੇ ਹਨ ਕਿ ਸ੍ਰੀ ਲਹਿਣੇ ਜੀ ਦਾ ਜਸ ਸਹਿਜੇ ਸਹਿਜੇ ਪ੍ਰੇਮ ਨਾਲ ਮੈਂ ਹਮੇਸ਼ਾਂ ਜਪਦਾ ਹਾਂ ਤੇ ਜਪਦਾ ਹੀ ਰਹਾਂ॥੭॥

| ਮੂਲ | ਅਰਥ |
|---|---|
| **ਨਾਮੁ ਅਵਖਧੁ ਨਾਮੁ ਆਧਾਰੁ ਅਰੁ ਨਾਮੁ ਸਮਾਧਿ ਸੁਖੁ ਸਦਾ ਨਾਮ ਨੀਸਾਣੁ ਸੋਹੈ ॥ ਰੰਗਿ ਰਤੌ ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ॥ ਨਾਮ ਪਰਸੁ ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ ॥ ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ ॥ ੮ ॥** | (ਸਾਰੇ ਰੋਗਾਂ ਦੇ ਦੂਰ ਕਰਨ ਲਈ) ਨਾਮੁ ਦੀ ਹੀ ਦਵਾਈ, ਨਾਮ ਦਾ ਹੀ ਆਸਰਾ, ਨਾਮ ਦੀ ਸਮਾਧੀ ਦਾ ਸਦਾ ਸੁਖ ਤੇ ਨਾਮ ਦਾ ਹੀ (ਨੀਸਾਣੁ) ਚਿੰਨ੍ਹ ਸ਼ੋਭ ਰਿਹਾ ਹੈ। ਨਾਮ ਦੇ ਹੀ ਰੰਗ ਰਤੇ ਹੋਏ ਆਪ ਤੇ ਮਾਨੁਖਾਂ ਵਿਚ ਨਾਮ ਦਾ ਪ੍ਰਵੇਸ਼ ਕਰਾਕੇ (ਸੰਸਾਰ ਵਿਚ ਹੀ) ਦੇਵਤੇ ਕਰ ਦਿੱਤਾ। ਨਾਮ ਦਾ ਪਾਰਸ ਜਿਸ ਨੇ ਪਾਇਆ (ਉਸ ਨੂੰ) ਵਾਹਿਗੁਰੂ (ਰੂਪੀ) ਸੂਰਜ ਦਾ ਚਾਨਣਾ ਪ੍ਰਗਟ ਹੋਇਆ। ਸਤਿਗੁਰੂ ਜੀ ਦੇ ਦਰਸ਼ਨ ਪਰਸਿਆਂ ਅਠਾਹਠ ਤੀਰਥਾਂ ਦੇ ਪੁਰਬਾਂ ਦਾ ਇਸ਼ਨਾਨ ਹੋ ਜਾਂਦਾ ਹੈ॥੮॥ |

**ਪਦਾਰਥ**—ਅਵਖਧੁ-ਦਵਾਈ। ਨੀਸਾਣੁ-ਚਿੰਨ੍ਹ ਵਾ ਹੁਕਮ। ਬੋਹੈ-ਪ੍ਰਵੇਸ਼। ਪਰਸੁ-ਪਾਰਸ ਜਾਂ ਛੋਹ। ਮਜਨੁ-ਪੁਰਬੀ ਸਮੇਂ ਦਾ ਇਸ਼ਨਾਨ।

{ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਿਮਾ}

**ਭਾਵ**—ਪਿਛੇ ਕਿਹਾ ਸੀ ਸਤਿਗੁਰੂ ਜੀ ਦੇ ਦਰਸ਼ਨ ਨਾਲ ਹੀ ਰੋਗੀ ਅਰੋਗ ਹੋ ਜਾਂਦੇ ਸਨ, ਕੋਈ ਪੁੱਛੇ ਇਸ ਦਾ ਕਾਰਨ ਕੀ? ਇਸ ਦਾ ਕਾਰਨ ਇਹ ਕਿ ਸਤਿਗੁਰ ਜੀ ਪਾਸ ਸਰਬ ਰੋਗਾਂ ਦੀ ਦਵਾਈ ਹੈ? ਓਹ ਕੀ। 'ਨਾਮ' ਯਥਾ-"**ਸਰਬ ਰੋਗ ਕਾ ਅਉਖਦੁ ਨਾਮੁ**"। (ਸੁਖਮਨੀ) ਅਰ ਨਾਮ ਦਾ ਹੀ ਆਸਰਾ ਹੈ। ਯਥਾ-"**ਬਿਨੁ ਨਾਵੈ ਮਨੁ ਟੇਕ ਨ ਟਿਕਈ**"। (੯੩੯) ਦੂਸਰਾ ਆਧਾਰ ਦਾ ਭਾਵ ਹੁੰਦਾ ਹੈ: ਪ੍ਰਸਾਦਿ ਤੋਂ ਪੈਦਾ ਹੋਯਾ ਪ੍ਰਾਣਾਂ ਦੇ ਟਿਕਾਉ ਦਾ ਆਸਰਾ, ਸੋ ਜੀਕੁਣ ਸਰੀਰ ਦਾ ਆਸਰਾ ਆਹਾਰ ਹੈ, ਤੀਕੁਣ ਜੀਅ ਦਾ ਆਧਾਰ ਨਾਮ ਹੈ। ਯਥਾ-"**ਸਿਮਰਿ ਸਿਮਰਿ ਨਾਮੁ ਬਾਰੰਬਾਰ॥ ਨਾਨਕ ਜੀਅ ਕਾ ਇਹੈ ਅਧਾਰ**"॥ (ਸੁਖਮਨੀ) ਸੋ ਹਰ ਦਮ ਨਾਮ ਦਾ ਸਿਮਰਨ ਇਹ ਜੀਆਂ ਦਾ ਆਧਾਰ ਦਾਤਾ ਭੋਜਨ ਹੈ, ਪਰਮਾਰਥ ਵਿਚ ਸਭ ਸਾਧਨਾਂ ਦਾ ਫਲ ਹੈ। 'ਸਮਾਧਿ ਸੁਖ', ਓਹ ਸਮਾਧੀ ਦੋ ਤਰ੍ਹਾਂ ਦੀ ਹੈ ਸਾਵਿਕਲਪ ਤੇ ਨਿਰਵਿਕਲਪ। 'ਜਾਪ' ਜਪ ਤੇ ਜਾਪਕ, 'ਨਾਮ' ਨਾਮੀ ਤੇ ਨਾਮ ਜਪਣ ਵਾਲਾ, ਲਗਾਤਾਰ ਤਿੰਨਾਂ ਦੀ ਇਕਤ੍ਰਤਾ ਹੋ ਜਾਣੀ ਇਹ ਹੈ ਸਾਵਿਕਲਪ ਸਮਾਧੀ; ਫਿਰ ਨਾਮ ਤੇ ਵਾਹਿਗੁਰੂ ਸ਼ਬਦ ਦੇ ਜਪਣ ਵਾਲਾ ਜੀਵ ਇਨ੍ਹਾਂ ਦੋਹਾਂ ਦਾ ਨਾਮੀ ਵਿਚ ਲੀਨ ਹੋ ਜਾਣਾ ਇਹ ਹੈ ਨਿਰਵਿਕਲਪ ਸਮਾਧੀ। ਭਾਵੇਂ ਸਮਾਧੀਆਂ ਦੇ ਅਵਾਂਤ੍ਰ ਭੇਦ ਬਹੁਤ ਹਨ, ਪਰ ਮੂਲ ਇਹ ਦੋਵੇਂ ਹੀ ਹਨ। ਪ੍ਰਸੰਗ ਇਹ ਹੈ ਕਿ ਸਮਾਧਿ ਦਾ ਸੁਖ ਭੀ ਨਾਮ ਹੀ ਹੈ ਕਿਉਂਕਿ ਨਾਮ ਸਿਮਰਨ ਤੋਂ ਹੀ ਸਮਾਧਿ ਦੀ ਇਸਥਿਤੀ ਹੈ। ਨਾਮ ਦਾ ਹੀ ਚਿੰਨ੍ਹ ਹੈ, ਯਥਾ-"**ਹਮਾਰੀ ਮੁਦ੍ਰ ਨਾਮੁ ਹਰਿ ਸੁਆਮੀ**"। (੫੨੮) ਨੀਸਾਣੁ ਦੇ ਅਰਥ ਝੰਡਾ, ਪ੍ਰਵਾਨਾ ਤੇ ਨਗਾਰਾ ਭੀ ਹਨ ਸੋ ਨਾਮ ਦਾ ਹੀ ਝੰਡਾ ਝੁੱਲ ਰਿਹਾ ਹੈ, ਨਾਮ ਹੀ ਹੁਕਮਨਾਮਾ ਹੈ, ਨਾਮ ਦਾ ਹੀ ਨਗਾਰਾ ਵਜ ਰਿਹਾ ਹੈ। ਨਾਮ ਰੰਗ ਵਿਚ ਹੀ ਆਪ ਰੱਤੇ ਹੋਏ ਹਨ ਤੇ ਕਲਜੁਗੀ ਜੀਵਾਂ ਨੂੰ ਨਾਮ

ਜਪਾਕੇ ਆਪ ਨੇ ਦੇਵਤਾ ਕਰ ਦਿਤਾ ਹੈ। ਇਸ ਤੁਕ ਦਾ ਦੂਜਾ ਅਰਥ ਇਉਂ ਭੀ ਕਰਦੇ ਹਨ ਕਿ ਕਲਜੁਗ ਵਿਚ ਦੇਵਤਾ, ਮਾਨੁਖ ਸਭ ਦੇ ਅੰਦਰ ਨਾਮ ਦੀ ਖੁਸ਼ਬੋ ਪਸਾਰ ਦਿੱਤੀ ਹੈ। ਜੀਕੁਣ ਪਾਰਸ ਨਾਲ ਛੋਹਕੇ ਲੋਹਾ ਚਮਕ ਉਠਦਾ ਹੈ ਤੇ ਸੋਨਾ ਬਣ ਜਾਂਦਾ ਹੈ, ਏਦਾਂ ਹੀ ਨਾਮ ਦਾ ਪਾਰਸ ਜਿਨ੍ਹਾਂ ਨੂੰ ਲੱਭਾ ਹੈ ਸਤਿਰੂਪ, ਉਹਨਾਂ ਦਾ ਅੰਦਰਲਾ ਸੂਰਜ ਵਾਂਗੂ ਚਮਕ ਉਠਿਆ ਹੈ। ਦੂਜਾ ਅਰਥ 'ਪਰਸ' ਦਾ ਹੈ: ਛੋਹ, ਸਪਰਸ਼। ਸੋ ਨਾਮ ਦੀ ਛੋਹ ਜਿਨ੍ਹਾਂ ਨੂੰ ਲਗੀ ਹੈ, ਸਤਿ ਦੇ ਸੂਰਜ ਦਾ ਚਾਨਣਾ ਉਨ੍ਹਾਂ ਦੇ ਅੰਦਰ ਪ੍ਰਗਟ ਹੋਇਆ ਹੈ। ਯਥਾ-"**ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈਭਰਮੁ ਅੰਧੇਰਾ**"।(੭੦੦) ਐਵੇਂ ਅੱਖਰਾਂ ਦਾ ਹੇਰ ਫੇਰ ਹੈ ਭਾਵ ਇਕੋ ਹੀ ਹੈ। ਸਤਿਗੁਰੂ ਜੀ ਦੇ ਦਰਸ਼ਨ ਪ੍ਰਾਪਤ ਹੋਇਆਂ ਅਠਾਹਠ ਤੀਰਥਾਂ ਦੇ ਪੁਰਬ ਸਮੇਂ ਦੇ ਇਸ਼ਨਾਨ ਹੋ ਜਾਂਦੇ ਹਨ। ਤੀਰਥ ਇਸ਼ਨਾਨ ਤੋਂ ਪਾਪ ਮਲ ਦੀ ਨਵਿਰਤੀ ਮੰਨਦੇ ਹਨ ਸੋ ਸਤਿਗੁਰ ਜੀ ਦੇ ਦਰਸ਼ਨ ਤੋਂ 'ਪਿਖੰਤਿਹ ਕਲਮਲ ਤ੍ਰਸਨ' ਇਸ ਬਚਨ ਅਨੁਸਾਰ ਪਾਪ ਦੂਰ ਭੱਜ ਜਾਂਦੇ ਹਨ, ਇਸ ਲਈ ਤੀਰਥਾਂ ਦੇ ਦਰਸ਼ਨ ਇਸ਼ਨਾਨ ਸਭ ਸਤਿਗੁਰ ਜੀ ਦੇ ਦਰਸ਼ਨ ਦੇ ਅੰਤਰ ਹਨ॥੮॥

| ਮੂਲ | ਅਰਥ |
|---|---|
| **ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ ॥ ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ ॥ ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ ॥ ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ ॥ ੯ ॥** | ਸਤਿਨਾਮੁ ਹੀ ਤੀਰਥ ਹੈ, ਸਤਿਨਾਮੁ ਹੀ ਇਸ਼ਨਾਨ ਹੈ, ਅਰ ਭੋਜਨ ਭੀ ਸਚ ਨਾਮ ਹੀ ਹੈ, ਪ੍ਰੇਮ ਯਾ ਆਦਰ ਭੀ ਸਚੁ ਨਾਮ ਹੀ ਹੈ, ਸਤਿਨਾਮੁ ਦਾ ਹੀ ਸੋਹਣਾ ਬੋਲਾ ਹੈ। ਗੁਰਾਂ ਦੇ ਉਪਦੇਸ਼ ਤੋਂ ਆਪ ਜੀ ਨੇ ਸਤਿਨਾਮ ਪਾਇਆ ਹੈ ਤੇ ਸਤਿਨਾਮ ਦੀ ਸੁਗੰਧਿ ਹੀ ਸੰਗਤਾਂ ਵਿਚ ਫੈਲਾਈ ਹੈ। ਕਲ੍ਹ (ਨਾਮ ਵਾਲੇ) ਕਵੀ ਜਨ ਆਖਦੇ ਹਨ ਕਿ ਜਿਸ ਸਤਿਗੁਰੂ ਜੀ ਦਾ ਸਤਿਨਾਮ ਹੀ ਸੰਜਮ ਹੈ, ਸਤਿਨਾਮ ਹੀ ਵਰਤ ਹੈ, (ਐਸੇ) ਸਤਿਗੁਰੂ ਜੀ ਦੇ ਦਰਸ਼ਨ ਕਰਕੇ (ਜਿਸ ਨੇ) ਸਤਿਨਾਮ (ਪ੍ਰਾਪਤ ਕੀਤਾ) ਹੈ, ਓਸ ਦਾ ਜਨਮ ਸਫਲ ਹੈ॥੯॥ |

**ਪਦਾਰਥ**—ਭਉ-ਪ੍ਰੇਮ ਜਾਂ ਸਤਿਕਾਰ।

{ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਿਮਾ}

**ਭਾਵ**—ਸਚੁ ਤੋਂ ਸਤਿਨਾਮੁ ਦਾ ਭਾਵ ਦੂਜੀ ਤੁਕ ਵਿਚ ਸਪਸ਼ਟ ਹੈ। ਯਥਾ-'**ਸਚ ਨਾਮੁ ਸੰਗਤੀ ਬੋਹੈ।**' ਸਤਿਨਾਮ ਹੀ ਤੀਰਥ ਹੈ। ਯਥਾ-"**ਤੀਰਥੁ ਹਮਰਾ ਹਰਿ ਕੋ ਨਾਮੁ**"(੧੧੪੨) ਪਵਿਤ੍ਰ ਅਸਥਾਨ ਜਿਥੇ ਕੋਈ ਮਹਾਂ ਪੁਰਖ ਬੈਠਾ ਜਾਂ ਭਜਨ ਤਪ ਕੀਤਾ, ਓਹ ਅਸਥਾਨ ਤੀਰਥ ਹੈ। ਆਮ ਬੋਲਚਾਲ ਵਿਚ ਤੀਰਥ ਤੋਂ ਮੁਰਾਦ ਗੰਗਾ ਪ੍ਰਯਾਗ ਆਦਿਕ ਅਸਥਾਨ ਹੈ, ਸੋ ਸਤਿਗੁਰੂ ਜੀ ਨੇ ਨਾਮ ਨੂੰ ਤੀਰਥਾਂ ਤੋਂ ਵਿਸ਼ੇਸ਼ਤਾ ਦਿਤੀ ਹੈ। ਯਥਾ-"**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ**"(੬੮੭) ਕਿਉਂਕਿ ਤੀਰਥ ਭੀ ਤੇ ਨਾਮ ਜਪਣ ਵਾਲਿਆਂ ਦੇ ਪ੍ਰਤਾਪ ਕਰਕੇ ਬਣੇ ਹਨ, ਇਸ ਲਈ ਸਰਬ ਸ਼ਿਰੋਮਣ ਤੀਰਥੁ ਨਾਮੁ ਹੈ ਅਰ ਤਨ ਮਨ ਨੂੰ ਪਵਿੱਤ੍ਰ ਕਰਨਹਾਰਾ ਨਾਮ ਅੰਮ੍ਰਿਤ ਜਲ ਹੈ। ਯਥਾ-"**ਨਿਰਮਲ ਉਦਕੁ ਗੋਵਿੰਦ ਕਾ ਨਾਮ**"(੧੯੮) ਅਰ ਆਤਮਾ ਦਾ ਅਧਾਰ ਦਾਤਾ ਭਜਨ ਭੀ ਨਾਮ ਹੀ ਹੈ। ਯਥਾ-

"**ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ**
**ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥**"(੫੯੩)

ਅਰ ਸਤਿਕਾਰ ਭੀ ਸਤਿਨਾਮ ਹੀ ਹੈ। ਯਥਾ-"**ਨਾਮੁ ਜਾਤਿ ਨਾਮੁ ਮੇਰੀ ਪਤਿ ਹੈ**"(੭੧੩) ਅਰ ਮੁਹੱਬਤ ਪ੍ਰੀਤ ਭੀ ਨਾਮ ਨਾਲ ਹੀ ਹੈ; ਯਥਾ-"**ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ**"। (੧੧੧੯) ਬੋਲਣਾ ਸੁੰਦਰ ਭੀ ਹਰਿ ਨਾਮ ਹੀ ਹੈ। ਯਥਾ-"**ਨਾਮੁ ਲੈਨ੍ਹਿ ਸਿ ਸੋਹਹਿ ਤਿਨ੍ਹ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ**"(੪੩੮) ਤਥਾ-'**ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ**'। (੫੧੪) ਸਤਿਗੁਰ ਨਾਨਕ ਦੇਵ ਜੀ ਦੇ ਉਪਦੇਸ਼ ਦੁਆਰਾ ਸਤਿਨਾਮ ਆਪ ਪਾਇਆ ਤੇ ਅਗੋਂ ਸਾਧ ਸੰਗਤਾਂ ਵਿਚ ਭੀ ਪਰਵੇਸ਼ ਕਰਾਯਾ। ਸੰਜਮ ਦਾ ਅਰਥ ਆਮ ਬੋਲ ਚਾਲ ਵਿਚ ਜੁਗਤ ਦੀ ਵਰਤੋਂ ਹੈ ਤੇ ਵਿਦਵਾਨਾਂ ਦੇ ਕਥਨ ਵਿਚ ਧਾਰਨਾ, ਧਯਾਨ, ਸਮਾਧੀ, ਤਿੰਨਾਂ ਦੀ ਇਕਤ੍ਰਤਾ ਦਾ ਨਾਮ ਸੰਜਮ ਹੈ, ਸੋ ਸੰਜਮ ਭੀ ਸਤਿਨਾਮ ਹੀ ਹੈ, ਅਰ ਨਿਯਤ ਸਮੇਂ ਪੁਰ ਮਿਤ ਭੋਜਨ ਦੇ ਛਕਣ ਦਾ ਨਾਮ ਵਰਤ ਹੈ। ਵਰਤ ਕ੍ਰਿਛ ਚੰਦ੍ਰਾਯਨ ਆਦ ਭੇਦ ਕਰਕੇ ਬਹੁਤ ਹਨ, ਪਰ ਆਪ ਜੀ ਦਾ ਵਰਤ ਭੀ ਸਤਿਨਾਮ ਹੀ ਹੈ, ਸਤਿਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਪ੍ਰਾਪਤ ਹੋਇਆਂ ਸਤਿਨਾਮ ਦੀ ਦਾਤ ਮਿਲੀ ਤੇ ਨਾਮ ਦਾਤ ਨੂੰ ਪਾਕੇ ਮਨੁਖਾ ਦੇਹ ਸਫਲ ਹੋ ਗਈ; ਯਥਾ-"**ਸਫਲ ਹੋਈ ਜਪਿ ਹਰਿ ਹਰਿ ਨਾਮੁ**"(੧੧੪੮) ॥੯॥

| ਮੂਲ | ਅਰਥ |
|---|---|
| **ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥ ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥ ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥ ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥ ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥ ਦਰਸਨਿ ਪਰ-ਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥ ੧੦ ॥** | ਸੁਹਣੀ ਅੰਮ੍ਰਿਤ ਭਰੀ ਦ੍ਰਿਸ਼ਟੀ (ਨਾਲ ਜਦ) ਤੱਕਦੇ ਹਨ (ਤਾਂ ਸਾਧਾਰਨ) ਪਾਪ ਤੋਂ ਲੈ ਕੇ (ਬੱਜਰ) ਪਾਪਾਂ ਦੀ ਮੈਲ ਤੱਕ ਦੂਰ ਕਰ ਦਿੰਦੇ ਹਨ। ਕਾਮੁ ਕ੍ਰੋਧ ਲੋਭ ਮੋਹ ਅਰ (ਬਲ) ਹੰਕਾਰ (ਇਹ ਆਪ ਜੀ ਨੇ) ਵਸ ਕੀਤੇ ਹਨ (ਤੇ ਆਪਣੀ ਮੇਹਰ ਦ੍ਰਿਸ਼ਟੀ ਨਾਲ ਦਾਸਾਂ ਦੇ ਭੀ ਵਸ ਕਰ ਦਤੇ ਹਨ)। (ਆਪ ਜੀ ਦੇ) ਮਨ ਵਿਚ ਸਦਾ ਹੀ ਸੁਖਾਂ ਦਾ ਨਿਵਾਸ ਹੈ ਅਰ ਸੰਸਾਰ ਦੇ ਦੁਖਾਂ ਨੂੰ ਨਾਸ਼ ਕਰ ਦੇਂਦੇ ਹਨ। ਸਤਿਗੁਰੂ ਜੀਉ ਨਵਨਿਧਾਂ (ਨਾਲ ਭਰਿਆ) ਦਰੀਆਉ ਹਨ (ਜੋ ਕੋਈ ਗੁਰਮੁਖ ਬਣਕੇ ਇਸ਼ਨਾਨ ਕਰੇ ਉਸ ਦੇ) ਸਾਰੇ ਜਨਮਾਂ ਦੀ ਪਾਪ-ਮੈਲ ਨੂੰ ਧੋ ਦਿੰਦੇ ਹਨ। ਆਖਦੇ ਹਨ ਟਲ ਜੀ ਪ੍ਰੇਮ ਭਾਵ ਨਾਲ ਸਹਿਜੇ ਸਹਿਜੇ ਸਤਿਗੁਰ ਜੀ ਨੂੰ ਦਿਨ ਰਾਤ ਸੇਵੀਏ। ਸਤਿਗੁਰੂ ਜੀ ਦੇ ਦਰਸ਼ਨ ਕੀਤਿਆਂ (ਤੇ ਉਹਨਾਂ ਦੇ) ਛੋਹਿਆਂ ਜਨਮ ਤੇ ਮੌਤ ਦਾ ਦੁਖ ਦੂਰ ਹੋ ਜਾਂਦਾ ਹੈ (ਅਰਥਾਤ ਚੌਰਾਸੀ ਚੱਕ੍ਰ ਵਿਚੋਂ ਨਿਕਲਕੇ ਮੁਕਤਿ ਨੂੰ ਪ੍ਰਾਪਤ ਹੋ ਜਾਈਦਾ ਹੈ)॥੧੦॥ |

**ਪਦ ਅਰਥ**—ਅਮਿਅ-ਅੰਮ੍ਰਿਤ। ਬਲ-ਬਲੀ ਹੰਕਾਰ।

{ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਭਾਵ}

**ਭਾਵ**—ਪਿਛੇ ਸਤਿਗੁਰ ਜੀ ਦੀ ਵਰਤੋਂ ਦੱਸੀ ਸੀ ਹੁਣ ਆਪ ਜੀ ਦੇ ਪ੍ਰਭਾਵ ਨੂੰ ਪ੍ਰਗਟ ਕਰਦੇ ਹਨ। ਆਪ ਜੀ ਦੇ ਨੈਣਾਂ ਵਿਚ ਅੰਮ੍ਰਿਤ ਦਾ ਨਿਵਾਸ ਹੈ, ਯਥਾ-"**ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ।**"(੧੧੮) ਇਹ ਅੰਮ੍ਰਿਤ ਭਰੀ ਦ੍ਰਿਸ਼ਟੀ ਜਦ ਜਗਜਾਸੂ ਪੁਰ ਪੈਂਦੀ ਹੈ ਤਾਂ ਚਾਰੇ "ਅਘ" ਬਜ੍ਰ ਪਾਪਤੇ ਸਾਧਾਰਨ ਪਾਪ ਦੂਰ ਹੋ ਜਾਂਦੇ ਹਨ। ਚਾਰ ਬਜ੍ਰ ਪਾਪ ਇਹ ਲਿਖੇ ਹਨ:-

"**ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ।**"(੧੪੧੩)

ਅਰਥਾਤ ਬ੍ਰਹਮਵੇਤਾ ਦਾ ਮਾਰਨਾ ੧, ਗਊ ਦਾ ਘਾਤ ੨, ਕੰਨਜਾ ਦਾ ਮਾਰਨਾ ੩, ਤੇ ਗੁਰੂ ਤੋਂ ਬੇਮੁਖ ਹੋਣਾ, ਦੁਸ਼ਟ ਆਚਰਨ ਵਾਲੇ ਦਾ ਭੋਜਨ ਪਾਣਾ ਜਾਂ ਉਸ ਤੋਂ ਦਾਨ ਲੈਣਾ ੪, ਅਥਵਾ 'ਅਘ' ਜੋ ਪਿਛਲੇ ਜਨਮ ਦੇ ਸੰਚਤ ਪਾਪ ਹਨ, ਤੇ 'ਪਾਪ' ਜੋ ਵਰਤਮਾਨ ਸਰੀਰ ਨੂੰ ਪਾਕੇ ਕੀਤੇ ਹਨ। ਬਲ ਦਾ ਅਰਥ ਹੰਕਾਰ ਭੀ ਹੈ ਤੇ ਬਲੀ ਭੀ ਹੈ ਸੋ ਕਾਮ ਕ੍ਰੋਧ ਲੋਭ ਮੋਹ ਤਾਂ ਸਪਸ਼ਟ ਹਨ। ਬਲ ਸ਼ਬਦ ਦਾ ਦਿਹਲੀ ਦੀਪ ਨਿਆਯ ਦੁਵੱਲੀ ਅਰਥ ਕਰਨਾ ਕਿ ਪੰਜੇ ਬਲੀ ਆਪ ਜੀ ਨੇ ਤਾਂ ਵਸ ਕੀਤੇ ਹੀ ਹਨ, ਪਰ ਜਿਸ ਪਰ ਅੰਮ੍ਰਿਤ ਦ੍ਰਿਸ਼ਟ ਪੈ ਗਈ ਉਸਨੂੰ ਭੀ ਵਸ ਕਰਾ ਦੇਂਦੇ ਹਨ।

ਯਥਾ-"**ਆਏ ਪ੍ਰਭ ਪਹਿ ਅੰਚਰਿ ਲਾਗਿ॥ ਕਰਹੁ ਤਪਾਵਸੁ ਪ੍ਰਭ ਸਰਬਾਗਿ॥੭॥**
**ਪ੍ਰਭ ਹਸਿ ਬੋਲੇ ਕੀਏ ਨਿਆਂਏਂ॥ ਸਗਲ ਦੂਤ ਮੇਰੀ ਸੇਵਾ ਲਾਏ॥**"(੧੩੪੭)

ਆਪ ਜੀ ਦੇ ਮਨ ਵਿਚ ਨਿਤ ਸੁਖ, ਅਬਿਨਾਸ਼ੀ ਸੁਖ, ਲਗਾਤਾਰ ਸੁਖ ਦਾ ਨਿਵਾਸੁ ਹੈ, ਇਸ ਲਈ ਜੋ ਜੋ ਦੁਖੀਆ ਸੰਸਾਰ ਦਾ ਆਂਵਦਾ ਹੈ ਉਸ ਦਾ ਦੁਖ ਆਪ ਦੂਰ ਕਰ ਦੇਂਦੇ ਹਨ। ਸਤਿਗੁਰ ਦਰੀਆਉ ਹੈ, ਪਰ ਨਵਨਿਧੀ ਨਾਲ ਪੂਰਨ ਅੰਮ੍ਰਿਤ ਦਾ ਦਰੀਆਉ ਹੈ ਜੋ ਤਮਾਮ ਜਨਮਾਂ ਦੀ ਮੈਲ ਨੂੰ ਧੋ ਕੇ ਨਾਮੁ ਦੀ ਦਾਤ ਬਖਸ਼ਦਾ ਹੈ, ਜਿਸ ਨਾਮੁ ਪ੍ਰਾਪਤ ਦੇ ਨਾਲ ਨਉਨਿਧਿ ਰਿਧਿ ਸਿਧਿ ਸਿਖ ਦੇ ਹਾਜ਼ਰ ਰਹਿੰਦੀ ਹੈ। ਆਖਦੇ ਹਨ ਟਲ ਜੀ, ਸਤਿਗੁਰ ਜੀ ਦੀ ਸੇਵਾ ਕਰੀਏ, ਪਰ ਪ੍ਰੇਮ ਨਾਲ ਅਰ ਸਤਿਕਾਰ ਨਾਲ, ਤੇ ਚੇਤੇ ਰਖਣਾ ਕਿ ਆਪਣੀ ਮਨ ਮਤਿ ਤੇ ਕਾਹਲ.ਨੂੰ ਛਡਕੇ ਸਹਜ ਦੇ ਘਰ ਸਤਿਗੁਰ ਜੀ ਨੂੰ ਸੇਵੀਏ, ਅਰਥਾਤ ਹੁਕਮ ਵਿਚ ਸੇਵੀਏ ਤੇ ਸ਼ਾਂਤੀ ਘਰ ਵਿਚ ਸੇਵੀਏ ਤੇ ਮਨ ਮਤ, ਛਿਥਿਆਨ, ਹਨ ਨੂੰ ਛਡਕੇ ਸੇਵੀਏ। ਯਥਾ-

"**ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ।**"(੫੫੧)

ਸੋ ਸਹਜ ਦੇ ਘਰ ਪ੍ਰੇਮ ਨਾਲ ਟਿਕਾਉ ਵਾਲੀ ਸੇਵਾ ਪ੍ਰਵਾਨ ਸੇਵਾ ਹੈ। ਸੋ ਸਤਿਗੁਰੂ ਜੀ ਦਾ ਦਰਸ਼ਨ ਕਰੀਏ ਅਰ ਰੱਬੀ ਰੌ ਵਾਲੀ ਛੋਹ, ਉਹ (ਸਪਰਸ਼) ਛੋਹ ਜੋ ਇਲਾਹੀ ਸਿਮਰਨ ਦੀਆਂ ਝਰਨਾਟਾਂ ਛੇੜ ਦੇਂਦੀ ਹੈ, ਜੋ "**ਪਸੂ ਪਰੇਤਹੁ ਦੇਵਕਰੇ**" ਇਹ ਦਸ਼ਾ ਪੈਦਾ ਕਰਦੀ ਹੈ, ਜਿਸ ਨਾਲ "**ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ**"(੩੪੬) ਹੁੰਦਾ ਹੈ; ਇਹ ਛੋਹ ਪ੍ਰਾਪਤ ਕਰੀਏ ਤਦ ਜਨਮ ਮਰਨ ਦਾ ਦੁਖ ਦੂਰ ਹੋ ਜਾਂਦਾ ਹੈ, ਚੌਰਾਸੀ ਦੇ ਫੇਰ ਵਿਚੋਂ ਨਿਕਲ ਕੇ ਮਨੁਖ ਪਰਮਪਦ ਨੂੰ ਪ੍ਰਾਪਤ ਹੁੰਦਾ ਹੈ। ਇਹ ਦਸ ਸਵੱਈਆਂ ਦੁਵਾਰਾ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਿਮਾ ਪ੍ਰਗਟ ਹੋਈ ਹੈ॥੧੦॥

**ਧੰਨ ਧੰਨ ਗੁਰੂ ਅੰਗਦ ਦੇਵ ਜੀ**
**ਧੰਨ ਧੰਨ ਗੁਰੂ ਅੰਗਦ ਦੇਵ ਜੀ**
**ਧੰਨ ਧੰਨ ਗੁਰੂ ਅੰਗਦ ਦੇਵ ਜੀ**

# (ੲ) ਸਵਈਏ ਮਹਲੇ ਤੀਜੇ ਕੇ ੩

ਸਵੱਯੇ ਛੰਦ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ।

## ੧ਓ ਸਤਿਗੁਰ ਪ੍ਰਸਾਦਿ ॥

ਨਿਰਗੁਣ ਰੂਪ ਵਿਚ ਵਾਹਿਗੁਰੂ ਓਅੰਕਾਰ ਰੂਪ ਧਾਰ ਕੇ ਸਗੁਣ ਸਰੂਪ ਹੋ ਪ੍ਰਗਟਿਆ, ਉਸ ਦੀ ਪ੍ਰਾਪਤੀ ਸਤਿਗੁਰੂ ਦੀ ਮੇਹਰ ਨਾਲ ਹੁੰਦੀ ਹੈ।

### ਮੂਲ

**ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ ॥ ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ ॥ ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ ॥ ਕਵਿ ਜਨ ਕਲ੍ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤਰੀਯਾ ॥ ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲਸਰਾ ॥ ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ ਜੈ ਜੈ ਕਾਰੁ ਜਪੰਥਿ ਨਰਾ ॥ ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ ॥ ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥ ੧ ॥**

### ਅਰਥ

ਉਹ ਵਾਹਿਗੁਰੂ ਸਚਾ ਸਿਮਰ, ਜਿਸਦਾ ਇਕ ਨਾਮ ਹੀ ਸੰਸਾਰ ਵਿਚ ਅਛਲ ਹੈ। ਜਿਸ (ਨਾਮ) ਨੇ ਭਗਤਾਂ ਨੂੰ ਸੰਸਾਰ ਭੌਜਲ ਤੋਂ ਤਾਰਿਆ ਹੈ, (ਹਾਂ) ਸਰਬ ਸ਼ਿਰੋਮਣਿ ਓਸ ਨਾਮ ਨੂੰ ਸਿਮਰਉ। ਓਸ (ਵਾਹਿਗੁਰੂ) ਨਾਮੁ ਦੇ ਪ੍ਰੇਮੀ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਸਾਰੀਆਂ ਨਿਧੀਆਂ (ਦੇ ਕੇ) ਲਹਣੇ (ਸ੍ਰੀ ਗੁਰੂ ਅੰਗਦ ਦੇਵ) ਜੀ ਨੂੰ ਗੁਰਿਆਈ ਦੀ ਗੱਦੀ ਪਰ ਬਿਠਾ-ਇਆ। ਦਾਸ ਕਲ੍ਹ ਕਵੀ ਨੇ ਆਪਣੀ ਬੁਧੀ ਅਨੁਸਾਰ ਵਾਹਿ-ਗੁਰੂ ਜੀ ਦੇ ਪਿਆਰੇ ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾਂ ਗਾਇਨ ਕ਼ੀਤੀ ਹੈ। (ਸਤਿਗੁਰੂ ਜੀ ਦੀ) ਉਸਤਤਿ ਦੇ ਸੂਰਜ ਦੀਆਂ ਕਿਰਨਾ ਸ਼ੰਸਾਰ ਵਿਚ ਰੌਸ਼ਨ ਹਨ ਅਰ ਮੋਲ-ਸਿਰੀ ਦੇ ਬ੍ਰਿਛ ਦੀਆਂ ਡਾਲਾਂ ਵਾਂਗੂ (ਸਤਿਗੁਰ ਜੀ ਦੀ ਕੀਰਤੀ ਪ੍ਰਫੁੱਲਤ ਤੇ ਸੁਗੰਧਤ ਹੈ)। ਉਤਰ, ਦਖਣ, ਪੂਰਬ ਪਛੋਂ (ਚਾਰੇ ਪਾਸੇ ਦੇ) ਮਨੁਖ ਜਪ ਰਹੇ ਹਨ: ਜੈ ਹੋ ਗੁਰੂ ਜੀ ਕੀ ਜੈ ਹੋ। (ਸਤਿਗੁਰ ਜੀ ਨੇ ਅਪਣੀ) ਰਸਨਾ ਤੋਂ ਵਾਹਿਗੁਰੂ ਜੀ ਦਾ ਨਾਮੁ ਗੁਰਮੁਖਾਂ ਵਿਚ ਵਰਤਾਇਆ, ਉਲਟਾ ਕੇ ਗੰਗਾ ਪਛੋਂ ਨੂੰ ਵਹਾ ਦਿਤੀ (ਅਰਥਾਤ ਬਾਹਰ ਜਾਂਦੀ ਬ੍ਰਿਤੀ ਨੂੰ ਅੰਤਰ ਮੁਖ ਕਰ ਦਿਤਾ)। ਭਗਤਾਂ ਨੂੰ ਸੰਸਾਰ (ਭੌਜਲ) ਤੋਂ ਤਾਰਨ ਵਾਲਾ ਉਹ ਅਛਲੁ ਨਾਮੁ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਸਫੁਰਨ ਹੋਇਆ॥੧॥

**ਪਦਾਰਥ**—ਸਿਵਰਿ-ਸਿਮਰ। ਸਬੁਧੀ-ਯਥਾ ਮਤਿ। ਅਪਨੀ ਬੁਧੀ ਅਨੁਸਾਰ। ਮਵਲਸਰਾ-ਮੌਲਸਿਰੀ। ਪੁਬਿ-ਪੂਰਬ ਦਿਸ਼ਾ। ਫੁਰਿਆ-ਸੁਤੇ ਸਿਧ ਨਾਮੁ ਦਾ ਪ੍ਰਵਾਹ ਚਲਿਆ।

**ਭਾਵ**—ਓਹ ਵਾਹਿਗੁਰੂ ਸੱਚਾ ਹੈ, ਤਿੰਨਾਂ ਹੀ ਸਮਿਆਂ ਵਿਚ ਇਕ ਰਸ ਤੇ ਅਟੱਲ ਹੈ, ਅਰ ਸਰਬ ਸ਼ਕਤਿ ਸਹਿਤ ਵਿਆਪ ਰਿਹਾ ਹੈ, ਓਸ ਨੂੰ ਸਿਮਰ। ਏਸ ਜਗਤ ਵਿਚ ਇਕ ਨਾਮੁ ਹੀ ਅਛਲ

ਹੈ। ਮਾਇਆ ਨੇ ਸਭ ਨੂੰ ਛਲ ਲਿਆ ਹੈ, ਪਰ ਇਕ ਵਾਹਿਗੁਰੂ ਜੀ ਦੇ ਨਾਮ ਪੁਰ ਮਾਇਆ ਛਲ ਨਹੀਂ ਤੁਰਦਾ। ਅਥਵਾ 'ਛਲ' ਨਾਮੁ ਹੈ ਜੋ ਚੀਜ਼ ਦਿਸੇ ਤਾਂ ਸਹੀ, ਪਰ ਥਿਰ ਨਾ ਰਹੇ, ਤੇ ਅਛਲ ਓਹ ਜੋ ਸਦਾ ਇਕੋ ਜੇਹੀ ਹਾਲਤ ਵਿਚ ਰਹੇ। ਸੋ ਵਾਹਿਗੁਰੂ ਆਪ ਭੀ 'ਸਤਿ' ਹੈ ਤੇ ਉਸਦਾ ਨਾਮੁ ਭੀ 'ਸਤਿ' ਹੈ। ਜਗਤ ਤਾਂ ਛਲ ਹੈ, ਦਿਖਲਾਵਾ ਮਾਤ੍ਰ ਹੈ, ਪਰ ਵਾਹਿਗੁਰੂ ਜੀ ਦਾ ਨਾਮੁ ਸਤਿ ਹੈ, ਸਦਾ ਇਕ ਰਸ ਤੇ ਥਿਰ ਰੂਪ ਹੈ; ਜਿਸ ਨਾਮੁ ਨੇ ਭਗਤਾ ਨੂੰ ਇਸ ਭੈ ਸਾਗਰ ਤੋਂ ਪਾਰ ਕੀਤਾ ਹੈ। ਜਿਨ੍ਹਾਂ ਨਾਮ ਜਪਿਆ ਓਹ ਇਸ ਛਲ ਰੂਪ ਸੰਸਾਰ ਤੋਂ ਪਾਰ ਹੋ ਗਏ। ਜੀਕੁਣ ਵਾਹਿਗੁਰੂ ਜੀ ਦਾ ਨਾਮੁ ਅਛਲ ਸੀ, ਉਸ ਦੇ ਨਾਮ ਨੂੰ ਜਪਣ ਵਾਲੇ ਭੀ ਅਛਲ ਪਦ ਨੂੰ ਪੁੱਜੇ, ਐਸੇ ਸ੍ਰੇਸ਼ਟ ਨਾਮੁ ਨੂੰ ਸਿਮਰਨ ਕਰੀਏ। ਇਸ ਨਾਮ ਰਸ ਦੇ ਰਸੀਏ ਸਤਿਗੁਰ ਨਾਨਕ ਦੇਵ ਜੀ ਨੇ ਅਪਣੀਆਂ ਸਾਰੀਆਂ ਬਰਕਤਾਂ ਤੇ ਨਾਮੁ ਰਸ ਬਖਸ਼ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਪਨੀ ਗੱਦੀ ਪੁਰ ਥਾਪਿਆ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅੱਗੋਂ ਸਰਬ ਕਲਾ ਤੇ ਨਾਮੁ ਰਸ ਦੇ ਖਜ਼ਾਨੇ ਬਖਸ਼ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸਥਾਪਨ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾਂ ਲੁਕੀ ਛਿਪੀ ਨਹੀਂ ਓਹ ਸੂਰਜ ਦੀਆਂ ਕਿਰਨਾਂ ਵਾਂਗ ਰੌਸ਼ਨ ਹੈ ਅਰ ਮੌਲਸਿਰੀ ਦੇ ਦਰਖ਼ਤ ਵਾਂਗੂੰ ਸੁਗੰਧੀ, ਖੇੜਾ ਤੇ ਸ਼ਾਂਤੀ ਦੇਣ ਵਾਲੀ ਹੈ। ਗਿਆਨੀ ਇਸ ਤੁਕ ਦਾ ਇਉਂ ਵਿਚਾਰ ਭੀ ਕਰਦੇ ਹਨ ਕਿ ਉਸਤਤਿ ਦੇ ਸੂਰਜ ਦੀਆਂ ਕਿਰਨਾਂ ਜਗਜਾਸੂ ਰੂਪੀ ਸ਼ਾਖਾਂ ਤੇ ਗਜਾਨਵਾਨ ਰੂਪੀ ਬ੍ਰਿਛਾਂ ਤੇ ਸਤਿਸੰਗ ਰੂਪੀ ਸਰੋਵਰਾਂ ਵਿਚ ਪ੍ਰਗਟ ਹਨ। ਅਰ ਇਹ ਭੀ ਅਰਥ ਵਿਚਾਰ ਵਿਚ ਆਂਵਦਾ ਹੈ ਕਿ ਸੂਰਜ ਦੀਆਂ ਕਿਰਨਾਂ ਆਸਰੇ ਹੀ ਬ੍ਰਿਛ ਡਾਲਾਂ ਖਿੜ ਰਹੇ ਹਨ। ਜੇਕਰ ਸੂਰਜ ਦੀ ਧੁਪ ਤੇ ਰੌਸ਼ਨੀ ਬ੍ਰਿਛਾਂ ਨੂੰ ਨਾ ਮਿਲੇ ਤਾਂ ਮੁਰਝਾ ਕੇ ਸੁਕ ਜਾਣ। ਏਸੇ ਤਰ੍ਹਾਂ ਹੀ ਸਤਿਗੁਰੂ ਜੀ ਦੀ ਕੀਰਤੀ ਤਾਂ ਸੂਰਜ ਹੈ ਤੇ ਵਖੋ ਵਖ ਕੀਰਤੀ ਦੇ ਪ੍ਰਕਰਣ ਕਿਰਨਾਂ ਹਨ। ਸਤਿਗੁਰੂ ਜੀ ਦੀਆਂ ਥਾਪੀਆਂ ਬਾਈ ਮੰਜੀਆਂ ਬ੍ਰਿਛ ਹਨ, ਬਵੰਜਾ ਪੰਘੂੜੇ ਤੇ ਚੌਰਾਸੀ ਪੀੜ੍ਹੀਆਂ ਡਾਲਾਂ ਹਨ, ਜੋਕਿ ਸਤਿਸੰਗ ਰੂਪੀ ਤਲਾਵਾਂ ਵਿਚ ਟਿਕੇ ਹੋਏ ਸਤਿਗੁਰ ਜੀ ਦੀ ਰੌਸ਼ਨੀ ਤੇ ਨਿੱਘ ਨਾਲ ਪ੍ਰਫੁੱਲਤ ਹਨ। ਚਾਰੋ ਦਿਸ਼ਾਂ ਦੇ ਸਿਖ ਸਤਿਗੁਰ ਜੀ ਦੀ ਜੈ ਮਨਾ ਰਹੇ ਹਨ। ਗੁਰਮੁਖਾਂ ਵਿਚ ਨਾਮੁ ਦਾ ਗੱਫਾ ਵੰਡ ਕੇ ਆਪ ਨੇ ਬਾਹਰ ਮੁਖ ਜਾਂਦੀ ਬ੍ਰਿਤੀ ਨੂੰ ਉਲਟਾ ਕੇ ਅੰਤਰ ਮੁਖ ਕਰ ਦਿੱਤਾ ਹੈ। ਓਹ ਸਤਿਨਾਮੁ ਜਗਤ ਦੇ ਭਗਤਾਂ ਦਾ ਤਾਰਕ ਹੈ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਅੰਤਰ ਆਤਮੇ ਸੁਤੇ ਪ੍ਰਕਾਸ਼ਿਤ ਹੈ। ਉਲਟੀ ਗੰਗਾ ਦਾ ਅਰਥ ਪੁਤ੍ਰਾਂ ਨੂੰ ਛੱਡ ਕੇ ਸਿੱਖਾਂ ਨੂੰ ਗੱਦੀ ਦੇਣ ਪੁਰ ਭੀ ਲਗਦਾ ਹੈ।

ਯਥਾ-'ਫੇਰਿਓ ਗੰਗ ਵਹਾਈਐ ਦੁਨਿਆਈ ਆਖੈ ਕਿਕਿਓਨੁ' ॥੧॥ (੯੬੭)

| **ਮੂਲ** | **ਅਰਥ** |
|---|---|
| ਸਿਮਰਹਿ ਸੋਈ ਨਾਮ ਜਖ੍ਹ ਅਰੁ ਕਿੰਨਰ ਸਾਧਿਕ ਸਿਧ ਸਮਾਧਿ ਹਰਾ ॥ ਸਿਮਰਹਿ ਨਖ੍ਹਤ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ ॥ ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ ਸੈਲ ਲੋਅ ਜਿਨਿ ਉਧਰਿਆ ॥ ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥ ੨ ॥ | ਸਿਮਰਦੇ ਹਨ ਉਸੇ (ਵਾਹਿਗੁਰੂ) ਨਾਮ ਨੂੰ (ਕੁਬੇਰ ਆਦਿਕ) ਜਖ੍ਹ ਤੇ (ਨਲ ਕੂਬਰ) ਆਦਿਕ ਕਿੰਨਰ, ਸਾਧਨਾ ਕਰਨ ਵਾਲੇ (ਜਗਜਾਸੂ ਤੇ ਰਿਧੀ ਸਿਧੀ ਵਾਲੇ) ਸਿਧ ਤੇ ਸਮਾਧੀ ਲਾਉਣ ਵਾਲੇ ਸ਼ਿਵ ਜੀ। ਸਿਮਰਦੇ ਹਨ ਨਾਮੁ ਨੂੰ ਤਾਰਾ (ਗਨ) ਤੇ ਧ੍ਰੂ ਮੰਡਲ ਅਰ ਨਾਰਦ ਆਦਿਕ (ਮੁਨੀ ਤੇ) ਸ੍ਰੇਸ਼ਟ (ਭਗਤ) ਪ੍ਰਹਲਾਦ ਜੀ। ਚੰਦ੍ਰਮਾਂ ਅਰ ਸੂਰਜ ਭੀ ਚਾਹੁੰਦੇ ਹਨ ਨਾਮੁ ਨੂੰ, ਜਿਸ (ਨਾਮੁ) ਨੇ ਪੱਥਰ (ਵਾਂਗੂੰ ਭਾਰੇ ਪਾਪੀ) ਲੋਕਾਂ ਦਾ ਬੀ ਉਧਾਰ ਕਰਾ ਦਿੱਤਾ ਹੈ। ਭਗਤਾਂ ਨੂੰ ਭੌਜਲ ਤੋਂ ਤਾਰਨ ਵਾਲਾ ਓਹੀ ਸਤਿਨਾਮੁ ਸ੍ਰੀ ਗੁਰੂ ਅਮਰ ਦਾਸ ਜੀ ਦੇ ਆਤਮੇ ਅੰਤਰ ਸੁਤੇ (ਪ੍ਰਕਾਸ਼ ਰੂਪ ਕਰਕੇ) ਸਫੁਰਨ ਹੋ ਰਿਹਾ ਹੈ॥੨॥ |

**ਪਦਾਰਥ**—ਜਖ੍ ਕਿੰਨਰ-ਏਹ ਦੇਵਤਿਆਂ ਦੀਆਂ ਜਾਤਾਂ ਹਨ। ਹਰਾ-ਸ਼ਿਵ ਜੀ। ਨਖ੍ਤ੍ਰ-ਤਾਰੇ। ਵਰਾ-ਸ੍ਰੇਸ਼ਟ। ਸਸੀਅਰ-ਚੰਦ੍ਰਮਾਂ। ਸੂਰੁ-ਸੂਰਜ। ਉਲਾਸਹਿ-ਚਾਹੁੰਦੇ ਹਨ। ਸੈਲ ਲੋਅ-ਪੱਥਰ ਲੋਕ, (ਭਾਵ) ਪਾਪੀ ਲੋਕ।

**ਭਾਵ**—ਵਾਹਿਗੁਰੂ ਜੀ ਦੇ ਨਾਮੁ ਸਿਮਰਨ ਦੀਆਂ ਤ੍ਰੈ ਅਵਸਥਾ ਨਾਮੀ ਲੋਕ ਆਖਦੇ ਹਨ:- ਇਕ ਸਿਮਰਨ ਯਤਨ ਨਾਲ ਹੁੰਦਾ ਹੈ। ਇਕ ਸਿਮਰਨ ਵਸਤੂ ਦੇ ਸ੍ਵਰੂਪ ਤੋਂ ਹੀ ਜਾਪਦਾ ਹੈ, ਇਕ ਸੂਰਜ ਦੇ ਪ੍ਰਕਾਸ਼ ਵਾਂਗੂੰ ਸੁਤੇ ਸਫੁਰਨ ਹੁੰਦਾ ਹੈ। ਇਸ ਸਵੱਯੇ ਵਿਚ ਤਿੰਨਾਂ ਹੀ ਤਰ੍ਹਾਂ ਦੇ ਸਿਮਰਨ ਵਾਲੇ ਮਹਾਂ ਪੁਰਖਾਂ ਨੂੰ ਗਿਣਿਆ ਹੈ। ਸਾਧਕ, ਜਖ੍ ਕਿੰਨਰ, ਸਿਧ, ਸ਼ਿਵਜੀ, ਨਾਰਦ, ਭਗਤ ਪ੍ਰਹਲਾਦ, ਏਹ ਮਹਾਂਪੁਰਖੁ ਸਿਮਰਨੁ ਵਿਚ ਹਨ ਤੇ ਸਿਮਰਨ ਪ੍ਰਭਾਵ ਦੇ ਆਸਰੇ ਉੱਚ ਪਦ ਨੂੰ ਪ੍ਰਾਪਤ ਹੋਏ ਹਨ। ਬ੍ਰਿਹਸਪਤੀ, ਸ਼ੁਕ੍ਰ, ਮੰਗਲ ਆਦ ਆਮ ਤਾਰਾ ਗਨ ਤੇ ਧ੍ਰੂ ਜੀ ਤੇ ਉਸ ਦੇ ਸਮੀਪਵਰਤੀ ਤਾਰਾ ਗਨ ਜੋ ਧ੍ਰੂ ਮੰਡਲ ਕਹਾਉਂਦਾ ਹੈ, ਚੰਦ੍ਰਮਾਂ ਤੇ ਸੂਰਜ ਆਦਿਕਾਂ ਦਾ ਸਰੂਪ ਹੀ ਸਿਮਰਨ ਪ੍ਰਗਟ ਕਰ ਰਿਹਾ ਹੈ।=ਯਥਾ:-"**ਸੂਰ ਸਸੀਅਰੁ ਧਿਆਵੈ**"। ਅਰ ਤੀਸਰੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਆਤਮੇ ਅੰਤਰ ਵਾਹਿਗੁਰੂ ਜੀ ਦਾ ਨਾਮ ਸੁਤੇ ਹੀ ਪ੍ਰਕਾਸ਼ ਰਿਹਾ ਹੈ। ਜੀਕੁਣ ਬਿਨਾਂ ਯਤਨ ਸੂਰਜ ਵਿਚੋਂ ਪ੍ਰਕਾਸ਼ ਪ੍ਰਗਟ ਹੋ ਰਿਹਾ ਹੈ, ਇਉਂ ਹੀ ਸਤਿਗੁਰੂ ਜੀ ਦੇ ਅੰਤਰ ਸੁਤੇ ਨਾਮ ਸਫੁਰਨ ਹੋ ਰਿਹਾ ਹੈ॥੨॥

| ਮੂਲ | ਅਰਥ |
|---|---|
| **ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ ਸਿਵ ਸਨਕਾਦਿ ਸਮੁਧਰਿਆ ॥ ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ ॥ ਉਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰਿ ਕਿਲਵਿਖ ਹਰਿਆ ॥ ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥ ੩ ॥** | ਉਹ ਨਾਮੁ ਨੌ ਨਾਥਾਂ ਨੇ ਸਿਮਰਿਆ ਤੇ ਉਹੀ ਪਵਿਤ੍ਰ ਨਾਮੁ ਸ਼ਿਵਜੀ ਸਨਕਾਦਕ ਰਿਖੀਆਂ ਨੇ ਇਕਾਗ੍ਰ ਮਨ ਵਿਚ ਟਿਕਾਇਆ। ਚੌਰਾਸੀ ਸਿਧ ਤੇ ਹੋਰ ਬੁਧੀਵਾਨ ਜਿਸ (ਨਾਮੁ) ਵਿਚ ਰੰਗੇ ਹੋਏ ਹਨ, (ਜਿਸ ਨਾਮ ਨੂੰ ਜਪਕੇ ਰਾਜਾ) ਅੰਬਰੀਕ (ਅਮ੍ਰੀਸ਼)* ਭਵਸਾਗਰ ਤੋਂ ਤਰ ਗਿਆ। (ਭਗਤ) ਊਧੋ ਤੇ ਅਕ੍ਰੂਰ ਜੀ (ਨੇ ਜਿਸ ਨਾਮ ਨੂੰ ਜਪਿਆ ਅਰ) ਕਲਿਜੁਗ ਵਿਚ (ਭਗਤ) ਤ੍ਰਿਲੋਚਨੁ, ਨਾਮਦੇਵ, ਕਬੀਰ ਜੀ ਨੂੰ (ਜਿਸ ਨਾਮੁ ਨੇ) ਪਵਿਤ੍ਰ ਕੀਤਾ, ਉਹੀ ਸਤਿਨਾਮੁ ਭਗਤਾਂ ਨੂੰ ਭੌਜਲ ਤੋਂ ਤਾਰਨ ਵਾਲਾ ਸ੍ਰੀ ਗੁਰੂ ਅਮਰਦਾਸ ਜੀ ਦੇ ਅੰਤਰ ਆਤਮੇ ਪ੍ਰਕਾਸ਼ਤ ਹੋਇਆ ॥੩॥ |

**ਪਦ ਅਰਥ**—ਸਮੁਧਰਿਆ-ਇਕਾਗ੍ਰ ਮਨ ਵਿਚ ਨਾਮੁ ਟਿਕਾਇਆ। ਕਿਲਵਿਖ-ਪਾਪ। ਹਰਿਆ-ਦੂਰ ਕੀਤਾ।

**ਭਾਵ**—ਨੌ ਨਾਥੁ ਤੇ ਚੌਰਾਸੀ ਸਿਧ, ਇਹ ਸ੍ਰੀ ਗੋਰਖ ਨਾਥੁ ਜੀ ਦੇ ਮਤ ਵਿਚ ਉਤਮੁ ਪੁਰਖੁ ਗਿਣੀ ਦੇ ਹਨ। ਨੌ ਨਾਥਾਂ ਦੇ ਨਾਮੁ ਪਿਛੇ ਲਿਖੇ ਹਨ ਤੇ ਚੌਰਾਸੀਹ ਸਿਧਾਂ ਦੇ ਨਾਮ ਜਨਮ ਸਾਖੀ ਵਿਚ ਲਿਖੇ ਹਨ (ਦੇਖੋ ਜਨਮਸਾਖੀ ਭਾ: ਬਾਲਾ)। ਸ਼ਿਵ ਜੀ ਤਾਂ ਪ੍ਰਸਿੱਧ ਹੀ ਹਨ। ਸਨਕਾਦਕ ਤੋਂ ਸਨਕ ਸਨੰਦਨ, ਸਨਾਤਨ, ਸਨਤਕੁਮਾਰ, ਚਾਰੋਂ ਲੈਣੇ। ਏਹ ਬ੍ਰਹਮਾ ਜੀ ਦੇ ਸਪੁਤ੍ਰ ਨਾਮੁ ਜਪਣ ਵਾਲੇ ਮਹਾਂ ਪੁਰਖੁ ਮੰਨੇ ਹਨ। 'ਸਮੁਧਰਿਆ' ਪਦ ਦਾ ਇਹ ਅਰਥ ਭੀ ਹੈ ਕਿ ਜਿਸ ਨਾਮੁ ਨੇ ਸ਼ਿਵ

* ਦੇਖੋ ਸ੍ਰੀਮਦ ਭਾਗਵਤ, ਸਿਕੰਦ-੯, ਪੰਨਾ-੭੦੩।

ਸਨਕਾਦਕਾਂ ਨੂੰ ਭਲੀ ਪ੍ਰਕਾਰ ਸੰਸਾਰ ਤੋਂ ਪਾਰ ਕੀਤਾ ਹੈ। ਅੰਬਰੀਕ (ਅਮ੍ਰੀਸ਼)* ਜੀ ਰਾਜਾ ਹੋਏ ਹਨ, ਆਪ ਵਾਹਿਗੁਰੂ ਜੀ ਦੇ ਭਗਤ ਸਨ, ਅੱਗੇ ਭੀ ਆਪ ਜੀ ਦਾ ਨਾਮੁ ੧੩ਵੇਂ ਸਵੱਈਏ ਵਿਚ ਆਵੇਗਾ। ਆਪ ਜੀ ਦੀ ਕਥਾ ਭਾਈ ਗੁਰਦਾਸ ਜੀ ਨੇ ਇਉਂ ਲਿਖੀ ਹੈ-

> ਅੰਬਰੀਕ ਮੁਹਿ ਵਰਤ ਹੈ ਰਾਤਿ ਪਈ ਦੁਰਬਾਸਾ ਆਇਆ। ਭੀੜਾ ਓਸੁ ਉਪਾਰਣਾ ਓਹ ਉਠਿ ਨ੍ਹਾਵਣਿ ਨਦੀ ਸਿਧਾਇਆ। ਚਰਣੋਦਕੁ ਲੈ ਪੋਖਿਆ ਓਹੁ ਸਰਾਪੁ ਦੇਵਣ ਨੋ ਧਾਇਆ। ਚਕ੍ਰ ਸੁਦਰਸ਼ਨੁ ਕਾਲ ਰੂਪ ਹੋਇ ਭੀਹਾਵਲੁ ਗਰਬੁ ਗਵਾਇਆ। ਬਾਮ੍ਹਣ ਭੇਨਾਂ ਜੀਉ ਲੈ ਰਖਿ ਨ ਹੰਘਨ ਦੇਵ ਸਬਾਇਆ। ਇੰਦ੍ਰ ਲੋਕੁ ਸ਼ਿਵ ਲੋਕੁ ਤਜਿ ਬ੍ਰਹਮ ਲੋਕੁ ਬੈਕੁੰਠ ਤਜਾਇਆ। ਦੇਵਤਿਆਂ ਭਗਵਾਨੁ ਸਣੁ ਸਿਖਿ ਦੇਇ ਸਭਨਾਂ ਸਮਝਾਇਆ। ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕਿ ਛੁਡਾਇਆ। ਭਗਤਿ ਵੱਛਲ ਜਗਿ ਬਿਰਦ ਸਦਾਇਆ। {ਵਾਰ ੧੦ ਪਉ: ੪}

ਇਉਂ ਦੁਰਬਾਸਾ ਰਿਖੀ ਨੂੰ ਤਾੜਨਾ ਤੇ ਅੰਬਰੀਕ (ਅਮ੍ਰੀਸ਼)* ਭਗਤ ਦੀ ਰਖਯਾ ਵਾਹਿਗੁਰੂ ਜੀ ਨੇ ਕੀਤੀ। ਊਧੋ ਜੀ ਤੇ ਅਕਰੂਰ ਜੀ ਦਾ ਜ਼ਿਕਰ ਪਿਛੇ ਆ ਚੁਕਾ ਹੈ। ਭਗਤ ਤ੍ਰਿਲੋਚਨ ਦੋ ਹੋਏ ਹਨ, ਇਕ ਭਗਤ ਧੰਨਾਂ ਜੀ ਦੇ ਸੰਗ ਲਗ ਤਰਨ ਵਾਲੇ ਬ੍ਰਾਹਮਨ ਤੇ ਦੂਜੇ ਭਗਤ ਨਾਮਦੇਵ ਜੀ ਦੇ ਸਖਾ ਬਾਣੀਏਂ। ਇਨ੍ਹਾਂ ਪਰਿਥਾਇ ਹੀ ਬਚਨ ਹੈ 'ਕਹਤੁ ਨਾਮਦੇਉ ਸੁਨਹੁ ਤ੍ਰਿਲੋਚਨ' ਇਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ! ਵਿਸ਼ੇਸ਼ ਕਥਾ ਸ੍ਰੀ ਗੁਰੂ ਭਗਤ ਮਾਲ ਵਿਚ ਦੇਖੋ। ਭਗਤ ਕਬੀਰ ਜੀ ਤੇ ਭਗਤ ਨਾਮਦੇਵ ਜੀ ਪ੍ਰਸਿਧ ਹੀ ਹਨ॥੩॥

| ਮੂਲ | ਅਰਥ |
|---|---|
| ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ ਜਤੀ ਤਪੀਸੁਰ ਮਨਿ ਵਸਿਆ॥ ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ ॥ ਤਿਤੁ ਨਾਮਿ ਗੁਰੂ ਗੰਭੀਰ ਗਰੂਅ ਮਤਿ ਸਤ ਕਰਿ ਸੰਗਤਿ ਉਧਰੀਆ॥ ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥ ੪ ॥ | ਉਸ ਨਾਮ ਨੂੰ ਤੇਤੀ ਕਰੋੜ ਦੇਵਤਾ ਸਾਵਧਾਨ ਹੋਕੇ ਸਿਮਰ ਰਹੇ ਹਨ, ਜਤੀ ਅਤੇ ਬੜੇ ਤਪੀਆਂ ਦੇ ਮਨ ਵਿਚ (ਭੀ ਨਾਮੁ) ਵਸਿਆ ਹੈ। ਉਸ ਨਾਮ ਨੂੰ ਸਿਮਰ ਕੇ ਹੀ ਭੀਛਮ ਪਿਤਾਮਹ ਜੀ ਦਾ ਚਿਤ (ਵਾਹਿਗੁਰੂ ਜੀ ਦੇ ਚਰਨ ਧਿਆਨ ਰੂਪ) ਅੰਮ੍ਰਿਤਰਸ ਦੇ ਵਿਚ ਖਚਤ ਹੋ ਗਿਆ। ਗੰਭੀਰ ਗੁਰੂ (ਗੁਰ ਨਾਨਕ ਦੇਵ ਜੀ ਤੋਂ) ਉਸ ਨਾਮੁ (ਦੀ ਸਿਖਯਾ) ਨੂੰ ਨਿਸਚੇ ਕਰਕੇ (ਗੁਰੂ ਅੰਗਦ ਦੇਵ ਜੀ ਨੇ) ਸੰਗਤਾਂ ਦਾ ਉਧਾਰ ਕੀਤਾ। ਭਗਤਾਂ ਨੂੰ ਭੌਜਲ ਤੋਂ ਤਾਰਨ ਵਾਲਾ ਉਹੀ ਸਤਿਨਾਮੁ ਸ੍ਰੀ ਗੁਰੂ ਅਮਰਦਾਸ ਜੀ ਦੇ ਅੰਤਰ ਆਤਮੇ ਸੁਤੇ ਪ੍ਰਕਾਸ਼ਤ ਹੋਇਆ॥੪॥ |

**ਪਦਾਰਥ**—ਤੇਤੀਸ-ਤੇਤੀ ਕਰੋੜ ਦੇਵਤਾ। ਗੰਗੇਵ ਪਿਤਾਮਹ-ਭੀਛਮ ਪਿਤਾਮਹ।

**ਭਾਵ**—ਤੇਤੀ ਕਰੋਡ ਦੇਵਤਾ ਨਾਮੁ ਦੁਆਰਾ ਹੀ ਵਾਹਿਗੁਰੂ ਜੀ ਦਾ ਸਿਮਰਨ ਕਰਦੇ ਹਨ, ਨਾਮੁ ਤੋਂ ਬਿਨਾਂ ਵਾਹਿਗੁਰੂ ਜੀ ਦੇ ਅਰੂਪ ਸਰੂਪ ਵਿਚ ਉਨ੍ਹਾਂ ਦੀ ਪਹੁੰਚ ਨਹੀਂ, ਕਿਉਂਕਿ ਉਹ ਸ੍ਵਰੂਪ ਰੂਪ ਰੰਗ ਰੇਖ ਤੋਂ ਨਿਆਰਾ ਹੈ, ਮਨ ਬੁਧੀ ਦੀ ਪਹੁੰਚ ਤੋਂ ਪਰੇ ਹੈ, ਤ੍ਰੈ ਗੁਣਾਂ ਤੋਂ ਅਤੀਤ ਹੈ, ਇਸੇ ਲਈ ਸਤਿਗੁਰਾਂ ਜੀ ਨੇ ਕਿਹਾ ਹੈ:-

* ਦੇਖੋ ਸ੍ਰੀਮਦ ਭਾਗਵਤ, ਸਿਕੰਦ-੯, ਪੰਨਾ-੭੦੩।

"ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ।" (ਜਪੁ)

ਅਰਥਾਤ ਓਹ ਵਾਹਿਗੁਰੂ ਤਾਂ ਵੇਖਦਾ ਹੈ ਪਰ ਉਨਾਂ ਦੇਵਤਿਆਂ ਨੂੰ ਉਹ ਇਦੰ ਰੂਪ ਕਰਕੇ ਨਜ਼ਰੀ ਨਹੀਂ ਆਂਵਦਾ, ਇਹ ਵੱਡਾ ਅਚਰਜ ਹੈ, ਇਸ ਲਈ ਨਾਮ ਦੁਆਰਾ ਹੀ ਕਰਤਾਰ ਦਾ ਸਿਮਰਨ ਦੇਵਤੇ ਕਰ ਰਹੇ ਹਨ।

ਅੱਠ ਤਰ੍ਹਾਂ ਦੇ ਕਾਮ ਨੂੰ ਜਿਨ੍ਹਾਂ ਜਿੱਤਿਆ ਉਹ ਜਤੀ ਕਹਾਂਵਦੇ ਹਨ। ਸੋ ਉਹ ਅੱਠ ਪ੍ਰਕਾਰ ਦਾ ਕਾਮ ਇਉਂ ਹੈ:-

'ਸ੍ਰਵਨ, ਸਿਮਰਨ, ਅਉ ਕੀਰਤਨ, ਚਿਤਵਨ, ਸਾਤਇਕੰਤ॥
ਦ੍ਰਿਢ ਸੰਕਲਪ, ਪ੍ਰਯਤਨ ਤਨ, ਪ੍ਰਾਪਤ ਅਸ਼ਟ ਕਹੰਤ॥

ਹਰ ਤਰ੍ਹਾਂ ਵਿਸ਼ਯ ਭੋਗ ਤੋਂ ਜਿਸ ਨੇ ਫਤਹ ਪਾਈ ਹੈ ਉਹ ਜਤੀ ਹੈ, ਪਰ ਜਤ ਤਦੇ ਸਫਲ ਹੈ ਜਦ ਨਾਮ ਮਨ ਵਿਚ ਵਸੇ ਤੇ ਕਾਮ ਦੀ ਅਗਨਿ ਦਾ ਦਾਹ ਕਰ ਦੇਵੇ। ਕਾਮਵੰਤਿ ਸਰੀਰ ਦੀ ਨਾਮੁ ਜਪਣ ਵਾਲੇ ਜਤੀ ਦੇ ਦਰਸ਼ਨ ਮਾਤ੍ਰ ਨਾਲ ਕਾਮ ਅਗਨਿ ਸ਼ਾਂਤਿ ਹੋ ਜਾਏ ਤੇ ਉਹ ਭੀ ਨਾਮੁ ਸਿਮਰਨ ਵਿਚ ਲਗ ਜਾਏ, ਇਹ ਨਾਮ ਵਾਲੇ ਜਤੀ ਦੀ ਨਿਸ਼ਾਨੀ ਹੈ। ਜਤੀਆਂ ਵਾਂਗ ਤਪੀਸਰਾਂ ਦੇ ਮਨ ਵਿਚ ਭੀ ਨਾਮੁ ਹੀ ਨਿਵਾਸ ਕਰ ਰਿਹਾ ਹੈ। ਸਭ ਤੋਂ ਵੱਡਾ ਤਪ ਚਿਤ ਦੀ ਇਸਥਿਤੀ ਹੈ, ਏਹ ਨਾਮੁ ਬਿਨਾ ਹੋ ਨਹੀਂ ਸਕਦੀ, ਜੇ ਹੋਵੇ ਭੀ ਤਾਂ ਸਫ਼ਲ ਨਹੀਂ। ਨਾਮੁ ਹੀ ਤਪ ਨੂੰ ਸਫ਼ਲ ਕਰਨ ਵਾਲਾ ਹੈ, ਨਾਮੁ ਨਾਲ ਮਿਲਿਆ ਤਪੁ ਸਤੋਗੁਣ ਵਲ ਲੈ ਜਾਂਦਾ ਹੈ। ਭੀਛਮ ਪਿਤਾਮਾ ਜੀ ਕੈਰਵਾਂ ਪਾਂਡਵਾਂ ਦੇ ਵੱਡੇ ਹੋਏ ਹਨ, ਆਪ ਜੀ ਦੀ ਮਾਤਾ ਦਾ ਨਾਮ ਗੰਗਾ ਜੀ ਸੀ, ਇਸ ਲਇ. ਗੰਗੇਵ ਕਿਹਾ ਹੈ, ਭਾਵ ਗੰਗਾ ਜੀ ਦਾ ਸਪੁਤ੍ਰ ਤੇ ਕੈਰਵਾਂ ਪਾਂਡਵਾਂ ਦਾ ਦਾਦਾ ਅਰਥਾਤ ਭੀਛਮ ਪਿਤਾਮਾ। ਇਹ ਭੀ ਵਾਹਿਗੁਰੂ ਜੀ ਦੇ ਨਾਮੁ ਨੂੰ ਸਿਮਰ ਕੇ ਹੀ ਧਿਆਨ ਅੰਮ੍ਰਿਤ ਨੂੰ ਪੀਕੇ ਭਗਤ ਹੋਏ ਸੇ। ਆਪ ਜੀ ਦੀ ਗਿਣਤੀ ਨਾਮੁ ਜਪਣ ਵਾਲਿਆਂ ਭਗਤਾਂ ਵਿਚ ਹੈ। ਆਪ ਦਾ ਵਿਸ਼ੇਸ਼ ਪ੍ਰਸੰਗ ਮਹਾਂ ਭਾਰਤ ਦੇ ਭੀਛਮ ਪਰਵ ਵਿਚ ਹੈ। ਨਾਮੁ ਦੀ ਦ੍ਰਿੜਤਾ ਸਤਿਗੁਰ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਕਰਾਈ। ਨਾਮੁ ਜਪਾਕੇ ਹੀ ਸਤਿਗੁਰੂ ਜੀ ਨੇ ਸੰਗਤਾਂ ਦਾ ਉਧਾਰ ਕੀਤਾ॥੪॥

## ਮੂਲ

**ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ ਸਾਖਹ ॥ ਉਤਰਿ ਦਖਿਣਿ ਪੁਬਿ ਦੇਸਿ ਪਸੁਮਿ ਜਸੁ ਭਾਖਹ ॥ ਜਨਮੁ ਤ ਇਹੁ ਸਕਯਥੁ ਜਿਤੁ ਨਾਮੁ ਹਰਿ ਰਿਦੈ ਨਿਵਾਸੈ ॥ ਸੁਰਿ ਨਰ ਗਣ ਗੰਧਰਬ ਛਿਅ ਦਰਸਨ ਆਸਾਸੈ ॥ ਭਲਉ ਪ੍ਰਸਿਧੁ ਤੇਜੋ ਤਨੌ ਕਲ੍ਯ ਜੋੜਿ ਕਰ ਧ੍ਯਾਇਅਓ ॥ ਸੋਈ ਨਾਮੁ ਭਗਤ ਭਵਜਲ ਹਰਣੁ ਗੁਰ ਅਮਰਦਾਸ ਤੈ ਪਾਇਓ ॥ ੫ ॥**

## ਅਰਥ

(ਵਾਹਿਗੁਰੂ ਜੀ ਦੇ) ਨਾਮੁ ਦੀ ਕੀਰਤੀ ਸੂਰਜ (ਦੀਆਂ) ਕਿਰਨਾਂ (ਵਾਂਗ) ਸੰਸਾਰ ਵਿਚ (ਪ੍ਰਗਟ ਹੈ ਤੇ) ਕਲਪ ਬ੍ਰਿਛ ਦੀਆਂ ਡਾਲਾਂ (ਵਾਂਗ ਮਨ ਇੱਛਤ ਫਲ ਦੀ ਦਾਤੀ ਹੈ)। ਉੱਤਰ, ਦਖਣ, ਪੂਰਬ, ਪੱਛੋਂ ਦੇ (ਸਾਰੇ ਦੇਸ ਹੀ ਨਾਮੁ ਦਾ) ਜਸੁ ਕਰਦੇ ਹਨ। ਇਹ ਜਨਮ ਤਦੇ ਹੀ ਸਫ਼ਲ ਹੈ ਜੇ ਵਾਹਿਗੁਰੂ ਜੀ ਦਾ ਨਾਮ ਦਿਲ ਵਿਚ ਟਿਕੇ। ਦੇਵਤੇ, ਮਨੁਖ, ਗਣ, ਗੰਧਰਬ ਤੇ ਛੇ ਦਰਸਨ (ਨਾਮ ਨੂੰ ਹੀ) ਚਾਹੁੰਦੇ ਹਨ। ਭਲਿਆਂ ਦੀ ਕੁਲ ਵਿਚ ਪ੍ਰਸਿਧ ਤੇਜੋ ਜੀ ਦੇ ਸਪੁਤ੍ਰ (ਸ੍ਰੀ ਗੁਰੂ ਅਮਰਦਾਸ ਜੀ ਨੂੰ) ਦੋਵੇਂ ਹਥ ਜੋੜ ਕਲ੍ਯ ਜੀ ਧਿਆਂਵਦੇ ਹਨ। ਜੋ ਭਗਤਾਂ ਨੂੰ ਭੌਜਲ ਤੋਂ ਤਾਰਨ ਵਾਲਾ ਹੈ ਓਹੀ ਸਤਿਨਾਮੁ ਹੇ ਸ੍ਰੀ ਗੁਰੂ ਅਮਰ ਦਾਸ ਜੀ! ਤੁਸਾਂ ਨੇ ਪਾਇਆ ਹੈ॥੫॥

**ਪਦ ਅਰਥ**—ਕਿਤਿ-ਕੀਰਤੀ। ਰਵਿ-ਸੂਰਜ। ਸੁਰਤਰ-ਕਲਪ ਬ੍ਰਿਛ। ਪੁਬਿ-ਪੂਰਬ ਦਿਸ਼ਾ। ਸਕਯਥੁ-ਸਫ਼ਲ। ਆਸਾਸੈ-ਚਾਹੁੰਦੇ ਹਨ। ਭਲਉ-ਭਲਿਆਂ ਦੀ ਕੁਲ ਵਿਚ। ਤੇਜੋ ਤਨੈ-ਤੇਜੋ ਜੀ ਦੇ ਸਪੁਤ੍ਰ।

**ਭਾਵ**—ਵਾਹਿਗੁਰੂ ਜੀ ਦੇ ਨਾਮੁ ਦੀ ਮਹਿਮਾਂ ਸੂਰਜ ਦੀਆਂ ਕਿਰਨਾਂ ਵਾਂਗ ਜਗਮਗ ਪ੍ਰਕਾਸ਼ਤ ਹੈ, ਅਗਜਾਨ ਦੇ ਅੰਧੇਰੇ ਵਿਚ ਠੇਡੇ ਖਾ ਰਹੇ ਮਨੁਖਾਂ ਨੂੰ ਰੌਸ਼ਨੀ ਦਿੰਦੀ ਹੈ, ਸਾਧਨ ਰੂਪੀ ਕਚੇ ਫਲਾਂ ਨੂੰ ਪ੍ਰਪੱਕ ਕਰਦੀ ਹੈ, ਦਿਲ ਦੇ ਮੰਡਲ ਵਿਚ ਆਪਣਾ ਪ੍ਰਭਾਵ ਪਾਕੇ ਸੁਰਤ ਨੂੰ ਖਿਚਦੀ ਹੈ ਅਪਵਿੱਤ੍ਰ ਬੁਧੀ ਨੂੰ ਪਾਵਨ ਕਰਦੀ ਹੈ, ਅਪਣੇ ਚਮਤਕਾਰ ਦਿਖਾਕੇ ਮਨ ਨੂੰ ਮੋਂਹਦੀ ਹੈ, ਸਾਰੇ ਜਗਤ ਵਿਚ ਇਹ ਪ੍ਰਗਟ ਹੈ। ਨਾਮੁ ਦੀ ਮਹਿਮਾਂ ਕਲਪ ਬ੍ਰਿਛ ਦੀਆਂ ਡਾਲਾਂ ਵਾਂਗ ਸਫ਼ਲ ਹੈ, ਸ਼ਾਂਤੀ ਦੀ ਦਾਤੀ ਹੈ, ਮਨ ਦੀਆਂ ਇਛਾਂ ਨੂੰ ਪੂਰਨ ਕਰਦੀ ਹੈ, **"ਰਿਧਿ ਸਿਧਿ ਨਾਵੈ ਕੀ ਦਾਸੀ"** ਹੈ। ਪੂਰਬ, ਪੱਛੋਂ, ਉੱਤਰ, ਦੱਖਣ ਚਹੁਵਾਂ ਦਿਸ਼ਾਂ ਦੇ ਵਸਨੀਕ ਆਪੋ ਆਪਣੀ ਬੋਲੀ ਵਿਚ ਨਾਮੁ ਦਾ ਜਸੁ ਕਰ ਰਹੇ ਹਨ। ਓਹ ਜਨਮ ਤੇ ਜੀਵਨ ਸੁਫ਼ਲ ਹੈ, ਜਿਸ ਵਿਚ ਨਾਮੁ ਦਾ ਰਿਦੇ ਨਿਵਾਸ ਹੋਵੇ। ਦੇਵਤੇ, ਮਾਨੁਖ, ਸ਼ਿਵਜੀ ਦੇ ਗੁਣ ਤੇ ਸੁਰਗ ਦੇ ਰਾਗੀ, ਛਿਅ ਦਰਸ਼ਨ (ਜਿਨ੍ਹਾਂ ਦੀ ਗਿਣਤੀ ਪਿਛੇ ਆ ਚੁਕੀ ਹੈ) ਨਾਮੁ ਦੇ ਹੀ ਚਾਹਵਾਨ ਹਨ। "ਆਸਾਸੈ" ਪਦ ਦੇ ਗਿਆਨੀ ਇਉਂ ਭੀ ਅਰਥ ਕਰਦੇ ਹਨ ਕਿ 'ਆ' ਨਸ਼ੇਧੀ ਤੇ 'ਸਾਸੈ'=ਸੰਸੇ; ਭਾਵ ਨਾਮ ਹੀ ਸੰਸਿਆਂ ਨੂੰ ਨਾਸ਼ ਕਰਨ ਵਾਲਾ ਹੈ, ਨਾਮੁ ਸੰਸਾ ਕੱਟਕੇ ਨਿਸਚਾ ਦਿੰਦਾ ਹੈ। ਹੋਰ ਭੀ ਵਿਚਾਰ ਹੈ:-ਸੰਸਕ੍ਰਿਤ ਵਿਚ ਸਾਸਨ ਨਾਮੁ ਆਗਜਾ ਦਾ ਹੈ, ਓਸਦਾ ਸੰਖੇਪ ਹੈ, ਸਾਸੈ। 'ਆ' ਸਰਬ ਓਰ ਤੇ। ਅਰਥਾਤ ਦੇਵਤਾ ਮਨੁਖ ਗਣ ਗੰਧਰਬ ਛੇ ਦਰਸ਼ਨ ਸਭ ਨਾਮ ਦੇ ਤਾਬਜਾ ਹਨ। ਨਾਮੁ ਦੀ ਅਪਾਰ ਸ਼ਕਤੀ ਹੈ। ਜੋ ਨਾਮੁ ਜਪਦਾ ਹੈ, ਉਪਰਲੇ ਸਭ ਉਸ ਦੇ ਹੁਕਮ ਵਿਚ ਰਹਿੰਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਦੇ ਪਿਤਾ ਜੀ ਦਾ ਨਾਮੁ ਭਾਈ ਤੇਜੋ ਜੀ ਸੀ, ਆਪ ਨੇ ਭੱਲਿਆਂ ਦੀ ਕੁਲ ਵਿਚ ਅਵਤਾਰ ਧਾਰਿਆ ਸੀ, ਇਹ ਕੁਲ ਸ੍ਰੀ ਰਾਮ ਚੰਦ੍ਰ ਜੀ ਦੇ ਭ੍ਰਾਤਾ ਭਰਤ ਜੀ ਦਾ ਖਾਨਦਾਨ ਮੰਨੀਦਾ ਹੈ। ਕਲ੍ਯ ਨਾਮੁ ਵਾਲੇ ਭੱਟ ਹਥ ਜੋੜਕੇ ਸਤਿਗੁਰ ਜੀ ਨੂੰ ਸਿਮਰਦੇ ਹੋਏ ਬਿਨੈ ਕਰਦੇ ਹਨ ਕਿ ਹੇ ਸਚੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀਉ! ਵਾਹਿਗੁਰੂ ਜੀ ਦਾ ਪਵਿਤ੍ਰ ਸਤਿਨਾਮ ਆਪ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੁਵਾਰਾ ਪ੍ਰਾਪਤ ਕੀਤਾ ਹੈ॥੫॥

| ਮੂਲ | ਅਰਥ |
|---|---|
| **ਨਾਮੁ ਧਿਆਵਹਿ ਦੇਵ ਤੇਤੀਸ ਅਰੁ ਸਾਧਿਕ ਸਿਧ ਨਰ ਨਾਮਿ ਖੰਡ ਬ੍ਰਹਮੰਡ ਧਾਰੇ॥ ਜਹ ਨਾਮੁ ਸਮਾਧਿਓ ਹਰਖੁ ਸੋਗੁ ਸਮ ਕਰਿ ਸਹਾਰੇ ॥ ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰਿ ॥ ਸੋਈ ਨਾਮੁ ਪਦਾਰਥੁ ਅਮਰ ਗੁਰ ਤੁਸਿ ਦੀਓ ਕਰਤਾਰਿ ॥ ੬ ॥** | ਨਾਮੁ ਨੂੰ ਸਿਮਰਦੇ ਹਨ ਤੇਤੀ (ਕਰੋੜ) ਦੇਵਤਾ (ਅਰ ਨਾਮ ਨੂੰ ਧਿਆਂਵਦੇ ਹਨ) ਸਿਧ, ਸਾਧਿਕ, ਮਾਨੁਖ ਤੇ ਨਾਮੁ ਦੇ ਆਸਰੇ ਟਿਕੇ ਹੋਏ ਹਨ ਖੰਡ ਬ੍ਰਹਮੰਡ। ਜਿਨ੍ਹਾਂ ਨੇ ਨਾਮੁ ਨੂੰ ਲਗਾਤਾਰ ਚਿਤ ਲਾਕੇ ਸਿਮਰਿਆ ਹੈ (ਓਹ ਸਹਜ ਪਦ ਵਿਚ ਟਿਕੇ ਹੋਏ) ਹਰਖ ਸ਼ੋਕ ਨੂੰ ਬਰਾਬਰ ਕਰਕੇ ਸਹਿੰਦੇ ਹਨ। ਸਾਰਿਆਂ ਸਾਧਨਾਂ ਵਿਚੋਂ ਨਾਮੁ ਵਡਾ ਹੈ, ਭਗਤ ਜਨ (ਲਗਾਤਾਰ ਨਾਮੁ ਵਿਚ) ਲਿਵ ਲਗਾ ਰਹੇ ਹਨ। ਹੇ ਸ੍ਰੀ ਗੁਰੂ ਅਮਰ ਦਾਸ ਜੀ! ਓਹੋ ਨਾਮੁ ਪਦਾਰਥ ਪ੍ਰਸੰਨ ਹੋਕੇ ਵਾਹਿਗੁਰੂ ਜੀ ਨੇ ਤੁਸਾਨੂੰ ਬਖਸ਼ਿਆ ਹੈ॥੬॥ |

**ਪਦ ਅਰਥ**—ਸਾਧਿਕ-ਸਾਧਨਾ ਕਰਨ ਵਾਲੇ ਜਗਜਾਸੂ। ਸਿਧ-ਪੂਰਨ ਪਦ ਪੁਰ ਪੁੰਜੇ ਹੋਏ ਜਾ ਸਿੱਧੀਆਂ ਵਾਲੇ ਲੋਕ। ਸਮਾਧਿਓ-ਅੰਦਰ ਸੁਰਤ ਦਾ ਆਧਾਰ ਕਰਕੇ ਸਿਮਰਨਾ। ਤੁਸਿ-ਪ੍ਰਸੰਨ।

**ਭਾਵ**—ਤੇਤੀ ਕਰੋੜ ਦੇਵਤੇ ਨਾਮ ਨੂੰ ਸਿਮਰਦੇ ਹਨ। ਦੇਵ ਪਦਵੀ ਪਾਕੇ ਜੋ ਨਾਮੁ ਨੂੰ ਸਿਮਰਦਾ ਹੈ ਉਸ ਦਾ ਹੀ ਦੇਵਤਾ-ਪਨ ਕਾਇਮ ਰਹਿੰਦਾ ਹੈ। ਸਾਧਨਾ ਵਿਚ ਲਗੇ ਜਗਜਾਸੂ ਭੀ ਨਾਮ ਨੂੰ ਹੀ ਸਿਮਰਦੇ ਹਨ। ਨਾਮੁ ਸਰਬ ਸਾਧਲਾ ਨੂੰ ਸੁਫ਼ਲ ਕਰਨ ਵਾਲਾ ਹੈ, ਨਾਮ ਬਿਨਾ ਸਭ ਸਾਧਨ ਅਪੂਰਨ ਹਨ। ਨਾਮ ਨੂੰ ਕਪਿਲ ਆਦਕ ਮਹਾਨ ਸਿਧ ਸਿਮਰਦੇ ਹਨ ਅਰ ਰਿਧੀ ਸਿਧੀ ਸੰਪੰਨ ਗੋਰਖ ਆਦਿ ਸਿਧ ਭੀ ਨਾਮੁ ਨੂੰ ਧਿਆਂਵਦੇ ਹਨ। ਸਮਾਧੀ ਵਿਚ ਤਿੰਨ ਅੰਗ ਹੁੰਦੇ ਹਨ:-(ਧਜਾਤਾ) ਧਿਆਵਨ ਵਾਲਾ, (ਧਜਾਨ) ਲਗਾਤਾਰ ਬ੍ਰਿਤੀ ਦਾ ਪ੍ਰਵਾਹ, (ਧੇਯ) ਜਿਸਦੇ ਆਧਾਰ ਪੁਰ ਬ੍ਰਿਤੀ ਠਹਿਰੇ। 'ਸਮਾਧਿਓ' ਵਿਚ ਸਮਾਧੀ ਦੇ ਆਧਾਰ ਦਾ ਭਾਵ ਹੈ। ਜਿਨ੍ਹਾਂ ਸਤਿ ਪੁਰਖਾਂ ਨੇ ਨਾਮ ਨੂੰ ਬ੍ਰਿਤੀ ਦਾ ਆਧਾਰ ਬਣਾਇਆ ਓਹ ਸ਼ਾਦੀ ਗ਼ਮੀ ਵਿਚ ਅਡੋਲ ਰਹਿੰਦੇ ਹਨ, ਭਾਵ ਨਾਮ ਦੇ ਰਸੀਏ ਨੂੰ ਸੰਸਾਰ ਦੀ ਸ਼ਾਦੀ, ਗ਼ਮੀ, ਅਫਾਰੇ ਤੇ ਤੋਟ ਵਿਚ ਪਾਕੇ ਚੱਲ ਵਿਚੱਲ ਨਹੀਂ ਕਰ ਸਕਦੀ। ਓਹ ਆ ਬਣੀ ਤੇ, ਹਰਿ ਸਮੇਂ ਨੂੰ ਬੀਰਤਾ ਨਾਲ ਝੱਲਦਾ ਹੈ ਤੇ ਦੋਹਾਂ ਵਿਚ ਇਕੋ ਜਿਹਾ ਵਰਤਦਾ; ਨਾਮੁ ਦੇ ਟਿਕਾਉ ਆਸਰੇ ਨਦੀ ਤੋਂ ਬੇੜੀ ਵਾਂਗ ਅਡੋਲ ਪਾਰ ਲੰਘ ਜਾਂਦਾ ਹੈ। ਨਾਮ ਸਾਰਿਆਂ ਸਾਧਨਾਂ ਵਿਚੋਂ ਵੱਡਾ ਹੈ! ਦੇਵਤੇ ਮਾਨੁਖ ਰਿਖੀ ਮੁਨੀ ਵੇਦ ਸ਼ਾਸਤ੍ਰ ਪੁਰਾਣ ਸਭ ਨਾਮ ਨੂੰ ਵਡਿਆਉਂਦੇ ਹਨ, ਵਾਹਿਗੁਰੂ ਜੀ ਦੇ ਪਿਆਰ ਵਿਚ ਲਿਵ ਲਗਾ ਰਹੇ ਹਨ। ਓਹ ਨਾਮੁ ਰੂਪੀ ਅਮੁੱਲ ਪਦਾਰਥ ਸਤਿਗੁਰੂ ਅਮਰਦਾਸ ਜੀ ਨੂੰ ਵਾਹਿਗੁਰੂ ਜੀ ਨੇ ਤੁੱਠਕੇ ਬਖਸ਼ਿਆ ਹੈ, ਭਾਵ ਸਤਿਗੁਰੂ ਜੀ ਨੂੰ ਨਾਮ ਦੀ ਦਾਤ ਬਖਸ਼ਸ਼ ਹੋਕੇ ਮਿਲੀ ਹੈ। ਕਈ ਜੀਵ ਨਾਮ ਨੂੰ ਲੋਚਦੇ ਹਨ ਪਰ ਮਿਲਦਾ ਨਹੀਂ। ਕਈ ਨਾਮ ਜਪਣ ਦੇ ਤਰਲੇ ਵਿਚ ਹਨ, ਪਰ ਭੁੱਲ ਭੁੱਲ ਜਾਂਦੇ ਹਨ। ਪਰ ਸਤਿਗੁਰ ਜੀ ਨੂੰ ਨਾਮੁ ਖਜ਼ਾਨਾ ਧੁਰਿ ਦਰਗਾਹੋਂ ਮਿਲਿਆ ਹੈ॥੬॥

ਯਥਾ-"**ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ॥**" (੬੧੨)
ਤਥਾ-"**ਮਿਟਿ ਗਈ ਭਾਲ ਮਨੁ ਸਹਜਿ ਸਮਾਨਾ॥ ਨਾਨਕ ਪਾਇਆ ਨਾਮ ਖਜਾਨਾ॥**" (੩੮੯)

| ਮੂਲ | ਅਰਥ |
|---|---|
| **ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ ਸਘਨ ਗਰੂਅ ਮਤਿ ਨਿਰਵੈਰਿ ਲੀਣਾ ॥ ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ॥ ਪਰਸਹਿ ਸੰਤ ਪਿਆਰੁ ਜਿਹ ਕਰਤਾਰਹ ਸੰਜੋਗੁ॥ ਸਤਿਗੁਰੂ ਸੇਵਿ ਸੁਖੁ ਪਾਇਓ ਅਮਰਿ ਗੁਰਿ ਕੀਤਉ ਜੋਗੁ ॥ ੭ ॥** | (ਸ੍ਰੀ ਗੁਰੂ ਅਮਰ ਦਾਸ ਜੀ) ਸਤਿਵਾਦੀ ਸੂਰਮੇਂ, ਸੀਲ ਵਿਖੇ ਬਲਵਾਨ, ਸਚੇ (ਵਾਹਿਗੁਰੂ ਜੀ ਦੇ) ਪ੍ਰੇਮ ਸਹਿਤ, ਸਮੂਹ ਸੰਗਤਾਂ ਦੇ ਸਿਖਜਾ ਦਾਤਾ ਸਤਿਗੁਰੂ ਤੇ ਨਿਰਵੈਰ (ਵਾਹਿਗੁਰੂ) ਵਿਚ ਲੀਨ ਹਨ। ਧੀਰਜ ਦੀ ਅਵਧੀ, ਜਿਨ੍ਹਾਂ ਦੇ ਉਜਲ ਜਸ ਦਾ ਝੰਡਾ ਲਹਿਰਾ ਰਿਹਾ ਹੈ, (ਭਵਸਾਗਰ ਤੋਂ ਪਾਰ ਹੋਕੇ) ਬੈਕੁੰਠ ਪੁੱਜਣ ਲਈ (ਜਿਨ੍ਹਾਂ ਨੇ ਨਾਮ-ਬਾਣੀ ਦਾ) ਪੁਲ ਬੱਧਾ ਹੈ। ਪਿਆਰ ਨਾਲ ਸੰਤ ਲੋਕ ਜਿਨ੍ਹਾਂ ਨੂੰ ਸੇਂਵਦੇ ਹਨ, ਵਾਹਿਗੁਰੂ ਨਾਲ ਜੋ ਜੁੜੇ ਹਨ। ਸਤਿਗੁਰੂ (ਸ੍ਰੀ ਗੁਰੂ ਅੰਗਦ ਦੇਵ) ਜੀ ਨੂੰ ਸੇਵ ਕੇ (ਜਿਨ੍ਹਾਂ ਨੇ) ਸੁਖ ਪਾਇਆ ਹੈ, ਐਸੇ ਸ੍ਰੀ ਗੁਰੂ ਅਮਰ ਦਾਸ ਜੀ ਨੂੰ (ਵਾਹਿਗੁਰੂ ਨੇ ਗੁਰਿਆਈ ਦੇ) ਲਾਇਕ ਕੀਤਾ ਹੈ॥੭॥ |

**ਭਾਵ**—ਸਤਿਗੁਰੂ ਸ੍ਰੀ ਗੁਰੂ ਅਮਰ ਦਾਸ ਜੀ ਸੱਚ ਤੇ ਸ਼ੀਲ ਸੁਭਾਵ ਦੇ ਨਿਰਬਾਹ ਵਿਚ ਬਲਵਾਨ ਸੂਰਮੇਂ ਹਨ। ਸੁਭਾਵਕ ਜੋ ਪੁਰਖ ਸੱਚ ਬੋਲਦਾ ਹੈ ਓਹ ਭੀ ਉੱਤਮ ਹੈ, ਪਰ ਜੋ ਲਾਲਚ ਤੇ ਭੈ ਦੇ ਮੁਕਾਬਲੇ ਸਚਾਈ ਪੁਰ ਡੱਟਿਆ ਰਹੇ ਓਹ ਪੱਕਾ ਸੂਰਮਾਂ ਹੈ। ਏਸੇ ਤਰ੍ਹਾਂ ਸਹਜ ਸੁਭਾਉ ਜੋ ਮਿੱਠਾ ਤੇ ਸ਼ਾਂਤੀ ਵਾਲਾ ਵਰਤਾਉ ਕਰਦਾ ਹੈ ਉਹ ਚੰਗਾ ਹੈ, ਪਰ ਜੋ ਵੈਰੀਆਂ ਦੇ ਸਤਾਵਣ ਪੁਰ ਭੀ ਕ੍ਰੋਧ ਦੇ ਵੇਗ ਨੂੰ ਰੋਕਕੇ ਮਿੱਠਾ ਤੇ ਸ਼ਾਂਤਿ ਸੁਭਾਵ ਨਹੀਂ ਛੱਡਦਾ ਓਹ ਸ੍ਰੇਸ਼ਟ ਬਲਵਾਨ ਪੁਰਖ ਹੈ। ਵਾਹਿਗੁਰੂ ਜੀ ਦੇ ਵਿਚ ਪਿਆਰ ਤੇ ਉੱਚੀ ਮਤ ਦੇ ਸਿਖਾਵਣ ਵਾਲੇ ਸਤਿਗੁਰੂ ਹਨ ਤੇ ਆਪ ਵਾਹਿਗੁਰੂ ਜੀ ਵਿਚ ਲੀਨ ਹੋਏ ਹੋਏ ਹਨ। ਜਗਤ ਵਿਚ ਕਈ ਪੁਰਖ ਉੱਚੀਆਂ ਗੱਲਾਂ ਕਰਦੇ ਹਨ, ਗਿਆਨ ਘੋਟਦੇ ਹਨ, ਪਰ ਅਨੁਭਵ ਤੋਂ ਰਹਿਤ ਹਨ, ਇਨ੍ਹਾਂ ਨੂੰ 'ਬ੍ਰਹਮ ਸ੍ਰੋਤ੍ਰੀ' ਜਾਂ 'ਕਹਣੀ ਦੇ ਸੂਰੇ' ਆਖੀਦਾ ਹੈ। ਏਸੇ ਤਰ੍ਹਾਂ ਕਈ ਕਈ ਧਾਰਣਾਂ ਵਾਲੇ ਪੁਰਖ ਅਨੁਭਵੀ ਤਾਂ ਹੈਨ ਪਰ ਹੋਰਨਾਂ ਨੂੰ ਸਿਖਯਾ ਨਹੀਂ ਦੇ ਸਕਦੇ, ਇਨ੍ਹਾਂ ਨੂੰ 'ਬ੍ਰਹਮ ਨੇਸ਼ਟੀ' ਜਾਂ 'ਰਹਿਣੀ ਦੇ ਸੂਰੇ' ਆਖੀਦਾ ਹੈ। ਆਮ ਜਗਜਾਸੂ ਦਾ ਪਾਰ ਉਤਾਰਾ ਉਸ ਤੋਂ ਹੁੰਦਾ ਹੈ, ਜਿਸ ਵਿਚ ਕਹਿਣੀ ਰਹਿਣੀ ਦੋਵੇਂ ਹੋਣ; ਅਰਥਾਤ ਬ੍ਰਹਮ ਨੇਸ਼ਟੀ ਭੀ ਹੋਵੇ ਤੇ ਬ੍ਰਹਮ ਸ੍ਰੋਤ੍ਰੀ ਭੀ। ਸਤਿਗੁਰੂ ਜੀ ਵਿਚ ਦੋਵੇਂ ਹਨ, ਆਪ ਉਸ ਵਾਹਿਗੁਰੂ ਵਿਚ ਲੀਨ ਹਨ; ਅਤੇ ਸੰਗਤਾਂ ਨੂੰ ਉੱਚ ਸਿਖਯਾ ਬਖਸ਼ਦੇ ਹਨ। ਕਈ ਗਿਆਨੀ ਇਸ ਪਦ ਦਾ ਇਉਂ ਭੀ ਵਿਚਾਰ ਕਰਦੇ ਹਨ ਕਿ 'ਗੁਰੂਅ ਮਤਿ ਨਿਰਵੈਰਿ ਲੀਣਾ'-ਸਮੂਹ ਸੰਗਤਾਂ ਨੂੰ ਉੱਚੀ ਸਿਖਯਾ ਦੇ ਕੇ ਨਿਰਵੈਰ ਪਦ ਵਾਹਿਗੁਰੂ ਵਿਚ ਲੀਨ ਕਰ ਦਿਤਾ ਹੈ। ਏਸੇ ਤਰ੍ਹਾਂ 'ਸਤਭਾਇ' ਦਾ ਅਰਥ ਨਿਸਚਾ ਤੇ ਆਦਰ ਕਰਦੇ ਹਨ। ਧੀਰਜ ਦੀ 'ਧੁਰਿ' ਅਵਧੀ ਹਨ, ਇਸ ਬਚਨ ਦਾ ਓਸ ਸਾਖੀ ਵਲ ਇਸ਼ਾਰਾ ਜਾਪਦਾ ਹੈ ਜੋ ਸ੍ਰੀ ਗੋਇੰਦਵਾਲ ਸ਼ੇਖਾਂ ਨਾਲ ਵਰਤੀ ਸੀ। ਸ਼ੇਖ ਜਾਤੀ ਦੇ ਮੁਸਲਮਾਨ ਉਥੇ ਰਹਿੰਦੇ ਸਨ। ਇਹ ਲੋਕ ਬਾਦਸ਼ਾਹੀ ਨੌਕਰ ਸਨ, ਧਨ ਹਕੂਮਤ ਦੇ ਸਦਾ ਮੱਤੇ ਪਰ ਕਰਤਾਰ ਦੇ ਭੈ ਤੋਂ ਖਾਲੀ ਸਨ। ਏਹ ਬਿਨਾਂ ਕਿਸੇ ਕਾਰਨ ਦੇ ਸਿੱਖਾਂ ਨੂੰ ਦੁਖਾਂਦੇ ਸਨ, ਖਾਸ ਕਰਕੇ ਜਦ ਸਿਖ ਪਾਣੀ ਭਰਣ ਜਾਣ ਤਾਂ ਇਨ੍ਹਾਂ ਦੇ ਵਲੋਂ ਉਨ੍ਹਾਂ ਦੇ ਉਪਰ ਵੱਟੇ ਸੁਟੇ ਜਾਣ, ਜਿਸ ਨਾਲ ਘੜੇ ਭਜ ਜਾਣ ਤੇ ਪਾਣੀ ਡੁਲ੍ਹ ਪਵੇ, ਸਿਖਾਂ ਦੇ ਕਪੜੇ ਭਿਜ ਜਾਣ ਤੇ ਠੀਕਰੇ ਲਗਣ ਤੇ ਇਹ ਲੋਕ ਤਾੜੀ ਮਾਰ ਕੇ ਹੱਸਣ। ਜਦ ਸਤਿਗੁਰੂ ਜੀ ਪਾਸ ਏਹ ਸਾਰੀ ਅਰਜ਼ ਸਿਖਾਂ ਕੀਤੀ ਤਾਂ ਹੁਕਮ ਹੋਇਆ ਭਾਈ ਤੁਸੀਂ ਗਾਗਰਾਂ ਵਿਚ ਜਲ ਲਿਆਇਆ ਕਰੋ। ਜਦ ਗਾਗਰਾਂ ਵਿਚ ਜਲ ਲੈਣ ਗਏ ਤਾਂ ਉਹ ਚਿੱਕੜ ਗੋਹਾ ਸੁੱਟਕੇ ਗਾਗਰਾਂ ਅਪਵਿੱਤ੍ਰ ਕਰ ਦਿਆ ਕਰਨ। ਫੇਰ ਜਦ ਸਿਖਾਂ ਸਤਿਗੁਰੂ ਜੀ ਪਾਸ ਅਰਜ਼ ਕੀਤੀ ਤਾਂ ਹੁਕਮ ਹੋਇਆ: ਭਾਈ ਸਿਖੋ! ਤੁਸੀਂ ਗੁਰਦਵਾਰੇ ਦੇ ਅੰਦਰ ਹੀ ਖੂਹੀ ਲਗਾ ਲਵੋ। ਸੋ ਖੂਹੀ ਲਵਾ ਦਿੱਤੀ, ਪਰ ਉਨ੍ਹਾਂ ਨੂੰ ਕੁਛ ਨਾ ਕਿਹਾ। ਐਸੇ ਧੀਰਜ ਦੀ ਅਵਧੀ ਸਤਿਗੁਰੂ ਹਨ। ਪਰ ਸ਼ੇਖਾਂ ਆਪਣਾ ਕੀਤਾ ਪਾਇਆ, ਪਾਤਸ਼ਾਹੀ ਖਜ਼ਾਨੇ ਨੂੰ ਚੁਰਾਉਣ ਦੇ ਕਾਰਨ ਓਹ ਸਭ ਸਜ਼ਾ ਦੇ ਭਾਗੀ ਬਣੇ ਤੇ ਸਰਕਾਰ ਤੋਂ ਡੰਡ ਮਿਲਿਆ।

ਸਤਿਗੁਰੂ ਜੀ ਦੇ ਉਜਲ ਜਸ ਦਾ ਝੰਡਾ ਝੁਲ ਰਿਹਾ ਹੈ। ਸਤਿਗੁਰੂ ਨੇ ਭਵਸਾਗਰ ਸੰਸਾਰ ਤੋਂ ਪਾਰ ਹੋਕੇ ਬੈਕੁੰਠ ਪੁਜਣ ਲਈ ਪੁਲ ਬੱਧਾ ਹੈ; ਓਹ ਪੁਲ ਨਾਮ ਤੇ ਬਾਣੀ ਦਾ ਹੈ, ਜਿਸ ਦੇ ਆਸਰੇ ਊਚ ਨੀਚ, ਰਾਜਾ ਰੰਕ ਹਰ ਕੋਈ ਭਵਸਾਗਰ ਤੋਂ ਲੰਘ ਕੇ ਸੱਚਖੰਡ ਜਾ ਪੁਜਦਾ ਹੈ। ਇਸ ਤੁਕ ਦਾ ਦੂਜਾ ਵਿਚਾਰ ਗਜਾਨੀ ਇਉਂ ਕਰਦੇ ਹਨ:-ਜਿਸ ਸਤਿਗੁਰੂ ਜੀ ਨੇ ਆਦਿ ਤੋਂ ਹੀ ਧਰਮ ਰੂਪੀ ਧੌਲ ਨੂੰ ਧੀਰਜ ਅਰਥਾਤ ਆਸਰਾ ਦਿੱਤਾ ਹੋਇਆ ਹੈ ਤੇ ਜਿਨ੍ਹਾਂ ਦੇ ਉੱਜਲ ਜਸ ਦਾ ਝੰਡਾ ਬੈਕੁੰਠ ਵਿਚ ਸਜ ਰਿਹਾ ਹੈ, ਪਿਆਰ ਨਾਲ ਸੰਤ ਲੋਕ ਜਿਨ੍ਹਾਂ ਨੂੰ ਪੂਜਦੇ ਹਨ, ਵਾਹਿਗੁਰੂ ਨਾਲ ਜਿਨ੍ਹਾਂ ਦਾ ਮੇਲ ਹੈ। ਇਸ ਤੁਕ ਦਾ ਦੂਜਾ ਵਿਚਾਰ ਇਉਂ ਭੀ ਹੈ: ਜਿਨ੍ਹਾਂ ਸੰਤਾਂ ਦਾ ਵਾਹਿਗੁਰੂ ਜੀ ਨਾਲ

ਮੇਲ ਹੈ, ਭਾਵ ਦਰਗਾਹ ਵਿਚ ਜਿਨ੍ਹਾਂ ਦੀ ਪਹੁੰਚ ਹੈ, ਐਸੇ ਸੰਤ ਭੀ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਪਿਆਰ ਨਾਲ ਪੂਜਦੇ ਹਨ। ਅਥਵਾ ਜੋ ਪਿਆਰ ਨਾਲ ਸੰਤ ਸਤਿਗੁਰੂ ਜੀ ਨੂੰ ਪੂਜਦੇ ਹਨ ਉਨ੍ਹਾਂ ਦਾ ਮੇਲ ਸਤਿ ਕਰਤਾਰ ਨਾਲ ਕਰਾ ਦੇਂਦੇ ਹਨ (ਇਥੇ ਸੰਤ ਪਦ ਤੋਂ ਜਗਜਾਸੂ ਦਾ ਭਾਵ ਹੈ)। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਅਤੁਟ ਸੇਵਾ ਕੀਤੀ, ਉਸ ਸੇਵਾ ਦੇ ਤੁਫ਼ੈਲ ਆਪ ਜੀ ਨੂੰ ਆਤਮ ਸੁਖ ਮਿਲਿਆ ਤੇ ਵਾਹਿਗੁਰੂ ਜੀ ਨੇ ਆਪ ਜੀ ਨੂੰ ਗੁਰਿਆਈ ਦੇ ਲਾਇਕ ਕੀਤਾ। ਅਥਵਾ ਸਤਿਗੁਰੂ ਨਾਨਕ ਸਾਹਿਬ ਜੀ ਨੂੰ ਸੇਵਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੁਖ ਪਾਇਆ ਤੇ ਅੱਗੋਂ ਉਨ੍ਹਾਂ ਨੇ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਗੁਰਿਆਈ ਦੇ ਲਾਇਕ ਕੀਤਾ॥੭॥

## ਮੂਲ

**ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ ਸਦਾ ਚਾਯ ਮੁਖਿ ਮਿਸ੍ਟ ਬਾਣੀ ॥ ਧਨਿ ਸਤਿਗੁਰੁ ਸੇਵਿਓ ਜਿਸੁ ਪਸਾਇ ਗਤਿ ਅਗਮ ਜਾਣੀ ॥ ਕੁਲ ਸੰਬੂਹ ਸਮੁਧਰੇ ਪਾਯਉ ਨਾਮ ਨਿਵਾਸੁ ॥ ਸਕਯਥੁ ਜਨਮੁ ਕਲੵੁਚਰੈ ਗੁਰੁ ਪਰਸਿੑਉ ਅਮਰ ਪ੍ਰਗਾਸੁ ॥ ੮ ॥**

## ਅਰਥ

(ਹੇ ਸ੍ਰੀ ਗੁਰੂ ਅਮਰਦਾਸ ਜੀਉ! ਵਾਹਿਗੁਰੂ ਜੀ ਦਾ) ਨਾਮੁ (ਰਸ) ਹੀ (ਆਪ ਦਾ) ਇਸ਼ਨਾਨ ਹੈ (ਅਰ) ਨਾਮ ਰਸ ਦਾ ਹੀ ਆਪ ਖਾਣਾ ਤੇ ਭੋਜਨ ਛਕਦੇ ਹੋ, ਨਾਮ ਰਸ (ਲੈਣ ਦਾ ਹੀ ਆਪ ਜੀ ਨੂੰ) ਸਦਾ ਚਾਉ ਹੈ, (ਆਪ ਜੀ ਦੀ) ਰਸਨਾ ਵਿਚ (ਭੀ ਨਾਮ ਦੇ) ਅੰਮ੍ਰਿਤ ਰਸ ਦਾ ਨਿਵਾਸ ਹੈ। ਧੰਨਤਾ ਦੇ ਜੋਗ ਸਤਿਗੁਰੂ (ਸ੍ਰੀ ਗੁਰੂ ਅੰਗਦ ਦੇਵ) ਜੀ ਦੀ (ਆਪ ਨੇ) ਸੇਵਾ ਕੀਤੀ ਹੈ, ਜਿਨ੍ਹਾਂ ਦੀ ਕ੍ਰਿਪਾ ਕਰਕੇ (ਆਪ ਨੇ ਅਗਮ) ਵਾਹਿਗੁਰੂ ਜੀ ਦੀ ਗਤੀ ਨੂੰ ਜਾਣਿਆ ਹੈ। (ਆਪ ਜੀ ਨੇ) ਨਾਮ ਵਿਚ ਟਿਕਾਉ ਪਾਇਆ ਹੈ ਤੇ ਸਾਰੀਆਂ ਕੁਲਾਂ ਨੂੰ ਤਾਰ ਦਿੱਤਾ ਹੈ। ਕਲ੍ਯ ਕਵੀ ਜੀ ਆਖਦੇ ਹਨ (ਕਿ ਜਿਨ੍ਹਾਂ ਨੇ) ਨੂਰੀ ਸਤਿਗੁਰੂ ਅਮਰਦਾਸ ਜੀ ਨੂੰ ਪੂਜਿਆ ਹੈ (ਉਹਨਾਂ ਦਾ ਮਾਨੁਖ) ਜਨਮ ਸਫ਼ਲ ਹੈ॥੮॥

**ਪਦਾਰਥ**—ਮਿਸਟ-ਮਿੱਠੀ। ਪਸਾਇ-ਮਿਹਰ, ਕ੍ਰਿਪਾ। ਗਤਿ-ਦਸ਼ਾ, ਹਾਲਤ। ਸਮੁਧਰੇ-ਤਰ ਗਏ। ਸਕਯਥੁ-ਸਫ਼ਲ।

**ਭਾਵ**—ਵਾਹਿਗੁਰੂ ਜੀ ਦਾ ਨਾਮ ਰਸ ਹੀ ਸੰਤ ਜਨਾਂ ਦਾ ਸਰਬੰਸੁ ਹੈ, ਨਾਮ ਰਸ ਮਨ ਦੀ ਮੈਲ ਨੂੰ ਹਰਦਾ ਹੈ, ਦਿਲ ਨੂੰ ਸ਼ਾਂਤੀ ਬਖਸ਼ਦਾ ਹੈ, ਖਿੜਾਉ ਤੇ ਸੁਹਾਉ ਦਾ ਦਾਤਾ ਹੈ, ਇਸੇ ਰਸ ਵਿੱਚ ਹੀ ਸਤਿਗੁਰ ਜੀ ਇਸ਼ਨਾਨ ਕਰਦੇ ਹਨ। ਨਾਮ ਰਸ ਹੀ ਤ੍ਰਿਪਤੀ ਦਾ ਦਾਤਾ ਹੈ, ਇਸੇ ਰਸ ਵਿਚ ਹੀ ਆਤਮ ਜੀਵਨ ਹੈ, ਇਹੋ ਹੀ ਆਧਾਰੁ ਹੈ, ਸੋ ਇਸ ਨਾਮ ਰਸ ਦਾ ਹੀ ਸਤਿਗੁਰ ਜੀ ਭੋਜਨ ਛਕਦੇ ਹਨ। ਯਥਾ-"**ਹਰਿਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ**"। (੫੯੩) ਲਗਨ ਭੀ ਹਰ ਵੇਲੇ ਨਾਮ ਰਸ ਦੀ ਰਹਿੰਦੀ ਹੈ। ਇਹ 'ਉੱਤਮ ਇੱਛਾ ਹੈ, ਇਸ ਇੱਛਾ ਦੇ ਹੁੰਦਿਆਂ ਹੋਰ ਪਾਸੇ ਦੀ ਲਗਨ ਸਭ ਛੁਟ ਜਾਂਦੀ ਹੈ; ਸੋ ਚਾਉ ਭੀ ਸਤਿਗੁਰ ਜੀ ਨੂੰ ਨਾਮ ਰਸ ਦਾ ਹੀ ਹੈ। ਸਤਿਗੁਰ ਜੀ ਦੀ ਰਸਨਾ ਵਿਚ ਭੀ ਲਾਮ ਰਸ ਦਾ ਹੀ ਨਿਵਾਸ ਹੈ। ਜਦ ਰਸਨਾ ਸਰਬੋਤਮ ਨਾਮ ਰਸ ਵਿਚ ਖਚਿਤ ਹੋ ਰਹੀ ਹੈ ਤਾਂ ਹੋਰ ਰਸ ਨਿਰਸ ਹੋ ਜਾਂਦੇ ਹਨ, ਰਸਨਾ ਤੋਂ ਅੰਮ੍ਰਿਤ ਬਚਨ ਬੁਲੀਂਦੇ ਹਨ। ਸਤਿਗੁਰੂ ਅੰਗਦ ਦੇਵ ਜੀ ਪੂਜਨੀਕ ਹਨ, ਆਪ ਦੀ ਸੇਵਾ ਕਰਕੇ ਓਹੋ ਗਲ ਸ੍ਰੀ

ਗੁਰੂ ਅਮਰ ਦਾਸ ਜੀ ਨੇ ਅਨੁਭਵ ਕੀਤੀ, ਜੋ ਮਨ ਦੇ ਜਾਣਨ ਤੇ ਬਾਣੀ ਦੇ ਕਥਨ ਤੋਂ ਪਰੇ ਹੈ। ਆਪਣੀਆਂ ਸਭ ਕੁਲਾਂ ਦਾ ਉਧਾਰ ਕੀਤਾ ਤੇ ਨਾਮ ਵਿਚ ਇਸਥਿਤੀ ਪਾਈ, ਭਾਵ ਨਾਮ ਦੀ ਸਿਧ ਅਵਸਥਾ ਵਿਚ ਆਪ ਟਿਕੇ। ਸਫ਼ਲ ਹੈ ਉਹਨਾਂ ਦਾ ਜਨਮ ਜਿਨ੍ਹਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਚਾਨਣਾ ਆਪਣੇ ਦਿਲ ਵਿਚ ਤੱਕਿਆ ਹੈ, ਅਥਵਾ ਸਫ਼ਲ ਅਵਤਾਰ ਜੋ ਸ੍ਰੀ ਗੁਰੂ ਅਮਰ ਦਾਸ ਜੀ ਹਨ, ਉਨ੍ਹਾਂ ਦਾ ਦਰਸ਼ਨ ਪਰਸਨ ਤੇ ਗਿਆਨ ਪ੍ਰਾਪਤ ਕੀਤਾ ਹੈ, ਇਹ ਕਲ੍ਯ ਨਾਮ ਵਾਲੇ ਕਵੀ ਜੀ ਆਖਦੇ ਹਨ॥੮॥

| ਮੂਲ | ਅਰਥ |
|---|---|
| ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ ॥ ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ॥ ਰਿਦੈ ਬਸੈ ਅਕਹੀਉ ਸੋਇ ਰਸ ਤਿਨ ਹੀ ਜਾਤਉ ॥ ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ ॥ ਮਸਤਕਿ ਨੀਸਾਣੁ ਸਚਉ ਕਰਮੁ ਕਲ੍ਯ ਜੋੜਿ ਕਰ ਧ੍ਯਾਇਅਉ ॥ ਪਰਸਿਅਉ ਗੁਰੂ ਸਤਿਗੁਰ ਤਿਲਕੁ ਸਰਬ ਇਛ ਤਿਨਿ ਪਾਇਅਉ ॥ ੯ ॥ | (ਸ੍ਰੀ ਗੁਰੂ ਅਮਰਦਾਸ ਜੀ ਦੇ) ਸੱਜੇ ਹੱਥ ਵਿਚ ਕਵਲ (ਦਾ ਚਿੰਨ੍ਹ ਸ਼ੋਭ ਰਿਹਾ ਹੈ ਤੇ ਅਠਾਰਾਂ) ਸਿਧੀਆਂ ਸਾਹਮਣੇ (ਖੜੀਆਂ, ਆਪ ਜੀ ਦੇ) ਮੁਖ (ਕਵਲ ਵੱਲ) ਤੱਕ ਰਹੀਆਂ ਹਨ। (ਆਪ ਦੇ) ਖੱਬੇ ਪਾਸੇ ਰਿਧੀ ਵਸਦੀ ਹੈ ਜੋ (ਰਿਧੀ ਕਿ) ਤਿੰਨਾਂ ਲੋਕਾਂ ਨੂੰ ਮੋਹ ਰਹੀ ਹੈ। ਹਿਰਦੇ ਵਿਚ ਅਕੱਥ (ਵਾਹਿਗੁਰੂ) ਵਸਦਾ ਹੈ ਤੇ ਇਸ ਰਸ ਨੂੰ ਏਨ੍ਹਾਂ (ਸ੍ਰੀ ਅਮਰਦਾਸ ਜੀ) ਨੇ ਹੀ ਜਾਣਿਆ ਹੈ। ਏਸ ਰੰਗ ਵਿਚ ਰੱਤੇ ਹੋਏ ਗੁਰੂ ਅਮਰ ਦਾਸ ਜੀ ਮੁਖ ਤੋਂ (ਵਾਹਿਗੁਰੂ ਦੀ) ਭਗਤੀ ਹੀ ਉਚਾਰਦੇ ਹਨ। ਮੱਥੇ ਉਤੇ (ਵਾਹਿਗੁਰੂ ਦੀ) ਸਚੀ ਮਿਹਰ ਦਾ ਚਿੰਨ੍ਹ (ਪ੍ਰਦਿਪਤ) ਹੈ: (ਇਸ ਸਤਿਗੁਰੂ ਜੀ ਨੂੰ) ਕਲ੍ਯ ਕਵੀ ਨੇ ਹੱਥ ਜੋੜ ਕੇ ਧਿਆਇਆ ਹੈ। ਇਸ ਸ੍ਰੋਮਣੀ ਸਤਿਗੁਰੂ ਨੂੰ (ਜਿਨ੍ਹਾਂ ਨੇ) ਪਰਸਿਆ, ਉਨ੍ਹਾਂ ਨੇ ਸਾਰੀਆਂ ਕਾਮਨਾਵਾਂ ਪ੍ਰਾਪਤ ਕਰ ਲਈਆਂ॥੯॥ |

**ਪਦਾਰਥ**—ਬਾਰਿਜੁ-ਕਵਲ ਫੁਲ। ਕਰਿ-ਹਥ ਵਿਚ। ਦਾਹਿਣੈ-ਸਜਾ। ਜੋਵੈ-ਤਕਣਾ। ਬਾਂਵਾਂਗਿ-ਖੱਬਾ ਪਾਸਾ। ਅਕਹਿਉ-ਕਥਨ ਤੋਂ ਬਾਹਰ, ਭਾਵ ਵਾਹਿਗੁਰੂ। ਇਤੁ-ਇਸ। ਨੀਸਾਣੁ-ਚਿੰਨ੍ਹ ਨਿਸ਼ਾਨੀ।

**ਭਾਵ**—ਕਲਸਹਾਰ ਭੱਟ ਕਹਿੰਦਾ ਹੈ ਕਿ ਸ੍ਰੀ ਗੁਰੂ ਅਮਰ ਦਾਸ ਜੀ ਮਹਾਰਾਜ ਦੇ ਰਿਧੀਆਂ ਸਿਧੀਆਂ ਖੱਬੇ ਸੱਜੇ ਖੜੀਆਂ, ਆਪ ਦੇ ਮੁਖ ਕਵਲ ਵਲ ਤੱਕ ਰਹੀਆਂ ਹਨ ਕਿ ਜਿਧਰ ਆਪ ਜੀ ਇਸ਼ਾਰਾ ਕਰਨ ਅਸੀਂ ਓਧਰ ਵਰਖਾ ਕਰ ਦੇਈਏ। ਇਹ ਇਸ਼ਾਰਾ ਆਪ ਜੀ ਦੇ ਅਪਾਰ ਤ੍ਰੁੱਠਣ ਵਾਲੇ ਤੇ ਬਖਸ਼ੀਸ਼ਾਂ ਨਾਲ ਝੋਲੀਆਂ ਭਰਨ ਵਾਲੇ ਪਰਮ ਮਿਹਰ ਦੇ ਗੁਣ ਦੀ ਸਾਖ ਭਰ ਰਿਹਾ ਹੈ। ਪਰ ਆਪ ਦੇ ਹਿਰਦੇ ਵਿਚ ਅਕੱਥ ਵਾਹਿਗੁਰੂ ਦਾ ਵਾਸ ਹੈ ਤੇ ਆਪ ਓਸੇ ਵਾਹਿਗੁਰੂ ਦੇ ਰੰਗ ਵਿਚ ਰੱਤੇ ਹੋਏ ਹਨ ਤੇ ਜੋ ਕੁਛ ਉਚਾਰਦੇ ਹਨ ਤਾਂ ਉਹ ਕੇਵਲ ਵਾਹਿਗੁਰੂ ਦੀ ਭਗਤੀ ਹੀ ਹੁੰਦਾ ਹੈ, ਹੋਰ ਕੁਝ ਨਹੀਂ। ਕਲ੍ਯ ਜੀ ਉਗਾਹੀ ਦਿੰਦੇ ਹਨ ਕਿ ਭੱਲਿਆਂ ਦੀ ਕੁਲ ਦੇ ਤਿਲਕ ਸ੍ਰੀ ਗੁਰੂ ਅੰਮਰਦਾਸ ਜੀ ਨੂੰ ਜਿਸ ਨੇ ਬੀ ਦਰਸਿਆ, ਪਰਸਿਆ ਉਸ ਨੇ ਮਨ ਦੀਆਂ ਮੁਰਾਦਾਂ ਪਾ ਲਈਆਂ॥੯॥ (ਕਵੀ ਕਲ੍ਯ ਦੇ ਸਵਯੇ ਸੰਮਾਪਤ ਹਨ ਤੇ ਜਾਲਪ ਜੀ ਦੇ ਸ਼ੁਰੂ ਹੁੰਦੇ ਹਨ।)

| ਮੂਲ | ਅਰਥ |
|---|---|
| ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿਰਯ ॥ ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ ॥ ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ ॥ ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥ ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥ ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥ ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ ॥ ੧ ॥ ੧੦ ॥ | ਚਰਣ ਤਾਂ (ਓਹ) ਹੀ ਸਕਾਰਥੇ ਹਨ ਜੋ ਚਰਣ ਗੁਰੂ ਅਮਰ ਦਾਸ ਜੀ ਦੇ ਰਸਤੇ ਟੁਰਨ। ਓਹੀ ਹੱਥ ਸਫਲੇ ਹਨ ਜੋ ਹੱਥ ਗੁਰੂ ਅਮਰ ਦਾਸ ਜੀ ਦੇ ਚਰਨਾਂ ਨੂੰ ਪਰਸਦੇ ਹਨ। ਜੀਭ ਓਹ ਸਫ਼ਲ ਹੈ ਜੋ ਜੀਭ 'ਧੰਨ ਗੁਰ ਅਮਰ ਦਾਸ' (ਦਾ ਜਾਪ) ਜਪਦੀ ਹੈ। ਨੈਣ ਓਹ ਸਫਲ ਹਨ ਜੋ ਨੈਣ ਗੁਰੂ ਅਮਰ ਦਾਸ (ਦਾ ਦਰਸ਼ਨ) ਦੇਖਦੇ ਹਨ। ਕੰਨ ਓਹ ਸਫ਼ਲ ਹਨ ਜੋ ਕੰਨ ਗੁਰੂ ਅਮਰ ਦਾਸ (ਦਾ ਜਸ) ਸੁਣਦੇ ਹਨ। ਸਫ਼ਲ ਹੈ ਓਹ ਹਿਰਦਾ ਜਿਸ ਹਿਰਦੇ ਵਿਚ (ਸਾਡਾ) ਆਪਣਾ ਤੇ ਜਗਤ ਦਾ ਪਿਤਾ ਗੁਰੂ ਅਮਰਦਾਸ (ਪਾਤਸ਼ਾਹ) ਵਸਦਾ ਹੈ। ਜਾਲਪ ਕਹਿੰਦਾ ਹੈ ਜਿਹੜਾ ਸੀਸ ਗੁਰੂ ਅਮਰ ਦਾਸ ਜੀ ਨੂੰ ਨਿਤ ਨਿਊਂਦਾ ਹੈ (ਮੱਥਾ ਟੇਕਦਾ ਹੈ) ਸੀਸ ਓਹੋ ਹੀ ਸਫ਼ਲ ਹੈ॥੧॥੧੦॥ |

**ਪਦਾਰਥ**—ਸਕਯਥ-ਸਫ਼ਲ, ਸਕਾਰਥੇ। ਪਵਲਿਰਯ-ਰਸਤੇ ਵਿਚ ਚਲਦੇ ਹਨ। ਪਯ-ਚਰਨ, ਪੈਰ। ਭਣਿਜੈ-ਕਹੇ, ਜਪੇ। ਪਿਖਿਜੈ-ਦੇਖਣ। ਹੀਉ-ਹਿਰਦਾ। ਜਾਲਪੁ-ਭਟ ਦਾ ਨਾਮ।

**ਭਾਵ**—ਇਸ ਅੰਕ ਤੋਂ ਸ੍ਰੀ ਜਾਲਪ ਭਟ ਜੀ ਦੇ ਸਵਈਏ ਸ਼ੁਰੂ ਹੁੰਦੇ ਹਨ। ਸ੍ਰੀ ਜਾਲਪ ਜੀ ਇਸ ਛੰਦ ਵਿਚ ਮਾਨੁਖੀ ਸਰੀਰ ਦੇ ਸਾਰੇ ਅੰਗਾਂ, ਹੱਥ, ਪੈਰ, ਜੀਭ, ਨੈਣ, ਕੰਨ, ਹਿਰਦਾ ਤੇ ਸਿਰ ਦੀ ਸਫਲਤਾ ਨੂੰ ਦੱਸਦੇ ਹਨ ਕਿ ਏਹ ਸਾਰੇ ਤਦੇ ਸਫ਼ਲ ਹਨ ਜੋ ਏਹ ਸਭੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਪ੍ਰੇਮ ਵਿਚ ਖਿੱਚੇ ਜਾਂਦੇ ਹਨ ਤੇ ਇਨ੍ਹਾਂ ਦਾ ਕਰਮ ਗੁਰੂ ਪਿਆਰ ਵਿਚ ਗੁਰੂ ਪ੍ਰੇਮ ਨੂੰ ਅਰਪਨ ਹੋ ਚੁਕਾ ਹੈ ਤਾਂ॥੧॥੧੦॥

| ਮੂਲ | ਅਰਥ |
|---|---|
| ਤਿ ਨਰ ਦੁਖ ਨਹ ਭੁਖ ਤਿ ਨਰ ਨਿਧਨ ਨਹੁ ਕਹੀਅਹਿ ॥ ਤਿ ਨਰ ਸੋਕੁ ਨਹੁ ਹੁਐ ਤਿ ਨਰ ਸੇ ਅੰਤੁ ਨ ਲਹੀਅਹਿ॥ ਤਿ ਨਰ ਸੇਵ ਨਹੁ ਕਰਹਿ ਤਿ ਨਰ ਸਯ ਸਹਸ ਸਮਪਹਿ ॥ ਤਿ ਨਰ ਦੁਲੀਚੈ ਬਹਹਿ ਤਿ ਨਰ ਉਥਪਿ ਬਿਥਪਹਿ॥ ਸੁਖ ਲਹਹਿ ਤਿ ਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ॥ ਸਕਯਥ ਤਿ ਨਰ | ਉਨ੍ਹਾਂ ਮਨੁਖਾਂ ਨੂੰ ਨਾਂ (ਕੋਈ) ਦੁਖ ਹੈ (ਤੇ ਨਾਂ ਹੀ), ਭੁਖ, ਓਹ ਨਰ ਕੰਗਾਲ (ਬੀ) ਨਹੀਂ ਕਹੇ ਜਾ ਸਕਦੇ। ਉਨ੍ਹਾਂ ਮਨੁਖਾਂ ਨੂੰ ਸ਼ੋਕ (ਬੀ) ਨਹੀਂ ਹੁੰਦਾ (ਤੇ) ਉਨ੍ਹਾਂ ਨਰਾਂ ਦਾ ਅੰਤ (ਭੀ) ਨਹੀਂ ਪਾਇਆ ਜਾ ਸਕਦਾ। ਓਹ ਨਰ (ਨੀਵੇਂ ਹੋਕੇ ਕਿਸੇ ਦੀ) ਸੇਵਾ ਨਹੀਂ ਕਰਦੇ (ਭਾਵ ਕਿਸੇ ਦੇ ਮੁਥਾਜ ਨਹੀਂ), (ਸਗੋਂ) ਓਹ ਮਾਨੁਖ (ਤਾਂ ਆਪ ਹੋਰਨਾਂ ਨੂੰ) ਸੈਂਕੜੇ ਤੇ ਹਜ਼ਾਰਾਂ ਦਾਨ ਦਿੰਦੇ ਹਨ। ਓਹ ਨਰ ਕਾਲੀਨਾਂ ਤੇ ਬੈਠਦੇ ਹਨ (ਭਾਵ ਰਾਜ ਸੁਖ ਮਾਣਦੇ ਹਨ), ਓਹ ਮਨੁਖ (ਔਗੁਣਾਂ ਨੂੰ) ਪੁਟਕੇ (ਹਿਰਦੇ ਵਿਚ ਗੁਣਾਂ ਨੂੰ) ਟਿਕਾਉਂਦੇ ਹਨ |

| | |
|---|---|
| **ਜਾਲਪੁ ਭਣੈ ਗੁਰ ਅਮਰਦਾਸੁ ਸੁਪ੍ਰਸੰਨੁ ਜਿਹ ॥ ੨ ॥ ੧੧ ॥** | (ਅਥਵਾ ਢਾਹੁਣਾ ਉਸਾਰਨਾ ਉਨ੍ਹਾਂ ਦੇ ਵੱਸ ਵਿਚ ਹੁੰਦਾ ਹੈ)। ਓਹ ਨਰ ਸੰਸਾਰ ਵਿਚ ਸੁਖ ਮਾਣਦੇ ਹਨ, ਓਨ੍ਹਾਂ ਦੇ ਤੇ ਉਨ੍ਹਾਂ ਦੇ (ਕਾਮਾਦਿਕ ਯਾ ਸੰਸਾਰਿਕ) ਵੈਰੀਆਂ ਦੇ ਵਿਚਕਾਰ ਨਿਰਭੈਤਾ ਦਾ ਬਸਤਰ (ਤਣਿਆਂ) ਰਹਿੰਦਾ ਹੈ (ਭਾਵ ਓਹ ਵੈਰੀਆਂ ਤੋਂ ਨਿਰਭੈ ਰਹਿੰਦੇ ਹਨ)। ਸ੍ਰੀ ਜਾਲਪ ਜੀ ਕਹਿੰਦੇ ਹਨ ਓਹ ਨਰ ਸਫ਼ਲ ਹਨ ਜਿਨ੍ਹਾਂ ਉਤੇ ਸ੍ਰੀ ਗੁਰੂ ਅਮਰਦਾਸ ਜੀ ਪ੍ਰਸੰਨ ਹਨ॥੨॥੧੧॥ |

**ਪਦਾਰਥ**—ਤਿਨਰ-ਉਹਨਾਂ ਮਨੁੱਖਾਂ ਨੂੰ। ਨਿਧਨ-ਨਿਰਧਨ, ਗਰੀਬ। ਨਹੁ-ਨਹੀਂ। ਸਯ ਸਹਸ-ਸੈਂਕੜੇ ਤੇ ਹਜ਼ਾਰਾਂ। ਸਮਪਹਿ-ਸਮਰਪਨ ਕਰਦੇ ਹਨ, ਅਰਪਦੇ ਹਨ, ਦਾਨ ਦਿੰਦੇ ਹਨ। ਦੁਲੀਚੇ-ਗਲੀਚੇ, ਕਾਲੀਨ। ਉਥਪਿ-ਉਖਾੜ ਕੇ, ਪੁਟ ਕੇ। ਥਪਹਿ-ਥਾਪਦੇ, ਟਿਕਾਉਂਦੇ ਹਨ। ਅਭੈ ਪਟ-ਅਭੈਤਾ ਦਾ ਓਢਣ, ਨਿਰਭੈਤਾ ਦਾ ਬਸਤਰ। ਰਿਪ-ਵੈਰੀ। ਮਧਿ-ਵਿਚ, ਵਿਚਕਾਰ।

**ਭਾਵ**—ਸ੍ਰੀ ਗੁਰੂ ਅਮਰ ਦਾਸ ਜੀ ਜਿਨ੍ਹਾਂ ਪ੍ਰਾਣੀਆਂ ਪਰ ਤੁਠੇ ਹਨ, ਪ੍ਰਸੰਨ ਹਨ, ਓਨ੍ਹਾਂ ਨੂੰ ਜਗਤ ਦਾ ਕੋਈ ਦੁਖ, ਭੁਖ, ਕੰਗਾਲੀ, ਸ਼ੋਕ, ਮੁਹਤਾਜੀ ਆਦਿ ਨਹੀਂ ਪੋਂਹਦੇ। ਓਹ ਜਗਤ ਵਿਚ ਪਰਮ ਸ਼ਕਤੀਮਾਨ ਹੋਕੇ ਨਿਰਭੈ ਰਹਿੰਦੇ ਤੇ ਰਾਜ ਸੁਖ ਭੋਗਦੇ ਹਨ। ਸਤਿਗੁਰੂ ਜੀ ਦੀ ਪ੍ਰਸੰਨਤਾ ਇੰਨੇ ਮਹਾਨ ਸੁਖਾਂ ਦੀ ਦਾਤੀ ਹੈ ਸ੍ਰੀ ਜਾਲਪ ਜੀ ਦਾ ਦੱਸਣ ਦਾ ਇਹ ਸੰਖੇਪਤਾ ਵਿਚ ਭਾਵ ਹੈ॥੨॥੧੧॥

| <u>ਮੂਲ</u> | <u>ਅਰਥ</u> |
|---|---|
| **ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ ॥ ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ ॥ ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥ ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥ ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ ॥ ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ॥੩॥੧੨॥** | (ਹੇ ਸ੍ਰੀ ਗੁਰੂ ਅਮਰਦਾਸ ਜੀਉ!) ਆਪ ਨੇ ਇਕ (ਵਾਹਿ-ਗੁਰੂ) ਨੂੰ ਹੀ ਪੜ੍ਹਿਆ, (ਉਸੇ) ਇਕ ਨੂੰ ਮਨ ਵਿਚ ਧਿਆਇਆ ਤੇ ਓਸ ਇਕ ਨੂੰ ਇਕ ਕਰਕੇ ਪਛਾਣਿਆਂ (ਭਾਵ ਕੋਈ ਦੂਜਾ ਉਸ ਜੇਹਾ ਨਹੀਂ ਮੰਨਿਆ)। ਆਪ ਦੀ ਨਜ਼ਰ ਵਿਚ, ਆਪ ਦੇ ਕਥਨ ਵਿਚ, ਆਪ ਦੀ ਜੀਭਾ ਤੇ (ਓਹੋ) ਇਕੋ ਇਕ (ਵਾਹਿਗੁਰੂ) ਹੈ ਤੇ ਕਿਸੇ ਦੂਜੇ ਦਾ ਥਾਉਂ ਹੀ ਨਹੀਂ ਜਾਣਿਆ (ਭਾਵ ਵਾਹਿਗੁਰੂ ਤੋਂ ਛੁਟ ਕਿਸੇ ਹੋਰ ਸ਼ਕਤੀ ਵਲ ਖਿਆਲ ਹੀ ਨਹੀਂ ਕੀਤਾ)। ਸੁਪਨ ਵਿਚ ਬੀ ਤੇ ਜਾਗਦਿਆਂ ਬੀ (ਓਸੇ) ਇਕ (ਨੂੰ ਸਿਮਰਦੇ ਤੇ) ਇਕੋ ਵਿਚ ਲੀਨ ਰਹਿੰਦੇ ਹੋ। ਤੀਹਾਂ ਵਿਚ, ਪੰਜਾਂ ਵਿਚ ਤੇ ਪੈਂਤੀਆਂ ਵਿਚ (ਤੁਸਾਂ ਓਸੇ) ਇਕੋ ਨੂੰ ਸਿਧ ਕੀਤਾ ਹੈ ਤੇ ਥੱਕੇ ਨਹੀਂ ਹੋ। ਜਿਸ ਇਕ ਤੋਂ ਲੱਖਾਂ (ਬਣੇ ਹਨ) ਤੇ ਜੋ ਲੱਖਾਂ ਤੋਂ ਅਲੱਖ ਹੈ (ਉਸ) ਇਕ ਨੂੰ (ਆਪ ਨੇ) ਇਕ (ਅਦੁਤੀ) ਕਰਕੇ ਹੀ ਵਰਣਨ ਕੀਤਾ ਹੈ। ਜਾਲਪ ਭੱਟ ਕਹਿੰਦਾ ਹੈ ਹੇ ਗੁਰੂ ਅਮਰਦਾਸ ਜੀਓ! ਤੁਸੀਂ ਇਕ ਵਾਹਿਗੁਰੂ ਨੂੰ ਹੀ ਲੋੜਦੇ ਹੋ ਤੇ ਓਸੇ ਇਕ ਨੂੰ ਹੀ ਆਪ ਨੇ ਪੂਜਿਆ ਹੈ॥੩॥੧੨॥ |

**ਪਦਾਰਥ**—ਇਕੁ-ਇਕ ਵਾਹਿਗੁਰੂ। ਨਯਣਿ-ਅੱਖਾਂ ਦੁਆਰਾ, ਅੱਖਾਂ ਵਿਚ। ਬਯਣਿ-ਬਚਨਾਂ ਵਿਚ। ਮੁਹਿ-ਮੂੰਹ ਵਿਚ। ਦੁਹੁ-ਦੂਜਾ। ਲੀਣਉ-ਲੀਨ, ਮਗਨ। ਤੀਸ-ਤੀਹ (ਭਾਵ ਤੀਹ ਦਿਨਾਂ ਵਿਚ, ਤੀਹ ਰੋਜ਼ਿਆਂ ਵਿਚ)। ਪੰਜਿ-ਪੰਜ, ਭਾਵ ਨਿਮਾਜ਼ਾਂ, ਪੰਜਾਂ ਤੱਤਾਂ ਵਿਚ। ਸਿਧ-ਪ੍ਰਗਟ। ਪੈਂਤੀਸ-ਤੀਹ ਰੋਜ਼ੇ, ਪੰਜ ਨਿਮਾਜ਼ਾਂ ਪੈਂਤੀਆਂ ਵਿਚ, ਅਥਵਾ ੨੪ ਇਕਾਦਸੀਆਂ, ਨੌਂ ਨੁਰਾਤੇ, ਸ਼ਿਵਰਾਤ੍ਰੀ ਤੇ ਗਣੇਸ਼ ਦੇ ਬ੍ਰਤ ਦੇ ਦਿਨਾਂ ਵਿਚ। ਨ ਖੀਣਉ-ਨਹੀਂ ਘਟੇ, ਭਾਵ ਥੱਕੇ ਨਹੀਂ ਯਾ ਬੁੱਢੇ ਨਹੀਂ ਹੋਏ।

**ਭਾਵ**—ਸ੍ਰੀ ਜਾਲਪ ਜੀ ਸ੍ਰੀ ਗੁਰੁ ਅਮਰਦਾਸ ਜੀ ਨੂੰ ਸੰਬੋਧਨ ਕਰਕੇ ਦੱਸਦੇ ਹਨ ਕਿ ਆਪ ਨੇ ਕੇਵਲ ਇਕੋ ਇਕ ਅਕਾਲ ਪੁਰਖ, ਜਿਸ ਦਾ ਕੋਈ ਸਾਨੀ ਨਹੀਂ, ਪੜ੍ਹਿਆ ਧਿਆਇਆ, ਸਿਮਰਿਆ ਤੇ ਪ੍ਰਚਾਰਿਆ ਹੈ। ਆਪ ਇਕ ਦੇ ਉਪਾਸ਼ਕ ਹੋ। ਸ੍ਰੀ ਹਜ਼ੂਰ ਨੇ ਇਕ ਵਾਹਿਗੁਰੂ ਜੀ ਨੂੰ ਪੜ੍ਹਿਆ ਹੈ। ਪੜ੍ਹਨ ਵਿਚ ਪਾਠ ਤੇ ਲਿਖਣਾ ਦੋਵੇਂ ਆ ਜਾਂਦੇ ਹਨ। ਸੋ ਆਪ ਜੀ ਦਾ ਪਾਠ ਹੀ ਇਕ ਵਾਹਿਗੁਰੂ ਹੈ ਤੇ ਜੋ ਕੁਛ ਲਿਖਿਆ ਹੈ ਸੋ ਭੀ ਇਕ ਵਾਹਿਗੁਰੂ ਹੈ। ਇਸੇ ਲਈ ਆਪ ਜੀ ਦੇ ਸ੍ਰੀ ਮੁਖ ਵਾਕਾਂ ਵਿਚ ਦੁਵੈਤ ਲਿਖਣ ਵਾਲੇ ਨੂੰ ਕਿਹਾ ਹੈ: "**ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ॥ ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ॥**" {ਵਾਰ ਸਿਰੀ ਮ: ੩-੮੪}। ਇਸੇ ਤਰ੍ਹਾਂ ਹੀ ਇਕ ਵਾਹਿਗੁਰੂ ਤੋਂ ਛੁਟ ਹੋਰ ਪੜ੍ਹਨ ਵਾਲੇ ਨੂੰ ਕਿਹਾ ਹੈ:-'**ਹੋਰ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ**'। (੮੪) ਅਰ ਇਕ ਦੇ ਲੇਖਕ ਨੂੰ ਕਿਹਾ ਹੈ:- "**ਲਿਖਤੀ ਕੁਲ ਤਾਰਿਆ ਜੀਉ**"। ਜੀਕੁਣ ਪੜ੍ਹਿਆ ਇਕ ਵਾਹਿਗੁਰੂ ਤਿਵੇਂ ਮਨ ਵਿਚ ਭੀ ਇਕ ਨੂੰ ਹੀ ਟਿਕਾਇਆ ਅਰਥਾਤ ਇਕ ਦਾ ਧਿਆਨ ਹੀ ਆਪ ਜੀ ਨੇ ਕੀਤਾ ਹੈ ਅਰ ਇਕ ਨੂੰ ਹੀ ਪਛਾਤਾ ਹੈ। ਕਈ ਪੜ੍ਹਦੇ ਇਕ ਨੂੰ ਹਨ, ਪਰ ਉਨ੍ਹਾਂ ਦੇ ਚਿੱਤ ਵਿਚ ਇਕ ਟਿਕਦਾ ਨਹੀਂ, ਕਈ ਧਜਾਨ ਤਾਂ ਇਕ ਦਾ ਕਰਦੇ ਹਨ, ਪਰ ਗਜਾਨ (ਪ੍ਰਤਖ ਦਰਸ਼ਨ) ਇਕ ਦਾ ਨਹੀਂ ਹੁੰਦਾ, ਪਰ ਆਪ ਜੀ ਨੂੰ ਸਭ ਕੁਛ ਪ੍ਰਾਪਤ ਹੈ। ਅੱਖਾਂ ਤੇ ਬਚਨਾਂ ਵਿਚ ਭੀ ਇਕ ਵਾਹਿਗੁਰੂ ਹੈ, ਅੱਖਾਂ ਵਿਚ "**ਏਹੁ ਵਿਸੁ ਸੰਸਾਰ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ**"(੯੨੨) ਤੇ ਬਚਨਾਂ ਵਿਚ ਭੀ "**ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਣਾਵਣਿਆ**"। (੧੧੮) ਦੋਹਾਂ ਜਹਾਨਾਂ ਵਿਚ ਭੀ ਇਕੋ ਹੀ ਹੈ "**ਤੂੰ ਸਭਨੀ ਥਾਈ ਜਿਥੈ ਹਉ ਜਾਈ**"(੪੩੮) ਵਾਲੀ ਹਾਲਤ ਹੈ। ਜਾਗਣ ਵਿਚ ਭੀ ਇਕੋ ਹੀ ਹੈ ਤੇ ਨੀਂਦ ਵਿਚ ਬੀ। ਨੀਂਦ ਦੇ ਦੋ ਹਿੱਸੇ ਹਨ-ਇਕ ਸੁਤਿਆਂ ਸੁਪਨੇ ਦੀ ਹਾਲਤ ਤੇ ਦੂਜੀ ਡੂੰਘੀ ਨਿੰਦ੍ਰਾ, ਸੁਖੋਪਤੀ। ਸੋ ਜਾਗ੍ਰਤ, ਸੁਪਨ, ਸਖੋਪਤੀ ਤਿੰਨਾਂ ਵਿਚ ਇਕ ਹੀ ਆਪ ਨੇ ਸਹੀ ਕੀਤਾ ਹੈ। (ਤੀਸ) ਤੀਹ ਰੋਜ਼ੇ ਤੇ ਪੰਜ ਨਿਮਾਜ਼ਾਂ ਇਨ੍ਹਾਂ ਪੈਂਤੀਆਂ ਵਿਚ ਨਿਰੰਤਰ ਇਕ ਹੀ ਤੱਕਿਆ ਹੈ। ਅਥਵਾ ਚੌਵੀ ਇਕਾਦਸ਼ੀਆਂ, ਨੌਂ ਨੁਰਾਤੇ, ਸ਼ਿਵਰਾਤ੍ਰੀ ਤੇ ਗਣੇਸ਼ ਜੀ ਦਾ ਬ੍ਰਤ: ਇਨ੍ਹਾਂ ਪੈਂਤੀਆਂ ਵਿਚ ਇਕੋ ਹੀ ਵਰਤਮਾਨ ਜਾਣਿਆ ਹੈ। ਅਥਵਾ (ਤੀਸ) ਤੀਹ ਤੇ ਪੰਜ ਪੈਂਤੀ ਤੇ ਇਕ ਛੱਤੀ ਤੇ (ਪੈਂਤੀਸ) ਪੈਂਤੀ, ਕੁਲ ਜੋੜ ਇਕੱਤ੍ਰ ੭੧ਬਰਸ ਦੀ ਉਮਰ ਵਿਚ ਆਪ (ਸਿਧਿ) ਪ੍ਰਾਪਤ ਹੋਏ ਹੋ। ਸਤਿਗੁਰੂ ਅੰਗਦ ਸਾਹਿਬ ਜੀ ਮਹਾਰਾਜ ਦੀ ਫੇਰ ਬਾਰਾਂ ਬਰਸ ਐਸੀ ਸੇਵਾ ਕੀਤੀ ਕਿ (ਨ ਖੀਣਉ): ਜੀਕੁਣ ਬੁਢੇ ਹੋਏ ਹੀ ਨਹੀਂ, ਜਵਾਨਾਂ ਤੋਂ ਵੱਧ ਟਹਿਲ ਨਿਭਾਈ। ਇਕ ਵਾਹਿਗੁਰੂ ਜੀ ਤੋਂ ਲੱਖਾਂ ਹੀ ਜੀ ਪ੍ਰਗਟ ਹੋਏ, ਪਰ ਓਹ ਲੱਖਾਂ ਜੀਵ ਆਪਣੇ ਕਰਤਾ ਪੁਰਖ ਤੋਂ ਭੁੱਲ ਗਏ, ਇਸ ਲਈ ਸਤਿਗੁਰ ਅਵਤਾਰ ਪ੍ਰਗਟ ਹੋਏ, ਓਹਨਾਂ ਮੇਹਰ ਕਰ ਕੇ ਇਕ ਵਾਹਿਗੁਰੂ ਜੀ ਨੂੰ ਅਦ੍ਵੈਤ ਰੂਪ ਕਰਕੇ ਕਥਨ ਕੀਤਾ, ਜਿਸ ਅੰਮ੍ਰਿਤ ਉਪਦੇਸ਼ ਨੂੰ ਸੁਣਕੇ ਅਨੇਕਾਂ ਜੀਵਾਂ ਨੇ ਗੁਰਮੁਖ ਹੋਕੇ ਇਕ ਵਾਹਿਗੁਰੂ ਜੀ ਨੂੰ ਪਛਾਣਿਆ। ਆਪ ਜੀ ਦੇ ਚਿੱਤ ਵਿਚ ਸਦਾ ਇਕ ਵਾਹਿਗੁਰੂ ਜੀ ਦੀ ਹੀ ਚਾਹ ਲਗ ਰਹੀ ਹੈ ਤੇ ਆਪ ਨੇ ਇਕ ਵਾਹਿਗੁਰੂ ਜੀ ਨੂੰ ਹੀ ਇਸ਼ਟ ਜਾਣ ਕੇ ਪੂਜਨ ਕੀਤਾ ਹੈ॥੩॥੧੨॥

| ਮੂਲ | ਅਰਥ |
| --- | --- |
| ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ ॥ ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ ॥ ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ ॥ ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ ॥ ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁਮਤਿ ਜਲ੍ਯ ਜਾਣੀ ਜੁਗਤਿ ॥ ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ ॥ ੪ ॥ ੧੩ ॥ | ਜੇਹੜੀ ਬੁਧਿ ਜੈਦੇਵ ਭਗਤ ਜੀ ਨੇ ਫੜੀ (ਅਰ) ਜੇਹੜੀ ਬੁਧਿ (ਭਗਤ) ਨਾਮ ਦੇਵ ਜੀ ਦੇ (ਅੰਦਰ) ਟਿਕੀ; ਜੇਹੜੀ ਬੁਧਿ ਭਗਤ ਤ੍ਰਿਲੋਚਨ ਜੀ ਦੇ ਚਿਤ (ਵਿਚ ਆਈ ਅਰ ਜੇਹੜੀ ਮਤ) ਭਗਤ ਕਬੀਰ ਜੀ ਨੇ ਜਾਣੀ ਹੈ; (ਜਿਸ ਮਤ ਦੇ ਅਨੁਸਾਰ ਰਾਜਾ) ਰੁਕਮਾਂਗਦ ਜੀ ਨੇ ਸਦਾ ਹੀ ਪ੍ਰੇਮ ਨਾਲ ਰਾਮ ਜਪਣ ਦੀ ਕਰਨੀ ਕੀਤੀ ਹੈ। (ਜਿਸ ਮਤ ਦੇ ਨਾਲ) ਅੰਬਰੀਕ (ਅਮ੍ਰਿਸ਼)* ਜੀ ਤੇ ਪ੍ਰਹਿਲਾਦ ਜੀ ਨੇ ਗੋਬਿੰਦ ਦੀ ਸ਼ਰਨ ਪ੍ਰਾਪਤ ਹੋਕੇ ਮੁਕਤੀ ਪਾਈ ਹੈ। ਜਲ ਭਟ ਜੀ ਆਖਦੇ ਹਨ (ਹੇ ਸਤਿਗੁਰੂ ਜੀ) ਆਪ ਜੀ ਨੇ ਲੋਭ ਕ੍ਰੋਧ ਤੇ ਤ੍ਰਿਸ਼ਨਾ ਤਿਆਗੀ ਹੈ ਤੇ (ਇਸ ਲਈ ਉਸ ਤੋਂ ਬੀ) ਉੱਚੀ ਮਤਿ ਦੀ ਜੁਗਤਿ ਜਾਣੀ ਹੈ। ਸ੍ਰੀ ਗੁਰੂ ਅਮਰਦਾਸ ਜੀ ਨਿਜ ਭਗਤ ਹਨ, (ਜਿਨ੍ਹਾਂ ਦੇ) ਦਰਸ਼ਨ ਤੋਂ ਹੀ ਮੁਕਤਿ ਪ੍ਰਾਪਤ ਹੁੰਦੀ ਹੈ ॥੪॥੧੩॥ |

**ਪਦਾਰਥ**—ਜਿ-ਜੇਹੜੀ। ਮਤਿ-ਬੁਧੀ, ਅਕਲ, ਜਾਂ ਸਿਖਯਾ। ਗਹੀ-ਗ੍ਰਹਣ ਕੀਤੀ, ਪਕੜੀ, ਫੜੀ। ਕਰਤੂਤਿ-ਕਰਨੀ। ਸੁਮਤਿ-ਸ੍ਰੇਸ਼ਟ ਬੁਧੀ। ਜਲ੍ਯ-ਕਵੀ ਜੀ ਦਾ ਨਾਮ।

**ਭਾਵ**—ਵਿਵਹਾਰਕ ਬੁਧੀਆਂ ਅਨੰਤ ਹਨ, ਪਰ ਨਿਹਚੇ ਵਾਲੀ ਬੁਧੀ, ਕਰਤਾਰ ਦੇ ਦਰ ਪੁਚਾਉਣ ਵਾਲੀ ਬੁਧੀ, ਇਕੋ ਹੀ ਹੈ। ਇਹ ਬੁਧੀ ਸਤਿਸੰਗ ਪ੍ਰਭਾਵ ਨਾਲ ਪ੍ਰਗਟ ਹੁੰਦੀ ਹੈ, ਇਸ ਬੁਧੀ ਵਿਚ ਇਕ ਲਗਾਤਾਰੀ ਪ੍ਰਵਾਹ ਹੁੰਦਾ ਹੈ; ਇਹ ਦਾਤ ਹੈ, ਇਸ ਨੂੰ ਅਮਰੀ ਅਕਲ ਆਖਦੇ ਹਨ, ਇਹ ਆਤਮ ਵਿਸੈਣੀ ਬੁਧਿ ਕਹਿਲਾਉਂਦੀ ਹੈ। ਭੱਟ ਜੀ ਨੇ ਉਪਰ ਮਹਾਂ-ਪੁਰਖਾਂ ਭਗਤਾਂ ਦਾ ਜ਼ਿਕਰ ਕੀਤਾ ਹੈ, ਇਨ੍ਹਾਂ ਦੇ ਅੰਦਰ ਇਹ ਉੱਤਮ ਬੁਧਿ ਪ੍ਰਗਟ ਹੋਈ ਸੀ। ਪਹਿਲਾਂ ਜੈਦੇਵ ਭਗਤ ਜੀ ਦਾ ਪਵਿੱਤ੍ਰ ਨਾਮ ਆਇਆ, ਫੇਰ ਭਗਤ ਨਾਮਦੇਵ ਜੀ, ਭਗਤ ਤ੍ਰਿਲੋਚਨ ਜੀ, ਭਗਤ ਕਬੀਰ ਜੀ। ਏਹ ਭਗਤ ਪ੍ਰਸਿਧ ਹਨ, ਸੰਖੇਪ ਨਾਲ ਇਹਨਾਂ ਦੇ ਪ੍ਰਸੰਗ ਪਿਛੇ ਪਹਿਲੀ ਪਾਤਸ਼ਾਹੀ ਦੇ ਸਵੱਯਾਂ ਵਿਚ ਦਿਤੇ ਜਾ ਚੁਕੇ ਹਨ। ਰੁਕਮਾਂਗਦ ਜੀ ਰਾਜਾ ਹੋਏ ਹਨ, ਆਪ ਨੇ ਆਪਣੀ ਪਰਜਾ ਵਿਚ ਭੀ ਰਾਮ ਨਾਮ ਦਾ ਪ੍ਰਚਾਰ ਕੀਤਾ ਤੇ ਆਪ ਭੀ ਉੱਤਮ ਭਗਤੀ ਕੀਤੀ, ਇਨ੍ਹਾਂ ਦਾ ਵਿਸ਼ੇਸ਼ ਪ੍ਰਸੰਗ ਭਗਤਮਾਲ ਵਿਚ ਲਿਖਿਆ ਹੈ। ਇਸੇ ਤਰ੍ਹਾਂ ਅੰਬਰੀਕਿ (ਅਮ੍ਰਿਸ਼)* ਜੀ ਭੀ ਰਾਜਾ ਹੋਏ ਹਨ, ਜਿਨ੍ਹਾਂ ਦਾ ਤ੍ਰਿਸਕਾਰ ਦੁਰਬਾਸ਼ਾ ਰਿਖੀ ਨੇ ਕਰਨਾ ਚਾਹਿਆ ਸੀ, ਪਰ ਭਗਤੀ ਪ੍ਰਭਾਵ ਦੇ ਕਾਰਨ ਰਿਖੀ ਨੂੰ ਅੰਬਰੀਕ (ਅਮ੍ਰਿਸ਼)* ਜੀ ਦੀ ਸ਼ਰਨ ਲੈਣੀ ਪਈ ਸੀ। ਇਹ ਕਥਾ ਸ੍ਰੀਮਾਨ ਭਾਈ ਗੁਰਦਾਸ ਜੀ ਨੇ ਇਉਂ ਦਿੱਤੀ ਹੈ-

"ਅੰਬਰੀਕ ਮੁਹਿ ਵਰਤੁ ਹੈ ਰਾਤਿ ਪਈ ਦੁਰਬਾਸਾ ਆਇਆ। ਭੀੜਾ ਓਸੁ ਉਪਾਰਣਾ
ਉਹ ਉਠਿ ਨ੍ਹਾਵਣਿ ਨਦੀ ਸਿਧਾਇਆ। ਚਰਣੋਦਕੁ ਲੈ ਪੋਖਿਆ ਓਹੁ ਸਰਾਪੁ

* ਦੇਖੋ ਸ੍ਰੀਮਦ ਭਾਗਵਤ, ਸਿਕੰਦ-੯, ਪੰਨਾ-੭੦੩।

ਦੇਵਣ ਨੋ ਧਾਇਆ। ਚਕ੍ਰ ਸੁਦਰਸਨ ਕਾਲ ਰੂਪ ਹੋਇ ਭੀਹਾਵਲੁ ਗਰਬੁ ਗਵਾਇਆ। ਬਾਮ੍ਹਣੁ ਭੰਨਾਂ ਜੀਉ ਲੈ ਰਖਿ ਨ ਹੰਘਨਿ ਦੇਵ ਸਬਾਇਆ। ਇੰਦ੍ਰ ਲੋਕੁ ਸਿਵ ਲੋਕੁ ਤਜਿ ਬ੍ਰਹਮ ਲੋਕੁ ਬੈਕੁੰਠ ਤਜਾਇਆ। ਦੇਵਤਿਆਂ ਭਗਵਾਨੁ ਸਣੁ ਸਿਖਿ ਦੇਇ ਸਭਨਾ ਸਮਝਾਇਆ। ਆਇ ਪਇਆ ਸਰਣਾਗਤੀ ਮਾਰੀਂਦਾ ਅੰਬਰੀਕਿ ਛੁਡਾਇਆ। ਭਗਤਿ ਵਛਲੁ ਜਗਿ ਬਿਰਦ ਸਦਾਇਆ।'' {ਵਾਰ ੧੦ ਪਉੜੀ ੪}

ਪ੍ਰਿਹਿਲਾਦ ਭਗਤ ਜੀ ਪ੍ਰਸਿੱਧ ਹੀ ਹਨ। ਜੋ ਮਤ ਇਨ੍ਹਾਂ ਮਹਾਂ ਪੁਰਖਾਂ ਦੇ ਅੰਦਰ ਆਈ, ਓਸ ਮਤਿ ਤੋਂ ਬੀ ਸ੍ਰੇਸ਼ਟ ਮਤਿ ਦੀ ਜੁਗਤ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੁਭਵ ਕੀਤੀ। ਅਰਥਾਤ ਪਿਛੇ ਕਹੇ ਮਹਾਂਪੁਰਖਾਂ ਦੇ ਅੰਦਰ ਜਿਹੜੀ ਮਤਿ ਨੇ ਪ੍ਰਕਾਸ਼ ਪਾਇਆ ਓਹ ਸੰਸਾਰ ਦੇ ਰਿਖੀ ਮੁਨੀ ਤੇ ਦਰਗਾਹ ਦੇ ਦੇਵਤਿਆਂ ਵਿਚ ਪੂਰਨ ਸਤਿਕਾਰ ਯੋਗ ਸੀ, ਪਰਮਾਰਥ ਦੇ ਵਿਚ ਮਹਾਂ ਉੱਤਮ ਸੀ, ਸਾਂਈਂ ਦਰ ਪੁਚਾਉਣ ਦੇ ਯੋਗ ਸੀ, ਪਰ ਕੁੱਲ ਬ੍ਰਹਮੰਡਾਂ ਖੰਡਾਂ ਦੇ ਤਾਰਨ ਨੂੰ, ਸਿਖ੍ਯਾ ਦੇਣ ਨੂੰ ਜੋ ਉੱਚੀ ਤੇ ਸ੍ਰੇਸ਼ਟ ਮਤਿ ਯੋਗ ਸੀ, ਜਿਸ ਦੇ ਤਾਬਿਆ ਇਨ੍ਹਾਂ ਸਾਰਿਆਂ ਮਹਾਂ ਪੁਰਖਾਂ ਦੀ ਮਤਿ ਸੀ, ਓਹ 'ਸ੍ਰੇਸ਼ਟ ਮਤਿ' ਪਰਮ ਉਤਮ ਬੁਧਿ ਸੀ, ਉਸ ਦਾ ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਵਿਚ ਹੋਇਆ। ਇਸ ਲਈ ਉਪਰਲੀਆਂ ਤੁਕਾਂ ਵਿਚ 'ਮਤਿ' ਕਹੀ ਹੈ ਤੇ ਇਸ ਤੁਕ ਵਿਚ "ਸੁਮਤਿ" ਕਹੀ ਹੈ, ਅਰਥਾਤ ਸ਼ਿਰੋਮਣਿ ਮਤਿ ਆਖੀ ਹੈ। ਕਈ ਗਿਆਨੀ "ਸੁਮਤਿ" ਦਾ ਅਰਥ ਕਰਦੇ ਹਨ 'ਓਹਾ ਮਤਿ' ਜੋ ਠੀਕ ਨਹੀਂ। ਇਕ ਤਾਂ ਇਥੇ "ਸੁ" ਨੂੰ ਔਂਕੜ ਹੈ "ਸੋ" ਨਹੀਂ ਹੈ, ਦੂਜਾ ਪਿੱਛੇ ਗੁਰ ਅਵਤਾਰ ਦੇ ਇਹ ਸਾਰੇ ਮਹਾਂਪੁਰਖ ਗੁਣ ਗਾਵਣ ਵਾਲੇ ਕਹੇ ਹਨ; ਦੇਖੋ ਸਵਈਏ ਮਹਲੇ ਪਹਿਲੇ ਦੇ ਅੰਕ ੮। ਇਸ ਲਈ 'ਸ੍ਰੇਸ਼ਟ ਮਤਿ' ਅਰਥ ਕਰਨਾ ਹੀ ਸੋਹਣਾ ਜਾਪਦਾ ਹੈ। ਹੋਰ ਵਿਚਾਰ ਇਉਂ ਭੀ ਹੈ ਕਿ "ਮਤਿ" ਦਾ ਅਰਥ ਸਿਖ੍ਯਾ ਭੀ ਹੈ, ਇਹ ਆਮ ਗੁਰਬਾਣੀ ਵਿਚ ਪ੍ਰਸਿੱਧ ਹੈ। ਜੇ ਇਹ ਅਰਥ ਇਥੇ ਲਈਏ ਤਾਂ ਇਉਂ ਵਿਚਾਰ ਕੀਤੀ ਜਾ ਸਕਦੀ ਹੈ ਕਿ ਜਿਹੜੀ ਸਿਖ੍ਯਾ ਜੈਦੇਵ ਜੀ ਨੇ ਸਤਿਗੁਰ ਤੋਂ ਗ੍ਰਹਣ ਕੀਤੀ, ਜਿਹੜੀ ਸਿਖ੍ਯਾ ਭਗਤ ਨਾਮਦੇਵ ਜੀ ਦੇ ਅੰਦਰ ਟਿਕੀ ਇਸੇ ਤਰ੍ਹਾਂ ਸਾਰਾ ਅਰਥ ਕਰਨਾ। ਜਲ੍ਹ ਜੀ ਆਖਦੇ ਹਨ ਓਸ ਸਿਖ੍ਯਾ ਦੀ ਜੁਗਤ ਮੈਂ ਸ੍ਰੀ ਗੁਰੂ ਅਮਰ ਦਾਸ ਜੀ ਤੋਂ ਜਾਣੀ ਹੈ। ਸਤਿਗੁਰ ਅਮਰਦਾਸ ਜੀ ਹਨ ਤਾਂ ਆਪ ਹੀ, ਪਰ ਭਗਤ ਰੂਪ ਵਿਚੋਂ ਹਨ। ਭਾਵ ਆਪ ਹੀ ਵਾਹਿਗੁਰੂ ਭਗਤ ਰੂਪ ਧਾਰਕੇ ਪ੍ਰਗਟ ਹੋਯਾ ਹੈ। ਆਪ ਜੀ ਦੇ ਦਰਸ਼ਨਾਂ ਤੋਂ ਹੀ ਮੁਕਤ ਪ੍ਰਾਪਤ ਹੁੰਦੀ ਹੈ, ਇਸ ਦੇ ਵਿਸ਼ੇਸ਼ ਵਿਚਾਰ ਲਈ ਦੇਖੋ ਇਸੇ ਬਾਣੀ ਦਾ ੧੯ਵਾਂ ਅੰਕ ॥੪॥੧੩॥

## ਮੂਲ

**ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕਬਿਨਾਸਹਿ ॥ ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ ॥ ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ ॥ ਗੁਰੁਅਮਰਦਾਸੁਪਰਸੀਐ ਅਭਉ ਲਭੈ ਗਉ ਚੁਕਿਹਿ ॥ ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ ॥ ਜਾਲਪਾ**

## ਅਰਥ

ਸ੍ਰੀ ਸਤਿਗੁਰੂ ਅਮਰਦਾਸ ਜੀ ਦੇ ਪ੍ਰਾਪਤ ਹੋਣ ਨਾਲ ਪ੍ਰਿਥਵੀ (ਬੁਧੀ) ਦੇ ਪਾਪ ਨਾਸ਼ ਹੋ ਜਾਂਦੇ ਹਨ। ਸਤਿਗੁਰ ਅਮਰ ਦਾਸ ਜੀ ਦੇ ਮਿਲਣ ਨਾਲ ਸਿੱਧ ਤੇ ਸਾਧਕ (ਗੁਰਸਿਖ ਦੇ) ਤਾਬਿਆ ਹੋ ਜਾਂਦੇ ਹਨ (ਜਾਂ ਪ੍ਰਸੰਨ ਹੋ ਜਾਂਦੇ ਹਨ)। ਸ੍ਰੀ ਗੁਰੂ ਅਮਰਦਾਸ ਜੀ ਦੇ ਪਰਸਨ ਨਾਲ ਧਿਆਨ ਮਿਲਦਾ ਹੈ ਤੇ ਮੁਕਤੀ ਪ੍ਰਾਪਤ ਹੁੰਦੀ ਹੈ, (ਜਾਂ ਚੌਰਾਸੀ ਦਾ ਗੇੜ ਹੀ ਮੁਕ ਜਾਂਦਾ ਹੈ)। ਸ੍ਰੀ ਸਤਿਗੁਰੂ ਅਮਰ ਦਾਸ ਜੀ ਦੇ ਮਿਲਨ ਨਾਲ ਵਾਹਿਗੁਰੂ ਲੱਭ ਪੈਂਦਾ ਏ ਤੇ ਆਵਾਗੌਣ ਦੂਰ ਹੋ ਜਾਂਦਾ ਹੈ। ਇਕ (ਵਾਹਿਗੁਰੂ ਜੀ) ਤੋਂ ਛੁਟ ਜੋ ਦਵੈਤ ਹੈ, ਤਦੋਂ ਹੀ

**ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ ॥ ੫ ॥ ੧੪ ॥**

ਮਿਟਦੀ ਹੈ, ਜਦੋਂ ਮਨੁਖ (ਸਤਿਗੁਰ ਜੀ ਦੇ) ਗੁਰਮੰਤਰ ਨੂੰ ਲੈਂਦਾ ਹੈ। ਹੇ ਜਾਲਪ! (ਪਿਛੇ ਕਹੇ) ਸਾਰੇ ਪਦਾਰਥ ਸਤਿਗੁਰ ਅਮਰਦਾਸ ਜੀ ਦੇ ਦਰਸ਼ਨਾਂ ਤੋਂ ਪ੍ਰਾਪਤ ਹੁੰਦੇ ਹਨ॥੫॥੧੪॥

**ਪਦਾਰਥ**—ਪਰਸੀਐ-ਛੋਹੀਐ, ਸਤਿਗੁਰ ਜੀ ਨੂੰ ਪ੍ਰਾਪਤ ਹੋਕੇ ਅੰਤਰ ਆਤਮ ਮਿਲਾਪ ਕਰੀਏ। ਪ੍ਰਹਮਿ-ਪ੍ਰਿਥਵੀ, ਅੰਤ੍ਰੀਵ ਅਰਥ ਬੁਧੀ। ਪਾਤਿਕ-ਬੱਜਰ ਪਾਪ। ਬਿਨਾਸਹਿ-ਨਾਸ਼ ਹੁੰਦੇ ਹਨ। ਆਸਾਸਹਿ-ਪ੍ਰਸੰਨ ਜਾਂ ਸੰਸਜ ਰਹਿਤ ਹੁੰਦੇ ਹਨ, ਯਾ ਆਗਜਾ ਵਿਚ ਰਹਿੰਦੇ ਹਨ। ਪਉ-ਪਾ ਲਈਦੀ ਹੈ ਯਾ ਚੌਪੜ ਦਾ ਪਉ ਭਾਵ ਚੌਰਾਸੀ ਦਾ ਗੇੜ। ਮੁਕਿਹਿ-ਮੁਕਤੀ, ਜਾਂ ਮੁਕ ਜਾਂਦਾ ਹੈ। ਅਭਉ-ਵਾਹਿਗੁਰੂ। ਗਉ-ਜਾਣਾ, ਮੌਤ, ਭਾਵ ਆਵਾਗੌਣ। ਚੁਕਿਹਿ-ਦੂਰ ਹੋ ਜਾਂਦੇ ਹਨ। ਦੁਗਣ-ਦੁਵੈਤ। ਮਾਨਵਹਿ-ਮਨੁਖ ਯਾ ਮਨਨ ਕਰਨਾ, ਮੰਨ ਲੈਣਾ। ਜਾਲਪਾ-ਹੇ ਜਾਲਪਾ! ਜਾਲਪ ਕਵੀ ਜੀ ਦਾ ਨਾਮ ਹੈ।

**ਭਾਵ**—ਸ੍ਰੀ ਸਤਿਗੁਰ ਅਮਰਦਾਸ ਜੀ ਮਹਾਰਾਜ ਜੀ ਦੇ ਦਰਸ਼ਨ ਦਾ ਪ੍ਰਭਾਵ ਪ੍ਰਗਟ ਕਰਦੇ ਕਵੀ ਰਾਜ ਜਾਲਪ ਜੀ ਦੱਸਦੇ ਹਨ ਕਿ ਸਤਿਗੁਰੂ ਅਮਰ ਦਾਸ ਜੀ ਦੇ ਦਰਸ਼ਨਾਂ ਨਾਲ ਮਨੁਖੇ ਨੂੰ ਅਪਣੀ ਉੱਚਤਾ ਤੋਂ ਹੇਠਾਂ ਡਿਗਾ ਦੇਣ ਵਾਲੇ ਪਾਪ ਨਸ਼ਟ ਹੋ ਜਾਂਦੇ ਹਨ। ਓਹ ਪਾਪ ਸਾਰੇ ਹੀ ਦੂਰ ਹੋ ਜਾਂਦੇ ਹਨ ਜੋ ਪ੍ਰਿਥਵੀ ਪੁਰ ਪਾਪ ਨਾਮ ਨਾਲ ਆਖੇ ਜਾਂਦੇ ਹਨ। ਪਾਪ ਕਰੀਏ ਤਾਂ ਮਨ ਇੰਦ੍ਰੀਆਂ ਸਰੀਰ ਦੇ ਨਾਲ ਹੀ ਹੁੰਦੇ ਹਨ ਪਰ ਪਾਪਾਂ ਦਾ ਬੀਜ ਪਹਿਲਾਂ ਬੁਧੀ ਵਿਚ ਉਗਦਾ ਹੈ; ਜਦੋਂ ਪਾਪ ਕਰੀਦੇ ਹਨ ਤਦ ਭੀ ਮੈਲ ਬੁਧਿ ਪੁਰ ਹੀ ਪੈਂਦੀ ਹੈ, ਇਸ ਲਈ ਬੁਧੀ ਪਾਪਾਂ ਨਾਲ ਭਰੀ ਹੀ ਰਹਿੰਦੀ ਹੈ। ਜਦੋਂ ਸਤਿਗੁਰ ਜੀ ਦੇ ਦਰਸ਼ਨ ਪ੍ਰਾਪਤ ਹੁੰਦੇ ਹਨ ਤਾਂ ਉਨ੍ਹਾਂ ਦੇ ਨੈਣਾਂ ਵਿਚੋਂ ਜੋ ਅੰਮ੍ਰਿਤ ਦੇ ਫੁਹਾਰੇ ਚੱਲ ਰਹੇ ਹਨ, ਓਹ ਮਾਨੋ ਜਗਜਾਸੂ ਦੀ ਬੁਧਿ ਪੁਰ ਅੰਮ੍ਰਿਤ ਧਾਰ ਪੈਂਦੀ ਹੈ, ਜਿਸ ਨਾਲ ਪਾਪਾਂ ਦੀ ਮੈਲ ਧੋਪਕੇ ਨਾਸ਼ ਹੋ ਜਾਂਦੀ ਹੈ। ਦੂਜਾ ਭਾਵ ਇਉਂ ਭੀ ਜਾਪਦਾ ਹੈ ਕਿ ਸਤਿਗੁਰੂ ਅਮਰ ਦਾਸ ਜੀ ਦੇ ਛੋਹਣ ਨਾਲ ਜ਼ਮੀਨ ਦੇ ਪਾਪ ਦੂਰ ਹੁੰਦੇ ਹਨ; ਪਾਪਾਂ ਨਾਲ ਗ੍ਰਾਸੀ ਹੋਈ ਪ੍ਰਿਥਵੀ ਪਰ ਜਦ ਸਤਿਗੁਰੂ ਜੀ ਵਿਚਰਦੇ ਹਨ ਤਾਂ ਪ੍ਰਿਥਵੀ ਦੇ ਪਾਪ ਨਾਸ਼ ਹੋ ਜਾਂਦੇ ਹਨ ਤੇ ਓਹ ਧਰਤੀ ਪਾਵਨ ਹੋ ਜਾਂਦੀ ਹੈ। ਯਥਾ-"**ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ**"। (੩੧੦) ਤਥਾ-"**ਧਰਤਿ ਸੁਹਾਵੀ ਸਫਲ ਥਾਨੁ ਪੂਰਨ ਭਏ ਕਾਮ**"(੮੧੯) ਸਤਿਗੁਰ ਜੀ ਦੇ ਪਰਸਨ ਨਾਲ ਗੁਪਤ ਰੂਪ ਵਿਚ ਫਿਰਨ ਵਾਲੇ ਸਿੱਧ ਜਿਨਾਂ ਦਾ ਅੰਤ੍ਰਿਖ ਵਿਚ ਵਾਸਾ ਹੈ ਤੇ ਸਾਧਕ ਜੋ ਇਥੇ ਸਿਧ ਪਦਵੀ ਲਈ ਜਤਨ ਕਰ ਰਹੇ ਹਨ, ਇਹ ਸਾਰੇ ਹੀ ਪ੍ਰਸੰਨ ਹੁੰਦੇ ਹਨ। ਕਾਰਨ ਇਹ ਹੈ ਕਿ ਸਤਿਗੁਰ ਜੀ ਤੋਂ ਬਿਨਾਂ ਇਹ ਆਪਣੇ ਆਪ ਨਿਹਚੇ ਦੇ ਮੰਡਲ ਵਿਚ ਨਹੀਂ ਪੁਜ ਸਕਦੇ। ਇਨ੍ਹਾਂ ਦੇ ਸੰਸੇ ਸਤਿਗੁਰ ਜੀ ਤੋਂ ਨਵਿਰਤ ਹੁੰਦੇ ਹਨ। ਇਸੇ ਲਈ ਬਰਸਾਂ ਦਾ ਯੋਗੀ ਰਾਜ ਸ੍ਰੀ ਗੁਰੂ ਅਮਰਦਾਸ ਜੀ ਦੇ ਦਰ ਪੁਰ ਆਯਾ ਤੇ ਭਾਈ ਅਨੰਦ ਨਾਮ ਧਰਾ ਕੇ ਕ੍ਰਿਤਾਰਥ ਹੋਇਆ। ਇਹ ਕਥਾ ਸੂਰਜ ਪ੍ਰਕਾਸ਼ ਵਿਚ ਪ੍ਰਸਿੱਧ ਹੈ। ਇਥੇ ਹੀ ਬਸ ਨਹੀਂ ਸਤਿਗੁਰੂ ਜੀ ਦੇ ਦਰਸ਼ਨਾਂ ਦੇ ਪ੍ਰਭਾਵ ਨਾਲ ਸਿੱਧ ਤੇ ਸਾਧਿਕ ਗੁਰਸਿੱਖ ਦੀ ਆਗਜਾ ਵਿਚ ਵਰਤਦੇ ਹਨ; ਫੇਰ ਸਤਿਗੁਰੂ ਜੀ ਦੇ ਮਿਲਨ ਨਾਲ ਲਗਾਤਾਰ ਲਿਵ ਦਾ ਪ੍ਰਵਾਹ ਰੂਪ ਧਿਆਨ ਪ੍ਰਾਪਤ ਹੁੰਦਾ ਹੈ ਤੇ ਮੁਕਤਿ ਮਿਲਦੀ ਹੈ। ਸਤਿਗੁਰੂ ਜੀ ਦੇ ਮਿਲਨ ਨਾਲ ਭੈ ਤੋਂ ਰਹਿਤ ਨਿਰਭਉ ਵਾਹਿਗੁਰੂ ਮਿਲ ਪੈਂਦਾ ਹੈ ਤੇ ਕਾਂਣ ਚੁਕ ਜਾਂਦੀ ਹੈ, ਜਾਂ ਜਨਮ ਮਰਨ ਦੂਰ ਹੋ ਜਾਂਦਾ ਹੈ। ਵਾਹਿਗੁਰੂ ਜੀ ਤੋਂ ਭੁਲਾਉਣ ਵਾਲੀ ਦ੍ਵੈਤ ਹੈ, ਇਹ ਤਦੋਂ ਹੀ ਦੂਰ ਹੁੰਦੀ ਹੈ ਜਦ ਸਤਿਗੁਰੂ ਜੀ ਦੇ ਗੁਰਮੰਤ੍ਰ ਨੂੰ ਮਨੁਖ ਗ੍ਰਹਣ ਕਰਦਾ ਹੈ, ਜਾਂ ਜਿਨ੍ਹਾਂ ਦੇ ਗੁਰੂ ਮੰਤਰ ਦੇ ਮੰਨ ਲੈਣ ਨਾਲ ਭਾਵ ਅਭਿਆਸ

ਨਾਲ ਦ੍ਵੈਤ ਹਟ ਜਾਂਦੀ ਹੈ।

(੧) ਪਾਪ ਨਵਿਰਤੀ। (੨) ਸਿਧ ਸਾਧਕਾਂ ਪੁਰ ਹੁਕਮ ਤੁਰਨਾ ਭਾਵ ਗੁਪਤ ਦੈਵੀ ਸ਼ਕਤੀਆਂ ਪੁਰ ਵਸੀਕਾਰ ਹੋਣਾ। (੩) ਲਿਵ ਰੂਪ ਧਿਆਨ ਦੀ ਪ੍ਰਾਪਤੀ। (੪) ਮੁਕਤੀ ਦੀ ਪ੍ਰਾਪਤੀ। (੫) ਵਾਹਿਗੁਰੂ ਜੀ ਦੇ ਪ੍ਰਤੱਖ ਦਰਸ਼ਨ। (੬) ਆਵਾਗੌਣ ਤੋਂ ਛੁਟਕਾਰਾ। (੭) ਬਾਹਰ ਅੰਦਰ ਇਕੋ ਇਕ ਕਰਤਾਰ ਦੀ ਪੂਰਨਤਾ ਰੂਪ ਅਦ੍ਵੈਤ ਨਿਸ਼ਠਾ। ਏਹ ਸਾਰੇ ਸ੍ਰੇਸ਼ਟ ਪਦਾਰਥ ਸਤਿਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਤੋਂ ਪ੍ਰਾਪਤ ਹੁੰਦੇ ਹਨ। ਪਰਮਾਰਥ ਦੀ ਸੰਪੂਰਨਤਾ ਇਨ੍ਹਾਂ ਸੱਤਾਂ ਵਿਚ ਹੀ ਕ੍ਰਮ ਨਾਲ ਦਰਜੇ ਬਦਰਜੇ ਦਿਖਾਈ ਹੈ। ਪਾਪਾਂ ਤੋਂ ਪਵਿੱਤ੍ਰ ਹੋਈ ਬੁੱਧੀ ਵਿਚ ਇਕ ਤਾਣ ਭਰਦਾ ਹੈ, ਇਕ ਇਲਾਹੀ ਰੰਗ ਆਨ ਪ੍ਰਕਾਸ਼ਦਾ ਹੈ, ਜਿਸਦੇ ਤਾਬਿਆ, ਸੁਤੇ ਹੀ ਗੁਪਤ ਪ੍ਰਗਟ ਦੈਵੀ ਸ਼ਕਤੀਆਂ, ਆਣ ਹੁੰਦੀਆਂ ਹਨ। ਭਾਵੇਂ ਗੁਰ ਦਰਸ਼ਨ ਦੇ ਭੌਰੇ ਨੂੰ ਇਸਦੀ ਲੋੜ ਨਹੀਂ ਹੁੰਦੀ ਪਰ ਗੁਰ ਦਰਸ਼ਨ ਦਾ ਇਹ ਪ੍ਰਤਾਪ ਹੈ ਜ਼ਰੂਰ। ਜਿਸ ਸਤਿਗੁਰ ਜੀ ਦੇ ਦਰਸ਼ਨ ਦਾ ਇਹ ਪ੍ਰਤਾਪ ਹੈ ਉਨ੍ਹਾਂ ਦੇ ਇਲਾਹੀ ਦਰਸ਼ਨਾਂ ਵਿਚ ਹੀ ਮੇਰੀ ਲਗਾਤਾਰ ਲਿਵ ਲਗੀ ਰਹੇ, ਇਸ ਇੱਛਾ ਦੇ ਕਾਰਨ ਸਤਿਗੁਰਾਂ ਦੇ ਹੋਰ ਡੂੰਘੇ ਦਰਸ਼ਨਾਂ ਤੋਂ ਧਿਆਨ ਮਿਲ ਜਾਂਦਾ ਹੈ, ਜਿਸ ਨਾਲ ਲਗਾਤਾਰ ਚਿੱਤ ਦਾ ਪ੍ਰਵਾਹ ਦਰਸ਼ਨਾਂ ਦੇ ਮੰਡਲ ਵਿਚ ਰਹਿੰਦਾ ਹੈ। ਇਕ ਪਾਸੇ ਲਗਾਤਾਰਤਾ ਦੇ ਕਾਰਨ ਇਸ ਧਿਆਨ ਤੋਂ ਉਖੇੜਨ ਵਾਲੀਆਂ ਵਿਜਾਤੀ ਬ੍ਰਿਤੀਆਂ ਸੁਤੇ ਹੀ ਰਸ ਦੀ ਪ੍ਰਾਗੱਲਭਤਾ ਦੇ ਕਾਰਨ ਦੂਰ ਹੋ ਜਾਂਦੀਆਂ ਹਨ, ਜਿਸ ਤੋਂ ਪਰਮਾਨੰਦ ਦੀ ਪ੍ਰਾਪਤੀ ਤੇ ਸਰਬ ਦੁਖਾਂ ਦੀ ਨਵਿਰਤੀ ਰੂਪ ਮੋਖ ਆ ਪ੍ਰਗਟ ਹੁੰਦੀ ਹੈ, ਫੇਰ ਸਤਿਗੁਰ ਜੀ ਦੇ ਦਰਸ਼ਨਾਂ ਤੋਂ ਵਾਹਿਗੁਰੂ ਦਰਸ਼ਨ ਰੂਪ ਮੋਖ ਦਰਸ਼ਨ ਅਦਰਸ਼ਨ ਦੇ ਹਾਲਤਾਂ ਵਿਚ ਹੀ ਨਹੀਂ ਰਹਿੰਦੀ, ਬਲਕਿ ਅਭੈ ਰੂਪ ਕਰਤਾਰ ਹੀ ਆਪੇ ਵਿਚ ਆਪਾ ਰੂਪ ਹੋ ਪ੍ਰਕਾਸ਼ਦਾ ਹੈ। ਵੇਦਾਂਤ ਦੇ ਪਾਠਕ ਹੈਰਾਨ ਹੋਣਗੇ ਕਿ ਮੋਖ ਤੋਂ ਉਪਰ ਫੇਰ ਵਾਹਿਗੁਰੂ ਦਾ ਲੱਭਣਾ ਕਿਹਾ ਹੈ, ਇਹ ਕੀ ਗੱਲ ਹੈ? ਇਹ ਸਤਿਗੁਰ ਜੀ ਦਾ ਓਹ ਸਿਧਾਂਤ ਹੈ ਜੋ ਆਸਾ ਰਾਗ ਵਿਚ ਪਹਿਲੇ ਪਾਤਸ਼ਾਹ ਜੀ ਨੇ ਦਰਸਾਇਆ ਹੈ-"**ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ**"।(੩੬੦) ਦੂਜੀ ਵਿਚਾਰ ਇਹ ਭੀ ਹੈ ਕਿ ਪਹਿਲੇ ਹੈ ਜੀਵਨ ਮੁਕਤੀ ਤੇ ਇਹ ਦੂਜੀ ਵਿਦੇਹ ਮੁਕਤੀਦੱਸੀ ਹੈ। ਇਸਦੇ ਨਾਲ ਹੀ ਦੱਸਿਆ ਹੈ ਕਿ ਵਾਹਿਗੁਰੂ ਮਿਲਦਾ ਹੈ ਤੇ ਜਨਮ ਮਰਨ ਮਿਟ ਜਾਂਦਾਹੈ। ਸਤਿਗੁਰ ਜੀ ਦੇ ਗੁਰਮੰਤ੍ਰ ਦੇ ਪ੍ਰਭਾਵ ਨਾਲ ਦ੍ਵੈਤ ਮਿਟ ਜਾਂਦੀ ਹੈ ਤੇ ਵਾਹਿਗੁਰੂ ਜੀ ਦੀ ਏਕਤਾ ਪ੍ਰਕਾਸ਼ ਪਾਂਦੀ ਹੈ। ਇਸਦੇ ਵਿਚ ਡੂੰਘਾ ਭਾਵ ਇਹ ਪ੍ਰਤੀਤ ਹੁੰਦਾ ਹੈ ਕਿ ਦਰਸ਼ਨ ਤੋਂ ਸਭ ਕੁਛ ਮਿਲਦਾ ਹੈ ਪਰ ਨਿਰਾ ਬਾਹਰਲੇ ਦਰਸ਼ਨ ਮਾਤ੍ਰ ਨਾਲ ਹੀ ਨਾ, ਪਰ ਜੋ ਦਰਸ਼ਨ ਗੁਰਮੰਤ੍ਰ ਦੇ ਅਭ੍ਯਾਸ ਵਿਚਾਰ ਨਾਲ ਅੰਤਰ ਆਤਮੇ ਦੇ ਮੇਲ ਵਾਲਾ ਹੈ, ਇਸੇ ਲਈ ਹੋਰ ਥਾਂ ਪੁਰ ਇਹ ਵਿਚਾਰ ਸਪਸ਼ਟ ਕਰ ਦਿਤੀ ਹੈ। ਯਥਾ-"**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ**"। (੫੯੪) ਤਥਾ- "**ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ**"। (੭੯੧) ਅਰ ਦੂਜੇ ਅਰਥ ਵਿਚ ਭੀ ਦਿਖਾਇਆ ਹੈਜਿਸਦੇ ਮੰਤ੍ਰ ਨੂੰ ਮੰਨਨ ਨਾਲ ਇਹ ਪਦਵੀ ਲਈਦੀ ਹੈ, ਸੋ ਅੰਤਰ ਆਤਮੇ ਮੇਲ ਰੂਪ ਦਰਸ਼ਨ ਹੀ ਪੂਰਨ ਦਰਸ਼ਨ ਹੈ ਤੇ ਇਸ ਤੋਂ ਹੀ ਸਾਰੇ ਪਦਾਰਥ ਮਿਲਦੇ ਹਨ॥੫॥੧੪॥

ਜਾਲਪ ਜੀ ਦੇ ਪੰਜ ਸਵਈਏ ਇਥੇ ਸਮਾਪਤ ਹੋਏ, ਅਗੇ ਸ੍ਰੀ 'ਕੀਰਤ' ਭੱਟ ਜੀ ਦੇ ਚਲੇ:-

| ਮੂਲ | ਅਰਥ |
|---|---|
| **ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ ॥ ਤਾ ਤੇ** | ਵਾਹਿਗੁਰੂ ਜੀ ਦਾ ਸਚ ਨਾਮ (ਸਤਿਗੁਰ) ਨਾਨਕ ਦੇਵ ਜੀ. ਨੇ ਪਕਿਆਈ ਨਾਲ ਕੱਠਾ ਕੀਤਾ। ਉਨ੍ਹਾਂ ਦੇ ਚਰਨਾਂ ਦੀ |

**ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ ॥ ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ ॥ ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ ॥ ਬੋਹਿਥਉ ਬਿਧਾਤੈ ਨਿਰਮਯੌ ਸਭ ਸੰਗਤਿ ਕੁਲ ਉਧਰਣ ॥ ਗੁਰ ਅਮਰਦਾਸ ਕੀਰਤੁ ਕਹੈ ਤ੍ਰਾਹਿ ਤ੍ਰਾਹਿ ਤੁਅ ਪਾ ਸਰਣ ॥ ੧ ॥ ੧੫ ॥**

ਲਗਾਤਾਰ ਪ੍ਰੀਤਿ ਵਿਚ ਲਹਿਣਾ ਜੀ ਆ ਟਿਕੇ, ਸੋ ਗੁਰੂ ਅੰਗਦ ਰੂਪ ਹੋ ਪ੍ਰਗਟੇ। ਓਸੇ (ਸਤਿਗੁਰ ਨਾਨਕ ਦੇਵ ਜੀ ਦੀ) ਕੁਲ ਵਿਚ ਆਸਾ ਪੂਰਨ ਕਰਨ ਵਾਲੇ ਸ੍ਰੀ ਗੁਰੂ ਅਮਰ ਦਾਸ ਜੀ ਹੋਏ, ਉਨ੍ਹਾਂ ਦੇ ਗੁਣਾਂ ਦਾ ਕੀ ਕਥਨ ਕਰਾਂ। ਜੋ ਗੁਣ ਬੁਧਿ ਦੇ ਜਾਣਨ ਤੋਂ ਪਰੇ ਤੇ ਮਨ ਦੀ ਪਹੁੰਚ ਤੋਂ ਦੁਰੇਡੇ ਹਨ, ਉਨ੍ਹਾਂ ਗੁਣਾਂ ਦਾ ਮੈਂ ਅੰਤ ਨਹੀਂ ਜਾਣ ਸਕਦਾ। ਵਾਹਿਗੁਰੂ ਨੇ ਸਾਰੀਆਂ ਸੰਗਤਾਂ ਤੇ ਕੁਲਾਂ ਨੂੰ (ਭਵਸਾਗਰ ਤੋਂ) ਤਾਰਨ ਲਈ (ਸ੍ਰੀ ਗੁਰੂ ਅਮਰਦਾਸ ਜੀ ਨੂੰ) ਜਹਾਜ਼ ਰੂਪ ਪ੍ਰਗਟ ਕੀਤਾ ਹੈ। ਕੀਰਤ ਜੀ ਆਖਦੇ ਹਨ ਹੇ ਗੁਰੂ ਅਮਰ ਦਾਸ ਜੀ! ਮੈਂ ਆਪ ਜੀ ਦੇ ਚਰਨਾਂ ਦੀ ਸ਼ਰਨ ਹਾਂ, ਮੇਰੀ ਰਖਜਾ ਕਰੋ! ਮੇਰੀ ਰਖਜਾ ਕਰੋ॥੧॥੧੫॥

**ਪਦਅਰਥ**—ਸੰਗ੍ਰਹਿਅਉ-ਕੱਠਾ ਕੀਤਾ, ਜਾਂ ਅਛੀ ਤਰਾਂ ਗ੍ਰਹਣ ਕੀਤਾ। ਨਿਵਾਸੁ-ਪੂਰਨ। ਬੋਹਿਥਉ-ਜਹਾਜ। ਬਿਧਾਤੈ-ਵਾਹਿਗੁਰੂ। ਨਿਰਮਯੌ-ਪ੍ਰਗਟੇ। ਤ੍ਰਾਹਿ-ਰਖਜਾ।

**ਭਾਵ**—ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੀ ਮਹਿਮਾ ਕਰਦੇ ਹੋਏ 'ਕੀਰਤ' ਕਵੀ ਜੀ ਆਪਣੀ ਬਿਨੈ ਕਰਦੇ ਹਨ:-ਵਾਹਿਗੁਰੂ ਜੀ ਦਾ ਨਾਮ "ਸਤਿ" ਹੈ; ਤਿੰਨਾਂ ਕਾਲਾਂ ਵਿਚ ਜੋ ਅਬਿ-ਨਾਸ਼ੀ ਹੋਵੇ ਉਸਨੂੰ ਸਤਿ ਆਖੀਦਾ ਹੈ। ਇਹ ਸਤਿਨਾਮੁ ਵਾਹਿਗੁਰੂ ਜੀ ਦੇ ਹੋਰ ਕਿਰਤਮ ਨਾਮਾਂ ਤੋਂ ਵੱਡਾ ਹੈ। ਜੀਕੁਣ ਵਾਹਿਗੁਰੂ ਸਦਾ ਤੋਂ ਹੈ, ਇਸੇ ਤਰ੍ਹਾਂ ਉਸਦਾ 'ਸਤਿਨਾਮੁ' ਵੀ ਸਦਾ ਤੋਂ ਹੈ। ਸੋ ਨਾਮ ਦੇ ਖਜ਼ਾਨੇ ਨੂੰ ਪੂਰਨ ਪਕਿਆਈ ਨਾਲ ਸਤਿਗੁਰ ਨਾਨਕ ਸਾਹਿਬ ਜੀ ਨੇ ਇਕੱਠਾ ਕੀਤਾ। ਆਪ ਜੀ ਦੀ ਚਰਨ-ਸ਼ਰਨ ਵਿਚ ਲਹਿਣਾ ਜੀ ਆਏ ਜੋ ਸਤਿਗੁਰ ਅੰਗਦ ਰੂਪ ਪ੍ਰਗਟੇ। ਓਸੇ ਪਵਿਤ੍ਰ ਕੁਲ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਪ੍ਰਗਟ ਹੋਏ ਜੋ ਆਪ ਤਾਂ ਆਸਾ ਤੋਂ ਨਿਰਾਸ ਹਨ, ਪਰ ਹੋਰਨਾਂ ਦੀਆਂ ਆਸਾਂ ਪੂਰਨ ਕਰਨ ਵਾਲੇ ਹਨ। ਉਹਨਾਂ ਦੇ ਉਤਮ ਗੁਣ ਕਥਨ ਤੋਂ ਬਾਹਰ ਹਨ। ਆਪ ਜੀ ਦੇ ਗੁਣਾਂ ਨੂੰ ਬੁਧੀ ਲਖ ਨਹੀਂ ਸਕਦੀ, ਇਸ ਲਈ ਗੁਣ ਅਲਖ ਹਨ ਤੇ ਮਨ ਦੀ ਪਹੁੰਚ ਉਨ੍ਹਾਂ ਗੁਣਾਂ ਵਿਚ ਹੈ ਨਹੀਂ; ਇਸ ਲਈ ਗੁਣ ਅਗੰਮ ਹਨ, ਉਹਨਾਂ ਗੁਣਾਂ ਦਾ ਅੰਤ ਲੈ ਨਹੀਂ ਸਕੀਦਾ। ਸੰਗਤਾਂ ਤੇ ਉਨ੍ਹਾਂ ਦੀਆਂ ਕੁਲਾਂ ਅਥਵਾ ਆਪਣੀਆਂ ਕੁਲਾਂ ਦੇ ਉਧਾਰ ਲਈ ਵਾਹਿਗੁਰੂ ਨੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਭਵ ਸਾਗਰ ਤੋਂ ਤਾਰਨ ਲਈ ਜਹਾਜ਼ ਪ੍ਰਗਟ ਕੀਤਾ ਹੈ। 'ਕੀਰਤ' ਕਵੀ ਜੀ ਆਖਦੇ ਹਨ ਹੇ ਸ੍ਰੀ ਗੁਰੂ ਅਮਰ ਦਾਸ ਜੀ! ਮੈਂ ਆਪ ਜੀ ਦੇ ਚਰਨਾਂ ਦੀ ਸ਼ਰਨ ਆ ਪਿਆ ਹਾਂ, ਮੇਰੀ ਇਥੇ ਵੀ ਰਖਜਾ ਕਰੋ ਤੇ ਦਰਗਾਹੇ ਭੀ ਰਖਜਾ ਕਰਨੀ ਜੀ॥੧॥੧੫॥

**ਮੂਲ** **ਅਰਥ**

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿ-ਯਉ ॥ ਜਹ ਕਹ ਤਹ ਭਰਪੂਰੁ**

ਆਪ ਵਾਹਿਗੁਰੂ (ਆਪਣੀਆਂ) ਸ਼ਕਤੀਆਂ ਸਹਿਤ ਜਗਤ ਵਿਚ ਆਨ ਪ੍ਰਗਟ ਹੋਇਆ। ਨਿਰੰਕਾਰ (ਵਾਹਿਗੁਰੂ) ਨੇ ਸਰੂਪ ਧਾਰਕੇ ਜਗਤ ਮੰਡਲ ਵਿਚ ਆਨ ਪ੍ਰਕਾਸ਼ ਕੀਤਾ। ਸ਼ਬਦ ਦੇ ਦੀਵੇ ਦਾ ਉਜਾਲਾ ਕਰਕੇ ਜਿੱਥੇ ਕਿੱਥੇ ਪੂਰਨ

**ਸਬਦੁ ਦੀਪਕਿ ਦੀਪਾਯਉ ॥ ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥ ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ ॥ ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥ ੨ ॥ ੧੬ ॥**

(ਵਾਹਿਗੁਰੂ) ਦਿਖਾ ਦਿੱਤਾ। ਜਿਨ੍ਹਾਂ ਸਿੱਖਾਂ ਨੇ (ਗੁਰਸ਼ਬਦ ਨੂੰ) ਅੱਛੀ ਤਰ੍ਹਾਂ ਕਮਾਇਆ (ਉਨ੍ਹਾਂ ਨੂੰ) ਤਤਕਾਲ ਹੀ (ਸਤਿਗੁਰਾਂ ਨੇ) ਹਰੀ-ਚਰਨਾਂ ਵਿਚ ਮਿਲਾ ਦਿੱਤਾ। ਲਹਣੇ (ਅਰਥਾਤ) ਗੁਰੂ ਅੰਗਦ (ਸਾਹਿਬ) ਜੀ ਦੇ ਸਤਿਸੰਗ ਵਿਚ ਆ ਕੇ ਪਵਿੱਤ੍ਰ ਗੁਰੂ ਨਾਨਕ ਦੇਵ ਜੀ ਦੀ ਕੁਲ ਵਿਚ (ਆਪ) ਪ੍ਰਗਟ ਹੋਏ। (ਭਵਸਾਗਰ ਸੰਸਾਰ ਤੋਂ) ਤਾਰਨ ਲਈ ਜਹਾਜ਼ ਰੂਪ ਹੇ ਸ੍ਰੀ ਗੁਰੂ ਅਮਰਦਾਸ ਜੀਓ! (ਮੈਂ) ਜਨਮ ਜਨਮ ਤੋਂ ਆਪ ਜੀ (ਦੇ ਚਰਨਾਂ) ਦੀ ਸ਼ਰਨ ਹਾਂ॥੨॥੧੬॥

**ਪਦਾਰਥ**—ਪਰਵਰਿਯਉ-ਪ੍ਰਗਟਿਆ। ਨਿੰਮਲੁ-ਨਿਰਮਲ, ਮਲ ਤੋਂ ਰਹਿਤ, ਪਵਿੱਤ੍ਰ। ਤਰਨ-ਜਹਾਜ। ਤੁਅ-ਤੇਰੀ, ਆਪ ਦੀ।

**ਭਾਵ**—ਉਸਤਤਿ ਗਾਵਣ ਵਾਲੇ ਕਵੀ ਜਨਾਂ ਵਿਚ ਇਹ ਰੀਤੀ ਹੈ ਕਿ ਜਿਸਦੀ ਉਸਤਤਿ ਕਰਨੀ ਹੋਵੇ ਉਸ ਦੇ ਵੱਡਿਆਂ ਦੇ ਹਾਲਾਤ ਪ੍ਰਗਟ ਕਰਨੇ, ਉਨ੍ਹਾਂ ਦੀ ਬੰਸਾਵਲੀ ਦੱਸ ਕੇ ਵਡਿਆਈ ਪ੍ਰਗਟ ਕਰਨੀ। ਆਤਮ ਮੰਡਲ ਦੇ ਵਡਿਆਂ ਵਿਚ ਘਰਾਣਿਆਂ ਦਾ ਮਾਨ, ਸਤਿਕਾਰ ਹੁੰਦਾ ਹੈ, ਜੀਕੁਣ ਬਗਦਾਦ ਦੇ ਪੀਰ ਦਸਤਗੀਰ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੇ ਉਥੇ ਜਾਣ ਪੁਰ ਪੁਛ ਕੀਤੀ ਸੀ:-"ਪੁਛਿਆ ਫਿਰਿਕੈ ਦਸਤਗੀਰ ਕਉਣ ਫਕੀਰੁ ਕਿਸਕਾ ਘਰਿਹਾਨਾ" ਤੇ ਸਤਿਗੁਰ ਨੇ ਆਪ ਉੱਤਰ ਦਿੱਤਾ ਸੀ :-

'ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ॥' {ਭਾ:ਗੁ:ਵਾਰ ੧-੩੫}

ਉਸੇ ਰਹੁ ਰੀਤਿ ਅਨੁਸਾਰ ਪਿਛਲੇ ਸਵਈਏ ਤੇ ਏਸ ਸਵਈਏ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਉੱਚੀ ਸੁੱਚੀ ਬੰਸਾਵਲੀ ਜਾਂ ਕੁਲ ਦਾ ਵਰਣਨ ਕੀਤਾ ਹੈ। ਪਿਛਲੇ ਸਵਈਏ ਵਿਚ ਦੱਸਿਆ ਸੀ ਕਿ ਵਾਹਿਗੁਰੂ ਜੀ ਦੇ ਨਾਮੁ ਖਜ਼ਾਨੇ ਨੂੰ ਪਕਿਆਈ ਨਾਲ ਸਤਿਗੁਰੂ ਜੀ ਨੇ ਕੱਠਾ ਕੀਤਾ, ਹੁਣ "**ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥ ਭੇਦੁ ਨ ਜਾਣਹੁ ਮੂਲ ਸਾਂਈ ਜੇਹਿਆ**"। (੩੯੭) ਇਸ ਬਚਨ ਅਨੁਸਾਰ ਨਾਮ ਜਪਣ ਵਾਲੇ ਤੇ ਨਾਮੀ ਵਾਹਿਗੁਰੂ ਦੀ ਅਭੇਦਤਾ ਤਾਂ ਸੁਤੇ ਸਿਧ ਹੈ, ਪਰ ਸਤਿਗੁਰ ਧੁਰੋਂ ਆਇਆ ਹੈ, ਆਪ ਵਾਹਿਗੁਰੂ ਹੀ ਰੂਪ ਧਾਰ ਕੇ ਆਇਆ ਹੈ। ਇਹ ਪ੍ਰਗਟ ਕਰਨ ਲਈ ਦੱਸਦੇ ਹਨ ਕਿ "**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ**"। (੧੩੯੫) ਅਰਥਾਤ ਆਪ ਵਾਹਿਗੁਰੂ ਜੋ ਪਰੀਪੂਰਨ ਵਿਆਪਕ ਰੂਪ ਹੈ, ਸੰਪੂਰਨ ਕਲਾਂ ਸੰਪੰਨ, ਓਹ ਚੋਜੀ ਪਿਆਰਾ ਆਪ ਹੀ ਜਗਤ ਵਿਚ ਆਨ ਪ੍ਰਗਟਿਆ ਹੈ। ਓਹ ਨਿਰੰਕਾਰ ਜਤੀ ਨੇ ਹੀ ਜਗਤ ਮੰਡਲ ਵਿਚ ਆਕਾਰ ਧਾਰਨ ਕੀਤਾ ਹੈ। ਅਰਥਾਤ "**ਅਬਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ**": ਓਹ ਨਿਰਗੁਣ ਹੀ ਸਰਗੁਣ ਸਤਿਗੁਰੂ ਰੂਪ ਹੋ ਪ੍ਰਗਟਿਆ। ਸ਼ਬਦ ਦੀਵੇ ਦੀ ਜੋਤਿ ਜਗਾਕੇ ਅਗਜਾਨ ਦਾ ਅੰਧੇਰਾ ਦੂਰ ਕੀਤਾ ਤੇ ਪੂਰਨ ਵਾਹਿਗੁਰੂ ਜੀ ਦਾ ਦਰਸ਼ਨ ਕਰਾ ਦਿਤਾ। ਜਿਨ੍ਹਾਂ ਸਿੱਖਾਂ ਨੇ ਅੱਛੀ ਤਰ੍ਹਾਂ ਸ਼ਬਦ ਨੂੰ ਕਮਾਇਆ ਓਹ ਵਾਹਿਗੁਰੂ ਦੇ ਦੇਸ਼ ਛੇਤੀ ਹੀ ਪੁਚਾ ਦਿਤੇ। ਲਹਿਣਾ ਜੀ ਜੋ ਗੁਰੂ ਅੰਗਦ ਸਾਹਿਬ ਦੇ ਪਵਿੱਤ੍ਰ ਨਾਮ ਨਾਲ ਸਤਿਗੁਰੂ ਹੋਏ, ਉਨ੍ਹਾਂ ਦੇ ਸਤਿਸੰਗ ਵਿਚ ਪਹੁੰਚਕੇ ਆਪ ਜੀ ਨੇ ਭੀ ਪਵਿੱਤ੍ਰ ਸਤਿਗੁਰ ਨਾਨਕ ਦੇਵ ਜੀ ਦੀ ਕੁਲ ਵਿਚ ਅਵਤਾਰ ਧਾਰਿਆ। ਹੇ ਭਵਸਾਗਰ ਤੋਂ ਤਾਰਨ ਹਾਰ ਸਤਿਗੁਰੂ ਜੀ! ਮੈਂ ਜਨਮ ਜਨਮ ਤੋਂ ਆਪ ਜੀ ਦੀ ਸ਼ਰਨ ਹਾਂ। ਇਸ ਬਚਨ ਵਿਚ ਕਵੀ ਰਾਜ ਜੀ ਦੀ ਉੱਚ ਸੋਝੀ ਪ੍ਰਗਟ ਹੁੰਦੀ ਹੈ, ਜਿਨ੍ਹਾਂ ਨੂੰ ਪਿਛਲੇ ਜਨਮਾਂ ਦੀ ਗਜਾਤ ਹੈ। ਵਿਸ਼ੇਸ਼ ਵਿਚਾਰ ਫੇਰ ਕਿਤੇ ਕਰਾਂਗੇ॥੨॥੧੬॥

| ਮੂਲ | ਅਰਥ |
|---|---|
| ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰ ਸਿਖਹ ॥ ਸਰਣਿ ਪਰਹਿ ਤੇ ਉਬਰਹਿ ਛੋਡਿ ਜਮ ਪੁਰ ਕੀ ਲਿਖਹ ॥ ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ ॥ ਗੁਰੁ ਗਉਹਰੁ ਦਰੀਆਉ ਪਲਕ ਡੁਬੰਤ੍ਹ ਤਾਰੈ ॥ ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਗੁਣ ਕਰਤਾਰੈ ਉਚਰੈ॥ ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ ॥ ੩ ॥ ੧੭ ॥ | ਸਤਿਗੁਰ ਜੀ ਦਾ ਦਰਸ਼ਨ ਦੇਖਕੇ ਸਿਖ ਨੂੰ ਜਪ, ਤਪ, ਸਤੁ ਤੇ ਸੰਤੋਖ (ਪ੍ਰਾਪਤ ਹੁੰਦੇ) ਹਨ। (ਜੋ ਭੀ ਸਤਿਗੁਰ ਜੀ ਦੀ) ਸ਼ਰਣਿ ਪੈਂਦੇ ਹਨ ਓਹ ਤਰ ਜਾਂਦੇ ਹਨ ਤੇ ਜਮਪੁਰੀ ਦਾ ਲੇਖਾ (ਉਨ੍ਹਾਂ ਨੂੰ) ਨਹੀਂ ਦੇਣਾ ਪੈਂਦਾ। (ਵਾਹਿਗੁਰੂ ਜੀ ਦੀ) ਪ੍ਰੇਮਾ ਭਗਤੀ ਨਾਲ ਭਰਿਆ ਹੋਇਆ ਚਿਤ ਹੈ (ਤੇ ਮੁਖੋਂ ਭੀ) ਕਰਤਾਰ ਦਾ ਹੀ ਉਚਾਰਨ ਕਰਦੇ ਹਨ।<br>ਡੂੰਘੇ ਦਰਯਾ (ਸੰਸਾਰ) ਵਿਚ ਜੋ ਡੁਬ ਰਹੇ ਹਨ (ਉਨ੍ਹਾਂ ਨੂੰ) ਸਤਿਗੁਰ ਇਕ ਪਲ ਵਿਚ ਤਾਰ ਲੈਂਦੇ ਹਨ। (ਸਤਿਗੁਰ) ਨਾਨਕ ਦੇਵ ਜੀ ਦੀ ਪਵਿਤ੍ਰ ਕੁਲ ਵਿਚ (ਆਪ) ਪ੍ਰਗਟ ਹੋਏ ਹਨ, ਅਰ ਕਰਤਾਰ ਦੇ ਗੁਣਾਂ ਨੂੰ ਆਪ (ਬਾਣੀ ਦੁਆਰਾ) ਕਥਨ ਕਰਦੇ ਹਨ। ਜਿਨ੍ਹਾਂ (ਪੁਰਖਾਂ) ਨੇ ਗੁਰੂ ਅਮਰਦਾਸ (ਸਾਹਿਬ ਜੀ) ਦੀ ਸੇਵਾ ਕੀਤੀ ਹੈ, ਉਨ੍ਹਾਂ ਦੇ ਦੁੱਖ ਭੀ (ਨਾਸ਼ ਹੋਏ) ਤੇ ਦਰਿਦ੍ਰ ਭੀ (ਉਨ੍ਹਾਂ ਤੋਂ) ਦੂਰ ਹੋ ਗਿਆ ॥੩॥੧੭॥ |

**ਪਦ ਅਰਥ**—ਪਿਖਿ-ਦੇਖਕੇ। ਉਬਰਹਿ-ਬਚ ਜਾਂਦੇ ਹਨ। ਲਿਖਹ-ਲੇਖਾ। ਗਉਹਰੁ-ਡੂੰਘਾ। ਨਿੰਮਲੁ-ਪਵਿਤ੍ਰ। ਪਰਹਰਿ-ਨਾਸ਼।

**ਭਾਵ**—ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਦਰਸ਼ਨ ਦੇਖਣ ਨਾਲ ਸਿਖ ਨੂੰ ਦੈਵੀ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਸੋ ਇਹ ਉਤਮ ਗੁਣ ਹਨ:-ਜਪ, ਤਪ, ਸਤੁ, ਸੰਤੋਖ। ਜਪ ਤਿੰਨ ਤਰ੍ਹਾਂ ਦਾ ਹੈ-ਮਨ ਨਾਲ ਵਾਹਿਗੁਰੂ ਜਪਣਾ ੧, ਕੰਠ ਵਿਚ ਨਾਮ ਜਪਣਾ ੨, ਉੱਚੀ ਸੁਰ ਨਾਲ ਵਾਹਿਗੁਰੂ ਜਪਣਾ ੩, ਸਤਿਗੁਰ ਜੀ ਦੇ ਦਰਸ਼ਨਾਂ ਤੋਂ ਇਹ ਤਿੰਨੇ ਮਿਲ ਜਾਂਦੇ ਹਨ। ਜਦ ਦਰਸ਼ਨ ਤੱਕੀਦਾ ਹੈ ਤਾਂ ਭੁੱਲ ਦੇ ਮੰਡਲ ਤੋਂ ਨਿਕਲਕੇ ਮਨ ਯਾਦ ਵਿਚ ਆ ਜਾਂਦਾ ਹੈ। ਯਾਦ ਵਿਚ ਮਨ ਆਵਣ ਨਾਲ ਨਾਮ ਸਫੁਰਨ ਰੂਪ ਜਪ ਹੋਣ ਲਗ ਪੈਂਦਾ ਹੈ। ਮਨ ਵਿਚ ਯਾਦ ਦੇ ਫੁਰਨੇ ਫੁਰਨ ਨਾਲ ਕੰਠ ਵਿਚ ਵਾਹਿਗੁਰੂ ਵਾਹਿਗੁਰੂ ਹੋਣ ਲਗ ਪੈਂਦਾ ਹੈ। ਜਦ ਕੰਠ ਵਿਚ ਨਾਮ ਆਇਆਂ ਰਸ ਭਰਦਾ ਹੈ, ਜਿਸ ਨੂੰ ਜੀਭ ਸੁਵਾਦ ਲੈਣ ਲਈ ਉੱਚਾ ਉੱਚਾ ਜਪਦੀ ਹੈ, ਹੋਂਠ ਹਿਲਦੇ ਹਨ ਤੇ ਨਾਮ ਛੇਤੀ ਛੇਤੀ ਆਪੇ ਜਪੀਂਦਾ ਹੈ। ਸੋ ਤਿੰਨੇ ਜਪ ਸਹਜੇ ਹੀ ਗੁਰ-ਦਰਸ਼ਨਾਂ ਤੋਂ ਸਿਖ ਨੂੰ ਪ੍ਰਾਪਤ ਹੋ ਜਾਂਦੇ ਹਨ। ਤਪੁ-ਸਾਂਤਕੀ, ਰਾਜਸੀ, ਤਾਮਸੀ ਤਿੰਨ ਤਰ੍ਹਾਂ ਦੇ ਹਨ। ਮਨ ਨੂੰ ਇਕਾਗਰ ਕਰਕੇ ਵਾਹਿਗੁਰੂ ਵਿਚ ਜੋੜਨਾਂ ਸਾਂਤਕੀ ਤਪੁ ਹੈ। ਇੰਦ੍ਰੀਆਂ ਨੂੰ ਗੁਰ ਸੇਵਾ ਵਿਚ ਲਾਵਣਾ ਰਾਜਸੀ ਤਪੁ ਹੈ। ਹਠ ਨਾਲ ਘਾਲ ਕਰਨੀ ਤਾਮਸੀ ਤਪੁ ਹੈ। ਇਥੇ ਸਤਿਗੁਰ ਦਰਸ਼ਨ ਤੋਂ ਤਿੰਨਾਂ ਤਪਾਂ ਦਾ ਸਾਰ ਰੂਪ ਤਪੁ ਜੋ ਚਿਤ ਪਵਿਤ੍ਰ ਹੋਕੇ ਸ਼ਾਂਤਿ ਰਸ ਵਿਚ ਇਕਾਗ੍ਰ ਹੋਕੇ ਟਿਕਣਾ ਓਹ ਤਪ ਭੀ ਗੁਰ-ਦਰਸ਼ਨ ਤੋਂ ਸਿਖ ਨੂੰ ਪ੍ਰਾਪਤ ਹੋ ਜਾਂਦਾ ਹੈ। ਇਸੇ ਤਰ੍ਹਾਂ ਸਤਿ ਬੋਲਣ ਦਾ ਨਾਮੁ ਭੀ ਸਤੁ ਹੈ, ਤੇ ਆਤਮ ਬਲ ਦਾ ਨਾਮ ਭੀ

ਸਤੁ ਹੈ, ਵਾਹਿਗੁਰੂ ਜੀ ਦਾ ਨਾਮ ਭੀ ਸਤਿ ਹੈ, ਇਹ ਭੀ ਤਿੰਨੇ ਗੁਰ-ਦਰਸ਼ਨਾਂ ਤੋਂ ਸਿਖ ਨੂੰ ਪ੍ਰਾਪਤ ਹੋ ਜਾਂਦੇ ਹਨ। ਸੰਤੋਖ ਨਾਮੁ ਹੈ ਜੋ ਪ੍ਰਾਰਬਧ ਅਨੁਸਾਰ ਪ੍ਰਾਪਤ ਹੋ ਗਿਆ ਹੈ, ਉਸ ਪੁਰ ਪ੍ਰਸੰਨ ਰਹਿਣਾ ਅਰ ਸਤਿਗੁਰ-ਦਰਸ਼ਨਾਂ ਤੋਂ ਛੁਟ ਹੋਰ ਦੇਖਣ ਦੀ ਇੱਛਾ ਮਿਟ ਜਾਣੀ, ਇਹ ਭੀ ਸੰਤੋਖ ਹੈ, ਸੋ ਇਹ ਵਿਵਹਾਰਕ ਤੇ ਪਰਮਾਰਥਿਕ ਸੰਤੋਖ ਭੀ ਗੁਰ-ਦਰਸ਼ਨਾਂ ਤੋਂ ਸਿਖ ਨੂੰ ਪ੍ਰਾਪਤ ਹੋ ਜਾਂਦਾ ਹੈ। ਕਈ ਗਿਆਨੀ ਇਸ ਤੁਕ ਦਾ ਅਰਥ ਕਰਦੇ ਹਨ ਕਿ 'ਗੁਰ-ਸਿਖ ਦੇ ਦਰਸ਼ਨ ਕਰਨ ਨਾਲ ਜਪ ਤਪ ਆਦੀ ਗੁਣ ਪ੍ਰਾਪਤ ਹੁੰਦੇ ਹਨ'; ਪਰ ਪਰਕਰਣ ਗੁਰ-ਉਸਤੁਤਿ ਦਾ ਹੈ, ਇਸ ਲਈ ਗੁਰ-ਦਰਸ਼ਨ ਤੋਂ ਸਿਖ ਨੂੰ ਇਹ ਗੁਣ ਮਿਲਦੇ ਹਨ, ਇਹ ਅਰਥ ਪ੍ਰਸੰਗ ਦੇ ਵਧੀਕ ਨੇੜੇ ਜਾਪਦਾ ਹੈ। ਇਉਂ ਭੀ ਭਾਵ ਪ੍ਰਤੀਤ ਹੁੰਦਾ ਹੈ ਕਿ ਗੁਰ-ਦਰਸ਼ਨ ਹੀ ਸਿਖ ਦਾ ਜਪ; ਤਪ ਤੇ ਸੰਤੋਖ ਹੈ, ਅਥਵਾ ਗੁਰ-ਦਰਸ਼ਨ ਕਰਕੇ ਹੀ ਸਿਖ ਦੇ ਜਪ ਤਪ ਆਦਿਕ ਗੁਣ ਸਫ਼ਲ ਹੁੰਦੇ ਹਨ। ਜੋ ਸਤਿਗੁਰ ਜੀ ਦੀ ਸ਼ਰਨ ਵਿਚ ਆਪਾ ਛੱਡਕੇ ਆ ਟਿਕਦੇ ਹਨ ਓਹ ਤਰ ਜਾਂਦੇ ਹਨ, ਅਰ ਕਰਮਾਂ ਧਰਮਾਂ; ਪੁੰਨਾ ਪਾਪਾਂ ਦਾ ਲੇਖਾ, ਜੋ ਧਰਮਰਾਜ ਅਪਣੀ ਧਰਮ ਪੁਰੀ ਵਿਚ ਲੈਂਦਾ ਹੈ, ਓਹ ਗੁਰ ਸ਼ਰਨਾਗਤੀ ਸਿਖ ਤੋਂ ਨਹੀਂ ਲੈ ਸਕਦਾ। ਯਥਾ-"**ਨਾਨਕ ਜਿਨ੍ ਕਉ ਸਤਿਗੁਰ ਮਿਲਿਆ ਤਿਨ੍ਕਾ ਲੇਖਾ ਨਿਬੜਿਆ**"। (੪੩੫) ਵਾਹਿਗੁਰੂ ਜੀ ਦੀ ਪ੍ਰੇਮਾ ਭਗਤੀ ਨਾਲ ਸਤਿਗੁਰ ਜੀ ਦਾ ਰਿਦਾ ਲਬਾਲਬ ਭਰਿਆ ਹੋਇਆ ਹੈ ਤੇ ਮੁਖੋਂ ਭੀ ਵਾਹਿਗੁਰੂ ਜੀ ਦਾ ਹੀ ਜਪ ਕਰਦੇ ਹਨ। ਡੂੰਘੇ ਸੰਸਾਰ ਦਰਯਾ ਵਿਚ ਜੋ ਪ੍ਰਾਣੀ ਜੁਗਾਂ ਜੁਗਾਂ ਤੋਂ ਡੁਬ ਰਹੇ ਹਨ, ਉਨ੍ਹਾਂ ਨੂੰ ਸਤਿਗੁਰੂ ਪਲ ਵਿਚ ਤਾਰ ਦਿੰਦਾ ਹੈ। ਗਿਆਨੀ 'ਗਉਹਰ' ਦਾ ਅਰਥ ਮੋਤੀ ਜੋੜਕੇ ਇਉਂ ਭੀ ਵਿਚਾਰ ਕਰਦੇ ਹਨ ਕਿ ਗੁਰੂ ਮੋਤੀ ਵਾਂਗੂ ਸ਼ੁਧ ਤੇ ਪਵਿੱਤ੍ਰ ਹੈ। ਇਸ ਤੁਕ ਦੇ ਹੋਰ ਅਰਥ ਭੀ ਕਰਦੇ ਹਨ, ਯਥਾ:-'ਗੁਰ ਡੂੰਘਾ ਦਰੀਆਉ ਹੈ ਜੋ ਪਲਕ ਮਾਤ੍ਰ ਭੀ ਆ ਕੇ ਟੁਬਕੀ ਲਾਂਵਦੇ ਹਨ, ਉਨ੍ਹਾਂ ਨੂੰ ਕਿਰਤਾਰਥ ਕਰ ਦਿੰਦਾ ਹੈ,' ਪਰ ਇਹ ਅਰਥ ਖਿਚ ਹੀ ਹਨ। ਸਤਿਗੁਰ ਨਾਨਕ ਸਾਹਿਬ ਜੀ ਦੀ ਪਵਿਤ੍ਰ ਕੁਲ ਵਿਚ ਆਪ ਨੇ ਅਵਤਾਰ ਧਾਰਿਆ ਹੈ ਤੇ ਵਾਹਿਗੁਰੂ ਜੀ ਦੇ ਗੁਣਾਂ ਨੂੰ ਆਪ ਨੇ ਆਪਣੀ ਬਾਣੀ ਵਿਚ ਕਥਨ ਕੀਤਾ ਹੈ। ਸ੍ਰੀ ਸਤਿਗੁਰੂ ਅਮਰਦਾਸ ਸਾਹਿਬ ਜੀ ਦੀ ਜਿਨ੍ਹਾਂ ਨੇ ਸੇਵਾ ਕੀਤੀ ਹੈ ਉਨ੍ਹਾਂ ਦੇ ਦੁਖ ਨਾਸ਼ ਹੋ ਗਏ ਤੇ ਦਰਿਦ੍ਰ ਭੀ ਦੂਰ ਹੋ ਗਿਆ। ॥੩॥੧੭॥

## ਮੂਲ

**ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ ॥ ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ ॥ ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥ ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥ ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ ॥ ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ ॥ ੪ ॥ ੧੮ ॥**

## ਅਰਥ

(ਹੇ ਸਤਿਗੁਰੂ ਅਮਰਦਾਸ ਸਾਹਿਬ ਜੀ) ਚਿਤ ਤਾਂ ਚਾਹੁੰਦਾ ਹੈ ਅਰਦਾਸ ਕਰਾਂ, ਪਰ ਆਖ ਨਹੀਂ ਸਕਦਾ। ਸਾਰਿਆਂ ਮਨੁਖਾਂ ਦੀਆਂ ਚਿਤਵਨਾਂ ਆਪ ਪਾਸੋਂ ਹੀ ਪੂਰਨ ਹੁੰਦੀਆਂ ਹਨ, (ਇਸ ਲਈ ਮੈਂ ਭੀ ਇਹ ਦਾਨ ਮੰਗਦਾ ਹਾਂ ਕਿ ਤੇਰੀ) ਸਾਧ ਸੰਗਤ ਦੇ ਦਰਸ਼ਨ ਮੇਲੇ ਹੋਵਣ। ਹੇ ਸਾਹਿਬ ਜੀਉ! (ਜਦ) ਆਪ ਜੀ ਦੇ ਹੁਕਮ ਦੀ ਛਾਪ ਲਗੇ ਤਾਂ ਮੈਂ ਭੀ ਸੇਵਾ ਕਰਾਂ। ਹੇ ਸਤਿਗੁਰੂ ਜੀਉ! ਜਦ ਆਪ ਮੇਹਰ ਦੀ ਨਜ਼ਰ ਕਰੋ ਤਾਂ (ਵਾਹਿਗੁਰੂ) ਜੀ ਦਾ ਨਾਮੁ ਮੇਰੇ ਮੂੰਹ ਵਿਚ ਆ ਟਿਕੇ (ਅਥਵਾ ਮੇਵੇ ਵਾਂਗੂ ਨਾਮੁ ਸੁਆਦੀ ਲਗੇ)। ਹੇ ਅਗਮ, ਹੇ ਅਲਖ, ਹੇ ਕਰਤਾ ਪੁਰਖੁ ਜੀਉ! ਜਿਵੇਂ (ਆਪ ਜੀ ਦਾ) ਹੁਕਮ ਹੋਵੇ ਤਿਵੇਂ ਹੀ ਆਖਾਂ। ਹੇ ਕਾਰਨਾਂ ਦੇ ਕਰਨ ਵਾਲੇ ਸਤਿਗੁਰੂ ਅਮਰ ਦਾਸ ਜੀਉ! ਜੀਕੁਣ ਆਪ ਰੱਖੋ ਉਵੇਂ ਮੈਂ ਰਹਾਂ॥੪॥੧੮॥

**ਪਦਾਰਥ**—ਨੀਸਾਣੁ-ਲੇਖ। ਮੇਵਾ-ਮਿਵਨਾ, ਟਿਕਣਾ, ਜਾਂ ਮੇਵਾ ਬਿਦਾਮ ਪਿਸਤਾ ਆਦਕ।

**ਭਾਵ**—ਸ੍ਰੀ ਸਤਿਗੁਰੂ ਅਮਰ ਦਾਸ ਜੀ ਦੇ ਹਜ਼ੂਰ ਆਪਣੀ ਅਰਦਾਸ ਕਵੀ ਜੀ ਕਰਦੇ ਹਨ। ਸ੍ਰੀ ਸਤਿਗੁਰੂ ਜੀ ਦਾ ਜਾਹੋ ਜਲਾਲ ਤੇ ਪ੍ਰਤਾਪ ਐਸਾ ਹੈ ਕਿ ਚਿਤ ਦੇ ਖਿਆਲ ਪ੍ਰਗਟ ਕਰਨ ਦਾ ਹੀਆ ਨਹੀਂ ਪੈਂਦਾ। ਤਥਾ ਸਤਿਗੁਰੂ ਅੰਤਰਜਾਮੀ ਹੈ ਤੇ ਅਪੁੱਛ ਦਾਤਾਂ ਦੇਂਦਾ ਹੈ, ਸਮੇਂ ਸਮੇਂ ਸਿਰ ਆਪੂੰ ਸਭ ਬਖਸ਼ਿਸ਼ ਹੁੰਦੀ ਹੈ, ਇਹ ਵੀਚਾਰ ਕਰਕੇ ਜਗਜਾਸੂ ਕੁਛ ਕਹਣ ਤੋਂ ਝਿਜਕਦਾ ਹੈ ਕਿ ਮਤਾਂ ਮੈਂ ਆਪਣੇ ਮੂੰਹੋਂ ਆਖ ਕੇ ਭੁੱਲ ਨਾ ਕਰ ਬੈਠਾਂ, ਪਰ ਚਿਤ ਦੇ ਨੇਕ ਖਿਆਲ ਤੇ ਸਤਿਗੁਰੂ ਜੀ ਦੀ ਮੇਹਰ ਨੂੰ ਤੱਕਕੇ ਫੇਰ ਹੌਂਸਲਾ ਬੱਝਦਾ ਹੈ ਕਿ ਅਰਦਾਸ ਕਰ ਹੀ ਦੇਵਾਂ, ਇਸ ਖਿਆਲ ਨੂੰ ਇਥੇ ਪ੍ਰਗਟ ਕੀਤਾ ਹੈ ਕਿ ਚਿਤ ਤਾਂ ਚਾਹੁੰਦਾ ਹੈ ਅਰਦਾਸ ਕਰਾਂ, ਪਰ ਆਖ ਨਹੀਂ ਸਕਦਾ। ਜਦੋਂ ਬਾਹਰ ਤੱਕਦਾ ਹਾਂ ਤਾਂ ਪ੍ਰਾਣੀ ਮਾਤ੍ਰ ਆਪਣੀਆਂ ਚਿਤਵਨਾਂ ਬਿਨਾਂ ਰੋਕ ਟੋਕ ਸਤਿਗੁਰੂ ਜੀ ਦੇ ਪਾਸ ਪ੍ਰਗਟ ਕਰ ਰਹੇ ਦਿਸਦੇ ਹਨ, ਤਾਂ ਮੇਰਾ ਦਿਲ ਭੀ ਕਰਦਾ ਹੈ ਕਿ ਮੈਂ ਭੀ ਅਰਜ਼ ਕਰ ਹੀ ਦੇਵਾਂ ਤੇ ਉਹ ਬਿਨੈ ਇਹ ਹੈ ਕਿ 'ਸਤਿਸੰਗ ਪ੍ਰਾਪਤ ਹੋਵੇ' ਤੇ 'ਆਗਜਾ ਹੋਵੇ ਤਾਂ ਸੇਵਾ ਕਰਾਂ', 'ਸੇਵਾ ਕਰਕੇ ਆਪ ਜੀ ਦੀ ਕ੍ਰਿਪਾ ਦ੍ਰਿਸ਼ਟੀ ਦਾ ਅਧਿਕਾਰੀ ਬਣਾਂ ਤੇ ਨਾਮ ਦੀ ਦਾਤ ਜੋ ਬੜੀ ਸੁਆਦੀ ਤੇ ਅਤਿ ਉੱਤਮ ਹੈ, ਓਹ ਮੈਨੂੰ ਮਿਲੇ।' ਸਿਮਰਨ ਕਰਦਾ ਹੁਕਮ ਵਿਚ ਬੋਲਾਂ, ਹੁਕਮ ਵਿਚ ਕਾਰ ਕਮਾਵਾਂ, ਆਪਾ ਛੱਡਕੇ ਜੀਕੁਣ ਸਤਿਗੁਰੂ ਜੀ ਨੂੰ ਭਾਵੇ ਉਵੇਂ ਹੀ ਵਰਤੋਂ ਵਰਤਾਰਾ ਕਰਾਂ। ਸਤਿਸੰਗ ਪ੍ਰਾਪਤੀ ਤੋਂ ਲੈ ਕੇ ਰਜ਼ਾ ਵਿਚ ਲੀਨ ਹੋਣ ਦਾ ਜੋ ਪਰਮਾਰਥ ਹੈ ਇਸਦੀ ਪ੍ਰਾਪਤੀ ਦੀ ਅਰਦਾਸ ਹੈ। ਜੇਕਰ ਲੜੀ ਜੋੜੀਏ ਤਾਂ ਕ੍ਰਮ ਅਨੁਸਾਰ ਸੁਹਣਾ ਪਰਮਾਰਥ ਦਾ ਰਾਹ ਇਉਂ ਬਣਦਾ ਹੈ :-

(੧) ਅਰਦਾਸ ਸਤਿਕਾਰ ਵਾਲੇ ਭੈ ਵਿਚ ਤੇ ਪ੍ਰੇਮ ਦੀ ਅਤਿ ਉਤਕੰਠਾ ਨਾਲ ਸਤਿਗੁਰੂ ਜੀ ਪਾਸ ਕਰਨੀ ਚਾਹੀਏ।

(੨) ਪਹਿਲੀ ਮੰਗ ਸਤਿਸੰਗ। ਸਭ ਤੋਂ ਉੱਤਮ ਤੇ ਪਰਮਾਰਥ ਦਾ ਮੂਲ ਕਾਰਨ ਸਤਿਸੰਗ ਹੈ, ਪਰ ਇਥੇ ਖੋਲ੍ਹਕੇ ਦੱਸਿਆ ਹੈ ਕਿ ਸਾਧ ਸੰਗਤ ਅਰਥਾਤ ਪੂਰਨ ਸੰਤ ਦਾ ਮਿਲਾਪ। ਸੋ ਪੂਰਨ ਸੰਤਾਂ ਦੇ ਸਿਰਤਾਜ ਸਤਿਗੁਰੂ ਅਮਰਦਾਸ ਜੀ ਹਨ, ਸੋ ਉਨ੍ਹਾਂ ਦਾ ਤੇ ਉਨ੍ਹਾਂ ਦੇ ਨਿਵਾਜੇ ਹੋਏ ਗੁਰਮੁਖਾਂ ਦਾ ਸਤਿਸੰਗ ਪ੍ਰਾਪਤ ਹੋਵੇ।

(੩) ਸੇਵਾ ਓਹ ਜੋ ਹੁਕਮ ਦੇ ਅੰਦਰ ਹੋਵੇ, ਇਸੇ ਲਈ ਕਿਹਾ ਹੈ ਕਿ ਹੁਕਮ ਦੀ ਮੋਹਰ ਛਾਪ ਅੰਦਰ ਹੋਵੇ; ਐਸੀ ਸੇਵਾ ਸਫ਼ਲ ਸੇਵਾ ਹੈ ਤੇ ਸੇਵਕ ਪੁਰ ਸਾਹਿਬ ਦੀ ਮੇਹਰ-ਦ੍ਰਿਸ਼ਟੀ ਦਾ ਕਾਰਨ ਬਣਦੀ ਹੈ।

(੪) ਸੇਵਕ ਪੁਰ ਮਿਹਰ ਹੁੰਦੀ ਹੈ ਤੇ ਇਹ ਮਿਹਰ ਦਾ ਸਰੂਪ ਹੈ, ਕ੍ਰਿਪਾ ਕਟਾਖਜ, ਤਾਰਨ ਹਾਰ ਨਜ਼ਰ, ਅੰਮ੍ਰਿਤ ਵਰਸਾਣੀ ਦ੍ਰਿਸ਼ਟੀ। ਜਦ ਇਹ ਪ੍ਰਾਪਤ ਹੋਵੇ ਤਾਂ ਨਾਮੁ ਰਸਨਾ ਵਿਚ ਆ ਟਿਕਦਾ ਹੈ। ਅਰਥਾਤ ਖਾਲੀ ਭਾਂਡੇ ਵਿਚ ਉਸ ਦੇ ਅੰਦਾਜ਼ ਦੀ ਵਸਤੂ ਨੇ ਸਮਾ ਜਾਣਾ, ਇਸ ਦਾ ਨਾਮ ਹੈ ਮਿਉਣਾ, ਮੇਉ ਜਾਣਾ, ਸੋ ਨਾਮੁ ਮੁਖ ਵਿਚ ਮੇਉ ਗਿਆ ਤੇ ਏਦਾਂ ਮੇਵਿਆ ਜੋ ਮੇਵਿਆਂ ਵਾਂਗੂੰ ਰਸ-ਦਾਤਾ ਹੋ ਗਿਆ। ਇਹੋ ਹੀ ਉੱਤਮ ਮੇਵਾ ਹੋ ਭਾਸਿਆ; ਯਥਾ-"**ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ।**"(੧੫੫) ਸੋ ਹੋਰ ਮੇਵੇ ਖਿਣ ਮਾਤ੍ਰ ਰਸ ਦਾਤੇ ਹੋਣ ਦੇ ਕਾਰਨ ਤੁੱਛ ਹਨ, ਪਰ ਆਦਿ, ਮੱਧ, ਅੰਤ, ਸਦਾ ਸੁਖ ਦਾਤਾ ਨਾਮੁ ਹੀ ਅੰਮ੍ਰਿਤ

ਮੇਵਾ ਹੈ ਜੋ ਸਦਾ ਰਸ ਰੂਪ ਹੈ, ਸੁਖ ਰੂਪ ਹੈ।

(੫) ਜਿਸ ਦਾ ਨਾਮੁ ਸਿਮਰਦੇ ਹਾਂ, ਜੋ ਨਾਮੁ ਦਾ ਦਾਤਾ ਸਤਿਗੁਰ ਹੈ ਉਨ੍ਹਾਂ ਦੀ ਰਜ਼ਾ ਵਿਚ ਲੀਨ ਹੋਣਾ ਇਹ ਸਰਬ ਸਾਧਨਾਂ ਦਾ ਫਲ ਹੈ, ਇਹ ਸਹਜ ਸਮਾਧੀ ਹੈ, ਇਹ ਸੇਵਕ ਦਾ ਸਾਹਿਬ ਵਿਚ ਲੀਨ ਹੋਣਾ ਹੈ, ਇਥੇ ਹੀ ਤੂੰ ਮੈਂ ਦਾ ਪਰਦਾ ਦੂਰ ਹੁੰਦਾ ਹੈ ਤੇ "**ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ**"। (੫੨੪) ਵਾਲੀ ਦਸ਼ਾ ਹੁੰਦੀ ਹੈ। ਇਸ ਲਈ ਆਖਰੀ ਬਿਨੈ ਹੈ ਕਿ ਆਪ ਅਗਮ ਹੋ, ਮੇਰੇ ਮਨ ਦੀ ਗੰਮਿਤਾ ਤੋਂ ਪਾਰ ਹੋ, ਅਲਖ ਹੋ, ਮੇਰੀ ਬੁਧੀ ਆਪ ਜੀ ਨੂੰ ਲਖ ਨਹੀਂ ਸਕਦੀ, ਆਪ ਸਰਬ ਦਾ ਮੂਲ ਕਾਰਨ ਹੋ ਤੇ ਮਹਾਂ ਬਲਵਾਨ ਹੋ, ਇਸ ਲਈ ਜੋ ਹੁਕਮ ਕਰੋ ਸੋ ਬੋਲਾਂ ਤੇ ਜਿੱਦਾਂ ਰਖੋ ਉੱਦਾਂ ਰਹਾਂ; ਆਪਾ ਤਿਆਗਕੇ ਆਪ ਜੀ ਦੀ ਰਜ਼ਾ ਵਿਚ ਟਿਕਾਂ। ਇਹ ਆਪਣੀ ਅਰਦਾਸ ਕਰਕੇ ਕਵੀ ਜੀ ਸਤਿਗੁਰ ਜੀ ਦੀ ਲੀਨ ਦਸ਼ਾ ਵਿਚ ਟਿਕੇ॥੪॥੧੮॥

ਕੀਰਤ ਭੱਟ ਜੀ ਦੇ ਚਾਰ ਸਵਈਏ ਏਥੇ ਸਮਾਪਤ ਹੋਏ ਅਗੇ ਭਿਖਾ ਜੀ ਕਵੀ ਰਾਜ ਦੇ ਸਵਈਆਂ ਵਿਚ ਸਤਿਗੁਰ ਜੀ ਦੀ ਉਸਤਤਿ ਗਾਂਵਦੇ ਹਨ।

| ਮੂਲ | ਅਰਥ |
|---|---|
| **ਭਿਖੇ ਕੇ ॥ ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥ ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥ ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥ ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥ ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥ ਗੁਰੁ ਮਿਲਿੑਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥ ੧ ॥ ੧੯ ॥** | ਸਤਿਗੁਰ ਜੀ ਦਾ ਗਿਆਨ ਅਰ (ਸਤਿਗੁਰੂ ਜੀ ਦਾ) ਧਿਆਨ ਆਤਮਾ ਨੂੰ ਪ੍ਰਮਾਤਮਾ ਨਾਲ ਮੇਲ ਦਿੰਦਾ ਹੈ। ਸਚੁ (ਵਾਹਿਗੁਰੂ ਜੀ) ਨੂੰ ਸਚੁ (ਰੂਪ) ਕਰਕੇ ਜਾਣੀਦਾ ਹੈ ਤੇ ਚਿਤ ਦੀ ਲਿਵ ਇਕ (ਵਾਹਿਗੁਰੂ ਜੀ) ਵਿਚ ਲਗਦੀ ਹੈ। ਕਾਮ ਤੇ ਕ੍ਰੋਧ ਨੂੰ ਵੱਸ ਕਰ ਲਈਦਾ ਹੈ ਤੇ ਪੌਣ ਵਾਂਗੂ ਚੰਚਲ (ਮਨ) ਟਿਕ ਜਾਂਦਾ ਹੈ। ਵਾਹਿਗੁਰੂ ਜੀ ਦੇ ਦੇਸ਼ ਜਾ ਵਸੀਦਾ ਹੈ ਤੇ ਵਾਹਿਗੁਰੂ ਜੀ ਦੇ ਹੁਕਮ ਨੂੰ ਸਮਝਣ ਦੀ ਵੀਚਾਰ ਪ੍ਰਾਪਤ ਹੁੰਦੀ ਹੈ। ਸੰਸਾਰ ਵਿਚ ਕਰਤਾ ਪੁਰਖੁ ਜੀ ਨੇ (ਆਪ ਸ੍ਰੀ ਗੁਰੂ ਅਮਰਦਾਸ ਜੀ ਦਾ) ਰੂਪ ਧਾਰਿਆ ਹੈ, ਉਹੋ ਜਾਣਦਾ ਹੈ ਜਿਸ ਨੇ (ਇਹ) ਚੋਜ ਕੀਤਾ ਹੈ। ਭਿਖਾ ਜੀ ਆਖਦੇ ਹਨ ਓਹੋ (ਕਰਤਾ ਪੁਰਖ ਸ੍ਵਰੂਪ) ਗੁਰੂ ਮਿਲੇ ਹਨ ਅਰ ਸਹਜ ਰੰਗ ਵਿਚ ਦਰਸ਼ਨ ਦਿੱਤਾ ਹੈ ॥੧॥੧੯॥ |

**ਪਦਾਰਥ**—ਭਿਖੇ ਕੇ-ਭਿਖੇ ਨਾਮੁ ਵਾਲੇ ਕਵੀ ਜੀ ਦੇ ਸਵਈਏ। ਤਤ-ਆਤਮਾ। ਤਤੁ-ਪ੍ਰਮਾਤਮਾ। ਉਡੰਤ-ਉਡਦਾ, ਚੰਚਲ।

**ਭਾਵ**—ਸ੍ਰੀ ਸਤਿਗੁਰੂ ਅਮਰਦਾਸ ਜੀ ਦੇ ਮਹਾਂਨ ਪ੍ਰਤਾਪ ਨੂੰ ਪ੍ਰਗਟ ਕਰਦੇ ਹੋਏ ਸ੍ਰੀ ਭਿਖਾ ਜੀ ਕਵੀ ਰਾਜ ਉਸਤਤਿ ਕਰਦੇ ਹਨ। ਸਤਿਗੁਰ ਜੀ ਦੇ ਮਿਲਾਪ ਕਰਕੇ ਜੋ ਜੀਵਨ ਪ੍ਰਾਪਤ ਹੁੰਦਾ ਹੈ ਉਸ ਦਾ ਕਥਨ ਕਰਦੇ ਹਨ। ਸਤਿਗੁਰ ਧਿਆਨ ਦਾਤਾ ਹੈ। ਲਗਾਤਾਰ ਚਿਤ ਦਾ ਪਰਵਾਹ ਵਾਹਿਗੁਰੂ ਜੀ ਵਿਚ ਟਿਕਣ ਦਾ ਨਾਮੁ ਧਿਆਨ ਹੈ। ਸਤਿਗੁਰੂ ਜੀ ਦੀ ਦਿੱਤੀ ਮਤਿ ਦੇ ਅਨੁਸਾਰ ਯਥਾਰਥ

ਵਸਤੂ ਨੂੰ ਜਾਣਨ ਦਾ ਨਾਮੁ ਗਿਆਨ ਹੈ। ਹਸਤੀ ਮਾਤ੍ਰ ਵਾਹਿਗੁਰੂ ਜੀ ਦੀ ਹੋਂਦ ਨੂੰ ਨਿਸਚੇ ਕਰਨਾ, ਪ੍ਰੋਖ ਗਿਆਨ ਹੈ ਤੇ ਪ੍ਰਤੱਖ ਰੂਪ ਕਰਕੇ ਵਾਹਿਗੁਰੂ ਜੀ ਨੂੰ ਜਾਣਨਾ ਅਪ੍ਰੋਖ ਗਜਾਨ ਹੈ, ਜਿਸ ਨੂੰ ਸਾਮਰਤੱਖ ਗਿਆਨ ਆਖੀਦਾ ਹੈ। ਸੋ ਸਤਿਗੁਰ ਜੀ ਦੇ ਬਖਸ਼ੇ ਧਿਆਨ ਤੋਂ ਗਿਆਨ ਪ੍ਰਾਪਤ ਹੁੰਦਾ ਹੈ ਤੇ ਗਿਆਨ ਪਾਕੇ ਭੀ ਲਗਾਤਾਰ ਧਿਆਨ ਦੀ ਲੋੜ ਹੁੰਦੀ ਹੈ। ਸੋ ਗਿਆਨ ਤੇ ਧਿਆਨ ਦੋਵੇਂ ਸਤਿ-ਗੁਰ ਜੀ ਬਖਸ਼ਦੇ ਹਨ। ਜਿਸ ਦਾਤ ਦਵਾਰਾ ਕਿ ਆਤਮਾ ਤੇ ਪਰਮਾਤਮਾ ਦਾ ਮੇਲ ਹੋ ਜਾਂਦਾ ਹੈ। ਵਾਹਿਗੁਰੂ ਸਚੁ ਹੈ, ਪਰ ਅਸੀਂ ਆਪਣੇ ਨਿਸਚੇ ਵਿਚ ਸਚੁ ਨਹੀਂ ਜਾਣਦੇ। ਸੋ ਸਤਿਗੁਰੂ ਜੀ ਦੀ ਮਿਹਰ ਨਾਲ ਸਚੁ ਨੂੰ ਸਚੁ ਕਰਕੇ ਹੀ ਜਾਣੀਦਾ ਹੈ ਅਰ ਚਿਤ ਦੀ ਲਗਾਤਾਰ ਲਿਵ ਵਾਹਿਗੁਰੂ ਜੀ ਵਿਚ ਸਤਿਗੁਰ ਜੀ ਹੀ ਲਾਂਵਦੇ ਹਨ। ਕਾਮ ਕ੍ਰੋਧ ਨੂੰ ਵੱਸ ਕਰ ਲਈਦਾ ਹੈ ਤੇ ਪੌਣ ਵਾਂਗ ਚੰਚਲ ਮਨ ਦੌੜਨੋਂ ਟਿਕ ਜਾਂਦਾ ਹੈ। ਵਾਹਿਗੁਰੂ ਜੀ ਦੇ ਦੇਸ਼ ਵਿਚ ਵਾਸਾ ਜਾ ਪਾਈਦਾ ਹੈ ਤੇ ਕਰਤਾਰ ਦੇ ਹੁਕਮ ਵਿਚ ਤੁਰਨ ਦਾ ਵਿਚਾਰ ਪ੍ਰਾਪਤ ਹੁੰਦਾ ਹੈ। ਸੰਸਾਰ ਵਿਚ ਜਾਂ ਕਲਿਜੁਗ ਦੇ ਸਮੇਂ ਵਿਚ ਜੀਵਾਂ ਦੇ ਉਧਾਰ ਲਈ ਕਰਤਾ ਪੁਰਖੁ ਵਾਹਿਗੁਰੂ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਸਰੂਪ ਧਾਰਿਆ ਹੈ; ਪਰ ਇਸ ਭੇਤ ਨੂੰ ਓਹ ਚੋਜੀ ਵਾਹਿਗੁਰੂ ਆਪ ਜਾਣਦਾ ਹੈ, ਜਿਸ ਨੇ ਨਿਰਗੁਣ ਤੋਂ ਸਰਗੁਣ ਰੂਪ ਧਾਰਿਆ ਹੈ। ਇਸ ਤੁਕ ਦਾ ਵਿਚਾਰ ਗਜਾਨੀ ਜਨ ਇਉਂ ਭੀ ਕਰਦੇ ਹਨ:-ਕਿ ਓਹ ਜਾਣਦਾ ਹੈ ਸਤਿਗੁਰੂ ਜੀ ਕਰਤਾ ਪੁਰਖੁ ਦਾ ਰੂਪ ਹਨ, 'ਜਿਨਿ ਕਿਛੁ ਕੀਅਉ' ਜਿਸ ਨੇ ਕੁਛ ਪੂਰਬ ਪੁੰਨ ਕੀਤੇ ਹਨ, ਭਿਖਾ ਕਵੀ ਜੀ ਕਹਿੰਦੇ ਹਨ ਕਿ ਓਹ ਸਰਗੁਣ ਰੂਪ ਸਤਿਗੁਰੂ ਮੈਨੂੰ ਮਿਲੇ ਹਨ। ਆਪ ਜੀ ਨੇ "ਸਹਜ ਰੰਗ" ਉਸ ਇਲਾਹੀ ਰੰਗ ਵਿਚ ਜੋ ਸਹਿਜੇ ਹੀ ਮਹਾਂ ਪੁਰਖਾਂ ਵਿਚ ਜਗਜਾਸੂ ਪਰ ਤੁੱਠਣ ਵੇਲੇ ਹੁੰਦਾ ਹੈ, ਦਰਸ਼ਨ ਦਿੱਤਾ ਹੈ। ਇਸ ਗੱਲ ਦੇ ਸਮਝਣ ਦਾ ਭੇਦ ਬੀਤੇ ਬਿਨਾਂ ਸਮਝਣਾ ਕਠਨ ਹੈ। ਸਤਿਗੁਰ ਦੇ ਮਿਲਣ ਵਾਲੇ ਸਿੱਖਾਂ ਵਿਚ ਇਕ ਅਗੰਮੀ ਬੂਝ ਹੁੰਦੀ ਹੈ ਜੋ ਅੱਖਾਂ ਦੇ ਚਾਰ ਹੁੰਦਿਆਂ ਹੀ ਆਪੋ ਵਿਚ ਅੰਤਰ ਦਾ ਮੇਲ ਹੁੰਦਾ ਹੈ, ਇਸ ਮੇਲ ਨੂੰ ਸਹਜ ਰੰਗ ਆਖੀਦਾ ਹੈ। ਦੂਜਾ ਭਾਵ ਇਉਂ ਭੀ ਪ੍ਰਤੀਤ ਦੇਂਦਾ ਹੈ ਕਿ ਇਹ ਭਿਖਾ ਜੀ ਬਹੁਤ ਯਤਨਾਂ ਨਾਲ ਪਰਮਾਰਥ ਦੀ ਖੋਜ ਕਰਦੇ ਰਹੇ ਹਨ, ਜਿਸ ਦਾ ਕਥਨ ਅਗਲੇ ਛੰਦ ਵਿਚ ਆਪ ਨੇ ਕੀਤਾ ਹੈ, ਉਸ ਕਠਨਤਾ ਦੇ ਮੁਕਾਬਲੇ ਸਤਿਗੁਰੂ ਜੀ ਦਾ ਦਰਸ਼ਨ ਸਹਜ ਰੰਗ ਵਿਚ ਰੰਗਣ ਵਾਲਾ ਮਿਲਿਆ ਹੈ; ਇਸ ਲਈ ਆਖਦੇ ਹਨ ਕਿ ਦਰਸ਼ਨ ਦੇਕੇ ਸਤਿਗੁਰਾਂ ਉਹ (ਰੰਗ) ਆਨੰਦ ਦੀ ਦਸ਼ਾ ਬਖਸ਼ੀ ਹੈ ਜੋ ਸਹਜੇ ਹੀ ਹਰਿ ਸਮੇਂ ਪ੍ਰਾਪਤ ਹੈ, ਹਠ ਜਾਂ ਕਠਨਤਾ ਦੀ ਲੋੜ ਨਹੀਂ ਸਹਜ ਦਸ਼ਾ ਹੀ ਪ੍ਰਾਪਤ ਹੋ ਗਈ ਹੈ॥੧॥੧੯॥

| ਮੂਲ | ਅਰਥ |
|---|---|
| **ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥ ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥ ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ਹ ਕੇ ਗੁਣ ਹਉ ਕਿਆ ਕਹਉ ॥ ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥ ੨ ॥ ੨੦ ॥** | ਮੈਂ ਸੰਤਾਂ ਨੂੰ ਟੋਲਦਾ ਰਿਹਾ, ਬਹੁਤੇਰੇ ਸਾਧ ਵੇਖੇ। ਸੰਨਿਆਸੀ, ਤਪਸੀ, ਪੰਡਤ, ਮੁਖ ਦੇ ਤਾਂ ਮਿੱਠੇ (ਪਰ ਅੰਦਰੋਂ ਕੁਝ ਹੋਰ)। ਵਰ੍ਹਾ ਇਕ ਮੈਂ ਫਿਰਿਆ, (ਪਰ) ਕਿਸੇ ਨੇ (ਵਾਹਿਗੁਰੂ) ਪ੍ਰੇਮ ਦਾ ਚੇਟਕ ਨਾਂ ਹੀ ਲਾਇਆ, ਕਹਿਣੀ ਹੀ ਕਹਿਣੀ ਸੁਣੀ, ਪਰ ਰਹਿਣੀ ਦਾ ਕੋਈ ਪਸਿੰਦ ਨਾ ਆਇਆ। ਵਾਹਿ-ਗੁਰੂ ਜੀ ਦੇ ਨਾਮ ਨੂੰ ਛੱਡਕੇ ਜੋ ਦੂਜੇ ਪਾਸੇ ਲੱਗੇ ਹਨ ਉਨ੍ਹਾਂ ਦੇ ਗੁਣਾਂ ਨੂੰ ਮੈਂ ਕੀ ਆਖਾਂ? ਭਿਖਿਆ, ਤੈਨੂੰ ਕਰਤਾਰ ਨੇ ਸਤਿਗੁਰੂ ਮਿਲਾਇਆ ਹੈ; (ਹੇ ਸਤਿਗੁਰੂ ਜੀਓ!) ਜਿਵੇਂ ਤੁਸੀਂ ਰਖੋਗੇ ਓਸੇ ਤਰ੍ਹਾਂ ਮੈਂ ਰਹਾਂਗਾ॥੨॥੨੦॥ |

**ਪਦਾਰਥ**—ਪਰਚਉ-ਪ੍ਰੇਮ ਦਾ ਚੇਟਕ। ਖੁਸ਼ੀ-ਪਸਿੰਦ। ਦਯਿ-ਦਿਆਲੂ (ਵਾਹਿਗੁਰੂ)।

**ਭਾਵ**—ਵਾਹਿਗੁਰੂ ਜੀ ਦੇ ਮਿਲਨ ਦਾ ਵਸੀਲਾ ਸਤਿਸੰਗ ਹੈ, ਪਰ ਅਸਲ ਸਤਿਸੰਗ ਦੁਰਲੱਭ ਹੈ। ਸੱਚ ਦੀ ਵਡਿਆਈ ਤੱਕਕੇ ਲੋਕ ਰੀਸ ਕਰਦੇ ਹਨ, ਉਹਨਾਂ ਦੇ ਬਾਹਰਲੇ ਅਡੰਬਰ ਨੂੰ ਵੇਖਕੇ ਬਹੁਤੇ ਭੁੱਲ ਜਾਂਦੇ ਹਨ; ਪਰ ਸਾਂਈਂ ਦੀ ਮੇਹਰ ਵਾਲਾ ਜਗਜਾਸੂ ਜੋ ਸਚਮੁਚ ਕਰਤਾਰ ਦੀ ਲਗਨ ਵਾਲਾ ਹੈ, ਉਹ ਅੰਦਰ ਹੀ ਠੰਢ ਬਿਨਾਂ ਪਤੀਜਦਾ ਨਹੀਂ। ਜਦ ਤਕ ਅਸਲੀ ਸਤਿਸੰਗ ਨਾ ਮਿਲੇ, ਉਸ ਦਾ ਅੰਦਰਲਾ ਪੂਰੀ ਤਸੱਲੀ ਨਹੀਂ ਫੜਦਾ। ਇਸ ਭਾਵ ਨੂੰ ਭਿੱਖਾ ਜੀ ਆਪ ਬੀਤੀ ਦੱਸਦੇ ਹਨ ਕਿ ਮੈਂ ਪੂਰੇ ਸੰਤ ਦੀ ਟੋਲ ਕਰਨ ਲਈ ਬਹੁਤੇ ਸਾਧੂ ਵੇਖੇ, ਸਮੇਂ ਦੇ ਸੰਨਿਆਸੀ ਤੇ ਤਪੱਸੀ ਤੱਕੇ, ਪੰਡਤਾਂ ਨੂੰ ਭੀ ਮਿਲਿਆ, ਇਹ ਸਾਰੇ ਮੁਖੋਂ ਤਾਂ ਮਿੱਠੇ ਬੋਲੇ, ਗੱਲਾਂ ਨਾਲ ਘਰ ਪੂਰਾ ਕਰਨ ਵਾਲੇ ਹੈਸਨ, ਪਰ ਕਹਿਣੀ ਦੇ ਹੀ ਬਲਵਾਨ ਪਾਏ ਰਹਣੀ ਵਿਚ ਪੂਰਾ ਕੋਈ ਨਾ ਜਾਚਿਆ। ਵਰ੍ਹਾ ਭਰ ਖੋਜ ਭਾਲ ਕੀਤੀ, ਪਰ ਮਨ ਨੂੰ ਵਿੰਨ੍ਹਕੇ ਕਰਤਾਰ ਦੇ ਪ੍ਰੇਮ ਵਿਚ ਟਿਕਾਉਣ ਵਾਲਾ ਕੋਈ ਨਾ ਮਿਲਿਆ। ਕਾਰਨ ਇਹ ਬਣਿਆ ਕਿ ਮੈਂ ਤਲਾਸ਼ ਕਰਦਾ ਸਾਂ ਵਾਹਿਗੁਰੂ ਨਾਮ ਦੀ, ਤੇ ਉਹ ਨਾਮ ਤੋਂ ਦੂਰ ਸਨ। ਭਾਵੇਂ ਉਹਨਾਂ ਵਿਚ ਤਿਆਗ, ਤਪ, ਵਿਦਜਾ ਆਦਿ ਗੁਣ ਹੈਸਨ, ਪਰ ਨਾਮ ਤੋਂ ਬਿਨਾਂ ਇਹ ਗੁਣ ਅਭਿਮਾਨ ਨਾਲ ਮਿਲਕੇ ਔਗਣ ਰੂਪ ਹੋ ਰਹੇ ਸਨ ਅਰ ਪਰਮਾਰਥ ਦੇ ਰਾਹ ਦੀ ਬਜਾਏ ਗੁਮਰਾਹ ਕਰਨ ਵਾਲੇ ਸਨ। ਸਭ ਤੋਂ ਨਿਰਾਸ ਹੋਕੇ ਆਪਣੀ ਢੂੰਡ ਨੂੰ ਸਫ਼ਲ ਨਾ ਜਾਣਕੇ ਵਾਹਿਗੁਰੂ ਜੀ ਅਗੇ ਅਰਦਾਸ ਕੀਤੀ ਕਿ ਹੇ ਸਾਈਂ! ਆਪ ਤੁੱਠੇ ਤੇ ਆਪਣਾ ਜਾਣ ਕੇ ਆਪ ਹੀ ਪੂਰਾ ਗੁਰੂ ਮਿਲਾਵੋ। ਸੋ ਇਹ ਅਰਦਾਸ ਸਾਂਈਂ ਦਰ ਪਰਵਾਨ ਹੋਈ ਤੇ ਵਾਹਿਗੁਰੂ ਜੀ ਨੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਦਰ ਪ੍ਰੇਰਕੇ ਲਿਆਂਦਾ, ਦਰਸ਼ਨ ਕਰਕੇ ਆਪਾ ਅੱਗੇ ਧਰ ਦਿੱਤਾ ਤੇ ਇਹੀ ਬਿਨੈ ਕੀਤੀ ਕਿ ਹੇ ਸੱਚੇ ਪਾਤਸ਼ਾਹ ਜੀ! ਜਿਵੇਂ ਆਪ ਦੀ ਰਜ਼ਾ ਹੈ ਤਿਵੇਂ ਹੀ ਰਖੋ, ਮੈਂ ਆਪ ਦੀ ਸ਼ਰਣ ਹਾਂ, ਆਪਣਾ ਬਣਾਕੇ ਆਪਣੀ ਕਾਰ ਆਪ ਕਰਾਵੋ। ਜਦ ਪੂਰਨ ਪੁਰਖ ਸਤਿਗੁਰੂ ਮਿਲੇ ਤਾਂ ਨਿਰੀ ਰਹਿਣੀ ਤੇ ਕਰਨੀ ਹੀ ਪਸਿੰਦ ਨਾ ਆਈ, ਸਗੋਂ ਆਪਾ ਹੀ ਉਹਨਾਂ ਦੀ ਭੇਟ ਹੋ ਗਿਆ। ਇਸ ਬਚਨ ਤੋਂ ਇਹ ਗੱਲ ਪ੍ਰਗਟ ਹੁੰਦੀ ਹੈ ਕਿ ਆਪਣੇ ਸਮੇਂ ਵਿਚ ਸਤਿਗੁਰੂ ਪੂਰਨ ਸਤਿਗੁਰੂ ਵਾਹਿਗੁਰੂ ਦਾ ਸਰੂਪ ਮੰਨੇ ਗਏ। ਸਮੇਂ ਨੇ ਉਹਨਾਂ ਦੀ ਕੀਰਤੀ ਨਹੀਂ ਵਧਾਈ, ਅਨਜਾਣਾਂ ਨੇ ਆਪਣੀ ਕਾਮਨਾਂ ਦੀ ਪੂਰਤੀ ਤੱਕਕੇ ਨਹੀਂ ਵਡਿਆਇਆ, ਸਗੋਂ ਰੱਬ ਦੇ ਮੁਤਲਾਸ਼ੀ, ਸੱਚ ਦੇ ਖੋਜੀ, ਦੇਸ਼ ਦੇਸ਼ਾਂਤ੍ਰ ਫਿਰਕੇ ਵਡੇ ਵਡੇ ਜ਼ਮਾਨੇ ਦੇ ਆਗੂਆਂ ਨੂੰ ਮਿਲਕੇ ਉਹ ਜੀਵਨ ਕਣੀ-ਜਿਸ ਦੇ ਉਹ ਮੁਤਾਲਸ਼ੀ ਸਨ-ਉਥੋਂ ਨਾ ਮਿਲਨ ਦੇ ਕਾਰਨ ਸਤਿਗੁਰੂ ਜੀ ਦੇ ਦਰ ਆਏ, ਉਹ ਪ੍ਰਾਪਤੀ ਕੀਤੀ ਤੇ ਆਪਣੇ ਆਪ ਨੂੰ ਵਡਭਾਗੀ ਜਾਣ ਕੇ ਆਪਾ ਸਤਿਗੁਰੂ ਨੂੰ ਸੌਂਪਿਆ ਤੇ ਜੋ ਕੁਛ ਹਾਸਲ ਕੀਤਾ ਉਹ ਪ੍ਰਗਟ ਕਰਕੇ ਦੱਸਿਆ; ਜੈਸਾ ਕਿ ਪਿਛਲੇ ਸਵਈਏ ਵਿਚ ਭਿਖਾ ਜੀ ਨੇ ਆਪ ਦੱਸਿਆ ਹੈ ਕਿ ਸਤਿਗੁਰੂ ਜੀ ਦੇ ਮਿਲਾਪ ਤੋਂ ਮਨ ਕਾਬੂ ਹੋ ਗਿਆ, ਵਿਕਾਰਾਂ ਪਰ ਜਿੱਤ ਪਾਈ, ਵਾਹਿਗੁਰੂ ਦੇ ਦੇਸ ਪੁਜ ਗਏ, ਸਾਂਈਂ ਦੇ ਅਗਮੀ ਹੁਕਮਾਂ ਵਿਚ ਤੁਰਨ ਲਗੇ ਤੇ ਇਹ ਦਾਤ ਉਸ ਸਤਿਗੁਰੂ ਨੇ ਦਿੱਤੀ ਜੋ "**ਕਲਿ ਮਾਹਿ ਰੂਪੁ ਕਰਤਾ ਪੁਰਖ**"। (੧੩੯੫) ਹੋਕੇ ਪ੍ਰਗਟੇ ਹਨ। ਵਰਤਮਾਨ ਦੇ ਜਗਜਾਸੂਆਂ ਲਈ ਇਸ ਸਿਖਯਾ ਤੋਂ ਲਾਭ ਉਠਾਣਾ ਚਾਹੀਏ। ਉਹ ਇਹ ਹੈ ਕਿ ਪੂਰੇ ਮਹਾਂ ਪੁਰਖ ਦੀ ਟੋਲ ਕਰਨੀ, ਕੇਵਲ ਭੇਖ ਜਾਂ ਕਹਣੀ ਆਦਿ ਬਾਹਰਲੇ ਵਿਖਾਲੇ ਪਰ ਹੀ ਬੱਸ ਨਾਂ ਕਰਨੀ, ਸਗੋਂ ਰਹਿਣੀ ਤੱਕਣੀ। ਰਹਿਣੀ ਭੀ ਕੇਵਲ ਹਠ, ਤਪ, ਵਿੱਦਜਾ ਮਾਤ੍ਰ ਨਾ, ਸਗੋਂ ਜੀਵਨ-ਕਣੀ, ਨਾਮ ਦੀ ਕਣੀ ਵਾਲੇ ਮਹਾਂ ਪੁਰਖ ਦੀ ਭਾਲ ਕਰਨੀ, ਉਸ ਦੇ ਸਤਿਸੰਗ ਤੋਂ ਜੋ ਕੁਛ ਮਿਲਦਾ ਹੈ ਉਸ ਦਸ਼ਾ ਦਾ ਆਪਣੇ ਪਰ ਤਜਰਬਾ ਕਰਨਾ, ਕਿ

(੧) ਮਨ ਟਿਕਿਆ ਹੈ ਯਾ ਨਹੀਂ।, (੨) ਵਿਕਾਰਾਂ ਪੁਰ ਜਿੱਤ ਪਾਈ ਹੈ ਯਾ ਨਹੀਂ, (੩) ਆਪਾ ਆਪਣੇ ਮੂਲ ਕਾਰਨ ਨੂੰ ਮਿਲਿਆ ਹੈ ਕਿ ਨਹੀਂ, (੪) ਸਿਮਰਨ ਦੀ ਕਣੀ ਵਾਲੇ ਸਿਮਰਨ ਦੀ ਕਾਰ ਹਰਦਮ ਜਾਰੀ ਹੋਈ ਹੈ ਕਿ ਨਹੀਂ, (੫) ਸੰਸਾਰ ਦੀ ਗੁਪਤ ਮਾਇਆ ਰੂਪ ਅਗਨੀ ਦੇ ਤਾਪ, ਤਾਪੁ ਪ੍ਰਤੀਤ ਹੁੰਦੇ ਹਨ ਕਿ ਨਹੀਂ, (੬) ਸੀਤਲ ਠੰਢਾ, ਅੰਮ੍ਰਿਤ ਦਾ ਸੋਮਾਂ, ਤਪੇ ਚਿਤ ਨੂੰ ਠੰਢਾ ਠੰਢਾ ਸੁਖਦਾਇਕ ਰਸ ਰੂਪ ਹੋਕੇ ਨਾਮੁ ਪ੍ਰਤੀਤ ਦਿੰਦਾ ਹੈ ਕਿ ਨਹੀਂ, (੭) ਟੁੱਟੇ ਤੇ ਨਿਰਾਸ ਚਿੱਤ ਨੂੰ ਕੋਈ ਅਗੰਮੀ ਬਰਕਤ ਇਕ ਛਿਨ ਵਿਚ ਆਕੇ ਨਿਹਾਲ ਹੀ ਨਿਹਾਲ ਕਰ ਦਿੰਦਾ ਹੈ ਕਿ ਨਹੀਂ, (੮) "**ਫੀਕੇ ਹਰਿ ਕੇ ਨਾਮ ਬਿਨੁ ਸਾਦ**"(੧੨੧੯) ਜੀਭ ਪੁਰ ਸਿਮਰਨ ਕਰਦਿਆਂ ਹੋਰ ਸਭ ਫਿੱਕੇ ਰਸ ਲਗਦੇ ਹਨ ਕਿ ਨਹੀਂ, (੯) ਨਾਮ ਰਸ ਵਿਚਿ ਟਿਕਿਆਂ ਹੋਇਆਂ ਵਿਕਾਰੀ ਪੁਰਖ ਭੀ ਪਾਸ ਆਵਣ ਤਾਂ ਉਹ ਨਿਰਵਿਕਾਰ ਹੋ ਜਾਂਦੇ ਹਨ ਕਿ ਨਹੀਂ, (੧੦) ਆਪਣਾ ਆਪ ਰਸ ਰੂਪ, ਸੁਖ ਰੂਪ, ਪਾਪਾਂ ਤੋਂ ਪਾਕ, ਮਹਾਂ ਪਵਿਤ੍ਰ, ਮਹਾਂ ਸ਼ੁੱਧ, ਪੁਸ਼ਪ ਵਾਂਗ ਸੁਗੰਧਿਤ, ਹੌਲਾ, ਤਰੋ-ਤਾਜ਼ਾ ਪ੍ਰਤੀਤ ਦਿੰਦਾ ਹੈ ਕਿ ਨਹੀਂ। ਇਹਨਾਂ ਗਲਾਂ ਦਾ ਮੂਲ ਕਾਰਨ ਨਿਸ਼ਕਾਮ, ਨਿਸ਼ਕਪਟ, ਰੱਬੀ ਪ੍ਰੇਮ ਤੇ ਕੇਵਲ ਨਾਮ ਦੀ ਟੇਕ ਜਿਥੇ ਪ੍ਰਧਾਨ ਹੈ ਉਹ ਸਤਿਸੰਗ ਰੱਬੀ ਸਤਿਸੰਗ ਹੈ, ਯਥਾ-"**ਸਤ ਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥**"(੭੨) ਕੇਵਲ ਨਾਮ ਸਿਮਰਨ ਵਿਚ ਆਪ ਤੇ ਕੇਵਲ ਨਾਮ ਦੇ ਹੀ ਪ੍ਰਚਾਰਕ ਜੋ ਮਹਾਂ ਪੁਰਖ ਹਨ ਓਹ ਸੱਚੇ ਸੰਤ ਗੁਰਮੁਖ ਹਨ॥੨॥੨੦॥ (ਕਵੀ ਭਿਖੇ ਜੀ ਦੇ ਦੋ ਸਵਯੇ ਸਮਾਪਤ ਹੋਏ ਤੇ ਸਲ੍ਹ ਜੀ ਦਾ ਸ਼ੁਰੂ ਹੋਇਆ।)

| ਮੂਲ | ਅਰਥ |
|---|---|
| **ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥ ਧ੍ਰੰਮ ਧਨੁਖ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥ ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥ ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥ ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥ ਗੁਰ ਅਮਰ-ਦਾਸ ਸਚੁ ਸਲ੍ਹ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ ॥ ੧ ॥ ੨੧ ॥** | (ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਜੋ ਰਾਜੇ ਹਨ, ਆਪ ਜੀ ਨੇ) ਸਮਾਧੀ (ਰੂਪੀ) ਕਵਚ ਪਹਿਨਿਆਂ ਹੈ ਤੇ ਗਜਾਨ (ਰੂਪ) ਘੋੜੇ ਪੁਰ ਰਾਨ ਪਟੜੀ ਜਮਾ ਕੇ ਸਵਾਰ ਹੋਏ ਹਨ। ਧਰਮ (ਰੂਪੀ) ਕਮਾਂਣ ਹੱਥ ਵਿਚ ਫੜੀ ਹੈ, ਭਗਤੀ ਤੇ ਜਤ ਰੂਪੀ ਤੀਰ (ਲੈਕੇ) ਯੁੱਧ ਕੀਤਾ ਹੈ। ਭੈ ਤੋਂ ਨਿਰਭਉ ਹੋਕੇ ਮਨ ਦੇ ਵਿਚ ਹਰੀ ਦਾ ਨਾਮੁ ਹੈ ਤੇ ਗੁਰਾਂ ਦੇ ਸ਼ਬਦ ਰੂਪੀ ਅਟੱਲ ਨੇਜਾ (ਆਪ ਦੇ ਮੈਦਾਨ ਵਿਚ) ਗੱਡਿਆ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ (ਇਨ੍ਹਾਂ) ਪੰਜਾਂ ਹੀ ਦੂਤਾਂ ਨੂੰ ਵਿਸ਼ੇਸ਼ ਕਰ ਕੇ ਖੰਡਨ ਕੀਤਾ ਹੈ। ਰਾਜਿਆਂ ਦੇ ਨਾਥ ਸਤਿਗੁਰ ਨਾਨਕ ਦੇਵ ਜੀ ਦੇ ਵਰ ਕਰਕੇ ਭੱਲਿਆਂ (ਦੀ ਕੁਲ) ਵਿਖੇ ਤੇਜੋ ਜੀ ਦੇ ਸਪੁੱਤ੍ਰ ਰਾਜਾ ਹੋਏ ਹਨ। ਸਲ੍ਹ (ਕਵੀ) ਜੀ ਸੱਚ ਆਖਦੇ ਹਨ ਕਿ ਹੇ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ! ਆਪ ਜੀ ਨੇ ਇਸ ਤਰ੍ਹਾਂ ਜੁੱਧ ਕਰਕੇ ਦੁਸ਼ਮਨ ਦੀ ਫੌਜ ਜਿੱਤੀ ਹੈ॥੧॥੨੧॥ |

**ਪਦ ਅਰਥ**—ਸਮਾਧਿ-ਬ੍ਰਿਤੀਆਂ ਨੂੰ ਰੋਕ ਕੇ ਆਤਮ ਧਜਾਨ ਵਿਚ ਜੁੜਨਾ। ਸਨਾਹੁ-ਕਵਚ ਜਾਂ ਜ਼ਿਰਹ। ਹੈ-ਘੋੜਾ। ਧਨੁਖ-ਕਮਾਨ। ਕਰ-ਹਥ। ਸਰਿ-ਤੀਰ। ਅਪਤੁ-ਆਪਾ, ਭਾਵ ਹੰਕਾਰ। ਭੂਹਾਲੁ-ਰਾਜਾ। ਬਰਿ-ਸ੍ਰੇਸ਼ਟ ਜਾਂ ਵਰ। ਸਲ੍ਹ-ਕਵੀ ਜੀ

ਦਾ ਨਾਮੁ ਹੈ। ਭਨਿ-ਆਖਦਾ ਹੈ। ਦਲ-ਫੌਜ।

**ਭਾਵ**—ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਮਹਾਨ ਪ੍ਰਭਾਵ ਨੂੰ ਪ੍ਰਗਟ ਕਰਦੇ ਹੋਏ ਸਲ੍ਹ ਕਵੀ ਜੀ ਯੁੱਧ ਦੇ ਰੂਪਕ ਦਵਾਰਾ ਸਤਿਗੁਰੂ ਜੀ ਦੀ ਉਸਤੁਤਿ ਕਰਦੇ ਹਨ। ਇਹ ਉਸਤੁਤੀ ਕਰਨ ਵਾਲੇ ਪੁਰਖਾਂ ਦੀ ਪੁਰਾਣੀ ਰਚਨਾ ਵਿਚ ਰਹੁਰੀਤੀ ਹੈ ਕਿ ਕੁਲ ਤੇ ਪਿਤਾ ਦਾ ਨਾਮੁ ਪ੍ਰਗਟ ਕਰਕੇ ਦੱਸਣਾ, ਸੋ ਇਥੇ ਭੀ ਭੱਲਿਆਂ ਦੀ ਉੱਤਮ ਕੁਲ ਵਿਚ ਪ੍ਰਗਟ ਹੋਏ ਹਨ ਜੋ ਬਾਬਾ ਤੇਜੋ ਜੀ, ਉਨ੍ਹਾਂ ਦੇ ਸਪੁੱਤ੍ਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਰਾਜਾ ਹਨ। ਆਪ ਜੀ ਨੂੰ ਰਾਜ ਮਿਲਿਆ ਹੈ, ਸਤਿਗੁਰ ਨਾਨਕ ਦੇਵ ਜੀ ਦੀ ਅਸੀਸ ਨਾਲ। ਕਈ ਗਜਾਨੀ 'ਬਰਿ' ਦਾ ਅਰਥ ਸ੍ਰੇਸ਼ਟ ਕਰਦੇ ਹਨ, ਸੋ ਫਿਰ ਭਾਵ ਇਉਂ ਪ੍ਰਗਟ ਹੋਵੇਗਾ ਕਿ ਰਾਜਨਪਤਿ ਰਾਜਾ ਸ੍ਰੇਸ਼ਟ ਸਤਿਗੁਰੂ ਨਾਨਕ ਦੇਵ ਜੀ ਉਨ੍ਹਾਂ ਦੇ ਜਾਨਸ਼ੀਨ ਤੇਜੋ ਜੀ ਦੇ ਸਪੁੱਤ੍ਰ (ਸ੍ਰੀ ਗੁਰੂ ਅਮਰਦਾਸ ਜੀ) "ਭਲਉ ਭੂਹਾਲੁ" ਚੰਗੇ ਰਾਜੇ ਸਨ। ਸਲਜ ਕਵੀ ਜੀ ਆਖਦੇ ਹਨ ਕਿ ਆਪ ਜੀ ਨੇ ਇਸ ਤਰ੍ਹਾਂ ਜੁਧ ਕਰਕੇ ਆਸੁਰੀ ਸੰਪਦਾ ਦੀ ਫੌਜ ਨੂੰ ਜਿੱਤਿਆ ਹੈ ਕਿ ਸਮਾਧਿ ਰੂਪੀ ਕਵਚ ਪਹਿਨਿਆ ਹੈ। ਕਵਚ ਇਕ ਤਰ੍ਹਾਂ ਦਾ ਉਹ ਲੋਹੇ ਦੀਆਂ ਜੰਜੀਰਾਂ ਦਾ ਕਪੜਾ ਹੁੰਦਾ ਹੈ ਜਿਸਦੇ ਪਹਿਨਿਆਂ ਤਲਵਾਰ ਦਾ ਘਾਉ ਸਰੀਰ ਨੂੰ ਨਹੀਂ ਲਗਦਾ। ਇਹ ਲੋਹੇ ਦਾ ਭੀ ਬਣਦਾ ਸੀ ਤੇ ਰੂੰ ਪਾ ਕੇ ਰੇਸ਼ਮੀ ਭੀ ਬਣਾਂਵਦੇ ਹੁੰਦੇ ਸਨ। ਸੋ ਸਮਾਧਿ ਵਿਚ ਜਦੋਂ ਚਿਤ ਜਾ ਟਿਕਦਾ ਹੈ ਤਾਂ ਵਿਕਾਰਾਂ ਰੂਪੀ ਵੈਰੀਆਂ ਦਾ ਕੋਈ ਭੀ ਸ਼ਸਤ੍ਰ ਕਾਟ ਨਹੀਂ ਕਰ ਸਕਦਾ। ਗਜਾਨ ਰੂਪੀ ਘੋੜਾ ਕਿਹਾ ਹੈ ਜੋ ਅਗਜਾਨ ਦੇ ਸਫ਼ਰ ਨੂੰ ਮੁਕਾ ਕੇ ਪਹੁੰਚਣ ਵਾਲੀ ਥਾਂ ਪੁਚਾ ਦਿੰਦਾ ਤੇ ਵੈਰੀ ਦੇ ਵਾਰਾਂ ਤੋਂ ਬਚਣ ਲਈ ਪੂਰੀ ਮੱਦਦ ਦਿੰਦਾ ਹੈ। ਸੋ ਗਜਾਨ ਰੂਪੀ ਘੋੜੇ ਪੁਰ ਆਪ ਰਾਨ ਪਟੜੀ ਜਮਾਕੇ ਚੜ੍ਹੇ ਹੋ, ਭਾਵ ਗਜਾਨ ਵਿਚ ਅਡੋਲ ਇਸਥਿਤੀ ਆਪ ਦੀ ਹੈ। ਧਰਮ ਰੂਪੀ ਧਨੁਖ ਹੈ ਤੇ ਭਗਤੀ ਤੇ ਜਤ ਜਾਂ ਨੇਕ ਆਚਰਨ ਰੂਪੀ ਤੀਰਾਂ ਨਾਲ ਵੈਰੀਆਂ ਨੂੰ ਆਪ ਨੇ ਵਿੰਨ੍ਹ ਸੁਟਿਆ ਹੈ। 'ਭੈ ਨਿਰਭਉ' ਇਸ ਤੁਕ ਦਾ ਵਿਚਾਰ ਗਜਾਨੀ ਇਉਂ ਭੀ ਕਰਦੇ ਹਨ ਕਿ ਭੈ ਤੋਂ ਨਿਰਭਉ ਕਰਨ ਵਾਲਾ ਜੋ ਹਰੀ ਹੈ ਸੋ ਗੁਰਾਂ ਦੇ ਸ਼ਬਦ ਦੁਆਰਾ ਮਨ ਵਿਖੇ ਇਹ ਆਪ ਨੇ ਅਟੱਲ ਨੇਜਾ ਗੱਡਿਆ ਹੈ। ਅੱਖਰ ਤਾਂ ਕੱਠੇ ਹੋ ਜਾਂਦੇ ਹਨ, ਪਰ ਧੁਨੀ ਅਰਥ ਦੀ ਸੁਹਣੀ ਨਹੀਂ ਜਾਪਦੀ, ਇਸ ਲਈ ਇਹ ਵਿਚਾਰ ਕੀਤਾ ਹੈ ਕਿ ਯੁੱਧ ਵਿਚ ਖੜਾ ਸੂਰਮਾਂ ਭੈ ਭੀਤ ਹੋਵੇ ਤਾਂ ਉਹ ਯੁੱਧ ਠੀਕ ਨਹੀਂ ਕਰ ਸਕਦਾ, ਇਸ ਲਈ ਹੇ ਸਤਿਗੁਰੂ ਜੀ! ਆਪ ਸ਼ੱਤ੍ਰੂ ਸੈਨਾਂ ਦੇ ਭੈ ਤੋਂ ਨਿਰਭਉ ਹੋ; ਯਥਾ-'ਬਿਚਰਤੇ ਨਿਰਭੈੰ। ਸ਼ਤ੍ਰੂ ਸੈਨਾ ਤੇ ਨਿਰਭਯ ਹੋਣ ਦਾ ਕਾਰਨ ਕੀ ਹੈ ਕਿ ਆਪ ਜੀ ਦੇ ਮਨ ਵਿਚ ਵਾਹਿਗੁਰੂ ਹੈ। ਆਪ ਜੀ ਨੇ ਗੁਰ ਸ਼ਬਦ ਰੂਪੀ ਅਟੱਲ ਨੇਜਾ ਗੱਡਿਆ ਹੈ, ਇਕ ਤਾਂ ਜੰਗ ਮੈਦਾਨ ਵਿਚ ਝੰਡੇ ਦੀ ਤਰ੍ਹਾਂ ਨੇਜਾ ਗੱਡ ਦਿੰਦੇ ਹਨ, ਜਿਸ ਦੀ ਫੌਜ ਨੇਜਾ ਖੱਸ ਲੈ ਜਾਵੇ ਓਹੋ ਜਿੱਤ ਗਿਆ, ਸੋ ਆਪ ਜੀ ਨੇ ਐਸਾ ਨੇਜਾ ਗੱਡਿਆ ਹੈ ਜੋ ਆਪਣੇ ਥਾਂ ਤੋਂ ਹਿੱਲਣ ਵਾਲਾ ਨਹੀਂ ਹੈ ਤੇ ਉਹ ਗੁਰ ਸ਼ਬਦ ਹੈ। ਯਥਾ-"**ਗੁਰ ਕਾ ਸਬਦੁ ਨ ਮੇਟੈ ਕੋਇ**"। (੮੩੫) ਦੂਜਾ ਵੈਰੀਆਂ ਦੀ ਛਾਤੀ ਵਿਚ ਨੇਜਾ ਖੁਭਾ ਦੇਈਦਾ ਹੈ ਜੋ ਆਪਣਾ ਕੰਮ ਕੀਤੇ ਬਿਨਾਂ ਵਿਅਰਥ ਨਹੀਂ ਹੁੰਦਾ, ਸੋ ਆਪ ਜੀ ਨੇ ਸ਼ਬਦ ਰੂਪੀ ਨੇਜਾ ਐਸਾ ਖੋਭਿਆ ਹੈ ਕਿ ਜੋ ਮਾਰ ਕਰਨ ਤੋਂ ਟਲ ਸਕਦਾ ਹੀ ਨਹੀਂ, ਜਿਸ ਨੇਜੇ ਦੇ ਪ੍ਰਤਾਪ ਨਾਲ ਆਪ ਨੇ 'ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਇਹਨਾਂ ਪੰਜਾਂ ਵੈਰੀਆਂ ਨੂੰ ਵਿਸ਼ੇਸ਼ ਕਰਕੇ ਖੰਡਨ ਕਰ ਦਿਤਾ ਹੈ। ਅਰਥਾਤ ਐਸੀ ਹਾਰ ਇਹਨਾਂ ਨੂੰ ਦਿਤੀ ਹੈ ਜੋ ਫੇਰ ਲੜਨ ਜੋਗੇ ਰਹੇ ਹੀ ਨਹੀਂ। ਇਉਂ ਅਟੱਲ ਪ੍ਰਤਾਪੀ ਸਤਿਗੁਰੂ ਜੀ ਵੈਰੀਆਂ ਤੋਂ ਜਯ ਪਾਕੇ ਆਤਮ ਰਾਜ ਦੇ ਸੱਚੇ ਪਾਤਸ਼ਾਹ ਸਦਾ ਹੀ ਅਨੰਦ ਸਹਿਤ ਬਿਰਾਜ ਰਹੇ ਹਨ॥੧॥੨੧॥

ਭਲ੍ਯ ਕਵੀ ਦਾ ਇਕ ਸਵਯਾ।

| ਮੂਲ | ਅਰਥ |
| --- | --- |
| ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥ ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥ ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ ॥ ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥ ੧ ॥ ੨੨ ॥ | ਬੱਦਲਾਂ ਦੀਆਂ ਬੂੰਦਾਂ, ਪ੍ਰਿਥਵੀ ਦੀ ਰੋਮਾਵਲੀ (ਬਨਸਪਤੀ), ਬਸੰਤ ਰੁਤ ਦੇ ਫੁੱਲ (ਇਨ੍ਹਾਂ ਦੀ) ਗਿਣਤੀ ਨਹੀਂ ਆਂਵਦੀ। ਸੂਰਜ ਤੇ ਚੰਦ੍ਰਮਾਂ ਦੀਆਂ ਕਿਰਨਾਂ, ਸਮੁੰਦ੍ਰ ਦਾ ਪੇਟ ਤੇ ਗੰਗਾ ਦੇ ਤਰੰਗਾ ਦਾ ਅੰਤ ਕੌਣ ਪਾ ਸਕੇ। ਸ਼ਿਵਜੀ ਦਾ ਧਿਆਨ ਸਤਿਗੁਰਾਂ ਦੇ ਗਜਾਨ ਨੂੰ ਹੇ ਭਲ੍ਯ ਕਵੀ! ਉਨ੍ਹਾਂ ਨੂੰ ਕਦੇ ਜੇ ਕੋਈ ਆਖ ਸਕੇ ਤਾਂ (ਸ਼ਾਇਦ) ਆਖ ਹੀ ਸਕੇ, ਪਰ ਭੱਲਿਆਂ (ਦੀ ਕੁਲ ਵਿਖੇ ਪ੍ਰਗਟ ਹੋਏ ਹੇ ਸਤਿਗੁਰੂ) ਅਮਰ-ਦਾਸ (ਸਾਹਿਬ) ਜੀ! ਆਪ ਜੀ ਦੇ ਗੁਣ (ਬੇਅੰਤ) ਹਨ, (ਇਸ ਲਈ) ਆਪ ਦੀ ਉਪਮਾ ਆਪ ਜੀ ਨੂੰ ਹੀ ਬਣਦੀ ਹੈ॥੧॥੨੨॥ |

**ਪਦਾਰਥ**—ਘਨਹਰ-ਬੱਦਲ। ਬਸੁਅ-ਵੱਸਣਾਂ ਜਾਂ ਬ੍ਰਸਾਤ ਜਾਂ ਪ੍ਰਿਥਵੀ। ਰੋਮਾਵਲਿ-ਰੋਮਾਂ ਦੀਆ ਲੜੀਆਂ। ਰਵੀ-ਸੂਰਜ। ਸਸਿ-ਚੰਦ੍ਰਮਾਂ। ਸਾਗਰ-ਸਮੁੰਦ੍ਰ। ਰੁਦ੍ਰ-ਸ਼ਿਵ ਜੀ। ਕਬਿ-ਕਵੀ, (ਅ) ਕਦੇ। ਭਲ੍ਯ-ਕਵੀ ਜੀ ਦਾ ਨਾਮੁ। ਗਾਵੈ-ਜਸ ਗਾ ਸਕੇ।

**ਭਾਵ**—ਭੱਲ ਕਵੀ ਜੀ ਆਖਦੇ ਹਨ ਕਿ ਸਤਿਗੁਰ ਜੀ ਦੇ ਗੁਣ ਬਿਅੰਤ ਹਨ, ਭਾਵੇਂ ਸੰਸਾਰ ਵਿਚ ਬੱਦਲ ਦੀਆਂ ਬੂੰਦਾਂ ਤੇ ਪ੍ਰਿਥਵੀ ਦੀ ਰੋਮਾਵਲੀ ਅਰਥਾਤ ਬਨਸਪਤੀ ਬ੍ਰਿਛ ਬੂਟੇ ਤੇ ਬਸੰਤ ਰੁਤ ਦੇ ਫੁੱਲ ਇਨ੍ਹਾਂ ਦੀ ਭੀ ਗਿਣਤੀ ਨਹੀਂ ਹੋ ਸਕਦੀ। ਇਸੇ ਤਰ੍ਹਾਂ ਸੂਰਜ ਚੰਦ੍ਰਮਾਂ ਦੀਆਂ ਕਿਰਨਾਂ ਸਮੁੰਦਰ ਦਾ ਪੇਟ ਤੇ ਗੰਗਾ ਦੀਆਂ ਲਹਿਰਾਂ ਦਾ ਭੀ ਅੰਤ ਨਹੀਂ। ਸ਼ਿਵਜੀ ਦੀ ਧਜਾਨ ਸਮਾਧੀ ਤੇ ਸਤਿਗੁਰ ਜੀ ਦਾ ਗਜਾਨ ਵੀ ਗਿਣਤੀ ਤੋਂ ਬਾਹਰ ਕਹੀਦਾ ਹੈ, ਭਾਵੇਂ ਇਹਨਾਂ ਚੀਜ਼ਾਂ ਦਾ ਗਿਣਨਾ ਖਰਾ ਔਖਾ ਹੈ, ਪਰ ਕੋਈ ਗਿਣੇ ਤਾਂ ਸ਼ਾਇਦ ਗਿਣ ਹੀ ਲਵੇ ਤੇ ਉਸ ਦਾ ਗਿਣਨਾ ਯੋਗ ਬਲ ਨਾਲ ਮੰਨ ਹੀ ਲਈਏ ਪਰ ਭੱਲਿਆਂ ਦੀ ਕੁਲ ਦੇ ਭਿਭੂਖਨ ਸਾਹਿਬ ਸਤਿਗੁਰ ਅਮਰਦਾਸ ਜੀ ਮਹਾਰਾਜ ਜੀ ਦੇ ਗੁਣਾਂ ਦੀ ਗਿਣਤੀ ਪਿਛੇ ਕਹੇ ਅਨਗਿਣਤਾਂ ਤੋਂ ਭੀ ਅਗਿਣਤ ਹੈ; ਇਸ ਲਈ ਸਤਿਗੁਰ ਜੀਓ! ਆਪ ਦੀ ਉਪਮਾ ਲਈ ਦੂਸਰਾ ਦ੍ਰਿਸ਼ਟਾਂਤ ਨਹੀਂ ਹੈ। ਯਥਾ-"**ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥ ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ**"(੮੫੮)॥੧॥੨੨॥

# (ਸ) ਸਵਈਏ ਮਹਲੇ ਚਉਥੇ ਕੇ ੪

## ੧ੴ ਸਤਿਗੁਰ ਪ੍ਰਸਾਦਿ ॥

ਅਰਥ-ਇਕ ਅਕਾਲ ਪੁਰਖੁ ਵਾਹਿਗੁਰੂ ਹੀ ਸ੍ਰਿਸ਼ਟੀ ਰਚਨ ਵੇਲੇ ਆਪਣੇ ਸ਼ਬਦ ਤੋਂ ਜਗਤ ਰਚਦਾ ਹੈ, ਰਚਕੇ ਪਾਲਦਾ ਤੇ ਸੰਘਾਰ ਕਰਦਾ ਹੈ, ਉਸ ਆਪਣੇ ਮੂਲ ਕਾਰਨ ਨੂੰ ਜਾਣਨ ਦੀ ਇਛਾ ਵਾਲਾ ਗੁਰਪ੍ਰਸਾਦਿ ਨੂੰ ਗ੍ਰਹਣ ਕਰੇ। ਸੋ ਗੁਰਪ੍ਰਸਾਦਿ ਹੈ ਨਾਮੁ। ਯਥਾ-**"ਨਾਮੁ ਨ ਵਿਸਰੈ ਸੰਤ ਪ੍ਰਸਾਦਿ"**।(੧੧੪੪) ਤਥਾ-'ਗੁਰ ਪ੍ਰਸਾਦਿ' ਗੁਰੂ ਮੇਹਰ ਹੈ। ਇਉਂ ਮੰਗਲ ਕਰਕੇ ਕਲ ਸਹਾਰ ਨਾਮੁ ਵਾਲੇ ਕਵੀ ਜੀ ਆਪਣੀ ਕਵਿਤਾ ਵਿਚ ਇਸ 'ਗੁਰਪ੍ਰਸਾਦਿ' ਨੂੰ ਗ੍ਰਹਣ ਕਰਦੇ ਹੋਏ ਸਵਈਏ ਆਰੰਭ ਕਰਦੇ ਹਨ :-

### ਮੂਲ

**ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥ ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ ॥ ਗੁਨ ਗਾਵਤ ਮਨਿ ਹੋਇ ਬਿਗਾਸਾ ॥ ਸਤਿਗੁਰ ਪੂਰਿ ਜਨਹ ਕੀ ਆਸਾ ॥ ਸਤਿਗੁਰੁ ਸੇਵਿ ਪਰਮ ਪਦੁ ਪਾਯਉ ॥ ਅਬਿਨਾਸੀ ਅਬਿਗਤੁ ਧਿਆਯਉ ॥ ਤਿਸੁ ਭੇਟੇ ਦਾਰਿਦ੍ਰੁ ਨ ਚੰਪੈ ॥ ਕਲ੍ਯ ਸਹਾਰੁ ਤਾਸੁ ਗੁਣ ਜੰਪੈ ॥ ਜੰਪਉ ਗੁਣ ਬਿਮਲ ਸੁਜਨ ਜਨ ਕੇਰੇ ਅਮਿਅ ਨਾਮੁ ਜਾ ਕਉ ਫੁਰਿਆ ॥ ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ ਨਾਮੁ ਨਿਰੰਜਨ ਉਰਿ ਧਰਿਆ ॥ ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ ॥ ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥ ੧ ॥**

### ਅਰਥ

ਇਕਾਗ੍ਰ ਮਨ ਕਰਕੇ (ਮੈਂ) ਸ਼ੁਧ ਸਰੂਪ ਸਮਰੱਥ ਵਾਹਿਗੁਰੂ ਜੀ ਨੂੰ ਸਿਮਰਦਾ ਹਾਂ। ਸਤਿਗੁਰ ਜੀ ਦੀ ਮੇਹਰ ਨਾਲ ਵਾਹਿ-ਗੁਰੂ ਜੀ ਦੇ ਸਦਾ ਹੀ ਗੁਣ ਗਾਂਵਦਾ ਰਹਾਂ। ਗੁਣਾਂ ਨੂੰ ਗਾਂਵਦਿਆਂ (ਮੇਰਾ) ਮਨ ਖਿੜਿਆ ਰਹੇ। ਹੇ ਸਤਿਗੁਰੂ ਜੀ! (ਇਹ) ਇੱਛਾ ਦਾਸ ਦੀ ਪੂਰਨ ਕਰੋ। ਸਤਿਗੁਰੂ (ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਸੇਵਕੇ ਜਿਨ੍ਹਾਂ) ਉੱਚ ਪਦਵੀ ਪਾਈ ਹੈ, ਸਤ ਸ੍ਰੂਪ ਨਿਰੰਕਾਰ ਨੂੰ (ਜਿਨ੍ਹਾਂ) ਸਿਮਰਿਆ ਹੈ, ਉਨ੍ਹਾਂ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ) ਦੇ ਮਿਲਿਆਂ ਦਲਿੱਦ੍ਰ ਨਹੀਂ ਦਬਾਉਂਦਾ। ਕਲ੍ਯ ਸਹਾਰ (ਕਵੀ) ਉਨ੍ਹਾਂ ਦੇ ਗੁਣਾਂ ਨੂੰ ਜਪਦਾ ਹੈ। ਆਖਦਾ ਹਾਂ ਪਵਿੱਤ੍ਰ ਗੁਣ ਉਸਦੇ ਜੋ ਦਾਸਾਂ ਦੇ ਹਿਤੂ ਹਨ; ਅੰਮ੍ਰਿਤ ਨਾਮ ਜਿਨ੍ਹਾਂ ਨੂੰ ਸਫੁਰਨ ਹੋਇਆ ਹੈ। ਇਨ੍ਹਾਂ ਨੇ ਸਤਿਗੁਰੂ (ਅਮਰ ਦਾਸ ਸਾਹਿਬ) ਜੀ ਨੂੰ ਸੇਵਕੇ (ਜੀਭ ਪੁਰ) ਸ਼ਬਦ ਦਾ ਸੁਵਾਦ ਪਾਇਆ ਹੈ ਤੇ ਵਾਹਿਗੁਰੂ ਜੀ ਦੇ ਨਾਮੁ ਨੂੰ ਹਿਰਦੇ ਵਿਚ ਭੀ ਟਿਕਾਇਆ ਹੈ। ਵਾਹਿਗੁਰੂ ਜੀ ਦੇ ਨਾਮ ਦੇ ਪ੍ਰੇਮੀ ਤੇ ਵਾਹਿਗੁਰੂ ਜੀ ਦੇ ਗੁਣਾਂ ਦੇ ਵਪਾਰੀ ਅਤੇ ਸਾਰੇ (ਬ੍ਰਹਮੰਡ) ਵਿਚ (ਤਤ) ਵਾਹਿਗੁਰੂ ਜੀ ਨੂੰ ਸਮਾਨ (ਪਰੀਪੂਰਨ) ਦੇਖਣੇ ਵਾਲੇ, ਕਲ੍ਯ ਕਵੀ ਜੀ (ਆਖਦੇ ਹਨ), ਠਾਕਰ ਹਰਦਾਸ ਜੀ ਦੇ ਸਪੁੱਤ੍ਰ ਸ੍ਰੀ ਗੁਰੂ ਰਾਮਦਾਸ ਜੀ (ਰਿਦੇ ਰੂਪੀ) ਖਾਲੀ ਸਰਾਂ ਨੂੰ (ਪ੍ਰੇਮ, ਨਾਮੁ ਰੂਪੀ ਅੰਮ੍ਰਿਤ ਨਾਲ) ਪੂਰਨ ਕਰਨ ਵਾਲੇ ਹਨ॥੧॥

**ਪਦਾਰਥ**—ਬਿਗਾਸਾ-ਖਿੜਿਆ। ਜਨਹ-ਦਾਸ ਦੀ। ਚੰਪੈ-ਦਬਾਉਂਦਾ।

ਜੰਪੈ-ਜਪਨਾ, ਜਾਂ ਕਥਨ ਕਰਨਾ। ਬਿਮਲ-ਮੈਲ ਤੋਂ ਰਹਿਤ, ਪਵਿੱਤ੍ਰ। ਅਮਿਅ-ਅੰਮ੍ਰਿਤ। ਫੁਰਿਆ-ਸਫੁਰਨ ਹੋਇਆ, ਸਹਜ ਸੁਭਾ ਨਾਮੁ ਦਾ ਪ੍ਰਵਾਹ ਜਾਰੀ ਹੋਇਆ। ਉਰਿ-ਹਿਰਦਾ। ਗਾਹਕੁ-ਗ੍ਰਹਣ ਕਰਨ ਵਾਲੇ, ਜਾਂ ਖਰੀਦਾਰ, ਚਾਹਕ। ਦ੍ਰਿਸਟੀ-ਦੇਖਣਾ। ਸਰੇ-ਸਾਰੇ। ਕਲ੍ਯ-ਕਵੀ ਜੀ ਦਾ ਨਾਮੁ। ਠਕੁਰ-ਪਦਵੀ, ਖਾਨਦਾਨੀ ਅੱਲ। ਹਰਦਾਸ-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਿਤਾ ਜੀ ਦਾ ਨਾਮੁ। ਤਨੇ-ਪੁਤ੍ਰ। ਸਰ-ਤਾਲਾਬ। ਅਭਰ-ਨ ਭਰਿਆ ਹੋਇਆ, ਖਾਲੀ। ਭਰੇ-ਪੂਰਨ ਕੀਤੇ।

**ਭਾਵ**—ਸਾਰੇ ਫੁਰਨੇ ਛੱਡਕੇ ਜਦੋਂ ਮਨ ਇਕਾਗ੍ਰ ਹੋ ਜਾਂਦਾ ਹੈ, ਉਸ ਨੂੰ ਇਕ-ਮਨ ਆਖਦੇ ਹਨ। ਸੋ ਸਿਮਰਨ ਪੂਰਾ ਉਹੋ ਹੈ, ਜਿਸ ਦੇ ਵਿਚ ਮਨ ਇੱਕੋ ਪਾਸੇ ਲੱਗਾ ਰਹੇ। ਵਾਹਿਗੁਰੂ ਜੀ ਨੂੰ ਇਕ ਮਨ ਨਾਲ ਸਿਮਰਨਾ ਹੀ ਵਿਸ਼ੇਸ਼ ਹੈ, ਇਸ ਲਈ ਵਾਹਿਗੁਰੂ ਧਿਆਵਨ ਤੋਂ ਪਹਿਲੇ ਹੀ ਇਕ ਮਨ ਕਿਹਾ ਹੈ। ਮਨ ਨਿਰੰਜਨ ਪੁਰਖੁ ਦੇ ਧਿਆਨ ਵਿਚ ਲਗਾ ਆਪੇ ਹੀ ਅਪਣੇ ਧੇਯ ਦੇ ਗੁਣਾਂ ਵਾਲਾ ਹੋ ਜਾਂਦਾ ਹੈ। ਇਹ ਨਿਯਮ ਹੈ ਕਿ ਮਨ ਜਿਸ ਨੂੰ ਧਿਆਂਵਦਾ ਹੈ, ਉਸ ਦਾ ਰੂਪ ਹੀ ਧਿਆਵਨ ਨਾਲ ਹੋ ਜਾਂਦਾ ਹੈ, ਸੋ ਨਿਰੰਜਨ ਅਰਥ ਹੈ 'ਸ਼ੁੱਧ', ਅਰਥਾਤ ਮਾਯਾ ਰਹਿਤ। ਮਾਯਾ ਅੰਜਨ ਵਾਂਗੂੰ ਕਾਲੀ ਹੈ, ਇਸੇ ਤਰ੍ਹਾਂ ਪਾਪਾਂ ਦੀ ਮੈਲ ਭੀ ਕਾਲੀ ਹੈ, ਸੋ ਮਾਇਆ ਤੇ ਪਾਪਾਂ ਦੀ ਮੈਲ ਤੋਂ ਜੋ ਸਾਫ ਸ਼ੁੱਧ ਹੋਵੇ ਉਸ ਨੂੰ ਨਿਰੰਜਨ ਕਹੀਦਾ ਹੈ। ਮਨ ਜਦ ਇਕਾਗ੍ਰ ਹੋਕੇ ਵਾਹਿਗੁਰੂ ਨੂੰ ਜਪਦਾ ਹੈ ਤਾਂ ਪਾਪਾਂ ਤੋਂ ਤੇ ਮਾਇਆ ਤੋਂ ਸ਼ੁੱਧ ਹੁੰਦਾ ਹੈ; ਇਸੇ ਤਰ੍ਹਾਂ ਪੁਰਖੁ ਦਾ ਅਰਥ ਹੈ ਸਮਰੱਥ ਤੇ ਵਿਆਪਕ, ਸੋ ਸਮਰੱਥ ਨੂੰ ਧਿਆਉਣ ਵਾਲਾ ਮਨ ਭੀ ਬਲਵਾਨ ਤੇ ਪੂਰਨਤਾਈ ਦੇ ਵੇਖਣ ਵਾਲਾ ਹੋ ਜਾਂਦਾ ਹੈ, ਇਉਂ ਮਨ ਤਾਂ ਸਿਮਰਨ ਧਿਆਨ ਵਿਚ ਲਗਾ। ਹੁਣ ਅੱਗੇ ਰਸਨਾ ਲਈ ਆਖਦੇ ਹਨ ਕਿ ਸਤਿਗੁਰੂ ਜੀ ਦੀ ਮਿਹਰ ਨਾਲ (ਹਰਿ) ਵਾਹਿਗੁਰੂ ਜੀ ਦੇ ਗੁਣਾਂ ਨੂੰ ਸਦਾ ਹੀ ਗਾਵਾਂ। ਇਸ ਤੁਕ ਦਾ ਅਰਥ ਗਜਾਨੀ ਇਉਂ ਭੀ ਕਰਦੇ ਹਨ ਕਿ ਹਰੀ ਦੀ ਕ੍ਰਿਪਾ ਨਾਲ ਗੁਰੂ ਦੇ ਗੁਣਾਂ ਨੂੰ ਸਦਾ ਹੀ ਗਾਂਵਦਾ ਰਹਾਂ। ਗੁਣਾਂ ਦੇ ਗਾਂਵਦਿਆਂ ਮਨ ਵਿਚ ਖੇੜਾ ਆਵੇ, ਅਰਥਾਤ ਗੁਣ ਗਾਂਵਣ ਵਿਚ ਮਨ ਪ੍ਰਸੰਨ ਹੋਵੇ, ਇਹ ਮੇਰੀ ਇੱਛਾ ਹੈ ਜੋ ਸਤਿਗੁਰੂ ਜੀ ਪੂਰਨ ਕਰਨ। ਗੁਣਾਂ ਦਾ ਗਾਵਣਾਂ ਭੀ ਮੇਹਰ ਹੈ, ਫੇਰ ਗੁਣ ਗਾਵਨ ਵਿਚ ਮਨ ਖਿੜਨਾਂ ਇਹ ਅਤਿ ਉੱਤਮ ਮੰਗ ਹੈ। ਜਿਸ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਗੁਣ ਗਾਵਣੇ ਹਨ, ਉਨ੍ਹਾਂ ਆਪ ਸਤਿਗੁਰੂ ਅਮਰਦਾਸ ਸਾਹਿਬ ਜੀ ਦੀ ਸੇਵਾ ਕਰਕੇ ਇਹ ਉੱਚ ਪਦਵੀ (ਗੁਰਿਆਈ ਦੀ ਗੱਦੀ) ਪ੍ਰਾਪਤ ਕੀਤੀ ਹੈ ਤੇ ਸਤਿ ਸਰੂਪ ਨਿਰੰਕਾਰ ਵਾਹਿਗੁਰੂ ਜੀ ਨੂੰ ਸਿਮਰਿਆ ਹੈ। ਓਸ ਸਤਿਗੁਰੂ ਜੀ ਦੇ ਮਿਲਣ ਨਾਲ ਦਲਿੱਦਰ ਨਹੀਂ ਦਬਾਉਂਦਾ। ਇਕ ਦਲਿੱਦਰ ਤਾਂ ਧਨ ਦਾ ਨਾ ਹੋਣਾ ਹੈ, ਦੂਜਾ ਦਲਿੱਦਰ ਤ੍ਰਿਸ਼ਨਾ ਹੈ, ਸੋ ਦੋਵੇਂ ਸਤਿਗੁਰੂ ਜੀ ਦੇ ਮਿਲਣ ਨਾਲ ਦੂਰ ਹੋ ਜਾਂਦੇ ਹਨ। ਓਸ ਮਹਾਨ ਦਾਤਾਰ ਜੀ ਦੀ ਇਹ ਮਹਿਮਾਂ ਹੈ ਕਿ ਜਿਸ ਦੇ ਮਿਲਿਆਂ ਫੇਰ ਹੋਰ ਦਰ ਤੱਕਣ ਦੀ ਲੋੜ ਨਹੀਂ ਰਹਿੰਦੀ। ਧੁਨੀ ਇਹ ਹੈ ਕਿ ਜਿਸ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਅਸੀਂ ਗੁਣ ਗਾਵਣ ਲਗੇ ਹਾਂ, ਓਹ ਪੂਰਨ ਦਾਤਾ ਹੈ, ਓਹ ਐਸਾ ਮਹਾਨ ਦਾਤਾ ਹੈ ਕਿ ਉਸ ਦੀ ਬਖਸ਼ਿਸ਼ ਨਾਲ ਦਲਿੱਦਰ ਨੇ ਹੀ ਹਟ ਜਾਣਾ ਹੈ, ਕਵੀ ਲੋਕ ਬਡੇ ਪੁਰਖਾਂ ਦੇ ਗੁਣ ਗਾਕੇ ਉਨ੍ਹਾਂ ਤੋਂ ਆਪਣੀ ਲੋੜ ਦੀ ਪੂਰਤੀ ਕਰਵਾਂਦੇ ਹਨ। ਸੋ ਉਹ ਲੋੜ ਪੂਰੀ ਹੋ ਜਾਣ ਦੇ ਪਿਛੋਂ ਉਨ੍ਹਾਂ ਨੂੰ ਹੋਰ ਲੋੜ ਬਣੀ ਰਹਿੰਦੀ ਹੈ, ਸੋ ਮਹਾਂ ਦਾਤੇ ਨੇ ਹੀ ਇਥੇ ਦਸਿਆ ਹੈ ਕਿ ਮੈਂ ਉਸ ਬਖਸ਼ਿਸ਼ ਦੇ ਭੰਡਾਰ ਦੇ ਗੁਣ ਗਾਵਣ ਲੰਗਾ ਹਾਂ ਜਿਸ ਦੇ ਮਿਲਿਆਂ ਲੋੜਾਂ ਦਾ ਮੂਲ ਕਾਰਨ ਦਲਿੱਦਰ ਹੀ ਹਟ ਜਾਂਦਾ ਹੈ। ਸੋ ਇਸ ਸਾਹਿਬ ਦੇ ਗੁਣ ਗਾਵਣਹਾਰ 'ਸਿਫਤੀ ਬੰਦੇ' ਨੂੰ ਦੂਜੇ ਦਰ ਪੁਰ ਜਾਣ ਦੀ ਲੋੜ ਹੀ ਨਹੀਂ

ਰਹਿੰਦੀ। ਇਸ ਸਾਹਿਬ ਨੂੰ ਮੰਗਕੇ ਐਡੀ ਤ੍ਰਿਪਤੀ ਪ੍ਰਾਪਤ ਹੋ ਜਾਂਦੀ ਹੈ ਕਿ ਓਹ ਮੰਗਤਾ ਭੀ ਦਾਤਾ ਹੋ ਜਾਂਦਾ ਹੈ, ਕਵੀ ਜੀ ਕਹਿੰਦੇ ਹਨ ਕਿ ਓਸ ਮਹਾਨ ਦਾਤਾ ਜੀ ਦੇ ਗੁਣਾਂ ਨੂੰ ਮੈਂ ਆਖਦਾ ਹਾਂ।

ਓਹ ਗੁਣ ਪਵਿੱਤ੍ਰ ਹਨ। ਜੋ ਕੋਈ ਉਨ੍ਹਾਂ ਗੁਣਾਂ ਨੂੰ ਆਖਦਾ ਹੈ ਸੋ ਭੀ ਪਵਿੱਤ੍ਰ ਹੋ ਜਾਂਦਾ ਹੈ; ਗੁਣਾਂ ਦੇ ਗਾਵਣ ਨਾਲ ਦਿਲ ਗੁਣੀ ਵੱਲ ਖਿੱਚਿਆ ਜਾਂਦਾ ਹੈ, ਸੋ ਜਦ ਚਿੱਤ ਪਵਿੱਤ੍ਰਤਾ ਦੇ ਸੋਮੇਂ ਸਤਿਗੁਰ ਜੀ ਦੇ ਵਲ ਖਿਚੀਂਦਾ ਹੈ ਤਾਂ ਮਨ ਤੋਂ ਮੈਲ ਉੱਤਰ ਜਾਂਦੀ ਹੈ; ਇਹੀ ਗੁਣ ਗਾਵਣ ਦਾ ਉੱਤਮ ਫਲ ਹੈ। ਯਥਾ-"**ਗੁਨ ਗਾਵਤ ਤੇਰੀ ਉਤਰਸਿ ਮੈਲੁ**"। (ਸੁਖਮਨੀ) ਫੇਰ ਓਹ ਸਤਿਗੁਰੁ ਦਾਸਾਂ ਦੇ ਮਿੱਤਰ ਹਨ, ਸਰਵਦਾ ਦਾਸਾਂ ਦੇ ਸਹਾਈ ਹਨ, ਸੁਮਾਰਗ ਪਾਵਣ ਵਾਲੇ ਹਨ, ਸਦਾ ਹੀ ਦਾਸਾਂ ਦੇ ਭਲੇ ਵਿਚ ਹਨ। ਜਿਸ ਸਤਿਗੁਰੂ ਜੀ ਨੂੰ ਨਾਮੁ ਅੰਮ੍ਰਿਤ ਸਫੁਰਨ ਹੋਇਆ ਹੈ, ਚਲਦੇ ਕੁਦਰਤੀ ਚਸ਼ਮੇ ਵਾਂਗ ਸਦਾ ਨਾਮ-ਪਰਵਾਹ ਜਾਰੀ ਹੈ ਤੇ ਇਹ ਨਾਮੁ ਅੰਮ੍ਰਿਤ ਰਸ ਆਪ ਜੀ ਨੂੰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸੇਵਾ ਤੋਂ ਮਿਲਿਆ ਹੈ, ਜਿਸ ਨੂੰ ਆਪ ਨੇ ਜੀਭ ਪੁਰ ਭੀ ਟਿਕਾਯਾ ਹੈ ਤੇ ਦਿਲ ਵਿਚ ਭੀ ਟਿਕਾ ਰੱਖਿਆ ਹੈ। ਸ਼ਬਦ ਤੋਂ ਗੁਰਬਾਣੀ ਅਰਥ ਭੀ ਹੋ ਸਕਦਾ ਹੈ ਕਿ ਗੁਰਬਾਣੀ ਦਾ ਅੰਮ੍ਰਿਤ ਰਸ ਭੀ ਆਪ ਨੇ ਪਾਇਆ ਹੈ ਤੇ ਨਾਮੁ ਭੀ ਹਿਰਦੇ ਵਿਚ ਟਿਕਾਇਆ ਹੈ। ਵਾਹਿਗੁਰੂ ਨਾਮੁ ਦੇ ਰਸੁ ਲੈਣ ਵਾਲੇ ਤੇ ਵਾਹਿਗੁਰੂ ਜੀ ਦੇ ਗੁਣਾਂ ਦੇ ਵਪਾਰੀ ਤੇ ਪਰੀਪੂਰਨ ਵਾਹਿਗੁਰੂ ਜੀ ਨੂੰ ਸਰਬ ਵਿਆਪਕ ਤੱਕਣ ਵਾਲੇ ਕਲ੍ਹ ਕਵੀ ਸਤਿਗੁਰੂ ਜੀ ਦੇ ਪਿਤਾ ਦਾ ਨਾਮੁ ਲੈਕੇ ਸੰਬੋਧਨ ਕਰਦੇ ਹਨ। 'ਠਕੁਰ' ਇਕ ਖਾਨਦਾਨੀ ਅੱਲ ਹੈ, ਜਿਕੁਣ ਚੌਧਰੀ, ਮਲਕ, ਦੀਵਾਨ ਆਦਿਕ ਖਾਨਦਾਨੀ ਸੰਕੇਤ ਨਾਮੁ ਨਾਲ ਹੁੰਦੇ ਹਨ। ਠਕੁਰ ਹਰਦਾਸ ਜੀ ਸ੍ਰੀ ਰਾਮਚੰਦਰ ਮਹਾਰਾਜ ਜੀ ਦੀ ਪਵਿੱਤਰ ਕੁਲ ਵਿਚ ਹੋਏ ਹਨ। ਰਘੁਵੰਸ਼ੀ ਕੁਲ ਦਾ ਭਾਰਤ ਵਰਸ਼ ਪਰ ਬਹੁਤ ਚਿਰ ਰਾਜ ਰਿਹਾ ਹੈ, ਜਿਸ ਦਾ ਬ੍ਰਿਤਾਂਤ ਦਸਮ ਸਤਿਗੁਰੂ ਜੀ ਨੇ ਬਚਿੱਤ੍ਰ ਨਾਟਕ ਦੇ ੪-੫ ਧਿਆਇ ਵਿਚ ਕਥਨ ਕੀਤਾ ਹੈ। ਸੋ ਪ੍ਰਤੀਤ ਦਿੰਦਾ ਹੈ ਕਿ ਜਦ ਵੰਸ਼ ਦਾ ਵਾਧਾ ਹੋਣ ਦੇ ਕਾਰਨ ਛੋਟੇ ਛੋਟੇ ਰਾਜਵਾੜੇ ਬਣ ਗਏ ਤਾਂ ਓਦੋਂ ਲੋਕੀ 'ਠਾਕੁਰ ਜੀ' ਇਸ ਨਾਮੁ ਨਾਲ ਆਪਣੇ ਹੁਕਮਰਾਨਾਂ ਨੂੰ ਬੁਲਾਉਣ ਲਗੇ। ਠਾਕੁਰ ਦਾ ਅਰਥ ਸਵਾਮੀ ਹੈ, ਸੋ ਉੱਚੀ ਕੁਲ ਵਾਲਿਆਂ ਦਾ ਇਹ ਇਕ ਖ਼ਾਨਦਾਨੀ ਖ਼ਿਤਾਬ ਹੈ। ਹੁਣ ਤਕ ਭੀ ਝੰਗ, ਮੁਲਤਾਨ, ਮਿੰਟਗੁਮਰੀ ਆਦਿ ਜ਼ਿਲਿਆਂ ਵਿਚ ਠਾਕੁਰਾਂ ਦੇ ਖਾਨਦਾਨ ਹਨ ਅਰ ਨਾਮਾਂ ਨਾਲ ਪਹਿਲੇ ਬੋਲੀ ਦੇ ਹਨ, ਪਰ ਇਸ ਪਾਸੇ ਵਰਨ ਦੇਵਤਾ ਦੇ ਉਪਾਸ਼ਕਾਂ ਦੇ ਜੋ ਪੂਜਨੀਕ ਉਨ੍ਹਾਂ ਨੂੰ ਬਹੁਤਾ ਠਾਕਰ ਸਾਹਿਬ ਕਰਕੇ ਸੱਦਦੇ ਹਨ। ਠਾਕੁਰ ਹਰਦਾਸ ਜੀ ਦੇ ਸਪੁੱਤ੍ਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਖਾਲੀ ਤਾਲਾਬਾਂ ਨੂੰ ਭਰਨ ਵਾਲੇ ਹਨ। ਪ੍ਰੇਮ ਤੇ ਨਾਮੁ ਰੂਪੀ ਅੰਮ੍ਰਿਤ ਜਲ ਹੈ, ਇਸ ਤੋਂ ਦਿਲਾਂ ਦੇ ਤਾਲਾਬ ਖਾਲੀ ਹਨ, ਸੋ ਉਨ੍ਹਾਂ ਨੂੰ ਪੂਰਨ ਕਰ ਦੇਣ ਵਾਲੇ ਸਤਿਗੁਰੂ ਜੀ ਹਨ। ਅਗਲੇ ਬਚਨ ਵਿਚ ਇਸ ਦਾ ਵਿਸ਼ੇਸ਼ ਵਿਸਤਾਰ ਹੈ।੧।

| <u>ਮੂਲ</u> | <u>ਅਰਥ</u> |
|---|---|
| **ਛੁਟਤ ਪਰਵਾਹ ਅਮਿਅ ਅਮਰਾ ਪਦ ਅੰਮ੍ਰਿਤ ਸਰੋਵਰ ਸਦ ਭਰਿਆ॥ ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁ ਸੇਵਾ ਕਰੀਆ॥ ਤਿਨ ਭਉ ਨਿਵਾਰਿ ਅਨਭੈ ਪਦੁ** | (ਸਤਿਗੁਰੂ ਜੀ ਤੋਂ) ਚਲ ਰਿਹਾ ਹੈ (ਨਾਮ) ਅੰਮ੍ਰਿਤ ਦਾ ਪ੍ਰਵਾਹ ਅਮਰ ਪਦਵੀ (ਦੇ ਦੇਣ ਵਾਲਾ ਅਰ ਬਾਹਰ ਸਤਿ-ਸੰਗ ਸਰੂਪ) ਤਾਲਾਬ ਭੀ (ਨਾਮ) ਅੰਮ੍ਰਿਤ ਨਾਲ ਸਦਾ ਹੀ ਭਰਿਆ ਹੈ। ਓਹ ਸੰਤ (ਰਸਨਾ ਕਰਕੇ) ਪੀਂਵਦੇ ਹਨ ਤੇ ਮਨ ਕਰਦੇ ਕਰਦੇ ਹਨ ਇਸ਼ਨਾਨ, ਜਿਨ੍ਹਾਂ ਨੇ ਪਿੱਛੇ ਸੇਵਾ ਕੀਤੀ ਹੈ। ਉਨ੍ਹਾਂ ਦਾ ਭਉ ਦੂਰ ਕਰਕੇ ਨਿਰਭੈ (ਗਿਆਨ) |

| | |
|---|---|
| **ਦੀਨਾ ਸਬਦ ਮਾਤ੍ਰ ਤੇ ਉਧਰ ਧਰੇ ॥ ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥ ੨ ॥** | ਪਦਵੀ ਦਿੱਤੀ ਹੈ; ਏਹ ਸਤਿਗੁਰੂ ਕੇਵਲ ਨਾਮ ਆਸਰੇ ਹੀ ਉਧਾਰ ਕਰ ਦਿੰਦੇ ਹਨ। ਕਲ੍ਯ ਕਵੀ ਜੀ (ਆਖਦੇ ਹਨ ਕਿ) ਠਾਕੁਰ ਹਰਦਾਸ ਜੀ ਦੇ ਸਪੁਤ੍ਰ ਸ੍ਰੀ ਗੁਰੂ ਰਾਮਦਾਸ ਜੀ ਨੇ ਖਾਲੀ ਤਾਲਾਬਾਂ (ਵਾਂਗ ਜੋ ਹਿਰਦੇ ਹਨ ਓਹ ਨਾਮ ਤੇ ਪ੍ਰੇਮ ਰੂਪੀ ਅੰਮ੍ਰਿਤ ਨਾਲ) ਭਰਪੂਰ ਕਰ ਦਿੱਤੇ ਹਨ॥੨॥ |

**ਪਦਾਰਥ**—ਅਮਿਅ-ਅੰਮ੍ਰਿਤ। ਸਰੋਵਰ-ਤਾਲਾਬ। ਪ੍ਰਬ-ਪਿਛਲੇ ਜਨਮ ਜਾਂ ਪਹਿਲਾਂ। ਅਨਭੈ ਪਦੁ-ਅਭੈ ਪਦ, ਜਾਂ ਗਿਆਨ ਦੀ ਪਦਵੀ।

**ਭਾਵ**—ਸਤਿਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਦੇ ਅਪਣੇ ਨਿਜ ਸਰੂਪ ਤੋਂ ਇਕ ਅੰਮ੍ਰਿਤ ਕੀ ਹੈ 'ਰਸੁ ਰੂਪ ਨਾਮ' ਦੇ ਫੁਹਾਰੇ ਛੁੱਟ ਰਹੇ ਹਨ। ਇਹ ਨਾਮ ਰਸ ਰੂਪ ਹੈ। ਯਥਾ-"**ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ**"। ਇਸ ਨਾਮ ਅੰਮ੍ਰਿਤ ਦਾ ਟਿਕਾਉ ਹੈ ਸਤਿਸੰਗ ਵਿਚ, ਸੋ ਸਤਿਸੰਗ ਰੂਪੀ ਤਾਲਾਬ ਨਾਮ ਅੰਮ੍ਰਿਤ ਨਾਲ ਸਦਾ ਹੀ ਭਰਪੂਰ ਹੈ। ਸਤਿਗੁਰੂ ਇਸ ਨਾਮ ਅੰਮ੍ਰਿਤ ਦਾ ਅਗੰਮੀ ਸੋਮਾ ਹਨ, ਜਿਨ੍ਹਾਂ ਤੋਂ ਨਿਰੰਤਰ ਅੰਮ੍ਰਿਤ ਦਾ ਪਰਵਾਹ ਜਾਰੀ ਹੈ। ਸੋ ਮੁੱਢ ਤਾਂ ਇਹ ਪਰਵਾਹ ਦਾ ਗੁਰੂ ਹੈ ਤੇ ਇਹ ਪਰਵਾਹ ਪੈ ਰਿਹਾ ਹੈ ਨਾਮ ਟੇਕ ਵਾਲੇ ਸਤਿਸੰਗ ਵਿਚ, ਸੋ ਸਤਿਸੰਗ ਸਰੋਵਰ ਸਤਿਗੁਰੂ ਜੀ ਦੀ ਦਾਤ ਅੰਮ੍ਰਿਤ ਨਾਲ ਸਦਾ ਭਰਪੂਰ ਹੈ। ਹੁਣ ਇਸ ਤਾਲਾਬ ਤੋਂ ਨਾਮ ਅੰਮ੍ਰਿਤ ਪੀਣ ਵਾਲੇ ਤੇ ਇਸ਼ਨਾਨ ਕਰਨ ਵਾਲੇ ਓਹ ਜਗਯਾਸੂ ਹਨ ਜਿਨ੍ਹਾਂ ਨੇ ਪੂਰਬਲੇ ਜਨਮਾਂ ਵਿਚ ਜਾਂ ਹੁਣ ਸੇਵਾ ਕੀਤੀ ਹੈ। ਸੇਵਾ ਸਤਿਗੁਰ ਦੇ ਸਤਿਸੰਗ ਦੀ ਹੈ। ਜਿਸ ਸੇਵਾ ਤੋਂ ਇਸ ਅੰਮ੍ਰਿਤ ਪੀਣ ਦਾ ਅਵਸਰ ਲੱਭਦਾ ਹੈ; ਇਸੇ ਵਾਸਤੇ ਕਿਹਾ ਹੈ "**ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ**"; (੯੯੨) ਸੋ ਨਾਮ ਅੰਮ੍ਰਿਤ ਦੇ ਲੈਣ ਲਈ ਪਹਿਲਾ ਸਾਧਨ ਸੇਵਾ ਹੈ। ਕਈ ਜਗਯਾਸੂ ਤਾਂ ਪੂਰਬ ਜਨਮਾਂ ਵਿਚ ਸੇਵਾ ਕਰਦੇ ਰਹੇ ਹਨ ਤੇ ਹੁਣ ਸੇਵਾ ਦਾ ਫਲ ਨਾਮ ਅੰਮ੍ਰਿਤ ਉਨ੍ਹਾਂ ਨੂੰ ਪ੍ਰਾਪਤ ਹੋਇਆ ਹੈ, ਤੇ ਕਈਆਂ ਨੇ ਹੁਣ ਹੀ ਪਹਿਲਾਂ ਸੇਵਾ ਕੀਤੀ ਹੈ ਤੇ ਪਿਛੋਂ ਨਾਮ ਅੰਮ੍ਰਿਤ ਲੈਣ ਦੇ ਯੋਗ ਹੋ ਗਏ ਹਨ। ਸੋ ਜਿਨ੍ਹਾਂ ਸੇਵਾ ਕਰਕੇ ਨਾਮ ਅੰਮ੍ਰਿਤ ਰਸਨਾਂ ਨਾਲ ਪੀਤਾ ਹੈ ਤੇ ਮਨ ਨਾਲ ਇਸ਼ਨਾਨ ਕੀਤਾ ਹੈ, ਉਨ੍ਹਾਂ ਦਾ ਭੈ ਸਤਿਗੁਰੂ ਨੇ ਦੂਰ ਕਰ ਦਿੱਤਾ ਹੈ। ਓਹ ਅਭੈ ਪਦ ਵਿਚ ਟਿਕੇ ਹਨ ਤੇ ਹੋਰ ਸਾਧਨਾ ਤੇ ਜਤਨਾਂ ਤੋਂ ਬਿਨਾਂ ਹੀ ਕੇਵਲ ਸਤਿਗੁਰੂ ਜੀ ਦੇ ਸ਼ਬਦ ਨਾਲ ਹੀ ਤਰ ਗਏ ਹਨ। ਧੰਨ ਹਨ ਸਤਿਗੁਰੂ ਰਾਮਦਾਸ ਜੀ ਮਹਾਰਾਜ ਜਿਨ੍ਹਾਂ ਨੇ ਖਾਲੀ ਹੋਏ ਹੋਏ ਦਿਲ ਦੇ ਤਲਾਵਾਂ ਨੂੰ ਨਾਮ ਅੰਮ੍ਰਿਤ ਨਾਲ ਭਰਪੂਰ ਕਰ ਦਿੱਤਾ ਹੈ। ਇਸ ਬਚਨ ਦੀਆਂ ਦੋ ਪਹਿਲੀਆਂ ਤੁਕਾਂ ਦਾ ਇਉਂ ਭੀ ਵਿਚਾਰ ਗਯਾਨੀ ਕਰਦੇ ਹਨ:- ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਜੋ ਲਗਾਤਾਰ ਵਾਹਿਗੁਰੂ ਜੀ ਦਾ ਕੀਰਤਨ ਹੋ ਰਿਹਾ ਹੈ ਇਹ ਅੰਮ੍ਰਿਤ ਦਾ ਪਰਵਾਹ ਚਲ ਰਿਹਾ ਹੈ, ਜਿਸ ਤੋਂ ਐਸੀ ਪਦਵੀ ਮਿਲਦੀ ਹੈ ਕਿ ਜੋ ਮੌਤ ਤੋਂ ਪਾਰ ਹੈ ਤੇ ਨਿਰੋਲ ਸੁਖ ਰੂਪ ਹੈ, ਤੇ ਬਾਹਰਲਾ ਸਰੋਵਰ ਭੀ ਅੰਮ੍ਰਿਤ ਨਾਲ ਭਰਪੂਰ ਹੋ ਰਿਹਾ ਹੈ। ਓਹ ਪੀਂਵਦੇ ਤੇ ਇਸ਼ਨਾਨ ਕਰਦੇ ਹਨ ਅੰਮ੍ਰਿਤ ਵਿਚ, ਜਿਨ੍ਹਾਂ ਨੇ ਮਨ ਲਗਾ ਕੇ ਪਹਿਲਾਂ ਸੰਤਾਂ ਦੀ (ਸਤਿਗੁਰਾਂ ਦੀ) ਸੇਵਾ ਕੀਤੀ ਹੈ॥੨॥

| **ਮੂਲ** | **ਅਰਥ** |
|---|---|
| **ਸਤਗੁਰ ਮਤਿ ਗੂੜ੍ਹ ਬਿਮਲ ਸਤ ਸੰਗਤਿ ਆਤਮੁ ਰੰਗਿ ਚਲੂਲੁ ਭਯਾ ॥ ਜਾਗ੍ਯਾ ਮਨ ਕਵਲੁ ਸਹਜਿ** | ਡੂੰਘੀ ਮਤਿ ਵਾਲੇ ਸਤਿਗੁਰੂ (ਅਮਰਦਾਸ ਸਾਹਿਬ ਜੀ ਦੇ ਪਵਿੱਤ੍ਰ) ਸਤਿਸੰਗ ਤੋਂ (ਆਪ ਜੀ ਨੂੰ) ਗੂੜ੍ਹਾ ਆਤਮਾ ਦਾ ਰੰਗ ਚੜ੍ਹ ਗਿਆ। ਮਨ ਜਾਗ ਪਿਆ, ਦਿਲ ਦਾ ਕੌਲ ਫੁਲ |

**ਪਰਕਾਸ੍ਯਾ ਅਭੈ ਨਿਰੰਜਨੁ ਘਰਹਿ ਲਹਾ ॥ ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜ੍ਹਾਯਾ ਤਿਸੁ ਪ੍ਰਸਾਦਿ ਵਸਿ ਪੰਚ ਕਰੇ ॥ ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥ ੩ ॥**

ਸਹਿਜੇ ਹੀ ਖਿੜ ਪਿਆ। ਨਿਰਭਉ ਵਾਹਿਗੁਰੂ ਘਰ ਦੇ ਵਿਚੋਂ ਹੀ ਮਿਲ ਪਿਆ। ਦਿਆਲੂ ਸਤਿਗੁਰੂ (ਅਮਰਦਾਸ ਜੀ) ਨੇ ਵਾਹਿਗੁਰੂ ਜੀ ਦਾ ਨਾਮ ਦ੍ਰਿੜ੍ਹ ਕਰਾ ਦਿੱਤਾ, ਉਨ੍ਹਾਂ ਦੀ ਹੀ ਮੇਹਰ ਨਾਲ ਪੰਜ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਪ ਜੀ ਨੇ) ਵੱਸ ਕਰ ਲੀਤੇ। ਕਲ੍ਯ ਕਵੀ ਜੀ (ਆਖਦੇ ਹਨ) ਠਾਕੁਰ ਹਰਿਦਾਸ ਸਾਹਿਬ ਜੀ ਦੇ ਸਪੁਤ੍ਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਖਾਲੀ ਦਿਲਾਂ ਰੂਪੀ ਤਾਲਾਵਾਂ ਨੂੰ ਅੰਮ੍ਰਿਤ ਨਾਲ ਭਰਪੂਰ ਕਰ ਦਿੱਤਾ॥੩॥

**ਪਦਾਰਥ**—ਮਤਿ-ਬੁਧਿ, ਸਿਖਜਾ, ਸਿਧਾਂਤੁ। ਬਿਮਲ-ਨਿਰਮਲ, ਸ਼ੁੱਧ, ਪਵਿੱਤ੍ਰ। ਚਲੂਲੁ-ਗਾਹੜਾ। ਪੰਚ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਇਹ ਪੰਜ। ਸਰ-ਤਾਲਾਵ ਦਿਲ ਰੂਪੀ।

**ਭਾਵ**—ਭਾਵੇਂ ਇਸ ਤੁਕ ਦਾ ਅਰਥ ਗਜਾਨੀ ਇਉਂ ਭੀ ਕਰਦੇ ਹਨ, ਸਤਿਗੁਰੂ ਰਾਮਦਾਸ ਸਾਹਿਬ ਜੀ ਦੀ ਬੁਧੀ ਡੂੰਘੀ ਹੈ ਤੇ ਸਤਿਸੰਗ ਪਵਿੱਤ੍ਰ ਹੈ। ਆਪ ਜੀ ਦੇ ਆਤਮਾ ਪੁਰ ਪ੍ਰੇਮ ਦਾ ਰੰਗ ਗੂੜ੍ਹਾ ਚੜ੍ਹਿਆ ਹੈ, ਪਰ ਉਪਰਲੇ ਅ਼ਰਥ ਨੂੰ ਇਸ ਭਾਵ ਨਾਲ ਵਿਸ਼ੇਸ਼ ਜਾਤਾ ਹੈ ਕਿ ਆਤਮਾ ਰੰਗ ਦਾ ਕਥਨ ਹੋਣ ਦੇ ਕਾਰਨ ਪਹਿਲਾਂ ਰੰਗਣ ਵਾਲਾ ਚਾਹੀਏ, ਫੇਰ ਬਸਤਰ ਸੁਛਤਾ ਚਾਹੀਏ। ਇਸ ਕ੍ਰਮ ਦੇ ਜੋੜਨ ਲਈ ਅਰਥ ਕੀਤਾ ਹੈ ਕਿ ਸਤਿਗੁਰੂ ਅਮਰਦਾਸ ਸਾਹਿਬ ਜੀ ਡੂੰਘੀ ਬੁਧਿ ਵਾਲੇ ਸਤਿਗੁਰੂ ਹਨ, ਅਥਵਾ ਡੂੰਘੀ (ਮਤਿ) ਸਿਖਜਾ ਦੇ ਦਾਤੇ ਹਨ। ਇਹ ਰੰਗਣ ਹਾਰ ਹੋਏ, ਤੇ ਸਤਿਸੰਗ ਨਿਰਮਲ ਸਰੋਵਰ ਹੈ ਜਿਸ ਵਿਚ ਆਤਮਾ ਦੀ ਮੈਲ ਧੋਪਦੀ ਹੈ ਤੇ ਰੰਗਣ ਦੇ ਯੋਗ (ਆਤਮਾ) ਮਨ ਜਾਂ ਜੀਵ ਹੋ ਜਾਂਦਾ ਹੈ, ਫੇਰ ਆਤਮਾ ਪੁਰ ਪ੍ਰੇਮ ਦਾ ਗੂੜਾ ਲਾਲੋ ਲਾਲ ਰੰਗ ਚੜ੍ਹ ਜਾਂਦਾ ਹੈ। ਮਨ ਮਾਇਆ ਦੀ ਨੀਂਦ ਵਿਚ ਮਸਤ ਹੋਇਆ ਸੁਤਾ ਪਿਆ ਹੈ। ਯਥਾ-"**ਮਨੁ ਸੋਇਆ ਮਾਇਆ ਬਿਸਮਾਦਿ**"। (੧੮੨) ਸਤਿਗੁਰੂ ਜੀ ਦੀ ਮੇਹਰ ਨਾਲ ਮਨ ਜਾਗ ਪਿਆ। ਜੋ ਦਿਲ ਦਾ ਕੌਲ ਫੂਲ ਮੁਰਝਾ ਰਿਹਾ ਹੈ ਸ੍ਰੀ ਸਤਿਗੁਰ ਜੀ ਦੀ ਮਿਹਰ ਨਾਲ ਖਿੜ ਪਿਆ। ਨਿਰਭਉ, ਸੁਧ ਸ੍ਵਰੂਪ ਵਾਹਿਗੁਰੂ ਆਪਣੇ ਅੰਦਰੋਂ ਹੀ ਲੱਭ ਪਿਆ। ਦਿਆਲੂ ਸਤਿਗੁਰੂ ਅਮਰਦਾਸ ਸਾਹਿਬ ਜੀ ਨੇ ਵਾਹਿਗੁਰੂ ਜੀ ਦਾ ਨਾਮ ਦ੍ਰਿੜ ਕਰਾ ਦਿਤਾ। ਮੁਕਤੀ ਲਈ ਇਕੋ ਇਕ ਨਾਮ ਹੀ ਮੁੱਖ ਹੈ ਪਰ ਨਾਮ ਪੁਰ ਦ੍ਰਿੜਤਾ ਨਹੀਂ ਆਉਂਦੀ, ਸੰਸੇ ਘੇਰਦੇ ਹਨ, ਕੁਸੰਗਤ ਅਸਰ ਪਾਕੇ ਨਾਮ ਤੋਂ ਡਿਗਾਉਂਦੀ ਹੈ, ਸੰਸਾਰਕ ਸੁਖ ਨਾਮ ਤੋਂ ਵਿਛੋੜਦੇ ਹਨ। ਪਰਮਾਰਥ ਦਾ ਰੂਪ ਧਾਰਕੇ ਮਿਲੇ ਲੋਕ ਤੇ ਕਈ ਬਾਹਰਲੇ ਪਰਚਾਵੇ ਨਾਮ ਤੋਂ ਫੇਰਦੇ ਹਨ, ਇਨ੍ਹਾਂ ਮੁਸ਼ਕਲਾਂ ਤੋਂ ਲੰਘਕੇ ਕੇਵਲ ਨਾਮ ਤੇ ਟੇਕ ਬੰਨ੍ਹਣੀ ਇਹ ਸਤਿਗੁਰ ਜੀ ਦੀ ਮੇਹਰ ਹੈ। ਸਤਿਗੁਰ ਦੀ ਮਿਹਰ ਨਾਲ ਹੀ ਮਹਾਂਬਲੀ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਵਸ ਕੀਤੇ ਹਨ। ਇਹ ਪੰਜੇ ਦੂਤ ਮਾਨੁਖ ਨੂੰ ਆਪਣੇ ਵਸ ਕਰਕੇ ਚੌਰਾਸੀ ਦੇ ਗੇੜ ਵਿਚ ਹੀ ਰਖਦੇ ਹਨ, ਤੇ ਨਾਸ਼ ਕੀਤਿਆਂ ਇਹ ਨਾਸ਼ ਹੁੰਦੇ ਹੀ ਨਹੀਂ, ਪਰ ਜੇ ਨਾਸ਼ ਹੋ ਜਾਣ ਤਾਂ ਸੰਸਾਰ ਵਿਚ ਸੰਸਾਰ ਯਾਤ੍ਰਾ ਤੇ ਪਰਮਾਰਥ ਯਾਤ੍ਰਾ ਦੋਵੇਂ ਹੀ ਨਹੀਂ ਚਲ ਸਕਦੀਆਂ। ਇਸ ਲਈ ਇਨ੍ਹਾਂ ਦਾ ਮਿਆਨ ਵਿਚ ਰੱਖੀ ਤਲਵਾਰ ਵਾਂਗ ਆਪਣੇ ਵਸ ਵਿਚ ਹੋਣਾ ਹੀ ਸੁਖਦਾਈ ਹੈ, ਸੋ ਸਤਿਗੁਰ ਦੀ ਮੇਹਰ ਨਾਲ ਆਪ ਜੀ ਨੇ ਇਹ ਵਸ ਕੀਤੇ ਹਨ। ਕਲ੍ਯ ਕਵੀ ਜੀ

ਆਖਦੇ ਹਨ ਠਾਕੁਰ ਹਰਦਾਸ ਜੀ ਦੇ ਸਪੁਤ੍ਰ ਗੁਰੂ ਰਾਮ ਦਾਸ ਸਾਹਿਬ ਜੀ ਮਹਾਰਾਜ ਪ੍ਰੇਮ ਨਾਮ ਰੂਪੀ ਅੰਮ੍ਰਿਤ ਨਾਲ ਦਿਲ ਦੇ ਖਾਲੀ ਤਲਾਵਾਂ ਨੂੰ ਭਰਨ ਵਾਲੇ ਹਨ। ਇਸ ਸਵਈਏ ਦਾ ਵਿਚਾਰ ਇਉਂ ਭੀ ਹੈ ਕਿ ਕਵੀ ਜੀ ਦੇ ਨਾਲ ਜੋ ਬੀਤੀ ਹੈ, ਅਰਥਾਤ ਸਤਿਗੁਰੂ ਜੀ ਦੇ ਡੂੰਘੇ ਸਿਧਾਂਤ ਤੇ ਪਵਿੱਤ੍ਰ ਸਤਿਸੰਗ ਤੋਂ ਜੋ ਕੁਛ ਕਲ੍ਹ ਭਟਾਚਾਰਯ ਜੀ ਨੂੰ ਲੱਭਾ ਹੈ ਉਸਦਾ ਵਰਣਨ ਇਸ ਵਿਚ ਕੀਤਾ ਹੈ। ਯਥਾ-ਸਤਿਗੁਰੂ ਜੀ ਦਾ ਸਿਧਾਂਤ, ਵੇਦ ਸ਼ਾਸਤ੍ਰ ਆਦਿ ਜੋ ਕੁਛ ਅਸਾਂ ਪੜ੍ਹੇ ਸੁਣੇ ਹਨ ਜਾਂ ਫਿਰ-ਟੁਰ ਕੇ ਜਪੀ ਤਪੀ ਸੰਨਿਆਸੀ, ਸਾਧੂ ਦੇਖੇ ਹਨ ਉਨ੍ਹਾਂ ਤੋਂ ਬਹੁਤ ਡੂੰਘਾ ਹੈ, ਅਰਥਾਤ ਧੁਰ ਤੋਂ ਆਇਆ ਹੈ। ਸਤਿਗੁਰ ਜੀ ਦਾ ਮਤ ਪਰਮ ਡੂੰਘਾ ਹੈ; ਜਿਸ ਨੂੰ ਸੁਰ ਨਰ ਮੁਨਿ ਜਨ ਖੋਜਦੇ ਹਨ। ਉਸ ਡੂੰਘੇ ਸਿਧਾਂਤ ਵਾਲੇ ਸਤਿਗੁਰ ਜੀ ਦੇ ਪਵਿਤ੍ਰ ਸਤਿਸੰਗ ਤੋਂ ਆਤਮਾ ਪੁਰ ਗੂੜ੍ਹਾ ਪ੍ਰੇਮ ਦਾ ਰੰਗ ਚੜ੍ਹਿਆ ਹੈ, ਅਵਿਦਿਆ ਨੀਂਦ ਵਿਚ ਸੁੱਤਾ ਮਨ ਜਾਗ ਪਿਆ ਹੈ, ਦਿਲ ਦਾ ਕੋਲ ਫੁਲ ਸਿਧਾ ਹੋਕੇ ਖਿੜ ਪਿਆ ਹੈ, ਵਾਹਿਗੁਰੂ ਲੱਭ ਪਿਆ ਹੈ। ਸਤਿਗੁਰਾਂ ਨੇ ਨਾਮ ਬਖਸ਼ਿਆ ਹੈ, ਉਨ੍ਹਾਂ ਦੀ ਮੇਹਰ ਨਾਲ ਪੰਜੇ ਵਸ ਕੀਤੇ ਹਨ, ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਇਉਂ ਮੇਰੇ ਜਿਹੇ ਖਾਲੀ ਤਲਾਵਾਂ ਨੂੰ ਭਰ ਦਿਤਾ ਹੈ॥੩॥

| ਮੂਲ | ਅਰਥ |
|---|---|
| **ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ ॥ ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ॥ ਮੇਟਿਆ ਜਨਮਾਂਤੁ ਮਰਣ ਭਉ ਭਾਗਾ ਚਿਤੁ ਲਾਗਾ ਸੰਤੋਖ ਸਰੇ ॥ ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥ ੪ ॥** | ਸੁਤੇ ਹੀ ਘਰ ਵਿਚ (ਆਪ ਜੀ ਨੂੰ) ਪਾਰਸ ਮਿਲ ਗਿਆ (ਅਰਥਾਤ ਸਤਿਗੁਰੂ ਅਮਰਦਾਸ ਸਾਹਿਬ ਜੀ ਪ੍ਰਾਪਤ ਹੋ ਗਏ); (ਜਿਨ੍ਹਾਂ ਦੇ ਮਿਲਨ ਨਾਲ) ਵਾਹਿਗੁਰੂ ਜੀ ਵਿਚ ਲਿਵ ਲਗ ਗਈ ਤੇ ਉਨਮਨਿ (ਅਵਸਥਾ) ਦਾ ਗਿਆਨ ਪ੍ਰਾਪਤ ਹੋਇਆ। ਸਤਿਗੁਰੂ ਜੀ ਦੀ ਕ੍ਰਿਪਾ ਨਾਲ (ਆਪ ਜੀ ਨੇ) ਪਰਮ ਪਦ ਪਾ ਲਿਆ ਤੇ ਪ੍ਰੇਮਾ ਭਗਤੀ ਦੇ ਭੰਡਾਰੇ ਭਰਪੂਰ ਹੋ ਗਏ। ਮੌਤ ਦਾ ਡਰ ਦੂਰ ਹੋ ਗਿਆ ਤੇ ਹੋਰ ਜਨਮਾਂ ਦਾ ਹੋਣਾ ਮਿਟ ਗਿਆ, ਸੰਤੋਖ ਸਰੋਵਰ (ਵਾਹਿਗੁਰੂ ਜੀ) ਵਿਚ ਚਿਤ ਲਗ ਗਿਆ। ਕਲ੍ਹ ਕਵੀ ਜੀ (ਆਖਦੇ ਹਨ) ਠਾਕੁਰ ਹਰਿਦਾਸ ਜੀ ਦੇ ਸਪੁਤਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਖਾਲੀ ਤਲਾ ਭਰ ਦਿਤੇ ਹਨ, (ਅਰਥਾਤ ਪ੍ਰੇਮ ਤੇ ਨਾਮ ਰੂਪ ਅੰਮ੍ਰਿਤ ਜਲ ਨਾਲ ਗੁਰਸਿਖਾਂ ਦੇ ਦਿਲ ਭਰ ਦਿਤੇ ਹਨ)॥੪॥ |

**ਪਦਾਰਥ**—ਅਕਲ-ਕਲਪਨਾਂ ਤੋਂ ਰਹਿਤ, ਵਾਹਿਗੁਰੂ। ਭੇਟਿਆ-ਮਿਲਿਆ। ਜਨਮਾਂਤੁ-ਜਨਮ ਤੇ ਅੰਤ, ਜਾਂ ਹੋਰ ਜਨਮਾਂ ਦਾ ਹੋਣਾ। ਸਰੇ-ਤਾਲਾਬ।

**ਭਾਵ**—ਮਨ ਪਾਪਾਂ ਨਾਲ ਮਿਲਕੇ ਲੋਹੇ ਵਾਂਗ ਕਾਲਾ ਤੇ ਤੁੱਛ ਮੁੱਲ ਵਾਲਾ ਹੋ ਰਿਹਾ ਹੈ, ਪਰ ਜਦ ਸਤਿਗੁਰੂ ਪਾਰਸ ਨਾਲ ਛੋਹਂਦਾ ਹੈ ਤਾਂ ਮਨ ਸੋਨੇ ਵਾਂਗ ਸੁੱਛ ਚਮਕ ਦਮਕ ਵਾਲਾ ਖ਼ੂਬਸੂਰਤ ਹੋ ਜਾਂਦਾ ਹੈ ਤੇ ਕੀਮਤੀ ਬਨ ਜਾਂਦਾ ਹੈ। ਸਤਿਗੁਰੂ ਰੂਪੀ ਪਾਰਸ ਦਾ ਮਿਲਣਾ ਦੁਰਲੱਭ ਹੈ ਪਰ ਆਪ ਜੀ ਨੂੰ ਸੁਤੇ ਹੀ ਘਰ ਵਿਚ ਪਾਰਸ ਰੂਪ ਸਤਿਗੁਰੂ ਅਮਰਦਾਸ ਸਾਹਿਬ ਜੀ ਮਹਾਰਾਜ ਪ੍ਰਾਪਤ ਹੋ ਗਏ ਹਨ। ਇਹ ਇਸ਼ਾਰਾ ਓਸ ਸਨਬੰਧ ਬਾਬਤ ਹੈ ਜੋ ਸਤਿਗੁਰੂ ਅਮਰਦਾਸ ਸਾਹਿਬ ਜੀ ਦੀ ਸਪੁੱਤ੍ਰੀ ਬੀਬੀ ਭਾਨੀ ਜੀ ਨਾਲ ਸਤਿਗੁਰੂ ਰਾਮਦਾਸ ਸਾਹਿਬ ਜੀ ਦਾ ਹੋਇਆ। ਸੰਸਾਰਕ ਸੂਤ ਵਿਚ ਸ੍ਰੀ ਗੁਰੂ

ਅਮਰਦਾਸ ਸਾਹਿਬ ਜੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਹੁਰੇ ਹੋਸਨ, ਸਤਿਗੁਰੂ ਰਾਮਦਾਸ ਜੀ ਨੇ ਇਹ ਸਾਕਾਦਾਰੀ ਦਾ ਮਾਨ ਤਜਕੇ ਸਿਖੀ ਭਾਵ ਨਾਲ ਸਤਿਗੁਰੂ ਜੀ ਦੀ ਸੇਵਾ ਕੀਤੀ, ਜਿਸ ਤੇ ਪ੍ਰਸੰਨ ਹੋਕੇ ਸਤਿਗੁਰੂ ਜੀ ਨੇ ਗੁਰਿਆਈ ਦੀ ਗੱਦੀ ਆਪ ਨੂੰ ਹੀ ਦਿਤੀ; ਇਉਂ ਸਹਜੇ ਹੀ ਘਰ ਵਿਚ ਸਤਿਗੁਰੂ ਪਾਰਸ ਪ੍ਰਾਪਤ ਹੋ ਗਏ। ਜਿਨ੍ਹਾਂ ਦੀ ਮੇਹਰ ਨਾਲ (ਅਕਲ) ਕਲਪਨਾਂ ਤੋਂ ਰਹਿਤ ਵਾਹਿਗੁਰੂ ਜੀ ਵਿਚ ਚਿਤ ਬ੍ਰਿਤੀ ਦਾ ਲਗਾਤਾਰੀ ਪ੍ਰਵਾਹ ਰੂਪ ਲਿਵ ਲਗ ਗਈ। ਸਤਿਗੁਰੂ ਜੀ ਦਾ ਧਿਆਨ, ਨਾਮ ਦਾ ਧਿਆਨ, ਨਾਮ ਦਾ ਸਿਮਰਨ, ਪ੍ਰੇਮ ਭਰੇ ਰੰਗ ਵਿਚ ਲਗਾਤਾਰ ਹੋ ਜਾਣਾ ਲਿਵ ਹੈ। ਇਸ ਲਿਵ ਲਗਨ ਨਾਲ ਓਸ ਦਸ਼ਾ ਦਾ ਗਿਆਨ ਪ੍ਰਾਪਤ ਹੋਇਆ ਜਿਸ ਨੂੰ 'ਉਨਮਨਿ' ਆਖਦੇ ਹਨ। 'ਉਨਮਨਿ' ਦੇ ਅਰਥ ਹਨ 'ਤੁਰੀਆ ਪਦ'। ਵਿਸ਼ੇਸ਼ ਵਿਚਾਰ ਲਈ ਦੇਖੋ ਕੋਸ਼ ਖਾ: ਟ੍ਰੈ: ਸੁਸੈਟੀ ਵਾਲਾ।

ਪਰਮ ਪਦ, ਅਰਥਾਤ ਉੱਚਾ ਪਦ, ਓਹ ਦਰਜਾ ਜਿਸ ਦੇ ਤਾਬਿਆ ਗੁਪਤ ਪ੍ਰਗਟ ਰਚਨਾ ਹੈ, ਜਿਸ ਦੇ ਤਾਬਿਆ ਦੇਵ ਅਦੇਵ ਤਾਕਤਾਂ ਹਨ, ਜਿਸਦੇ ਅਧੀਨ ਅਵਤਾਰ ਪੈਗੰਬਰ, ਪੀਰ, ਸਿਧ, ਜਤੀ, ਨਾਥ ਹਨ, ਜਿਸ ਦੇ ਵਸ ਵਿਚ ਰਿਧੀਆਂ ਸਿਧੀਆਂ ਤੇ ਨਿਧੀਆਂ ਤੇ ਦੈਵੀ ਗੁਣਾਂ ਦੇ ਖਜ਼ਾਨੇ ਹਨ, ਓਹ ਪਦ ਸਤਿਗੁਰੂ ਅਮਰਦਾਸ ਸਾਹਿਬ ਜੀ ਨੇ ਆਪ ਨੂੰ ਬਖਸ਼ਿਆ ਹੈ। ਸਿਖ ਸੰਗਤਾਂ ਵਿਚ ਖੁਲ੍ਹੇ ਗਫੇ ਵਰਤਾਣ ਲਈ ਆਪ ਜੀ ਦੇ ਭੰਡਾਰੇ ਭਰਪੂਰ ਹਨ, ਓਹ ਭੰਡਾਰੇ ਹਨ ਪ੍ਰੇਮਾ ਭਗਤੀ ਦੇ ਜੋ ਸਭ ਦੈਵੀ ਗੁਣਾਂ ਦੀ ਸਿਰਤਾਜ ਹੈ। ਜਿਸ ਤੋਂ ਬਿਨਾਂ **"ਭਗਤਿ ਬਿਨਾ ਬਹੁ ਡੂਬੇ ਸਿਆਨੇ"**(੨੮੮) ਬਡੇ ਬਡੇ ਦਾਨੇ ਭੀ ਸੰਸਾਰ ਵਿਚ ਡੁਬ ਗਏ। ਓਸ ਮਹਾਨ ਪਵਿੱਤ੍ਰ ਪ੍ਰੇਮਾ ਭਗਤੀ ਦੇ ਖਜ਼ਾਨੇ ਆਪ ਪਾਸ ਹਨ। ਦੂਰ ਹੋ ਚੁਕਾ ਹੈ ਆਪ ਤੋਂ ਪੁਨਰ ਜਨਮ, ਤਥਾ ਦੌੜ ਗਿਆ ਹੈ ਆਪ ਤੋਂ ਮੌਤ ਦਾ ਖ਼ੌਫ਼, ਆਪ ਜਨਮ-ਮ੍ਰਿਤੂ ਤੋਂ ਪਾਰ ਹੋ ਚੁਕੇ ਹੋ, ਪੂਰਨ ਤ੍ਰਿਪਤ ਸਰੂਪ ਵਾਹਿਗੁਰੂ ਜੀ ਵਿਚ ਆਪ ਦਾ ਚਿਤ ਲਗ ਰਿਹਾ ਹੈ। **"ਜਨਮਾਂਤੁ ਮਰਣ ਭਉ ਭਾਗਾ"** ਇਸ ਤੁਕ ਦਾ ਇਉਂ ਭੀ ਵਿਚਾਰ ਕਰਦੇ ਹਨ ਕਿ ਜਨਮ ਤੇ ਅੰਤ ਸਮੇਂ ਜੋ ਹੋਣਾ ਹੈ ਮੌਤ ਦਾ ਡਰ ਇਹ ਆਪ ਤੋਂ ਭਜ ਗਿਆ ਹੈ। ਕਲ੍ਯ ਕਵੀ ਜੀ ਆਖਦੇ ਹਨ ਠਾਕਰ ਹਰਦਾਸ ਜੀ ਦੇ ਸਪੁਤ੍ਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ 'ਖਾਲੀ ਤਲਾਵਾਂ ਨੂੰ ਭਰਨ ਵਾਲੇ ਹਨ'। ਇਸ ਪਦ ਦੇ ਚਾਰੇ ਵਖੋ ਵਖ ਅਰਥ ਕਰਨੇ ਹੋਣ ਤਾਂ ਧਰਮ, ਅਰਥ, ਕਾਮ, ਮੋਖ; ਇਨ੍ਹਾਂ ਚਵ੍ਹਾਂ ਦੀ ਲੋੜ ਵਾਲੇ ਤਾਂ ਤਲਾ ਹਨ ਤੇ ਸਤਿਗੁਰੂ ਚਾਰੋਂ ਪਦਾਰਥਾਂ ਦੇ ਦਾਤਾ ਹਨ। ਸੋ ਜੋ ਧਰਮ ਤੋਂ ਖਾਲੀ ਸਨ ਉਨ੍ਹਾਂ ਨੂੰ ਧਰਮ ਨਾਲ ਭਰਪੂਰ ਕਰ ਦਿਤਾ, ਜੋ ਧਨ ਤੋਂ ਖਾਲੀ ਸਨ ਉਨਾਂ ਕੰਗਾਲਾਂ ਨੂੰ ਸ਼ਾਹ ਕਰ ਦਿਤਾ, ਜੋ ਪੁਤ੍ਰਾਂ ਤੋਂ ਹੀਨ ਸਨ ਉਨ੍ਹਾਂ ਨੂੰ ਪੁਤਰ ਬਖਸ਼ੇ, ਜੋ ਮੋ ਦੇ ਇਛਾਵਾਨ ਚੌਰਾਸੀ ਤੋਂ ਡਰ ਖਾਕੇ ਮੁਕਤੀ ਲੈਣ ਆਏ ਉਨ੍ਹਾਂ ਨੂੰ ਮੁਕਤੀ ਦਿਤੀ। ਇਹਨਾਂ ਸਿਖਾਂ ਦੇ ਨਾਮਾਂ ਸਮੇਤ ਸਾਰੇ ਪ੍ਰਸੰਗਾਂ ਲਈ ਦੇਖੋ ਗੁਰ ਪ੍ਰਤਾਪ ਸੂਰਯ ਗ੍ਰੰਥ (ਪ੍ਰਸਿਧ ਸੂਰਜ ਪ੍ਰਕਾਸ਼।) ਕਵੀ ਜੀ ਨੇ ਕਵਿਤਾ ਵਿਚ ਸਮਸਜਾ ਦੀ ਪੂਰਤੀ ਲਈ ਇਹ ਤੁਕ ਚਾਰੋਂ ਸਵਈਆਂ ਵਿਚ ਰਖੀ ਹੈ॥੪॥

| ਮੂਲ | ਅਰਥ |
|---|---|
| **ਅਭਰ ਭਰੇ ਪਾਯਉ ਅਪਾਰੁ ਰਿਦ ਅੰਤਰਿ ਧਾਰਿਓ ॥ ਦੁਖ ਭੰਜਨੁ ਆਤਮ ਪ੍ਰਬੋਧੁ ਮਨਿ ਤਤੁ ਬੀਚਾਰਿਓ ॥ ਸਦਾ ਚਾਇ ਹਰਿ ਭਾਇ ਪ੍ਰੇਮ ਰਸੁ ਆਪੇ ਜਾਣਇ ॥ ਸਤਗੁਰ** | (ਗੁਰੂ ਰਾਮਦਾਸ ਸਾਹਿਬ ਨੇ) ਖਾਲੀਆਂ ਨੂੰ ਪੂਰਨ ਕਰ ਦਿਤਾ, (ਪਰ ਆਪਣੇ) ਰਿਦੇ ਵਿਚ ਬੇਅੰਤ ਵਾਹਿਗੁਰੂ ਜੀ ਨੂੰ ਅਸਥਿਤ ਕੀਤਾ। ਦੁਖਾਂ ਨੂੰ ਨਾਸ਼ ਕਰ ਦਿਤਾ, ਆਤਮਾਂ ਦਾ ਗਿਆਨ ਪ੍ਰਾਪਤ ਕੀਤਾ ਤੇ ਮਨ ਵਿਚ ਤਤ ਦਾ ਵਿਚਾਰ ਕਰ ਲਿਆ। ਵਾਹਿਗੁਰੂ ਪ੍ਰੇਮ ਦਾ ਨਿਤ ਹੀ ਚਾ (ਆਪ ਜੀ ਨੂੰ ਚੜ੍ਹ ਰਿਹਾ ਹੈ.ਤੇ ਉਸ) ਪ੍ਰੇਮ ਦੇ ਰਸ ਨੂੰ ਆਪ ਹੀ ਜਾਣਦੇ ਹੋ। ਸਤਿਗੁਰੂ |

**ਕੈ ਪਰਸਾਦਿ ਸਹਜ ਸੇਤੀ ਰੰਗ ਮਾਣਇ ॥ ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰ- ਤਾਇਓ ॥ ਗੁਰ ਰਾਮਦਾਸ ਕਲੵੁਚਰੈ ਤੈਂ ਅਟਲ ਅਮਰ ਪਦੁ ਪਾਇਓ॥੫॥**

ਜੀ ਦੀ ਮਿਹਰ ਨਾਲ ਸਹਜੇ ਹੀ (ਆਪ ਹਰੀ ਦੇ) ਆਨੰਦ ਨੂੰ ਲੈ ਰਹੇ ਹੋ। ਸਤਿਗੁਰੂ ਨਾਨਕ ਸਾਹਿਬ ਜੀ ਦੀ ਮੇਹਰ ਨਾਲ (ਗੁਰੂ ਅੰਗਦ ਸਾਹਿਬ ਜੀ ਗੁਰੂ ਹੋਏ ਤੇ) ਸਤਿਗੁਰੂ ਅੰਗਦ ਸਾਹਿਬ ਜੀ ਦੀ ਸਿਖਜਾ ਅਨੁਸਾਰ ਸ਼੍ਰੀ ਅਮਰਦਾਸ ਸਾਹਿਬ ਜੀ ਸਤਿਗੁਰੂ ਹੋਏ (ਜਿਨ੍ਹਾਂ ਨੇ ਅਪਣੇ) ਹੁਕਮ ਨਾਲ ਮੌਤ ਨੂੰ ਰੋਕ ਦਿਤਾ। ਕਲੵ ਕਵੀ ਜੀ ਆਖਦੇ ਹਨ ਕਿ ਸ੍ਰੀ ਸਤਿਗੁਰ ਰਾਮਦਾਸ ਸਾਹਿਬ ਜੀਓ ਆਪ ਜੀ ਨੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਮੇਹਰ ਨਾਲ (ਅਟਲ ਪਦ) ਗੁਰਿਆਈ ਨੂੰ ਪਾਇਆ ਹੈ॥੫॥

**ਪਦਾਰਥ**—ਭੰਜਨੁ-ਨਾਸ਼। ਪ੍ਰਬੋਧੁ-ਗਿਆਨ। ਅਮਰੁ-ਅਮੌਤ, ਮੌਤ ਤੋਂ ਰਹਿਤ।

**ਭਾਵ**—ਧਰਮ, ਅਰਥ, ਕਾਮ, ਮੋਖ, ਚਾਰੇ ਪਦਾਰਥ ਸਤਿਗੁਰੂ ਜੀ ਦੇ ਵੱਸ ਵਿਚ ਹਨ। ਇਨ੍ਹਾਂ ਦੇ ਲੋੜਵੰਦ ਸਤਿਗੁਰੂ ਜੀ ਦੇ ਦਰਬਾਰ ਆਂਵਦੇ ਹਨ; ਸਤਿਗੁਰੂ ਉਨ੍ਹਾਂ ਦੀਆਂ ਭਾਵਨਾਂ ਨੂੰ ਪੂਰਨ ਕਰਦੇ ਹੈਨ। ਯਥਾ-"**ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ**"। (੧੦੪) ਇਉਂ ਸਤਿਗੁਰੂ ਨੇ ਊਣਿਆਂ ਨੂੰ ਪੂਰਨ ਕਰ ਦਿਤਾ ਤੇ ਆਪਣੇ ਅੰਤਰ ਵਾਹਿਗੁਰੂ ਜੀ ਨੂੰ ਟਿਕਾ ਰਖਿਆ। ਧੁਨੀ ਇਹ ਹੈ ਕਿ ਆਪ ਦੁਨੀਆਂ ਦਾਰਾਂ ਦੀਆਂ ਕਾਮਨਾ ਪੂਰਨ ਕਰਕੇ ਉਨ੍ਹਾਂ ਦੀ ਮਹਿਮਾ ਵਿਚ ਹੀ ਨਹੀਂ ਪਰਚੇ ਹੋਏ, ਬਲਕਿ ਬਿਅੰਤ ਵਾਹਿਗੁਰੂ ਜੀ ਨੂੰ ਆਪਣੇ ਚਿਤ ਵਿਚ ਟਿਕਾ ਰਖਿਆ ਹੈ। ਇਹ ਕਾਰ ਤਾਂ ਆਪ ਕਰਦੇ ਹਨ ਕਿ ਲੋਕਾਂ ਦੇ ਕਸ਼ਟ ਦੂਰ ਹੋਣ ਤੇ ਆਪ ਕਸ਼ਟ ਦੂਰ ਕਰਨ ਲਈ ਹੀ ਆਏ ਹਨ। ਆਪ ਦਾ ਨਾਮ ਹੀ ਦੁਖ-ਭੰਜਨ ਹੈ, ਅਰਥਾਤ ਦੁਖਾਂ ਦੇ ਨਾਸ਼ ਕਰਨ ਵਾਲੇ ਹਨ। ਪਰ ਆਪ ਪੂਰਨ ਆਤਮ ਗਜਾਨੀ ਹਨ, ਤੇ ਪਰਮਾਤਮਾ ਦੇ ਪੂਰਨ ਵਿਚਾਰ ਵਾਲੇ ਹਨ।

ਪਹਿਲੀਆਂ ਦੋ ਤੁਕਾਂ ਦਾ ਅਰਥ ਇਹ ਬੀ ਕੀਤਾ ਜਾਂਦਾ ਹੈ ਕਿ ਆਪ ਨੇ ਖਾਲੀ ਹਿਰਦਿਆਂ ਨੂੰ ਪੂਰਨ ਕੀਤਾ, ਉਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਟਿਕਾ ਦਿਤਾ, ਦੁਖ ਦੂਰ ਕੀਤੇ, ਆਤਮ ਗਿਆਨ ਦਿਤਾ ਤੇ ਮਨ ਵਿਚ ਤੱਤ ਦਾ ਵੀਚਾਰ ਪਾ ਦਿਤਾ।

ਫਿਰ ਇਹ ਲੋਕਾਂ ਦਾ ਸੰਗ, ਲੋਕਾਂ ਦੀਆਂ ਅਰਜ਼ਾਂ ਸੁਣਨੀਆਂ ਤੇ ਸੁਣਕੇ ਪੂਰਨ ਕਰਨੀਆਂ ਇਸ ਵਰਤਾਰੇ ਵਿਚ ਵਰਤਦੇ ਹੋਏ ਭੀ ਆਪ ਵਾਹਿਗੁਰੂ ਪ੍ਰੇਮ ਦੇ ਨਿਤ ਨਵੇਂ ਉਤਸ਼ਾਹ ਵਿਚ ਹਨ, ਇਸ ਪ੍ਰੇਮ ਦੇ ਰਸ ਨੂੰ ਓਹ ਆਪ ਹੀ ਜਾਣਦੇ ਹਨ ਇਹ ਕਥਨ ਤੋਂ ਬਾਹਰ ਹੈ। ਸਤਿਗੁਰੂ ਅਮਰਦਾਸ ਜੀ ਦੀ ਮਿਹਰ ਨਾਲ ਆਪ ਸਹਜ ਵਿਚ ਟਿਕੇ ਵਾਹਿਗੁਰੂ ਆਨੰਦ ਨੂੰ ਭੋਗ ਰਹੇ ਹਨ। ਸਹਜ ਇਕ ਓਹ ਅਵਸਥਾ ਹੈ ਜਿਸ ਵਿਚ ਹੱਠ ਵਾਲਾ ਜਤਨ ਭੀ ਨਹੀਂ, ਪਰ ਆਲਸ ਭੀ ਨਹੀਂ, ਸੁਤੇ ਸਿਧ ਸੂਰਜ ਵਿਚੋਂ ਨਿਕਲਦੀ ਰੌਸ਼ਨੀ ਵਾਂਗ ਆਪਣੇ ਆਪੇ ਦੇ ਰਸ ਵਿਚ ਹਰ ਵੇਲੇ ਟਿਕੇ ਰਹਿਣਾ ਸਹਜ ਹੈ, ਇਸ ਸਹਜ ਵਿਚ ਟਿਕੇ ਸਤਿਗੁਰੂ ਜੀ ਦਾ ਵਰਤਾਰਾ ਸਭ ਸਹਜ ਵਿਚ ਹੀ ਹੈ। ਯਥਾ-"**ਸਹਜੇ ਜਾਗਣੁ ਸਹਜੇ ਸੋਇ॥ ਸਹਜੇ ਹੋਤਾ ਜਾਇ ਸੁ ਹੋਇ॥**" ਤਥਾ-"**ਸਹਜੇ ਭੋਜਨੁ ਸਹਜੇ ਭਾਉ॥ ਸਹਜੇ ਮਿਟਿਓ ਸਗਲ ਦੁਰਾਉ॥**"(੨੩੬) ਇਸ ਸਹਜ ਪਦ ਨੂੰ ਧੁਰ ਤੋਂ ਲਿਆਏ ਧੰਨ ਗੁਰੂ ਨਾਨਕ ਦੇਵ ਜੀ, ਉਨ੍ਹਾਂ ਦੀ ਮੇਹਰ ਨਾਲ ਟਿੱਕੇ ਸ੍ਰੀ ਗੁਰੂ ਅੰਗਦ ਦੇਵ ਜੀ, ਉਨ੍ਹਾਂ ਦੀ ਸਿਖਜਾ ਤੋਂ ਵਰੋਸਾਏ ਸ੍ਰੀ ਗੁਰੂ ਅਮਰ-ਦਾਸ ਸਾਹਿਬ ਜੀ; ਜਿਨ੍ਹਾਂ ਆਪਣੀ ਨਗਰੀ ਵਿਚ ਆਪਣੇ ਹੁਕਮ ਨਾਲ ਮੌਤ ਨੂੰ ਰੋਕ ਦਿਤਾ। ਲਿਖਜਾ ਹੈ ਕਿ ਇਕ ਮਾਈ ਦਾ ਪੁਤ੍ਰ ਹੁਕਮ ਸਤ ਹੋ ਗਿਆ, ਓਹ ਦੁਖੀ ਹੋਕੇ ਪੁਕਾਰੀ, ਸਤਿਗੁਰੂ ਜੀ

ਦੇ ਮਨ ਵਿਚ ਮੇਹਰ ਆਈ, ਓਸਦਾ ਪੁਤ੍ਰ ਜ਼ਿੰਦਾ ਕਰ ਦਿਤਾ ਤੇ ਅਗੋਂ ਲਈ ਕਾਲ ਨੂੰ ਹੁਕਮ ਦਿਤਾ ਕਿ ਸਾਡੇ ਇਥੇ ਗੋਇੰਦਵਾਲ ਹੁੰਦਿਆਂ ਤਕ ਮਾਤਾ ਪਿਤਾ ਦੇ ਹੁੰਦਿਆਂ ਪੁਤ੍ਰ ਕਿਸੇ ਦਾ ਨਾ ਮਾਰਨਾ। ਇਸ ਹੁਕਮ ਦੇ ਅਨੁਸਾਰ ਸਤਿਗੁਰੂ ਜੀ ਦੇ ਆਪਣੇ ਸਮੇਂ ਵਿਚ ਇਹੋ ਕੁਛ ਵਰਤਿਆ, ਕਿਸੇ ਦਾ ਪੁਤ੍ਰ ਨਹੀਂ ਮੋਇਆ; ਇਉਂ ਸਤਿਗੁਰੂ ਜੀ ਨੇ ਅਮਰ ਵਰਤਾ ਦਿਤਾ; ਅਥਵਾ ਸਤਿਗੁਰੂ ਨੇ (ਅਮਰ) ਵਾਹਿਗੁਰੂ ਨਾਮੁ ਵਰਤਾ ਦਿਤਾ। ਉਸ ਅਮਰ ਵਰਤਾਉਣ ਹਾਰੇ ਸਤਿਗੁਰੂ ਜੀ ਦੀ ਮੇਹਰ ਨਾਲ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਓਹ ਮੁਰਾਤਬਾ ਪ੍ਰਾਪਤ ਹੋਇਆ ਜੋ ਸਦਾ ਹੀ ਅਟੱਲ ਹੈ, ਭਾਵ ਗੁਰੂ ਪਦ ਵਿਚ ਆਪ ਟਿਕੇ॥੫॥

## ਮੂਲ

**ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥ ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ ॥ ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ ॥ ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥ ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ ॥ ਗੁਰ ਰਾਮਦਾਸ ਕਲ੍ਯ੍ਚਰੈ ਤੈਂ ਅਭੈ ਅਮਰ ਪਦੁ ਪਾਇਅਉ ॥ ੬ ॥**

## ਅਰਥ

(ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ) ਸੰਤੋਖ ਸਰਵੋਰ ਵਿਚ (ਆਪ ਜੀ ਦਾ) ਵਾਸਾ ਹੈ ਤੇ ਰਸਨਾ ਤੋਂ (ਨਾਮ ਰੂਪੀ) ਅੰਮ੍ਰਿਤ ਰਸ ਪ੍ਰਗਟ ਹੋ ਰਿਹਾ ਹੈ। (ਆਪ ਜੀ ਦੇ) ਮਿਲਦਿਆਂ ਹੀ ਸ਼ਾਂਤੀ ਪੈਦਾ ਹੋ ਜਾਂਦੀ ਹੈ, ਹੁਣ ਦੇ ਪਾਪ ਤੇ ਪਿੱਛੇ ਕੀਤੇ ਪਾਪ ਸਭ ਨਾਸ਼ ਹੋ ਜਾਂਦੇ ਹਨ। ਸੁਖਾਂ ਦਾ ਸਮੁੰਦਰ (ਵਾਹਿ-ਗੁਰੂ ਆਪ ਜੀ ਨੇ) ਪਾਇਆ ਹੈ, (ਸਤਿਗੁਰੂ ਅਮਰ ਦਾਸ ਜੀ ਦਾ) ਦਿੱਤਾ ਹੋਇਆ ਜੋ ਨਾਮੁ ਦਾ ਰਸਤਾ ਹੈ (ਇਸ ਰਾਹੇ ਤੁਰਦੇ ਆਪ) ਥੱਕਦੇ ਨਹੀਂ, (ਅਰਥਾਤ ਲਗਾਤਾਰ ਸਿਮਰਨ ਕਰ ਰਹੇ ਹੋ)। ਸੰਜਮ, ਸਤ, ਸੰਤੋਖ, ਸ਼ਾਂਤੀ (ਆਦਿ ਗੁਣਾਂ ਦੀ ਐਸੀ) ਜ਼ਿਰਹ (ਆਪ ਨੇ ਪਾਈ ਹੈ ਜੋ ਕਾਮਾਦੀ ਵੈਰੀਆਂ ਤੋਂ) ਟੁਟ ਨਹੀਂ ਸਕਦੀ। ਬਿਧਾਤਾ ਨੇ ਸਤਿਗੁਰੂ (ਅਮਰ-ਦਾਸ ਜੀ ਦੇ) ਬਰੋਬਰ ਹੀ (ਆਪ ਨੂੰ) ਪੈਦਾ ਕੀਤਾ ਹੈ, ਜਗਤ ਵਿਚ ਜੱਸ ਦਾ ਨਗਾਰਾ ਵਜਾ ਦਿਤਾ ਹੈ। ਕਲ੍ਯ ਕਵੀ ਜੀ ਆਖਦੇ ਹਨ ਹੇ ਸਤਿਗੁਰੂ ਰਾਮਦਾਸ ਜੀ! ਭੈ ਤੋਂ ਰਹਿਤ ਜੋ ਮੋਖ ਪਦ ਹੈ (ਓਹ ਆਪ ਜੀ ਨੇ) ਪਾਇਆ ਹੈ॥੬॥

**ਪਦਾਰਥ**—ਅਮਿਅ-ਅੰਮ੍ਰਿਤ। ਦੁਰਤੁ-ਪਾਪ। ਦੂਰੰਤਰਿ=ਮਹਾਂ ਪਾਪ
ਦਿੰਤੁ-ਦਿਤਾ ਹੋਇਆ। ਹੁਟੈ-ਥੱਕਣਾ। ਸੰਨਾਹੁ-ਜ਼ਿਰਹ। ਮਫੁਟੈ-ਨਹੀਂ ਟੁਟਦਾ।
ਪ੍ਰਮਾਣੁ-ਬਰਾਬਰ,ਜਾਂ ਮੰਨਿਆ ਪ੍ਰਮੰਨਿਆ। ਸਿਰਿਓ-ਪੈਦਾ ਕੀਤਾ। ਤੂਰੁ-ਵਾਜਾ, ਨਗਾਰਾ।

**ਭਾਵ**—ਸ੍ਰੀ ਸਤਿਗੁਰੂ ਰਾਮਦਾਸ ਜੀ ਦੀ ਮਹਿਮਾ ਪ੍ਰਗਟ ਕਰਦੇ ਹੋਏ ਕਲ੍ਯ ਕਵੀ ਜੀ ਆਖਦੇ ਹਨ ਕਿ ਸਤਿਗੁਰੂ ਜੀ ਦਾ ਵਾਸਾ 'ਸੰਤੋਖਸਰ' ਪੁਰ ਹੈ। ਸੰਤੋਖਸਰ ਵਾਹਿਗੁਰੂ ਹੈ, ਕਿਉਂਕਿ ਪੂਰਨ ਤ੍ਰਿਪਤ ਰੂਪ ਉਹੋ ਹੀ ਹੈ। ਅਥਵਾ ਸੰਤਖਾਦਕ ਗੁਣਾਂ ਦਾ ਤਲਾ ਸਤਿਸੰਗ ਹੈ, ਇਸ ਤਲਾਬ ਵਿਚ ਸਤਿਗੁਰੂ ਜੀ ਦਾ ਵਾਸਾ ਹੈ। ਆਪ ਜੀ ਦੀ ਰਸਨਾ ਤੋਂ ਸਤ ਉਪਦੇਸ਼ ਰੂਪ ਬਾਣੀ ਤੇ ਵਾਹਿਗੁਰੂ ਜੀ ਦਾ ਨਾਮੁ ਰੂਪੀ ਅੰਮ੍ਰਿਤ ਪ੍ਰਗਟ ਹੋ ਰਿਹਾ ਹੈ, ਇਸ ਸਰੋਵਰ ਦੇ ਵਿਚ ਪਰਵੇਸ਼ ਕੀਤਿਆਂ ਠੰਢ ਪੈ ਜਾਂਦੀ ਹੈ, ਤ੍ਰਿਸ਼ਨਾ, ਈਰਖਾ, ਕ੍ਰੋਧ ਆਦਿਕਾਂ ਦੀ ਅੱਗ ਬੁਝ ਜਾਂਦੀ ਹੈ। ਜੀਕੁਣ ਬਾਹਰਲੀ ਤਪਤ ਨਾਲ ਤਪਿਆ ਮਾਨੁਖ ਜਲ ਦੇ ਠੰਢੇ ਤਲਾਵ ਵਿਚ ਜਾ ਵੜੇ ਤਾਂ ਉਸ ਨੂੰ ਠੰਢ ਪੈ ਜਾਂਦੀ ਹੈ, ਜੇ ਟੁਭੇ ਲਾ

ਕੇ ਨਾਵ੍ਹੇ ਤਾਂ ਮੈਲ ਉਤਰ ਜਾਂਦੀ ਹੈ, ਇਸੇ ਤਰ੍ਹਾਂ ਹੀ ਸਤਿਗੁਰੂ ਜੀ ਦੇ ਸਤਿਸੰਗ ਸਰੋਵਰ ਵਿਚ ਪ੍ਰਵੇਸ਼ ਕੀਤਿਆਂ ਠੰਢ ਪੈ ਜਾਂਦੀ ਹੈ, ਉਪਦੇਸ਼ ਕਮਾਵਨ ਰੂਪੀ ਇਸ਼ਨਾਨ ਨਾਲ ਪਾਪਾਂ ਰੂਪੀ ਮੈਲ ਜੋ ਜਨਮ ਜਨਮ ਤੋਂ ਚੜ੍ਹ ਰਹੀ ਹੈ ਓਹ ਦੂਰ ਹੋ ਜਾਂਦੀ ਹੈ। ਅਥਵਾ 'ਦੁਰਤ' ਦਾ ਅਰਥ 'ਪਾਪ' ਤੇ 'ਦੁਰੰਤਰਿ' ਦਾ ਅਰਥ 'ਮਹਾਂਪਾਪ' ਇਹ ਸਭ ਨਾਸ਼ ਹੋ ਜਾਂਦੇ ਹਨ। ਸਤਿਸੰਗ ਸਰੋਵਰ ਵਿਚ ਸਤਿਗੁਰੂ ਤੋਂ ਅੰਮ੍ਰਿਤ ਝਰ ਰਿਹਾ ਹੈ, ਜਿਸ ਨਾਲ ਸਤਿਸੰਗ ਭਰਪੂਰ ਹੋ ਰਿਹਾ ਹੈ ਤੇ ਸਤਿਗੁਰੂ ਜੀ ਨੇ ਸੁਖਾਂ ਦਾ ਸਮੁੰਦਰ ਵਾਹਿਗੁਰੂ ਜੋ ਪਾ ਲਿਆ ਹੋਇਆ ਹੈ ਉਸ ਤੋਂ ਸਤਿਗੁਰੂ ਜੀ ਦੇ ਅੰਦਰ ਲਗਾਤਾਰ ਅੰਮ੍ਰਿਤ ਆ ਰਿਹਾ ਹੈ, ਇਸ ਲਈ ਸਤਿਗੁਰੂ ਅੰਮ੍ਰਿਤ ਦਾ ਸੋਮਾ ਹੈ, ਜੋ ਖੁਟ ਜਾਣ ਵਾਲਾ ਸੋਮਾ ਨਹੀਂ, ਇਸ ਦਾ ਸਨਬੰਧ ਅੰਮ੍ਰਿਤ ਦੇ ਸਮੁੰਦਰ ਵਾਹਿਗੁਰੂ ਜੀ ਨਾਲ ਹੈ। ਇਸ ਨਾਮ ਅੰਮ੍ਰਿਤ ਦੇ ਰਾਹ ਵਿਚ ਥਕਾਂਨ ਨਹੀਂ, ਇਹ ਸਹਜ ਸੁਭਾ ਹੀ ਲਗਾਤਾਰੀ ਸਿਮਰਨ ਦਾ ਪ੍ਰਵਾਹ ਸਤਿਗੁਰੂ ਜੀ ਦੇ ਅੰਦਰ ਚਲ ਰਿਹਾ ਹੈ। ਇਸ ਅੰਮ੍ਰਿਤ ਨੂੰ ਲੁੱਟਣ ਵਾਲੇ ਜੋ ਆਸੁਰੀ ਸੰਪਤੀ ਦੇ ਕਾਮ ਕ੍ਰੋਧ ਆਦਿਕ ਵੈਰੀ ਹਨ ਓਹ ਸਤਿਗੁਰੂ ਜੀ ਪੁਰ ਹਮਲਾ ਕਰ ਨਹੀਂ ਸਕਦੇ, ਕਿਉਂਕਿ ਸਤਿਗੁਰੂ ਜੀ ਨੇ ਇੰਦ੍ਰੀਆਂ ਦਾ ਵਸ ਵਿਚ ਰਖਣਾ ਇਹ ਸੰਜਮ, ਸਚੁ ਬੋਲਣਾ, ਤੇ ਯਥਾ ਲਾਭ ਪੁਰ ਪ੍ਰਸੰਨ ਰਹਿਣਾ, ਇਹ ਸੰਤੋਖ ਤੇ ਕ੍ਰੋਧ ਆਦਕਾਂ ਦੇ ਕਾਰਨ, ਵੈਰੀਆਂ ਦੀ ਨਿੰਦਾ, ਤੇ ਦੁਰਬਚਨਾਂ ਦੇ ਹੁੰਦਿਆਂ ਭੀ ਸ਼ਾਂਤਿ ਚਿਤ ਰਹਿਣਾ ਇਹ 'ਸ਼ੀਲ'; ਇਤਯਾਦਕ ਗੁਣਾਂ ਦੀ ਜ਼ਿਰਹ ਪਹਿਨੀ ਹੋਈ ਹੈ ਜੋ ਜ਼ਿਰਹ ਕਦੀ ਭੀ ਨਾ ਟੁਟਣ ਵਾਲੀ ਹੈ। ਜ਼ਿਰਹ ਓਸ ਚੋਲੇ ਦਾ ਨਾਮ ਹੈ ਜਿਸ ਨੂੰ ਸੂਰਮੇ ਸ਼ਸਤ੍ਰਾਂ ਦੀ ਚੋਟ ਤੋਂ ਬਚਨ ਲਈ ਪਾਉਂਦੇ ਹਨ, ਇਹ ਲੋਹੇ ਜਾਂ ਰੇਸ਼ਮ ਤੋਂ ਬਣਦਾ ਹੈ ਜੋ ਚੋਟ ਤੋਂ ਰਖਵਾਲੀ ਕਰਦਾ ਹੈ। ਸਤਿਗੁਰੂ ਜੀ ਨੇ ਐਸੀ ਸ੍ਰੇਸ਼ਟ ਦੈਵੀ ਗੁਣਾਂ ਦੀ ਜ਼ਿਰਹ ਪਾਈ ਹੈ ਜਿਸ ਪੁਰ ਕੋਈ ਔਗੁਣ ਭੀ ਚੋਟ ਨਹੀਂ ਲਾ ਸਕਦਾ ਹੈ। ਵਾਹਿਗੁਰੂ ਜੀ ਨੇ ਮੰਨਿਆ ਪ੍ਰਮੰਨਿਆਂ ਐਸਾ ਸਤਿਗੁਰ ਸਾਜਿਆ ਹੈ ਜਿਸ ਦੇ ਜਸ ਦਾ ਨਗਾਰਾ ਜਗਤ ਵਿਚ ਵੱਜ ਰਿਹਾ ਹੈ। ਅਥਵਾ ਸਤਿਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਵਰਗਾ ਹੀ ਇਹ ਸਤਿਗੁਰੂ ਰਾਮਦਾਸ ਸਾਹਿਬ ਜੀ ਵਾਹਿਗੁਰੂ ਜੀ ਨੇ ਪ੍ਰਗਟ ਕੀਤਾ ਹੈ ਤੇ ਵਾਹਿਗੁਰੂ ਜੀ ਵਲੋਂ ਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਜਸ ਦਾ ਨਗਾਰਾ ਜਗਤ ਵਿਚ ਵਜਾਇਆ ਗਿਆ ਹੈ। ਭਾਵ ਸਤਿਗੁਰੂ ਜੀ ਦੀ ਸਿਫ਼ਤ ਵਾਹਿਗੁਰੂ ਜੀ ਵਲੋਂ ਪ੍ਰਗਟ ਹੋ ਰਹੀ ਹੈ। ਕਲ੍ਹ ਕਵੀ ਜੀ ਕਥਨ ਕਰਦੇ ਹਨ ਕਿ ਹੇ ਸਤਿਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ! ਆਪ ਜੀ ਨੇ ਓਹ ਮਰਾਤਬਾ ਪਾਇਆ ਹੈ ਜੋ ਭੈ ਤੋਂ ਰਹਿਤ ਹੈ ਅਰ ਮੌਤ ਤੋਂ ਪਾਰ 'ਅੰਮ੍ਰਿਤ' ਰੂਪ ਹੈ। ਸੋ "ਗੁਰੂ" ਇਹ ਪਦ ਭੈ ਤੇ ਮੌਤ ਰਹਿਤ ਸਭ ਤੋਂ ਉੱਚਾ ਪਦ ਹੈ॥੬॥

| ਮੂਲ | ਅਰਥ |
|---|---|
| ਜਗੁ ਜਿਤਉ ਸਤਿਗੁਰ ਪ੍ਰਮਾਣਿ ਮਨਿ ਏਕੁ ਧਿਆਯਉ ॥ ਧਨਿ ਧਨਿ ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ ॥ ਨਵ ਨਿਧਿ ਨਾਮੁ ਨਿਧਾਨੁ ਰਿਧਿ ਸਿਧਿ ਤਾ ਕੀ ਦਾਸੀ॥ ਸਹਜ ਸਰੋਵਰੁ ਮਿਲਿਓ ਪੁਰਖੁ ਭੇਟਿਓ ਅਬਿਨਾਸੀ ॥ ਆਦਿ ਲੇ ਭਗਤ ਜਿਤੁ ਲਗਿ ਤਰੇ ਸੋ ਗੁਰਿ ਨਾਮੁ ਦ੍ਰਿੜਾਇਅਉ॥ ਗੁਰ ਰਾਮਦਾਸ | ਸਤਿਗੁਰੂ (ਅਮਰਦਾਸ) ਜੀ ਦੇ ਤੁੱਲ ਹੀ (ਆਪ) ਨੇ ਜਗਤ ਨੂੰ ਜਿਤਿਆ ਹੈ, ਮਨ ਵਿਖੇ ਇਕੁ (ਵਾਹਿਗੁਰੂ ਜੀ) ਨੂੰ ਸਿਮਰਿਆ ਹੈ। ਧੰਨਤਾ ਦੇ ਜੋਗ ਸ੍ਰੀ ਗੁਰੂ ਅਮਰਦਾਸ ਜੀ ਧੰਨ ਹਨ, ਜਿਨ੍ਹਾਂ ਨੇ 'ਨਾਮੁ' (ਆਪ ਨੂੰ) ਦ੍ਰਿੜ ਕਰਾਇਆ ਹੈ। ਨਾਮੁ ਮਹਾਂ ਨਿਧੀ ਹੈ; ਰਿਧੀ, ਸਿਧੀ ਤੇ ਨੌਨਿਧੀ ਉਸਦੀਆਂ ਦਾਸੀਆਂ ਹੈਨ। ਸ਼ਾਂਤਿ ਸਰੋਵਰ (ਸ੍ਰੀ ਗੁਰੂ ਅਮਰਦਾਸ ਜੀ ਆਪ ਨੂੰ) ਮਿਲੇ ਹਨ (ਜਿਨ੍ਹਾਂ ਦੁਵਾਰਾ ਆਪ ਨੂੰ) ਅਕਾਲ ਪੁਰਖ ਜੀ ਪ੍ਰਾਪਤ ਹੋਏ ਹਨ। ਪਿਛਲੇ ਭਗਤ ਜਿਸ (ਨਾਮੁ) ਆਸਰੇ ਤਰ ਗਏ ਹਨ ਓਹ ਨਾਮੁ ਸਤਿਗੁਰੂ ਜੀ ਨੇ (ਆਪ ਨੂੰ) |

**ਕਲੵਚਰੈ ਤੈ ਹਰਿ ਪ੍ਰੇਮ ਪਦਾਰਥੁ ਪਾਇਅਉ ॥ ੭ ॥**

ਦ੍ਰਿੜ੍ਹਾ ਦਿਤਾ ਹੈ। ਕਲ੍ਹ ਕਵੀ ਜੀ ਆਖਦੇ ਹਨ: ਹੇ ਸਤਿਗੁਰੂ ਰਾਮਦਾਸ ਜੀ! ਵਾਹਿਗੁਰੂ ਜੀ ਦਾ ਪ੍ਰੇਮ ਰੂਪੀ ਪਦਾਰਥ ਆਪ ਜੀ ਨੇ ਪਾ ਲਿਆ ਹੈ॥੭॥

**ਪਦਾਰਥ**—ਪ੍ਰਮਾਣਿ-ਬਰਾਬਰ। ਭੇਟਿਓ-ਮਿਲਿਓ।

**ਭਾਵ**—ਸਤਿਗੁਰੂ ਅਮਰਦਾਸ ਜੀ ਮਹਾਰਾਜ ਵਾਂਗੂੰ ਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਜਗਤ ਫ਼ਤਹ ਕੀਤਾ ਹੈ। ਲੋਕਾਂ ਦੇ ਦਿਲਾਂ ਉਪਰ ਆਪਣੇ ਉੱਚ ਪ੍ਰਭਾਵ ਪਾਕੇ ਉਨ੍ਹਾਂ ਨੂੰ ਸਾਂਈਂ ਦੇ ਰਸਤੇ ਟੋਰਨਾ ਇਹ ਬਾਹਰ ਵਰਤਾਰੇ ਵਿਚ ਜਗਤ ਨੂੰ ਫ਼ਤਹ ਕਰਨਾ ਹੈ। ਅਰ ਆਪਣੇ ਮਨ ਤੇ ਜਗਤ ਦੇ ਪਦਾਰਥ ਜੋ ਭੁਲੇਖੇ ਦਿੰਦੇ ਹਨ, ਇਨ੍ਹਾਂ ਦੇ ਤਲੇ ਨਾ ਲਗਕੇ ਇਨ੍ਹਾਂ ਤੋਂ ਉਪਰ ਚੜ੍ਹਦੀ ਕਲਾ ਵਿਚ ਰਹਿਣਾ, ਇਨ੍ਹਾਂ ਨੂੰ ਆਪਣੇ ਵਸ ਵਿਚ ਰਖਣਾ ਇਹ ਅੰਦਰ ਜਗਤ ਦੀ ਫ਼ਤਹ ਹੈ। ਆਪ ਜੀ ਨੇ ਅੰਦਰ ਬਾਹਰ ਜਗਤ ਨੂੰ ਜਿੱਤਿਆ ਹੈ, ਅਰ ਇਸ ਜਿੱਤ ਦਾ ਮੂਲ ਕਾਰਨ ਇਹ ਹੈ ਕਿ ਆਪਣੇ ਮਨ ਵਿਚ ਇਕ ਵਾਹਿਗੁਰੂ ਜੀ ਨੂੰ ਸਿਮਰਿਆ ਹੈ। ਇਹ ਸਿਮਰਨ ਦੀ ਦਾਤ ਨੂੰ ਦ੍ਰਿੜ੍ਹ ਕਰਾਉਣ ਵਾਲੇ ਸਤਿਗੁਰੂ ਅਮਰਦਾਸ ਸਾਹਿਬ ਜੀ ਧੰਨ ਹਨ, ਪੁਨਾ ਧੰਨ ਹਨ, ਦੀਨ ਅਤੇ ਦੁਨੀਆਂ ਵਿਚ ਧੰਨ ਹਨ, ਅੰਦਰ ਭੀ ਧੰਨ ਤੇ ਬਾਹਰ ਭੀ ਧੰਨ ਹਨ, ਗੁਪਤ ਵਿਚ ਭੀ ਧੰਨ ਹਨ ਤੇ ਪ੍ਰਗਟ ਵਿਚ ਭੀ ਧੰਨ ਹਨ। ਇਹ ਨਾਮ ਸਭ ਨਿਧੀਆਂ ਦਾ ਖਜ਼ਾਨਾ ਹੈ, ਸਭ ਨਿਧੀਆਂ ਦਾ ਆਧਾਰ ਹੈ, ਇਸ ਲਈ ਇਸ ਨਾਮੁ ਰੂਪੀ ਮਹਾਂ ਨਿਧੀ ਦੇ ਅਧੀਨ ਨੌ ਨਿਧੀਆਂ, ਅਠਾਰਾਂ ਸਿਧੀਆਂ ਤੇ ਬਾਰਾਂ ਰਿਧੀਆਂ ਹਨ। ਇਸ ਨਾਮੁ ਰੂਪੀ ਮਹਾਂ ਨਿਧੀ ਦੇ ਮਾਨ ਸਰੋਵਰ ਕੌਣ ਹਨ? ਸਤਿਗੁਰੂ। ਜਿਨ੍ਹਾਂ ਦੀ ਮੇਹਰ ਨਾਲ ਅਕਾਲ ਪੁਰਖੁ ਆਪ ਜੀ ਨੂੰ ਪ੍ਰਾਪਤ ਹੋਇਆ ਹੈ। ਪਿਛਲੇ ਭਗਤ: ਧ੍ਰੂ ਭਗਤ, ਪ੍ਰਹਲਾਦ ਆਦਿਕ ਜਿਸ ਨਾਮੁ ਦੇ ਆਸਰੇ ਸੰਸਾਰ ਸਾਗਰ ਤੋਂ ਤਰ ਗਏ ਹਨ ਓਹ ਨਾਮੁ ਸਤਿਗੁਰਾਂ ਆਪ ਜੀ ਨੂੰ ਦ੍ਰਿੜ੍ਹ ਕਰਾ ਦਿਤਾ ਹੈ। ਕਲ੍ਹ ਕਵੀ ਜੀ ਆਖਦੇ ਹਨ: ਪ੍ਰੇਮ ਇਕ ਵੱਡਾ ਪਦਾਰਥ ਹੈ ਜੋ ਹੋਰ ਪਦਾਰਥਾਂ ਦਾ ਮੂਲ ਹੈ, ਤੇ ਇਹ ਪ੍ਰੇਮ ਪਦਾਰਥ ਅਮੁੱਲ ਹੈ, ਹੋਰ ਪਦਾਰਥ ਅੰਤ ਨੂੰ ਦੁਖ ਰੂਪ ਹਨ ਪਰ ਪ੍ਰੇਮ ਪਦਾਰਥ ਸਦਾ ਹੀ ਸੁਖ ਰੂਪ ਹੈ। ਹੋਰ ਪਦਾਰਥ ਬੰਧਨ ਵਿਚ ਪਾਂਦੇ ਹਨ ਪਰ ਪ੍ਰੇਮ ਪਦਾਰਥ ਮੁਕਤੀ ਦਾਤਾ ਹੈ, ਸੋ ਵਾਹਿਗੁਰੂ ਜੀ ਦਾ ਪ੍ਰੇਮ ਇਹ ਵਡੀ ਦੌਲਤ ਆਪ ਜੀ ਨੂੰ ਪ੍ਰਾਪਤ ਹੋਈ ਹੈ॥੭॥

| ਮੂਲ | ਅਰਥ |
|---|---|
| **ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ ॥ ਸਤਿਗੁਰ ਸਬਦੁ ਅਥਾਹੁ ਅਮਿਅ ਧਾਰਾ ਰਸੁ ਗੁਟਇ ॥ ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ ॥ ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ॥** | (ਹੇ ਸਤਿਗੁਰੂ ਜੀ! ਆਪ ਜੀ ਦੇ ਅੰਦਰ ਵਾਹਿਗੁਰੂ) ਪ੍ਰੇਮਾ ਭਗਤੀ ਦਾ ਪ੍ਰਵਾਹ (ਚਲ ਰਿਹਾ) ਹੈ (ਆਪਦੀ) ਪ੍ਰੀਤਿ ਧੁਰ ਤੋਂ ਹੈ ਜੋ ਹਟ ਨਹੀਂ ਸਕਦੀ। ਸਤਿਗੁਰੂ ਜੀ ਦਾ ਸ਼ਬਦ ਰੂਪੀ (ਜੋ ਅੰਮ੍ਰਿਤ ਹੈ ਇਹ) ਅੰਮ੍ਰਿਤ ਦੀ ਧਾਰਾ (ਦਾ ਸੋਮਾ) ਅਥਾਹ ਹੈ, (ਆਪ ਇਸ ਅੰਮ੍ਰਿਤ) ਰਸ ਨੂੰ ਗੱਟ ਗੱਟ ਕਰਕੇ ਪੀ ਰਹੇ ਹੋ। (ਆਤਮਾਂ ਵਿਚ ਲਿਵਲੀਨ) ਬੁਧੀ (ਆਪ ਜੀ ਦੀ) ਮਾਤਾ ਹੈ ਤੇ ਸੰਤੋਖ ਪਿਤਾ (ਦੇ ਤੁੱਲ) ਹੈ, ਸਹਜ ਸਰੋਵਰ ਵਿਚ (ਆਪ) ਸਮਾ ਰਹੇ ਹੋ। (ਕਰਮ ਵਸ ਜੋਨੀਆਂ ਤੋਂ ਆਪ) ਆਜੋਨੀ ਹੋ, ਸੁਤੇ ਹੀ ਆਪ ਪ੍ਰਗਟ ਹੋਏ ਹੋ, ਸਤਿਗੁਰੂ ਜੀ ਦੇ ਬਚਨ ਨਾਲ (ਆਪ ਨੇ) ਜਗਤ ਨੂੰ ਤਾਰ ਦਿਤਾ ਹੈ। (ਅਬਿਨਾਸੀ |

| | |
|---|---|
| **ਅਬਿਗਤ ਅਗੋਚਰੁ ਅਪਰਪੁਰ ਮਨਿ ਗੁਰ ਸਬਦੁ ਵਸਾਇਅਉ॥ ਗੁਰ ਰਾਮਦਾਸ ਕਲੁਚਰੈ ਤੈ ਜਗਤ ਉਧਾਰਣੁ ਪਾਇਅਉ ॥ ੮ ॥** | ਵਾਹਿਗੁਰੂ ਜੋ) ਸ਼ਰੀਰ ਤੋਂ ਰਹਿਤ (ਸਰਬ ਵਿਆਪਕ) ਹੈ, ਜਿਸਨੂੰ ਨੇਤ੍ਰ ਆਦਿਕ ਇੰਦ੍ਰੇ ਵੇਖ ਨਹੀਂ ਸਕਦੇ, ਜੋ ਸੰਸਾਰ ਤੋਂ ਪਰੇ ਹੈ, (ਉਸ ਵਾਹਿਗੁਰੂ ਜੀ ਨੂੰ) ਗੁਰ ਸ਼ਬਦ ਦੁਵਾਰਾ (ਆਪਣੇ) ਮਨ ਵਿਚ ਵਸਾ ਲਿਆ ਹੈ। ਕਲ੍ਯ ਕਵੀ ਜੀ ਆਖਦੇ ਹਨ ਕਿ ਹੇ ਸ੍ਰੀ ਗੁਰੂ ਰਾਮਦਾਸ ਜੀ! ਜਗਤ ਤਾਰਨ ਦਾ (ਕਾਰਜ ਆਪ ਜੀ ਨੇ) ਧੁਰ ਤੋਂ ਪਾਯਾ ਹੈ॥੮॥ |

**ਪਦਾਰਥ**—ਪੁਬਲੀ-ਪਿਛਲੀ, ਧੁਰ ਤੋਂ। ਹੁਟਹਿ-ਥੱਕਦੀ, ਹੁਟਦੀ। ਅਮਿਅ-ਅੰਮ੍ਰਿਤ। ਗੁਟਇ-ਗੱਟ ਗੱਟ ਪੀਣਾ; (ਅ) ਗੁਟ, ਸਰਸ਼ਾਰ ਹੋਣਾ। ਸਰਿ-ਬਰੋਬਰ ਜਾਂ ਤਾਲਾਬ। ਸੰਭਵਿਅਉ-ਸੁਤੇ ਪ੍ਰਗਟ। ਅਬਿਗਤ-ਸ਼ਰੀਰ ਤੋਂ ਰਹਿਤ ਜਾਂ ਅਬਿਨਾਸੀ। ਅਗੋਚਰੁ-ਅਖੀ ਤੋਂ ਅਦ੍ਰਿਸ਼ਜ।

**ਭਾਵ**—ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਜੋ ਪ੍ਰੇਮਾ ਭਗਤੀ ਦੇ ਸ੍ਵਰੂਪ ਹਨ, ਉਨ੍ਹਾਂ ਦੇ ਅੰਦਰ ਵਾਹਿਗੁਰੂ ਪ੍ਰੇਮ ਦੇ ਪ੍ਰਵਾਹ ਚੱਲ ਰਹੇ ਹਨ। ਆਪ ਜੀ ਦੀ ਪ੍ਰੀਤ ਕਰਤਾਰ ਨਾਲ ਧੁਰ ਤੋਂ ਹੈ ਜੋ ਕਦੀ ਰੁਕ ਨਹੀਂ ਸਕਦੀ। ਤੁਰਦਾ ਤੁਰਦਾ ਆਦਮੀ ਕਿਤੇ ਥੱਕਕੇ ਬਹਿ ਜਾਂਦਾ ਹੈ ਤਾਂ ਦੇਖਣ ਵਾਲੇ ਪਾਂਧੀ ਪੁਛਦੇ ਹਨ ਕਿਉਂ ਭਾਈ! ਕਿਵੇਂ ਬੈਠਾ ਹੈਂ ਤਾਂ ਓਹ ਅਗੋਂ ਉਤ੍ਰ ਦਿੰਦਾ ਹੈ ਕਿ ਹੁੱਟ ਪਿਆ ਹਾਂ, ਪਰ ਸਤਿਗੁਰ ਜੀ ਦੀ ਨਿਰੰਕਾਰੀ ਪ੍ਰੀਤ ਸਦਾ ਹੀ ਅਟੁਟ ਪ੍ਰਵਾਹ ਵਾਂਗ ਚਲ ਰਹੀ ਹੈ, ਇਹ ਕਿਤੇ ਭੀ ਥੱਕ ਕੇ ਰੁਕਣ ਵਾਲੀ ਨਹੀਂ। ਕਿਸੇ ਵੇਗਵਾਨ ਪ੍ਰਵਾਹ ਦਾ ਸਦਾ ਚਲਣਾ ਕਿਸੇ ਉਸ ਧਾਰਾ ਤੋਂ ਹੋ ਸਕਦਾ ਹੈ ਜਿਸ ਧਾਰਾ ਦਾ ਨਿਕਲਣ ਵਾਲਾ ਸੋਮਾ ਅਮੁੱਕ ਹੋਵੇ, ਸੋ ਪ੍ਰੇਮਾਭਗਤੀ ਦੇ ਪ੍ਰਵਾਹ ਨੂੰ ਸਦਾ ਹੀ ਚਲਾਉਣ ਵਾਲੀ ਅੰਮ੍ਰਿਤ ਧਾਰਾ ਦਾ ਅਥਾਹ ਸੋਮਾ ਗੁਰੂ ਸ਼ਬਦ ਹੈ, ਇਹ ਧਾਰਾ ਸੋਮਾ ਅਮੁੱਕ ਚਸ਼ਮਾਂ ਸਤਿਗੁਰ ਹੈ ਜੋ ਸਦਾ ਸਦਾ ਹੈ, ਜੋ ਆਵਾਗੌਣ ਤੋਂ ਪਾਰ ਹੈ, ਜੋ ਸਤਿ ਸਰੂਪ ਹੈ, ਸਰਬ ਠੌਰ ਹੈ ਤੇ ਕੇਵਲ ਅੰਮ੍ਰਿਤ ਸ੍ਵਰੂਪ ਹੈ। ਜਿਸ ਅੰਮ੍ਰਿਤ ਦੇ ਰਸ ਨੂੰ ਪੀਕੇ ਆਪ ਕੇਵਲ ਰਸਾਰੂਢ ਹੋ ਗਏ ਹੋ। ਜਦੋਂ ਕੋਈ ਕਿਸੇ ਅਮਲ ਦੀ ਮਸਤੀ ਨਾਲ ਮਸਤ ਹੋ ਜਾਂਦਾ ਹੈ ਤਾਂ ਆਖਦੇ ਹਨ ਪੀਕੇ ਗੁੱਟ ਹੋ ਗਿਆ ਹੈ। ਤਥਾ ਭੁਖ ਤੇ ਤਪ ਕਰਕੇ ਤਪਿਆ ਹੋਇਆ ਆਦਮੀ ਜਦ ਕਿਸੇ ਆਰਾਮ ਅਸਥਾਨ ਤੇ ਪੁਜਕੇ ਆਪਣੀ ਭੁਖ ਪਿਆਸ ਨੂੰ ਦੂਰ ਕਰਕੇ ਕਿਸੇ ਛਾਇਆ ਅਸਥਾਨ ਤੇ ਸੌਂ ਰਹਿੰਦਾ ਹੈ, ਤਾਂ ਉਠਕੇ ਆਖਦਾ ਹੈ ਕਿ ਸਿਰ ਰਖਦਿਆਂ ਸਾਰ ਮੈਂ ਗੁੱਟ ਹੋ ਗਿਆ। ਡੂੰਘੀ ਨੀਂਦ ਵਿਚ ਪੁੱਜਕੇ ਬਾਹਰਲੀ ਸੁਧ ਭੁਲ ਜਾਣੀ, ਇਸ ਹਾਲਤ ਨੂੰ ਭੀ ਗੁੱਟ ਹੋਇਆ ਆਖਦੇ ਹਨ। ਕਿਸੇ ਪੀਣ ਵਾਲੀ ਚੀਜ਼ ਨੂੰ ਇਕੋ ਵਾਰੀ, ਦੰਮ ਨਾ ਲਏ ਬਿਨਾ, ਪੀ ਜਾਣ ਨੂੰ ਆਖਦੇ ਹਨ ਗਟ ਗਟ ਪੀ ਗਿਆ ਹੈ ਜਾਂ ਗਟ ਗਟ ਦੀ ਅਵਾਜ਼ ਗਲੇ ਵਿਚ ਆਵਣ ਕਰਕੇ ਆਖਦੇ ਹਨ ਗਟ ਗਟ ਪੀ ਗਿਆ ਹੈ। ਸੋ ਸਤਿਗੁਰ ਜੀ ਦਾ ਸ਼ਬਦ ਅੰਮ੍ਰਿਤ ਆਪ ਜੀ ਨੇ ਗਟ ਗਟ ਕਰਕੇ ਪੀਤਾ ਹੈ। ਯਥਾ-"**ਹਰਿ ਪੀਆ ਰਸੁ ਗਟ ਕੇ।**" ਅਰਥਾਤ ਹਰੀ ਰਸ ਨੂੰ ਗਟ ਗਟ ਕਰਕੇ ਪੀਤਾ। ਅਥਵਾ ਇਸ ਅੰਮ੍ਰਿਤ ਰਸ ਨੂੰ ਪੀਕੇ ਆਪ (ਗਟ) ਅਲਮਸਤ, ਸਰਸ਼ਾਰ ਹੋ ਗਏ ਹੋ। ਯਥਾ-"**ਹਰਿ ਰਸੁ ਪੀਵੈ ਅਲਮਸਤ ਮਤਵਾਰਾ।**"(੩੭੭) ਗੁਰਸਿਖਜਾ ਨੂੰ ਧਾਰਨ ਕਰਨ ਵਾਲੀ ਬੁੱਧੀ ਆਪ ਜੀ ਦੀ ਮਾਤਾ ਹੈ ਤੇ ਯਥਾ ਲਾਭ ਪੁਰ ਪ੍ਰਸੰਨ ਰਹਿਣ ਰੂਪ ਸੰਤੋਖ ਆਪ ਜੀ ਦਾ ਪਿਤਾ ਹੈ। ਸ਼ਾਂਤੀ ਰੂਪੀ ਘਰ ਵਿਚ ਆਪ ਜੀ ਦਾ ਨਿਵਾਸ ਹੈ। ਅਰਥਾਤ ਦੈਵੀ ਗੁਣਾਂ ਵਿਚ ਆਪ ਸਦਾ ਟਿਕ ਰਹੇ ਹੋ। ਕਰਮਾਂ ਵਸ ਜੀਵ ਜੋਨੀਆਂ ਵਿਚ ਆਂਵਦਾ ਜਾਂਦਾ ਹੈ, ਜੀਕੁਣ ਜੇਹਲਖਾਨੇ ਵਿਚ ਕੈਦੀ ਆਪਣੇ ਕੀਤੇ ਦੇ ਫਲ ਨੂੰ ਭੋਗਦਾ ਜਾਂਦਾ ਹੈ। ਪਰ ਓਸੇ ਜੇਹਲਖਾਨੇ ਵਿਚ

ਡਾਕਟਰ ਭੀ ਜਾਂਦਾ ਹੈ ਜੋ ਹੁਕਮ ਨਾਲ ਗਿਆ ਹੈ। ਉਸ ਦਾ ਜਾਣਾ ਆਮ ਕੈਦੀਆਂ ਵਾਂਗ ਨਹੀਂ, ਕਿੰਤੂ ਓਹ ਸੁਖ ਦੇਣ ਲਈ ਜਾਂਦਾ ਹੈ, ਓਹ ਓਥੇ ਜਾਕੇ ਭੀ ਸੁਤੰਤ੍ਰ ਹੈ। ਏਸੇ ਤਰ੍ਹਾਂ ਆਪ ਹੋ ਤਾਂ ਅਜੋਨੀ, ਪਰੰਤੂ ਜਗਤ ਦੇ ਉਪ੍ਕਾਰ ਲਈ ਪ੍ਰਗਟ ਹੋਏ ਹੋ। ਆਪ ਨੇ ਗੁਰਬਚਨਾਂ ਨਾਲ ਡੁਬਦੇ ਜਗਤ ਨੂੰ ਤਾਰ ਲਿਆ ਹੈ। ਜੋ ਕੁਛ ਜਗਤ ਦੀ ਰਚਨਾ ਗੁਪਤ ਜਾਂ ਪ੍ਰਗਟ ਹੈ ਇਹ ਸ੍ਰੂਪਵਾਨ ਹੈ। ਜੋ ਕੁਛ ਪੰਜ ਤਤਾਂ ਤੇ ਮਾਇਆ ਤੋਂ ਬਣਿਆ ਹੈ ਉਹ ਵਜਕਤਿ ਹੈ, ਪਰ ਵਾਹਿਗੁਰੂ ਜੋ ਮਾਇਆ ਤੇ ਤੱਤਾਂ ਦਾ ਰਚਨਹਾਰ ਹੈ ਉਹ ਕਿਸੇ ਖਾਸ ਸ਼ਰੀਰ ਦੇ ਅੰਦਰ ਨਹੀਂ ਹੈ, ਇਸ ਲਈ ਅਬਿਗਤ ਹੈ। ਜਦ ਓਹ ਸ਼ਰੀਰ ਤੋਂ ਰਹਿਤ ਹੈ ਤਾਂ ਓਹ ਕਿਸੇ ਇੰਦ੍ਰੇ ਦੇ ਵਿਸ਼ਯ ਹੋ ਨਹੀਂ ਸਕਦਾ, ਇਸ ਲਈ ਓਹ ਅਗੋਚਰ ਹੈ। ਜਦ ਓਹ ਅਗੋਚਰ ਹੈ, ਅਰਥਾਤ 'ਗੋ' ਇੰਦ੍ਰੀਆਂ ਜਿਸ ਵਿਚ ਪਹੁੰਚ ਸਕਣ ਓਹ ਤਾਂ ਹੋਇਆ ਗੋਚਰ ਤੇ ਜਿਸ ਵਿਚ (ਇੰਦ੍ਰੀਆਂ) ਨਾ ਪੁਜ ਸਕਣ ਓਹ ਅਗੋਚਰ ਹੋਇਆ। ਏਸੇ ਤਰ੍ਹਾਂ ਜਿਸ ਤੋਂ ਪਰੇ ਕੁਛ ਨਾ ਹੋਵੇ ਓਹ ਪਰ ਹੈ ਤੇ ਜਿਸ ਤੋਂ ਪਰੇ ਕੁਛ ਹੋਵੇ ਓਹ ਅਪਰ ਹੈ; ਸੋ ਅਸਥੂਲ ਸੂਖਮ ਦੋਹਾਂ ਰਚਨਾਂ ਦਾ ਸਿਲਸਿਲਾ ਐਸਾ ਬੱਝਵਾਂ ਹੈ ਕਿ ਇਕ ਤੋਂ ਪਰੇ ਦੂਜਾ ਹੈ ਦੂਜੇ ਤੋਂ ਪਰੇ ਤੀਜਾ ਹੈ, ਇਉਂ ਜੋ ਕੁਛ ਤਾਂ ਜਗਤ ਵਿਚ ਹੈ ਓਹ ਅਪਰਿ ਹੈ ਪਰ ਵਾਹਿਗੁਰੂ ਇਸ ਕਾਰਨਾਂ ਕਾਰਜਾਂ ਵਾਲੀ ਬੱਝਵੀਂ ਲੜੀ ਵਿਚ ਰਚੀ ਰਚਨਾ ਤੋਂ ਪਰੇ ਹੈ। ਐਸੇ ਕਰਤਾਰ ਨੂੰ ਆਪ ਜੀ ਨੇ ਗੁਰਸ਼ਬਦ ਦੁਆਰਾ ਆਪਣੇ ਮਨ ਵਿਚ ਵਸਾਇਆ ਹੈ। ਕਲ੍ਹ ਭਟਾਚਾਰਯ ਜੀ ਆਖਦੇ ਹਨ ਕਿ ਹੇ ਸਤਿਗੁਰੂ ਰਾਮਦਾਸ ਸਾਹਿਬ ਜੀ ਆਪ ਪੂਰਨ ਕਾਮ (ਜਿਸ ਦੀ ਹਰ ਇੱਛਾ ਪੂਰਨ ਹੋ ਜਾਂਦੀ ਹੈ) ਹੁੰਦੇ ਹੋਏ ਫੇਰ ਭੀ ਜਗਤ ਦੇ ਉਧਾਰ ਲਈ ਜਗਤ ਵਿਚ ਆਨ ਟਿਕੇ ਹੋ॥੮॥

| ਮੂਲ | ਅਰਥ |
|---|---|
| ਜਗਤ ਉਧਾਰਣੁ ਨਵ ਨਿਧਾਨੁ ਭਗਤਹ ਭਵ ਤਾਰਣੁ ॥ ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣੁ ॥ ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥ ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ ॥ ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ ॥ ਗੁਰ ਰਾਮਦਾਸ ਕਲੁਚਰੈ ਤੈ ਸਬਦ ਨੀਸਾਨੁ ਬਜਾ-ਇਅਉ ॥ ੯ ॥ | (ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪ) ਜਗਤ ਦਾ ਉਧਾਰ ਕਰਨ ਵਾਲੇ ਤੇ ਨੌਂ ਨਿਧੀਆਂ ਦੇ ਖਜ਼ਾਨੇ ਹੋ, ਸੰਸਾਰ ਸਾਗਰ ਤੋਂ ਭਗਤਾਂ ਦੇ ਤਾਰਨਹਾਰ ਹੋ। ਵਾਹਿਗੁਰੂ ਜੀ ਦਾ ਨਾਮ (ਜੋ ਅੰਮ੍ਰਿਤ ਹੈ ਇਸ) ਅੰਮ੍ਰਿਤ ਦੀ ਬੂੰਦ ਨਾਲ ਵਿਕਾਰਾਂ (ਰੂਪੀ) ਸੱਪ ਦੀ ਜ਼ਹਿਰ ਨੂੰ ਦੂਰ ਕਰ ਦਿੰਦੇ ਹੋ। ਸਤੋਗੁਣ ਰੂਪੀ ਸਫਲੇ ਬ੍ਰਿਛ ਹੋ, ਗਿਆਨ ਰੂਪੀ ਅੰਮ੍ਰਿਤ ਫਲ (ਆਪ ਜੀ ਦੇ ਨਾਲ) ਲੱਗੇ ਹੋਏ ਹਨ। (ਆਪ ਜੀ ਦੀ) ਮੇਹਰ ਨਾਲ (ਜਿਨ੍ਹਾਂ ਸਿੱਖਾਂ ਨੂੰ ਇਹ ਅੰਮ੍ਰਿਤ ਫਲ) ਮਿਲੇ ਹਨ ਓਹ ਜਨ ਵੱਡੇ ਭਾਗਾਂ ਵਾਲੇ ਤੇ ਧੰਨ ਹਨ। (ਜਿਨ੍ਹਾਂ ਨੇ) ਆਪ ਜੀ ਦੇ ਵਾਹਿਗੁਰੂ ਸਬਦ ਨਾਲ ਮਨ ਦਾ ਪਰਚਾ ਪਾਇਆ ਹੈ ਉਹ ਮੁਕਤ ਹੋ ਗਏ ਹਨ। ਕਲ੍ਹ ਭੱਟ ਜੀ ਆਖਦੇ ਹਨ ਕਿ ਹੇ ਸਤਿਗੁਰੂ ਰਾਮਦਾਸ ਜੀ, ਆਪ ਜੀ ਨੇ (ਗੁਰ) ਸ਼ਬਦ ਦਾ ਨਗਾਰਾ ਬਜਾ ਦਿੱਤਾ ਹੈ॥੯॥ |

**ਪਦਾਰਥ**—ਭਵ-ਸੰਸਾਰ। ਬਿਸੁ-ਵਿਸ਼ਯ ਜਾਂ ਸੱਪ। ਤਰੋਵਰ-ਬ੍ਰਿਛ। ਪਰਚਾ-ਪ੍ਰੇਮ ਜਾਂ ਮਨ ਦੇ ਟਿਕਾਉਣ ਦਾ ਟਿਕਾਣਾ। ਨੀਸਾਨੁ-ਨਗਾਰਾ।

**ਭਾਵ**—ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਜਗਤ ਦਾ ਉਧਾਰ ਕਰਨ ਵਾਲੇ ਹਨ। ਕਈ ਮਹਾਂਪੁਰਖਾਂ ਦਾ ਕਥਨ ਹੈ ਕਿ ਮੈਂ ਆਪਣੀ ਕੌਮ ਦੇ ਉਧਾਰ ਵਾਸਤੇ ਆਇਆ ਹਾਂ, ਕਈਆਂ ਦਾ ਕਥਨ

ਹੈ ਕਿ ਮੈਂ ਇਕ ਦੇਸ਼ ਦੇ ਉਧਾਰ ਲਈ ਆਇਆ ਹਾਂ, ਪਰੰਤੂ ਸਤਿਗੁਰੂ ਜੀ ਕਿਸੇ ਇਕ ਕੌਮ ਜਾਂ ਦੇਸ਼ ਲਈ ਨਹੀਂ ਆਏ, ਓਹ ਜਗਤ ਦੇ ਉਧਾਰ ਕਰਨ ਲਈ ਪ੍ਰਗਟੇ ਹਨ ਅਰ ਮਾਇਕ ਤੇ ਰੱਬੀ ਤਾਕਤਾਂ ਦੇ ਓਹ ਮਾਲਕ ਹਨ ਅਰ ਸ਼ਰਨਾਗਤ ਪ੍ਰੇਮੀਆਂ ਨੂੰ ਭਵਜਲੋਂ ਪਾਰ ਕਰਨ ਵਾਲੇ ਹਨ। ਵਿਸ਼ਯ ਰੂਪੀ ਸੱਪਾਂ ਦੀ ਜ਼ਹਿਰ ਸਭ ਜੀਵਾਂ ਨੂੰ ਆਪਣਾ ਅਸਰ ਕਰ ਰਹੀ ਹੈ, ਪਰ ਆਪ ਪਾਸ ਵਾਹਿਗੁਰੂ ਜੀ ਦੇ ਨਾਮ ਰੂਪੀ ਅੰਮ੍ਰਿਤ ਦੀ ਬੂੰਦ ਹੈ ਜਿਸ ਨਾਲ ਉਸ ਜ਼ਹਿਰ ਨੂੰ ਦੂਰ ਕਰ ਦੇਂਦੇ ਹਨ। 'ਬਿਸੁ ਕੀ ਬਿਖੈ' ਇਸ ਪਦ ਦਾ ਅੰਨਵੈ ਕਰਨਾ ਬਿਖੈ ਕੀ ਬਿਸ, ਅਰਥਾਤ ਵਿਸ਼ਿਯੋਂ ਕੀ ਜ਼ਹਿਰ ਅਥਵਾ 'ਬਿਸੁਕੀ' ਸੱਪ ਨੂੰ ਆਖਦੇ ਹਨ ਅਰ ਬਿਖੈ ਪਦ ਦਿਹਲੀਦੀਪ ਵਤ ਦੋਵੇਂ ਅਰਥ ਦੇਂਦਾ ਹੈ। ਅਰਥਾਤ ਬਿਸੈ ਰੂਪੀ ਸੱਪ ਦੀ ਜ਼ਹਿਰ ਨੂੰ ਨਾਮ ਅੰਮ੍ਰਿਤ ਨਾਲ ਸਤਿਗੁਰੂ ਦੂਰ ਕਰ ਦੇਂਦੇ ਹਨ। ਸਤਿਗੁਰੂ ਸਤੋਗੁਣ ਦਾ ਬ੍ਰਿਛ ਹਨ, ਜਿਨ੍ਹਾਂ ਨਾਲ ਗਿਆਨ ਦੇ ਅੰਮ੍ਰਿਤ ਫਲ ਲੱਗੇ ਹਨ; ਵੱਡੇ ਪੁੰਨਾਂ ਵਾਲਿਆਂ ਨੂੰ ਇਹ ਅੰਮ੍ਰਿਤ ਫਲ ਮਿਲੇ ਹਨ ਸੋ ਧੰਨ ਹਨ। ਸਤਿਗੁਰੂ ਦੇ ਸ਼ਬਦ ਨਾਲ ਜਿਨ੍ਹਾਂ ਦੇ ਮਨ ਦਾ ਪ੍ਰੇਮ ਲੱਗ ਗਿਆ ਓਹ ਮੁਕਤ ਹੋ ਗਏ, ਅਥਵਾ ਜਿਨ੍ਹਾਂ ਦੇ ਮਨ ਦਾ ਪ੍ਰੇਮ ਸਤਿਗੁਰੂ ਜੀ ਨਾਲ ਲੱਗਾ ਉਹ ਸਤਿਗੁਰੂ ਜੀ ਦੇ ਸ਼ਬਦ ਨਾਲ ਮੁਕਤ ਹੋ ਗਏ, ਇਹ ਆਪੋ ਵਿਚ ਦੁਵੱਲੀ ਇਕੋ ਗੱਲ ਹੈ। ਜਿਨ੍ਹਾਂ ਦਾ ਸ਼ਬਦ ਨਾਲ ਪਰਚਾ ਪੈ ਗਿਆ ਉਹ ਸਤਿਗੁਰੂ ਜੀ ਦਾ ਨਿਰਗੁਣ ਰੂਪ ਹੈ ਜੋ ਸਤਿਗੁਰੂ ਜੀ ਨਾਲ ਪਰਚੇ ਉਹ ਸ਼ਬਦ ਦੇ ਅਭਯਾਸ ਵਿਚ ਤੱਤਪਰ ਹੋਕੇ ਮੁਕਤੀ ਨੂੰ ਪ੍ਰਾਪਤ ਕਰਦੇ ਹਨ। ਕਲ੍ਯ ਜੀ ਆਖਦੇ ਹਨ ਕਿ ਜੀਕੁਣ ਦਰਯਾ ਤੋਂ ਪਾਰ ਕਰਨ ਵੇਲੇ ਮਲਾਹ ਲੋਕ ਬੇੜੇ ਪਰ ਲੋਕਾਂ ਨੂੰ ਕੱਠੇ ਕਰਨ ਵੇਲੇ ਢੋਲ ਬਜਾਂਦੇ ਹਨ ਇਸੇ ਤਰ੍ਹਾਂ ਸਤਿਗੁਰੂ ਜੀ ਨੇ ਭੌਜਲ ਸੰਸਾਰ ਤੋਂ ਤਾਰਨ ਲਈ ਗੁਰ ਸ਼ਬਦ ਦਾ ਨਗਾਰਾ ਵਜਾ ਦਿੱਤਾ ਹੈ। ਕੋਈ ਯਾਤਰੀ ਜੋ ਬੇੜੇ ਤੋਂ ਵਿੱਥ ਤੇ ਹੈ ਜਾਂ ਅਚੇਤ ਹੈ ਉਹ ਸ਼ਬਦ ਦੀ ਧੁਨਕਾਰ ਸੁਣਕੇ ਬੇੜੇ ਪਰ ਆ ਜਾਵੇ ਤੇ ਪਾਰ ਹੋ ਜਾਵੇ॥੯॥

| ਮੂਲ | ਅਰਥ |
|---|---|
| **ਸੇਜ ਸਧਾ ਸਹਜੁ ਛਾਵਾਣੁ ਸੰਤੋਖੁ ਸਰਾਇਚਉ ਸਦਾ ਸੀਲ ਸੰਨਾਹੁ ਸੋਹੈ ॥ ਗੁਰ ਸਬਦਿ ਸਮਾਚਰਿਓ ਨਾਮੁ ਟੇਕ ਸੰਗਾਦਿ ਬੋਹੈ ॥ ਅਜੋਨੀ ਉਭਲੂ ਅਮਲੁ ਸਤਿਗੁਰ ਸੰਗਿ ਨਿਵਾਸੁ ॥ ਗੁਰ ਰਾਮਦਾਸ ਕਲੁਚਰੈ ਤੁਅ ਸਹਜ ਸਰੋਵਰਿ ਬਾਸੁ ॥੧੦॥** | ਸ਼ਰਧਾ ਵਿਛਾਵਣਾ ਹੈ, ਗਿਆਨ ਦਾ ਸਾਏਵਾਨ (ਤਣ ਰਿਹਾ) ਹੈ, ਸੰਤੋਖ ਦੀਆਂ ਕਨਾਤਾਂ (ਲਗ ਰਹੀਆਂ) ਹਨ, ਜਤ ਦੀ ਆਪ ਦੇ ਸਦਾ ਸੰਜੋਅ ਪਾਈ ਸੋਭਦੀ ਹੈ। ਸਤਿਗੁਰੂ ਜੀ ਦੇ ਸ਼ਬਦ ਨੂੰ ਆਪ ਕਮਾਇਆ ਹੈ ਤੇ ਨਾਮ ਦੀ ਟੇਕ ਹੀ ਸੰਗਤਾਂ ਵਿਚ ਪ੍ਰਵੇਸ਼ ਕਰਾਈ ਹੈ। ਜਨਮ ਤੋਂ ਰਹਿਤ ਅਭੁਲ ਅਰ ਪਵਿਤ੍ਰ (ਮੂਰਤੀ ਸ੍ਰੀ) ਸਤਿਗੁਰੂ (ਅਮਰਦਾਸ ਜੀ) ਨਾਲ ਹੀ (ਆਪਦਾ) ਨਿਵਾਸ ਹੈ। ਕਲ੍ਯ ਭੱਟ ਜੀ ਆਖਦੇ ਹਨ ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਦਾ ਸ਼ਾਂਤਿ ਸਰੋਵਰ ਵਿਚ ਵਾਸਾ ਹੈ॥੧੦॥ |

**ਪਦਾਰਥ**—ਸੇਜ-ਬਿਸਤਰਾ, ਵਿਛੌਣਾਂ। ਸਧਾ-ਸ਼ਰਧਾ। ਸਹਜੁ-ਗਿਆਨ। ਛਾਵਾਣੁ-ਸਾਏਵਾਨ। ਸਰਾਇਚਉ-ਕਨਾਤਾਂ। ਸੀਲ-ਜਤ ਜਾ ਸ਼ਾਂਤੀ ਸੁਭਾਵ। ਸੰਨਾਹੁ-ਜ਼ਿਰਹ। ਬੋਹੈ-ਸੁਗੰਧੀ ਦੀ ਮਹਿਕ ਦਾ ਦੂਜੇ ਵਿਚ ਪ੍ਰਵੇਸ਼। ਉਭਲ੍ਯ-ਨਾਂ ਭੁਲਣ ਵਾਲਾ। ਅਮਲੁ-ਮੈਲ ਤੋਂ ਰਹਿਤ, ਸ਼ੁੱਧ। ਸਰੋਵਰਿ-ਤਾਲਾਬ।

**ਭਾਵ**—ਸੰਸਾਰਕ ਪ੍ਰਬੰਧ ਕਰਨ ਵਾਲੇ ਪੁਰਸ਼ਾਂ ਨੂੰ ਰਾਜਾ ਆਖਦੇ ਹਨ, ਰਾਜੇ ਲੋਕਾਂ ਦੇ ਵਰਤੋਂ

ਦੇ ਸਾਮਾਨ ਆਮ ਪਰਜਾ ਤੋਂ ਨਿਰਾਲੇ ਹੁੰਦੇ ਹਨ। ਪਰਮਾਰਥ ਮੰਡਲ ਵਿਚ ਦੈਵ ਅਦੈਵ ਤਾਕਤਾਂ ਪਰ ਹੁਕਮ ਚਲਾਉਣ ਵਾਲੇ ਉੱਚੇ ਮਹਾਂਪੁਰਖਾਂ ਨੂੰ ਭੀ ਰਾਜਾ ਕਹੀਦਾ ਹੈ। ਸੰਸਾਰ ਦੇ ਰਾਜੇ ਸਦਾ ਨਹੀਂ ਰਹਿੰਦੇ, ਇਸ ਲਈ ਉਹਨਾਂ ਦੇ ਸਾਜ਼ੋ ਸਾਮਾਨ ਭੀ ਸਦਾ ਥਿਰ ਨਹੀਂ, ਪਰ ਆਤਮ ਮੰਡਲ ਦੇ ਰਾਜੇ ਦੇਹ ਵਿਚ ਹੋਣ ਚਾਹੇ ਵਿਦੇਹੀ ਹੋਣ, ਉਹ ਸਦਾ ਹੀ ਆਪਣੇ ਆਪ ਵਿਚ ਟਿਕੇ ਹੋਏ ਕਾਇਮ ਰਹਿੰਦੇ ਹਨ। ਇਥੇ ਸਤਿਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਜੀ ਨੂੰ ਰਾਜਾ ਕਿਹਾ ਹੈ। ਆਪ ਜੀ ਦੇ ਦੈਵੀ ਗੁਣਾਂ ਨੂੰ ਸਜਾਵਟ ਦੇ ਸਾਮਾਨ ਵਿਚ ਗਿਣਿਆਂ ਸ਼ਰਧਾ ਦਾ ਵਿਛੌਣਾ ਹੈ, ਜੀਕੁਣ ਵਿਛੌਣਾਂ ਜ਼ਮੀਨ ਦੀ ਗਰਦ ਨੂੰ ਹੇਠਾਂ ਕਰਕੇ ਬੈਠਣ ਵਾਲੀ ਥਾਂ ਨੂੰ ਸੁਹਾਵਣਾ ਕਰਦਾ ਹੈ ਇਸੇ ਤਰ੍ਹਾਂ ਸੰਸਿਆਂ, ਵਹਿਮਾਂ, ਭਰਮਾਂ, ਫੋਕੀਆਂ ਨੁਕਤਾਚੀਨੀਆਂ ਨੂੰ ਸ਼ਰਧਾ ਦਬਾਕੇ ਦਿਲ ਦੀ ਜ਼ਮੀਨ ਨੂੰ ਸੁਸ਼ੋਭਤ ਕਰਦੀ ਹੈ, ਸ਼ਰਧਾ ਵਾਲੇ ਪੁਰਖ ਦਾ ਚਿਤ ਸੁਹਾਵਣਾ ਹੁੰਦਾ ਹੈ। ਧੁੱਪ ਤੋਂ ਰਖਿਆ ਲਈ ਉੱਪਰ ਸਾਏਵਾਨ ਤਾਣੀਦਾ ਹੈ, ਸੋ ਅਗਿਆਨ ਦੀ ਤਪਸ਼ ਤੋਂ ਰਖਿਆ ਕਰਨ ਵਾਲਾ ਇਥੇ ਗਿਆਨ ਦਾ ਸਾਏਵਾਨ ਤਣ ਰਿਹਾ ਹੈ। ਸਾਏਵਾਨ ਦੇ ਚੋਫੇਰੇ ਕਨਾਤਾਂ ਹੁੰਦੀਆਂ ਹਨ ਜੋ ਪਰਦੇ ਦਾ ਕੰਮ ਭੀ ਦੇਂਦੀਆਂ ਹਨ ਤੇ ਅਯੋਗ ਪੁਰਸ਼ਾਂ ਲਈ ਰੁਕਾਵਟ ਭੀ ਹੁੰਦੀ ਹੈ, ਸੋ ਸੰਤੋਖ ਦੀਆਂ ਕਨਾਤਾਂ ਤਣ ਰਹੀਆਂ ਹਨ ਜੋ ਤ੍ਰਿਸ਼ਨਾਂ ਦੇ ਤਰੰਗਾਂ ਵਲੋਂ ਪਰਦੇ ਵਿਚ ਰਖਦੀਆਂ ਹਨ ਤੇ ਅਭਖੁ ਕੁਧਾਨ ਆਦਿਕਾਂ ਦੇ ਗ੍ਰਹਿਣ ਨੂੰ ਰੋਕਦੀਆਂ ਹਨ, ਅਥਵਾ ਕਨਾਤਾਂ ਨਾਲ ਵਿਛੋਣਾਂ ਤੇ ਸਾਏਵਾਨ ਸੋਭਾ ਪਾਉਂਦਾ ਹੈ; ਸੋ ਸ਼ਰਧਾ ਤੇ ਗਿਆਨ ਦੋਵੇਂ ਸੰਤੋਖ ਨਾਲ ਸ਼ੋਭਾ ਪਾਉਂਦੇ ਹਨ। ਆਪਣੇ ਪਿਆਰਿਆਂ ਨਾਲ ਵਿਰਾਜਣ ਲਈ ਤਾਂ ਦੈਵੀ ਗੁਣਾਂ ਸਹਿਤ ਰਾਜਾਨ ਰਾਜ ਸਤਿਗੁਰੂ ਇਉਂ ਬਿਰਾਜਦੇ ਹਨ ਤੇ ਦੁਸ਼ਮਨ ਜੋ ਕਾਮ, ਕ੍ਰੋਧ ਆਦਿ ਵਿਕਾਰ ਹਨ, ਇਹਨਾਂ ਦੇ ਵਾਰ ਤੋਂ ਬਚਣ ਲਈ ਆਪ ਨੇ ਜਤ ਦਾ ਕਵਚ ਪਹਿਨਿਆ ਹੈ। ਕਵਚ ਲੋਹੇ ਦਾ ਇਕ ਪ੍ਰਕਾਰ ਦਾ ਚੋਲਾ ਹੁੰਦਾ ਹੈ, ਜਿਸਨੂੰ ਪਾਕੇ ਸੂਰਮੇ ਜੰਗ ਵਿਚ ਜਾਂਦੇ ਹਨ; ਇਸ ਨੂੰ ਜ਼ਿਰਹ ਭੀ ਆਖਦੇ ਹਨ। ਵਰਤੋਂ ਵਿਚ ਆਪ ਦੇ 'ਗੁਰ ਸ਼ਬਦ' ਨਾਮ ਹੈ ਤੇ ਇਸੇ ਨਾਮੁ ਦੀ ਸੁਗੰਧੀ ਆਪ ਨੇ ਸੰਗਤਾਂ ਵਿਚ ਫੈਲਾਈ ਹੈ। ਜਨਮ ਮਰਨ ਤੋਂ ਪਾਰ ਤੇ ਪਾਰ ਦੇ ਦੇਸ਼ ਦੇ ਪਾਤਸ਼ਾਹ ਸਦਾ ਅਭੁੱਲ ਜੋ ਸਤਿਗੁਰੂ ਅਮਰਦਾਸ ਜੀ ਮਹਾਰਾਜ਼ ਹਨ ਉਹਨਾਂ ਨਾਲ ਆਪ ਦਾ ਸਦਾ ਹੀ ਵਾਸਾ ਹੈ, ਅਰਥਾਤ ਆਪਦੇ ਅੰਦਰ ਸਤਿਗੁਰੂ ਜੀ ਦੀ ਜੋਤਿ ਪ੍ਰਕਾਸ਼ ਰਹੀ ਹੈ, ਅਥਵਾ ਜਨਮ ਤੋਂ ਰਹਿਤ ਅਭੁੱਲ ਜੋ ਪਵਿਤ੍ਰ ਵਾਹਿਗੁਰੂ ਹੈ ਉਸਦੀ ਜੋਤਿ ਆਪ ਅੰਦਰ ਪ੍ਰਕਾਸ਼ ਰਹੀ ਹੈ। ਕਲ੍ਯ ਭੱਟਾਚਾਰਯ ਜੀ ਆਖਦੇ ਹਨ: ਹੇ ਸਤਿਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਦਾ ਵਾਸਾ ਸ਼ਾਂਤਿ ਸਰੋਵਰ ਪੁਰ ਹੈ, ਅਥਵਾ ਸਹਜ ਪਦ ਵਿਚ ਟਿਕੇ ਹੋ ਤੇ ਸ੍ਰੀ ਅੰਮ੍ਰਿਤ ਸਰੋਵਰ ਪੁਰ ਆਪ ਜੀ ਦਾ ਵਾਸਾ ਹੈ॥੧੦॥

| ਮੂਲ | ਅਰਥ |
|---|---|
| **ਗੁਰੁ ਜਿਨ੍ ਕਉ ਸੁਪ੍ਰਸੰਨੁ ਨਾਮੁ ਹਰਿ ਰਿਦੈ ਨਿਵਾਸੈ ॥ ਜਿਨ੍ ਕਉ ਗੁਰੁ ਸੁਪ੍ਰਸੰਨੁ ਦੁਰਤੁ ਦੂਰੰਤਰਿ ਨਾਸੈ ॥ ਗੁਰੁ ਜਿਨ੍ ਕਉ ਸੁਪ੍ਰਸੰਨੁ ਮਾਨੁ ਅਭਿਮਾਨੁ ਨਿਵਾਰੈ ॥ ਜਿਨ੍ ਕਉ ਗੁਰੁ ਸੁਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ ॥ ਪਰਚਉ ਪ੍ਰਮਾਣੁ ਗੁਰ ਪਾਇਅਉ ਤਿਨ ਸਕਯਥਉ ਜਨਮੁ** | ਜਿਸਦੇ ਉਪਰ ਗੁਰੂ ਪ੍ਰਸੰਨ ਹੁੰਦੇ ਹਨ (ਉਸਦੇ) ਰਿਦੇ ਵਿਚ ਨਾਮ ਦਾ ਨਿਵਾਸ ਹੋ ਜਾਂਦਾ ਹੈ। ਜਿਸਦੇ ਉਪਰ ਸਤਿਗੁਰੂ ਪ੍ਰਸੰਨ ਹੁੰਦੇ ਹਨ ਉਸਦੇ ਪਾਪ ਛੇਤੀ ਹੀ ਦੂਰ ਹੋ ਜਾਂਦੇ ਹਨ। ਜਿਸਦੇ ਉਪਰ ਸਤਿਗੁਰੂ ਮੇਹਰਵਾਨ ਹੁੰਦੇ ਹਨ (ਉਸ ਦੇ ਅੰਦਰੋਂ ਬਾਹਰੋਂ) ਹੰਕਾਰ ਦੂਰ ਕਰ ਦੇਂਦੇ ਹਨ। ਜਿਸਦੇ ਉਪਰ ਸਤਿਗੁਰੂ ਖੁਸ਼ ਹੁੰਦੇ ਹਨ ਉਸਨੂੰ ਨਾਮ ਵਿਚ ਲਾਕੇ ਭਵਸਾਗਰ (ਸੰਸਾਰ) ਤੋਂ ਪਾਰ ਕਰ ਦੇਂਦੇ ਹਨ। ਮੰਨਿਆਂ ਪ੍ਰਮੰਨਿਆਂ ਸਤਿਗੁਰੂ ਜੀ ਦਾ ਉਪਦੇਸ਼ ਜਿਨ੍ਹਾਂ ਨੂੰ ਪ੍ਰਾਪਤ |

| | |
|---|---|
| **ਜਗਿ ॥ ਸ੍ਰੀ ਗੁਰੂ ਸਰਣਿ ਭਜੁ ਕਲ੍ ਕਬਿ ਭੁਗਤਿ ਮੁਕਤਿ ਸਭ ਗੁਰੂ ਲਗਿ ॥ ੧੧ ॥** | ਹੋਇਆ ਹੈ ਤਿਨ੍ਹਾਂ ਦਾ ਜਗਤ ਵਿਚ ਆਉਣਾ ਸਫ਼ਲ ਹੈ। ਕੱਲ੍ਹ ਕਵੀ ਜੀ (ਆਖਦੇ ਹਨ) ਸ੍ਰੀ ਗੁਰੂ ਜੀ ਦੀ ਸ਼ਰਨ ਨੂੰ ਪ੍ਰਾਪਤ ਹੋਵਹੁ, ਸਤਿਗੁਰੂ ਦੇ ਮੇਲ ਵਿਚ ਭੁਗਤੀ ਤੇ ਮੁਕਤੀ ਆਦਿ ਸਭ ਪਦਾਰਥ ਹਨ॥੧੧॥ |

**ਪਦਾਰਥ**—ਦੁਰਤੁ-ਪਾਪ। ਦੂਰੰਤਰਿ-ਦੂਰ ਤੇ ਦੂਰ ਜਾਂ ਛੇਤੀ। ਭਵੰਜਲੁ-ਸੰਸਾਰ। ਪਰਚਉ-ਪ੍ਰੇਮ ਜਾਂ ਉਪਦੇਸ਼। ਪ੍ਰਮਾਣੁ-ਮੰਨਿਆ ਪ੍ਰਮੰਨਿਆ। ਸਕਯਥਉ-ਸਫ਼ਲ। ਭਜੁ-ਪ੍ਰਾਪਤ ਹੋ।

**ਭਾਵ**—ਸਤਿਗੁਰੂ ਜੀ ਦੀ ਪ੍ਰਸੰਨਤਾ ਇਕ ਮਹਾਨ ਦਾਤ ਹੈ, ਜਿਸ ਪਰ ਸਤਿਗੁਰੂ ਜੀ ਦੀ ਖੁਸ਼ੀ ਹੁੰਦੀ ਹੈ ਉਸਦੇ ਮਨ ਵਿਚ ਹਰੀ ਨਾਮੁ ਦਾ ਟਿਕਾਉ ਹੋ ਜਾਂਦਾ ਹੈ। ਨਾਮ ਜਪਦੇ ਤਾਂ ਹੈਨ, ਪਰ ਨਾਮ ਦਾ ਨਿਵਾਸ ਚਿਤ ਵਿਚ ਹੋ ਜਾਣਾ ਇਹ ਸਤਿਗੁਰੂ ਜੀ ਦੀ ਮੇਹਰ ਦਾ ਫਲ ਹੈ, ਸਤਿਗੁਰੂ ਜੀ ਦੀ ਮੇਹਰ ਨਾਲ ਪਾਪ ਦੂਰ ਤੋਂ ਦੂਰ ਭਜ ਜਾਂਦੇ ਹਨ। ਸਤਿਗੁਰੂ ਜੀ ਦੀ ਮੇਹਰ ਦਾ ਇਹ ਪ੍ਰਭਾਵ ਹੈ ਕਿ ਮਾਨੁ ਤਾਨੁ ਹੁੰਦੇ ਨਿੰਮ੍ਰਤਾ ਵਿਚ ਸਿਖ ਵਰਤਦਾ ਹੈ। ਗੁਰ ਸ਼ਬਦ ਦੇ ਆਸਰੇ ਜਨਮ ਮਰਨ ਦਾ ਭੈ ਦੂਰ ਹੁੰਦਾ ਹੈ, ਇਸ ਚੌਰਾਸੀ ਚੱਕਰ ਤੋਂ ਨਿਕਲਕੇ ਮਾਨੁਸ਼ ਉਪਰ ਅਰਸ਼ੀ ਮੰਡਲ ਵਿਚ ਜਾ ਵਸਦਾ ਹੈ। ਸਤਿਗੁਰੂ ਜੀ ਦਾ ਉਪਦੇਸ਼ ਹਰ ਜਗ੍ਹਾ ਪਰਵਾਨ ਹੈ। ਯਥਾ-"**ਗੁਰ ਕਾ ਸਬਦੁ ਨ ਮੇਟੈ ਕੋਇ॥ ਗੁਰੁ ਨਾਨਕੁ ਨਾਨਕੁ ਹਰਿ ਸੋਇ॥**"(੮੬੪) ਜਿਨ੍ਹਾਂ ਨੂੰ ਗੁਰ ਸ਼ਬਦ ਪ੍ਰਾਪਤ ਹੋਇਆ ਹੈ ਉਹਨਾਂ ਦਾ ਜਗਤ ਵਿਚ ਜੰਮਣਾ ਸਫ਼ਲ ਹੈ। ਯਥਾ-"**ਆਇਆ ਸਫਲ ਤਾਹੂ ਕੋ ਗਨੀਐ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ॥**"(੨੫੨) ਤਥਾ-"**ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥**"(੨੯੪) ਕੱਲ੍ਹ ਜੀ ਆਖਦੇ ਹਨ ਸਤਿਗੁਰੂ ਜੀ ਦੀ ਸ਼ਰਨ ਵਿਚ ਦੌੜਕੇ ਪ੍ਰਾਪਤ ਹੋਵਹੁ, ਸਤਿਗੁਰੂ ਜੀ ਦੀ ਚਰਨ ਸ਼ਰਨ ਵਿਚ ਭੋਗ ਤੇ ਮੋਖ ਦੋਵੇਂ ਹਨ॥੧੧॥

| ਮੂਲ | ਅਰਥ |
|---|---|
| **ਸਤਿਗੁਰਿ ਖੇਮਾ ਤਾਣਿਆ ਜੁਗ ਜੂਥ ਸਮਾਣੇ ॥ ਅਨਭਉ ਨੇਜਾ ਨਾਮੁ ਟੇਕ ਜਿਤੁ ਭਗਤ ਅਘਾਣੇ ॥ ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ ॥ ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ ਹੂ ਰਸੁ ਜਾਣੇ ॥੧੨॥** | ਸ੍ਰੀ ਸਤਿਗੁਰੂ ਜੀ ਨੇ (ਵਾਹਿਗੁਰੂ ਜਸ ਦਾ) ਸਾਏਵਾਨ ਤਾਣਿਆ ਹੈ (ਜਿਸਦੇ ਸਾਏ ਦੇ ਤਲੇ) ਸੰਸਾਰ ਦੇ ਸਾਰੇ ਜੀਵ ਆਣਕੇ ਸਮਾਏ ਹਨ। ਗਿਆਨ ਦਾ ਨੇਜਾ ਆਪ ਨੇ ਨਾਮ ਦੇ ਬਲ ਨਾਲ (ਗੱਡ ਦਿਤਾ ਹੈ), ਜਿਸ (ਨਾਮ) ਦੇ ਨਾਲ (ਸਾਰੇ) ਭਗਤ (ਜਨ ਤ੍ਰਿਸ਼ਨਾਂ ਤੋਂ ਰਹਿਤ ਹੋਕੇ) ਰੱਜ ਗਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਭਗਤੀ ਭਾਵ ਸਹਿਤ ਵਾਹਿਗੁਰੂ ਜੀ ਨਾਲ ਅਭੇਦ ਹੋ ਗਏ ਹਨ। ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਇਸ ਰਾਜ ਜੋਗ ਦੇ ਰਸ ਨੂੰ ਆਪ ਹੀ ਜਾਣਦੇ ਹੋ॥੧੨॥ |

**ਪਦਾਰਥ**—ਖੇਮਾ-ਚੰਦੋਆ, ਸਾਇਵਾਨ। ਜੂਥ-ਸਮੂਹ ਜੀਵ। ਨੇਜਾ-ਇਕ

ਕਿਸਮ ਦਾ ਲੰਬਾ ਹਥਿਆਰ, ਜਿਸਦੀ ਡੰਡੀ ਤਾਂ ਲਕੜੀ ਦੀ ਹੁੰਦੀ ਹੈ ਤੇ ਅਗੋਂ ਲੋਹੇ ਦਾ ਫਲਾ ਹੁੰਦਾ ਹੈ। ਅਘਾਨੇ-ਤ੍ਰਿਪਤ ਹੋ ਗਏ, ਰੱਜ ਗਏ।

**ਭਾਵ**—ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ ਨਿਰੰਕਾਰ ਦਾ ਜਸ ਕੀਤਾ ਹੈ; ਇਹ ਇਕ ਵਡਾ ਸਾਏਵਾਨ ਹੈ ਜਿਸਦੇ ਤਲੇ ਸੰਸਾਰ ਦੇ ਸਾਰੇ ਜੀਵ ਬਿਨਾਂ ਕਿਸੇ ਭਿੰਨ ਭੇਦ ਦੇ ਆਣ ਸਮਾਏ ਹਨ। ਕਰਤਾਰ ਦੇ ਜਸ ਦੇ ਇਸ ਸਾਏਵਾਨ ਹੇਠ ਜੋ ਆਏ ਉਹ ਜਨਮ ਮਰਨ ਦੀ ਤਪਸ਼ ਤੋਂ ਬਚ ਗਏ, ਉਹ ਗੁਰੂ ਦੇ ਹੋ ਗਏ, ਉਹਨਾਂ ਦਾ ਰਾਖਾ ਸਤਿਗੁਰੂ ਆਪ ਬਣਿਆਂ, ਗਿਆਨ ਦਾ ਨੇਜਾ ਆਪ ਜੀ ਨੇ ਗਡਿਆ ਹੈ ਜੋ ਨਾਮ ਦੇ ਬਲ ਨਾਲ ਦ੍ਰਿੜ੍ਹ ਕਰ ਦਿਤਾ ਹੈ। ਅਨੁਭਵ ਜੋ ਆਤਮਾਂ ਵਿਚ ਪਰਮਾਤਮਾ ਦਾ ਗਿਆਨ ਰੂਪ ਹੈ ਉਹ ਨਾਮ ਨਾਲ ਹੀ ਦ੍ਰਿੜ੍ਹ ਹੁੰਦਾ ਹੈ, ਜੋ ਫੋਕਾ ਗਿਆਨ ਸਿੱਖਕੇ ਨਾਮ ਸਿਮਰਨ ਤੋਂ ਭੁੱਲੇ ਹੋਏ ਹਨ ਉਹਨਾਂ ਦਾ ਗਿਆਨ ਦ੍ਰਿੜ੍ਹ ਨਹੀਂ। ਸਤਿਗੁਰੂ ਜੀ ਦਾ ਆਸ਼ਾ ਨਾਮ ਸਿਮਰਨ ਨਾਲ ਸਫ਼ਲ ਗਿਆਨ ਹੈ ਨਾਮ ਦੀ ਬਰਕਤ ਦੀ ਦਾਤ ਨਾਲ ਸਾਰੇ ਭਗਤ ਤ੍ਰਿਪਤ ਹੋਏ ਹਨ, ਨਾਮ ਦਾ ਸਦਕਾ ਸਭ ਦੀ ਕਲਿਆਨ ਹੋਈ ਹੈ, ਨਾਮ ਦੇ ਪਰਤਾਪ ਕਰ ਸਭ ਤਰੇ ਹਨ। ਸਤਿਗੁਰੂ ਨਾਨਕ ਸਾਹਿਬ ਜੀ ਭਗਤੀ ਭਾਵ ਵਿਚ ਰੱਤੇ ਹੋਏ ਸਚਖੰਡ ਵਿਚ ਵਿਰਾਜਮਾਨ ਹਨ। ਅਥਵਾ ਸਤਿਗੁਰੂ ਆਪ ਤੇ ਉਹਨਾਂ ਦੇ ਭਗਤ ਵਾਹਿਗੁਰੂ ਵਿਚ ਅਭੇਦ ਹਨ; ਸਹਜ ਜੋਗ ਜਾਂ ਗ੍ਰਿਹਸਥ ਵਿਚ ਰਹਿ ਕੇ ਸਾਂਈਂ ਨਾਲ ਜੁੜੇ ਰਹਿਣਾ ਇਸ ਰਾਜ ਜੋਗ ਦੇ ਰਸ ਨੂੰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਅਨੁਭਵ ਕਰਦੇ ਹਨ॥੧੨॥

| ਮੂਲ | ਅਰਥ |
|---|---|
| **ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ ॥ ਸਤੁ ਸੰਤੋਖੁ ਸਮਾਚਰੇ ਅਭਰਾ ਸਰੁ ਭਰਿਆ ॥ ਅਕਥ ਕਥਾ ਅਮਰਾ ਪੁਰੀ ਜਿਸੁ ਦੇਇ ਸੁ ਪਾਵੈ ॥ ਇਹੁ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਣਿ ਆਵੈ ॥ ੧੩ ॥** | ਜਨਕ ਹੈ ਉਹ ਜਿਸਨੇ ਜਾਣ ਲਿਆ ਹੈ (ਵਾਹਿਗੁਰੂ ਨੂੰ ਅਰ) ਮਨ ਦੀ ਬ੍ਰਿਤੀ ਦੇ ਪ੍ਰਵਾਹ ਨੂੰ ਉਚੇ ਵਾਹਿਗੁਰੂ ਜੀ ਵਿਚ ਰਖ ਲਿਆ। ਅਛੀ ਤਰ੍ਹਾਂ ਸਤਿ ਸੰਤੋਖ ਵਿਚ ਵਰਤੇ ਅਰ ਖਾਲੀ ਤਲਾਵਾਂ ਨੂੰ ਭਰ ਦਿੰਤਾ। ਸੱਚਖੰਡ ਦੀ ਕਥਾ ਆਖੀ ਨਹੀਂ ਜਾਂਦੀ, (ਪਰ ਮੇਹਰ ਕਰਕੇ) ਜਿਸਨੂੰ ਬਖਸ਼ੇ ਉਹ (ਭੇਤ) ਪਾ ਲੈਂਦਾ ਹੈ। ਇਹ ਗਿਆਨ ਦਾ ਰਾਜ (ਮਾਇਆ ਵਿਚ ਰਹਿਕੇ ਜਨਕ ਵਾਂਗੂੰ ਨਿਰਲੇਪ ਰਹਿਣਾ) ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਨੂੰ ਹੀ ਸ਼ੋਭਦਾ ਹੈ॥੧੩॥ |

**ਪਦਾਰਥ**—ਰਥੁ-ਬ੍ਰਿਤੀ ਦਾ ਪ੍ਰਵਾਹ। ਸਮਾਚਰੇ-ਅਛੀ ਤਰ੍ਹਾਂ ਵਰਤੇ। ਸਰੁ-ਤਾਲਾਬ। ਅਮਰਾਪੁਰੀ-ਸਚੁ ਖੰਡ।

**ਭਾਵ**—ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ "ਰਾਜ-ਜੋਗ", ਪਰਵਿਰਤੀ ਨਿਰਵਰਤੀ, ਗ੍ਰਿਹਸਤ, ਤਿਆਗ, ਦੋਹਾਂ ਨੂੰ ਸ਼ਸ਼ੋਭਤ ਕੀਤਾ ਅਰ ਦੋਹਾਂ ਨੂੰ ਨਿਭਾਕੇ ਆਪ ਦਿਖਾਇਆ। ਇਸ ਔਖੇ ਕੰਮ ਨੂੰ ਨਿਭਾਉਣ ਵਿਚ ਆਪ ਮਹਾਂ ਬਲੀ ਪੁਰਖ ਹਨ। ਆਖਦੇ ਹਨ ਕਿ ਰਾਜਾ ਜਨਕ ਜੀ ਰਾਜ ਵਿਚ ਰਹਿਕੇ ਨਿਰਲੇਪ ਰਹੇ ਹਨ। ਪਰ ਜਨਕ ਦਾ ਅਰਥ ਜਾਣਨ ਵਾਲਾ ਹੈ, ਜਿਸਨੇ ਵਾਹਿਗੁਰੂ ਨੂੰ ਜਾਣ ਲਿਆ ਉਹ ਜਨਕ ਹੈ। ਸੋ ਆਪ ਗਜਾਨਵਾਨ ਹਨ ਅਰ ਬਿਰਤੀ ਦੇ ਪ੍ਰਵਾਹ ਨੂੰ ਆਪ ਜੀ ਨੇ ਉਚੇ ਵਾਹਿਗੁਰੂ ਜੀ ਵਿਚ ਰਖ ਲਿਆ ਹੈ। "ਉਨਮਨਿ" ਦਾ ਅਰਥ ਅਫੁਰ ਭੀ ਹੈ, ਯੋਗੀਆਂ ਦੇ

ਮਤ ਵਿਚ ਇਕ ਉਨਮਨੀ ਮੁੱਦ੍ਰਾ ਭੀ ਹੈ। ਕਈ ਗਿਆਨੀ ਉੱਨਤ ਹੋਇਆ ਮਨ. ਅਰਥਾਤ ਫੁਰਨੇ ਦੇ ਚੱਕਰਾਂ ਨੂੰ ਜਿਤ ਚੁਕਾ ਹੋਇਆ ਮਨ ਭੀ 'ਉਨਮਨਿ' ਦਾ ਅਰਥ ਕਰਦੇ ਹਨ, ਸੋ ਮਨ ਦੇ ਪ੍ਰਵਾਹ ਨੂੰ ਵਾਹਿਗੁਰੂ ਵਿਚ ਲਗਾਤਾਰ ਆਪ ਟਿਕਾਇਆ। ਇਹ ਤਾਂ ਆਪ ਜੀ ਦੀ ਅੰਤ੍ਰੀ ਕਾਰ ਹੈ ਕਿ ਆਪ ਵਾਹਿਗੁਰੂ ਜੀ ਦੇ ਗਿਆਨੀ ਹਨ, ਅਰ ਗ੍ਯਾਨ ਨੂੰ ਪਾਕੇ ਵੀ ਲਗਾਤਾਰ ਭਗਤੀ ਦੇ ਰੰਗ ਵਿਚ ਜੁੜੇ ਹੋਏ ਹਨ, ਸੋ ਗਿਆਨ ਆਪ ਜੀ ਦਾ ਸਫ਼ਲ ਹੈ, ਆਪ ਜੀਵਨ ਮੁਕਤੀ ਦਾ ਆਨੰਦ ਲੈ ਰਹੇ ਹਨ। ਬਾਹਰ ਵਰਤੋਂ ਐਸੀ ਪਵਿੱਤ੍ਰ ਹੈ ਕਿ ਸਤ ਸੰਤੋਖ ਹੀ ਵਰਤਾਰੇ ਵਿਚ ਵਰਤ ਰਿਹਾ ਹੈ। ਸਾਰਾ ਸਦਾ-ਚਾਰ ਸਤ ਸੰਤੋਖ ਵਿਚ ਹੈ, ਆਪਦੇ ਅੰਦਰੋਂ ਜੋ ਕੁਝ ਮਾੜਾ ਨਿਕਲਦਾ ਹੈ, ਉਹ ਕੂੜ ਹੈ ਤੇ ਬਾਹਰੋਂ ਜੋ ਵਿਕਾਰਾਂ ਦੇ ਹਮਲੇ ਹੁੰਦੇ ਹਨ ਉਹ ਤ੍ਰਿਸ਼ਨਾਂ ਦੇ ਹੋਣ ਕਰਕੇ ਅਸਰ ਪਾਂਦੇ ਹਨ। ਸੋ ਜਦ ਵਰਤੋਂ ਵਿਚ ਸਚ ਹੋ ਗਿਆ ਤਾਂ ਅੰਦਰੋਂ ਪਵਿੱਤ੍ਰਤਾ ਹੀ ਨਿਕਲਦੀ ਹੈ ਤੇ ਤ੍ਰਿਸ਼ਨਾਂ ਜਿੱਤ ਲਈ ਤਾਂ ਬਾਹਰ ਦੇ ਵਿਕਾਰ ਸਦਾ ਹਮਲਾ ਕਰਕੇ ਆਉਣ ਤਾਂ ਉਹਨਾਂ ਦਾ ਅਸਰ ਨਹੀਂ ਪੈਂਦਾ, ਅਗੇ ਸੰਤੋਖ ਬੈਠਾ ਹੈ ਜਿਸ ਪਰ ਵਿਕਾਰਾਂ ਦਾ ਬਲ ਪੈ ਨਹੀਂ ਸਕਦਾ, ਸੋ ਸਤੁ ਸੰਤੋਖ ਦੀ ਵਰਤੋਂ ਅੰਦਰੋਂ ਬਾਹਰੋਂ ਸੁਖਦਾਈ ਹੈ, ਸੋਹਣੀ ਹੈ, ਪਵਿਤ੍ਰ ਹੈ। ਇਸ ਵਰਤੋਂ ਵਿਚ ਟਿਕਾਉ ਰਖਕੇ ਫੇਰ ਆਪ ਨੇ ਆਪਣੀ ਮੇਹਰ ਨਾਲ ਖਾਲੀਆਂ ਨੂੰ ਪੂਰਨ ਕਰ ਦਿਤਾ। ਧਰਮ, ਅਰਥ, ਕਾਮ, ਮੋਖ, ਚਾਰੋਂ ਪਦਾਰਥ ਆਪ ਜੀ ਦੇ ਪਾਸ ਹਨ, ਜਿਸ ਲੋੜ ਵਾਲਾ ਜੋ ਆਇਆ ਉਸਦੇ ਦਿਲ ਦੀ ਇਛਾ ਪੂਰਨ ਕਰ ਦਿਤੀ। ਸਚਖੰਡ ਦਾ ਹਾਲ ਜ਼ਬਾਨੀ ਆਖਿਆ ਨਹੀਂ ਜਾਂਦਾ, ਕਿਉਂਕਿ ਉਹ ਮਨ ਤੇ ਸਾਡੇ ਇੰਦ੍ਰਿਆ ਤੋਂ ਪਾਰਲਾ ਥਾਂ ਹੈ, ਸੋ ਇਹ ਅਲੱਭ ਦਾਤ ਸਤਿਗੁਰੂ ਜੀ ਦੇ ਹਥ ਹੈ, ਜਿਸ ਨੂੰ ਬਖਸ਼ਣ ਉਸੇ ਨੂੰ ਲੱਭਦੀ ਹੈ। ਅੰਤਰ-ਆਤਮੇ ਵਾਹਿਗੁਰੂ ਵਿਚ ਅਭੇਦਤਾ (੧), ਮਨ ਦੀ ਬ੍ਰਿਤੀ ਦਾ ਪ੍ਰਵਾਹ ਨਿਰੰਤਰ ਕਰਤਾਰ ਵਿਚ ਟਿਕਾਉਣਾ (੨) ਵਰਤੋਂ ਵਿਚ ਸਤਿ ਸੰਤੋਖ ਵਰਤਣੇ (੩) ਫੇਰ ਗ੍ਰਿਹਸਤ ਵਿਚ ਰਹਿਣਾ, ਸੰਗਤਾਂ ਦੀਆਂ ਇਛਾ ਪੂਰਨ ਕਰਨੀਆਂ (੪) ਵਾਹਿਗੁਰੂ ਦੇਸ਼ ਵਿਚ ਪੁਚਾਉਣ ਦੀ ਕਾਰ ਕਰਨੀ; ਜਨਮ ਮਰਨ ਤੋਂ ਪਾਰ ਕਰਕੇ ਅਮਰ ਪੁਰੀ ਵਿਚ ਵਾਸਾ ਬਖਸ਼ਣਾ (੫) ਇਹ ਗ੍ਯਾਨ ਦਾ ਰਾਜ (ਰਾਜੇ ਜਨਕ ਵਾਂਗੂੰ) ਆਪ ਜੀ ਨੂੰ ਹੇ ਸ੍ਰੀ ਗੁਰੂ ਰਾਮਦਾਸ ਜੀ ਸੋਹਣਾ ਫਬ ਰਿਹਾ ਹੈ, ਸੋ ਇਹ ਆਪ ਜੀ ਦਾ ਰਾਜ ਸਦਾ ਸਦਾ ਅਟੱਲ ਰਹੇ॥੧੩॥

| ਮੂਲ | ਅਰਥ |
| --- | --- |
| ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜ੍ਹ ਤਿਨ੍ਹ ਜਨ ਦੁਖ ਪਾਪੁ ਕਹੁ ਕਤ ਹੋਵੈ ਜੀਉ ॥ ਤਾਰਣ ਤਰਣ ਖਿਨ ਮਾਤ੍ਰ ਜਾ ਕਉ ਦ੍ਰਿਸ੍ਟਿ ਧਾਰੈ ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ ॥ ਜੀਅਨ ਸਭਨ ਦਾਤਾ ਅਗਮ ਗ੍ਯਾਨ ਬਿਖ੍ਯਾਤਾ ਅਹਿਨਿਸਿ ਧ੍ਯਾਨ ਧਾਵੈ ਪਲਕ ਨ ਸੋਵੈ ਜੀਉ ॥ ਜਾ ਕਉ ਦੇਖਤ ਦਰਿਦ੍ਰੁ ਜਾਵੈ ਨਾਮੁ ਸੋ ਨਿਧਾਨੁ ਪਾਵੈ ਗੁਰਮੁਖਿ ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ॥ ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜ੍ਹ | ਨਿਸਚਾ ਧਾਰਕੇ ਜੋ ਮਨ ਦੀ ਇਕੋ ਲਗਨ ਨਾਲ ਸਤਿਗੁਰੂ ਜੀ ਦਾ ਨਾਮੁ ਸਿਮਰੇ ਜੀਓ ਜੀ! (ਦੱਸੋ) ਓਸ ਪੁਰਖ ਨੂੰ ਦੁਖ ਤੇ ਪਾਪ ਹੋਵੇ ਹੀ ਕਿਉਂ? ਜੀਓ ਜੀ! ਤਾਰਨ ਤਰਨ ਸਤਿਗੁਰੂ ਜਿਸਦੇ ਉਤੇ ਨਿਮਖ ਮਾਤ੍ਰ ਕ੍ਰਿਪਾ ਦ੍ਰਿਸਟਿ ਚਾ ਕਰਨ ਉਹ ਗੁਰ ਸ਼ਬਦ ਨੂੰ ਰਿਦੇ ਵਿਚ ਵਿਚਾਰਕੇ ਕਾਮ ਕ੍ਰੋਧ ਨੂੰ ਖੋ ਦੇਂਦਾ ਹੈ। (ਸਤਿਗੁਰੂ ਜੀ) ਸਾਰੇ ਜੀਆਂ ਦਾ ਦਾਤਾ ਹੈ, ਮਨ ਦੀ ਸੂਝ ਤੋਂ ਉਚ ਗਿਆਨ ਦੇ ਦੱਸਣ ਵਾਲਾ ਹੈ ਤੇ ਆਪ ਰਾਤ ਦਿਨ ਵਾਹਿਗੁਰੂ ਦੇ ਧਿਆਨ ਸਿਮਰਨ ਵਿਚੋਂ ਪਲ ਭਰ ਬੀ ਗ਼ਾਫ਼ਲ ਨਹੀਂ ਹੁੰਦਾ। ਜਿਸਦੇ ਦਰਸ਼ਨ ਕਰਕੇ ਦਲਿਦਰ ਚਲਾ ਜਾਂਦਾ ਹੈ, (ਉਹ) ਗੁਰੂ (ਆਪਣੇ ਵਚਨਾਂ ਦੇ) ਗਿਆਨ (ਅੰਮ੍ਰਿਤ ਨਾਲ) ਬੁਧੀ ਦੀ ਪਾਪ ਮੈਲ ਨੂੰ ਧੋ ਦੇਂਦਾ ਹੈ। ਭਰੋਸਾ ਬੰਨ੍ਹ ਕੇ ਜੋ ਮਨ ਦੀ ਇਕੋ ਲਗਨ ਨਾਲ ਗੁਰੂ ਗੁਰੂ |

| | |
|---|---|
| **ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ ॥ ੧॥੧੪ ॥** | ਜਪਦਾ ਹੈ ਉਸਨੂੰ ਦੁਖ ਤੇ ਪਾਪ ਦਸੋ ਲੱਗਣ ਹੀ ਕਿਉਂ? (ਅਰਥਾਤ ਪਾਪ ਤੇ ਦੁਖ ਉਸ ਤੋਂ ਦੂਰ ਹੀ ਰਹਿੰਦੇ ਹਨ)॥੧॥੧੪॥ |

**ਪਦਾਰਥ**—ਅਗਮ ਗ੍ਯਾਨ-ਮਨ ਦੀ ਸੂਝ ਤੋਂ ਪਰੇ ਦਾ ਗਿਆਨ। ਧਾਵੈ-ਧਿਆਉਣਾ, ਸਿਮਰਨਾ।

**ਭਾਵ**—ਸਤਿਗੁਰੂ ਜੀ ਦੇ ਪਵਿੱਤ੍ਰ ਨਾਮ ਸਿਮਰਨ ਦੀ ਜੁਗਤਿ ਤੇ ਸਿਮਰਨ ਦਾ ਫਲ ਭਟਾ-ਚਾਰਜ ਜੀ ਪ੍ਰਗਟ ਕਰਦੇ ਹਨ। ਸਿਮਰਨ ਵਿਚ ਪਹਿਲਾਂ ਨਿਸਚੇ, ਵਿਸਾਹ ਦੀ ਅਤਿ ਲੋੜ ਹੈ, ਪੱਕੇ ਹੋਕੇ ਲੱਗਣ ਦੀ ਲੋੜ ਹੈ, ਇਹ ਦ੍ਰਿੜਤਾ ਹੀ ਸਿਮਰਨ ਦੀ ਪੂੰਜੀ ਹੈ, ਜਿਸ ਤੋਂ ਸਿਮਰਨ ਦਾ ਵਾਪਾਰ ਸ਼ੁਰੂ ਹੁੰਦਾ ਹੈ, ਟੇਕ ਬੰਨ੍ਹੇ ਬਿਨਾਂ ਸਿਮਰਨ ਵਿਚ ਰਸ ਨਹੀਂ ਪੈਂਦਾ, ਟੇਕ ਬਿਨਾਂ ਸਿਮਰਨ ਦਾ ਪੂਰਾ ਜਤਨ ਨਹੀਂ ਹੁੰਦਾ, ਸੋ ਦ੍ਰਿੜ੍ਹਤਾ ਅਤਿ ਲੋੜ ਦੀ ਵਸਤੂ ਹੈ, ਦ੍ਰਿੜਤਾ ਨਾਲ ਮਨ ਪੱਕਾ ਹੁੰਦਾ ਹੈ, ਸਿਮਰਨ ਦਾ ਜਤਨ ਸਹਜੇ ਹੀ ਕਰਦਾ ਹੈ, ਦ੍ਰਿੜ ਹੋ ਕੇ ਨਾਮ ਸਿਮਰਨ ਵਿਚ ਲਗੇ ਤਾਂ ਹੋਰ ਲਗਨ ਦਿਲ ਵਿਚੋਂ ਦੂਰ ਕਰ ਦੇਵੇ। 'ਇਕ ਲਿਵ' ਮਨ ਵਿਚ ਇਕੋ ਲਗਨ ਲਗੀ ਰਹੀ, ਇਕ ਸਿਮਰਨ ਦੀ ਖਿੱਚ ਬਣ ਰਹੀ ਹੈ। ਇਸ ਤਰਾਂ ਕਰਨ ਨਾਲ ਸਫ਼ਲ ਸਿਮਰਨ ਹੋ ਜਾਂਦਾ ਹੈ। ਮਨ ਨੂੰ ਅਨੇਕ ਲਗਨਾਂ ਨੇ ਛੇਕੋ ਛੇਕ ਕਰ ਦਿਤਾ ਹੈ, ਮਨ ਅਨੇਕ ਲਗਨਾਂ ਨਾਲ ਕਮਜ਼ੋਰ ਹੋ ਗਿਆ ਹੈ, ਇਕ ਲਗਾਤਾਰੀ ਖਿਚ ਨਾਲ ਮਨ ਸਾਬਤ ਹੋ ਜਾਂਦਾ ਹੈ, ਮਨ ਵਿਚ ਇਕਾਗ੍ਰਤਾ ਦਾ ਬਲ ਵਧ ਜਾਂਦਾ ਹੈ, ਸੋ ਦ੍ਰਿੜ੍ਹਤਾ ਨਾਲ ਇਕੋ ਪਾਸੇ ਦੀ ਖਿਚ ਰਹੇ ਇਹ ਭੀ ਜ਼ਰੂਰੀ ਹੈ। ਨਿਸਚੇ ਨਾਲ ਤੇ ਇਕੋ ਮਨ ਦੀ ਲਗਨ ਨਾਲ ਜੋ ਸਿਮਰਦੇ ਹਨ ਉਹਨਾਂ ਪੁਰਖਾਂ ਨੂੰ ਪਾਪ ਕਿਥੋਂ ਲੱਗਣ? ਉਹਨਾਂ ਦੇ ਅੰਦਰ ਤਾਂ ਨਾਮ ਅੰਮ੍ਰਿਤ ਦਾ ਪ੍ਰਵਾਹ ਚਲ ਰਿਹਾ ਹੈ, ਜਿਸਤੋਂ ਆਤਮ, ਮਨ, ਸ਼ਰੀਰ, ਇੰਦ੍ਰੇ ਪਾਵਨ ਹੋ ਰਹੇ ਹਨ, ਉਸਦੇ ਤਾਂ ਦਰਸ਼ਨ ਨਾਲ ਪਾਪੀ ਤਰਦੇ ਹਨ, ਉਸਨੂੰ ਪਾਪ ਕਿਥੋਂ ਲਗਣ? ਇਸੇ ਤਰ੍ਹਾਂ ਪਾਪਾਂ ਦਾ ਫਲ ਦੁਖ ਹਨ ਸੋ ਦੁਖ ਭੀ ਉਸਤੋਂ ਦੂਰ ਹੋ ਜਾਂਦੇ ਹਨ। ਸਤਿਗੁਰੂ ਜੀ ਦਾ ਨਾਮ ਪਵਿੱਤ੍ਰ ਹੈ ਸੋ ਜਪਣ ਵਾਲੇ ਨੂੰ ਭੀ ਪਾਵਨ ਕਰਦਾ ਹੈ। ਸਤਿਗੁਰੂ ਜੀ ਦਾ ਨਾਮ ਸੁਖਦਾਤਾ ਹੈ ਸੋ ਜਪਣ ਵਾਲੇ ਨੂੰ ਭੀ ਸੁਖੀ ਕਰਦਾ ਹੈ। ਜਿਸ ਸਤਿਗੁਰੂ ਜੀ ਦਾ ਨਾਮ ਐਸੀ ਬਰਕਤ ਵਾਲਾ ਹੈ ਉਹ ਆਪ ਮੁਕਤਿ ਰੂਪ ਹੈ ਤੇ ਦੂਜਿਆਂ ਨੂੰ ਮੁਕਤੀ ਦਾਤਾ ਹੈ, ਆਪ ਸਤਿਗੁਰੂ ਤਰਿਆ ਹੈ, ਹੋਰਨਾਂ ਨੂੰ ਤਾਰਦਾ ਹੈ, ਅਥਵਾ ਤਾਰਨੇ ਕਉ 'ਤਰਨ' ਜਹਾਜ਼ ਹੈ, "**ਪਾਰਿ ਪਵੰਦੜੇ ਡਿਠੁ ਮੈ ਸਤਿਗੁਰਿ ਬੋਹਿਥਿ ਚਾੜਿ।**"(੧੦੧੫) ਤਥਾ-'ਸਤਿਗੁਰੁ ਭੈ ਕਾ ਬੋਹਿਥਾ'। ਭਵਸਾਗਰ ਸੰਸਾਰ ਵਿਚ ਪ੍ਰਾਣੀ ਡੁਬ ਰਹੇ ਹਨ, ਸਤਿਗੁਰ ਰੂਪੀ ਜਹਾਜ਼ ਦੇ ਆਸਰੇ ਜੋ ਲਗੇ ਉਹ ਤਰ ਗਏ। ਸਤਿਗੁਰੂ ਜੀ ਦੀ ਕ੍ਰਿਪਾ ਕਟਾਖ ਮਹਾਨ ਬਰਕਤ ਵਾਲੀ ਹੈ। ਛਿਨ ਮਾਤ੍ਰ ਜਿਸਦੇ ਉਪਰ ਮੇਹਰ ਦ੍ਰਿਸਟਿ ਚਾ ਤੱਕਣ ਉਹ ਗੁਰ ਸ਼ਬਦ ਨੂੰ ਵਿਚਾਰਕੇ ਕਾਮ ਕ੍ਰੋਧ ਨੂੰ ਦੂਰ ਕਰ ਦੇਂਦਾ ਹੈ। ਗਿਆਨੀ ਇਸ ਤੁਕ ਦਾ ਇਉਂ ਭੀ ਅਰਥ ਕਰਦੇ ਹਨ-ਸਤਿਗੁਰੂ ਜੀ ਜਿਸਦੇ ਉਪਰ ਛਿਨ ਮਾਤ੍ਰ ਭੀ ਕਿਰਪਾ ਦ੍ਰਿਸ਼ਟਿ ਚਾ ਕਰਨ ਉਹ ਪੁਰਖ ਆਪ ਭੀ ਤਰ ਜਾਂਦਾ ਹੈ ਤੇ ਹੋਰਨਾਂ ਦੇ ਤਾਰਨ ਲਈ ਸਮਰੱਥ ਬੀ ਹੋ ਜਾਂਦਾ ਹੈ। ਅਰ ਜੋ ਕੋਈ ਗੁਰਾਂ ਦੇ ਸ਼ਬਦਾਂ ਨੂੰ ਰਿਦੇ ਵਿਚ ਵਿਚਾਰਦਾ ਹੈ, ਅਰਥਾਤ ਗੁਰ ਸ਼ਬਦ ਦਾ ਅਭ੍ਯਾਸ ਕਰਦਾ ਹੈ, ਉਸਦੇ ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਗੁਰ ਸ਼ਬਦ ਦੂਰ ਕਰਦਾ ਹੈ, ਬਿਨਾਂ ਕਿਸੇ ਜਾਤ, ਨਸਲ, ਕੰਮ ਦੇ ਭੇਦ ਦੇ। ਸਤਿਗੁਰੂ ਸਭ ਪ੍ਰਾਣੀ ਮਾਤ੍ਰ ਦਾ ਦਾਤਾ ਹੈ, ਜੋ ਜੋ ਜਿਸਦੀ ਮੰਗ ਹੈ ਸੋ ਸੋ ਸਤਿਗੁਰੂ ਦਿੰਦਾ ਹੈ, ਅਰ ਮਨ ਦੀ ਸੂਝ ਤੋਂ ਉੱਚਾ ਜੋ ਵਾਹਿਗੁਰੂ ਦਾ ਗ੍ਯਾਨ ਹੈ ਉਹ ਸਤਿਗੁਰੂ ਪ੍ਰਗਟ ਕਰਦਾ ਹੈ, ਯਥਾ-"**ਪਹਿਲਾ ਅਗਮੁ ਨਿਗਮੁ ਨਾਨਕੁ ਆਖਿ ਸੁਣਾਏ॥**"(੩੦੪) ਤਥਾ-"**ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ॥ ਸੋ ਬੂਝੈ ਜੁ ਦਯਿ ਸਵਾਰਿਆ**"।(੩੧੬) ਜਿਸਦੀ ਸਾਨੂੰ ਬੂਝ ਨਹੀਂ ਓਹ ਸਤਿਗੁਰੂ ਦੱਸਦਾ ਹੈ, ਕਿਉਂਕਿ ਆਪ

ਸਤਿਗੁਰੂ ਦਿਨ ਰਾਤ ਵਾਹਿਗੁਰੂ ਧਿਆਨ ਦੀ ਲਗਨ ਵਿਚ ਹੈ, ਵਾਹਿਗੁਰੂ ਜੀ ਦੇ ਧਿਆਨ ਸਿਮਰਨ ਵਿਚ ਹੈ ਅਰਇਸ ਕਾਰ ਤੋਂ ਪਲ ਭਰ ਭੀ ਗ਼ਾਫ਼ਲ ਨਹੀਂ। ਜਿਸ ਦੇ ਦਰਸ਼ਨਾਂ ਤੋਂ ਨਾਮ ਦਾ ਖਜ਼ਾਨਾ ਲੱਭ ਪੈਂਦਾ ਹੈ ਅਰ ਬਾਹਰ ਦਾ ਦਲਿੱਦ੍ਰ (ਗੁਜ਼ਰਾਨ ਦੀ ਮੁਸ਼ਕਲ ਤੇ ਅੰਦਰ ਦੀ ਮੁਸ਼ਕਲ) ਤੇ ਅੰਦਰ ਦਾ ਦਲਿੱਦ੍ਰ (ਤ੍ਰਿਸ਼ਨਾ) ਦੋਵੇਂ ਦੂਰ ਹੋ ਜਾਂਦੇ ਹਨ। ਸਤਿਗੁਰੂ ਜੀ ਦੇ ਬਚਨਾਂ ਤੋਂ ਗਿਆਨ ਅੰਮ੍ਰਿਤ ਪ੍ਰਗਟ ਹੁੰਦਾ ਹੈ, ਉਸ ਨਾਲ ਬੁਧਿ ਦੀ ਪਾਪ ਰੂਪ ਮੈਲ ਧੋਪ ਜਾਂਦੀ ਹੈ॥੧॥੧੪॥

| ਮੂਲ | ਅਰਥ |
|---|---|
| **ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥ ਜਾ ਕੀ ਸੇਵਾ ਸਿਧ ਸਾਧ ਮੁਨਿ ਜਨ ਸੁਰਿ ਨਰ ਜਾਚਹਿ ਸਬਦ ਸਾਰੁ ਏਕ ਲਿਵ ਲਾਈ ਹੈ ॥ ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ ਅਕਥ ਕਥਨਹਾਰੁ ਤੁਝਹਿ ਬੁਝਾਈ ਹੈ ॥ ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ ਜਮ ਕੋ ਨ ਡੰਡ ਕਾਲ ਗੁਰਮਤਿ ਧ੍ਯਾਈ ਹੈ ॥ ਮਨ ਪ੍ਰਾਣੀ ਮੁਗਧ ਬੀਚਾਰੁ ਅਹਿਨਿਸਿ ਜਪੁ ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥ ੨ ॥੧੫॥** | (ਧਾਰਨ ਯੋਗ) ਧਰਮ (ਤੇ ਕਰਨ ਯੋਗ) ਕਰਮ (ਇਹ ਦੋਵੇਂ) ਪੂਰੇ ਸਤਿਗੁਰੂ ਜੀ ਤੋਂ ਹੀ ਪ੍ਰਾਪਤ ਹੁੰਦੇ ਹਨ। ਜਿਸ ਸਤਿਗੁਰੂ ਜੀ ਦੀ ਸੇਵਾ ਨੂੰ ਸਿਧ, ਸਾਧ, ਮੁਨਿ, ਜਨ, ਦੇਵਤੇ, ਮਾਨੁਖ (ਇਹ ਸਾਰੇ) ਚਾਹੁੰਦੇ ਹਨ; ਜਿਸ ਸਤਿਗੁਰੂ ਜੀ ਨੇ (ਸਾਰ ਸ਼ਬਦ) ਨਾਮੁ ਵਿਚ ਲਗਾਤਾਰ ਲਿਵ ਲਾਈ ਹੈ। (ਬ੍ਰਹਮ ਵਿਦਿਆ ਦੇ ਉਪਦੇਸ਼ ਕਰਤਾ, ਹੇ ਸਤਿਗੁਰੂ ਜੀਓ!) ਆਪ ਜੀ ਦੇ ਭੇਦ ਨੂੰ ਕੌਣ ਜਾਣੇ, ਭੈ ਤੋਂ ਪਾਰ. ਵਾਹਿਗੁਰੂ ਜੀ ਨੇ (ਆਪਣੇ ਨਿਜ ਰੂਪ ਦੀ) ਬੂਝ ਤੁਸਾਨੂੰ ਦਿੱਤੀ ਹੈ। ਸੰਸਾਰ ਭਰਮ ਵਿਚ ਭੁੱਲੇ ਹੋਏ (ਹੇ ਜੀਵੋ!) ਗੁਰੂ ਦੀ ਸਿਖਿਆ ਲੈ ਕੇ (ਵਾਹਿਗੁਰੂ ਜੀ ਨੂੰ) ਸਿਮਰੋ, ਤੁਸੀਂ ਜਨਮ ਮਰਨ ਤੋਂ ਤੇ ਜਮ ਕਾਲ ਦੇ ਡੰਡ ਤੋਂ ਛੁਟ ਜਾਓਗੇ। ਹੇ ਮੂਰਖ ਪ੍ਰਾਣੀ! ਮਨ ਵਿਚ ਵਿਚਾਰ ਕਰ ਅਰ ਰਾਤ ਦਿਨੇ ਨਾਮ ਦਾ ਜਾਪ ਕਰ, ਧਰਮ ਤੇ ਕਰਮ ਸਤਿਗੁਰੂ ਜੀ ਤੋਂ ਪ੍ਰਾਪਤ ਹੁੰਦੇ ਹਨ॥੨॥੧੫॥ |

**ਪਦਾਰਥ**—ਸਿਧ-ਸਿਧੀਆਂ ਵਾਲੇ ਜੋਗੀ। ਸਾਧ-ਮਨ ਇੰਦ੍ਰੀਆਂ ਨੂੰ ਵੱਸ ਵਿਚ ਰਖਣ ਵਾਲੇ। ਮੁਨਿ-ਬ੍ਰਹਮ ਵਿਦਿਆ ਦੇ ਉਪਦੇਸ਼ ਕਰਨ ਵਾਲੇ। ਸੁਰਿ-ਦੇਵਤੇ। ਜਾਚਹਿ-ਮੰਗਦੇ ਹਨ। ਸੰਘਾਰ-ਮੌਤ।

**ਭਾਵ**—ਵਾਹਿਗੁਰੂ ਜੀ ਵਿਚ ਅਭੇਦ ਤੇ ਵਾਹਿਗੁਰੂ ਦੇ ਨਾਮੁ ਦੀ ਸਿਖਿਆ ਦੇਣ ਵਾਲੇ ਨੂੰ ਪੂਰਾ ਸਤਿਗੁਰੂ ਆਖਦੇ ਹਨ। ਐਸੇ ਪੂਰੇ ਸਤਿਗੁਰੂ ਜੀ ਤੋਂ ਮਾਨੁਖ ਨੂੰ ਧਰਮ ਪ੍ਰਾਪਤ ਹੁੰਦਾ ਹੈ। ਸਤਿਗੁਰੂ ਜੀ ਦੀ ਦਿੱਤੀ ਜੋ ਸਿਖਿਆ ਹੈ ਉਸ ਨੂੰ ਧਰਮ ਆਖੀਦਾ ਹੈ। ਇਸ ਦਾ ਨਤੀਜਾ ਚੌਰਾਸੀ ਤੋਂ ਜਗਿਆਸੂ ਨੂੰ ਪੂਰਨ ਪਦ ਪਰ ਪੁਚਾਣਾ ਤੇ ਛੁਟਕਾਰਾ ਪਾਕੇ ਮੁਕਤੀ ਦੀ ਪ੍ਰਾਪਤੀ ਹੁੰਦਾ ਹੈ। ਇਹ ਉੱਤਮ ਧਰਮ ਤੇ ਨਾਲ ਹੀ ਕਰਨੇ ਲਾਇਕ ਜੋ ਕਰਮ ਬਖਸ਼ਦੇ ਹਨ ਸੋ ਭੀ ਸਤਿਗੁਰੂ ਜੀ ਹੀ ਬਖਸ਼ਦੇ ਹਨ, ਅਥਵਾ ਧਰਮ ਅਨੁਸਾਰੀ ਕਰਮ ਸਤਿਗੁਰੂ ਜੀ ਤੋਂ ਹੀ ਮਿਲਦੇ ਹਨ। ਜੋ ਵਰਤੋਂ ਵਿਚ ਆਵਨ ਉਨ੍ਹਾਂ ਨੂੰ ਕਰਮ ਕਹੀਦਾ ਹੈ। ਸੁਕ੍ਰਿਤ ਕਰਮ ਤੇ ਪਾਪ ਰੂਪ ਕਰਮ ਇਹ ਦੋ ਤਰ੍ਹਾਂ ਦੇ ਹੋਂਵਦੇ ਹਨ, ਜੋ ਧਰਮ ਰੂਪ ਕਰਮ ਹਨ ਸੋ ਸਤਿਗੁਰ ਜੀ ਤੋਂ ਮਿਲਦੇ ਹਨ। ਐਸੇ ਸਤਿਗੁਰ ਜੀ ਦੀ ਸੇਵਾ ਬੜੀ ਦੁਰਲੱਭ ਵਸਤੂ ਹੈ, ਇਸੇ ਲਈ ਆਪ ਜੀ ਦੀ ਪਵਿੱਤ੍ਰ ਸੇਵਾ ਨੂੰ ਸਿੱਧ ਚਾਹੁੰਦੇ ਹਨ। ਆਸਨ, ਪ੍ਰਾਣਾਯਾਮ ਆਦਿਕ ਸਾਧਨ ਕਰਕੇ ਜਿਨ੍ਹਾਂ ਨੇ ਅਠਾਰਾਂ ਸਿੱਧੀਆਂ ਪੁਰ ਵਸੀਕਾਰ ਪਾਇਆ ਹੈ ਉਹਨਾਂ ਨੂੰ ਸਿੱਧ ਆਖਦੇ ਹਨ, ਅਰ ਸਾਧਨਾਂ ਵਿਚ ਲੱਗੇ ਹੋਏ ਜੋ ਸਾਧ ਹਨ ਉਹ ਭੀ ਸਤਿਗੁਰੂ ਜੀ ਦੀ ਸੇਵਾ

ਨੂੰ ਮੰਗਦੇ ਹਨ, ਅਰ ਮੁਨੀ ਜਨ ਜੋ ਬ੍ਰਹਮ ਵਿਦਿਆ ਦੇ ਉਪਦੇਸ਼ ਕਰਨ ਵਾਲੇ ਵਸ਼ਿਸ਼ਟ ਆਦਿਕ ਹਨ ਉਹ ਭੀ ਗੁਰ ਸੇਵਾ ਦੇ ਯਾਚਕ ਹਨ। ਦੇਵਤੇ ਜੋ ਸੁਰਗ ਵਿਚ ਰਹਿੰਦੇ ਹਨ ਉਹ ਭੀ ਸਤਿਗੁਰੂ ਜੀ ਦੀ ਸੇਵਾ ਦੇ ਚਾਹਵਾਨ ਹਨ, ਅਰ ਮਾਨੁਖ ਭੀ ਸਤਿਗੁਰੂ ਜੀ ਦੀ ਸੇਵਾ ਦੇ ਮੰਗਤੇ ਹਨ। ਇਸ ਉੱਚ ਪ੍ਰਭਾਵ ਨੂੰ ਪਾਕੇ ਭੀ ਸਤਿਗੁਰੂ ਆਪ ਸੇਵਾ ਦੀ ਚਾਹ ਤੋਂ ਨਿਰਿੱਛਤ ਹੈ, ਕਾਰਨ ਇਹ ਹੈ ਕਿ ਸਤਿਗੁਰ ਜੀ ਦੀ ਬ੍ਰਿਤੀ ਦਾ ਲਗਾਤਾਰ ਪ੍ਰਵਾਹ ਨਾਮ ਸਿਮਰਨ ਵਿਚ ਹੈ। ਸਾਂਈਂ ਦੇਸ਼ ਦਾ ਵਾਸੀ ਸਤਿਗੁਰੂ ਅਪਣੀ ਗਤਿ ਆਪ ਜਾਣਦਾ ਹੈ, ਉਸ ਦੇ ਭੇਤ ਨੂੰ ਹੋਰ ਕੋਈ ਨਹੀਂ ਪਾ ਸਕਦਾ; ਪਰ ਉਹ ਮਿਹਰਵਾਨ ਹੋਕੇ ਨਿਰਭਉ ਨਿਰੰਕਾਰ ਦੀ ਕਥਾ ਕਰਦਾ ਹੈ, ਇਹ ਬੂਝ ਸਤਿਗੁਰੂ ਜੀ ਨੂੰ ਧੁਰ ਤੋਂ ਮਿਲੀ ਹੈ। ਇਹ ਅਮੁੱਲ ਗੁਰਮਤਿ ਰੂਪੀ ਰਤਨ ਲੈਣ ਤੋਂ ਸੰਸਾਰ ਗਾਫ਼ਲ ਹੋ ਰਿਹਾ ਹੈ। ਇਸ ਲਈ ਸੁਚੇਤ ਕਰਦੇ ਹਨ, ਹੇ ਭਰਮ ਵਿਚ ਭੁੱਲੇ ਜਗਤ! ਗੁਰਮਤ ਲੈ ਕੇ ਨਾਮ ਸਿਮਰੋ, ਸਿਮਰਨ ਦੇ ਰਸਤੇ ਟੁਰ ਕੇ ਸਾਂਈਂ ਦੇਸ ਅੱਪੜੋ, ਜਿਥੇ ਜਾਕੇ ਜਨਮ ਮਰਨ ਦਾ ਅੰਤ ਹੋਵੇ, ਮੌਤ ਤੇ ਜਮ ਦਾ ਡੰਡ ਚੁਕ ਜਾਵੇ। ਕਾਲ ਦਾ ਡੰਡ ਹੈ ਸਮੇਂ ਅਨੁਸਾਰ ਸਰੀਰ ਤੋਂ ਆਤਮਾ ਨੂੰ ਵੱਖ ਕਰਨਾ। ਜਮ ਰਾਜ ਦਾ ਡੰਡ ਹੈ ਕਰਮਾਂ ਅਨੁਸਾਰ ਜੂਨੀਆਂ ਵਿਚ ਪਾਵਣਾ। ਸੋ ਨਾਮ ਦੇ ਪ੍ਰਤਾਪ ਕਰਕੇ ਦੋਵੇਂ ਡੰਡ ਦੂਰ ਹੋ ਜਾਂਦੇ ਹਨ। ਇਸ ਉਤਮ ਬ੍ਰਹਮ ਵਿਦਯਾ ਤੋਂ ਪ੍ਰਾਣੀ ਅਨਜਾਨ ਹੋ ਰਿਹਾ ਹੈ, ਇਸ ਲਈ ਪ੍ਰੇਰਨਾ ਕਰਦੇ ਹਨ ਕਿ ਹੇ ਮੂਰਖ ਪ੍ਰਾਣੀ ਮਨ ਵਿੰਚ ਵਿਚਾਰ ਕਰ ਤੂੰ ਕਿਸ ਕਾਰਨ ਲਈ ਇਥੇ ਆਇਆ ਹੈਂ ਤੇ ਕੀ ਕਰ ਰਿਹਾ ਹੈਂ? ਸਤਿਗੁਰੂ ਜੀ ਕੀ ਹੁਕਮ ਕਰਦੇ ਹਨ:-"**ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥**"(੪੩) ਸੋ ਮਾਨੁਖ ਦੇਹਿ ਦਾ ਲਾਭ ਹੈ ਨਾਮ ਦਾ ਸਿਮਰਨ, ਇਸ ਲਈ ਰਾਤ ਦਿਨੇ ਵਾਹਿਗੁਰੂ ਜਪ; ਇਹ ਸਰਬ ਸ਼ਿਰੋਮਣ ਧਰਮ ਹੈ, ਇਹ ਸਿਰ ਕਰਮਾਂ ਦੇ ਉੱਤਮ ਕਰਮ ਹੈ, ਪਰ ਇਹ ਦਾਤ ਸਤਿਗੁਰੂ ਜੀ ਤੋਂ ਪ੍ਰਾਪਤ ਹੁੰਦੀ ਹੈ, ਇਸ ਲਈ ਸਤਿਗੁਰੂ ਦੀ ਸ਼ਰਨਿ ਪ੍ਰਾਪਤ ਹੋਕੇ ਨਾਮੁ ਰਤਨ ਖਰੀਦ ਤੇ ਇਸ ਦਾ ਅਭਯਾਸ ਕਰ; ਜਿਸ ਦੇ ਪ੍ਰਤਾਪ ਨਾਲ ਚੌਰਾਸੀ ਤੋਂ ਛੁਟਕੇ ਮੁਕਤੀ ਪਾਵੇਂਗਾ॥੨॥੧੫॥

| <u>ਮੂਲ</u> | <u>ਅਰਥ</u> |
|---|---|
| **ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ ॥ ਕਵਨ ਉਪਮਾ ਦੇਉ ਕਵਨ ਸੇਵਾ ਸਰੇਉ ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ ॥ ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ ਨਾਮੁ ਸੋ ਅਪਾਰੁ ਸਾਰੁ ਦੀਨੋ ਗੁਰਿ ਰਿਦ ਧਰ ॥ ਨਲ੍ਯ ਕਵਿ ਪਾਰਸ ਪਰਸ ਕਚ ਕੰਚਨਾ ਹੋਇ ਚੰਦਨਾ ਸੁਬਾਸੁ ਜਾਸੁ ਸਿਮਰਤ** | (ਨਲਜ ਕਵੀ ਜੀ ਆਪਣੀ ਪ੍ਰੇਮ ਦਸ਼ਾ ਤੇ ਆਪ ਬੀਤੀ ਪ੍ਰਗਟ ਕਰਦੇ ਹਨ:-ਸਚੇ ਸਤਿਗੁਰੂ ਜੀ ਦੇ ਨਾਮ ਤੋਂ ਮੈਂ ਬਲਿਹਾਰ ਬਲਿਹਾਰ ਜਾਂਦਾ ਹਾਂ। (ਹੇ ਮੇਰੇ ਸਤਿਗੁਰੂ ਜੀਓ!) ਆਪ ਜੀ ਨੂੰ ਕਿਸਦੀ ਉਪਮਾਂ ਦੇਵਾਂ '**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ।**'(੮੫੮) ਕਿਹੜੀ ਸੇਵਾ ਕਰਾਂ, (ਮੇਰੇ) ਵਿਚ ਇਕ ਜੀਭ ਹੈ ਉਸੇ ਨਾਲ ਆਪ ਦੀ ਕੀਰਤੀ ਕਰਦਾ ਹਾਂ, ਦੋ ਹੱਥ ਬੰਨ੍ਹਕੇ। ਫਿਰ ਮਨ ਬਾਣੀ ਸਰੀਰ ਕਰਕੇ ਮੈਂ ਹੋਰ ਥਾਂ ਪਰ ਕਿਸੇ ਦੂਜੇ ਨੂੰ ਨਾ ਜਾਣਦਾ ਹਾਂ ਤੇ ਨਾ ਹੀ ਮੰਨਦਾ ਹਾਂ, (ਵਾਹਿਗੁਰੂ ਜੀ ਦਾ) ਨਾਮ ਜੋ ਸਭ ਤੋਂ ਚੰਗਾ ਹੈ ਸਤਿਗੁਰੂ ਜੀ ਨੇ ਦੇਕੇ (ਮੇਰੇ) ਦਿਲ ਵਿਚ ਟਿਕਾ ਦਿਤਾ ਹੈ। ਨਲਜ ਕਵੀ ਜੀ (ਆਖਦੇ ਹਨ ਜੀਕੁਣ) ਪਾਰਸ ਨਾਲ ਛੋਹਕੇ ਕਚ (ਵਾਂਗੂੰ ਤੁੱਛ ਮੁੱਲ ਵਾਲਾ ਲੋਹਾ) ਸੋਨਾ ਹੋ ਜਾਂਦਾ ਹੈ, ਅਰ ਜੀਕੂੰ ਚੰਦਨ ਦੀ ਸੁਗੰਧੀ ਨਾਲ ਹੋਰ ਦਰਖਤ ਚੰਦਨ ਬਣ ਜਾਂਦੇ ਹਨ, (ਇਸੇ ਤਰ੍ਹਾਂ ਨਾਮੁ ਦੇ) ਸਿਮਰਨ ਨਾਲ (ਮਨ |

| | |
|---|---|
| **ਅਨ ਤਰ ॥ ਜਾ ਕੇ ਦੇਖਤ ਦੁਆਰੇ ਕਾਮ ਕ੍ਰੋਧ ਹੀ ਨਿਵਾਰੇ ਜੀ ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ ॥ ੩ ॥੧੬॥** | ਆਤਮਾ ਉਤਮ ਤੇ ਸੁਗੰਧਤ ਹੋ ਜਾਂਦੇ) ਹਨ। ਸਚੇ ਸਤਿਗੁਰੂ ਜੀ ਦੇ ਨਾਮ ਤੋਂ ਮੈਂ ਬਲਿਹਾਰ ਬਲਿਹਾਰ ਜਾਵਾਂ ਜਿਨ੍ਹਾਂ ਦੇ ਦਰ ਦੇ ਦਰਸ਼ਨ ਨਾਲ ਹੀ ਕਾਮ ਕ੍ਰੋਧ ਦੂਰ ਹੋ ਜਾਂਦੇ ਹਨ, (ਧੰਨ ਸਤਿਗੁਰੂ ਜੀ ਹਨ)॥੩॥੧੬॥ |

**ਪਦਾਰਥ**—ਸਰੇਉ-ਸੇਵਾ ਕਰਾਂ। ਰਸਹੁ-ਬੋਲਨਾ, ਮਹਿਮਾ ਕਰਨੀ। ਜੁਗ-ਦੋ। ਕਰ-ਹਥ। ਬਚ-ਬਾਣੀ। ਕ੍ਰਮ-ਸਰੀਰ। ਸਾਰੁ-ਸ੍ਰੇਸ਼ਟ। ਨਲ੍ਯ-ਕਵੀ ਜੀ ਦਾ ਨਾਮ ਹੈ। ਕੰਚਨਾ-ਸੋਨਾ। ਅਨਤਰ-ਹੋਰ ਬ੍ਰਿਛ ਜੋ ਚੰਦਨ ਪਹਿਲਾਂ ਨਾਂ ਹੋਵੇ।

**ਭਾਵ**—ਸਤਿਗੁਰੂ ਜੀ ਦੀ ਬਖਸ਼ਿਸ਼ ਨਾਮ ਦੀ ਦਾਤ ਤੇ ਸਤਿਗੁਰੂ ਜੀ ਦੇ ਦਰਸ਼ਨਾਂ ਦੇ ਪ੍ਰਤਾਪ ਕਰਕੇ ਦੂਰ ਹੋਏ ਵਿਕਾਰ ਮਨ ਮਨੂਰ ਦਾ ਸੋਨੇ ਵਾਂਗ ਅਮੁੱਲ ਤੇ ਸੁੱਧ ਹੋ ਜਾਣਾ ਤੱਕਕੇ ਜਗਜਾਸੂ ਦਾ ਚਿਤ ਸਤਿਗੁਰੂ ਜੀ ਦੇ ਧਨਵਾਦ ਵਲ ਜਾਂਦਾ ਹੈ, ਪਰਉਪਕਾਰ ਚਿਤਵਕੇ ਉਮਾਹ ਭਰਦਾ ਹੈ। ਦਾਤਾਰ ਸਤਿਗੁਰੂ ਜੀ ਦੀ ਦਾਤ ਦਾ ਬਦਲਾ ਤਾਂ ਦੇ ਹੀ ਨਹੀਂ ਸਕੀਦਾ, ਪਰ ਕ੍ਰਿਤਗਜ ਚਿਤ ਜਗਜ਼ਾਸੂ ਤੋਂ ਆਪਣੇ ਚਿਤ ਦਾ ਉਮਾਹ ਰੁਕ ਨਹੀਂ ਸਕਦਾ, ਇਸ ਲਈ ਪ੍ਰੇਮ ਰੰਗ ਵਿਚ ਆਕੇ ਆਖਦਾ ਹੈ, ਮੈਂ ਸਦਕੇ, ਮੈਂ ਵਾਰੀ, ਮੈਂ ਘੋਲੀ ਤੇਰੇ ਨਾਮ ਤੋਂ। ਇਸ ਵਲਵਲੇ ਦਾ ਵਰਣਨ ਏਸ ਬਚਨ ਵਿਚ ਹੈ। ਸਤਿਗੁਰ ਅਬਿਨਾਸ਼ੀ ਹੈ, ਸਤਿਗੁਰ ਸਦਾ ਸਚੁ ਹੈ, ਇਸ ਲਈ ਉਸਦਾ ਨਾਮੁ ਭੀ ਸਚੁ ਹੈ, ਜਿਸ ਨਾਮ ਦਾ ਪ੍ਰਤਾਪ ਅਗੇ ਪਾਰਸ ਤੇ ਚੰਦਨ ਦੇ ਦ੍ਰਿਸ਼ਟਾਂਤ ਵਿਚ ਪ੍ਰਗਟ ਹੈ। ਸਤਿਗੁਰੂ ਸਚੇ ਦੇ ਨਾਮ ਤੋਂ ਮੈਂ ਸਦਕੇ, ਮੈਂ ਬਲਿਹਾਰ ਹਾਂ। ਹੇ ਮੇਰੇ ਦਾਤਾਰ ਜੀਉ! ਆਪ ਨੂੰ ਕਿਸਦੀ ਉਪਮਾ ਦੇਵਾਂ, ਤੇਰੇ ਵਰਗਾ ਤੂੰਹੀ ਹੈਂ, ਤੇਰੇ ਜਿਹਾ ਹੋਰ ਕੋਈ ਨਹੀਂ, ਹੇ ਮੇਰੇ ਪ੍ਰੀਤਮ ਮੈਂ ਤੇਰੀ ਸੇਵਾ ਕੀਹ ਕਰਾਂ? ਮੇਰੇ ਵਿੱਚ ਤਾਣ ਨਹੀਂ, ਉਹ ਜੁਗਤ ਨਹੀਂ, ਉਹ ਬੁਧਿ ਨਹੀਂ, ਜਿਸ ਨਾਲ ਤੇਰੀ ਸੇਵਾ ਕਰਕੇ ਤੇਰੇ ਕੀਤੇ ਉਪਕਾਰਾਂ ਦਾ ਬਦਲਾ ਦੇ ਸਕਾਂ। ਹੇ ਮੇਰੇ ਤਾਰਨ ਹਾਰ! ਜੋ ਕੁਝ ਬਣ ਸਕੇ ਮੈਂ ਇਕ ਜੀਭ ਨਾਲ ਤੇਰਾ ਜਸ ਗਾਵਾਂ, ਦੋ ਹੱਥ ਜੋੜ ਤੇਰੇ ਸਨਮੁਖ ਰਹਾਂ। ਹੇ ਮੇਰੇ ਸ਼ਬਦ ਦਾਤਾ ਜੀਉ! ਇਹੀ ਵਰਦਾਨ ਬਖਸ਼ੋ ਕਿ ਮੇਰਾ ਮਨ, ਮੇਰੀ ਬਾਣੀ ਤੇ ਮੇਰਾ ਸਰੀਰ ਹੋਰ ਪਾਸੇ ਨਾ ਜਾਵੇ, ਤੇਰੇ ਚਰਨਾਂ ਵਿਚ ਲਗਾ ਰਹੇ, ਤੇਰੇ ਦਰਸ਼ਨਾਂ ਵਿਚ ਲੀਨ ਰਹੇ, ਤੇਰੇ ਜਸ ਵਿਚ ਟਿਕਿਆ ਰਹੇ, ਤੇ ਤੇਰੀ ਚਰਨ ਸ਼ਰਨ ਤੇ ਸੇਵਾ ਵਿਚ ਸਫ਼ਲ ਹੋਵੇ। ਹੇ ਸਤਿਗੁਰ ਜੀ! ਸਭ ਤੋਂ ਚੰਗਾ, ਸਭ ਤੋਂ ਉਤਮ ਨਾਮ ਆਪ ਨੇ ਮੇਰੇ ਚਿਤ ਵਿਚ ਰਖ ਦਿਤਾ ਹੈ, ਜਿਸ ਨਾਮੁ ਪਾਰਸ ਨੂੰ ਛੋਹਕੇ ਮੇਰਾ ਮਨ ਲੋਹਾ ਸੋਨਾ ਹੋ ਗਿਆ ਹੈ। ਇਸ ਨਾਮ ਦੀ ਖੁਸ਼ਬੂ ਨੂੰ ਪਾਕੇ ਮੇਰਾ ਮਨ ਭਗਤੀ ਦੀ ਸੁਗੰਧੀ ਤੋਂ ਖਾਲੀ ਹੁਣ ਸਾਂਈਂ ਪ੍ਰੇਮ ਦੀ ਸੁਗੰਧੀ ਨਾਲ ਸੁਗੰਧਿਤ ਹੋ ਗਿਆ ਹੈ। ਹੇ ਮੇਰੇ ਪਿਆਰਨ ਹਾਰ ਸਤਿਗੁਰ ਜੀਓ! ਆਪ ਜੀ ਦੇ ਦੁਆਰੇ ਦੇ ਦਰਸ਼ਨਾਂ ਨਾਲ ਕਾਮ ਕ੍ਰੋਧ ਦੂਰ ਹੋ ਗਏ ਹਨ, ਆਪ ਜੀ ਦੇ ਦਰ ਤੇ ਐਨੀ ਠੰਡ ਹੈ ਕਿ ਕਾਮ ਕ੍ਰੋਧ ਦੀ ਅਗਨੀ ਦਰ ਦਰਸ਼ਨ ਨਾਲ ਬੁਝ ਗਈ ਹੈ, ਮੈਂ ਆਪ ਜੀ ਦੇ ਪਵਿਤ੍ਰ ਨਾਮ ਤੋਂ ਬਲਿਹਾਰ ਬਲਿਹਾਰ ਜਾਂਦਾ ਹਾਂ॥੩॥੧੬॥

| ਮੂਲ | ਅਰਥ |
|---|---|
| **ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ਯ** | (ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਪੂਰਨ ਪ੍ਰਸੰਨ ਹੋਕੇ) ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਰਾਜ ਜੋਗ ਦਾ ਤਖਤ ਬਖ਼ਸ਼ਿਆ। ਪਹਿਲਾਂ ਸਤਿਗੁਰੂ ਨਾਨਕ ਦੇਵ ਜੀ ਨਰ |

| | |
|---|---|
| **ਜਨ ਕੀਅਉ ਪ੍ਰਗਾਸ ॥ ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥ ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ ॥ ਸਭ ਬਿਧਿ ਮਾਨਿ੍ਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ ੪ ॥੧੭॥** | ਨਾਰੀਆਂ ਦੇ ਤਾਰਨ ਲਈ ਪ੍ਰਗਟ ਹੋਏ (ਜਿਨ੍ਹਾਂ ਦੇ ਆਉਣ ਨਾਲ) ਜਗਤ ਵਿੱਚ ਆਨੰਦ ਵਰਤਿਆ (ਅਰ ਸ਼ਾਂਤੀ ਪ੍ਰਗਟ ਹੋਈ)। ਫੇਰ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬ੍ਰਹਮ ਵਿਦਿਆ ਦਾ ਖ਼ਜ਼ਾਨਾ ਬਖਸ਼ਿਆ, ਜਿਨ੍ਹਾਂ ਨੇ ਪੰਜੇ (ਕਾਮ, ਕ੍ਰੋਧ, ਹੰਕਾਰ, ਲੋਭ, ਮੋਹ) ਭੂਤ ਵਸ ਕਰ ਲਏ, (ਜਿਨ੍ਹਾਂ ਦੇ ਪ੍ਰਤਾਪ ਤੋਂ) ਮੌਤ ਵੀ ਡਰਨ ਲਗ ਪਈ। (ਫੇਰ) ਸ੍ਰੀ ਗੁਰੂ ਅਮਰਦਾਸ (ਸਾਹਿਬ ਜੀ) ਸਤਿਗੁਰੂ ਹੋਏ (ਜਿਨ੍ਹਾਂ ਨੇ) ਕਲਿਜੁਗੋਂ (ਸੰਸਾਰ ਦੀ) ਇੱਜ਼ਤ ਬਚਾਈ, ਜਿਨ੍ਹਾਂ ਦੇ ਚਰਨ ਕਵਲ ਦੇਖਣ ਨਾਲ ਪਾਪ ਦੂਰ ਹੋ ਗਏ। (ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਸ੍ਰੀ ਰਾਮਦਾਸ ਜੀ ਦੀ ਹਰ ਤਰ੍ਹਾਂ ਪ੍ਰੀਖਜਾ ਕਰਕੇ) ਜਦ ਮਨ ਮਨੀਜ ਗਿਆ ਤਦ ਪ੍ਰਸੰਨ ਹੋਕੇ ਰਾਜ ਜੋਗ ਦਾ ਤਖ਼ਤ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਬਖ਼ਸ਼ਿਆ ॥੪॥੧੭॥ |

**ਪਦਾਰਥ**—ਨਿਧਾਨੁ-ਖਜ਼ਾਨਾ। ਪੰਚਭੂਤ=ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਤ੍ਰਾਸ-ਡਰ, ਖ਼ੌਫ਼। ਅਘਨ-ਪਾਪਾਂ ਨੂੰ। ਗਤੁ-ਦੂਰ ਹੋ ਗਏ, ਉਤਰ ਗਏ। ਜਾਸ-ਜਿਸਦੇ। ਬਿਧਿ-ਤਰ੍ਹਾਂ।

**ਭਾਵ**—'ਰਾਜ ਜੋਗ' ਦੇ ਦੋ ਅਰਥ ਪ੍ਰਤੀਤ ਹੁੰਦੇ ਹਨ। ਇਕ ਤਾਂ ਗ੍ਰਿਹਸਤ ਦੇ ਪਸਾਰੇ ਵਿੱਚ ਰਹਿਕੇ ਸਾਂਈਂ ਵਿੱਚ ਜੁੜੇ ਰਹਿਣਾ, ਦੂਜਾ ਹਠ ਦੇ ਸਾਧਨਾ ਤੋਂ ਬਿਨਾਂ ਸਹਿਜੇ ਨਾਮ-ਸਿਮਰਨ ਦੁਆਰਾ ਭਗਤੀ ਦੇ ਰੰਗ ਵਿੱਚ ਵਾਹਿਗੁਰੂ ਜੀ ਵਿੱਚ ਜੁੜ ਜਾਣਾ, ਇਸਦਾ ਦੂਜਾ ਨਾਮੁ ਸਹਜ ਜੋਗ ਵੀ ਹੈ। ਇਸ ਰਾਜ-ਜੋਗ ਦਾ ਤਖ਼ਤ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਦਿੱਤਾ। ਹੁਣ ਪ੍ਰਸ਼ਨ ਹੁੰਦਾ ਹੈ ਕਿ ਇਹ ਤਖ਼ਤ ਕਿਸਦਾ ਸੀ ਤੇ ਕਿਸਨੇ ਦਿੱਤਾ? ਇਹਦਾ ਉੱਤਰ ਅਗਲੀਆਂ ਤੁਕਾਂ ਵਿਚ ਦਿਤਾ ਹੈ। ਇਸ ਤਖ਼ਤ ਦੇ ਮਾਲਕ ਪਹਿਲਾਂ ਸਤਿਗੁਰ ਨਾਨਕ ਸਾਹਿਬ ਜੀ ਹੋਏ (ਨਾਨਕ ਚੰਦ) ਇਹ ਆਮ ਮੁਹਾਵਰੇ ਵਿਚ ਅਦਬ ਤੇ ਸਤਿਕਾਰ ਦੀ ਬੋਲੀ ਹੈ, ਚੰਦ ਤੋਂ ਭਾਵ ਉੱਚਪਣੇ ਦਾ ਹੈ, ਪਹਿਲਾਂ ਅਰਸ਼ਾਂ ਤੋਂ ਆਏ ਉਚੇ ਸਤਿਗੁਰੂ ਨਾਨਕ ਦੇਵ ਜੀ ਹੋਏ, ਅਥਵਾ ਚੰਦ ਤੋਂ ਲਛਣਾ ਬ੍ਰਿਤੀ ਦੁਆਰਾ ਸੀਤਲ ਪ੍ਰਕਾਸ਼ ਦਾ ਗ੍ਰਹਿਣ ਕਰਨਾ; ਪਹਿਲਾਂ ਸੁਹਾਵਣੇ ਠੰਢੇ ਪ੍ਰਕਾਸ਼ ਦੇ ਦਾਤਾ ਸਤਿਗੁਰੂ ਨਾਨਕ ਸਾਹਿਬ ਜੀ ਹੋਏ, ਜੋ (ਮਨੁਖ) ਮਰਦ ਤੇ ਜਨ ਇਸਤ੍ਰੀਆਂ ਅਰਥਾਤ ਨਾਰੀਆਂ ਦੋਹਾਂ ਦੇ ਤਾਰਨ ਲਈ ਅਰਥਾਤ ਪ੍ਰਾਣੀ ਮਾਤ੍ਰ ਦੇ ਉਧਾਰ ਲਈ ਸਰਬਸ ਦੇ ਸਾਂਝੇ ਸਭ ਨੂੰ ਸਾਂਝਾ ਉਪਦੇਸ਼ ਦੱਸਣ ਲਈ ਪ੍ਰਗਟ ਹੋਏ, ਯਥਾ-"**ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥**"(੭੪੯) ਤਥਾ-"**ਸਭੇ ਸਾਝੀਵਾਲ ਸਦਾਇਨ**"। (੯੭) ਜਿਨ੍ਹਾਂ ਦੇ ਆਉਣ ਨਾਲ ਦੁਖੀ ਜਗਤ ਵਿਚ ਆਨੰਦ ਹੀ ਆਨੰਦ ਵਰਤ ਗਿਆ। ਆਪ ਰਾਜ ਜੋਗ ਸਿੰਘਾਸਨ ਦੇ ਮਾਲਕ ਧੁਰ ਤੋਂ ਆਏ। ਇਸ ਤਖ਼ਤ ਤੇ ਬਿਰਾਜਣ ਵਾਲੇ ਸਤਿਗੁਰੂ ਜੀ ਪਾਸ ਵਾਹਿਗੁਰੂ ਗਿਆਨ ਦਾ ਖਜ਼ਾਨਾ ਸੀ, ਜਿਸ ਨੂੰ ਆਪ ਜੀ ਨੇ ਸੰਸਾਰ ਵਿਚ ਵਰਤਿਆ। ਯਥਾ-"**ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ।**"(੬੧੨) ਇਹ ਧੁਰ ਤੋਂ ਮਿਲਿਆ ਖਜ਼ਾਨਾ ਆਪ ਜੀ ਨੇ ਸਤਿਗੁਰੂ ਅੰਗਦ ਸਾਹਿਬ ਜੀ ਨੂੰ ਬਖਸ਼ਿਆ। ਧੰਨ ਗੁਰੂ ਅੰਗਦ ਦੇਵ ਜੀ ਜਿਨ੍ਹਾਂ ਨੇ ਪੰਜੇ ਭੂਤ ਆਪਣੇ ਕਾਬੂ ਰੱਖੇ ਅਰ ਜਮ ਰਾਜ

ਨੂੰ ਜਿਨ੍ਹਾਂ ਤੋਂ ਆਗਿਆ ਲੈਕੇ ਭੈ ਵਿਚ ਵਰਤਣਾ ਪਿਆ। ਯਥਾ-"**ਧਰਮ ਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ॥ ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ॥**"(੯੬੭) 'ਜਮ ਤਨ ਤ੍ਰਾਸ' ਇਸਬਚਨ ਦੇ ਇਉਂ ਭੀ ਗਜਾਨੀ ਅਰਥ ਕਰਦੇ ਹਨ:-'ਜਮਤ' ਪੈਦਾ ਹੀ ਨਹੀਂ ਹੁੰਦਾ ਖ਼ੌਫ਼ ਜਿਸ ਸਤਿਗੁਰੂ ਜੀ ਨੂੰ, ਭਾਵ ਮੌਤ, ਜਮ, ਸ਼ਤ੍ਰੂਆਂ ਦੇ ਭੈ ਤੋਂ ਆਪ ਪਾਰ ਹਨ। ਅਥਵਾ 'ਜਮਤ' ਜੰਮਣਾ ਤ੍ਰਾਸ ਤੋਂ ਡਰਾਉਣੀ ਮੌਤ ਸਮਝਣੀ, ਸੋ ਜਨਮ ਮਰਨ ਦੁਹਾਂ ਤੋਂ ਆਪ ਪਾਰ ਹਨ। ਅਥਵਾ ਯਮ ਦੀ ਭਿਨਕ ਮਾਤ੍ਰ ਦਾ ਭੀ ਆਪ ਨੂੰ ਤਰਾਸ ਨਹੀਂ ਹੈ। ਇਹ ਅਰਥ ਦਿਖਾ ਦਿਤੇ ਹਨ, ਪਰੰਤੂ ਜਮ ਨੂੰ ਸਤਿਗੁਰ ਜੀ ਦਾ ਭੈ ਹੈ ਇਹ ਗੱਲ ਆਪਦੀ ਉਪਮਾਂ ਵਿਚ ਭਾਈ ਬਲਵੰਡ ਤੇ ਸੱਤਾ ਜੀ ਨੇ ਭੀ ਆਖੀ ਹੈ। ਜੋ ਉਪਰ ਤੁਕਾਂ ਅਨੁਸਾਰੀ ਅਰਥ ਕੀਤਾ ਹੈ ਕਿ ਜਮ ਹੋ ਗਿਆ ਖ਼ੌਫ਼ ਵਿਚ ਕਿ ਸਤਿਗੁਰੂ ਜੀ ਦੀ ਆਗਿਆ ਲੈਕੇ ਨਿਆਂ ਕਰਨਾ ਹੈ। ਇਸ ਮਹਾਂ ਪ੍ਰਤਾਪ ਵਾਲੇ ਸਤਿਗੁਰੂ ਜੀ ਨੇ ਅਪਣੇ ਰਾਜ ਜੋਗ ਦੇ ਤਖ਼ਤ ਪਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਥਾਪਿਆ, ਜਿਨ੍ਹਾਂ ਨੇ ਕਲਿਜੁਗ ਵਿਚ ਸੰਸਾਰ ਦੀ ਇੱਜ਼ਤ ਰੱਖ ਲਈ। ਕਲਿਜੁਗ ਨੇ ਪ੍ਰਣ ਕੀਤਾ ਸੀ ਕਿ ਮੈਂ ਜੋਗੀ, ਜਤੀ, ਤਪੀ, ਪੰਡਤ, ਗੁਣੀ, ਗਿਆਨੀ, ਗ੍ਰਿਹਸਤੀ, ਅਤੀਤ ਕਿਸੇ ਦੀ ਪਤਿ ਨਹੀਂ ਰਹਿਣ ਦੇਣੀ, ਸਭਨਾਂ ਉੱਪਰ ਆਪਣੇ ਵਿਕਾਰਾਂ ਦਾ ਬਲ ਪਾਉਣਾ ਹੈ, ਸੋ ਕਾਮ ਕ੍ਰੋਧ ਆਦਿਕਾਂ ਦੇ ਹਥੋਂ ਬੇਇੱਜ਼ਤ ਹੁੰਦੇ ਜਗਤ ਦੀ ਪਤਿ ਸਤਿਗੁਰੂ ਨੇ ਰੱਖ ਵਖਾਈ ਜੋ ਪਿਛੇ ਉਹਨਾਂ ਦੇ ਸਵੈਯਾਂ ਵਿਚ ਆ ਚੁਕਾ ਹੈ ਕਿ "**ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ।**"(੧੩੯੯) ਐਸੇ ਸੂਰੇ ਸਤਿਗੁਰੂ ਜੀ ਦੇ ਚਰਨ ਕਮਲ ਦੇਖਣ ਨਾਲ ਪਾਪ ਭਜ ਜਾਂਦੇ ਹਨ। ਮਹਾਨ ਪ੍ਰਤਾਪ ਵਾਲੇ ਸਤਿਗੁਰੂ ਜੀ ਆਪਣੇ ਸਿੰਘਾਸਨ ਪਰ ਟਿਕਾਉਣ ਲਈ ਆਪਣੇ ਸਪੁਤ੍ਰ ਬਾਬਾ ਮੋਹਨ ਜੀ, ਆਪਣੇ ਭਤੀਜੇ ਬਾਬਾ ਸਾਵਨ ਮੱਲ ਜੀ, ਆਪਣੇ ਨਿਕਟ ਸੰਬੰਧੀ ਭਾਈ ਰਾਮ ਜੀ ਅਤੇ ਹੋਰ ਨਿਕਟ-ਵਰਤੀਆਂ ਦੀ ਪ੍ਰੀਛਾ ਲਈ, ਸਾਰਿਆਂ ਵਿਚੋਂ ਪ੍ਰੀਛਾ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪੂਰੇ ਉਤਰੇ। ਇਹ ਵੇਖਕੇ ਸਤਿਗੁਰੂ ਜੀ ਦਾ ਹਰ ਤਰ੍ਹਾਂ ਮਨ ਮਨੀਜ ਗਿਆ, ਤਦ ਪ੍ਰਸੰਨ ਹੋ ਕੇ ਰਾਜ ਜੋਗ ਦਾ ਤਖ਼ਤ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਬਖਸ਼ ਦਿੱਤਾ। ਇਹ ਪ੍ਰਸੰਗ ਵਿਸਥਾਰ ਨਾਲ ਦੇਖਣ ਲਈ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪਹਿਲੀ ਪੋਥੀ ਦੇਖੋ॥੪॥੧੭॥

| ਮੂਲ | ਅਰਥ |
|---|---|
| **ਰਡ ॥ ਜਿਸਹਿ ਧਾਰ੍ਯਿਉ ਧਰਤਿ ਅਰੁ ਵਿਉਮੁ ਅਰੁ ਪਵਣੁ ਤੇ ਨੀਰ ਸਰ ਅਵਰ ਅਨਲ ਅਨਾਦਿ ਕੀਅਉ ॥ ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ ॥ ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ ॥ ਸੋਈ ਏਕੁ ਨਾਮੁ ਹਰਿ ਨਾਮੁ ਸਤਿ ਪਾਇਓ ਗੁਰ ਅਮਰ ਪ੍ਰਗਾਸੁ ॥ ੧॥੫॥੧੮॥** | ਜਿਸ (ਵਾਹਿਗੁਰੂ ਜੀ ਦੇ ਨਾਮ) ਨੇ ਜ਼ਮੀਨ, ਅਕਾਸ਼, ਵਾਯੂ, ਜਲ, ਤੇ ਜਲ ਟਿਕਣ ਦੇ ਥਾਂ ਅਰ ਅਗਨੀ ਤੇ ਅਨਾਜ (ਇਹਨਾਂ ਨੂੰ) ਉਤਪੰਨ ਕਰਕੇ (ਆਪਣੀ ਸੱਤਾ ਆਸਰੇ) ਟਿਕਾਇਆ। ਚੰਦਰਮਾਂ, ਤਾਰੇ, ਰਾਤ, ਦਿਨ ਤੇ ਸੂਰਜ ਅਰ ਪਹਾੜ ਰਚੇ ਹਨ ਤੇ ਦਰਖਤਾਂ ਨੂੰ ਫਲ ਫੁਲ ਦਿੱਤੇ ਹਨ। ਦੇਵਤਾ, ਮਾਨੁਖ ਤੇ ਸਤ ਸਮੁੰਦਰ ਪੈਦਾ ਕੀਤੇ ਹਨ, ਤਿੰਨੇ ਭੌਣ (ਪ੍ਰਿਥਵੀ, ਅਕਾਸ਼, ਪਤਾਲ) ਰਚਕੇ (ਆਪਣੇ ਆਸਰੇ) ਟਿਕਾ ਰੱਖੇ ਹਨ, ਓਹੀ ਇਕ ਨਾਮ (ਅਰਥਾਤ ਵਾਹਿਗੁਰੂ ਜੀ ਦੇ) 'ਸਤਿਨਾਮੁ' ਦਾ ਪ੍ਰਕਾਸ਼ ਗੁਰੂ ਅਮਰਦਾਸ ਜੀ ਤੋਂ (ਆਪ ਨੇ ਪਾਇਆ ਹੈ॥੧॥੫॥੧੮॥ |

**ਪਦਾਰਥ**—ਵਿਉਮੁ-ਅਕਾਸ਼। ਨੀਰ-ਪਾਣੀ। ਸਰ-ਜਲ ਟਿਕਣੇ ਦਾ ਥਾਂ, ਸਰੋਵਰ। ਅਨਲ-ਅਗਨੀ ਜਾਂ ਪੌਣ। ਅਨਾਦਿ-ਅਨਾਜ, ਅੰਨ ਆਦਿ। ਸਸਿ-ਚੰਦਰਮਾ।

ਰਿਖਿ-ਤਾਰੇ ਜਾਂ ਰਿਸ਼ੀ। ਨਿਸਿ-ਰਾਤ। ਸੂਰ-ਸੂਰਜ। ਸੈਲ-ਪਹਾੜ। ਤਰੂਅ-ਬ੍ਰਿਛ। ਸੁਰਿ-ਦੇਵਤਾ। ਨਰ-ਮਨੁਖ। ਸਪਤ-ਸਤ। ਤ੍ਰਿਭਵਣ-ਅਸਮਾਨ, ਪ੍ਰਿਥਵੀ, ਪਤਾਲ, ਤ੍ਰੈਲੋਕ।

**ਭਾਵ**—ਵਾਹਿਗੁਰੂ ਜੀ ਦੇ ਪਵਿੱਤ੍ਰ ਨਾਮ ਦਾ ਨਿਵਾਸ ਸਤਿਗੁਰੂ ਜੀ ਦੇ ਰਿਦੇ ਵਿਚ ਹੈ, ਉਹ ਨਾਮੁ ਨਾਮੀ ਵਾਹਿਗੁਰੂ ਜੀ ਨਾਲ ਅਭੇਦ ਹੈ, ਇਸ ਲਈ ਨਾਮ ਦੀ ਬਰਕਤ ਵੱਡੀ ਹੈ। ਵਾਹਿਗੁਰੂ ਜੀ ਦੇ ਨਾਮ ਨੇ ਹੀ ਸਾਰਾ ਬ੍ਰਹਿਮੰਡ ਰਚਿਆ ਹੈ। ਯਥਾ-"**ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥ ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥**"(੯੨੯) ਨਾਮ ਤੋਂ ਹੀ ਸਾਰਾ ਪਸਾਰਾ ਹੋਇਆ। ਪੰਜ ਤੱਤ ਤੇ ਉਹਨਾਂ ਦਾ ਪਸਾਰਾ ਸਭ ਨਾਮ ਦੇ ਆਸਰੇ ਹੈ। ਯਥਾ-"**ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥ ਨਾਮ ਕੇ ਧਾਰੇ ਪੁਰੀਆ ਸਭ ਭਵਨ॥**"(੨੮੪) ਸੱਤ ਸਮੁੰਦਰ ਭੀ ਨਾਮ ਤੋਂ ਪ੍ਰਗਟ ਹੋਏ ਹਨ। ਜੈਸਾ ਕਿ (੧) ਮਿੱਠੇ ਪਾਣੀ ਦਾ। (੨) ਗੰਨੇ ਦੇ ਰਸ ਦਾ। (੩) ਸ਼ਰਾਬ ਵਰਗਾ। (੪) ਘਿਉ ਦਾ। (੫) ਦੁਧ ਦਾ। (੬) ਦਹੀਂ ਦਾ ਆਦਿ, ਐਸਾ ਨਾਮ ਦਾ ਪ੍ਰਗਾਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਤੋਂ ਪਾਇਆ ਹੈ॥੧॥੫॥੧੮॥

| ਮੂਲ | ਅਰਥ |
|---|---|
| **ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥ ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥ ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥ ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥ ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥ ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥ ੨ ॥ ੬ ॥੧੯॥** | ਸਤਿਗੁਰਾਂ ਦੇ ਸ਼ਬਦ ਨੂੰ ਜਦੋਂ ਕੰਨ ਲਾਕੇ ਸੁਣਿਆਂ ਤਦੋਂ ਕਚ ਤੋਂ ਸੋਨਾ ਹੋ ਗਿਆ। ਸਤਿਗੁਰੂ ਜੀ ਦਾ (ਜਦ) ਨਾਮ ਮੂੰਹੋਂ ਆਖਿਆ ਤਾਂ ਵਿਹੁ ਤੋਂ ਅੰਮ੍ਰਿਤ ਬਣ ਗਿਆ। (ਜਦੋਂ) ਸਤਿਗੁਰੂ ਮੇਹਰ ਦੀ ਦ੍ਰਿਸ਼ਟਿ ਕੀਤੀ ਤਾਂ ਲੋਹ ਤੋਂ ਲਾਲ ਹੋ ਗਿਆ। ਸਤਿਗੁਰਾਂ ਦੇ ਦੱਸੇ ਗਿਆਨ ਦਾ ਵਿਚਾਰ ਪੱਥਰ ਤੋਂ ਮਾਣਕ ਬਣਾ ਦੇਂਦਾ ਹੈ। ਸਾਧਾਰਣ ਲਕੜਾਂ ਤੋਂ ਸਤਿ-ਗੁਰੂ ਨੇ ਚੰਦਨ ਕਰ ਦਿਤਾ, (ਜਿਨ੍ਹਾਂ ਪਰ ਸਤਿਗੁਰੂ ਦੀ ਮੇਹਰ ਹੋਈ) ਦੁਖ ਤੇ ਦਰਿਦਰ ਉਹਨਾਂ ਦੇ ਦੂਰ ਹੋ ਗਏ। ਸਤਿਗੁਰੂ ਦੇ ਚਰਨਾਂ ਨਾਲ ਜੋ ਛੋਹੇ ਉਹ ਪਸੂ ਤੋਂ ਮਨੁਖ ਤੇ ਪਰੇਤ ਤੋਂ ਦੇਵਤਾ ਬਣ ਗਏ॥੨॥੬॥੧੯॥ |

**ਪਦਾਰਥ**—ਕੰਚਨੁ-ਸੋਨਾ। ਸ੍ਰਵਣਹਿ-ਕੰਨਾ ਨਾਲ। ਬਿਖੁ-ਜ਼ਹਿਰ; ਵਿਹੁ। ਭਣਿਅਉ-ਆਖਿਆ। ਪਾਹਣ-ਪੱਥਰ। ਸ੍ਰੀਖੰਡ-ਚੰਦਨ। ਪਰਸਿਆ-ਛੋਹਿਆ, ਨਾਲ ਲਗਿਆ। ਸੁਰਿ-ਦੇਵਤਾ।

### ੧. {ਸਤਿਗੁਰੂ ਜੀ ਦੇ ਸ਼ਬਦ ਦੀ ਮਹਿਮਾਂ}

**ਭਾਵ**—ਸਤਿਗੁਰਾਂ ਦੇ ਸ਼ਬਦ ਨੂੰ ਸੁਣਕੇ ਕਚ ਵਾਂਗ ਤੁੱਛ ਕੀਮਤ ਵਾਲਾ ਤੇ ਜ਼ਰਾ ਭਰ ਦੁਖ ਦੀ ਠੋਕਰ ਨਾਲ ਟੁਟ ਜਾਣ ਵਾਲਾ ਮਨ ਸੋਨੇ ਵਾਂਗ ਕੀਮਤੀ ਤੇ ਨਿੱਗਰ ਹੋ ਗਿਆ, ਜੀਕੁਣ ਸੋਨਾ ਅਨੇਕ ਵਿਪਤਾ ਨੂੰ ਸਹਾਰਕੇ ਚਮਕ ਦਮਕ ਵਿਚ ਵਧਦਾ ਜਾਂਦਾ ਹੈ, ਇਸ ਤਰ੍ਹਾਂ ਗੁਰ ਸ਼ਬਦ ਦੇ ਸੁਣਨ ਵਾਲਾ ਮਨ ਭੀ ਢਹਿੰਦੀ ਕਲਾ ਦੇ ਅਨੇਕ ਸਾਮਾਨ ਆਣ ਬਣਿਆਂ ਅਪਣੇ ਆਪ ਵਿਚ ਮਜ਼ਬੂਤ ਤੇ ਵਧੀਕ ਗੁਰ ਸ਼ਬਦ ਦੇ ਪ੍ਰਤਾਪ ਨਾਲ ਚਮਕਦਾ ਹੈ। ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦਾ ਜੀਵਨ ਤੱਕੋ, ਮਹਾਨ ਵਿਪਤਾ ਵਿਚ ਅਡੋਲ ਜਪੁ ਸਾਹਿਬ ਜੀ ਦਾ ਪਾਠ ਕਰ ਰਹੇ ਹਨ।

## ੨. {ਸਤਿਗੁਰੂ ਜੀ ਦੇ ਨਾਮ ਦੀ ਮਹਿਮਾਂ}

ਸਤਿਗੁਰੂ ਜੀ ਦਾ ਨਾਮ ਜਪਣ ਕਰਕੇ ਜ਼ਹਿਰ ਤੋਂ ਅੰਮ੍ਰਿਤ ਹੋ ਗਿਆ, ਸਤਿਗੁਰੂ ਜੀ ਦੇ ਪ੍ਰਸਿੱਧ ਜੀਵਨ ਚਰਿਤਰਾਂ ਵਿਚ ਲਿਖਿਆ ਹੈ ਕਿ ਭਾਈ ਮਰਦਾਨੇ ਨੂੰ ਜਦ ਭੁੱਖ ਲਗੀ ਤਦੋਂ ਸਤਿਗੁਰੂ ਜੀ ਨੇ ਬਚਨ ਕੀਤਾ, ਭਾਈ ਮਰਦਾਨਾ! ਇਹ ਅੱਕ ਦੀ ਖੱਖੜੀ ਵਾਹਿਗੁਰੂ ਆਖਕੇ ਛਕ ਲੈ। ਜਦੋਂ ਵਾਹਿਗੁਰੂ ਆਖਕੇ ਭਾਈ ਮਰਦਾਨੇ ਖਖੜੀ ਮੂੰਹ ਵਿਚ ਪਾਈ ਤਾਂ ਅੰਮ੍ਰਿਤ ਫਲ ਹੋ ਗਿਆ। ਅੰਤ੍ਰੀਵ ਅਰਥ ਵਿਚ ਵਿਸ਼ਿਆਂ ਦੀ ਜ਼ਹਿਰ ਨਾਲ ਭਰੇ ਹੋਏ ਇੰਦਰੇ ਸਤਿਗੁਰੂ ਜੀ ਦੇ ਨਾਮ ਪ੍ਰਤਾਪ ਕਰਕੇ ਅੰਮ੍ਰਿਤ ਨਾਲ ਪੂਰਨ ਹੋ ਗਏ, ਅਰਥਾਤ ਵਿਸ਼ਿਆਂ ਦੀ ਜ਼ਹਿਰ ਅੰਮ੍ਰਿਤ ਹੋ ਗਈ। ਵਿਸ਼ਿਆਂ ਨੂੰ ਵਿਹੁ ਰੂਪ ਕਰਕੇ ਇਸ ਵਚਨ ਵਿਚ ਸਤਿਗੁਰੂ ਜੀ ਨੇ ਆਖਿਆ ਹੈ **"ਬਿਖਿਆ ਬਿਖੁ ਜਿਉ ਬਿਸਾਰਿ"**(੧੩੫੨) ਸਿਮਰਣ ਤੇ ਬਾਝ ਮਨ ਲੰਪਟ ਹੋ ਕੇ ਵਿਸ਼ਯ ਰਸ ਭੋਗਦਾ ਹੈ, ਯੋਗ ਅਯੋਗ ਦਾ ਖਿਆਲ ਨਹੀਂ ਕਰਦਾ, ਉਹ ਜ਼ਹਿਰ ਹੋ ਲਗਦੇ ਹਨ। ਜਦੋਂ ਨਾਮ ਜਾਪ ਵਿਚ ਲਗਦਾ ਹੈ ਤਾਂ ਯੋਗ ਖਾਣਪਾਨ ਨਿਰਬਾਹ ਮਾਤ੍ਰ ਕਰਦਾ ਹੈ ਤਦ ਉਹ ਖਾਧਾ ਪੀਤਾ ਅੰਮ੍ਰਿਤ ਹੋ ਜਾਂਦਾ ਹੈ। ਯਥਾ- **"ਤਿਨਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ॥"**(੬੪੮)

## ੩. {ਸਤਿਗੁਰੂ ਜੀ ਦੀ ਮਿਹਰ ਦ੍ਰਿਸ਼ਟਿ ਦੀ ਮਹਿਮਾਂ}

ਸਤਿਗੁਰੂ ਜੀ ਦੀ ਮਿਹਰ ਦ੍ਰਿਸ਼ਟੀ ਨਾਲ ਲੋਹੇ ਤੋਂ ਲਾਲ ਹੋ ਗਿਆ। ਲੋਹਾ ਤੁੱਛ ਹੈ, ਲੋਹਾ ਕਾਲਾ ਹੈ, ਲੋਹਾ ਭਾਰਾ ਹੈ। ਜੋ ਮਾਨੁਖ ਤ੍ਰਿਸ਼ਨਾ ਅਧੀਨ ਤੁਛ ਹੋ ਰਿਹਾ ਹੈ, ਮਾਯਾ ਕਰਕੇ ਕਾਲਾ ਹੋ ਰਿਹਾ ਹੈ, ਹੰਕਾਰ ਹਉਮੈ ਕਰਕੇ ਬਹੁਤ ਭਾਰਾ ਹੈ ਐਸੇ ਮਨੁਖ ਪਰ ਜਦ ਸਤਿਗੁਰੂ ਜੀ ਦੀ ਮੇਹਰ ਹੋ ਜਾਵੇ ਤਾਂ ਉਹ ਲਾਲ ਵਾਂਗ ਅਮੁੱਲ ਹੋ ਜਾਂਦਾ ਹੈ ਅਰ ਲਾਲ ਦੀ ਤਰ੍ਹਾਂ ਆਤਮ ਪ੍ਰਕਾਸ਼ ਵਾਲਾ ਹੋ ਜਾਂਦਾ ਹੈ, ਤਥਾ ਲਾਲ ਦੇ ਵਾਂਗ ਤੋਲ ਵਿਚ ਹਲਕਾ ਤੇ ਕੀਮਤ ਵਿਚ ਵੱਡਾ, ਅਰਥਾਤ ਹਉਮੈ ਰਹਿਤ ਨਿੰਮਰਤਾ ਵਿਚ ਹਲਕਾ, ਬੁਧਿ ਦੀ ਉੱਚਤਾ ਵਿਚ ਧੀਰਜ ਧਾਰੀ, ਦਾਨਾਈ ਵਿਚ ਪੂਰਾ, ਗੰਭੀਰਤਾ ਵਿਚ ਟਿਕਿਆ ਹੋਇਆ ਤੇ ਕੀਮਤ ਵਿਚ ਵੱਡਾ ਹੋ ਜਾਂਦਾ ਹੈ।

## ੪. {ਸਤਿਗੁਰੂ ਜੀ ਦੇ ਗਯਾਨ ਵਿਚਾਰ ਦੀ ਮਹਿਮਾਂ}

ਸਤਿਗੁਰੂ ਜੀ ਦੇ ਗਿਆਨ ਵਿਚਾਰ ਦੇ ਪ੍ਰਤਾਪ ਕਰਕੇ ਪੱਥਰ ਤੋਂ ਮਾਣਕ। ਅਰਥਾਤ ਪੱਥਰ ਤੁੱਛ ਹੈ, ਪ੍ਰਕਾਸ਼ ਰਹਿਤ ਹੈ, ਸਤਿਗੁਰੂ ਜੀ ਦੇ ਗਿਆਨ ਵਿਚ ਲੱਗਾ ਆਤਮਾ ਮਹਾਨ ਕੀਮਤ ਵਾਲਾ ਤੇ ਗਿਆਨ ਦੇ ਚਾਨਣੇ ਵਾਲਾ ਹੋ ਜਾਂਦਾ ਹੈ।

## ੫. {ਸਤਿਗੁਰੂ ਜੀ ਦੀ ਨਿਜ ਵਰਤੋਂ}

ਲੱਕੜਾਂ ਤੋਂ ਚੰਦਨ ਸਤਿਗੁਰੂ ਜੀ ਕੀਤਾ। ਸਾਧਾਰਨ ਲੱਕੜੀ ਖੁਸ਼ਬੋ ਰਹਿਤ ਹੈ ਉਸ ਵਿਚ ਚੰਦਨ ਵਾਲੀ ਭੀ ਠੰਢਕ ਨਹੀਂ, ਇਸ ਤਰ੍ਹਾਂ ਸਤਿਗੁਰੂ ਜੀ ਸਾਧਾਰਨ ਪੁਰਖ, ਜੋ ਭਗਤੀ ਦੀ ਸੁਗੰਧਿ ਤੋਂ ਖਾਲੀ ਸਨ, ਉਹ ਭਗਤੀ ਦੀ ਸੁਗੰਧਿ ਨਾਲ ਪੂਰਨ ਕਰ ਦਿਤੇ ਤੇ ਆਤਮਾਂ ਵਿਚ ਸ਼ਾਂਤੀ ਪੂਰਨ ਕਰ ਦਿੱਤੀ। ਇਹ ਦੋ ਪਦਾਰਥ ਸ਼ਾਂਤੀ ਤੇ ਸੁਗੰਧਿ ਮਿਲਣ ਨਾਲ ਦੁਖ ਤੇ ਦਰਿੱਦਰ ਉਹਨਾਂ ਦੇ ਦੂਰ ਹੋ ਗਏ। ਅਰਥਾਤ ਦੁਖ ਦੀ ਤਪਸ਼ ਮਿਟ ਗਈ ਤੇ ਤ੍ਰਿਸ਼ਨਾ ਲਾਲਚ ਇਹ ਦਰਿਦ੍ਰ ਭੀ ਦੂਰ ਹੋ ਗਿਆ **"ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ।"**(੪੪੯) ਇਹ ਜੀਵਨ ਉਹਨਾਂ ਦਾ ਬਣ ਗਿਆ।

## ੬. {ਸਤਿਗੁਰੂ ਜੀ ਦੇ ਚਰਣੀ ਲੱਗਣ ਦੀ ਮਹਿਮਾਂ}

ਸਤਿਗੁਰੂ ਜੀ ਦੇ ਚਰਣਾਂ ਨੂੰ ਛੋਹ ਕੇ ਪਸ਼ੂ ਜੀਵਨ ਤੋਂ ਮਨੁਖ ਜੀਵਨ ਵਾਲੇ ਬਣ ਗਏ ਤੇ **"ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ"**(੧੧੩੧) ਦੇ ਮਹਾਂਵਾਕ ਅਨੁਸ਼ਾਰ ਵਾਹਿਗੁਰੂ ਜੀ ਦੇ ਗਿਆਨ ਤੋਂ ਰਹਿਤ ਪਰੇਖ ਮਨੁਖ ਵਾਹਿਗੁਰੂ ਪਛਾਣਨ ਵਾਲੇ ਦੇਵਤਾ ਹੋ ਗਏ॥੨॥੬॥੧੯॥

| ਮੂਲ | ਅਰਥ |
| --- | --- |
| ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ ॥ ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥ ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ ॥ ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ ॥ ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ ॥ ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ॥੩॥੭॥੨੦॥ | ਜਦੋਂ ਸਤਿਗੁਰੂ ਮਦਦਗਾਰ ਹੋਇਆ ਤਾਂ ਧਨ ਨੇ ਕੀ ਹੈਂਕੜ ਕਰਨੀ ਹੈ (ਅਥਵਾ ਕਿਸੇ ਦੌਲਤਮੰਦ ਨੇ ਕੀ ਹੰਕਾਰ ਕਰ ਦੱਸਣਾ ਹੈ)। ਜਦੋਂ ਸਤਿਗੁਰੂ ਮਦਦਗਾਰ ਹੋਏ ਤਾਂ ਲੱਖਾਂ ਬਾਹਾਂ ਵਾਲਿਆਂ ਨੇ ਕੀ ਕਰਨਾ ਹੈ। ਜਦੋਂ ਸਤਿਗੁਰੂ ਮਦਦ-ਗਾਰ ਹੋਏ ਤਾਂ ਗਿਆਨ ਤੇ ਧਿਆਨ ਨੋਕ ਜ਼ਬਾਨ ਆ ਟਿਕਦੇ ਹਨ। ਜਦੋਂ ਸਤਿਗੁਰੂ ਮਦਦਗਾਰ ਹੋਏ ਤਾਂ ਸਤਿਸੰਗ ਵਿਚ ਗੁਰ ਸ਼ਬਦ ਤੇ ਗੁਰੂ ਦੀ ਸਾਖੀ ਸੁਤੇ ਪ੍ਰਗਟ ਹੁੰਦੀ ਹੈ। ਭਟ ਦਾਸ ਕਵੀ ਜੀ ਆਖਦੇ ਹਨ ਜੋ ਜੀਭ ਨਾਲ ਗੁਰੂ ਗੁਰੂ ਜਪੇ ਤੇ ਰਿਦੇ ਵਿਚ ਭੀ ਗੁਰੂ ਗੁਰੂ ਸਿਮਰੇ ਉਹ ਜਨਮ ਤੇ ਮਰਣ ਦੋਹਾਂ ਤੋਂ ਬਚ ਜਾਵੇਗਾ (ਅਰਥਾਤ ਮੁਕਤਿ ਹੋ ਜਾਸੀ)॥੩॥੭॥੨੦॥ |

**ਪਦਾਰਥ**—ਜਾਮਿ-ਜਦੋਂ। ਵਲਿ-ਪਾਸੇ, ਹਿਮਾਇਤੀ, ਮਦਦਗਾਰ। ਗਾਰਵੁ-ਹੈਂਕੜ। ਅਨਨ-ਮੂੰਹ। ਸਚਹ ਘਰ-ਸਤਿਸੰਗ।

**ਭਾਵ**—ਜਦੋਂ ਸਤਿਗੁਰੂ ਪੱਖ ਕਰਨ ਤਾਂ ਧਨ ਤੇ ਧਨੀ ਦੋਵੇਂ ਪਿਛੇ ਪਏ ਫਿਰਦੇ ਹਨ। ਜਦੋਂ ਸਤਿਗੁਰੂ ਸਹਾਈ ਹੋਣ ਤਾਂ ਲੱਖਾਂ ਫੋਜਾਂ ਭੀ ਕੁਛ ਨਹੀਂ ਵਿਗਾੜ ਸਕਦੀਆਂ। ਜਦੋਂ ਸਤਿਗੁਰੂ ਮਦਦ-ਗਾਰ ਹੋਣ ਤਾਂ ਗਿਆਨ ਤੇ ਧਿਆਨ ਆਪੇ ਮੂੰਹੋਂ ਪਏ ਨਿਕਲਦੇ ਹਨ। ਜਦੋਂ ਗੁਰੂ ਵੱਲ ਹੋਇਆ ਤਾਂ ਸਤਿਸੰਗ ਵਿਚ ਵਾਸਾ ਹੁੰਦਾ ਹੈ, ਉਥੇਂ ਗੁਰਾਂ ਦਾ ਸ਼ਬਦ ਤੇ ਸਤਿਗੁਰੂ ਜੀ ਦੀ ਸਾਖੀ ਪ੍ਰਗਟ ਹੁੰਦੀ ਹੈ, ਜਾਂ ਸਤਿਗੁਰੂ ਮੇਹਰਵਾਨ ਹੋਵੇ ਤਾਂ ਵਕਤਾ ਨੂੰ ਸਤਿਸੰਗ ਵਿਚ ਸ਼ਬਦ ਸਾਖੀ ਢੂੰਡਣੀ ਨਹੀਂ ਪੈਂਦੀ, ਸਤਿਗੁਰੂ ਆਪ ਉਸ ਪਰ ਕਹਿਨ ਯੋਗ ਕਥਨ ਆਪ ਪ੍ਰਗਟ ਕਰ ਦੇਂਦੇ ਹਨ। ਦਾਸ ਭੱਟ ਜੋ ਇਕ ਕਵੀ ਦਾ ਨਾਮ ਹੈ, ਅਥਵਾ ਨਿੰਮ੍ਰਤਾ ਸਹਿਤ ਭਟਾਚਾਰਯ ਜੀ ਆਖਦੇ ਹਨ ਕਿ ਦਾਸ ਕਵੀ ਬਿਨੈ ਕਰਦਾ ਹੈ ਜੋ 'ਗੁਰੂ ਗੁਰੂ' ਰਸਨਾ ਨਾਲ ਦਿਨੇ ਰਾਤ ਜਪੇਗਾ ਅਰ ਗੁਰੂ ਦਾ ਨਾਮ ਲਿਵ ਲਾਕੇ ਦਿਲ ਵਿਚ ਟਿਕਾਵੇਗਾ ਉਹ ਜਨਮ ਮਰਣ ਦੋਹਾਂ ਤੋਂ ਛੁਟ ਜਾਏਗਾ, ਸਚੁਖੰਡ ਜਾ ਟਿਕੇਗਾ, ਚੌਰਾਸੀ ਤੋਂ ਮੁਕਤਿ ਹੋਵੇਗਾ ਤੇ ਸਾਂਈਂ ਚਰਨ ਸਮਾ ਜਾਵੇਗਾ॥੩॥੭॥੨੦॥

| ਮੂਲ | ਅਰਥ |
| --- | --- |
| ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥ ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥ ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥ ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ ॥ ਗੁਰੁ ਨਯਣਿ ਬਯਣਿ ਗੁਰੁ ਗੁਰੁ | ਗੁਰੂ ਤੋਂ ਬਿਨਾਂ (ਦਿਲ ਦੇ ਅੰਦਰ) ਘੁਪ ਹਨੇਰਾ ਹੈ, ਗੁਰੂ ਤੋਂ ਬਾਝ (ਆਪੇ ਦੀ) ਸੋਝੀ ਨਹੀਂ ਹੁੰਦੀ। ਗੁਰੂ ਤੋਂ ਬਿਨਾਂ ਸੁਰਤਿ ਵਾਹਿਗੁਰੂ ਦੇਸ਼ ਨਹੀਂ ਅੱਪੜਦੀ, ਗੁਰੂ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ। ਹੇ ਮੇਰੇ ਮਨਾਂ! ਗੁਰੂ ਕਰ, ਪਰ ਸਚੇ ਵਿਚਾਰ ਵਾਲਾ ਗੁਰੂ ਕਰਨਾ। ਹਾਂ, ਗੁਰੂ ਤਾਂ ਕਰਨਾ ਪਰ ਸ਼ਬਦ ਵਾਲਾ ਗੁਰੂ ਕਰਨਾ, ਜੋ ਤੇਰੇ ਪਾਪਾਂ ਨੂੰ ਕਟ ਦੇਵੇ। (ਐਸੇ ਸਤਿਗੁਰੂ ਜੀ ਦੇ) ਅੱਖਾਂ ਨਾਲ ਦਰਸ਼ਨ ਕਰ, ਬਾਣੀ ਨਾਲ ਗੁਰੂ ਗੁਰੂ |

| | |
|---|---|
| **ਕਰਹੁ ਗੁਰੂ ਸਤਿ ਕਵਿ ਨਲ੍ ਕਹਿ॥ ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ ॥੪॥੮॥੨੧॥** | ਜਪ, ਨਲ ਕਵੀ ਜੀ ਆਖਦੇ ਹਨ-ਗੁਰੂ ਸਦਾ ਹੈ, ਅਬਿਨਾਸੀ ਹੈ। ਜਿਨਾਂ ਨੇ ਗੁਰੂ ਜੀ ਦੇ ਦਰਸ਼ਨ ਨਹੀਂ ਕੀਤੇ ਤੇ (ਉਹਨਾਂ ਦਾ ਗੁਰ ਮੰਤ੍ਰ ਲੈਕੇ ਗੁਰੂ ਗੁਰੂ ਨਹੀਂ ਜਪਿਆ) ਉਹਨਾਂ ਦਾ ਸੰਸਾਰ ਵਿਚ ਆਉਣਾ ਬਿਰਥਾ ਹੈ॥੪॥੮॥੨੧॥ |

**ਪਦਾਰਥ**—ਘੋਰੁ-ਘੁਪ, ਡੂੰਘਾ। ਅੰਧਾਰੁ-ਹਨੇਰਾ। ਸਿਧਿ-ਪਰਮਾਤਮ ਦੇਸ਼, ਵਾਹਿਗੁਰੂ ਮੰਡਲ। ਸਪੰਨ-ਸਹਿਤ, ਸੰਯੁਕਤ। ਅਘਨ-ਪਾਪ। ਨਯਣਿ-ਅਖਾਂ। ਬਯਣਿ ਬਾਣੀ। ਨਲ੍-ਕਵੀ ਦਾ ਨਾਮ। ਅਕਯਥ-ਨਿਸ਼ਫਲ, ਬਿਰਥਾ।

### ੧.{ਸਤਿਗੁਰੂ ਜੀ ਦੀ ਲੋੜ ਤੇ ਸਤਿਗੁਰੂ ਜੀ ਦੇ ਲਛਣ ਤੇ ਪ੍ਰਭਾਵ}

**ਭਾਵ**—ਨਲਜ ਭਟਾਚਾਰਯ ਜੀ ਬਚਨ ਕਰਦੇ ਹਨ:-ਗੁਰੂ ਜੀ ਦੀ ਅਤਿ ਲੋੜ ਹੈ, ਗੁਰੂ ਬਿਨਾਂ ਦਿਲ ਵਿਚ ਘੁਪ ਅਗਜਾਨ ਦਾ ਹਨੇਰਾ ਹੈ, ਗੁਰੂ ਬਿਨਾਂ ਕੁਝ ਭੀ ਸੋਝੀ ਨਹੀਂ ਪੈਂਦੀ। ਦਿਲ ਦੇਹਨੇਰੇ ਨੂੰ ਬਾਹਰ ਦੀ ਰੌਸ਼ਨੀ ਦੂਰ ਨਹੀਂ ਕਰ ਸਕਦੀ, ਦਿਲ ਦਾ ਹਨੇਰਾ ਸਤਿਗੁਰੂ ਦੂਰ ਕਰ ਸਕਦੇ ਹਨ। ਯਥਾ-"**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ**"॥(੪੬੩) ਦਿਲ ਦੀ ਕਾਲੀ ਕੋਠੜੀ ਵਿਚ ਗੁਰੂ ਹੀ ਪ੍ਰਕਾਸ਼ ਕਰਦਾ ਹੈ, ਰੱਬ ਦੀ ਸੋਝੀ ਸਤਿਗੁਰੂ ਹੀ ਦੇਂਦਾ ਹੈ। ਸਾਡੀ ਸੁਰਤ ਮਾਯਾ ਦੇ ਮੰਡਲ ਵਿਚ ਹੈ। ਪੰਜ ਇੰਦ੍ਰੀਆਂ ਦੇ ਭਗਤਾਂ (ਇੰਦ੍ਰੀਆਂ ਦੇ ਦਾਸਾਂ) ਦੀ ਇਹਨਾਂ ਦੇ ਲੈਣ ਦੇ ਤਰਲੇ ਵਿਚ ਸੁਰਤ ਲੱਗ ਰਹੀ ਹੈ, ਇਸ ਲਈ ਮਨ ਮੰਡਲ ਤੋਂ ਪਾਰ ਜਾਂਦੀ ਹੀ ਨਹੀਂ।ਮਨ ਤੋਂ ਜੋ ਉਚੇ ਉਠਦੇ ਹਨ ਓਹ ਬੁਧੀ ਮੰਡਲ ਵਿਚ ਜਾ ਟਿਕਦੇ ਹਨ; ਵਿਦਯਾ ਜਪ, ਤਪ, ਸਾਧਨ, ਇਕਾਗ੍ਰਤਾ ਦੇ ਰਸ, ਰਿਧੀ ਸਿਧੀ, ਵਿਚਾਰ ਗਿਆਨ ਗੋਸ਼ਟ ਸਭ ਬੁਧਿ ਵਿਚ ਹਨ; ਸੋ ਕਈ ਇਹਨਾਂ ਦੇ ਵਿਚ ਹੀ ਪਰਚ ਰਹਿੰਦੇ ਹਨ ਪਰ ਸਿਧੀ ਮੰਡਲ ਆਤਮ ਦੇਸ਼ ਹੈ, ਇਥੇ ਬੁਧਿ ਬਦਲ ਜਾਂਦੀ ਹੈ ਤੇ ਸੁਰਤਿ ਸਿਧੀ ਵਿਚ ਜਾ ਟਿਕਦੀ ਹੈ। **ਯਥਾ-"ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥**"(੩੩੯) ਇਸ ਥਾਂ ਤੇ ਆਪਣੇ ਆਪ ਪਹੁੰਚ ਨਹੀਂ ਹੁੰਦੀ, ਸਤਿਗੁਰੂ ਦੀ ਮੇਹਰ ਹੀ ਇਥੇ ਲੈ ਜਾਂਦੀ ਹੈ। ਗੁਰੂ ਬਿਨਾਂ ਮੁਕਤੀ ਨਹੀਂ ਮਿਲਦੀ। ਮੁਕਤਿ ਦੋ ਤਰ੍ਹਾਂ ਦੀ ਹੈ ਇਕ ਜੀਵਨ ਮੁਕਤੀ ਤੇ ਦੂਜੀ ਵਿਦੇਹ ਮੁਕਤੀ। ਜੀਵਨ ਮੁਕਤੀ ਦਾ ਲੱਛਣ ਇਹ ਹੈ, "**ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥**"(੨੭੫) ਵਾਹਿਗੁਰੂ ਜੀ ਦੀ ਰਜ਼ਾ ਵਿਚ ਲੀਨ ਹੋਕੇ ਜੋ ਜੀਵਨ ਬਿਤੀਤ ਕਰ ਰਿਹਾ ਹੈ ਓਹ ਜੀਵਨ ਮੁਕਤਿ ਹੈ। ਰਜ਼ਾ ਵਿਚ ਲੀਨ ਹੋਣ ਦੀ ਵਧੇਰੇ ਪ੍ਰੀਖ੍ਯਾ ਇਸ ਬਚਨ ਵਿਚ ਹੈ "**ਹਰਖ ਸੋਗੁ ਜਾਕੈ ਨਹੀ ਬੈਰੀ ਮੀਤ ਸਮਾਨਿ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ॥**"(੧੪੨੭) ਵਿਦੇਹ ਮੁਕਤੀ ਹੈ ਸ਼ਰੀਰ ਤੋਂ ਨਿਕਲਕੇ ਵਾਹਿਗੁਰੂ ਜੀ ਵਿਚ ਲੀਨਤਾਈ; ਓਹ ਇਉਂ ਹੈ:-"**ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ।**"(੧੦੨)

### ੨.{ਮੁਕਤੀ ਦਾਤੇ ਸਤਿਗੁਰੂ ਜੀ ਦੇ ਲੱਛਣ}

ਗਿਆਨ ਦਾ ਪ੍ਰਕਾਸ਼ ਦਾਤਾ ਗੁਰੂ ਕਰ, ਕਿਉਂਕਿ '**ਅੰਧੇ ਗੁਰੂ ਤੇ ਭਰਮੁ ਨ ਜਾਈ**'। (੨੩੨) ਇਸ ਲਈ ਜਿਸਦੇ ਅਪਣੇ ਅੰਦਰ ਵਾਹਿਗੁਰੂ ਜੀ ਪ੍ਰਤੱਖ ਹੈ, ਜੋ ਆਪ ਸੱਚ ਦੇ ਗਿਆਨ ਵਾਲਾ ਹੈ, ਓਹ ਗੁਰੂ ਹੀ ਸਿਖ ਨੂੰ ਗਿਆਨ ਦੇ ਸਕਦਾ ਹੈ ਤੇ ਉਹੋ ਅਗਿਆਨ ਦਾ ਹਨੇਰਾ ਦੂਰ ਕਰ ਸਕਦਾ ਹੈ, ਪਰ ਦੇਖੀਂ ਸਬਦ ਸਪੰਨ ਗੁਰੂ ਕਰੀਂ। ਸ਼ਬਦ ਤੋਂ ਭਾਵ ਵਾਹਿਗੁਰੂ ਜੀ ਦਾ ਨਾਮੁ ਹੈ ਸੋ ਨਾਮੁ ਵਾਲਾ ਗੁਰੂ ਕਰਨਾ, ਅਥਵਾ ਸ਼ਬਦ ਸਪੰਨ ਓਹ ਗੁਰੂ ਹੈ ਜੋ ਤਤ੍ਵ ਗਿਆਨ ਆਪ ਪਾਕੇ ਬ੍ਰਹਮ ਨਿਸ਼ਠ ਹੋਵੇ ਤੇ

ਤਤ੍ਵ ਗਿਆਨ ਦਾ ਉਪਦੇਸ਼ ਦੇਣ ਵਿਚ ਚਤੁਰ ਹੋਣ ਕਰਕੇ ਬ੍ਰਹਮਸੋਤ੍ਰ ਹੋਵੇ, ਸਿਖਦੇ ਸੰਸੇ ਦੂਰ ਕਰ ਸਕੇ, ਰੱਬੀ ਗਿਆਨ ਦਾ ਉਪਦੇਸ਼ ਕਰੇ; ਐਸਾ ਗੁਰੂ ਤੇਰੇ ਪਾਪ ਕੱਟ ਦੇਵੇਗਾ। ਚੱਲੋ ਅੱਖਾਂ ਨਾਲ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਸ਼ਨ ਕਰੋ, ਜੀਭ ਨਾਲ 'ਧੰਨ ਗੁਰੂ ਧੰਨ ਗੁਰੂ' ਜਪੋ। ਨਲ੍ਯ ਕਵੀ ਜੀ ਸਾਖ ਦਿੰਦੇ ਹਨ ਕਿ ਸਤਿਗੁਰੂ ਅਬਿਨਾਸ਼ੀ ਹੈ, ਜੋ ਕੁਛ ਗੁਰੂ ਬਾਬਤ ਮੈਂ ਕਿਹਾ ਹੈ ਓਹ ਗੁਰੂ ਰਾਮਦਾਸ ਸਾਹਿਬ ਜੀ ਵਿਚ ਸਭੋ ਕੁਛ ਹੈ, ਇਹ ਮੈਂ ਸਚੋ ਸਚੁ ਡਿੱਠਾ ਹੈ। ਐਸੇ ਸਤਿਗੁਰੂ ਜੀ ਦੇ, ਜਿਨ੍ਹਾਂ ਦਰਸ਼ਨ ਨਹੀਂ ਕੀਤੇ ਅਰ ਸਤਿਗੁਰੂ ਜੀ ਦਾ ਸਤ ਉਪਦੇਸ਼ ਧਾਰਨ ਨਹੀਂ ਕੀਤਾ ਓਹ ਸੰਸਾਰ ਵਿਚ ਨਿਸਫਲ ਜੀਵਨ ਹਨ॥੪॥੮॥੨੧॥

| ਮੂਲ | ਅਰਥ |
|---|---|
| **ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥ ਤਾਰਣ ਤਰਣ ਸਮ੍ਰਥੁ ਕਲਿਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ ॥ ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ ਜੋ ਧਰਤ ਧਿਆਨੁ ਬਸਤ ਤਿਹ ਨੇਰੇ ॥ ਪੂਰਉ ਪੁਰਖੁ ਰਿਦੈ ਹਰਿ ਸਿਮਰਤ ਮੁਖੁ ਦੇਖਤ ਅਘ ਜਾਹਿ ਪਰੇਰੇ ॥ ਜਉ ਹਰਿ ਬੁਧਿ ਰਿਧਿ ਸਿਧਿ ਚਾਹਤ ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥੫॥੯॥੨੨॥** | ਹੇ ਮੇਰੇ ਮਨਾਂ! ਗੁਰੂ ਗੁਰੂ ਗੁਰੂ ਜਪ। ਕਲਿਜੁਗ ਵਿਚ (ਗੁਰੂ) ਆਪ ਤਰਿਆ ਹੈ ਤੇ ਹੋਰਨਾਂ ਦੇ ਤਾਰਨ ਲਈ ਬਲਵਾਨ ਹੈ, ਜਿਸਦੇ ਉਪਦੇਸ਼ ਨੂੰ ਸੁਣਕੇ ਵਾਹਿਗੁਰੂ ਜੀ ਵਿਚ ਜੁੜੀਦਾ ਹੈ। ਫਿਰ ਸਤਿਗੁਰੂ ਦੁਖਾਂ ਦੇ ਦੂਰ ਕਰਨ ਵਾਲਾ ਹੈ ਤੇ ਸੁਖਾਂ ਦੇ ਦੇਣ ਵਾਲਾ ਹੈ, (ਪੰਜਾਂ ਦੇ ਜਿੱਤਣ ਲਈ) ਸੂਰਮਾਂ ਹੈ ਤੇ ਜੋ ਕੋਈ (ਸਤਿਗੁਰੂ ਦਾ) ਧਿਆਨ ਧਰਦਾ ਹੈ ਉਸ ਦੇ ਗੁਰੂ ਅੰਗ ਸੰਗ ਵਸਦਾ ਹੈ। (ਸਤਿਗੁਰੂ) ਪੂਰਨ ਪੁਰਖ ਹੈ, ਦਿਲੋਂ ਵਾਹਿਗੁਰੂ ਦੇ ਸਿਮਰਨ ਵਿਚ ਹੈ (ਜਿਸ ਦੇ) ਦਰਸ਼ਨ ਕਰਕੇ ਪਾਪ ਦੂਰ ਹੋ ਜਾਂਦੇ ਹਨ। ਹੇ ਮੇਰੇ ਮਨਾਂ! ਜੇਕਰ (ਤੂੰ) ਵਾਹਿਗੁਰੂ ਨੂੰ ਪਛਾਣਨ ਵਾਲੀ ਬੁਧੀ ਚਾਹੁੰਦਾ ਹੈਂ ਜਾਂ ਰਿਧੀ ਸਿਧੀ ਲੋੜਦਾ ਹੈਂ ਤਾਂ ਗੁਰੂ ਗੁਰੂ ਗੁਰੂ ਜਪ॥੫॥੯॥੨੨॥ |

**ਪਦਾਰਥ**—ਦਾਯਕੁ-ਦੇਣ ਵਾਲਾ। ਅਘ-ਪਾਪ। ਪਰੇਰੇ-ਦੂਰ ਚਲੇ ਜਾਂਦੇ ਹਨ।

**ਭਾਵ**—ਕਵੀ ਜੀ ਸਤਿਗੁਰੂ ਪਾਤਸ਼ਾਹ ਜੀ ਤੋਂ ਦਾਤਾਂ ਲੈਣ ਲਈ ਮਨ ਨੂੰ ਸੁਚੇਤ ਕਰਦੇ ਹਨ। ਹੇ ਮੇਰੇ ਮਨ! ਗੁਰੂ ਗੁਰੂ ਸਿਮਰ। ਤਿੰਨ ਵਾਰ ਕਹਿਣ ਦਾ ਭਾਵ ਹੈ ਬਾਰ-ਬਾਰ ਸਿਮਰਨ ਕਰ, ਅਥਵਾ ਮਨ ਨਾਲ ਭੀ ਗੁਰੂ ਜਪ, ਜੀਭ ਵਿਚ ਗੁਰੂ ਬੋਲ, ਸਰੀਰ ਭੀ ਗੁਰੂ ਸਨਮੁਖ ਕਰ। ਅਥਵਾ ਤਿੰਨ ਵਾਰ ਕਹਿਣ ਤੋਂ ਭਾਵ ਅਤਿ ਦੀ ਤਾਕੀਦ ਹੈ। ਜਿਸ ਗੁਰੂ ਜਪਣ ਲਈ ਮਨ ਨੂੰ ਸੁਚੇਤ ਕੀਤਾ ਹੈ ਉਹ ਗੁਰੂ ਦੁਖ ਹਰਤਾ ਹੈ, ਸੁਖ ਦਾਤਾ ਹੈ। ਇਹ ਸਿਮਰਨ ਦਾ ਲਾਭ ਹੈ ਕਿ ਤੂੰ ਜਿਉਂ ਜਿਉਂ ਗੁਰੂ ਨੂੰ ਜਪੇਂਗਾ ਤਿਉਂ ਤਿਉਂ ਗੁਰੂ ਦੀ ਚਰਨ ਸ਼ਰਨ ਵਿਚ ਮਨ ਨੇੜੇ ਹੋਵੇਗਾ, ਜਿਉਂ ਜਿਉਂ ਨੇੜੇ ਹੋਵੇਂਗਾ ਤਿਉਂ ਤਿਉਂ ਸੁਖੀ ਹੋਵੇਂਗਾ, ਦੁਖ ਦੂਰ ਹੋ ਜਾਣਗੇ। ਫੇਰ ਸਤਿਗੁਰੂ ਸੂਰਮਾਂ ਹੈ, ਦੁਖਾਂ ਨੂੰ ਹਰਿ ਦੇਣ ਲਈ ਸਮਰਥ ਪੁਰਖ ਹੈ। ਤਥਾ-'**ਜਿਨਿ ਪੰਜੇ ਦੂਤ ਕੀਤੇ ਵਸ ਛਿਕੇ।**' ਇਸ ਮਹਾਂ ਵਾਕ ਦੇ ਅਨੁਸਾਰ ਪੰਜਾਂ ਨੂੰ ਵਸ ਵਿਚ ਕਰਨ ਲਈ ਗੁਰੂ ਸੂਰਮਾਂ ਹੈ। ਸੁਖ ਦਾਤੇ ਤੇ ਸੂਰੇ ਗੁਰੂ ਦਾ ਇਹ ਬਿਰਦ ਹੈ ਕਿ ਜੋ ਕੋਈ ਦਿਲੋਂ ਉਸ ਨੂੰ ਯਾਦ ਕਰੇ ਉਸ ਦੇ ਅੰਗ ਸੰਗ ਸਹਾਈ ਹੁੰਦਾ ਹੈ। ਫੇਰ ਪੂਰਨ ਪੁਰਖ ਹੈ, ਆਪ ਵਿਚ ਮੁਕੰਮਲ ਹੈ, ਗੁਣਾਂ ਕਰਕੇ ਪੂਰਨ ਹੈ ਤੇ ਦਿਲੋਂ ਵਾਹਿਗੁਰੂ ਵਿਚ ਰੱਤਾ ਹੋਇਆ ਹੈ ਉਸ ਦੇ ਦਰਸ਼ਨਾਂ ਨਾਲ ਪਾਪ ਦੌੜ ਜਾਂਦੇ ਹਨ, ਯਥਾ-"**ਸਫਲ ਦਰਸਨੁ ਪੇਖਤ ਪੁਨੀਤ**"। (੨੮੭) ਰਬੀ ਬੁਧਿ, ਸਾਈਂ ਦਰ ਪ੍ਰਵਾਨ ਬੁਧੀ, ਅਰ ਗੁਪਤ ਬਰਕਤਾਂ ਜੇ ਤੂੰ ਚਾਹੁੰਦਾ ਹੈਂ ਤਾਂ ਹੇ ਮੇਰੇ ਮਨ! ਗੁਰੂ ਗੁਰੂ ਸਿਮਰ।

ਯਥਾ-"ਤੈਡੇ ਸਿਮਰਣਿ ਹਭੁ ਕਿਛੁ ਲਧਮੁ"(੫੨੦) ਸੋ ਸਭ ਦਾਤਾਂ ਸਿਮਰਨ ਵਿਚ ਹਨ॥੫॥੯॥੨੨॥

| ਮੂਲ | ਅਰਥ |
|---|---|
| ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥ ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ ॥ ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ ॥ ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲੵਨ ਤੀਰਿ ਬਿਪਾਸ ਬਨਾਯਉ ॥ ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥੬॥੧੦॥੨੩॥ | (ਜਲੵਨ ਕਵੀ ਜੀ ਆਖਦੇ ਹਨ ਕਿ) ਸਤਿਗੁਰੂ ਜੀ ਦੇ ਮੁਖੜੇ ਦਾ ਦਰਸ਼ਨ ਕਰਕੇ ਭਾਰੀ ਸੁਖ ਪਾਇਆ ਹੈ। ਅੰਮ੍ਰਿਤ ਪੀਣ ਦੀ ਜੋ ਤੇਹ ਲਗ ਰਹੀ ਸੀ, ਸੋ ਮਨ ਦੀ ਮੁਰਾਦ ਵਾਹਿਗੁਰੂ ਨੇ ਪੂਰੀ ਕਰ ਦਿਤੀ, ਵਿਸ਼ਿਆਂ ਦੇ ਰਸ ਦੀਆਂ ਵਾਸ਼ਨਾ ਦੇ ਮਗਰ ਲੱਗਕੇ ਜੋ ਮਨ ਦਸੋ ਦਿਸ਼ਾ ਦੌੜ ਰਿਹਾ ਸੀ ਉਹ (ਅੰਮ੍ਰਿਤ ਪੀਕੇ) ਰਜ ਗਿਆ ਤੇ ਟਿਕਾਣੇ ਲਗ ਬੈਠਾ। ਬਿਆਸਾ ਨਦੀ ਕਿਨਾਰੇ ਜੋ ਗੋਇੰਦਵਾਲ ਸਤਿਗੁਰੂ ਨੇ ਬਨਾਇਆ ਹੈ ਇਹ ਬੈਕੁੰਠ ਧਾਮ ਜਿਹਾ ਹੀ ਹੈ ਹੇ ਜਲੵਣ! ਵਰ੍ਹਿਆਂ ਦਾ ਦੁਖ ਦੂਰ ਹੋ ਗਿਆ ਸਤਿਗੁਰੂ ਜੀ ਦੇ ਮੁਖ ਨੂੰ ਦੇਖਕੇ ਬੜਾ ਸੁਖ ਪ੍ਰਾਪਤ ਹੋਇਆ॥੬॥੧੦॥੨੩॥ |

**ਪਦਾਰਥ**—ਗੁਰੂ-ਵਡਾ ਭਾਰੀ। ਪਿਆਸ-ਤ੍ਰੇਹ। ਪਿਊਸ-ਅੰਮ੍ਰਿਤ। ਬਿਧਿ-ਬਿਧਾਤਾ। ਭੋ-ਹੋ ਗਿਆ। ਰਸ-ਪੰਜ ਵਿਸ਼ਿਆਂ ਦੇ ਸੁਆਦ। ਬਾਸਨ-ਵਾਸ਼ਨਾ। ਦਹੰਦਿਸਿ-ਦਸ ਪਾਸੇ, ਪੂਰਬ, ਪੱਛਮ, ਉਤਰ, ਦਖਣ। ਕੂੰਡਾ ਚਾਰ-ਨੈਰਤ, ਵਾਯਵ, ਅਗਨਿ, ਈਸਾਨ, ਤਲੇ ਤੇ ਉਪਰ ਇਹ ਦਸ ਦਿਸ਼ਾ ਹਨ। ਧਾਯਉ-ਦੌੜਦਾ ਹੈ। ਗੋਬਿੰਦਵਾਲੁ-ਇਹ ਇਕ ਨਗਰੀ ਦਾ ਨਾਮ ਹੈ ਜੋ ਸ੍ਰੀ ਗੁਰੂ ਅਮਰਦਾਸ ਜੀ ਨੇ ਵਸਾਈ ਸੀ। ਗੋਬਿੰਦ ਪੁਰੀ-ਬੈਕੁੰਠ ਧਾਮ, ਸਚੁ ਖੰਡ। ਜਲੵਨ-ਕਵੀ ਜੀ ਦਾ ਨਾਮੁ ਹੈ। ਤੀਰਿ-ਕਿਨਾਰਾ। ਬਿਪਾਸ-ਦਰਿਆਏ ਬਿਆਸ। ਬਰਖਨ-ਵਰ੍ਹਿਆਂ ਦਾ।

**ਭਾਵ**—ਜਲਣ ਕਵੀ ਜੀ ਆਪਣੇ ਨਾਲ ਬੀਤੀ ਵਾਰਤਾ ਦੁਆਰਾ ਸਤਿਗੁਰੂ ਜੀ ਦੀ ਮਹਿਮਾਂ ਪ੍ਰਗਟ ਕਰਦੇ ਹਨ। ਜੀਕੁਣ ਤਿਹਾਇਆ ਮਨੁਖ ਮਾਰੂ ਥਲ ਵਿਚ ਭਟਕ ਰਿਹਾ ਹੋਵੇ, ਅੰਦਰੋਂ ਤੇਹ ਤੇ ਉਪਰੋਂ ਧੁਪ ਸਾੜ ਰਹੀ ਹੋਵੇ, ਪਾਣੀ ਢੂੰਡ ਢੂੰਡਕੇ ਥੱਕ ਲੱਥਾ ਹੋਵੇ। ਐਸੇ ਕਲੇਸ਼ ਦੇ ਵੇਲੇ ਉਸ ਨੂੰ ਪਾਣੀ ਦਾ ਅਥਾਹ ਚਸ਼ਮਾ ਲੱਭ ਪਵੇ ਤਾਂ ਓਹ ਆਖਦਾ ਹੈ ਆਹਾ ਬੜਾ ਸੁਖ ਪਾਇਆ, ਇਹ ਥਾਂ ਤਾਂ ਸੁਰਗ ਬਣਿਆ ਹੋਇਆ ਹੈ। ਪਾਣੀ ਢੂੰਡਦੇ ਮਰ ਲੱਥੇ ਸਾਂ, ਵਾਹਿਗੁਰੂ ਨੇ ਮੇਹਰ ਕੀਤੀ ਮਨ ਦੀ ਮੁਰਾਦ ਪੂਰੀ ਹੋਈ। ਇਹ ਦਸ਼ਾ ਉਸ ਮਨੁੱਖ ਦੀ ਹੈ ਜੋ ਸ਼ਰੀਰਕ ਤ੍ਰਿਖਾ ਵਾਲਾ ਹੈ, ਜਿਸਨੂੰ ਪਾਣੀ ਪੀ ਕੇ ਭੀ ਹੋਰ ਭੁਖਾਂ ਰਹਿ ਜਾਣੀਆਂ ਹਨ, ਪਰ ਇਕ ਵੇਲੇ ਦੀ ਮੰਗੀ ਮੁਰਾਦ ਮਿਲ ਜਾਣੀ ਭੀ ਕ੍ਰਿਤਗਜ ਲਈ ਸ਼ੁਕਰ ਦਾ ਕਾਰਨ ਹੈ। ਹੁਣ ਦਰਸ਼ਨ ਕਰੋ ਕਵੀ ਜੀ ਦੇ ਜੋ ਨਾਮ ਅੰਮ੍ਰਿਤ ਦਾ ਪਿਆਸਾ ਹੈ, ਵਰ੍ਹਿਆਂ ਬੱਧੀ ਜੋ ਅੰਮ੍ਰਿਤ ਟੋਲਦਾ ਰਿਹਾ ਹੈ, ਜਿਸ ਨੂੰ ਅੰਮ੍ਰਿਤ ਦਾਤਾ ਤੇ ਅੰਮ੍ਰਿਤ ਦੇ ਨਾ ਮਿਲਨ ਦਾ ਇਕ ਦੁਖ ਹੈ ਤੇ ਦੂਜਾ ਦੁਖ ਹੈ ਮਨ ਦਾ ਪੰਜ ਵਿਸ਼ਿਆਂ ਦੀ ਵਾਸ਼ਨਾ ਮਗਰ ਭੱਜੀ ਫਿਰਨਾ, ਕਦੀ ਟਿਕਕੇ ਨਾ ਬਹਿਣਾ। ਵਿਸ਼ਯ ਰਸ ਦੀ ਪ੍ਰਾਪਤੀ ਲਈ ਚਾਰ ਚੁਫੇਰੇ ਭਜਣਾ ਇਹ ਦੂਜਾ ਦੁਖ ਹੈ। ਅੰਦਰ ਅੰਮ੍ਰਿਤ ਦੀ ਤੇਹ ਹੈ, ਬਾਹਰੋਂ ਤ੍ਰਿਸ਼ਨਾ, ਕ੍ਰੋਧ, ਲੋਭ ਦੀ ਤਪਸ਼ ਹੈ, ਮਨ ਵਿਸ਼ੇ ਚਾਹੁੰਦਾ ਹੈ, ਪਰ ਮਿਲਦੇ ਨਹੀਂ ਸੋ ਰਸਾਂ ਦੀ ਅਪ੍ਰਾਪਤੀ ਦਾ ਸਾੜਾ ਲਗ ਰਿਹਾ ਹੈ, ਜੇ ਕੁਛ ਪ੍ਰਾਪਤ ਹੋ ਜਾਣ ਤਾਂ ਦੂਣੀ ਚਉਣੀ ਭੁਖ ਵਧਦੀ ਹੈ। ਤ੍ਰਿਪਤੀ ਕਿਥੋਂ? ਇਸ ਤਰ੍ਹਾਂ ਦੁਖੀ ਬਿਤੀਤ ਹੋ ਰਹੀ ਜਿੰਦੜੀ ਨੂੰ

ਅੰਮ੍ਰਿਤ ਦਾ ਸੋਮਾ ਅਤੇ ਠੰਢਕ ਦਾ ਹਿਮਾਲਾ ਮਿਲ ਜਾਵੇ ਤਾਂ ਉਹ ਕਿਉਂ ਨਾ ਆਖੇ "**ਗੁਰੂ ਮੁਖੁ ਦੇਖਿ ਗੁਰੂ ਸੁਖੁ ਪਾਯੋ**"॥(੧੪੦੦) ਓਹ ਕਿਉਂ ਨਾ ਇਕਰਾਰ ਕਰੇ ਕਿ ਸਤਿਗੁਰੂ ਜੀ ਦੇ ਦੀਦਾਰ ਕਰਕੇ ਮੈਨੂੰ ਵਡਾ ਸੁਖ ਪ੍ਰਾਪਤ ਹੋਇਆ ਹੈ। ਤੇਹ ਲਗ ਰਹੀ ਸੀ ਅੰਮ੍ਰਿਤ ਦੀ; ਪਰ ਮੂੰਹੋਂ ਮੰਗੀ ਮੁਰਾਦ (ਵਾਂਛਤ ਸਿਧੀ) ਵਾਹਿਗੁਰੂ ਨੇ ਬਖਸ਼ ਦਿਤੀ, ਸਦਕੇ ਸਦਕੇ! ਵਾਹ ਵਾਹ, ਅੰਮ੍ਰਿਤ ਦਾਤਾ ਮਿਲਿਆ! ਕੌਣ? ਗੁਰੂ ਨਾਮੁ ਅੰਮ੍ਰਿਤ ਮਿਲਿਆ ਜਿਸ ਦਾ ਅਸ਼ਰ ਇਹ ਹੋਇਆ ਕਿ ਮਨ ਤ੍ਰਿਪਤ ਹੋ ਗਿਆ, ਭਟਕਣਾ ਮੁੱਕ ਗਈ, ਢੂੰਡ ਚੁਕ ਗਈ। "**ਢੂੰਢ ਵੰਞਾਈ ਥੀਆ ਥਿਤਾ**"(੯੬੪) ਦੇ ਮਹਾਂਵਾਕ ਅਨੁਸਾਰ ਮਨ ਟਿਕ ਗਿਆ। ਵਾਹ ਵਾ! ਇਹ ਬਿਆਸਾ ਦਰਿਆ ਦਾ ਕਿਨਾਰਾ, ਇਹ ਗੋਇੰਦਵਾਲ ਗੁਰੂ ਨਗਰੀ ਤਾਂ ਸਚੁਖੰਡ ਹੈ, ਬੇਕੁੰਠ ਪੁਰੀ ਹੈ। ਵਰ੍ਹਿਆਂ ਦੇ ਦੁਖੀਏ ਗੁਰਾਂ ਦਾ ਦਰਸ਼ਨ ਕਰਕੇ ਵਡੇ ਸੁਖੀ ਹੋਏ ਹਾਂ।

ਇਸ ਸਵਈਏ ਵਿਚੋਂ ਇਹ ਭਾਵ ਪ੍ਰਗਟ ਹੁੰਦਾ ਹੈ ਕਿ ਇਹ ਭਟਾਚਾਰਯ ਜੀ ਕੇਵਲ ਵਿਦ-ਵਾਨ ਜਾਂ ਉਸਤੁਤੀ ਕਰਤਾ ਪੁਰਖ ਹੀ ਨਹੀਂ ਹਨ, ਬਲਕੇ ਇਹ ਆਤਮ-ਪਦ ਦੇ ਜਗਜਾਸੂ ਹਨ, ਇਹ ਸਚੁ ਦੇ ਮੁਤਲਾਸ਼ੀ ਹਨ, ਇਹ ਨਾਮੁ ਅੰਮ੍ਰਿਤ ਦੇ ਪਿਆਸੇ ਹਨ, ਇਹ ਮੁਕਤਿ ਪਦ ਦੇ ਚਾਹ-ਵਾਨ ਹਨ, ਇਹ ਯਥਾਰਥ ਦੇ ਖ਼ੋਜੀ ਹਨ, ਇਹ ਮਨ ਦੇ ਤਾਪਾਂ ਦੇ ਸੰਸਾਰ ਦੇ ਕਲੇਸ਼ਾਂ ਦੇ ਹਥੋਂ ਦੁਖੀ ਹਨ, ਇਨ੍ਹਾਂ ਨੇ ਵਰ੍ਹਿਆਂ ਬੱਧੀ ਤੀਰਥ, ਜਪ, ਤਪ, ਸ਼ਾਸਤ੍ਰਾਂ ਦੇ ਪਠਨ ਪਾਠਨ ਕਰਕੇ ਭੀ ਓਹ ਵਸਤੂ ਨਹੀਂ ਪਾਈ ਜੋ ਇਨ੍ਹਾਂ ਨੂੰ ਗੁਰੂ ਦਰ ਤੋਂ ਲੱਭੀ ਹੈ, "**ਹੁਤੀ ਜੁ ਪਿਆਸ ਪਿਊਸ ਪਿਵੰਨ ਕੀ**"; ਅੰਮ੍ਰਿਤ ਦੇ ਚਾਹਵਾਨ ਮੁੱਦਤਾਂ ਤੋਂ ਹਨ, ਅੰਮ੍ਰਿਤ ਅਪ੍ਰਾਪਤੀ ਤੋਂ ਵਰ੍ਹਿਆਂ ਦੇ ਦੁਖੀ ਹਨ। ਅੰਮ੍ਰਿਤ ਦਾਤਾ ਗੁਰੂ ਦੇ ਦਰ ਤੇ ਪੁੱਜਕੇ ਜੋ ਹਾਲਤ ਆਪ ਨਾਲ ਵਰਤੀ ਹੈ ਓਹ ਢੰਡੋਰਾ ਦੇਕੇ ਆਪ ਆਖਦੇ ਹਨ ਕਿ ਗੁਰੂ-ਦਰਸ਼ਨ ਤੋਂ ਬੜਾ ਸੁਖ ਮਿਲਿਆ ਹੈ, ਅੰਮ੍ਰਿਤ ਪੀਤਾ ਹੈ, ਰੱਜ ਆ ਗਿਆ ਹੈ, ਮਨ ਟਿਕਾਣੇ ਲਗ ਗਿਆ ਹੈ, ਬੈਕੁੰਠ ਵਿਚ ਆ ਟਿਕੇ ਹਾਂ। ਐਸੇ ਵਿਦਵਾਨਾਂ ਦੀ ਅੱਖੀਂ ਡਿਠੀ ਹਾਲਤ; ਆਪ ਕੀਤੀ ਵਾਰਤਾ, ਸਤਿਗੁਰੂ ਜੀ ਦੇ ਮਹਾਨ ਪ੍ਰਭਾਵ ਦੀ ਸੂਚਕ ਹੈ, ਸੁਖੈਨ ਸਮਝਣ ਲਈ ਜੇ ਵੰਡ ਕਰੀਏ ਤਾਂ ਇਉਂ ਵਧੇਰੇ ਤੇ ਸੰਖੇਪ ਨਾਲ ਚੰਗੀ ਸਮਝ ਆ ਜਾਵੇਗੀ:-

ਜਗਜਾਸੂ ਜਿਸ ਨੂੰ ਇਹ ਵਿਚਾਰ ਫੁਰੀ ਹੈ ਕਿ ਵਿਸ਼ਯ ਰਸਾਂ ਦੀ ਪ੍ਰਾਪਤੀ ਲਈ ਮਨ ਦਸੋ ਦਿਸ਼ਾ ਵਿਚ ਭਟਕ ਰਿਹਾ ਹੈ; ਜੋ ਕੁਛ ਰਸ ਮਿਲਦੇ ਹਨ ਓਹ ਹੋਰ ਰਸਾਂ ਦੀ ਭੁਖ ਵਧਾਂਦੇ ਹਨ, ਤੇ ਮਨ ਨੂੰ ਉਨ੍ਹਾਂ ਨੂੰ ਉਨ੍ਹਾਂ ਦੀ ਹੋਰ ਪ੍ਰਾਪਤੀ ਲਈ ਖੇਦਾਂ ਵਿਚ ਪਾਂਦੇ ਹਨ, ਇਹ ਦੁਖ ਸਮਿਆਂ ਤੋਂ ਤੁਰਿਆ ਆਂਵਦਾ ਹੈ, ਇਸ ਦਾ ਦਾਰੂ ਹੈ 'ਅੰਮ੍ਰਿਤ', ਜਿਸ ਨੂੰ ਪੀਕੇ ਮਨ ਰੱਜ ਜਾਵੇ ਤੇ ਤ੍ਰਿਪਤ ਹੋਣ ਕਰਕੇ ਸੁਤੇ ਹੀ ਟਿਕ ਬੈਠੇ। ਓਹ ਅੰਮ੍ਰਿਤ ਸਤਿਗੁਰੂ ਜੀ ਦੇ ਪਾਸ ਹੈ, ਮੁਤਲਾਸ਼ੀ ਨੂੰ ਮਿਲਦਾ ਹੈ। ਓਹ ਸਤਿਗੁਰੂ ਕੌਣ ਹਨ ਜਿਨ੍ਹਾਂ ਦਾ ਪਵਿੱਤਰ ਨਾਮੁ ਆਪ ਕਵੀ ਜੀ ਨੇ ਪਹਿਲੇ ਲਿਖਿਆ ਹੈ? "**ਪਾਇਓ ਗੁਰ ਅਮਰ ਪ੍ਰਗਾਸੁ।**"(ਪਹਿਲਾ ਸਵਯਾ) (ਅੰਮ੍ਰਿਤ ਦਾਤਾ) ਸ੍ਰੀ ਗੁਰੂ ਅਮਰਦਾਸ ਜੀ ਤੋਂ ਅੰਮ੍ਰਿਤ ਪਾਇਆ ਹੈ। (ਅੰਮ੍ਰਿਤ ਦਾ ਪ੍ਰਭਾਵ) ਮਨ ਦੀ ਤ੍ਰਿਪਤੀ ਤੇ ਮਨ ਦਾ ਟਿਕਾਉ। (ਜਿਥੇ ਅੰਮ੍ਰਿਤ ਦਾਤਾ ਟਿਕਦਾ ਹੈ ਉਸ ਥਾਂ ਦਾ ਪ੍ਰਭਾਵ) ਓਹ ਬੈਕੁੰਠ ਧਾਮ ਹੈ, ਓਹ ਸਚੁ ਖੰਡ ਹੈ॥੯॥੧੦॥੨੩॥

| ਮੂਲ | ਅਰਥ |
|---|---|
| **ਸਮਰਥ ਗੁਰੂ ਸਿਰਿ ਹਥੁ ਧਰ੍ਯਉ ॥ ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਯਉ ॥ ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ** | ਸਮਰਥ ਗੁਰੂ (ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ) ਨੇ (ਆਪਦੇ) ਸਿਰ ਪਰ ਹੱਥ ਰਖਿਆ ਹੈ, ਸਤਿਗੁਰੂ ਨੇ ਕ੍ਰਿਪਾ ਕੀਤੀ ਵਾਹਿਗੁਰੂ ਜੀ ਦਾ ਨਾਮ ਬਖਸ਼ਿਆ, ਜਿਨ੍ਹਾਂ (ਦੇ ਚਰਨਾਂ) ਦਾ ਦਰਸ਼ਨ ਕਰਕੇ ਪਾਪ ਦੂਰ ਹੋ ਗਏ। ਜਿਨ੍ਹਾਂ ਦਾ ਰਾਤ ਦਿਨੇ ਲਗਾਤਾਰੀ ਧਿਆਨ (ਵਾਹਿਗੁਰੂ ਜੀ ਵਿਚ) ਲਗ ਰਿਹਾ |

| | |
|---|---|
| ਡਰਉ ॥ ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਹਉ ॥ ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਹਉ ॥੭॥੧੧॥੨੪॥ | ਹੈ; (ਜਿਨ੍ਹਾਂ ਦੇ) ਨਾਮ ਨੂੰ ਸੁਣਕੇ ਜਮਰਾਜ ਡਰ ਗਿਆ ਹੈ। ਆਖਦੇ ਹਨ ਦਾਸ ਕਵੀ ਜੀ ਕਿ ਜਗਤ ਗੁਰੂ ਜੀ ਦੀ ਸ੍ਰੇਸ਼ਟ ਆਸ਼ਾ ਹੈ, ਜਿਨ੍ਹਾਂ ਨੇ ਪਾਰਸ (ਸ੍ਰੀ ਗੁਰੂ ਅਮਰ ਦਾਸ ਜੀ) ਨੇ ਛੁਹਕੇ (ਸ੍ਰੀ ਗੁਰੂ ਰਾਮ ਦਾਸ ਜੀ ਨੂੰ ਭੀ) ਪਾਰਸ ਕਰ ਦਿੱਤਾ ਹੈ। ਸਮਰਥ ਗੁਰੂ (ਸ੍ਰੀ ਗੁਰੂ ਅਮਰਦਾਸ ਸਾਹਿਬ ਜੀ) ਸਿਰ ਪਰ ਹੱਥ ਰਖਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਅਬਿ-ਨਾਸ਼ੀ ਪਦ ਉੱਤੇ ਵਾਹਿਗੁਰੂ ਰੂਪ ਕਰ ਦਿਤਾ ਹੈ॥੭॥੧੧॥੨੪॥ |

**ਪਦਾਰਥ**—ਅਘੰਨ-ਪਾਪ। ਹਰ੍ਹਉ-ਦੂਰ ਹੋ ਗਏ। ਨਿਸਿ-ਰਾਤ। ਬਾਸੁਰ-ਦਿਨ। ਏਕ ਸਮਾਨ-ਲਗਾਤਾਰ। ਧਿਆਨ-ਮਨ ਦਾ ਇਕੋ ਪਾਸੇ ਰੌ। ਸੁਤਭਾਨ-ਸੂਰਜ ਦਾ ਪੁਤ੍ਰ, ਯਮਰਾਜ। ਦਾਸ-ਕਵੀ ਜੀ ਦਾ ਨਾਮ। ਸੁ-ਸ੍ਰੇਸ਼ਟ ਜਾਂ ਕੇਵਲ। ਜਗਤ੍ਰ-ਜਗਤ। ਪਾਰਸੁ-ਇਕ ਪੱਥਰ ਦੀ ਕਿਸਮ, ਜਿਸ ਨਾਲ ਤਾਂਬਾ ਛੁਹਕੇ ਸੋਨਾ ਹੁੰਦਾ ਹੈ। ਭੇਟਿ-ਛੁਹ, ਸਪਰਸ਼, ਮੇਲ। ਪਰਸੁ-ਪਾਰਸ। ਕਰ੍ਹਉ-ਕਰ ਦਿਤਾ। ਕੀਯਉ-ਕੀਤਾ। ਧਰ੍ਹਉ-ਧਰਿਆ।

**ਭਾਵ**—ਸ੍ਰੀ ਗੁਰੂ ਰਾਮਦਾਸ ਜੀ ਨੂੰ ਵਡਿਆਈ ਸ੍ਰੀ ਗੁਰੂ ਅਮਰਦਾਸ ਜੀ ਤੋਂ ਮਿਲੀ ਹੈ; ਵਡਿਆਈ ਦਾਤਾ ਦੀ ਮਹਿਮਾਂ ਦੁਆਰਾ ਦਾਸ ਭੱਟ ਜੀ ਚੌਥੇ ਸਤਿਗੁਰੂ ਜੀ ਦੀ ਮਹਿਮਾਂ ਪ੍ਰਗਟ ਕਰਦੇ ਹਨ:-ਪੂਰਨ ਬਲਵਾਨ ਨੂੰ ਸਮਰਥ ਆਖਦੇ ਹਨ, ਜਿਸ ਤੋਂ ਦੋ ਭਾਵ ਪ੍ਰਤੀਤ ਹੁੰਦੇ ਹਨ। ਇਕ ਤਾਂ ਪੰਜਾਂ ਵਿਕਾਰਾਂ ਨੂੰ ਜੈ ਕਰਨੇ ਵਾਲੇ ਸਤਿਗੁਰੂ ਸਮਰਥ ਹਨ, ਜੈਸਾ ਕਿ ਪਿਛੇ ਦੱਸ ਆਏ ਹਨ। "**ਗੁਰ ਅਮਰਦਾਸ ਸਚੁ ਸਲ੍ਹਭਨਿ ਤੈ ਦਲੁ ਜਿਤਵੁ ਇਵ ਜੁਧੁ ਕਰਿ॥**"(੧੩੯੬) ਕਾਮ ਕ੍ਰੋਧ ਆਦਿਕਾਂ ਨਾਲ ਜੁਧ ਕਰਕੇ ਆਪ ਨੇ ਆਸੁਰੀ ਸੰਪਤਾ ਦੀ ਫੌਜ ਨੂੰ ਜਿੱਤ ਲੀਤਾ ਹੈ। ਦੂਜਾ ਸਮਰਥ ਦਾ ਅਰਥ ਹੈ ਪੂਰਨ ਸ਼ਕਤੀ ਵਾਲਾ, ਜਿਸ ਦਾ ਹੁਕਮ ਗੁਪਤ ਪ੍ਰਗਟ ਸਾਰੇ ਮੰਨਣ, ਸੋ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਵਿਚ "**ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥ ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ॥**"(੧੩੯੪) ਇਹਨਾਂ ਵਚਨਾਂ ਦੇ ਅਨੁਸਾਰ ਸਭ ਸ਼ਕਤੀਆਂ ਆਪ ਦੇ ਅਧੀਨ ਹਨ। ਐਸੇ ਸਮਰਥ ਸਤਿਗੁਰੂ ਜੀ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਿਰ ਪਰ ਹੱਥ ਰਖਿਆ ਹੈ ਅਰ ਸਰਬ ਸੰਗਤਾਂ ਪਰ ਮੇਹਰ ਕਰਕੇ ਨਾਮ ਬਖਸ਼ਿਆ ਹੈ; ਜਿਨ੍ਹਾਂ ਦੇ ਚਰਨਾਂ ਦੇ ਦਰਸ਼ਨ ਕਰਕੇ ਪਾਪ ਦੂਰ ਹੋ ਗਏ ਹਨ। ਫੇਰ ਆਪ ਲਗਾਤਾਰ ਵਾਹਿਗੁਰੂ ਜੀ ਦੇ ਧਿਆਨ ਵਿਚ ਟਿਕੇ ਹੋਏ ਹਨ, ਜਿਨ੍ਹਾਂ ਦਾ ਨਾਮ ਸੁਣਕੇ ਸੂਰਜ ਦਾ ਪੁਤਰ ਯਮਰਾਜ ਡਰ ਗਿਆ ਹੈ।

**ਸਾਖੀ**—ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਸ੍ਰੀ ਗੋਇੰਦਵਾਲ ਨਗਰੀ ਵਿਚ ਨਿਵਾਸ ਰਖਦੇ ਸਨ। ਇਕ ਦਿਨ ਇਕ ਘਰੋਂ ਰੋਣ ਦੀ ਆਵਾਜ਼ ਆਈ, ਦੁਖ ਭਰੀ ਆਵਾਜ਼ ਸੁਣਕੇ ਆਪ ਦਾ ਚਿੱਤ ਪਸੀਜਿਆ। ਇਕ ਸਿਖ ਭੇਜਕੇ ਪਤਾ ਕਰਾਇਆ ਤਾਂ ਪਤਾ ਲੱਗਾ ਕਿ ਇਕ ਮਾਈ ਦਾ ਪੁਤਰ ਚਲਾਣਾ ਕਰ ਗਿਆ ਹੈ। ਆਪ ਇਹ ਗਲ ਸੁਣਕੇ ਐਸੇ ਤੁੱਠੇ ਕਿ ਧਰਮਰਾਜ ਨੂੰ ਹੁਕਮ ਦੇ ਦਿੱਤਾ ਕਿ ਸਾਡੇ ਇਥੇ ਰਹਿੰਦਿਆਂ ਤਕ ਮਾਪਿਆਂ ਦੇ ਦੇਖਦੇ ਕੋਈ ਪੁਤਰ ਨਾ ਮਰੇ। ਸੋ ਇਹੋ ਗਲ ਅਖੀਰ ਤਕ ਪੂਰੀ ਨਿਭੀ, ਸਤਿਗੁਰੂ ਜੀ ਦੇ ਓਥੇ ਬਿਰਾਜਣ ਤਕ ਕਿਸੇ ਦਾ ਪੁਤਰ ਭੀ ਨਹੀਂ ਮੋਇਆ।

ਨਾਮ ਪ੍ਰਭਾਵ ਦੇ ਹੋਣ ਕਰਕੇ ਯਮਰਾਜ ਡਰਿਆ। ਜੋ ਕਰਤਾਰ ਸਿਮਰਨ ਵਿਚ ਲਗ ਗਏ ਉਹ ਜਮ ਤੋਂ ਛੁਟ ਗਏ। ਦਾਸ ਭੱਟ ਜੀ ਆਖਦੇ ਹਨ ਕਿ ਇਹ ਸਤਿਗੁਰੂ ਜੀ ਦੀ ਵਡਿਆਈ ਹੈ ਕਿ ਆਪਣੀ ਆਤਮ ਛੁਹ ਨਾਲ ਆਪਣੇ ਜਿਹਾ ਕਰ ਲੀਤਾ, ਅਰ ਐਸਾ ਬਰਕਤ ਵਾਲਾ ਹੱਥ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਿਰ ਤੇ ਰਖਿਆ ਕਿ ਅਲੂਹੀਅਤ ਦਾ ਅਲਾਂਬਾ ਵਾਹਿਗੁਰੂ ਜੀ ਦਾ ਸ੍ਰੂਪ ਬਣਾ ਦਿਤਾ॥੭॥੧੧॥੨੪॥

| ਮੂਲ | ਅਰਥ |
|---|---|
| **ਅਬ ਰਾਖਹੁ ਦਾਸ ਭਾਟ ਕੀ ਲਾਜ ॥ ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ ॥ ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ ॥ ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ ॥ ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ ॥੮॥੧੨॥੨੫॥** | ਦਾਸ ਭਾਟ ਦੀ ਹੁਣ ਲੱਜਿਆ ਰਖ ਲਓ; ਜੀਕੁਣ ਹਰਿਨਾਖਸ਼ (ਦੈਂਤ) ਨੂੰ ਹੱਥ ਨਵ੍ਹਾਂ ਨਾਲ ਫਾੜਕੇ ਭਗਤ ਪ੍ਰਹਿਲਾਦ ਜੀ ਦੀ ਲੱਜਿਆ ਰਖੀ ਸੀ। ਫੇਰ, ਹੇ ਦੁਖ ਹਰਤਾ ਸੁਆਮੀ ਜੀ! (ਕੈਰਵਾਂ ਨੇ) ਧੱਕੇ ਨਾਲ ਜਦੋਂ ਕਪੜੇ ਖੋਹੇ (ਤਦੋਂ) ਬਹੁਤਾ (ਕਪੜਿਆਂ ਦਾ) ਸਮਾਨ ਦੇਕੇ ਦ੍ਰੋਪਤੀ ਦੀ ਲਜਾ ਰਖੀ ਸੀ। (ਆਪ ਨੇ ਹੀ) ਸੁਦਾਮੇ ਨੂੰ ਅਪਦਾ ਤੋਂ ਰਖ ਲਿਆ (ਤੇ ਤੋਤੇ ਨਾਲ ਰਲਕੇ ਰਾਮ ਰਾਮ) ਪੜ੍ਹਦਿਆਂ ਉਸ ਗਨਕਾ ਦੇ ਕਾਰਜ ਪੂਰੇ ਕਰ ਦਿਤੇ। ਹੇ ਸੁਹਣੇ ਸਤਿਗੁਰੂ ਜੀਓ! ਹੁਣ ਕਲਿਜੁਗ ਵਿਚ ਆਪ ਤ੍ਰੁੱਠ ਕੇ ਦਾਸ ਭਟ ਦੀ ਲਜਾ ਰਖ ਲਓ॥੮॥੧੨॥੨੫॥ |

**ਪਦਾਰਥ**—ਕਰਆਜ-ਹਥ ਦੇ ਨਹੁੰ। ਛੀਨਤ-ਖੋਂਹਦਿਆਂ, ਉਤਾਰਦਿਆਂ। ਸਾਜ-ਸਮਾਨ। ਤਿਹ-ਤਿਸਦੇ। ਕਾਜ-ਕਾਰਜ। ਲਾਜ-ਪਤ, ਸ਼ਰਮ, ਲੱਜਿਆ।

**ਭਾਵ**—ਦਾਸ ਭਟ ਜੀ ਸਤਿਗੁਰੂ ਜੀ ਦੇ "**ਪ੍ਰਭ ਕੋ ਭਗਤਿ ਵਛਲੁ ਬਿਰਦਾਇਓ।**"(੪੯੮) ਭਗਤ ਰਖਜਕ, ਜਨ ਸੁਖਦਾਇਕ, ਸ਼ਰਨਾਗਤ ਦੁਖ ਹਰਨ, ਸੁਭਾਵ ਨੂੰ ਮੁੱਖ ਰਖਕੇ ਅਰਦਾਸ ਕਰਦੇ ਹਨ: ਹੇ ਸਤਿਗੁਰੂ ਜੀਓ! ਮੇਰੀ ਲੱਜਾ ਰਖ ਲਓ ਜਿਸ ਤਰ੍ਹਾਂ ਭਗਤ ਪ੍ਰਹਿਲਾਦ, ਦ੍ਰੋਪਤੀ ਆਦਿ ਦੀ ਲੱਜਾ ਰਖੀ ਸੀ।

**ਕਥਾ**—ਪਿਛਲੇ ਸਮੇਂ ਹਰਨਾਖਸ਼ ਨਾਮ ਵਾਲੇ ਰਾਜੇ ਨੇ ਆਪਣੇ ਪੁਤਰ ਪ੍ਰਹਿਲਾਦ ਜੀ ਨੂੰ ਭਗਤੀ ਕਰਨੋਂ ਰੋਕਿਆ, ਪਰ ਆਪਣੀ ਧੁਨਿ ਦੇ ਪੱਕੇ ਪ੍ਰਹਿਲਾਦ ਜੀ ਨਾ ਰੁਕੇ, ਇਸ ਲਈ ਹਰਨਾਖਸ਼ ਨੇ ਉਹਨਾਂ ਨੂੰ ਅਗਨ ਵਿਚ ਸੁਟਿਆ, ਪਾਣੀ ਵਿਚ ਡੋਬਿਆ, ਹਾਥੀ ਅਗੇ ਸੁੱਟਿਆ, ਪਹਾੜ ਤੋਂ ਧੱਕਾ ਦੇਕੇ ਡੇਗਿਆ, ਪਰ ਹਰ ਥਾਵੇਂ ਭਗਤ ਪ੍ਰਹਿਲਾਦ ਜੀ ਦੀ ਵਾਹਿਗੁਰੂ ਨੇ ਰਖਜਾ ਕੀਤੀ। ਇਸ ਪਰ ਹਰਨਾਖਸ਼ ਨੂੰ ਅਪਣੇ ਦੈਂਤ ਸੁਭਾਵ ਹੋਣ ਦੇ ਕਾਰਨ ਸਮਝ ਨਾ ਆਈ ਅਰ ਬਦੀ ਦਾ ਫਲ ਭੋਗਨ ਲਈ ਆਪ ਹੀ ਤਲਵਾਰ ਫੜ ਕੇ ਭਗਤ ਜੀ ਨੂੰ ਮਾਰਨ ਲੱਗਾ, ਤਾਂ ਕਰਤਾਰ ਨੇ ਐਸੀ ਕਲਾ ਵਰ-ਤਾਂਈ ਜੋ ਨਰਸਿੰਘ ਜੀ ਪ੍ਰਗਟ ਹੋਏ। ਆਪ ਨੇ ਨਵ੍ਹਾਂ ਨਾਲ ਹਰਨਾਖਸ਼ ਦਾ ਪੇਟ ਫਾੜ ਦਿੱਤਾ ਤੇ ਪ੍ਰਹਿਲਾਦ ਭਗਤ ਦੀ ਪੈਜ ਰੱਖ ਲਈ। ਸਚੁ ਹੈ "**ਜਿਸੁ ਰਾਖੈ ਤਿਸੁ ਕੋਇ ਨ ਮਾਰੈ॥**"(੨੯੨)

**ਦ੍ਰੋਪਤੀ ਜੀ**—ਪਿਛਲੇ ਸਮੇਂ ਕੈਰਵ ਤੇ ਪਾਂਡਵ ਮਸ਼ਹੂਰ ਹੋਏ ਹਨ, ਕੁਰੂ ਰਾਜਾ ਤੋਂ ਕੈਰਵ

ਤੇ ਪਾਂਡੂ ਰਾਜਾ ਤੋਂ ਪਾਂਡਵ ਹੋਏ। ਰਾਜਾ ਧ੍ਰਿਤਰਾਸ਼ਟਰ ਦੇ ਪੁਤਰ ਦਰਯੋਧਨ ਆਦਿਕ ਕੈਰਵ ਕਹਿਲਾਏ ਤੇ ਪਾਂਡੂ ਰਾਜਾ ਦੇ ਯੁਧਿਸ਼ਟਰ ਆਦਿਕ ਪਾਂਡਵ ਕਹਿਲਾਏ, ਇਹਨਾਂ ਦੋਹਾਂ ਨੇ ਮਿਲਕੇ ਜੂਆ ਖੇਡਿਆ। ਕੈਰਵ ਜਿੱਤ ਗਏ, ਕਿਸੇ ਪਿਛਲੇ ਰੋਸ ਦੇ ਕਾਰਨ ਕੈਰਵਾਂ ਨੇ ਰਾਜਾ ਯੁਧਿਸ਼ਟਰ ਜੀ ਦੀ ਸੁਪਤਨੀ ਸ੍ਰੀ ਦ੍ਰੋਪਤੀ ਜੀ ਨੂੰ ਸਭਾ ਵਿਚ ਨੰਗੇ ਕਰਨ ਲਈ ਫੜ ਲਿਆਂਦਾ। ਦ੍ਰੋਪਤੀ ਜੀ ਨੇ ਅੱਖਾਂ ਮੀਟ ਕੇ ਈਸ਼੍ਵਰ ਦੀ ਆਰਾਧਨਾ ਕੀਤੀ। ਇਹਂ ਅਰਦਾਸ ਸਾਂਈ ਦਰ ਪਰਵਾਨ ਹੋਈ; ਦ੍ਰੋਪਤੀ ਜੀ ਦੇ ਸਰੀਰ ਤੋਂ ਬਸਤਰ ਹੀ ਨਾਂ ਨਿਖੁੱਟਣ, ਉਤਾਰਨ ਵਾਲੇ ਥੱਕ ਗਏ। ਆਖਰ ਸ਼ਰਮਿੰਦੇ ਹੋਕੇ ਦ੍ਰੋਪਤੀ ਜੀ ਨੂੰ ਛੱਡ ਦਿੱਤਾ। ਦ੍ਰੋਪਤੀ ਜੀ ਦੀ ਪੈਜ ਸਾਂਈਂ ਨੇ ਰੱਖ ਲਈ।

**ਸੁਦਾਮਾ ਜੀ**—ਇਹ ਬ੍ਰਾਹਮਣ ਜਾਤੀ ਵਿਚ ਹੋਏ ਹਨ। ਨਿਰਧਨਤਾ ਦੇ ਕਾਰਨ ਵੱਡੀ ਵਿਪਤਾ ਵਿਚ ਸਨ। ਆਪਣੀ ਸੁਪੱਤਨੀ ਦੇ ਕਹੇ ਪਰ ਸ੍ਰੀ ਕ੍ਰਿਸ਼ਨ ਜੀ ਦੇ ਪਾਸ ਗਏ; ਚਾਵਲ ਅੱਗੇ ਰੱਖ ਕੇ ਅਸ਼ੀਰਵਾਦ ਦਿੱਤੀ, ਇਹਨਾਂ ਪੁਰ ਦਿਆਲ ਹੋਕੇ ਸ੍ਰੀ ਕ੍ਰਿਸ਼ਨ ਜੀ ਨੇ ਮਾਲੋ ਮਾਲ ਕਰ ਦਿੱਤਾ।

**ਗਨਕਾ**—ਇਸ ਦੇ ਘਰ ਇਕ ਵਾਰਾਂ ਅਚਾਨਕ ਇਕ ਮਹਾਂਪੁਰਖ ਚਲੇ ਗਏ। ਪਾਪ ਕਰਮਣੀ ਤੱਕਕੇ ਸੰਤਾਂ ਨੂੰ ਦਯਾ ਆਈ, ਉਹਨਾਂ ਨੇ ਰਾਮ ਰਾਮ ਬੋਲਣ ਸਿਖਿਆ ਹੋਇਆ ਇਕ ਤੋਤਾ ਦਿੱਤਾ ਤੇ ਹੁਕਮ ਕੀਤਾ ਕਿ ਇਸ ਤੋਤੇ ਨਾਲ ਰਲ ਕੇ ਸਵੇਰੇ ਨਾਮ ਜਪਿਆ ਕਰ। ਨਾਮ ਦੇ ਪ੍ਰਭਾਵ ਨਾਲ ਗਨਕਾ ਦੀ ਰੁਚੀ ਪਾਪਾਂ ਤੋਂ ਉਲਟ ਗਈ, ਸਿਮਰਨ ਦੇ ਪਰਤਾਪ ਨਾਲ ਪਿਛਲੇ ਪਾਪ ਧੋਤੇ ਗਏ, ਸਿਮਰਨ ਰੱਤੀ, ਸਾਂਈਂ ਦਰ ਪਰਵਾਨ ਹੋ ਗਈ ਤੇ ਮੋਖ ਰੂਪ ਮਹਾਨ ਕਾਰਜ ਇਸਦਾ ਪੂਰਨ ਹੋ ਗਿਆ।

ਦਾਸ ਭਟ ਜੀ ਬਿਨੈ ਕਰਦੇ ਹਨ, ਹੇ ਸਤਿਗੁਰੂ ਸੱਚੇ ਪਾਤਸ਼ਾਹ ਜੀ! ਜੀਕੁਣ ਭਗਤ ਵਤਸਲ ਹੋਕੇ ਭਗਤ ਪ੍ਰਹਿਲਾਦ ਨੂੰ ਰੱਖਿਆ, ਜੀਕੁਣ 'ਪੈਜ ਰੱਖਣ' ਵਾਲੇ ਬਿਰਦ ਦੇ ਸਦਕੇ ਦ੍ਰੋਪਤੀ ਦੀ ਪੈਜ ਰੱਖੀ, ਜੀਕੁਣ 'ਅਪਦਾ ਹਰਨ' ਵਾਲੇ ਸੁਭਾਵ ਨਾਲ ਸੁਦਾਮਾਂ ਜੀ ਦੀ ਅਪਦਾ ਦੂਰ ਕੀਤੀ। ਜੀਕੁਣ 'ਪਤਿਤ ਪਾਵਨ' ਨਾਮ ਦੇ ਸਦਕੇ ਗਨਕਾ ਜੀ ਨੂੰ ਕ੍ਰਿਤਾਰਥ ਕੀਤਾ, ਤਿਵੇਂ ਹੀ 'ਡ੍ਰੁੱਠਣਹਾਰ' ਬਿਰਦ ਦੇ ਸਦਕੇ ਦਾਸ ਭਟ ਦੀ ਲਜਾ ਰੱਖ ਲਓ, ਅਰਥਾਤ ਨਾਮ ਅੰਮ੍ਰਿਤ ਦਾ ਦਾਨ ਦੇਕੇ ਪੰਜਾਂ ਦੇ ਪੰਜੇ ਤੋਂ ਛੁਡਾਕੇ ਆਪਣੀ ਚਰਨ ਸ਼ਰਨ ਸਮਾ ਲਓ॥੮॥੧੨॥੨੫॥

| ਮੂਲ | ਅਰਥ |
|---|---|
| **ਝੋਲਨਾ ॥ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥ ਸਬਦੁ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀ- ਅਹੁ ॥ ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯ਼ਾਨੀਅਹੁ ॥ ਬਚਨ ਗੁਰ ਰਿਦਿ ਧਰਹੁ ਪੰਚਭੂ ਬਸਿ ਕਰਹੁ ਜਨਮੁ ਕੁਲ ਉਧਰਹੁ** | ਹੇ ਮਨੁੱਖੋ! ਲਗਾਤਾਰ ਗੁਰੂ ਗੁਰੂ ਜਪਹੁ। (ਗੁਰੂ ਦੇ) ਸ਼ਬਦ (ਦੁਆਰਾ ਜੋ) ਹਰਿ ਹਰਿ ਨੂੰ ਜਪੇ ਤੇ ਨਾਮ ਨੂੰ ਨੌਨਿਧੀ ਰੂਪ ਕਰਕੇ ਧਾਰਨ ਕਰੇ (ਉਸ ਦੀ) ਰਸਨਾ ਪਰ ਰਾਤ ਦਿਨੇ ਨਾਮ ਰਸੁ ਆਕੇ ਟਿਕੇਗਾ, (ਇਹ ਗਲ) 'ਸਤ' ਕਰ ਜਾਨਣਾਂ। ਗੁਰੂ ਦੁਆਰੇ ਹੋਕੇ ਸਿਮਰੀਏ ਤਾਂ ਹੀ ਫਿਰ ਪ੍ਰੇਮ ਦਾ ਰੰਗ ਪਾਈਦਾ ਹੈ, ਹੇ ਬੁਧਿਵਾਨੋ! (ਪਰਮਾਰਥ ਲਈ) ਹੋਰ ਰਾਹਛਡੋ ਤੇ ਹਰੀ ਦਾ ਸਿਮਰਨ ਕਰੋ। ਮਨ ਨੂੰ ਵੱਸ ਕਰੋ ਤੇ ਗੁਰਾਂ ਦੇ ਵਚਨਾਂ ਨੂੰ ਰਿਦੇ ਵਿਚ ਟਿਕਾਓ, (ਐਉਂ ਜਿਸ) ਕੁਲ (ਵਿਚ) ਜੰਮੇ ਹੋ (ਉਸ ਕੁਲ ਨੂੰ ਭੀ) ਤਾਰੋਗੇ (ਤੇ ਆਪ ਭੀ) ਹਰੀ ਦੇ ਦੁਆਰੇ ਇੱਜ਼ਤ |

**ਦ੍ਵਾਰਿ ਹਰਿ ਮਾਨੀਅਹੁ ॥ ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥੧॥੧੩॥੨੬॥**

ਪਾਓਗੇ। ਹੇ ਮਨੁੱਖੋ! ਇਸ ਸੰਸਾਰ ਤੋਂ ਪ੍ਰਲੋਕ ਦੇ ਜੇ ਸਾਰੇ ਸੁਖ ਚਾਹੁੰਦੇ ਹੋ ਤਾਂ ਲਗਾਤਾਰ ਗੁਰੂ ਗੁਰੂ ਗੁਰੂ ਗੁਰੂ ਗੁਰੂ ਜਪੋ॥੧॥੧੩॥੨੬॥

**ਪਦਾਰਥ**—ਝੋਲਨਾ-ਇਕ ਛੰਦ ਹੈ। ਪ੍ਰਾਨੀਅਹੁ-ਹੇ ਪ੍ਰਾਨਧਾਰੀ ਮਨੁਖੋ! ਅਪੈ-ਧਾਰਨ ਕਰੇ, ਅਰਪਨ ਤੋਂ। ਅਪੈ-ਦੇਂਦੇ ਹਨ। ਰਸੈ-ਉਚਾਰੇ ਜਾਂ ਖਚਤ ਹੋਵੇ। ਰੰਗ-ਰੰਗ ਜਾਂ ਆਨੰਦ। ਅੰਨ-ਹੋਰ। ਮਾਰਗ-ਰਾਹ, ਰਸਤਾ। ਤਜਹੁ-ਛਡੋ। ਗ੍ਯਾਨੀਅਹੁ-ਹੇ ਬੁਧਿਵਾਨੋ। ਪੰਚਭੂ-ਮਨ। ਉਧਰਉ-ਤਰੋਗੇ। ਮਾਨੀਅਹੁ-ਸਤਿਕਾਰੇ ਜਾਓਗੇ, ਇੱਜ਼ਤ ਪਾਓਗੇ। ਜਉ-ਜੇਕਰ। ਤ-ਤਾਂ। ਇਤ-ਇਸ ਸੰਸਾਰ ਵਿਚ। ਉਤ-ਪ੍ਰਲੋਕ। ਬੰਛਵਹੁ-ਚਾਹੁੰਦੇ ਹੋ।

## {ਸਤਿ ਉਪਦੇਸ਼}

**ਭਾਵ**—ਪ੍ਰਾਣਧਾਰੀ ਨੂੰ ਪ੍ਰਾਣੀ ਆਖਦੇ ਹਨ, ਪ੍ਰਾਣੀ ਦਾ ਬਹੁ-ਵਚਨ ਪ੍ਰਾਣੀਅਹੁ ਹੈ। ਭਾਵੇਂ ਹੈਵਾਨ ਭੀ ਪ੍ਰਾਣਧਾਰੀ ਹਨ, ਪਰ ਉਹਨਾਂ ਨੂੰ ਉਪਦੇਸ਼ ਕਰਨਾ ਇਸ ਬੋਲੀ ਵਿਚ ਹੋ ਨਹੀਂ ਸਕਦਾ, ਇਸ ਲਈ ਇਥੇ ਮਨੁਸ਼ ਮਾਤ੍ਰ ਨੂੰ ਪ੍ਰਾਣ ਧਾਰੀ ਕਿਹਾ ਗਿਆ ਹੈ। ਅਰਥਾਤ ਜਾਤੀ, ਵਰਨ, ਊਚ ਨੀਚ ਦਾ ਭੇਦ ਨਹੀਂ, ਕੇਵਲ ਪ੍ਰਾਣੀ ਮਾਤ੍ਰ ਪ੍ਰਤੀ ਇਹ ਉਪਦੇਸ਼ ਹੈ ਕਿ ਗੁਰੂ ਗੁਰੂ ਦਾ ਲਗਾਤਾਰ ਜਾਪ ਕਰੋ। ਪੰਜ ਵਾਰਾਂ ਗੁਰੂ ਗੁਰੂ ਕਹਿਣ ਤੋਂ ਲਗਾਤਾਰ ਜਾਂ ਤਾਕੀਦ ਦਾ ਭਾਵ ਹੈ। ਅਥਵਾ ਪ੍ਰਾਣ ਪੰਜ ਮੁੱਖ ਹਨ ਤੇ ਇਥੇ ਪ੍ਰਾਨੀਅਹੁ ਕਿਹਾ ਹੈ, ਇਸ ਲਈ ਪੰਜ ਪ੍ਰਾਣਾਂ ਨਾਲ ਗੁਰੂ ਜਪੋ। ਇਉਂ ਭੀ ਪ੍ਰਤੀਤ ਹੁੰਦਾ ਹੈ ਗਜਾਨੀ ਲੋਕ ਪੰਜ ਗੁਰੂ ਪਦਾਂ ਨਾਲ ਛੇਵਾਂ ਗੁਰੂ ਪਦ ਰਲਾਕੇ ਮਨ ਬਾਣੀ ਸਰੀਰ ਤੇ ਤਿੰਨੇ ਕਾਲ ਗੁਰੂ ਗੁਰੂ ਜਪੋ ਜਾਂ ਵਾਹਿਗੁਰੂ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅਮਰ ਦਾਸ ਜੀ, ਸ੍ਰੀ ਗੁਰੂ ਰਾਮਦਾਸ ਸਾਹਿਬ ਪੰਜੇ ਇਉਂ ਭੀ ਅਰਥ ਕਰਦੇ ਹਨ। ਇਹ ਸਵੱਯੇ ਚੌਥੇ ਪਾਤਸ਼ਾਹ ਜੀ ਦੀ ਮਹਿਮਾਂ ਵਿਚ ਹਨ। ਹੋਰ ਪ੍ਰਾਣੀ ਮਨ ਆਦਿ ਅਰਥ ਕਰਕੇ ਕਈ ਖਿੱਚਾਂ ਬੀ ਕਰਦੇ ਹਨ। ਗੁਰ ਉਪਦੇਸ਼ ਦਵਾਰਾ ਵਾਹਿਗੁਰੂ ਨੂੰ ਜਪੋ ਤੇ ਨਾਮ ਨੂੰ ਨਵ ਨਿਧੀ ਰੂਪ ਕਰ ਧਾਰਨ ਕਰੋ ਅਰਥਾਤ ਨਾਮ ਬਰਕਤ ਵਾਲੀ ਵਸਤੂ ਹੈ, ਇਸ ਗਲ ਪਰ ਦ੍ਰਿੜ ਵਿਸ਼ਵਾਸ ਕੀਤਿਆਂ ਰਸਨਾਂ ਲਗਾਤਾਰ ਨਾਮ ਰਸ ਵਿਚ ਖਚਿਤ ਹੋ ਜਾਂਦੀ ਹੈ। ਕਵੀ ਜੀ ਆਖੀਦੇ ਹਨ ਇਹ ਸਤਿ ਕਰ ਜਾਣੋ, ਆਪ ਬੀਤੀ ਗਲ ਹੈ। ਗੁਰੂਦਵਾਰੇ ਸਿਮਰਨ ਕਰਕੇ ਹੀ ਪ੍ਰੇਮ ਦੀ ਉਹ ਹਾਲਤ ਉਪਜਦੀ ਹੈ, ਜਿਸ ਨੂੰ 'ਰੰਗ' ਕਿਹਾ ਜਾ ਸਕਦਾ ਹੈ, ਜਿਸ ਰੰਗ ਨਾਲ ਜੀਵ ਅੰਦਰੋਂ ਬਾਹਰੋਂ ਰੰਗਿਆ ਜਾਂਦਾ ਹੈ। ਗਜਾਨੀ ਰੰਗ ਦਾ ਅਰਥ ਆਨੰਦ ਭੀ ਕਰਦੇ ਹਨ। ਇਸ ਲਈ ਹੋਰ ਜਪ, ਤਪ, ਬਰਤ ਆਦਿ ਜੋ ਪਰਮਾਰਥ ਲਈ ਰਸਤੇ ਪਰਚੱਲਤ ਹਨ ਜਾਂ ਦਵੈਤ ਦੇ ਰਸਤੇ ਹਨ ਇਹ ਛਡੋ ਤੇ ਹਰੀ ਦਾ ਸਿਮਰਨ ਕਰੋ। ਪੰਜਾਂ ਤੱਤਾਂ ਦਾ ਸਤੋਅੰਸ਼ ਤੋਂ ਜੋ ਬਣਿਆ ਹੈ ਮਨ, ਇਸ ਨੂੰ ਪੰਚ ਭੂ ਆਖਦੇ ਹਨ। ਯਥਾ-"**ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ।**"(੨੯੯) ਮਨ ਨੂੰ ਨਾਮ ਰਸ ਨਾਲ ਤ੍ਰਿਪਤ ਕਰੋ। ਸੋ ਇਸ ਮਨ ਨੂੰ ਵਸ ਕਰੋ ਜੀਕੁਣ ਇਹ ਵਸ ਹੋਵੇ। ਆਖਦੇ ਹਨ ਗੁਰੂ ਦੇ ਵਚਨਾਂ ਨੂੰ ਰਿਦੇ ਵਿਚ ਧਾਰੋ। ਗੁਰਬਾਣੀ ਤੇ ਨਾਮ ਇਹ ਗੁਰਬਚਨ ਹਨ, ਇਨ੍ਹਾਂ ਦੇ ਹਿਰਦੈ ਵਿਚ ਟਿਕਣ ਨਾਲ ਮਨ ਟਿਕ ਜਾਂਦਾ ਹੈ। ਇਸ ਦਾ ਫਲ ਇਹ ਹੋਵੇਗਾ ਕਿ ਆਪਣੀ ਕੁਲ ਨੂੰ ਭੀ ਕ੍ਰਿਤਾਰਥ ਕਰੋਗੇ ਤੇ ਸਾਂਈਂ-ਦਰ ਆਪ ਭੀ ਪ੍ਰਵਾਨ

ਹੋਵੋਗੇ। ਫੇਰ ਸੁਚੇਤ ਕਰਕੇ ਆਖਦੇ ਹਨ ਕਿ ਹੇ ਮਨੁੱਖੋ! ਜੇ ਦੀਨ ਦੁਨੀ ਦੇ ਸੁਖ ਚਾਹੁੰਦੇ ਹੋ ਤਾਂ ਲਗਾਤਾਰ, ਸੁਆਸ ਸੁਆਸ ਗੁਰੂ ਗੁਰੂ ਜਪੋ॥੧॥੧੩॥੨੬॥

| ਮੂਲ | ਅਰਥ |
|---|---|
| **ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪਿ ਸਤਿ ਕਰਿ ॥ ਅਗਮ ਗੁਨ ਜਾਨੁ ਨਿਧਾਨੁ ਹਰਿ ਮਨਿ ਧਰਹੁ ਧ੍ਯਾਨੁ ਅਹਿਨਿਸਿ ਕਰਹੁ ਬਚਨ ਗੁਰ ਰਿਦੈ ਧਰਿ ॥ ਫੁਨਿ ਗੁਰੂ ਜਲ ਬਿਮਲ ਅਥਾਹ ਮਜਨੁ ਕਰਹੁ ਸੰਤ ਗੁਰਸਿਖ ਤਰਹੁ ਨਾਮ ਸਚ ਰੰਗ ਸਰਿ ॥ ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ ਪ੍ਰੇਮ ਗੁਰ ਸਬਦ ਰਸਿ ਕਰਤ ਦ੍ਰਿੜੁ ਭਗਤਿ ਹਰਿ ॥ ਮੁਗਧ ਮਨ ਭ੍ਰਮੁ ਤਜਹੁ ਨਾਮੁ ਗੁਰਮੁਖਿ ਭਜਹੁ ਗੁਰੂ ਗੁਰ ਗੁਰੁ ਗੁਰੂ ਜਪੁ ਸਤਿ ਕਰਿ ॥੨॥੧੪॥੨੭॥** | (ਅੰਤਲੀ ਤੁਕ ਦਾ ਅਰਥ ਪਹਿਲੇ) ਹੇ ਮੂਰਖ ਮਨ ਸੰਸੇ ਛੱਡ ਤੇ ਗੁਰਮੁਖ ਹੋਕੇ ਨਾਮ ਸਿਮਰ, ਨਿਸ਼ਚਾ ਧਾਰਕੇ ਗੁਰੂ ਗੁਰੂ ਗੁਰ ਗੁਰੂ ਗੁਰੁ ਦਾ ਲਗਾਤਾਰ ਜਪ ਕਰ। ਮਨ ਦੀ ਪਹੁੰਚ ਤੋਂ ਪਰੇ ਜੋ ਹਰੀ ਦਾ (ਸ੍ਰੂਪ ਹੈ) ਗੁਣਾਂ ਦਾ ਖਜ਼ਾਨਾ ਜਾਣ ਕੇ ਮਨ ਦੇ ਵਿਚ ਦਿਨੇ ਰਾਤ (ਉਸ ਦਾ) ਧਿਆਨ ਧਾਰਨ ਕਰ ਤੇ ਗੁਰੂ ਦੇ ਬਚਨਾਂ ਨੂੰ ਰਿਦੇ ਵਿਚ ਰਖ (ਅਰਥਾਤ ਨਾਮ ਦਾ ਦਿਲ ਲਾਕੇ ਸਿਮਰਨ ਕਰ) ਫੇਰ ਹੇ ਗੁਰਸਿਖੋ, ਹੇ ਸੰਤ ਜਨੋਂ! ਗੁਰੂ ਸਤਿਨਾਮ ਰੂਪੀ ਜਲ ਦਾ ਨਿਰਮਲ ਤੇ ਅਥਾਹ ਤਲਾ ਹੈ (ਤਿਸ ਵਿਚ) ਪ੍ਰੇਮ ਨਾਲ ਇਸ਼ਨਾਨ ਕਰੋਗੇ ਤਾਂ ਤਰ ਜਾਓਗੇ। ਨਿਰਵੈਰੁ, ਨਿਰੰਕਾਰ, ਨਿਰਭਉ ਵਾਹਿਗੁਰੂ ਜੀ ਨੂੰ ਪ੍ਰੇਮ ਕਰਕੇ ਗੁਰ ਸ਼ਬਦ ਦਵਾਰਾ ਸਦਾ ਜਪੋ ਤਾਂ ਹਰਿ ਭਗਤੀ ਦਾ ਰਸ ਦ੍ਰਿੜ੍ਹ ਹੋ ਜਾਂਦਾ ਹੈ॥੨॥੧੪॥੨੭॥ |

**ਪਦਾਰਥ**—ਸਤਿ-ਤ੍ਰੈ ਕਾਲ ਅਬਿਨਾਸ਼ੀ ਜਾਂ ਨਿਸ਼ਚੇ ਕਰਕੇ। ਅਗਮ-ਮਨ ਦੀ ਪਹੁੰਚ ਤੋਂ ਉੱਚਾ। ਅਹਿ-ਦਿਨ। ਨਿਸਿ-ਰਾਤ। ਬਿਮਲ-ਮੈਲ ਤੋਂ ਬਿਨਾਂ, ਸਾਫ਼, ਸ਼ੁਧ। ਮਜਨੁ-ਇਸ਼ਨਾਨ। ਮੁਗਧ-ਮੂਰਖ। ਭ੍ਰਮ-ਸੰਸਾ। ਤਜਹੁ-ਛਡਹੁ।

**ਭਾਵ**—ਪਿਛੇ ਕਿਹਾ ਸੀ ਕਿ ਸੁਆਸ ਸੁਆਸ ਨਾਮ ਜਪੋ, ਪਰ ਜਪਦਿਆਂ ਸੰਸੇ ਫੁਰਦੇ ਹਨ, ਮਨ ਟਿਕਦਾ ਨਹੀਂ, ਮਾਇਆ ਦੀ ਮਲ ਮਨ ਨੂੰ ਮਲੀਨ ਕਰਦੀ ਹੈ। ਜੇ ਕਿਸੇ ਤਰ੍ਹਾਂ ਜਤਨ ਕਰਕੇ ਲੱਗੇ ਭੀ ਰਹੀਏ ਤਾਂ ਨਾਮ ਦਾ ਰਸ ਲਗਾਤਾਰ ਟਿਕਦਾ ਨਹੀਂ, ਉਹ ਆਇਆ ਤੇ ਉਹ ਗਿਆ। ਬਿਜਲੀ ਵਾਂਗ ਚਮਕਿਆ ਮਨ ਨੂੰ ਮੋਹਿਆ ਤੇ ਫੇਰ ਲੋਪ ਹੋ ਗਿਆ। ਇਹੋ ਜੇਹੀਆਂ ਹਾਲਤਾਂ ਲਗਾ-ਤਾਰ ਸਿਮਰਨ ਵਿਚ ਟਿਕਣ ਨਹੀਂ ਦੇਂਦੀਆਂ। ਇਸ ਤਰ੍ਹਾਂ ਡਾਵਾਂ ਡੋਲ ਹੋਕੇ ਜਗਜਾਸੂ ਨੂੰ ਆਪਣੇ ਮਨ ਪਰਥਾਇ ਆਖਕੇ ਕਵੀ ਜੀ ਸੁਮੱਤ ਦੇਂਦੇ ਹਨ:-ਹੇ ਮੂਰਖ ਮਨ! ਸੰਸੇ ਛੱਡਕੇ ਨਿਸਚੇ ਨਾਲ ਗੁਰੂ ਗੁਰੂ ਲਗਾਤਾਰ ਜਪ। ਮਨ ਠੀਕ ਚੰਚਲ ਹੈ, ਇਸ ਦੇ ਟਿਕਾਉਣ ਲਈ "**ਗੁਰ ਮੂਰਤਿ ਸਿਉ ਲਾਇ ਧਿਆਨ॥**"(੧੯੨) ਸਤਿਗੁਰੂ ਦੇ ਸਰੂਪ ਦਾ ਧਿਆਨ ਕਰ। ਇਸ ਤੁਕ ਦਾ ਅਨ੍ਹੈ ਕਰਕੇ ਇਉਂ ਭੀ ਅਰਥ ਬਣਦਾ ਹੈ, "**ਗੁਣ ਨਿਧਾਨ ਅਗਮ ਹਰੀ ਜਾਨ**" ਗੁਣ ਨਿਧਾਨ ਭਾਵ ਗੁਰੂ ਹਨ, ਸੋ ਗੁਰੂ ਜੀ ਨੂੰ ਅਗੰਮ ਹਰੀ ਜਾਣ। ਸਿਫਤ ਸਲਾਹ ਦੇ ਕਰਤਾ ਰਾਗੀ ਲੋਕ ਹੁਣ ਤਕ ਕੀਰਤਨ ਦੇ ਆਰੰਭ ਵਿਚ "**ਆਨੰਦ ਗੁਣ ਨਿਧਾਨ ਗੁਰੂ ਗਰੀਬ ਨਿਵਾਜ**" ਇਉਂ ਕਹਿ ਕੇ ਪਿਛੋਂ ਸ਼ਬਦ ਦਾ ਆਰੰਭ ਕਰਦੇ ਹਨ। ਪ੍ਰਕਰਣ ਇਹ ਹੈ ਕਿ ਮਨ ਦੇ ਟਿਕਾਉਣ ਦਾ ਸਾਧਨ ਧਿਆਨ ਹੈ, ਓਹ ਧਿਆਨ ਦੋ ਤਰ੍ਹਾਂ ਦਾ ਹੈ, ਸਰਗੁਣ ਤੇ ਨਿਰਗੁਣ। ਨਿਰਗੁਣ ਧਿਆਨ ਨਿਰੰਕਾਰ ਵਾਹਿਗੁਰੂ ਜੀ ਦਾ ਹੈ। ਸਰਗੁਣ ਧਿਆਨ ਸਤਿਗੁਰੂ ਜੀ ਦੇ ਸਰੂਪ ਦਾ ਹੈ। ਨਿਰਗੁਣ ਵਾਹਿਗੁਰੂ ਤੇ ਸਰਗੁਣ ਸਤਿਗੁਰੂ ਇਕ ਰੂਪ ਹਨ। ਯਥਾ-

**"ਗੁਰ ਪਰਮੇਸਰੁ ਏਕੋ ਜਾਣੁ।"**(੮੬੪) ਵਾਹਿਗੁਰੂ ਅਗੀਮ ਹੈ, ਮਨ ਦੀ ਪਹੁੰਚ ਤੋਂ ਪਰੇ ਹੈ, ਉਸਦਾ ਧਿਆਨ ਧਰਨਾ ਕਠਨ ਹੈ। ਇਸ ਲਈ ਸਰਗੁਨ ਧਿਆਨ ਧਰਨ ਲਈ ਕਵੀ ਜੀ ਆਖਦੇ ਹਨ ਕਿ ਗੁਣ ਨਿਧਾਨ ਗੁਰੂ ਦਾ ਧਿਆਨ ਧਰੋ, ਸੰਸੇ ਤੇ ਮਾਇਆ ਦੀ ਮੈਲ ਹਰਨ ਲਈ ਪਵਿਤ੍ਰ ਜਲ ਦੇ ਅਥਾਹ ਸਰੋਵਰ ਸਤਿਗੁਰੂ ਜੀ ਵਿਚ ਇਸ਼ਨਾਨ ਕਰੋ। ਇਸ ਤੁਕ ਦਾ ਅਰਥ ਇਉਂ ਭੀ ਜਾਪਦਾ ਹੈ:-ਗੁਰੂ ਸਰੋਵਰ ਹੈ, ਕਿਸ ਦਾ? ਸਤਿਨਾਮ ਜਲ ਦਾ। ਇਹ ਨਾਮ ਜਲ ਕਿੰਨਾ ਹੈ? ਅਥਾਹ ਹੈ; ਇਸ ਦੇ ਵਿਚ ਇਸ਼ਨਾਨ ਕਰੋ। ਪ੍ਰਸ਼ਨ-ਇਸ਼ਨਾਨ ਕੀਤਿਆਂ ਜਲ ਮੈਲਾ ਹੋ ਜਾਏਗਾ? ਉਤਰ-ਇਹ ਕਦੀ ਮੈਲਾ ਨਹੀਂ ਹੋ ਸਕਦਾ, ਕਿਉਂਕਿ ਇਹ ਨਿਰਮਲ ਹੈ, ਸੁਤੇ ਮੈਲ ਰਹਿਤ ਹੈ, ਉਪਰੋਂ ਮੈਲ ਮੈਲਾ ਕਰ ਨਹੀਂ ਸਕਦੀ ਅਥਾਹ ਹੋਣ ਕਰਕੇ। ਅਰਥਾਤ ਗੁਰੂ ਸਰੋਵਰ ਅਗੀਮੀ ਚਸ਼ਮੇ ਵਾਲਾ ਤਲਾ ਹੈ ਜੋ ਆਪ ਸਦਾ ਨਿਰਮਲ ਹੈ ਤੇ ਹੋਰਨਾਂ ਨੂੰ ਨਿਰਮਲ ਕਰ ਦੇਂਦਾ ਹੈ। ਫੇਰ ਹਰ ਤਲਾ ਵਿਚ ਡੁਬਣ ਦਾ ਖਤਰਾ ਹੈ, ਇਸ ਤਲਾ ਵਿਚ ਇਸ਼ਨਾਨ ਕਰਨ ਕਰਕੇ ਮੈਲ ਧੋਤੀ ਜਾਂਦੀ ਹੈ, ਸਫਾ ਹੋਏ ਕਪੜੇ ਵਾਂਗੂ ਫੇਰ ਸਚ ਨਾਮ ਦਾ ਰੰਗ ਚੜ੍ਹਦਾ ਹੈ, ਜਿਸ ਨਾਮ ਰੰਗ ਦੇ ਪ੍ਰਤਾਪ ਨਾਲ ਪ੍ਰਾਣੀ ਸੰਸਾਰ ਭਵਜਲ ਤੋਂ ਤਰ ਜਾਂਦਾ ਹੈ। ਪਰ ਰਸ ਟਿਕਦਾ ਨਹੀਂ? ਉਤਰ-ਗੁਰ ਸ਼ਬਦ ਦਾ ਅਭਿਆਸ ਕਰੋ, ਪ੍ਰੇਮ ਨਾਲ ਸਿਮਰੋ, ਇਹ ਭਗਤੀ ਅੰਮ੍ਰਿਤ ਰਸ ਨੂੰ ਦ੍ਰਿੜ ਕਰਦਾ ਹੈ। ਸੁਖੈਨ ਸਮਝਣ ਲਈ ਇਉਂ ਸਮਝੋ:- ਪ੍ਰਸ਼ਨ-ਮਨ ਸੰਸਿਆਂ ਨਾਲ ਮਲੀਨ ਹੈ? ਉਤਰ-ਸਤਿਗੁਰੂ ਨਾਮ ਸਰੋਵਰ ਵਿਚ ਇਸ਼ਨਾਨ ਕਰੋ ਮਨ ਦੀ ਮੈਲ ਧੋਪ ਜਾਏਗੀ। ਪ੍ਰਸ਼ਨ-ਮਨ ਟਿਕਦਾ ਨਹੀਂ? ਉਤ੍ਰ-ਸਤਿਗੁਰੂ ਜੀ ਦੇ ਸਰੂਪ ਦਾ ਧਿਆਨ ਕਰੋ। ਪ੍ਰਸ਼ਨ-ਨਾਮ ਰਸ ਟਿਕਦਾ ਨਹੀਂ? ਉਤਰ-ਪ੍ਰੇਮ ਨਾਲ ਗੁਰ ਸ਼ਬਦ ਦਾ ਅਭਿਆਸ ਕਰੋ॥੨॥੧੪॥੨੭॥

| ਮੂਲ | ਅਰਥ |
|---|---|
| **ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥ ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ ਨਾਮ ਨਗ ਹੀਰ ਮਣਿ ਮਿਲਤ ਲਿਵ ਲਾਈਐ ॥ ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ ॥ ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ ॥ ਨਾਮੁ ਨਿਰਬਾਣੁ ਨਿਧਾਨੁ ਹਰਿ ਉਰਿ ਧਰਹੁ ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿਪਾਈਐ॥੩॥੧੫॥੨੮॥** | ਹੇ ਸੰਤ ਜਨੋਂ! 'ਗੁਰੂ ਗੁਰੂ ਗੁਰੂ ਗੁਰੂ' ਲਗਾਤਾਰ ਇਹ ਜਪ ਕਰੋ, ਗੁਰੂ (ਮੇਹਰ ਨਾਲ ਹੀ) ਵਾਹਿਗੁਰੂ ਪ੍ਰਾਪਤ ਹੁੰਦਾ ਹੈ। ਸਤਿਗੁਰੂ ਅਥਾਹ ਤੇ ਅਡੋਲ (ਅੰਮ੍ਰਿਤ ਦਾ ਸਮੁੰਦਰ) ਹੈ ਜਿਸ ਦੇ ਵਿਚ ਵਾਹਿਗੁਰੂ ਨਾਮ ਦੇ ਬਿਅੰਤ ਹੀ ਨਗ, ਹੀਰੇ ਤੇ ਮਣੀਆਂ ਹਨ, ਪਰ (ਗੁਰੂ ਵਿਚ) ਲਿਵ ਲਾਉਣ ਨਾਲ ਹੀ ਇਹ ਮਿਲ ਸਕਦੇ ਹਨ। ਫੇਰ ਗੁਰੂ ਹੈ ਚੰਦਨ ਜੇਹਾ (ਜੋ ਆਮ ਦਰਖਤਾਂ ਨੂੰ ਸੁਗੰਧੀ ਦੇਕੇ ਚੰਦਨ ਕਰ ਲੈਂਦਾ ਹੈ) ਫੇਰ ਸਤਿਗੁਰੂ ਹੈ ਪਾਰਸ ਜੇਹਾ (ਜੋ ਲੋਹੇ ਮੈਲੇ ਨੂੰ ਛੋਹਕੇ ਸੋਨਾ ਕਰ ਦੇਂਦਾ ਹੈ)। ਜੋ ਗੁਰ ਸ਼ਬਦ ਨੂੰ ਧਿਆਵੇ (ਉਸਦੀ) ਦੁਰਮਤ ਮੈਲ ਨੂੰ ਦੂਰ ਕਰਦਾ ਹੈ। (ਫੇਰ) ਜਿਸ ਸਤਿਗੁਰੂ ਜੀ ਦੇ ਪਵਿੱਤ੍ਰ ਹਰੀ ਮੰਦਰ ਦੇ ਚੌਫੇਰੇ ਸ੍ਰੀ ਅੰਮ੍ਰਿਤਸਰ ਹੈ, (ਜਿਸ) ਨਿਰਮਲ ਅੰਮ੍ਰਿਤਸਰ ਵਿਚ ਸੰਤ, ਸਿਖ ਇਸ਼ਨਾਨ ਕਰਦੇ ਹਨ (ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ) ਦਰਾਂ ਤੋਂ (ਗੁਰ ਗਿਆਨ) ਸ਼ਬਦ ਕੀਰਤਨ ਦੇ ਅੰਮ੍ਰਿਤ ਪਰਵਾਹ ਛੁਟ ਰਹੇ ਹਨ। (ਵਾਹਿਗੁਰੂ ਜੀ ਦੇ) ਨਾਮ ਨੂੰ ਨਿਧੀਆਂ ਦਾ ਖਜ਼ਾਨਾ ਜਾਣਕੇ ਦਿਲ ਵਿਚ ਟਿਕਾਓ ਤੇ ਰਸਨਾਂ ਨਾਲ ਗੁਰੂ ਗੁਰੂ ਦਾ ਲਗਾਤਾਰ ਜਾਪ ਕਰੋ, ਗੁਰੂ ਤੋਂ ਹੀ ਹਰੀ ਪ੍ਰਾਪਤ ਹੁੰਦਾ ਹੈ॥੩॥੧੫॥੨੮॥ |

**ਪਦਾਰਥ**—ਉਧਧਿ-ਸਮੁੰਦਰ। ਗਹਿਰ-ਡੂੰਘਾ, ਗੰਭੀਰ। ਹੀਰ-ਹੀਰਾ। ਮਣਿ-ਮਣੀ। ਪਰਮਲ-ਚੰਦਨ। ਸਰਸ-ਬਰੋਬਰ, ਇਕੋ ਜੇਹਾ। ਕੰਚਨੁ-ਸੋਨਾ। ਪਰਸ-ਪਾਰਸ ਜਾਂ ਛੋਹ। ਦੁਰਮਤਿ-ਖੋਟੀ ਬੁਧੀ। ਹਿਰਤ-ਹਰਦੇ ਹਨ। ਸਰ-ਤਲਾ। ਨਿਰਬਾਣੁ-ਅਫੁਰ ਵਾਹਿਗੁਰੂ। ਨਿਧਾਨੁ-ਨਿਧੀਆਂ ਦਾ ਖਜ਼ਾਨਾ, ਨਿਧੀਆਂ ਦਾ ਆਧਾਰ। ਉਰਿ-ਰਿਦਾ।

## {ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਮਹਿਮਾਂ}

**ਭਾਵ**—ਸ੍ਰੀ ਗੁਰੂ ਸਾਹਿਬ ਜੀ ਦੀ ਮਹਿਮਾਂ ਕਰਦੇ ਹੋਏ ਕਵੀ ਰਾਜ ਜੀ ਗੁਰੂ ਗੁਰੂ ਜਪਣ ਦੀ ਪਹਿਲਾਂ ਸਿਖਿਆ ਦੇਂਦੇ ਹਨ ਕਿ ਹੇ ਸੰਤ ਜਨੋਂ! ਗੁਰੂ ਗੁਰੁ ਗੁਰੂ ਦਾ ਜਾਪ ਕਰੋ; ਤਿੰਨ ਵਾਰ ਆਖਣ ਤੋਂ ਪਾਵ ਤਾਕੀਦ ਹੈ ਲਗਾਤਾਰ ਜਪਣ ਦੀ। ਕਈ ਗਿਆਨੀ ਇਉਂ ਭੀ ਅਰਥ ਕਰਦੇ ਹਨ ਕਿ ਮਨ ਬਾਣੀ ਸਰੀਰ ਕਰਕੇ ਗੁਰੂ ਗੁਰੁ ਗੁਰੂ ਜਪੋ। ਗੁਰੂ ਜਪਣਾ ਇਸ ਲਈ ਜ਼ਰੂਰੀ ਹੈ ਕਿ ਗੁਰੂ ਤੋਂ ਹੀ (ਪਾਪਾਂ ਦੇ ਨਾਸ਼ ਕਰਨ ਵਾਲਾ) ਹਰੀ ਪ੍ਰਾਪਤ ਹੁੰਦਾ ਹੈ, ਇਸ ਤੁਕ ਵਿਚ ਇਹ ਉਪਦੇਸ਼ ਹੈ। ਅੱਗੇ ਸਤਿਗੁਰੂ ਜੀ ਦਾ ਪ੍ਰਭਾਵ ਪ੍ਰਗਟ ਕਰਦੇ ਹਨ ਕਿ ਸਤਿਗੁਰੂ ਅੰਮ੍ਰਿਤ ਸਾਗਰ ਹੈ ਜੋ ਅਥਾਹ ਤੇ ਅਡੋਲ ਅਪਣੇ ਆਪ ਵਿਚ ਪੂਰਨ ਹੈ ਜਿਸਦੇ ਵਿਚ ਨਾਮ, ਕੀਰਤਨ, ਭਗਤੀ ਆਦਿ ਨਗ ਹੀਰੇ ਤੇ ਮਣੀਆਂ ਹਨ। ਜੀਕੁਣ ਸਮੁੰਦਰ ਵਿਚ ਹੀਰੇ; ਨਗ, ਮਣੀਆਂ ਟੁੱਭੀ ਲਾਕੇ ਮਰਜੀਉੜੇ ਕੱਢ ਲਿਆਉਂਦੇ ਹਨ ਤਿਵੇਂ ਇਹ ਪ੍ਰਾਪਤ ਉਸ ਨੂੰ ਹੁੰਦੇ ਹਨ ਜੋ ਸਿਮਰਨ, ਧਿਆਨ, ਪ੍ਰੇਮ ਵਿਚ ਰਹਿਕੇ ਲਿਵ ਲਾਵੇ। ਫੇਰ ਸਤਿਗੁਰੂ ਚੰਦਨ ਹੈ ਜੋ ਭਗਤੀ ਦੀ ਸੁਗੰਧੀ ਨਾਲ ਆਪ ਪੂਰਨ ਹੈ; ਜੋ ਕੋਈ ਸਤਿਗੁਰੂ ਨਾਲ ਛੋਂਹਦਾ ਹੈ ਉਹ ਭੀ ਚੰਦਨ ਹੋ ਜਾਂਦਾ ਹੈ। ਫੇਰ ਸਤਿਗੁਰੂ ਪਾਰਸ ਹੈ। ਜੋ ਲੋਹੇ ਵਰਗੇ ਮੈਲੇ ਤੇ ਤੁੱਛ ਹਨ, ਪਾਪਾਂ ਕਰਕੇ ਕੁਰੂਪ ਹਨ, ਉਹਨਾਂ ਨੂੰ ਸੋਨੇ ਵਾਂਗ ਸ਼ੁੱਧ ਅਮੋਲਕ ਤੇ ਸੁੰਦਰ ਕਰ ਦਿੰਦਾ ਹੈ। ਇਸ ਤੁਕ ਵਿਚ ਚੰਦਨ ਪਦ ਹੈ ਪਰ ਉਸਦੇ ਸੰਗ ਤੋਂ ਚੰਦਨ ਹੋਣ ਵਾਲੇ ਹੋਰ ਦਰਖਤਾਂ ਦਾ ਅਧਜਾਹਾਰ ਉਪਰੋਂ ਕਰਨਾ ਹੈ। ਇਸੇ ਤਰ੍ਹਾਂ (ਪਰਸ) ਪਦ ਨੂੰ ਪਾਰਸ ਤੇ ਛੋਹ ਦੁਹਾਂ ਅਰਥਾਂ ਵਿਚ ਵਰਤਕੇ ਲੋਹਾ ਭੀ ਉਪਰੋਂ ਪਾਕੇ ਅਰਥ ਕੀਤਾ ਹੈ ਜੋ ਕਾਵਜ ਦੀ ਰੀਤੀ ਅਨੁਸਾਰ ਹੈ। ਅਗਲੀ ਤੁਕ ਵਿਚ ਸ੍ਰੀ ਹਰਿ-ਮੰਦਰ ਸਾਹਿਬ ਜੀ ਤੇ ਅੰਮ੍ਰਿਤ ਸਰੋਵਰ ਦਾ ਦਰਸ਼ਨ ਹੈ ਜੋ ਹੁਣ ਤਕ ਸਾਮਰਤੱਖ ਹੈ। ਨਾਮ ਨਿਧੀਆਂ ਦਾ ਆਧਾਰ ਹੈ, ਇਹ ਆਖਕੇ ਛੰਤ ਦੀ ਪੂਰਤੀ ਆਦਿ ਦੀ ਤੁਕ ਪਰ ਕੀਤੀ ਹੈ ਜੋ ਪਿੰਗਲ ਦੀ ਇਕ ਚਾਲ ਦੇ ਅਨੁਸਾਰ ਹੈ॥੩॥੧੫॥੨੮॥

| ਮੂਲ | ਅਰਥ |
|---|---|
| **ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ॥ ਜਾ ਕੀ ਸੇਵ ਸਿਵ ਸਿਧ ਸਾਧਿਕ ਸੁਰ ਅਸੁਰ ਗਣ ਤਰਹਿ ਤੇਤੀਸ ਗੁਰ ਬਚਨ ਸੁਣਿ ਕੰਨ ਰੇ ॥ ਫੁਨਿ ਤਰਹਿ ਤੇ ਸੰਤ ਹਿਤ ਭਗਤ ਗੁਰੁ ਗੁਰੁ ਕਰਹਿ ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿ ਜੰਨ ਰੇ ॥ ਤਰਹਿ ਨਾਰਦਾਦਿ ਸਨਕਾਦਿ ਹਰਿ ਗੁਰ-** | (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਉਸਤੁਤੀ)। (ਜੁਗਾਂ ਜੁਗਾਂ ਤੋਂ ਗੁਰੂ ਹੀ ਤਾਰਕ ਹੈ)। (ਮੇਰੇ) ਮਨ! ਗੁਰੂ ਗੁਰੂ ਲਗਾਤਾਰ ਜਪ, ਜਿਸ (ਗੁਰੂ) ਦੀ ਸੇਵਾ ਕਰਕੇ ਅਰ ਕੰਨਾਂ ਵਿਚ ਗੁਰ ਵਚਨ ਸੁਣਕੇ ਸ਼ਿਵ ਜੀ ਤੇ ਉਸਦੇ ਗਣ ਸਿਧ ਤੇ ਸਾਧਿਕ ਤੇਤੀ ਕਰੋੜ ਦੇਵਤਾ ਤੇ ਦੈਂਤ ਤਰ ਗਏ ਹਨ; ਫੇਰ (ਹੁਣ) ਸੰਤ ਭਗਤ ਜੋ ਪ੍ਰੇਮ ਨਾਲ ਗੁਰੂ ਗੁਰੂ ਜਪਦੇ ਹਨ ਓਹ ਭੀ ਤਰ ਰਹੇ ਹਨ, (ਅਰ ਸ੍ਰੀ ਗੁਰੂ ਜੀ ਦੀ ਮੇਹਰ ਨਾਲ ਸ੍ਰੀ) ਨਾਰਦ ਮੁਨੀ ਗੁਰੂ ਨੂੰ ਮਿਲਕੇ ਪ੍ਰਹਿਲਾਦ ਭਗਤ ਜੀ ਤਰ |

| | |
|---|---|
| **ਮੁਖਹਿ ਤਰਹਿ ਇਕ ਨਾਮ ਲਗਿ ਤਜਹੁ ਰਸ ਅੰਨ ਰੇ ॥ ਦਾਸੁ ਬੇਨਤਿ ਕਹੈ ਨਾਮੁ ਗੁਰਮੁਖਿ ਲਹੈ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ ॥੪॥੧੬॥੨੯॥** | ਗਏ। ਗੁਰੂ ਦਵਾਰਾ ਹੀ (ਨਾਮ ਜਪਕੇ) ਤਰ ਗਏ ਨਾਰਦ ਆਦਿ (ਰਿਖੀ ਤੇ ਤਰ ਗਏ) ਸਨਕਾਦਿਕ (ਆਦਿ ਮੁਨੀ), (ਤੂੰ ਭੀ) ਹੋਰ ਰਸ ਛਡਕੇ ਨਾਮ (ਰਸ) ਵਿਚ ਲਗ ਜਾ। ਦਾਸ (ਭਟ ਜੀ) ਬੇਨਤੀ ਕਰਦੇ ਹਨ (ਕਿ ਵਾਹਿਗੁਰੂ ਜੀ ਦਾ) ਨਾਮ ਗੁਰੂ ਤੋਂ ਹੀ ਲੱਭਦਾ ਹੈ, (ਇਸ ਲਈ) ਦਿਲੋਂ ਹੋਕੇ ਗੁਰੂ ਦਾ ਲਗਾਤਾਰ ਜਪ ਕਰ॥੪॥੧੬॥੨੯॥ |

**ਪਦਾਰਥ**—ਸਿਧ-ਸਿਧੀ ਵਾਲੇ ਗੋਰਖ ਆਦਿ। ਸਾਧਿਕ-ਸਾਧਨਾਂ ਵਾਲੇ ਜਗਿਆਸੂ। ਸੁਰ-ਦੇਵਤਾ। ਅਸੁਰ-ਦੈਂਤ। ਗਣ-ਸ਼ਿਵਜੀ ਦੇ ਸੇਵਕ, ਜਿਨ੍ਹਾਂ ਦੇ ਨਾਮ ਨੰਦੀ, ਭ੍ਰਿੰਗੀ, ਬੀਰ ਭਦ੍ਰ ਆਦਿਕ ਹਨ। ਤੇਤੀਸ-੩੩ ਕ੍ਰੋੜ ਜੋ ਦੇਵਤਿਆਂ ਦੀ ਗਿਣਤੀ ਹੈ। ਮੁਨਿਜੰਨ-ਨਾਰਦ ਜੀ। ਸਨਕਾਦਿ-ਜੋ ਬ੍ਰਹਮਾਂ ਜੀ ਦੇ ਚਾਰ ਪੁੱਤ੍ਰ ਹਨ: ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ। ਅੰਨ-ਹੋਰ।

**ਭਾਵ**—ਜੁਗਾਂ ਜੁਗਾਂਤਰਾਂ ਤੋਂ ਗੁਰੂ ਹੀ ਤਾਰਨਹਾਰ ਹੈ। ਵਡੇ ਵਡੇ ਪ੍ਰਸਿਧ ਭਗਤ, ਰਿਖੀ, ਮੁਨੀ, ਗੁਰੂ ਤੋਂ ਹੀ ਤਰੇ ਹਨ, ਇਸ ਲਈ ਸਰਬੱਤ ਸ੍ਰਿਸ਼ਟੀ ਨੂੰ ਸਤ ਉਪਦੇਸ਼ ਕਰਦੇ ਹੋਏ ਦਾਸ ਭਟਾਚਾਰਯ ਜੀ ਆਖਦੇ ਹਨ; ਹੇ ਸੰਤ ਜਨੋਂ! ਗੁਰੂ ਗੁਰੂ ਜਪੋ। ਪੰਜ ਵਾਰੀ ਗੁਰੂ ਗੁਰੂ ਕਹਿਣ ਤੋਂ ਲਗਾਤਾਰ ਜਾਪ ਕਰਨ ਦੀ ਤਾਕੀਦ ਹੈ, ਅਥਵਾ ਮਨ, ਬਾਣੀ, ਸਰੀਰ ਕਰਕੇ ਗੁਰੂ ਗੁਰੂ ਜਪੋ। ਜਿਸ ਸਤਿਗੁਰੂ ਜੀ ਦਾ ਨਾਮ ਜਪਣਾ ਹੈ ਉਹ ਤਾਰਨਹਾਰ ਹੈ। ਇਸ ਬਿਰਦ ਵਾਲੇ ਗੁਰੂ ਨਾਲ ਸੰਬੰਧ ਸੇਵਾ ਤੇ ਗੁਰ ਉਪਦੇਸ਼ ਦੁਆਰਾ ਹੁੰਦਾ ਹੈ, ਸੋ ਸਤਿਗੁਰੂ ਜੀ ਦੀ ਸੇਵਾ ਮੁੱਖ ਹੈ '**ਚਹੁ ਜੁਗਿ ਗੁਰਿ ਸੇਵਾ ਕਰਿ ਫਲੁ ਲਹੀਐ**' ਤੇ ਇਹੋ ਹੀ ਆਦਿ ਜੁਗਾਦਿ ਤੋਂ ਲਾਭ ਲੈਣ ਦੀ ਜੁਗਤੀ ਤੁਰੀ ਆਈ ਹੈ, ਸੇਵਾ ਤੋਂ ਪ੍ਰਸੰਨ ਹੋਕੇ ਸਤਿਗੁਰੂ ਸਤਿਉਪਦੇਸ਼ ਬਖਸ਼ਦੇ ਹਨ ਜੋ ਕੰਨਾਂ ਦ੍ਵਾਰਾ ਸੁਣਕੇ ਜਗਿਆਸੂ ਧਾਰਦਾ ਹੈ, ਜਿਸ ਆਸਰੇ ਭਵਸਾਗਰ ਤੋਂ ਤਰ ਜਾਂਦਾ ਹੈ, ਪਰ ਚੇਤਾ ਰਹੇ ਕਿ ਸਤਿਗੁਰੂ ਸੇਵਾ ਲੈਕੇ ਸਤਿ ਉਪਦੇਸ਼ ਦੇਂਦੇ ਹਨ। ਇਹ ਇਕ ਵਪਾਰ ਨਹੀਂ, ਇਸ ਗੱਲ ਦੀ ਗੁਰੂ ਨੂੰ ਲੋੜ ਨਹੀਂ, ਗੁਰੂ ਤਾਂ ਹਰ ਤਰ੍ਹਾਂ ਦੀ ਲੋੜ ਤੋਂ ਨਿਰਿੱਛਿਤ ਹੈ, ਉਹ ਤਾਂ ਨਿਸ਼ਕਾਮ ਦਾਤਾ ਹੈ, ਉਸਨੂੰ ਸੇਵਾ ਕਰਾਕੇ ਨਾਮ ਦੇਣ ਦੀ ਲੋੜ ਨਹੀਂ, ਸੇਵਾ ਕਰਕੇ ਸਿਖ ਦਾ ਭਲਾ ਹੈ, ਸਿਖ ਦੀ ਖਿੰਡੀ ਹੋਈ ਬਿਰਤੀ ਨੂੰ ਕੱਠੀ ਕਰਨ ਵਾਲੀ ਸੇਵਾ ਹੈ, ਸੇਵਾ ਕਰਕੇ ਹੀ ਪ੍ਰੀਤ ਉਪਜਦੀ ਹੈ, ਸੇਵਾ ਕਰਕੇ ਹੀ ਮਨ ਪਵਿਤ੍ਰ ਹੁੰਦਾ ਹੈ। ਸੇਵਾ ਵਿਚ ਉਮਾਹ ਹੈ, ਉਤਸ਼ਾਹ ਹੈ, ਰੰਗ ਹੈ, ਆਨੰਦ ਹੈ। ਸੇਵਾ ਕਰਕੇ ਹੀ ਇੰਦਰੈ ਮਨ ਤੇ ਸਰੀਰ ਸਫ਼ਲ ਹੁੰਦਾ ਹੈ। ਸੇਵਾ ਕਰਕੇ ਹੀ ਵਿਕਾਰਾਂ ਤੋਂ ਜਿੱਤ ਪਾਕੇ ਮਨ ਹਜ਼ੂਰੀ ਦਾ ਅਧਿਕਾਰੀ ਹੋਂਦਾ ਹੈ, ਸੋ ਸੇਵਾ ਸਿਖ ਨੇ ਆਪਣੇ ਭਲੇ ਵਾਸਤੇ ਕਰਨੀ ਹੈ। ਜੋ ਦਾਤ ਸਤਿਗੁਰੂ ਦੇਂਦੇ ਹਨ ਉਹ ਸੇਵਾ ਦਾ ਬਦਲਾ ਨਹੀਂ, ਉਹ ਤਾਂ ਬਖਸ਼ਿਸ਼ ਹੈ, ਉਹ ਤਾਂ ਮੇਹਰ ਦੀ ਵਸਤੂ ਹੈ। ਸੋ ਚਹੁ ਜੁਗਾਂ ਦੇ ਪ੍ਰਤਿਸ਼ਟਤ ਮਹਾਤਮਾਂ ਦੇ ਨਾਮ ਲੈ ਕੇ ਭਟਾਚਾਰਯ ਜੀ ਦੱਸਦੇ ਹਨ ਕਿ ਸ਼ਿਵਜੀ ਨੇ ਆਪਣੇ ਗੁਣਾਂ ਸਮੇਤ ਸੇਵਾ ਕਰਕੇ ਹੀ ਗੁਰ ਉਪਦੇਸ਼ ਲੀਤਾ। ਏਸੇ ਤਰ੍ਹਾਂ ਹੀ ਸਿੱਧ ਗੋਰਖ ਨਾਥ ਆਦਿਕ ਤੇ ਸਾਧਨਾਂ ਵਿਚ ਲਗੇ ਸਾਧਕ ਤੇਤੀ ਕਰੋੜ ਦੇਵਤਾ ਤੇ ਬਲਿਰਾਜਾ ਆਦਿਕ ਦੈਂਤ ਕੁਲਾਂ ਵਿਚ ਪ੍ਰਗਟ ਹੋਏ ਤੇ ਭਗਤ ਪ੍ਰਹਿਲਾਦ ਤਥਾ ਨਾਰਦ ਆਦਿਕ ਰਿਖੀ ਤੇ ਸਨਕਾਦਿਕ ਆਦਿ ਮੁਨੀ ਤੇ ਹੁਣ ਦੇ ਸੰਤ ਭਗਤ ਸਭ ਸਤਿਗੁਰੂ ਜੀ ਦੇ ਚਰਨੀਂ ਲਗ ਤਰੇ ਹਨ, ਇਸ ਲਈ ਬੇਨਤੀ ਕਰਦੇ ਹਨ ਦਾਸ ਕਵੀ ਜੀ ਕਿ ਗੁਰੂ ਤੋਂ ਹੀ ਨਾਮ ਲਭਦਾ ਹੈ, ਤਾਂ ਤੇ ਗੁਰੂ ਗੁਰੂ ਲਗਾਤਾਰ ਜਪ ਕਰ॥੪॥੧੬॥੨੯॥

**ਮੂਲ**

**ਸਿਰੀ ਗੁਰੂ ਸਾਹਿਬੁ ਸਭ ਊਪਰਿ॥ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ ॥ ਸ੍ਰੀ ਪ੍ਰਹਲਾਦ ਭਗਤ ਉਧਰੀਅੰ ॥ ਹਸ੍ਤ ਕਮਲ ਮਾਥੇ ਪਰ ਧਰੀਅੰ ॥ ਅਲਖ ਰੂਪ ਜੀਅ ਲਖ੍ਯਾ ਨ ਜਾਈ ॥ ਸਾਧਿਕ ਸਿਧ ਸਗਲ ਸਰਣਾਈ ॥ ਗੁਰ ਕੇ ਬਚਨ ਸਤਿ ਜੀਅ ਧਾਰਹੁ ॥ ਮਾਣਸ ਜਨਮੁ ਦੇਹ ਨਿਸ੍ਾਰਹੁ ॥ ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ॥ ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥........**

**ਅਰਥ**

(ਸਤਿਗੁਰੂ ਜੀ ਤੋਂ ਬਿਨਾਂ ਮੁਕਤੀ ਨਹੀਂ।) ਸ੍ਰੀ ਗੁਰ ਸਾਹਿਬ ਜੀ ਨੇ ਸਭਨਾਂ ਉਤੇ ਮੇਹਰ ਕੀਤੀ ਹੈ; (ਦੇਖੋ) ਸਤਿਜੁਗ ਵਿਚ ਜਿਨ੍ਹਾਂ ਧਰੂਅ (ਭਗਤ) ਤੇ (ਮੇਹਰ ਕੀਤੀ), ਫੇਰ ਹਥ ਕਮਲ ਪ੍ਰਹਿਲਾਦ ਭਗਤ ਦੇ ਮੱਥੇ ਪੁਰ ਰਖਕੇ ਉਸ ਦਾ ਉਧਾਰ ਕੀਤਾ। ਸਿਧ ਸਾਧਿਕ ਸਾਰੇ ਹੀ (ਜਿਸ ਦੀ) ਸ਼ਰਨ ਵਿਚ ਹਨ, ਉਹ ਵਾਹਿਗੁਰੂ ਅਲਖ ਸ੍ਰੂਪ ਹੈ, (ਸਤਿਗੁਰੂ ਤੋਂ ਬਿਨਾ) ਉਹ ਜੀਵ ਤੋਂ ਲਖਿਆ ਨਹੀਂ ਜਾਂਦਾ। ਸਤਿਗੁਰਾਂ ਦੇ ਸੱਚੇ ਬਚਨ ਜੀ ਵਿਚ ਟਿਕਾਕੇ ਇਸ ਮਨੁਖਾ ਜਨਮ ਵਿਚ (ਆਪਣੇ) ਜੀਉ ਦਾ ਉਧਾਰ ਕਰੋ।

ਸਤਿਗੁਰਾਂ (ਦੇ ਪਾਸ) ਹੀ (ਨਾਮ ਦਾ) ਜਹਾਜ਼ ਹੈ (ਅਰ) ਮਲਾਹ ਓਹ ਆਪ ਹਨ, ਕੋਈ ਭੀ ਸਤਿਗੁਰੂ ਬਿਨਾਂ ਨਹੀਂ ਤਰਿਆ। ਸਤਿਗੁਰਾਂ ਦੀ ਕਿਰਪਾ ਕਰਕੇ ਹੀ ਵਾਹਿਗੁਰੂ ਮਿਲਦਾ ਹੈ ਤੇ ਸਤਿਗੁਰੂ ਬਿਨਾਂ ਮੁਕਤੀ ਨਹੀਂ ਹੁੰਦੀ।

**ਪਦਾਰਥ**—ਧ੍ਰੂਅ-ਧ੍ਰੂਹ ਭਗਤ ਜੀ। ਹਸਤ-ਹੱਥ। ਜੀਅ-ਜੀਵ। ਖੇਵਟੁ-ਮਲਾਹ।

**ਭਾਵ**—ਜੁਗਾਂ ਜੁਗਾਂ ਤੋਂ ਤਾਰਨਹਾਰ ਸਤਿਗੁਰੂ ਹੀ ਹੈ। ਸਤਿਜੁਗ ਵਿਚ ਸ੍ਰੀ ਧਰੂਅ ਭਗਤ ਜੀ ਅਰ ਪ੍ਰਹਿਲਾਦ ਭਗਤ ਜੀ ਸਤਿਗੁਰਾਂ ਦੀ ਮੇਹਰ ਨਾਲ ਹੀ ਕ੍ਰਿਤਾਰਥ ਹੋਏ। ਸੁਤੇ ਵਾਹਿਗੁਰੂ ਜੀ ਦਾ ਸਰੂਪ ਅਲਖ ਹੈ, ਸਤਿਗੁਰੂ ਹੀ ਉਸ ਦੀ ਲੱਖਤਾ ਦਿੰਦੇ ਹਨ। ਸਤਿਗੁਰੂ ਜੀ ਦੇ ਬਚਨ ਸੱਚ ਹਨ, ਜਿਨ੍ਹਾਂ ਨੂੰ ਧਾਰਕੇ ਮਨੁੱਖਾ ਜਨਮ ਸਫ਼ਲਾ ਹੁੰਦਾ ਹੈ। ਮਾਣਸ ਜਨਮ ਦੇਹ, ਇਸ ਪਦ ਵਿਚ ਦੇਹ ਦਾ ਅਰਥ ਜੀਵਾਤਮਾਂ (ਦੇਹੀ) ਕੀਤਾ ਹੈ। ਇਕ ਅਰਥ ਇਉਂ ਭੀ ਬਣਦਾ ਹੈ, ਮਨੁਖਾ ਦੇਹ ਦਾ (ਜਨਮ) ਪਾਉਣਾ (ਨਿਸਤਾਰਹੁ) ਸਫ਼ਲ ਕਰੋ। ਸਤਿਗੁਰੂ ਜੀ ਪਾਸ ਨਾਮ ਜਹਾਜ਼ ਤੇ ਮਲਾਹ ਹੈ, ਸਤਿਗੁਰੂ ਬਿਨਾਂ ਕੋਈ ਭੀ ਸੰਸਾਰ ਸਮੁੰਦਰ ਤੋਂ ਨਹੀਂ ਤਰਿਆ। ਅਲਖ ਰੂਪ ਦੀ ਪ੍ਰਾਪਤੀ ਦਾ ਵਸੀਲਾ ਸਤਿਗੁਰੂ ਹੀ ਹੈ, ਸਤਿਗੁਰੂ ਹੀ ਮੁਕਤੀ ਦਾਤਾ ਹੈ।

ਪਿਛਲੇ ਸਵਈਏ ਤੇ ਏਹਨਾਂ ਤੁਕਾਂ ਵਿਚ ਸਤਿਗੁਰੂ ਜੀ ਨੂੰ ਜੁਗਾਂ ਜੁਗਾਂ ਤੋਂ ਤਾਰਨਹਾਰ ਮੰਨਿਆਂ ਹੈ। ਇਸ ਦਾ ਭਾਵ ਇਹ ਪ੍ਰਤੀਤ ਹੁੰਦਾ ਹੈ ਕਿ ਵਾਹਿਗੁਰੂ ਜੀ ਦਾ ਤਾਰਨਹਾਰ ਬਿਰਦ ਜੋ "ਸਤਿਗੁਰੂ" ਕਰਕੇ ਆਖੀਦਾ ਹੈ, ਓਹ ਸਦਾ ਤੋਂ ਹੀ ਕਈ ਮਹਾਂਪੁਰਖਾਂ ਦੇ ਅੰਦਰ ਪ੍ਰਕਾਸ਼ਦਾ ਰਿਹਾ ਹੈ, ਹੁਣ ਕਲਜੁਗ ਵਿਚ ਓਹ ਆਪ ਨਿਰੰਕਾਰ ਤਾਰਨਹਾਰ ਬਿਰਦ ਦਾ ਆਕਾਰ ਧਾਰਕੇ ਗੁਰੂ ਨਾਨਕ ਦੇਵ ਜੀ ਆਦਿਕ ਸਤਿਗੁਰਾਂ ਦੇ ਸ੍ਰੂਪ ਵਿਚ ਪ੍ਰਗਟ ਹੋਇਆ। ਯਥਾ—

**"ਨਿਰੰਕਾਰੁ ਨਾਨਕ ਦੇਉ ਨਿਰੰਕਾਰ ਆਕਾਰ ਬਣਾਇਆ।"** {ਭਾ: ਗੁਰਦਾਸ ਜੀ-੨੪/੨੫}

| ਮੂਲ | ਅਰਥ |
|---|---|
| (੩੦ਵਾਂ ਸਵੱਯਾ ਜਾਰੀ) | ਸਤਿਗੁਰੂ ਜੀ ਦੀ ਗੁਰਿਆਈ ਦੀ ਸੰਪ੍ਰਦਾ। 'ਨਾਨਕ ਗੁਰੁ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ'(੪੯੦) ਦਾ ਦਰਸ਼ਨ ਕਰਾਉਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਸੱਚ ਖੰਡ ਪ੍ਰਵੇਸ਼ ਦੀ ਤਿਆਰੀ ਤੋਂ ਪਹਿਲਾਂ ਹੀ ਜੋ ਚੋਜ ਕੀਤਾ, ਓਹ ਇਉਂ ਸੀ:- |
| ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥ ਲਹਣੈ ਪੰਥੁ ਧਰਮ ਕਾ ਕੀਆ॥ਅਮਰਦਾਸ ਭਲੇ ਕਉ ਦੀਆ ॥ ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ ॥ ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ ॥ ਅਪ੍ਯਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ ਗੁਰ ਸੇਵਾ ਕਰਿ ਫਲੁ ਲਹੀਅੰ ॥ ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਅੰ ॥ ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੧॥੩੦॥ | ਸਤਿਗੁਰੂ ਨਾਨਕ ਦੇਵ ਜੀ ਤਾਂ ਵਾਹਿਗੁਰੂ ਜੀ ਦੇ ਸਰੂਪ ਵਿਚ ਜਾ ਟਿਕੇ, ਪਰ ਉਹਨਾਂ ਨੇ ਸ੍ਰੀ ਲਹਿਣਾ ਜੀ ਨੂੰ (ਸ੍ਰੀ ਗੁਰੂ ਅੰਗਦ ਦੇਵ ਜੀ ਬਣਾਕੇ) ਆਪਣੀ ਜੋਤ ਰੱਖਕੇ ਜਗਤ ਵਿਚ (ਗੁਰਿਆਈ ਦੇ ਤਖ਼ਤ ਪੁਰ) ਥਾਪ ਦਿੱਤਾ। ਅੱਗੋਂ ਸ੍ਰੀ ਲਹਿਣੇ ਜੀ (ਸਤਿਗੁਰੂ ਅੰਗਦ ਦੇਵ ਜੀ ਨੇ) ਨਾਮ ਧਰਮ ਦੇ ਰਾਹ ਦਾ ਪ੍ਰਚਾਰ ਕੀਤਾ, (ਤੇ ਫੇਰ ਏਸ ਧਰਮ ਸਮੇਤ ਗੁਰਿਆਈ ਦਾ ਤਖ਼ਤ) ਸ੍ਰੀ ਗੁਰੂ ਅਮਰਦਾਸ ਜੀ ਭੱਲੇ ਨੂੰ ਬਖ਼ਸ਼ ਦਿੱਤਾ। ਉਨ੍ਹਾਂ (ਸ੍ਰੀ ਗੁਰੂ ਅਮਰਦਾਸ ਜੀ) ਨੇ ਸ੍ਰੀ ਗੁਰੂ ਰਾਮਦਾਸ ਸੋਢੀ ਨੂੰ ਅਚਲ ਕਰਕੇ ਥਾਪਿਆ ਤੇ ਨਾ ਨਾਸ਼ ਹੋਣ ਵਾਲੀ ਨਿਧੀ ਨਾਮ ਦਾ (ਭੰਡਾਰਾ) ਬਖਸ਼ਿਆ। ਅਖੈ ਨਿਧੀ ਵਾਹਿਗੁਰੂ ਜੀ ਦਾ ਨਾਮ ਦਿੱਤਾ, ਚਹੁੰ ਜੁਗਾਂ ਵਿੱਚ ਸਤਿਗੁਰੂ ਜੀ ਦੀ ਸੇਵਾ ਕਰਕੇ ਹੀ ਸਭਨਾਂ ਨੇ ਫਲ ਲਿਆ ਹੈ। ਜੋ ਸ਼ਰਨਾਗਤ ਹੋਕੇ (ਸਤਿਗੁਰੂ ਜੀ ਦੇ) ਚਰਨਾਂ ਪੁਰ ਨਮਸਕਾਰ ਕਰਦੇ ਹਨ, ਓਹ ਸੁਖ ਪਾਉਂਦੇ ਹਨ, ਉਹਨਾਂ ਨੂੰ ਹੀ ਗੁਰਮੁਖ ਕਹੀਦਾ ਹੈ, ਓਹੀ ਪਰਮਾਨੰਦ ਨੂੰ ਪ੍ਰਾਪਤ ਹੁੰਦੇ ਹਨ। ਸਰਬ ਜਗਤ ਦੀ ਰਚਨਾਂ ਕਰਕੇ ਜੋ ਪੂਰੀ ਤਰ੍ਹਾਂ ਪਾਲਦਾ ਹੈ, ਪਾਰਬ੍ਰਹਮ ਉਸ ਦਾ ਵਿੱਦਤ ਸਰੂਪ ਮੇਰੇ ਸੁਆਮੀ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ)। ਜਿਸ (ਸਤਿ) ਗੁਰੂ ਜੀ ਦੀ ਗਤੀ ਜਾਣੀ ਨਹੀਂ ਜਾਂਦੀ, ਜੋ ਭਵਸਾਗਰ ਤੋਂ ਆਪ ਤਰੇ ਹਨ ਤੇ ਹੋਰਨਾਂ ਨੂੰ ਤਾਰਦੇ ਹਨ (ਐਸੇ) ਸ੍ਰੀ ਸਤਿਗੁਰੂ ਰਾਮਦਾਸ ਸਾਹਿਬ ਜੀ ਦੀ ਸੇਵਾ ਕਰ॥੧॥੩੦॥ |

**ਪਦਾਰਥ**—ਬਨਵਾਰੀ-ਬਨ; ਸੰਸਾਰ ਦਾ 'ਵਾਲੀ' ਮਾਲਕ। ਲਹਣਾ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ। ਪੰਥੁ-ਰਸਤਾ। ਭਲੇ-ਸ੍ਰੀ ਗੁਰੂ ਅਮਰਦਾਸ ਜੀ ਦੀ ਬੰਸ, ਖਾਨਦਾਨ। ਸੋਢੀ-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਬੰਸ, ਖਾਨਦਾਨ। ਥਪ੍ਯਉ-ਥਾਪਿਆ, ਟਿਕਾਇਆ। ਅਖੈ ਨਿਧਿ-ਨਾ ਨਾਸ਼ ਹੋਣ ਵਾਲਾ ਧੰਨ। ਅਪ੍ਯਉ-ਦਿੱਤਾ। ਲਹੀਅੰ-ਲਿਆ। ਬੰਦਹਿ-ਨਮਸਕਾਰ ਕਰਦੇ ਹਨ। ਪੋਖਣ-ਪਾਲਣਾ। ਤਰਣੰ-ਜਹਾਜ਼।

**ਭਾਵ**—ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰ ਕੇ ਸਤਿਨਾਮ ਦਾ ਪ੍ਰਚਾਰ ਕੀਤਾ ਤੇ

ਏਸੇ ਪ੍ਰਚਾਰ ਨੂੰ ਵਧਾਉਣ ਲਈ ਆਪਣੀ ਥਾਂ ਪੁਰ ਟਿਕਾਉਣ ਲਈ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਥਾਪਿਆ। ਫੇਰ ਸ੍ਰੀ ਗੁਰੂ ਅੰਗਦ ਸਾਹਿਬ ਜੀ ਭੀ ਨਾਮ ਧਰਮ ਦਾ ਪ੍ਰਚਾਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਬਖ਼ਸ਼ਿਆ 'ਲਹਣੈ ਪੰਥੁ ਧਰਮ ਕਾ ਕੀਆ' ਤੋਂ ਇਹ ਭੀ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੂੰ, ਸੇਵਾ ਪੁਰ ਪ੍ਰਸੰਨ ਹੋਕੇ, ਗੁਰਿਆਈ ਬਖਸ਼ੀ ਤੇ ਪੁਤ੍ਰਾਂ ਨੂੰ ਨਹੀਂ ਦਿੱਤੀ, ਮਾਨੋਂ ਇਹ ਧਰਮ ਦਾ ਨਿੱਪੱਖ ਨਜਾਯ ਕੀਤਾ, ਜੈਸਾ ਕਿ ਉਨ੍ਹਾਂ ਦੇ ਆਪਣੇ ਨਾਲ ਹੀ ਇਉਂ ਹੋਇਆ ਸੀ। ਫੇਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਸੋਢੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਗੁਰਿਆਈ ਦੇ ਤਖ਼ਤ ਪੁਰ ਥਾਪਿਆ ਤੇ ਨਾਲ ਹੀ ਅਖੁਟ ਭੰਡਾਰ ਨਾਮ ਦਾ ਬਖਸ਼ਿਆ। ਵਾਹਿਗੁਰੂ ਜੀ ਦਾ ਨਾਮ 'ਅਖੈ ਨਿਧੀ' ਹੈ। ਯਥਾ-"**ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ॥ ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤਹੀ ਨ ਜਾਵੈ॥**"(੩੩੬) ਸਦਾ ਥਿਰ ਖਜ਼ਾਨਾ ਨਾਮ ਹੀ ਹੈ, ਜਿਸ ਨੂੰ ਅੱਗ ਸਾੜ ਨਹੀਂ ਸਕਦੀ, ਹਵਾ ਉਡਾ ਨਹੀਂ ਸਕਦੀ, ਚੋਰ ਜਿਸ ਦੇ ਨੇੜੇ ਨਹੀਂ ਆਉਂਦਾ। 'ਚਹੁ ਜੁਗ' ਚਾਰੇ ਜੁਗ: ਸਤਿ ਜੁਗ, ਤ੍ਰੇਤਾ, ਦੁਆਪੁਰ, ਕਲਿਜੁਗ, ਗੁਰ ਸੇਵਾ ਕਰਕੇ ਹੀ ਆਤਮ ਗਿਆਨ ਰੂਪੀ ਫਲ ਸਭ ਨੇ ਪਾਇਆ ਹੈ। 'ਤਾਰਣ ਤਰਣੰ' ਦਾ ਦੂਜਾ ਅਰਥ ਕਰਦੇ ਹਨ ਜੋ ਸਤਿਗੁਰੂ ਤਾਰਨ ਲਈ 'ਤਰਨ' ਜਹਾਜ਼ ਰੂਪ ਹਨ॥੧॥੩੦॥

| **ਮੂਲ** | **ਅਰਥ** |
|---|---|
| **ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ ਕਰਿ ਬਿਚਿਤਿ ਚਾਓ॥ ਆਨੰਦੁ ਨਿਤ ਮੰਗਲੁ ਗੁਰ ਦਰਸਨੁ ਸਫਲੁ ਸੰਸਾਰਿ ॥ ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ ॥ ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯ੍ਯਾਨਿ ਰਤੇ ॥ ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥੨ ॥੩੧॥** | ਜਿਸ (ਸਤਿਗੁਰੂ ਜੀ) ਦੀ ਅੰਮ੍ਰਿਤ ਬਚਨ (ਰੂਪੀ) ਬਾਣੀ ਨੂੰ ਜਪਦੇ ਹਨ ਸਾਧੂ ਜਨ ਚਿਤ ਦੇ ਬਹੁਤ ਪ੍ਰੇਮ ਨਾਲ। (ਜਿਸ) ਸਤਿਗੁਰੂ ਜੀ ਦਾ ਦਰਸ਼ਨ ਨਿਤ ਆਨੰਦ ਸਰੂਪ ਹੈ ਅਰ ਸੰਸਾਰ ਵਿਖੇ ਮੰਗਲ ਤੇ ਫਲ ਦਾ ਦਾਤਾ ਹੈ। ਗੰਗਾ (ਕਵੀ) ਜੀ ਆਖਦੇ ਹਨ, ਸੰਸਾਰ ਵਿਚ ਸਫ਼ਲ ਗੁਰ ਦਰਸ਼ਨ ਹੈ (ਜਿਸ ਦੇ) ਛੋਹਨ ਨਾਲ ਪਰਮ ਪਵਿਤ੍ਰ ਮੋਖ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਜੀ ਦੇ ਰੱਬੀ ਗਿਆਨ ਵਿਚ ਜੋ ਰੰਗ ਗਏ, ਓਹ ਪ੍ਰਾਣੀ ਭਾਵੇਂ ਪਾਪੀ ਸਨ ਤਾਂ ਭੀ ਹਰੀ ਜਨ ਹੋ ਗਏ, ਉਹਨਾਂ ਨੇ (ਗੁਰ ਗਜਾਨ ਦੇ ਪ੍ਰਤਾਪ ਨਾਲ) ਯਮ ਲੋਕ ਨੂੰ ਜਿੱਤ ਲਿਆ ਹੈ। ਰਘੁਬੰਸ (ਕੁਲ) ਦੇ ਸ਼ਿਰੋਮਣ ਦਸਰਥ ਰਾਜਾ ਦੇ ਘਰ ਸੋਹਣੇ (ਸ੍ਰੀ ਰਾਮਚੰਦਰ ਜੀ) (ਉਹਨਾਂ ਦੇ ਸਿੱਖਜਾਦਾਤਾ ਵਸ਼ਿਸ਼ਟ) ਮੁਨੀ ਜੀ ਜਿਨ੍ਹਾਂ ਦੀ ਸ਼ਰਣ ਨੂੰ ਚਾਹੁੰਦੇ ਹਨ। ਜਿਸ ਸਤਿਗੁਰੂ ਜੀ ਦੀ ਗਤੀ ਅਗੰਮ ਹੈ, ਓਹ ਸ੍ਰੀ ਗੁਰੂ ਰਾਮਦਾਸ ਜੀ ਭਵਸਾਗਰ ਤੋਂ ਤਾਰਨਹਾਰ ਜਹਾਜ਼ ਹਨ, ਉਹਨਾਂ ਦੀ ਸੇਵਾ ਕਰ॥੨॥੩੧॥ |

**ਪਦਾਰਥ**—ਬਿਚਿਤ-ਵਸ਼ੇਸ਼ ਚਿਤ ਦਾ। ਚਾਓ-ਪ੍ਰੇਮ। ਪਰਸਨ-ਛੋਹਨ ਨਾਲ। ਪਤਿਤ-ਪਾਪੀ। ਬੰਛਹਿ-ਚਾਹੁੰਦੇ ਹਨ। ਤਾਰਣ ਤਰਣੰ-ਆਪ ਤਰੇ ਹੋਏ ਤੇ ਹੋਰਨਾਂ ਨੂੰ ਤਾਰਨਹਾਰ ਅਥਵਾ ਤਾਰਨ ਨੂੰ ਜਹਾਜ਼ ਰੂਪ।

**ਭਾਵ**—ਸ੍ਰੀ ਸਤਿਗੁਰੂ ਰਾਮਦਾਸ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਪ੍ਰਗਟ ਹੋਈ ਬਾਣੀ ਅੰਮ੍ਰਿਤ

ਸ੍ਰੂਪ ਹੈ, ਜਨਮ ਮਰਨ ਤੋਂ ਛੁਟਕਾਰਾ ਦੇਣ ਵਾਲੀ ਤੇ ਚਿੱਤ ਦੀ ਤ੍ਰਿਸ਼ਨਾਂ ਰੂਪੀ ਭੁੱਖ ਨੂੰ ਦੂਰ ਕਰਨ ਵਾਲੀ, ਹੋਰ ਰਸਾਂ ਤੋਂ ਨਿਰਸ ਕਰਕੇ ਇਕ ਰੱਬੀ ਰਸ ਵਿਚ ਟਿਕਾਉਣ ਵਾਲੀ ਹੈ। ਇਹ ਬਾਣੀ ਸਤਿਗੁਰੂ ਜੀ ਦੇ ਵਚਨਾਂ ਦਾ ਇਕੱਠ ਰੂਪ ਹੈ। ਕਈ ਗਿਆਨੀ ਬਾਣੀ ਦਾ ਅਰਥ ਰਸਨਾਂ ਕਰਦੇ ਹਨ, ਓਹ ਅਰਥ ਇਉਂ ਬਣਦਾ ਹੈ:-ਸਤਿਗੁਰੂ ਜੀ ਦੀ (ਬਾਣੀ) ਰਸਨਾਂ ਤੋਂ ਪ੍ਰਗਟ ਹੋਏ ਬਚਨ ਅੰਮ੍ਰਿਤ ਰੂਪ ਹਨ, ਜਿਨ੍ਹਾਂ ਅੰਮ੍ਰਿਤ ਬਚਨਾਂ ਨੂੰ ਸਾਧੂ ਮਹਾਤਮਾਂ ਚਿਤ ਦੇ ਘਣੇ ਪ੍ਰੇਮ ਨਾਲ ਜਪਦੇ ਹਨ। ਇਸ ਅਰਥ ਵਿਚ ਭਾਵ ਗੁਰ ਮੰਤ੍ਰ ਤੋਂ ਹੈ ਜੋ ਨਾਮ ਉਪਦੇਸ਼ ਸਤਿਗੁਰੂ ਬਖਸ਼ਦੇ ਹਨ।

## {ਗੁਰ ਦਰਸ਼ਨ ਦੀ ਮਹਿਮਾ}

ਸਤਿਗੁਰੂ ਜੀ ਆਪ ਨਿਤ ਆਨੰਦ ਸ੍ਰੂਪ ਹਨ "**ਹਰਖ ਅਨੰਤ ਸੋਗ ਨਹੀਂ ਬੀਆ॥ ਸੋ ਘਰੁ ਗੁਰਿ ਨਾਨਕ ਕਉ ਦੀਆ॥**"(੧੮੬) ਸੋ ਸਦਾ ਆਨੰਦ ਸਰੂਪ ਸਤਿਗੁਰੂ ਜੀ ਦਾ ਦਰਸ਼ਨ ਆਨੰਦ ਦਾਤਾ ਹੈ, ਮੰਗਲ ਰੂਪ ਹੈ ਅਰ ਸਫ਼ਲ ਹੈ। ਗੰਗਾ ਪਦ ਦਾ ਦੂਜਾ ਭਾਵ ਗੰਗਾ ਤੋਂ ਲੈਂਦੇ ਹਨ ਜੋ ਇਉਂ ਹੈ-ਲੋਕੀ ਗੰਗਾ ਦਰਸ਼ਨ ਨੂੰ ਪਵਿੱਤ੍ਰ ਤੇ ਸਫ਼ਲ ਆਖਦੇ ਹਨ, ਪਰ ਸਤਿਗੁਰੂ ਜੀ ਦਾ ਦਰਸ਼ਨ ਗੰਗਾ ਆਦਿ ਤੀਰਥਾਂ ਤੋਂ ਅਨੰਤ ਵਧ ਹੈ, ਕਿਉਂਕਿ ਜਿਨ੍ਹਾਂ ਦੇ ਛੋਹਣ ਨਾਲ ਪਰਮ ਪਵਿੱਤ੍ਰ ਮੁਕਤੀ ਪ੍ਰਾਪਤ ਹੁੰਦੀ ਹੈ ਤੇ ਜਿਨ੍ਹਾਂ ਦੇ ਗਿਆਨ ਵਿਚ ਦ੍ਰਿੜ੍ਹ ਪ੍ਰੀਤੀ ਹੋਣ ਨਾਲ ਪਾਪੀ ਭੀ ਹਰੀ ਭਗਤ ਬਣਕੇ ਜਮਲੋਕ ਨੂੰ ਜਿੱਤ ਲੈਂਦੇ ਹਨ। ਜਮ ਲੋਕ ਓਹ ਟਿਕਾਣਾ ਹੈ ਜਿਥੇ ਪਾਪੀਆਂ ਦੇ ਕਰਮਾਂ ਦਾ ਲੇਖਾ ਹੋਕੇ ਪਾਪਾਂ ਦਾ ਫ਼ਲ ਨਰਕ ਆਦਿ ਦੁਖ ਮਿਲਦੇ ਹਨ। ਇਸ ਤੁਕ ਦਾ ਵਿਚਾਰ ਅੰਨਵੇ ਕਰਕੇ ਇਉਂ ਭੀ ਕਰਦੇ ਹਨ:- ਹਰੀ ਜਨ ਜੋ ਗੁਰੂ ਹਨ ਉਹਨਾਂ ਦੇ (ਸ਼ਿਵ) ਪਰਮਾਤਮ ਗਿਆਨ ਕੁੰਡ ਵਿਚ ਜੋ (ਰਤੇ) ਰੰਗੇ ਗਏ, ਜੇਕਰ ਓਹ ਪ੍ਰਾਣੀ ਪਾਪੀ ਭੀ ਹੈਸਨ ਤਾਂ ਭੀ ਜਮ ਲੋਕ ਤੇ ਫ਼ਤਹ ਪਾ ਗਏ। 'ਰਘੁਬੰਸ' ਇਸ ਤੁਕ ਦਾ ਦੂਜਾ ਅਰਥ ਇਉਂ ਭੀ ਕਰਦੇ ਹਨ ਕਿ ਰਘੁਬੰਸ ਕੁਲ ਦੇ ਸ਼ਿਰੋਮਣੀ ਸ੍ਰੀ ਰਾਮਚੰਦਰ ਜੀ ਮਹਾਰਾਜ ਦਾ ਸਤਿਗੁਰੂ 'ਰੂਪ' ਹਨ, ਜਿਨ੍ਹਾਂ ਦੀ ਸ਼ਰਣ ਨੂੰ ਮੁਖੀ ਲੋਕ ਚਾਹੁੰਦੇ ਹਨ॥੨॥੩੧॥

| ਮੂਲ | ਅਰਥ |
|---|---|
| **ਸੰਸਾਰੁ ਅਗਮ ਸਾਗਰੁ ਤੁਲਹਾ ਹਰਿ ਨਾਮੁ ਗੁਰੂ ਮੁਖਿ ਪਾਯਾ ॥ ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ ॥ ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥ ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ ॥ ਅਵਲੋਕ੍ਯਾ ਬ੍ਰਹਮੁ** | {ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਵਲੋਂ ਮਿਲੀ ਦਾਤ ਦੇ ਪ੍ਰਭਾਵ ਦੁਆਰਾ ਗੁਰ ਉਸਤਤੀ} (ਇਹ) ਸੰਸਾਰ ਅਥਾਹ ਸਮੁੰਦਰ ਹੈ, (ਇਸ ਤੋਂ ਤਾਰਨ ਲਈ) ਜਹਾਜ਼ ਵਾਹਿਗੁਰੂ ਜੀ ਦਾ ਨਾਮ ਹੈ, (ਉਹ ਨਾਮ) ਸਤਿਗੁਰੂ ਜੀ ਨੇ ਮੂੰਹ ਵਿਚ ਪਾ ਦਿੱਤਾ ਹੈ (ਇਹ ਗੁਰੂ ਤੋਂ ਮਿਲਿਆ ਨਾਮ ਹੀ ਮੇਰਾ ਤਾਰਨਹਾਰ ਹੈ)। ਇਹ ਨਿਸਚਾ ਹਿਰਦੇ ਵਿਚ (ਜਦੋਂ) ਆ ਗਿਆ ਤਾਂ ਜਗਤ ਵਿਚ ਜੰਮਣਾ ਮਰਣਾ (ਰੂਪ ਜੋ ਚੌਰਾਸੀ ਦਾ ਫੇਰਾ ਸੀ) (ਉਹ) ਦੂਰ ਹੋ ਗਿਆ। ਜਿਸ ਪੁਰਖ ਦੇ ਜੀਅ ਵਿਚ (ਇਹ) ਨਿਸਚਾ ਆ ਗਿਆ ਉਸ ਦੀ ਪਦਵੀ ਉੱਚੀ ਹੋ ਗਈ। (ਉਹਨਾਂ ਨੇ) ਛੱਡ ਦਿੱਤਾ ਮਾਇਆ ਦਾ ਮੋਹ ਤੇ ਲੋਭ ਲਾਲਚ, ਅਤੇ ਕਾਮ ਕ੍ਰੋਧ ਦੀ ਪੀੜਾ ਉਹਨਾਂ ਦੀ ਦੂਰ ਹੋ ਗਈ। ਉਨ੍ਹਾਂ ਨੇ (ਦੈਵੀ ਨਜ਼ਰ) ਤੱਤ ਗਿਆਨ ਦੇ ਨਾਲ ਜਗਤ ਦੇ ਮੂਲ ਕਾਰਨ ਕਰਤਾਰ ਵਾਹਿਗੁਰੂ ਜੀ ਨੂੰ ਵੇਖ ਲਿਆ, (ਜਿਸ ਦੇ ਦਰਸ਼ਨ ਨਾਲ) ਸਾਰਾ ਭਰਮ |

| | |
|---|---|
| **ਭਰਮੁ ਸਭੁ ਛੁਟਕ੍ਯਾ ਦਿਬ੍ਯ ਦ੍ਰਿਸ੍ਟਿ ਕਾਰਣ ਕਰਣੰ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥੩॥ ੩੨॥** | (ਉਹਨਾਂ ਦਾ) ਦੂਰ ਹੋ ਗਿਆ ਹੈ। (ਜਿਸ) ਸਤਿਗੁਰੂ (ਰਾਮਦਾਸ ਜੀ ਦੀ) ਗਤੀ ਅਲਖ ਹੈ ਤੇ ਜੋ ਭਵਸਾਗਰ ਤੋਂ ਆਪ ਤਰੇ ਤੇ ਹੋਰਨਾਂ ਨੂੰ ਤਾਰਨਹਾਰ ਹਨ (ਓਸ) ਸਤਿਗੁਰੂ ਜੀ ਨੂੰ ਸੇਵਨ ਕਰ॥੩॥੩੨॥ |

**ਪਦਾਰਥ**—ਅਗਮ-ਡੂੰਘਾ, ਅਥਾਹ। ਸਾਗਰੁ-ਸਮੁੰਦਰ। ਤੁਲਹਾ-ਜਹਾਜ਼। ਭਗਾ-ਭੱਜ ਗਿਆ। ਹੀਐ-ਹਿਰਦੇ। ਉਚ-ਉੱਚੀ। ਲੋਭੁ-ਧਨ ਕੱਠੇ ਕਰਨ ਦਾ। ਲਾਲਚੁ-ਖਾਣ ਦੀ ਲਾਲਸਾ ਬਹੁਤੀ। ਬ੍ਰਿਥਾ-ਪੀੜਾ। ਅਵਲੋਕ੍ਯਾ-ਦੇਖਿਆ। ਛੁਟਕ੍ਯਾ-ਛੁਟ ਗਿਆ। ਦਿਬ੍ਯ-ਦੈਵੀ।

**ਭਾਵ**—ਸਤਿਗੁਰੂ ਧੁਰ ਤੋਂ ਆਇਆ ਹੈ, ਓਸ ਦਾ ਬਿਰਦ ਹੈ "ਤਾਰਨਹਾਰ", ਸੋ ਜੀਵਾਂ ਪੁਰ ਸਤਿਗੁਰੂ ਮੇਹਰ ਕਰਕੇ ਜਦ ਨਾਮ ਦੀ ਦਾਤ ਬਖਸ਼ਦੇ ਹਨ, ਤਦ ਜੋ ਕੁਛ ਦੈਵੀ ਜੀਵਨ ਇਸ ਮਾਨੁਖ ਦੇ ਅੰਦਰ ਆ ਪ੍ਰਵੇਸ਼ ਕਰਦਾ ਹੈ ਉਸ ਨੂੰ ਕਵੀ ਜੀ ਆਪਣੇ ਨਾਲ ਵਰਤੇ ਜੀਵਨ ਦੁਆਰਾ ਗੁਰੂ ਮਹਿਮਾਂ ਪ੍ਰਗਟ ਕਰਦੇ ਹਨ। ਭਵ ਸਾਗਰ ਸੰਸਾਰ ਅਥਾਹ ਹੈ, ਇਸਤੇ ਅਪਣੇ ਆਪ ਆਪੇ ਦੇ ਜਤਨ ਨਾਲ ਤਰਨਾ ਅਤਿ ਕਠਿਨ ਹੈ, ਸੋ ਦੂਜੇ ਆਸਰੇ ਦੀ ਲੋੜ ਹੈ ਅਰ ਐਸੇ ਆਸਰੇ ਦੀ ਲੋੜ ਹੈ ਜੋ ਸਾਨੂੰ ਆਪਣੇ ਲੜ ਲਾ ਭਉਜਲੋਂ ਪਾਰ ਕਰੇ। ਐਸੀ ਬਰਕਤ ਵਾਲਾ ਸਤਿਗੁਰੂ ਹੈ ਜੋ ਆਪ ਤਰ ਗਿਆ ਹੈ ਤੇ ਹੋਰਨਾਂ ਨੂੰ ਤਾਰ ਰਿਹਾ ਹੈ, ਓਸਦਾ ਪਵਿਤ੍ਰ ਨਾਮ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹੈ, ਜਿਨ੍ਹਾਂ ਦੀ ਗਤੀ ਲਖੀ ਨਹੀਂ ਜਾਂਦੀ, ਸੋ ਉਨ੍ਹਾਂ ਦੇ ਭੇਤ ਲੈਣ ਦਾ ਖਿਆਲ ਛੱਡਕੇ ਤੂੰ ਸੇਵਾ ਕਰ।

ਇਹ ਤਿੰਨ ਗੱਲਾਂ ਜਗਜਾਸੂ ਲਈ ਅਤਿ ਜ਼ਰੂਰੀ ਹਨ:-(੧) ਇਹ ਕਿ ਭਵਜਲ ਤੋਂ ਤਰਨ ਲਈ ਉਸ ਦੀ ਟੇਕ ਫੜੇ ਜੋ ਆਪ ਤਰਿਆ ਹੋਵੇ ਤੇ ਦੂਜੇ ਦੇ ਤਾਰਨ ਨੂੰ ਸਮਰੱਥ ਹੋਵੇ। (੨) ਇਹ ਕਿ ਉਸ ਦੇ ਭੇਤਾਂ ਦੇ ਲੈਣ ਦਾ ਜਤਨ ਨਾ ਕਰੇ। ਕਾਰਨ ਇਹ ਹੈ ਕਿ ਓਹ ਸਤਿਗੁਰੂ ਧੁਰ ਤੋਂ ਆਇਆ ਹੈ, ਉਸ ਦੀ ਅਗਾਧ ਗਤੀ ਹੈ, ਉਸ ਦੇ ਚੋਜ ਨਿਆਰੇ ਹਨ, ਓਹਦੇ ਵਰਤਾਰੇ, ਅਦਭੁਤ ਹਨ, ਉਹ ਪਾਰ ਦੁਸਾਰ ਦਾ ਜਾਣੂ ਹੈ, ਓਹ ਦੀਨ ਦੁਨੀਆਂ ਦੇ ਮੂਲ ਕਾਰਨਾਂ ਦੇ ਕਾਰਨ ਬ੍ਰਹਮ ਪਦ ਦੇ ਗੁਰੂ ਬਿਰਦ ਤੋਂ ਮਾਨੁੱਖ ਤਨ ਧਾਰ ਆਇਆ ਹੈ। ਇਹ ਜੀਵ ਕਰਮ ਵਸ ਚੌਰਾਸੀ ਦਾ ਬੰਦਾ ਹੈ, ਇਸ ਦੀ ਬੁਧੀ ਤ੍ਰੱਕੜੀ ਤੇ ਵਿਚਾਰ ਦਾ ਵੱਟਾ ਸਤਿਗੁਰੂ ਜੀ ਦੇ 'ਗਿਆਨ' ਨੂੰ ਤੋਲਣ ਲਈ ਅਸਮਰਥ ਹੈ, ਇਸ ਲਈ ਤਰਕ ਵਿਤਰਕ ਪੁਰਖਾਂ ਤੇ ਪਤੀਏ ਛੱਡਕੇ ਇਹੋ ਕਰ ਕਿ ਸ਼ਰਣਾਗਤ ਹੋ। (੩) ਸੇਵਾ ਕਰੇ, ਸੇਵਾ ਦੀ ਲੋੜ ਸਤਿਗੁਰੂ ਨੂੰ ਨਹੀਂ, ਇਸ ਮਾਨੁੱਖ ਨੇ ਆਪਣੇ ਭਲੇ ਲਈ ਕਰਨੀ ਹੈ, ਹਾਂ ਸੇਵਾ ਦਾ ਮੇਵਾ ਮਿਹਨਤ ਦਾ ਨਤੀਜਾ ਨਹੀਂ, ਓਹ ਬਖਸ਼ਿਸ਼ ਹੈ ਤੇ ਉਸ ਬਖਸ਼ਿਸ਼ ਦਾ ਨਾਮ ਮਾਨੁਖੀ ਬੋਲੀ ਵਿਚ ਗੁਰ ਉਪਦੇਸ਼ ਹੈ, ਨਾਮ ਦੀ ਦਾਤ ਹੈ ਜੋ ਸਤਿਗੁਰੂ ਜੀ ਨੇ ਆਪਣੇ ਨਾਮ ਖਜ਼ਾਨੇ ਵਿਚੋਂ ਇਸ ਦੇ ਮੁਖ ਵਿਚ ਪਾਉਣਾ ਹੈ। ਮੁਖ ਪਾਉਣਾ ਤੋਂ ਭਾਵ ਹੈ ਕਿ ਜਤਨ ਸਾਧਨ ਨਾਲ ਜੋ ਨਾਮ ਸਿਮਰਨਾ ਹੈ ਓਹ ਤਰੱਦਦ ਦੇ ਜਤਨ ਨਾਲ ਜਪਣਾ ਹੈ ਜੋ ਸਤਿਗੁਰੂ ਨੇ ਮੁਖ ਪਾਉਣਾ ਹੈ ਓਹ ਬਖਸ਼ਸ਼ ਹੈ, ਓਹ ਸਾਂਈਂ ਦਰ ਤੋਂ ਆਈ ਦਾਤ ਹੈ, ਜਿਸ ਦਾ ਅਸਰ ਇਹ ਹੋਣਾ ਹੈ, ਰਸਨਾ ਤੇ ਨਾਮ ਸੁਤੇ ਸਫੁਰਨ ਹੋਣਾ ਹੈ। ਰਸ ਆਨੰਦ, ਉਮਾਹ, ਖੇੜਾ, ਸਹਜ, ਦਿਲੀ ਠੰਢ, **"ਛਾਤੀ ਸੀਤਲ ਮਨ ਸੁਖੀ"** ਵਾਲੀ ਦਸ਼ਾ ਜਿਸ ਨਾਮ ਤੋਂ ਮਿਲਨੀ ਹੈ, ਓਹ ਸਤਿਗੁਰੂ ਦਾ ਮੁਖ ਪਾਇਆ ਨਾਮ ਹੈ, ਇਹੋ ਭਵਜਲ ਤੋਂ ਪਾਰ ਕਰਤਾ ਜਹਾਜ਼ ਹੈ। ਮੂਲ ਪਾਠ ਵਿਚ ਤੁਲਹਾ ਹੈ, ਤੁਲਹਾ ਆਮ ਕਰਕੇ ਕਾਨੇ ਆਦਿ ਬੰਨ੍ਹਕੇ

ਪਾਣੀ ਤੋਂ ਪਾਰ ਕਰਨ ਵਾਲੇ ਛੋਟੇ ਜਿਹੇ ਆਸਰੇ ਨੂੰ ਆਖਦੇ ਹਨ, ਪਰ ਇਥੇ ਪਹਿਲਾਂ (ਸਾਗਰ) ਸਮੁੰਦਰ ਕਿਹਾ ਹੈ, ਸੋ ਸਮੁੰਦਰ ਤੋਂ ਜਹਾਜ਼ ਹੀ ਪਾਰ ਲੰਘਾਂਦੇ ਹਨ, ਇਸ ਲਈ (ਤੁਲਹਾ) ਦਾ ਅਰਥ ਓਹ ਆਸਰਾ ਕੀਤਾ ਹੈ, ਜੋ ਸਮੁੰਦਰ ਤੋਂ ਪਾਰ ਕਰੇ, ਸੋ ਜਹਾਜ਼ ਹੈ, ਸੋ ਵਾਹਿਗੁਰੂ ਨਾਮ ਹੀ ਤਾਰਨਹਾਰ ਜਹਾਜ਼ ਹੈ। ਇਸ ਗੱਲ ਦੀ ਪੂਰਨ ਪ੍ਰਤੀਤ ਜਿਨ੍ਹਾਂ ਦੇ ਦਿਲ ਵਿਚ ਆਈ ਉਹਨਾਂ ਦੀ ਪਦਵੀ ਉੱਚੀ ਹੈ, ਉਹਨਾਂ ਦਾ ਦਰਜਾ ਸਰਬੋਤਮ ਹੈ। ਸੰਤ ਜਨਾਂ ਵਿਚ ਇਹ ਪ੍ਰਸਿੱਧ ਗੱਲ ਹੈ ਕਿ ਜਿੰਨਾਂ ਕਿਸੇ ਸਾਧ ਦਾ ਵਾਹਿਗੁਰੂ ਨਾਮ ਪੁਰ ਵਧੀਕ ਭਰੋਸਾ ਹੈ, ਓਹ ਸੰਤ ਜਨ ਉੱਨਾਂ ਹੀ ਉੱਚਾ ਹੈ। ਅੱਗੇ ਦੱਸਿਆ ਹੈ ਕਿ ਕਾਮ ਕ੍ਰੋਧ ਆਦਿ ਵਿਕਾਰ ਸਿਮਰਨ ਵਾਲੇ ਗੁਰਸਿਖ ਨੂੰ ਛੱਡ ਗਏ, ਵਾਹਿਗੁਰੂ ਦਰਸ਼ਨ ਉਸ ਨੂੰ ਪ੍ਰਾਪਤ ਹੋ ਗਏ, ਓਹ ਜਨਮ ਮਰਨ ਤੋਂ ਛੁਟਕੇ ਮੁਕਤਿ ਪਦ ਜਾ ਪੁੱਜਾ॥੩॥੩੨॥

| ਮੂਲ | ਅਰਥ |
|---|---|
| ਪਰਤਾਪੁ ਸਦਾ ਗੁਰ ਕਾ ਘਟਿ ਘਟਿ ਪਰਗਾਸੁ ਭਯਾ ਜਸੁ ਜਨ ਕੈ॥ ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ੍ਨਾਨੁ ॥ ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ॥ ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯਾਨੁ ਧਰੰ॥ ਜਗਜੀਵਨੁ ਜਗੰਨਾਥੁ ਜਲ ਥਲ ਮਹਿ ਰਹਿਆ ਪੂਰਿ ਬਹੁ ਬਿਧਿ ਬਰਨੰ ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੪॥੩੩॥ | (ਆਦ੍ਰਿਸ਼ਜ ਰੂਪ ਕਰਕੇ ਤਾਂ) ਸਤਿਗੁਰ ਜੀ ਦਾ ਪਰਤਾਪ ਸਦਾ ਹੀ ਘਟਾਂ ਵਿਚ (ਵਿਆਪ ਰਿਹਾ) ਹੈ, ਪਰ ਪ੍ਰਗਟ ਮਹਿਮਾਂ ਭਗਤ ਜਨਾਂ ਵਿਚ ਹੈ (ਜੋ ਇਉਂ ਹੈ-) ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਇਕ (ਗੁਰਬਾਣੀ ਦਾ) ਪਾਠ ਕਰਦੇ ਹਨ, ਇਕ ਕੀਰਤਨ ਗਾਉਂਦੇ ਹਨ, ਇਕ ਸੁਣਦੇ ਹਨ। (ਹੋਰ ਕਈ ਪ੍ਰੇਮੀ) ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਪਵਿੱਤ੍ਰ ਮਨ ਨਾਲ ਵਿਧੀ ਸਹਿਤ ਸਤਿਗੁਰੂ ਜੀ ਦੀ ਪੂਜਾ ਕਰਦੇ ਹਨ। ਦਿੱਵਜ ਜਯੋਤੀ ਸਤਿਗੁਰੂ ਜੀ ਦਾ ਧਯਾਨ ਕ੍ਰਕੇ (ਉਹਨਾਂ ਦੀ ਅਗੰਮੀ ਛੋਹ ਨਾਲ ਛੋਹਕੇ ਇਉਂ ਨੂਰੋ ਨੂਰ ਹੋ ਜਾਂਦੇ ਹਨ ਜੀਕੁਣ) ਪਾਰਸ ਨਾਲ ਛੋਹਕੇ ਸੋਨਾਂ ਹੋ ਜਾਂਦਾ ਹੈ। ਜਗਤ ਦਾ ਜੀਵਨ ਸੰਸਾਰ ਦਾ ਮਾਲਕ ਜੋ ਜਲਾਂ ਥਲਾਂ ਵਿਚ ਵਿਆਪਕ ਹੈ ਇਹ ਬਹੁਤ ਤਰ੍ਹਾਂ ਦੇ (ਬਰਨੰ) ਚੋਜ (ਉਸ ਦੇ) ਹਨ। ਸ੍ਰੀ ਸਤਿਗੁਰੂ ਰਾਮਦਾਸ ਜੀ ਦੀ ਗਤੀ ਅਲਖ ਹੈ, ਪਰ ਓਹ ਸੰਸਾਰ ਤੋਂ ਤਾਰਨ ਲਈ ਜੰਹਾਜ਼ ਰੂਪ ਹਨ। ਉਸ ਗੁਰੂ ਜੀ ਦੀ ਤੂੰ ਸੇਵਾ ਕਰ, ਜਿਸ ਨਾਲ ਤੂੰ ਭੀ ਭਉਜਲੋਂ ਪਾਰ ਹੋ ਜਾਵੇਂ॥੪॥੩੩॥ |

**ਪਦਾਰਥ**—ਕੰਚਨੁ-ਸੋਨਾਂ। ਪਰਸਿ-ਛੋਹ ਕੇ। ਅਲਖ-ਜੋ ਲਖਿਆ ਨਾ ਜਾਵੇ। ਗਤਿ-ਲੀਲ੍ਹਾ, ਦਸ਼ਾ।

**ਭਾਵ**—ਸਤਿਗੁਰੂ ਜੀ ਜੋਤ ਰੂਪ ਹਰੀ ਤੋਂ ਆਏ ਹਨ ਸੋ ਨਿਰਗੁਣ ਸਰਗੁਣ ਦੋਵੇਂ ਰੰਗ ਸਤਿਗੁਰੂ ਜੀ ਦੇ ਆਪਣੇ ਹਨ। ਇਕ ਪਾਸੇ ਤਾਂ ਜਗਤ ਦੇ ਪ੍ਰਾਣ, ਜੀਵਨ, ਜਗਤ ਦੇ ਮਾਲਕ ਤੇ ਸਰਬ ਵਿਆਪੀ ਹਨ, ਦੂਜੇ ਪਾਸੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸ੍ਵਰੂਪ ਹੋਕੇ ਪ੍ਰਤੱਖ ਜੋਤ ਜਗਾਈ ਬੈਠੇ ਹਨ। ਸੋ ਜੀਕੁਣ ਗੁਪਤ ਪ੍ਰਗਟ ਦੋਵੇਂ ਰੂਪ ਆਪ ਜੀ ਦੇ ਹੀ ਹਨ, ਤਿਵੇਂ ਸਰਬ ਸਮਾਨ ਰੂਪ ਕਰਕੇ ਆਪ ਦਾ ਪ੍ਰਤਾਪ ਘਟਾਂ ਘਟਾਂ ਵਿਚ ਭੀ ਵਿਆਪ ਰਿਹਾ ਹੈ ਤੇ ਪ੍ਰੇਮੀ ਜਨਾਂ ਵਿਚ ਓਹ ਜਸ ਪ੍ਰਗਟ ਭੀ ਹੋ ਰਿਹਾ ਹੈ। ਅਰਥਾਤ ਸਤਿਗੁਰੂ ਸਰਬ ਵਿਆਪਕ ਹਨ, ਇਸ ਲਈ ਸਰਬੱਤ ਘਟਾਂ ਘਟਾਂ

ਵਿੱਚ ਜਸ ਭੀ ਵਿਆਪਕ ਹੈ। ਸਤਿਗੁਰੂ ਸਰਗੁਣ ਰੂਪ ਵਿਚ ਮੂਰਤੀਮਾਨ ਹਨ, ਆਪ ਨੇ ਗੁਰਬਾਣੀ ਪ੍ਰਗਟ ਕੀਤੀ ਹੈ ਜੋ ਸਿਫਤ ਸਲਾਹ ਰੂਪ ਹੈ, ਜਿਸ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਪ੍ਰੇਮੀ ਜਨ ਪੜ੍ਹਦੇ ਹਨ, ਕੀਰਤਨ ਵਿਚ ਗਾਂਵਦੇ ਹਨ, ਕਈ ਸੁਣਦੇ ਹਨ, ਐਉਂ ਜਾਪਦਾ ਹੈ ਕਿ ਸਤਿਗੁਰੂ ਜੀ ਦੇ ਪ੍ਰਤਾਪ ਦਾ ਸੂਰਜ ਪ੍ਰਤੱਖ ਦਰਸ਼ਨ ਦੇ ਰਿਹਾ ਹੈ, ਇਉਂ ਬਾਹਰ ਭੀ ਪ੍ਰਤਾਪ ਫੈਲ ਰਿਹਾ ਹੈ। ਫੇਰ ਹੋਰ ਪ੍ਰੇਮੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਦਿੱਬਜ ਜੋਤੀ ਸ੍ਰੂਪ ਸਤਿਗੁਰੂ ਜੀ ਦਾ ਧਿਆਨ ਧਰਦੇ ਹਨ, ਜਿਨ੍ਹਾਂ ਦੀ ਛੋਹ ਨਾਲ ਉਹਨਾਂ ਦਾ ਅੰਦਰਲਾ ਜਯੋਤੀ ਮਯ ਹੋ ਜਾਂਦਾ ਹੈ। ਗਯਾਨੀ "**ਪਰਤਾਪੁ ਸਦਾ ਗੁਰ ਕਾ**" ਦਾ ਇਉਂ ਭੀ ਅਰਥ ਕਰਦੇ ਹਨ ਕਿ ਸਤਿਗੁਰਾਂ ਦੇ ਜਸ ਦਾ ਪ੍ਰਤਾਪ ਜਨਾਂ ਦੇ ਘਟ ਘਟ ਵਿਚ ਸਦਾ ਹੀ ਪ੍ਰਗਟ ਹੁੰਦਾ ਆਇਆ ਹੈ। ਏਸੇ ਤਰ੍ਹਾਂ "**ਕੰਚਨੁ ਤਨੁ ਹੋਇ ਪਰਸਿ ਪਾਰਸ ਕਉ**" ਦਾ ਅਰਥ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪਾਰਸ ਨਾਲ ਛੋਹਕੇ (ਕੰਚਨ) ਸੋਨਾਂ (ਤਨੁ) ਰੂਪ ਹੋ ਗਏ ਹਨ ਤੇ ਜੋਤੀ ਰੂਪ ਵਾਹਿਗੁਰੂ ਜੀ ਦਾ ਧਿਆਨ ਧਰਦੇ ਹਨ। ਫੇਰ 'ਬਹੁ ਬਿਧਿ ਬਰਨੰ' ਦਾ ਅਰਥ ਕਰਦੇ ਹਨ ਕਿ "ਜਿਸ ਦਾ ਸ਼ਾਸ਼ਤ੍ਰਕਾਰ ਬਹੁਤ ਤਰ੍ਹਾਂ ਕਰਕੇ ਵਰਣਨ ਕਰਦੇ ਹਨ"। ਇਹ ਚਾਰ ਛੰਦ ਇਕ ਸਮੱਸਯਾ ਦੀ ਪੂਰਤੀ ਹੈ ਜੋ ਅੰਤਲੀ ਤੁਕ ਪਰ ਸਾਰੇ ਸਮਾਪਤ ਹੋਏ ਹਨ, ਇਹ ਕਾਵ੍ਯ ਦਾ ਅਦਭੁਤ ਚਮਤਕਾਰ ਹੈ॥੪॥੩੩॥

| ਮੂਲ | ਅਰਥ |
|---|---|
| **ਜਿਨਹੁ ਬਾਤ ਨਿਸ੍ਚਲ ਧ੍ਰਅ ਜਾਨੀ ਤੇਈ ਜੀਵ ਕਾਲ ਤੇ ਬਚਾ ॥ ਤਿਨ੍ ਤਰਿਓ ਸਮੁਦ੍ਰੁ ਰੁਦ੍ਰੁ ਖਿਨ ਇਕ ਮਹਿ ਜਲਹਰ ਬਿੰਬ ਜੁਗਤਿ ਜਗੁ ਰਚਾ॥ ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥ ਸਿਰੀ ਗੁਰੂ ਸਾਹਿਬੁ ਸਭ ਊਪਰਿ ਮਨ ਬਚ ਕ੍ਰੰਮ ਸੇਵੀਐ ਸਚਾ ॥ ੫ ॥੩੪॥** | ਧ੍ਰੂਅ ਜੀ (ਵਾਂਗ) ਜਿਨ੍ਹਾਂ ਨੇ (ਸਤਿਗੁਰੂ ਜੀ ਦੀ) ਬਾਣੀ ਪੱਕੇ ਸਿਦਕ ਨਾਲ ਸਮਝੀ ਹੈ ਉਹ ਜੀਵ ਮੌਤ ਤੋਂ ਬੱਚ ਗਿਆ। ਓਹ ਭਿਆਨਕ ਸੰਸਾਰ ਸਮੁੰਦਰ ਤੋਂ ਇਕ ਖਿਨ ਵਿਚ ਪਾਰ ਹੋ ਗਿਆ, (ਉਸ ਨੇ ਤੱਕਿਆ ਕਿ) ਪਾਣੀ ਦੇ ਬੁਦਬੁਦੇ ਵਾਂਗ ਵਾਹਿਗੁਰੂ ਜੀ ਨੇ ਜਗਤ ਨੂੰ ਰਚਿਆ ਹੈ। ਸਤਿਸੰਗਤ ਦੇ ਪ੍ਰਤਾਪ ਕਰ ਉਹਨਾਂ ਦੀ ਜੜ੍ਹ ਚੇਤਨ ਦੀ ਬੱਝੀ ਹੋਈ ਗੰਢ ਖੁਲ੍ਹ ਗਈ ਤੇ ਗੁਰੂ ਦੁਵਾਰੇ ਪਰਮਾਂਨੰਦ ਨੂੰ ਪਾਏ ਓਹ ਮਸਤ ਹੋ ਗਏ। ਸਭ ਤੋਂ ਉੱਚੇ ਸ੍ਰੀ ਸਤਿਗੁਰੂ ਜੀ ਨੂੰ ਮਨ, ਬਾਣੀ ਤੇ ਸ਼ਰੀਰ ਕਰਕੇ ਸੇਵੀਐ, (ਇਹੋ ਹੀ) ਸਚਾ (ਕਲਯਾਨ ਦਾ ਮਾਰਗ) ਹੈ॥੫॥੩੪॥ |

**ਪਦਾਰਥ**—ਬਾਤ-ਬਾਣੀ। ਰੁਦ੍ਰੁ-ਭਿਆਨਕ, ਮੁਸ਼ਕਲ। ਜੁਗਤਿ-ਤਰ੍ਹਾਂ। ਕੁੰਡਲਨੀ-ਜੜ ਚੇਤਨ ਦੇ ਸੰਜੋਗ ਦੀ ਗੰਢ, ਤਥਾ ਹਠ ਯੋਗ ਵਿਚ ਇਕ ਨਾੜੀ ਦਾ ਭੀ ਨਾਮ ਹੈ। ਸੁਰਝੀ-(ਗੰਢ) ਖੁਲ੍ਹ ਗਈ ਜਾਂ ਸਿੱਧੀ ਹੋ ਗਈ। ਮਚਾ-ਮਸਤ, ਪੀਤਾ, ਪ੍ਰਸੰਨ। ਬਚ-ਬਾਣੀ। ਕ੍ਰੰਮ-ਸਰੀਰ।

**ਭਾਵ**—ਸਤਿਗੁਰੂ ਜੀ ਦੇ ਅੰਮ੍ਰਿਤ ਬਚਨ ਤੇ ਸਤਿਸੰਗ ਪ੍ਰਭਾਵ ਨੂੰ ਕਵੀ ਜੀ ਦੱਸਦੇ ਹਨ। ਸ੍ਰੀ ਮਾਨ ਧ੍ਰੂਅ ਭਗਤ ਜੀ ਨੇ ਜਿਸ ਪਕਿਆਈ ਨਾਲ ਸਤ ਉਪਦੇਸ਼ ਕਮਾਇਆ ਹੈ ਓਸੇ ਤਰ੍ਹਾਂ ਦੇ ਦ੍ਰਿੜ ਵਿਸ਼ਵਾਸ਼ ਨਾਲ ਜਿਨ੍ਹਾਂ ਨੇ ਸਤਿਗੁਰੂ ਜੀ ਦੇ ਉਪਦੇਸ਼ ਨੂੰ ਕਮਾਇਆ ਹੈ, ਉਹ ਮੌਤ ਤੋਂ ਪਾਰ ਹੋ ਗਿਆ। ਇਸੇ ਭਾਵ ਪਰ ਇਹ ਬਚਨ ਹੈ :-

"**ਰਾਮ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥**"(੩੩੭)

ਤਥਾ-"**ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ॥**"(੮੩੦)

ਦੂਜਾ ਭਾਵ ਇਹ ਬੀ ਪ੍ਰਤੀਤ ਹੁੰਦਾ ਹੈ ਕਿ ਅਕਾਸ਼ ਮੰਡਲ ਵਿਚ ਜੀਕੁਣ ਧ੍ਰੂਅ ਤਾਰਾ (ਨਿਸ਼ਚਲ) ਅਡੋਲ ਹੈ। ਭਾਵ ਆਪਣੀ ਥਾਂ ਬਦਲਦਾ ਨਜ਼ਰ ਨਹੀਂ ਪੈਂਦਾ, ਇਸ ਤਰ੍ਹਾਂ ਸਤਿਗੁਰੂ ਜੀ ਦੇ ਸਤ ਉਪਦੇਸ਼ ਅਡੋਲ ਹਨ। ਯਥਾ:-"**ਸਾਧ ਬਚਨ ਅਟਲਾਧਾ**"। ਜਿਨ੍ਹਾਂ ਨੇ ਐਉਂ ਦ੍ਰਿੜ ਨਿਸਚੇ ਨਾਲ ਗੁਰਬਾਣੀ ਸਮਝੀ ਹੈ, ਓਹ ਇਸ ਭਉਜਲ ਸੰਸਾਰ ਤੋਂ ਇਕ ਖਿਨ ਵਿਚ ਪਾਰ ਹੋ ਗਏ, ਉਹਨਾਂ ਨੂੰ ਇਹ ਦ੍ਰਿਸ਼ਟ ਪ੍ਰਾਪਤ ਹੋ ਗਈ ਕਿ-"**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥ ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ।**"(੪੮੫) ਉਨ੍ਹਾਂ ਦੀ ਚੇਤਨ ਤੇ ਜੜ੍ਹ ਦੀ ਪਈ ਹੋਈ ਗੰਢ ਜੋ ਜਨਮ ਮਰਨ ਦੇ ਚੱਕਰ ਦਾ ਕਾਰਨ ਹੈ, ਓਹ ਖੁਲ੍ਹ ਗਈ, ਉਨ੍ਹਾਂ ਦਾ ਆਪਾ ਇਸ ਮਾਯਕ ਰਚਨਾਂ ਦਾ ਸਾਖੀ ਹੋ ਪ੍ਰਕਾਸ਼ਿਆ ਤੇ ਗੁਰੂ ਦੁਆਰੇ ਪਰਮਾਨੰਦ ਨੂੰ ਪਾਕੇ ਓਹ ਪਰਮ ਆਨੰਦੀ ਹੋ ਗਏ। ਕਿਸੇ ਪੂਰਨ ਬੇਖ਼ੁਦੀ ਵਿਚ ਝੂਟਨ ਵਾਲੇ ਨੂੰ ਆਖਦੇ ਹਨ "ਇਹ ਮਚਿਆ ਹੋਇਆ ਹੈ।" ਹਠਯੋਗ ਦੇ ਖਿਆਲ ਨਾਲ ਮਚਾ ਦਾ ਅਰਥ ਗਜਾਨੀ ਐਉਂ ਬੀ ਕਰਦੇ ਹਨ ਕਿ ਕੁੰਡਲਨੀ ਨਾਮੇ ਇਕ ਨਾੜੀ ਹੈ, ਜਿਸ ਨੇ ਪਰਮਾਨੰਦ ਦੇ ਦੁਆਰ ਨੂੰ ਰੋਕਿਆ ਹੋਇਆ ਹੈ। ਜਦੋਂ ਸਤਿਸੰਗ ਪ੍ਰਭਾਵ ਕਰਕੇ ਓਹ ਕੁੰਡਲਨੀ ਨਾੜੀ ਜੋ ਕੁੰਡਲ ਵਾਂਙੂ ਵਲ ਮਾਰਕੇ ਸੁੱਤੀ ਪਈ ਹੈ, ਓਹ (ਸੁਰਝੀ) ਸਿੱਧੀ ਹੋ ਗਈ ਤਾਂ ਪਰਮਾਨੰਦ ਦਾ '**ਸੁਖਮਨਾ**' ਨਾਮ ਵਾਲਾ ਰਸਤਾ ਖੁੱਲ੍ਹ ਗਿਆ। ਜਦੋਂ ਓਹ ਰਾਹ ਖੁੱਲ੍ਹਾ ਤਾਂ ਪਰਮ ਆਨੰਦ ਰੂਪ **ਅੰਮ੍ਰਿਤ** ਦਾ ਪ੍ਰਵਾਹ ਚਲਿਆ, ਜਿਸ ਨੂੰ ਜਗਜਾਸੂ ਨੇ ਮਚਾ-ਪੀਤਾ। ਜਿਸ ਸਤਿਗੁਰੂ ਜੀ ਦੀ ਮਨ ਕਰਕੇ ਇਹ ਸੇਵਾ ਕਰੀਏ ਕਿ ਉਹਨਾਂ ਦੀ ਰਜ਼ਾ ਤੇ ਬਚਨਾਂ ਵਿਚ ਮਨ ਨੂੰ ਲੀਨ ਕਰੀਏ, ਬਾਣੀ ਕਰਕੇ ਇਹ ਸੇਵਾ ਕਰੀਏ ਕਿ ਰਸਨਾਂ ਨਾਲ ਉਹਨਾਂ ਦੇ ਸਨਮੁਖ ਸਤਿਕਾਰ ਨਾਲ ਬੋਲੀਏ, ਉਹਨਾਂ ਦੀ ਸਿਫਤ ਸਲਾਹ ਕਰੀਏ ਤੇ ਸਰੀਰ ਉਹਨਾਂ ਦੀ ਸੇਵਾ ਵਿਚ ਲਾਈਏ। ਯਥਾ-"**ਜਲੁ ਢਵਉ ਇਹ ਸੀਸ ਕਰਿ ਕਰ ਪਗ ਪਖਲਾਵਉ।**"(੮੧੩)

ਨੋਟ-"**ਜਲ ਹਰਬਿੰਬ ਜੁਗਤਿ ਜਗੁ ਰਚਾ।**" ਇਸ ਬਚਨ ਦਾ ਇਉਂ ਅੰਨਵੈ ਹੈ ਕਿ (ਹਰਿ) ਹਰੀ ਨੇ (ਜਲਬਿੰਬ) ਪਾਣੀ ਦੇ ਬੁਦਬੁਦੇ (ਜੁਗਤਿ) ਵਾਂਗ ਜਗਤ ਨੂੰ ਰਚਿਆ ਹੈ। ਦੂਜਾ ਅਰਥ ਐਉਂ ਬੀ ਪ੍ਰਤੀਤ ਹੁੰਦਾ ਹੈ, 'ਜਲਹਰ' ਦਾ ਅਰਥ ਬੱਦਲ ਹੈ। ਬੱਦਲ ਵਰਸਨ ਵੇਲੇ ਜੀਕੁਣ ਬੁਦਬੁਦੇ ਉਠਦੇ ਹਨ ਤੇ ਲੀਨ ਹੁੰਦੇ ਹਨ, ਤਿਵੇਂ ਜਗਤ ਦੀ ਰਚਨਾ ਹੈ। ਸੰਸਕ੍ਰਿਤ ਦੇ 'ਜਲਧਰ' ਪਦ ਤੋਂ 'ਜਲਹਰ' ਬਣਿਆ ਹੈ। ਯਥਾ:-

"ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ॥"(੧੨੮੦)॥੫॥੩੪॥

| ਮੂਲ | ਅਰਥ |
|---|---|
| **ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥ ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥** | ਹੇ ਵਾਹਿਗੁਰੂ! ਹੇ ਵਾਹਿਗੁਰੂ! ਹੇ ਵਾਹਿਗੁਰੂ! ਤੂੰ ਹੀ ਇਕ (ਵਾਹ-) ਧੰਨਜਤਾ ਯੋਗ ਹੈਂ। (ਪ੍ਰਸ਼ਨ-ਕੀ ਕ੍ਰਿਸ਼ਨ ਦੇਵ ਉਹ ਵਾਹਿਗੁਰੂ ਨਹੀਂ? ਜਿਸ ਦੀਆਂ) ਕੌਲ ਫੁਲ ਜੇਹੀਆਂ ਅੱਖਾਂ ਹਨ, ਮਿੱਠੇ ਬੋਲ ਹਨ, ਕਿਲ੍ਹੇ ਵਾਂਗ ਘੇਰਾ ਘੱਤੀ ਸੈਨਾਂ ਨਾਲ ਸੁਹਾ ਰਹੀ ਹੈ, (ਜਿਸ ਨੂੰ) ਮਾਤਾ ਜਸੋਧਾ ਜੀ ਦਹੀਂ ਚਾਵਲ ਖਾਣ ਲਈ ਸੱਦ ਰਹੀ ਹੈ। ਡਾਢਾ ਸੁਹਣਾ ਸਰੂਪ ਦੇਖਕੇ ਬੜੇ ਮੋਹ ਵਿਚ ਮਾਤਾ ਮਗਨ ਹੋ ਰਹੀ ਹੈ, ਖੇਡ |

| | |
|---|---|
| **ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ ਈਸੁ ਬੰਮ੍ਯੁ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ ॥ ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੧॥੬॥੩੫॥** | ਪਾਉਣ ਲਈ ਦੌੜਨ ਵੇਲੇ ਤੜਾਗੀ ਦੀਆਂ ਘੁੰਘਰੀਆਂ ਦੀ ਵਾਜ ਦੀ ਝੁਨਕਾਰ ਹੋ ਰਹੀ ਹੈ? (ਉਤਰ-ਕ੍ਰਿਸ਼ਨ ਦੇਵ ਜੀ ਓਹ ਨਹੀਂ ਪਰ ਜਿਸਦੇ) ਹੁਕਮ ਰੂਪੀ ਹੱਥ ਵਿਚ ਕਾਲ ਰੂਪੀ ਕਲਮ ਫੜੀ ਹੈ, ਕਹੋ (ਉਸਦੇ ਘੱਲੇ ਕਾਲ ਨੂੰ) ਕੌਣ ਮੇਟ ਸਕਿਆ ਹੈ? (ਕ੍ਰਿਸ਼ਨ ਕਿ) ਸ਼ਿਵ ਕਿ ਬ੍ਰਹਮਾ? ਜੋ ਕਿ ਗਿਆਨ ਤੇ ਧਿਆਨ (ਦੁਆਰੇ) ਹਿਰਦੇ ਵਿਚ (ਮਿਲਣ ਦੀ) ਚਾਹ ਧਾਰਦੇ ਹਨ। (ਹਾਂ ਤਿੰਨਾਂ ਕਾਲਾਂ ਵਿਚ) ਜੋ ਸੱਤ ਹੈ, ਸ੍ਰੀ ਦਾ (ਜਿਸਦੇ ਚਰਨਾਂ ਵਿਚ) ਨਿਵਾਸ ਹੈ, (ਓਹ ਸਭ ਤੋਂ) ਆਦਿ ਪੁਰਖ ਸਦਾ ਤੋਂ ਤੂੰਹੀ ਹੈਂ! ਹੇ ਵਾਹਿਗੁਰੂ! ਹੇ ਵਾਹਿਗੁਰੂ! (ਤੈਨੂੰ) ਧੰਨਜਤਾ ਹੋਵੇ, (ਯਾ ਤੂੰ ਧਨਜਤਾ ਯੋਗ ਹੈਂ) ॥੧॥੬॥੩੫॥ |

**ਪਦਾਰਥ**—ਕਵਲ-ਕੌਲ ਫੁਲ। ਮਧੁਰ-ਮਿੱਠੇ। ਬੈਨ-ਵਚਨ। ਕੋਟਿ ਸੈਨ-ਕ੍ਰੋੜਾਂ ਹੀ ਫੌਜਾਂ ਜਾਂ ਕਿਲ੍ਹੇ ਵਾਂਗ ਘੇਰੀ ਹੋਈ ਫੌਜ। ਮਾ-ਮਾਤਾ। ਜਸੋਦ-ਜਸੋਧਾ, ਸ੍ਰੀ ਕ੍ਰਿਸ਼ਨ ਦੇਵ ਜੀ ਦੀ ਉਪ ਮਾਤਾ ਅਰਥਾਤ ਪਾਲਕ ਮਾਤਾ। ਭਾਤੁ-ਚੌਲਾਂ ਦਾ ਭੱਤਾ। ਮਗ-ਮਗਨ। ਕਿੰਕਨੀ-ਤੜਾਗੀ। ਝੁਨਤਕਾਰ-ਘੁੰਘਰੀਆਂ ਦੀ ਵਾਜ। ਪਾਹਿ-ਪਾਉਂਦੇ। ਈਸੁ-ਸ਼ਿਵਜੀ। ਬੰਮ-ਬ੍ਰਹਮਾ ਜੀ। ਚਾਹਿ-ਚਾਹਨਾ, ਪ੍ਰੇਮ-ਮਈ ਖਿੱਚ। ਸ੍ਰੀ-ਲਛਮੀ, ਮਾਇਆ। ਨਿਵਾਸੁ-ਘਰ, ਆਸਰ।

**ਭਾਵ**—ਵਾਹਿਗੁਰੂ ਜੀ ਨੂੰ ਆਦਿ ਪੁਰਖ ਸੱਤ ਸਰੂਪ ਸਦਾ ਅਟੱਲ ਕਹਿਕੇ ਉਸ ਨੂੰ ਵਾਹ ਵਾਹ ਕਹਿੰਦੇ ਹਨ ਕਿ ਮਨ ਬਾਣੀ ਵਾਹ ਵਾਹ ਤੋਂ ਅੱਗੇ ਜਾ ਨਹੀਂ ਸਕਦੀ, ਉਸ ਦਾ ਝਲਕਾ ਖਾਕੇ ਵਾਹ ਵਾਹ ਕਹਿਣਾ ਮਨ ਬੁੱਧੀ ਦੀ ਪਹੁੰਚ ਇਹੀ ਹੈ, ਇਸ ਕਰਕੇ ਉਸ ਨੂੰ ਵਾਹਿਗੁਰੂ ਕਹਿ ਰਹੇ ਹਨ ਤੇ ਸ੍ਰੀ (ਮਾਯਾ) ਦਾ ਉਸ ਦੇ ਚਰਨਾਂ ਵਿਚ ਨਿਵਾਸ ਦੱਸਦੇ ਹਨ। ਕਈ ਲੋਕ ਕ੍ਰਿਸ਼ਨ ਆਦਿ ਅਵਤਾਰਾਂ ਨੂੰ ਤੇ ਕਈ ਸ਼ਿਵ ਬ੍ਰਹਮਾਂ ਆਦਿ ਦੇਵਤਿਆਂ ਨੂੰ ਉਸ ਨਾਲ ਤਦਰੂਪ ਦੱਸਦੇ ਹਨ, ਪਰ ਭੱਟ ਜੀ ਉਹਨਾਂ ਨੂੰ ਵਾਹਿਗੁਰੂ ਦੇ ਧਯਾਨੀ ਤੇ ਗਯਾਨੀ ਦੱਸਦੇ ਹਨ ਤੇ ਵਾਹਿਗੁਰੂ ਦੇ ਹੱਥ ਹੈ ਹੁਕਮ ਤੇ ਕਾਲ ਨੂੰ ਕਲਮ ਦੱਸਦੇ ਹਨ। ਹੁਕਮ ਤੇ ਕਾਲ ਦੇ ਹੇਠਾਂ ਕ੍ਰਿਸ਼ਨ, ਸ਼ਿਵ, ਬ੍ਰਹਮਾਂ ਸਾਰੇ ਹਨ, ਜੈਸੇ ਦਸਮ ਗੁਰੂ ਜੀ ਨੇ ਸਾਰਿਆਂ ਨੂੰ ਕਾਲ ਕਰਕੇ ਬਣੇ ਤੇ ਕਾਲ ਦੇ ਵੱਸ ਦੱਸਿਆ ਹੈ।

ਐਉਂ ਬੀ ਭਾਵ ਦੱਸਣ ਦਾ ਯਤਨ ਹੁੰਦਾ ਹੈ-

ਸਤਿਗੁਰੂ ਰਾਮਦਾਸ ਸਾਹਿਬ ਜੀ ਨੂੰ ਵਾਹਿਗੁਰੂ ਜੀ ਦੇ ਨਿਰਗੁਣ ਸਰਗੁਣ ਸਰੂਪਾਂ ਵਿਚ ਵੇਖਦੇ ਹੋਏ ਕਵੀ ਜੀ ਪ੍ਰਗਟ ਕਰਦੇ ਹਨ ਕਿ ਸਤਿਗੁਰੂ ਆਦਿ ਤੋਂ ਹੀ ਸੱਚ ਸ੍ਰੂਪ ਹਨ। ਤਿੰਨ ਵੇਰ ਵਾਹਿ-ਗੁਰੂ ਆਖਕੇ ਵਾਹਿ ਪਦ ਪੁਰ ਤੁਕ ਤੁਕ ਦੀ ਸਮਾਪਤੀ ਇਹ ਲਗਾਤਾਰ ਸਿਮਰਨ ਦਾ ਉਛਾਲਾ ਹੈ, ਸਿਮਰਨ ਵਿਚ ਟਿਕੀ ਸੁਰਤ ਸਤਿਗੁਰੂ ਜੀ ਨੂੰ ਵਾਹਿ ਵਾਹਿ ਆਖਕੇ ਵਿਸਮਾਦ ਹੋ ਰਹੀ ਹੈ। ਸਰਗੁਣ ਧਯਾਨੀਆਂ ਦੇ ਧਯਾਨ ਮੰਡਲ ਦੇ ਆਸਰੇ ਸ੍ਰੀ ਕ੍ਰਿਸ਼ਨ ਦੇਵ ਜੀ ਨੂੰ ਭੀ ਸਤਿਗੁਰੂ ਵਿਚ ਤੱਕ ਰਹੇ ਹਨ ਤੇ ਧਯਾਨ ਬ੍ਰਿਤੀ ਦਾ ਅਵਿਲੰਬਨ ਮਾਤ੍ਰ ਨਿਰਗੁਣ ਬ੍ਰਹਮ, ਜਿਸ ਦੇ ਹੁਕਮ ਦੇ ਕ੍ਰਿਸ਼ਮੇ ਨਾਲ ਜਗਤ ਦੀ ਉਤਪਤੀ, ਪਾਲਨਾਂ ਤੇ ਸੰਘਾਰ ਹੋ ਰਹੀ ਹੈ, ਜਿਸ ਦਾ ਹੁਕਮ ਅਮਿੱਟ ਤੇ ਅਟੱਲ ਹੈ, ਜਿਸ ਦੀ ਖੋਜ ਕਰਕੇ ਸ਼ਿਵਜੀ ਧਯਾਨ ਸਮਾਧੀ ਵਿਚ ਲਗ ਰਹੇ ਹਨ, ਜਿਸ ਦੀ ਭਾਲ ਕਰਕੇ ਬ੍ਰਹਮਾਂ ਜੀ ਗਯਾਨ

ਵਿਚ ਤਤਪਰ ਹਨ, ਓਹ ਆਦਿ ਪੁਰਖ ਮਾਇਆ ਦਾ ਜੋ ਆਧਾਰ ਹੈ ਸਦਾ ਤੋਂ ਹੈ, ਉਸ ਦੀ ਜਜੋਤੀ ਦਾ ਪ੍ਰਕਾਸ਼ ਭੀ ਸਤਿਗੁਰੂ ਜੀ ਵਿਚ ਕਵੀ ਜੀ ਦੇਖ ਰਹੇ ਹਨ। ਆਪਣੇ ਸ਼ਾਂਤਿ ਦਾਤਾ ਸਤਿਗੁਰੂ ਜੀ ਵਿਚ ਇਹ ਸਰਬ ਰੂਪਤਾ ਦੇਖਣਾ ਹੀ ਭੱਟਾਚਾਰਯ ਜੀ ਦੀ ਪਰਾ ਭਗਤੀ ਦੀ ਦ੍ਰਿੜਤਾ ਪ੍ਰਤੀਤ ਹੁੰਦੀ ਹੈ। ਵਿਸ਼ੇਸ਼ ਵਿਚਾਰ ਇਸ ਵਾਹਿਗੁਰੂ ਨਾਮ ਦੀ ਸਮੱਸਜਾ ਪੂਰਤੀ ਦੇ ਤੀਸਰੇ ਅੰਕ ਵਿਚ ਲਿਖਣ ਦਾ ਜਤਨ ਕੀਤਾ ਜਾਸੀ, ਨਾਲ ਹੀ ਗਿਆਨੀਆਂ ਦੇ ਅਰਥ ਲਿਖੇ ਜਾਣਗੇ॥੧॥੬॥੩੫॥

| ਮੂਲ | ਅਰਥ |
|---|---|
| **ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ ਬੇਸੁਮਾਰ ਸਰਬਰ ਕਉ ਕਾਹਿ ਜੀਉ ॥ ਸੁਥਰ ਚਿਤ ਭਗਤ ਹਿਤ ਭੇਖੁ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ ॥** | ਪਹਿਲਾ ਅਰਥ-(ਨਿਰਗੁਣ ਵਿਚ* ਤੂੰ ਹੇ ਵਾਹਿਗੁਰੂ) (ਰਾਮ-) ਵਿਆਪਕ ਹੈਂ, (ਨਾਮ-) ਪ੍ਰਸਿੱਧ ਹੈਂ, (ਪਰਮ ਧਾਮ-) ਪੂਰਨ ਪ੍ਰਕਾਸ਼ ਹੈਂ, ਸ਼ੁੱਧ ਹੈਂ, ਗਿਆਨ ਸਰੂਪ ਅਕਾਰ ਤੋਂ ਰਹਿਤ ਹੈਂ, ਬੇਅੰਤ ਹੈਂ, (ਤੇਰੇ) ਬਰਾਬਰ ਹੋਰ ਕਿਸ ਨੂੰ ਆਖੀਏ? ਸਾਫ਼ ਦਿਲ ਭਗਤ (ਪ੍ਰਹਿਲਾਦ ਲਈ ਨਰਸਿੰਘ ਦਾ) ਭੇਖ ਧਾਰਕੇ ਹਰ-ਨਾਖਸ ਨੂੰ ਨਹੁਵਾਂ ਨਾਲ ਪਾੜਕੇ (ਜਿਸ ਨੇ) ਮਾਰ ਦਿੱਤਾ, (ਤੇ ਵਿਸ਼ਨੂ ਹੋਕੇ) ਸੰਖ, ਚਕ੍ਰ, ਗਦਾ, ਪਦਮ (ਧਾਰ ਕਰਕੇ ਜਿਸ ਨੇ ਬਾਵਨ ਰੂਪ ਹੋ) ਆਪੇ ਆਪ ਨੂੰ ਛਲਿਆ, (ਉਹ ਅਕਾਰ ਵਾਲੇ ਹੋ ਗਏ, ਅਕਾਰ ਵਾਲੇ ਹੋ ਜਾਣ ਕਰਕੇ ਲਖੇ ਗਏ, ਪਰੰਤੂ) ਤੂੰ ਅਪਰੰਪਰ ਤੇ ਪਾਰਬ੍ਰਹਮ ਹੈਂ (ਤੈਨੂੰ) ਕਉਣ ਲਖ ਸਕਦਾ ਹੈ। (ਸਾਚ) ਨਿਸਚੇ ਕਰਕੇ (ਕੇਵਲ ਤੂੰ) ਸਤ ਸਰੂਪ ਹੈਂ, ਲਛਮੀ (ਦਾ ਤੇਰੇ ਚਰਨਾਂ ਵਿਚ) ਨਿਵਾਸ ਹੈ (ਤੇ) ਆਦਿ ਪੁਰਖ (ਕੇਵਲ) ਤੂੰ ਸਦਾ ਤੋਂ ਹੈਂ, ਤੂੰ ਅਸਚਰਜ ਹੈਂ, ਹੇ ਵਾਹਿਗੁਰੂ! ਹੇ ਵਾਹਿਗੁਰੂ!! ਵਾਹਿਗੁਰੂ ਜੀਉ!!! ਦੂਸਰਾ ਅਰਥ-(ਸਰਗੁਣ ਵਿਚ) ਨਾਮ (ਸ੍ਰੀ ਗੁਰੂ) ਰਾਮ (ਦਾਸ ਸਾਹਿਬ ਜੀ ਹੈ, ਚਾਰ ਧਾਮਾਂ ਤੋਂ ਸ਼ਿਰੋਮਣਿ ਸ੍ਰੀ ਹਰਿਮੰਦਰ ਸਾਹਿਬ ਜੀ ਆਪ ਦਾ ਰਚਿਆ) ਪਰਮ ਧਾਮ ਹੈ, ਪਵਿੱਤ੍ਰ ਆਪ ਜੀ ਦੀ ਬੁੱਧੀ ਹੈ, ਆਪ ਬੇਅੰਤ ਨਿਰੰਕਾਰ ਹੀ (ਸਰਗੁਣ ਸ੍ਵਰੂਪ ਧਾਰਿਆ ਹੈ। ਜੀਓ ਜੀ!) ਬਰਾਬਰੀ ਦੇਣ ਲਈ ਕੀਹਦਾ ਨਾਮ ਲਵਾਂ? (ਜੈਸਾ ਤੂੰ ਤੈਸਾ ਤੂੰਹੀ ਹੈਂ)। (ਅਨੇਕ ਦੁਖਾਂ ਨੂੰ ਵੇਖਕੇ ਭੀ) ਅਡੋਲ ਮਨ ਵਾਲੇ ਸ੍ਰੀ ਭਗਤ ਪ੍ਰਹਿਲਾਦ ਜੀ ਦੇ ਲਈ ਨਰਸਿੰਘ ਜੀ ਦਾ ਵੇਸ ਧਾਰ ਲਿਆ ਤੇ ਹਰਨਾਖਸ਼ ਦੈਤ ਨੂੰ ਨਹੁੰਵਾਂ ਨਾਲ ਵਲੂੰਧਰਕੇ ਮਾਰ ਦਿਤਾ ਸੀ। (ਕਿਤੇ ਸਰਗੁਣ ਰੂਪ ਧਾਰਿ ਚਹੁੰਵਾਂ ਹੱਥਾਂ ਵਿਚ)ਸੰਖ ਚੱਕ੍ਰ, |

* ਅੱਗੇ ਚਲਕੇ ੧੧ਵੇਂ ਅੰਕ ਵਿਚ ਸਪਸ਼ਟ ਹੋ ਜਾਂਦਾ ਹੈ ਕਿ ਭੱਟ ਜੀ ਅਕਾਲ ਪੁਰਖ ਨੂੰ ਵਾਹਿ-ਗੁਰੂ ਕਹਿਕੇ ਜਸ ਕਰ ਰਹੇ ਹਨ ਅਰ ਬ੍ਰਹਮਾਂ ਆਦਿ ਦੇਵਤੇ ਤੇ ਵਿਸ਼ਨੂੰ ਆਦਿ ਅਵਤਾਰ ਮੂਲਾਂ ਨੂੰ ਉਸ ਨਿਰੰਕਾਰ ਦੇ ਮੁਕਾਬਲੇ ਵਿਚ ਨੀਵਾਂ ਦਸ ਰਹੇ ਹਨ। ਸਵਈਏ ਅੰਕ ੧੨ ਤੇ ੧੩ ਵਿਚ ਬੀ ਏਹੋ ਗਲ ਖੁੱਲ੍ਹਦੀ ਹੈ।

ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ ॥ ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੨ ॥ ੭ ॥੩੬॥

ਗਦਾ, ਕੌਲ ਫੁਲ ਆਪ ਧਾਰ ਲਿਆ ਤੇ ਕਿਤੇ ਨਿਰਗੁਣ ਰੂਪ ਹੋਕੇ ਆਪਾ ਗੁਪਤ ਕਰ ਰਖਿਆ ਹੈ, ਸੰਸਾਰ ਤੋਂ ਪਾਰ ਸਰਬ ਵਿਆਪਕ ਆਪ ਨੂੰ ਜਾਨ ਕੌਣ ਸਕੇ ਜੀਓ। ਤਿੰਨਾ ਸਮਿਆਂ ਵਿਚ ਸਦਾ ਹੀ ਸੱਚ ਸਰੂਪ ਮਾਇਆ ਦਾ ਆਸਰਾ ਆਦਿ ਪੁਰਖ ਨਿਤ ਸ੍ਰੂਪ ਤੂੰ ਹੀ (ਸ੍ਰੀ ਗੁਰੂ ਰਾਮਦਾਸ ਜੀਉ) ਹੈਂ, ਧੰਨ ਗੁਰੂ ਵਾਹਿਗੁਰੂ ਅਚਰਜ ਗੁਰੂ, ਅਦਭੁਤ ਸ੍ਰੂਪ ਜੀਓ! ॥੨॥੭॥੩੬॥

**ਪਦਾਰਥ**—ਪਰਮ ਧਾਮ-ਸਚਖੰਡ, ਵੈਕੁੰਠ, ਮਹਾਂ ਪ੍ਰਕਾਸ਼, ਪ੍ਰਸਿੱਧ ਸ੍ਰੀ ਹਰਿ ਮੰਦਰ ਸਾਹਿਬ ਜੀ। ਸਰਬਰ-ਬਰੋਬਰ। ਸੁਥਰ-ਸ਼ੁੱਧ, ਅਡੋਲ। ਹਿਤ-ਵਾਸਤੇ। ਨਖ-ਨਹੁੰ। ਪਦਮ-ਕਵਲ ਫੁੱਲ। ਛਦਮ-ਗੁਪਤ ਛਲ। ਲਖੈ-ਜਾਣੈ। ਸ੍ਰੀ-ਲਛਮੀ, ਮਾਇਆ।

**ਭਾਵ**—ਵਾਹਿਗੁਰੂ ਜੀ ਦਾ ਜਸ ਤੇ ਸਰਗੁਣ ਸਰੂਪ ਤੋਂ ਉੱਚਾ-ਪਨ ਇਸ ਵਿਚ ਦਸਦੇ ਹਨ। ਇਹ ਗੁਰੂ ਰਾਮਦਾਸ ਜੀ ਦੇ ਜਸ ਵਿਚ ਉਨ੍ਹਾਂ ਦੇ ਸਮੇਂ ਤਕ ਪ੍ਰਗਟ ਹੋਕੇ ਪ੍ਰਚਾਰ ਪਾਕੇ-ਵਾਹਿਗੁਰੂ-ਪਦ ਦੀ ਮਹਿਮਾ ਕਹਿ ਰਹੇ ਹਨ। ਪਰੰਤੂ ਗੁਣੀ ਜਨ ਏਸ ਦਾ ਅਰਥ ਗੁਰੂ ਰਾਮਦਾਸ ਪਰਥਾਇ ਬੀ ਲਾਉਂਦੇ ਹਨ। ਯਥਾ:-

ਪਿਛਲੇ ਛੰਦ ਵਾਂਗ ਇਸ ਵਿਚ ਭੀ ਪਰਾ ਭਗਤੀ ਲਿਵਲੀਨ ਕਵੀ ਰਾਜ ਜੀ ਸਤਿਗੁਰੂ ਜੀ ਵਿਚ ਹੀ ਨਿਰਗੁਣ ਸਰਗੁਣ ਰੂਪਤਾ ਦੇ ਦਰਸ਼ਨ ਕਰ ਰਹੇ ਹਨ। ਇਕ ਪਾਸੇ ਆਪ ਜੀ ਨੂੰ ਨਿਰੰਕਾਰ, ਬੇਅੰਤ, ਅਗਮ, ਅਗੋਚਰ, ਸੰਸਾਰ ਤੋਂ ਪਰੇ, ਸਰਬ ਵਿਆਪਕ, ਆਦਿ ਪੁਰਖ, ਸਤਿ ਸਰੂਪ, ਅਲਖ, ਮਾਇਆ ਦਾ ਆਧਾਰ, ਅਸਚਰਜ, ਵਾਹਿਗੁਰੂ ਜੀ ਦੀ ਮਹਾਨ ਜਜੋਤੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਿਸ ਰਹੇ ਹਨ, ਦੂਜੇ ਪਾਸੇ ਭਗਤ ਪ੍ਰਹਿਲਾਦ ਜੀ ਦੇ ਰੱਖਜਕ ਤੇ ਸੰਖ, ਚਕ੍ਰ, ਗਦਾ, ਕਵਲ ਫੁਲ ਆਦਿਕਾਂ ਨੂੰ ਧਾਰਨ ਵਾਲਾ ਵਜੂਦ, ਸਰਗੁਣ ਸਰੂਪ ਵਿਚ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਿਸ ਰਹੇ ਹਨ॥੨॥੭॥੩੬॥

| ਮੂਲ | ਅਰਥ |
|---|---|
| ਪੀਤ ਬਸਨ ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ ॥ ਬੇਵਜੀਰ ਬਡੇ ਧੀਰ ਧਰਮ ਅੰਗ ਅਲਖ ਅਗਮ ਖੇਲੁ ਕੀਆ ਆਪਣੈ ਉਛਾਹਿ ਜੀਉ॥ ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ॥ ਸਤਿ ਸਾਚੁ ਸ੍ਰੀ ਨਿਵਾਸੁ ਆਦਿ | (ਨਿਵਾਸ ਯਾ) ਲਿਬਾਸ ਪੀਲਾ (ਯਾ ਅੱਖਾਂ ਨੂੰ ਪਿਆਰਾ ਲੱਗਣ ਵਾਲਾ ਹੈ ਆਪ ਦਾ) ਦੰਦ ਮਰਤਬਾਨ (ਦੇ ਫੁਲ ਵਰਗੇ ਚਿੱਟੇ ਯਾ ਕੁਬੇਰ ਦੇ ਖਜ਼ਾਨਿਆਂ ਨੂੰ ਪਰ੍ਹੇ ਸਿੱਟਣ ਵਾਲੇ ਹੋ ਭਾਵ ਅਮਾਯ ਹੋ) (ਫਿਰ) ਪਿਆਰੀ ਸਣੇ ਹੋ (ਭਾਵ ਮਾਯਾ ਸਬਲ ਬ੍ਰਹਮ ਹੋ, ਅਥਵਾ ਪ੍ਰੇਮ ਸਮੇਤ ਹੋ) ਕੰਠ ਵਿਚ ਮਾਲਾ ਹੈ (ਯਾ ਸ਼ਬਦ ਹੀ ਜਸ ਦੀ ਮਾਲਾ ਹੈ) ਸ਼ੋਭਾ ਦੇ ਧਾਰਨ ਕਰਨ ਵਾਲੇ ਹੋ, ਪਵਿੱਤ੍ਰ ਸ਼ਬਦ ਦੇ ਵਿਸਥਾਰਣ ਵਾਲੇ ਹੋ, ਅਥਵਾ ਮੋਰ ਦੇ ਖੰਭਾਂ ਦਾ ਮੁਕਟ (ਆਪ ਦੇ) ਸੀਸ ਤੇ ਹੈ, (ਤੇ) ਚਾਉ (ਖੁਸ਼ੀ ਨਾਲ ਭਰੇ ਹੋ) ਜੀ। (ਸਲਾਹ ਪੁੱਛਣ ਲਈ) ਵਜ਼ੀਰ ਦੀ ਲੋੜ ਹੀ ਨਹੀਂ, (ਆਪ ਦਾ) ਵੱਡਾ ਧੀਰਜ ਹੈ, ਧਰਮ ਦਾ ਹੀ ਪੱਖ ਹੈ। ਅਲਖ ਤੇ ਅਗੰਮ ਸ੍ਰੂਪ |

| | |
|---|---|
| **ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੩ ॥ ੮॥੩੭॥** | ਹੈ, ਇਹ ਖੇਲ (ਸੰਸਾਰ ਰਚਨਾਂ ਦਾ) ਆਪਣੀ ਖੁਸ਼ੀ ਨਾਲ ਕੀਤਾ ਹੈ, ਆਪ ਜੀ ਦੀ ਕਥਾ ਅਕੱਥ ਹੈ (ਅਰਥਾਤ) ਆਖੀ ਜਾਂਦੀ ਨਹੀਂ, ਤਿੰਨਾਂ ਹੀ ਲੋਕਾਂ ਵਿਚ ਵਿਆਪ ਰਹੇ ਹੋ ਸ਼ਾਹਾਂ ਦੇ ਸ਼ਹਿਨਸ਼ਾਹ ਹੋ, ਆਪਣੀ ਸੁਤੰਤਰ ਇੱਛਾ ਨਾਲ (ਆਕਾਰ) ਸ੍ਰੂਪ ਧਾਰਨ ਕੀਤਾ ਹੈ, (ਯਾ ਰਚਿਆ ਹੈ ਆਪ ਨੇ)। ਤਿੰਨਾ ਸਮਿਆਂ ਵਿਚ, ਸਦਾ ਹੀ ਸੱਚ ਸਰੂਪ ਮਾਇਆ ਦਾ ਤੇਰੇ (ਚਰਨਾਂ ਵਿਚ) ਨਿਵਾਸ ਹੈ, (ਤੇਰਾ ਨਾਮ ਹੈ) ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਤੂੰ ਧੰਨ ਹੈਂ॥੩॥੮॥੩੭॥ |

**ਪਦਾਰਥ**—ਪੀਤ-(ਧਾਤੂ-ਪੀ-ਪੀਣਾ) ਜਿਸ ਸ਼ੈ ਨੂੰ ਅੱਖਾਂ ਪੀਣ, ਭਾਵ ਅੱਖਾਂ ਨੂੰ ਪਜਾਰਾ ਲੱਗਣ ਵਾਲਾ (ਅ) ਪੀਲਾ। ਬਸਨ-(ਵਸ-) ਨਿਵਾਸ। (ਅ) ਲਿਬਾਸ। ਕੁੰਦ-ਮਰਤਬਾਨ ਦਾ ਫੁਲ। (ਅ) ਕੁਬੇਰ ਦੀ ਇਕ ਨਿਧੀ। ਦਸਨ-ਦੰਦ। (ਅ) ਪਰੇ ਸਿੱਟਣ ਵਾਲਾ। ਪ੍ਰਿਅ-ਪਿਆਰੀ। (ਅ) ਪਜਾਰ। ਕੰਠ-ਗਲਾ। (ਅ) ਆਵਾਜ਼। ਮਾਲ-ਮਾਲਾ। (ਅ) ਸੁਭਾਗਜ ਦੀ ਪ੍ਰਾਪਤੀ। ਮੁਕਟੁ-ਤਾਜ, (ਅ) ਸਜਾਵਟ, ਸ਼ੋਭਾ। ਸੀਸਿ-ਸਿਰ। (ਅ) ਬੰਨ੍ਹ ਲੈਣ ਵਾਲਾ; ਧਾਰਨ ਵਾਲਾ। ਮੋਰ-ਮੋਰ ਪੰਛੀ। (ਅ) ਆਵਾਜ਼ ਫੈਲਾਉਣੀ, ਸ਼ਬਦ ਵਿਸਥਾਰਣ। ਪੰਖ-ਖੰਡ। (ਅ) ਪਵਿੱਤ੍ਰ।

**ਭਾਵ**—ਨਿਰਗੁਣ ਤੇ ਸਰਗੁਣ ਦੇ ਦੋਇ ਅਰਥ ਅਸਾਂ ਦਰਸਾ ਦਿਤੇ ਹਨ। ਸਰਗੁਣ ਪੱਖ ਵਿਚ ਅਰਥ ਕਰਨ ਵਾਲੇ ਐਉਂ ਭਾਵ ਕੱਢਦੇ ਹਨ:-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਧਿਆਨ ਵਿਚ ਲਿਵਲੀਨ ਆਪੇ ਤੋਂ ਉੱਚੀ ਦਸ਼ਾ ਵਿਚ ਪਹੁੰਚ ਗੁਰਮੁਖ ਭੱਟਾਚਾਰਜ ਜੀ ਨੇ ਬੜੀ ਡੂੰਘੀ ਸਿਫ਼ਤ ਸਲਾਹ ਦੇ ਰੰਗ ਵਿਚ ਇਹ ਕੁਛ ਕਿਹਾ ਹੈ। ਪਰਾ ਭਗਤੀ ਦਾ ਇਹ ਪੂਰਨ ਰੰਗ ਹੈ ਕਿ ਆਪਣਾ ਇਸ਼ਟ ਹੀ ਸਰਬ ਰੂਪ ਹੋਕੇ ਦਿਸੇ, ਜੈਸਾ ਕਿ ਪਿਛੇ "**ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ**"॥(੧੩੯੦) ਇਸ ਛੰਦ ਵਿਚ ਸਰਬ ਰੂਪ ਸਤਿਗੁਰੂ ਜੀ ਨੂੰ ਕਿਹਾ ਹੈ, ਇਥੇ ਬੀ ਨਿਰਗੁਣ ਸਰਗੁਣ ਵਾਹਿਗੁਰੂ ਜੀ ਦੇ ਦੋਨੋ ਝਲਕੇ ਆਪ ਨੂੰ ਸਤਿਗੁਰੂ ਵਿਚ ਹੀ ਦਿੱਸ ਰਹੇ ਹਨ। ਜੋ ਸਰੂਪ ਧਿਆਨ ਮੰਡਲ ਵਿਚ ਸਨਮੁਖ ਹੈ, ਉਸ ਨੂੰ ਹੀ ਆਖ ਰਹੇ ਹਨ ਕਿ ਆਪ ਸੁਤੇ ਸਿੱਧ ਹੀ ਰੂਪ ਧਾਰਿਆ ਹੈ, ਅਰਥਾਤ ਜੀਵ ਤੇ ਉੱਚ ਸ੍ਰੇਣੀ ਦੇ ਲੋਕਾਂ ਵਿਚੋਂ ਇਹੋ ਹੀ ਫ਼ਰਕ ਹੈ ਕਿ ਜੀਵ ਕਰਮ ਵੱਸ ਰੂਪ ਧਾਰਦੇ ਹਨ ਤੇ ਅਰੀਮ ਤੋਂ ਆਏ ਮਹਾਂਪੁਰਖ ਸੁਤਹ ਸਿੱਧ ਹੁਕਮ ਵਿਚ ਹੀ ਤੁਰ ਜਾਂਦੇ ਹਨ। ਸੋ ਕਰਮ ਇੱਛਾ ਦੇ ਬੰਧਨ ਵਿਚ ਫਸੇ ਜੀਵ ਪਰਾਧੀਨ ਹਨ, ਉਹਨਾਂ ਦਾ ਆਉਣਾ ਜਾਣਾ ਵੀ ਪਰਾਧੀਨ ਹੈ, ਪਰ ਮਹਾਂਪੁਰਖ "**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ**";(੭੪੯) ਇਸ ਲਈ ਓਹ ਸੁਤੰਤਰ ਹਨ। ਹੋਰ ਗਿਆਨੀਆਂ ਦਾ ਖਿਆਲ ਹੈ ਕਿ "**ਆਦਿ ਪੁਰਖ ਸਦਾ ਤੁਹੀ**" ਦੇ ਮਹਾਂਵਾਕ ਨੂੰ ਮੁਖ ਰੱਖਕੇ ਇਹ ਅਰਥ ਬੀ ਬਣਦਾ ਹੈ ਕਿ ਸਤਿਗੁਰੂ ਜੀ ਦੇ ਸ੍ਰੂਪ ਹੀ ਚਾਰ ਯੁਗਾਂ ਵਿਚ ਹੁੰਦੇ ਆਏ ਹਨ। ਸੋ "ਵਾਹਿਗੁਰੂ" ਅਰਥਾਤ "ਧਨ ਗੁਰੂ ਜੀ" ਆਪ ਹੀ ਕ੍ਰਿਸ਼ਨ ਰੂਪ ਹੋਏ ਹੋ, ਆਪ ਹੀ ਨਰਸਿੰਘ ਅਵਤਾਰ ਧਾਰਿਆ ਹੈ, ਆਪ ਹੀ ਸ੍ਰੀ ਰਾਮ ਚੰਦ੍ਰ ਜੀ ਹੋਏ ਹੋ, ਆਪ ਹੀ ਸ੍ਰੀ ਵਿਸ਼ਨੂੰ ਭਗਵਾਨ ਤੇ ਆਪ ਹੀ (ਛਦਮ) ਬਾਵਨ ਅਵਤਾਰ ਹੋ ਜੀ। ਇਹ ਬਾਵਨ ਵਾਲਾ ਅਰਥ ਤਾਂ ਖਿਚ ਜਾਪਦੀ ਹੈ, ਕਿਉਂਕਿ ਅੱਗੇ "ਬਲਿਹਿ ਛਲਨ" ਮਹਾਵਾਕ ਵਿਚ ਬਾਵਨ ਜੀ ਦਾ ਨਾਮ ਆ ਜਾਣਾ ਹੈ। ਬਾਕੀ ਰਹੀ ਵਿਚਾਰ ਕਿ ਇਹ ਜੁਗਾਂ ਦੇ ਪੁਰਖ ਰੂਪ ਸਤਿਗੁਰੂ ਜੀ ਨੇ ਹੀ ਧਾਰੇ ਹਨ। ਇਸ ਅਰਥ

ਕਰਨ ਵਿਚ ਗਿਆਨੀਆਂ ਨੂੰ ਉਸਤੁਤੀ ਭਾਵੇਂ ਭਾਸੇ ਪਰ ਕਵੀ ਜੀ ਦੀ ਅਨੰਨਤਾ ਤੇ ਵਿਸਮਾਦ ਬ੍ਰਿਤੀ ਦੀ ਅਰੂਢਤਾ ਤੇ ਵਾਹਿਗੁਰੂ ਆਖਕੇ ਗੁਰੂ ਰੂਪ ਵਿਚ ਆਪਾ ਤਜਾਗਕੇ ਲਿਵਲੀਨਤਾ ਦੀ ਉਚ ਦਸ਼ਾ ਛਿਪ ਜਾਂਦੀ ਹੈ, ਇਸ ਲਈ ਕੇਵਲ ਸਤਿਗੁਰੂ ਜੀ ਵਿਚ ਨਿਰਗੁਣ ਸਰਗੁਣ ਰੂਪਤਾ ਦੇ ਝਾਵਲੇ ਪੈਣ ਤੇ ਵਿਸਮਾਦ ਰੰਗ ਵਿਚ ਗਾ ਉਠਣਾ, ਇਹ ਉੱਚੀ ਉਡਾਰੀ ਆਤਮਾਂ ਦੀ ਪ੍ਰਤੀਤ ਹੁੰਦੀ ਹੈ॥੩॥੮॥੩੭॥

| ਮੂਲ | ਅਰਥ |
|---|---|
| ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥ ਬਲਿਹਿ ਛਲਨ ਸਬਲ ਮਲਨ ਭਗ੍ਹਿ ਫਲਨ ਕਾਨ੍ਹ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ ॥ ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ ॥ ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ॥ ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥ ੪ ॥ ੯ ॥੩੮॥ | ਸਤਿਗੁਰੂ ਜੀ ਨੂੰ ਤ੍ਰੈ ਵਾਰੀ ਆਖਕੇ ਗੋਬਿੰਦ ਜੀਉ ਸੱਦਦੇ ਹਨ। ਗੋਬਿੰਦ ਨਾਮ ਅਕਾਲ ਪੁਰਖ ਦਾ ਹੈ। ਫਿਰ ਉਸ ਨੂੰ ਕਈ ਲੋਕ ਸਰਗੁਣ ਸਮਝਦੇ ਹਨ ਤੇ ਓਹ ਸਰਗੁਣ ਸਰੂਪ ਸ੍ਰੀ ਕ੍ਰਿਸ਼ਨ ਪਰ ਘਟਾਉਂਦੇ ਹਨ। ਭੱਟ ਜੀ ਪਹਿਲੇ ਇਸ ਦਾ ਰੂਪ ਵਰਣਨ ਕਰਦੇ ਹਨ। ਤੇ ਫੇਰ ਆਪਣਾ ਸਿਧਾਂਤ ਗੋਬਿੰਦ ਦਾ 'ਸਾਰ ਸਰਗੁਣ ਸਰੂਪ' ਦੱਸਦੇ ਹਨ। ਗੋਯਾ ਉਸ ਸਾਰ ਦੇ ਮੁਕਾਬਲੇ ਪਰ ਪਹਿਲਾ ਰੂਪ ਆਸਾਰ ਹੈ। ੧. ਪਹਿਲਾ ਰੂਪ ਲੋਕ ਪ੍ਰਸਿੱਧ ਐਉਂ ਦੱਸਦੇ ਹਨ:-ਬਲਿ (ਰਾਜਾ ਨੂੰ) ਛਲਨ ਵਾਲਾ ਬਾਵਨ ਜੋਰਾਵਰ (ਦੈਂਤਾਂ) ਨੂੰ ਮਲ ਦੇਣੇ ਵਾਲਾ, ਭਗਤਾਂ ਨੂੰ ਮਨ (ਇੱਛਤ) ਫਲਾਂ ਦਾ ਦਾਤਾ ਕੁਮਾਰ ਕ੍ਰਿਸ਼ਨ; ਤੇ ਅਗੋਂ ਹੋਣ ਵਾਲਾ ਨਿਹਕਲੰਕ ਜੀ ਜਿਸਦਾ ਡੰਕਾ ਵਜਣਾ ਹੈ ਤੇ ਸੂਰਜ ਚੰਦ ਵਾਂਗ ਪ੍ਰਤਾਪ ਵਾਲੀ ਫੌਜ ਜਿਸਦੇ ਨਾਲ ਚੜੇਗੀ, ਰਮੇ ਹੋਏ ਰਾਮ ਜੀ ਪਾਪਾਂ ਨੂੰ ਹਟਾਉਣ ਵਾਲੇ ਭਵਨਾਂ ਵਿਚ ਸੁਖ ਸ਼ਾਂਤੀ ਦੇ ਦੇਣ ਵਾਲੇ, ਸਾਰੇ ਪ੍ਰਾਣੀਆਂ ਦੇ ਅੰਦਰ ਵਿਰਾਜਣ ਵਾਲੇ, ਦੇਵਤਿਆਂ ਨੂੰ ਆਸਰੇ ਦੇਣ ਵਾਲੇ ਦੇਵ, ਹਜ਼ਾਰ ਮੁਖ ਨਾਲ ਸ਼ੇਸ਼ਨਾਗ (ਜਿਨ੍ਹਾਂ ਦੇ ਨਾਮਾਂ ਨੂੰ ਜਪਦਾ ਹੈ)। ਜਨਮ ਲੈਕੇ ਮੱਛ ਕੱਛ ਵੈਰਾਹ ਨੇ ਜੋ ਕੰਮ ਕੀਤੇ, ਕ੍ਰਿਸ਼ਨ ਰੂਪ ਹੋਕੇ ਜਮਨਾ ਨਦੀ ਕਿਨਾਰੇ ਗੇਂਦ ਲੈਕੇ ਖੇਡਾਂ ਖੇਡੀਆਂ ਹਨ। ਗਯੰਦ ਕਵੀ ਜੀ ਆਖਦੇ ਹਨ; (ਪਰੰਤੂ) ਹੇ ਮਨ! ਵਿਕਾਰਾਂ ਨੂੰ ਛੱਡ ਤੇ ਸ੍ਰੇਸ਼ਟ ਨਾਮ, ਜੋ ਵਾਹਿਗੁਰੂ ਜੀ ਦਾ ਹੈ, ਹਿਰਦੇ ਵਿਚ ਟਿਕਾ, ਸਤਿਗੁਰੂ ਸਤਿਗੁਰੂ ਸਤਿਗੁਰੂ ਗੋਬਿੰਦ ਹੀ ਤੇਰਾ ਹੈ॥੪॥੯॥੩੮॥ |

**ਪਦਾਰਥ**—ਬਲਿਹਿ-ਬਲੀ ਰਾਜਾ। ਸਬਲ-ਜ਼ੋਰ ਵਾਲੇ। ਕਾਨ੍ਹ ਕੁਅਰ-ਕਾਨ ਕੰਵਰ, ਕ੍ਰਿਸ਼ਨ ਕੁਮਾਰ, ਬਾਲ ਕ੍ਰਿਸ਼ਨ, ਯੁਬਾ ਅਵਸਥਾ ਦਾ ਕ੍ਰਿਸ਼ਨ। ਰਵਿੰਦ-ਸੂਰਜ ਚੰਦ (ਅ) ਸੁਹਣਾ। ਭੂਤ-ਪ੍ਰਾਣੀ। ਦੇਵਾਧਿਦੇਵ-ਦੇਵਤਿਆਂ ਦਾ ਆਸਰਾ ਤੇ ਜਜੋਤੀ ਸ੍ਰੂਪ। ਫਨਿੰਦ-ਸ਼ੇਸ਼ ਨਾਗ। ਜਰਮ-ਜਨਮ। ਕੱਛ-ਕੱਛੂ। ਬਰਾਹ-ਇਕ ਅਵਤਾਰ ਦਾ ਨਾਮ ਹੈ। ਕੂਲਿ-ਕਿਨਾਰਾ। ਗਿੰਦ-ਗੇਂਦ। ਗੰਯਦ-ਕਵੀ ਜੀ ਦਾ ਨਾਮ।

**ਭਾਵ**—ਪਹਿਲਾ ਵਿਚਾਰ-"ਨਾਮੁ ਸਾਰੁ ਹੀਏ ਧਾਰੁ" ਇਸ ਮਹਾਂਵਾਕ ਤੋਂ ਇਹ ਪ੍ਰਤੀਤ ਹੁੰਦਾ

ਹੈ ਕਿ ਕੋਈ ਤਾਂ ਗੋਵਿੰਦ ਜੀ ਨੂੰ ਬਾਵਨ ਆਦਿ ਅਵਤਾਰਾਂ ਵਿਚ ਤੱਕ ਰਹੇ ਹਨ ਤੇ ਕੋਈ ਸਾਰੇ ਭਵਨਾਂ ਵਿਚ ਵਿਆਪਕ ਮਨ ਬਾਣੀ ਅਗੋਚਰ ਨੂੰ ਆਖਦੇ ਹਨ, ਪਰ ਦੁਹਾਂ ਪੱਖਾਂ ਵਿਚੋਂ ਨਾਮ ਹੀ ਸਾਰ ਹੈ। ਅਰ ਨਾਮ ਬਿਨਾਂ ਦੋਹਾਂ ਦੇ ਸਿਧਾਂਤ ਅਪੂਰਨ ਹਨ। ਨਾਮ ਨਾਲ ਕਿਸੇ ਦਾ ਵਿਰੋਧ ਬੀ ਨਹੀਂ, ਸੋ ਹੇ ਮਨ! ਤੂੰ ਤਾਂ ਵਿਕਾਰਾਂ ਨੂੰ ਛਡਕੇ ਸਾਰ ਰੂਪ ਸਤਿਗੁਰੂ ਦੇ ਨਾਮ ਨੂੰ ਦਿਲ ਵਿਚ ਟਿਕਾ ਤੇ ਨਿਰਗੁਣ ਸਰਗੁਣ ਦੇ ਜ਼ਬਾਨੀ ਕਹਿਣ ਕਹਾਵਣ ਦੇ ਖਿਆਲ ਨੂੰ ਛਡਕੇ ਜੋ ਕੁਛ ਅਸਲੀਅਤ ਹੈ, ਓਹ ਨਾਮ ਪ੍ਰਤਾਪ ਕਰਕੇ ਤੇਰੇ ਅੰਦਰ ਆਪੇ ਪ੍ਰਗਟੇਗੀ। ਸੋ ਸਿਮਰਨ ਲਈ ਨਾਮ ਸਾਰ ਹੈ ਤੇ ਧਿਆਨ ਲਈ ਸਤਿਗੁਰੂ ਜੀ ਦਾ ਸ੍ਵਰੂਪ ਹੈ। ਸੋ ਤੂੰ ਤਾਂ ਸਿੱਧਾਂਤ ਨਿਸ਼ਚੇ ਕਰ ਕਿ "**ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ॥ ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ ਨਿਸਿ ਬਾਸੁਰ ਹੋਇ ਕਲ੍ਯ੍ਯਾਨੁ ਲਹਹਿ ਪਰਮ ਗਤਿ ਜੀਉ॥**"(ਅਗਲਾ ਸਵਯਾ-੩੯) ਕਲਜਾਨ ਦਾ ਸਾਧਨ ਜੋ ਕਵੀਰਾਜ ਜੀ ਨੂੰ ਪ੍ਰਾਪਤ ਹੋਇਆ ਤੇ ਜੋ ਨ੍ਰਿਵਿਵਾਦ ਸਰਵਦੇ ਸੁਖ ਦੇਣ ਵਾਲਾ ਗੁਰਮਤ ਦਾ ਪਰਮ ਸਿਧਾਂਤ ਹੈ, ਅਗਲੇ ਛੰਦ ਵਿਚ ਪ੍ਰਗਟ ਕਰਦੇ ਹਨ।

ਦੂਸਰਾ ਭਾਵ ਇੰਜ ਬੀ ਕੱਢਦੇ ਹਨ:-ਪਿਛੇ ਦੱਸੇ ਖਿਆਲ ਨੂੰ ਕਵੀ ਜੀ ਨੇ ਇਸ ਛੰਦ ਵਿਚ ਬੀ ਪ੍ਰਗਟ ਕੀਤਾ ਹੈ। ਸਤਿਗੁਰੂ ਜੀ ਵਿਚ ਹੀ ਸਾਰੇ ਚੋਜਾਂ ਨੂੰ ਆਪ ਤੱਕ ਰਹੇ ਹਨ, ਸਾਰੇ ਕੌਤਕ ਆਪਣੇ ਪ੍ਰੀਤਮ ਜੀ ਦੇ ਹੀ ਵੇਖ ਰਹੇ ਹਨ, ਬਲਿ ਰਾਜਾ ਨਾਲ ਚੋਜ ਕਰਨ ਵਾਲੇ ਸ੍ਰੀ ਬਾਵਨ ਜੀ, ਸ੍ਰੀ ਕ੍ਰਿਸ਼ਨ ਜੀ ਜੋ ਪਿਛੇ ਹੋਏ ਤੇ ਅਗੋਂ ਹੋਣ ਵਾਲੇ ਨਿਹਕਲੰਕ ਜੀ ਸਾਰੇ ਸ੍ਰੀ ਸਤਿਗੁਰੂ ਜੀ ਦੇ ਅੰਤਰ ਗਤ ਹਨ। ਜੀਕੁਣ ਅਸਥੂਲ ਮੰਡਲਾਂ ਦੇ ਮਹਾਂ ਪੁਰਖ ਸ੍ਰੀ ਸਤਿਗੁਰੂ ਵਿਚ ਹਨ, ਤਿਵੇਂ ਸੂਖਮ ਸ੍ਵਰੂਪ ਜਿਸ ਦੇ ਇਹ ਕ੍ਰਿਸ਼ਮੇ ਹਨ ਓਹ ਸਰਬ ਵਿਆਪਕ, ਪਾਪ ਨਾਸ਼ਕ, ਆਨੰਦ ਪ੍ਰਕਾਸ਼ਤ ਦਿਬਜ ਜਜੋਤੀ ਭੀ ਸਤਿਗੁਰੂ ਜੀ ਵਿਚ ਹੀ ਹੈ॥੪॥੯॥੩੮॥

| <u>ਮੂਲ</u> | <u>ਅਰਥ</u> |
|---|---|
| **ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥ ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ ਨਿਸਿ ਬਾਸੁਰ ਹੋਇ ਕਲ੍ਯ੍ਯਾਨੁ ਲਹਹਿ ਪਰਮ ਗਤਿ ਜੀਉ ॥ ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥ ਦੇਹ ਗੇਹੁ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਏਹੁ ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ ॥ ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ॥੫॥੧੦॥੩੯॥** | ਸ੍ਰੀ ਸਤਿਗੁਰੂ ਤਿੰਨਾਂ ਹੀ ਸਮਿਆਂ ਵਿਚ ਸੱਤਿ ਹੈ, ਸਤਿਗੁਰੂ ਜੀ ਦਾ ਕਿਹਾ ਮੰਨ ਇਹ ਸਤਿਨਾਮ ਮੰਤ੍ਰ ਹੀ (ਤੇਰਾ) ਸਦਾ ਦਾ ਸੰਗੀ ਨਿਜ ਧਨ ਹੈ, ਰਾਤ ਦਿਨੇ ਇਸ ਨੂੰ ਜਪੇਂ ਤਾਂ ਇਥੇ ਆਨੰਦ ਤੇ ਅਗੇ ਨੂੰ ਮੁਕਤੀ ਪਾਵੇਂਗਾ। ਕਾਮ, ਕ੍ਰੋਧ, ਲੋਭ, ਮੋਹ, ਤੇ ਜਣੇਂ ਜਣੇਂ ਨਾਲ ਛਲ ਕਰਨਾ ਇਹ ਛਡ ਦੇਹ, ਹਉਮੈਂ ਦਾ ਫ਼ਾਹਾ ਵੱਢ ਦੇ ਤੇ ਸਾਧ ਸੰਗਤ ਨਾਲ ਪ੍ਰੀਤੀ ਕਰ। ਸਰੀਰ, ਘਰ, ਵਹੁਟੀ ਜਿਨ੍ਹਾਂ ਨਾਲ ਤੂੰ ਮੋਹ ਲਾਈ ਬੈਠਾ ਹੈਂ, ਤੇ ਇਹ ਸਾਰਾ ਜਗਤ ਤਾਂ (ਚੇਤੰਨ) ਵਾਹਿਗੁਰੂ ਦੀ ਲੀਲ੍ਹਾ ਮਾਤ੍ਰ ਹੈ; ਇਸ ਲਈ (ਸਤਿਗੁਰੂ ਦੇ) ਚਰਨ ਕਮਲ ਨਿਤ ਹੀ ਸੇਵਨ ਕਰ ਤੇ ਆਪਨੀ ਬੁਧੀ ਨੂੰ ਅਡੋਲ ਰਖ। ਗਯੰਦ ਕਵੀ ਜੀ ਆਖਦੇ ਹਨ ਕਿ ਸਾਰ ਰੂਪ ਨਾਮ ਨੂੰ ਦਿਲ ਵਿਚ ਟਿਕਾ ਤੇ ਵਿਕਾਰਾਂ ਨੂੰ ਦਿਲੋਂ ਛਡ ਦੇਹ। ਸਿਰੀ ਸਤਿਗੁਰੂ ਨੂੰ ਮਨ, ਬਾਣੀ ਨਾਲ ਯਾਦ ਕਰ ਤੇ ਕੰਨੀ ਬੀ ਸੁਣ। (ਇਥੇ 'ਜੀਉ' ਪਦ ਸਤਿਗੁਰੂ ਸੰਬੋਧਨ ਦੇ ਅਰਥਾਂ ਵਿਚ ਹੈ)॥੫॥੧੦॥੩੯॥ |

**ਪਦਾਰਥ**—ਨਿਸਿ-ਰਾਤ। ਬਾਸੁਰ-ਦਿਨ। ਪਰਮਗਤਿ-ਜਨਮ ਮਰਨ ਤੋਂ

ਖਲਾਸੀ ਪਾ ਕੇ ਵਾਹਿਗੁਰੂ ਜੀ ਵਿਚ ਲੀਨ ਹੋਣਾ ਰੂਪ ਮੁਕਤੀ। ਜਣ ਜਣ-ਜਣੇ ਜਣੇ ਨਾਲ। ਧੋਹੁ-ਛਲ। ਫੰਧੁ-ਫਾਹਾ। ਰਤਿ-ਪ੍ਰੀਤੀ। ਗੇਹੁ-ਘਰ। ਤ੍ਰਿਅ-ਇਸਤ੍ਰੀ। ਸਨੇਹੁ-ਮੋਹ। ਸੇਉ-ਸੇਵਨ ਕਰ। ਮਤਿ-ਬੁਧੀ। ਹੀਏ-ਹਿਰਦਾ, ਦਿਲ। ਗਯੰਦ-ਕਵੀ ਜੀ ਦਾ ਨਾਮ।

**ਭਾਵ**—ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸੋਭਾ ਵਾਲੇ ਹਨ ਤੇ ਮਾਇਆ ਉਹਨਾਂ ਦੇ ਅਧੀਨ ਹੈ ਤੇ ਸਰਬ ਸ਼੍ਰੋਮਣਿ ਅਵਤਾਰ ਹਨ, ਇਹ ਸਭ ਕੁਛ ਉਸਤੁਤੀ ਮਾਤ੍ਰ (ਅਕੱਥ ਵਾਦ) ਨਹੀਂ, ਕਿੰਤੂ "ਸਤਿ ਜੀਉ" ਸੱਚੋ ਸੱਚ (ਯਥਾਰਥ ਵਾਕ) ਹੈ। ਐਸੇ ਸਤਿਗੁਰੂ ਜੀ ਦੀ ਸਿੱਖਯਾ ਮੁਕਤੀ ਦਾਤੀ ਹੈ, ਇਹ ਬੁੱਧੀ ਵਿਚ ਦ੍ਰਿੜ ਕਰਕੇ ਚਰਣ ਸ਼ਰਣ ਪ੍ਰਾਪਤ ਹੋ। ਰਾਹ ਤੁਰਨ ਲਈ ਚੱਲਣਾ ਇਕ ਤਾਂ ਇਹ ਗਲ ਹੈ, ਦੂਜਾ ਰੋਕਾਂ ਜੋ ਵਿਚਕਾਰ ਆਵਨ, ਉਹਨਾਂ ਤੋਂ ਕਾਮਯਾਬ ਹੋਕੇ ਲੰਘਣਾ ਇਹ ਦੂਜੀ ਗਲ ਹੈ ਕਿ ਸਤਿਨਾਮ ਨੂੰ ਲਗਾਤਾਰ ਰਾਤ ਦਿਨੇ ਜਪਣਾ ਤੇ ਸਤਿਗੁਰੂ ਦੇ ਚਰਨਾਂ ਵਿਚ ਧਿਆਨ ਅਡੋਲ ਰੱਖਣਾ। ਜਪ ਤਾਂ ਜਗਜਾਸੂ ਨੂੰ ਭੁੱਖ ਤੋਂ ਬਚਾਕੇ ਲਿਵ ਵਿਚ ਲੈ ਜਾਂਦਾ ਹੈ। ਹੁਣ ਇਸ ਰਾਹੇ ਰੋਕਾਂ ਪੈਂਦੀਆਂ ਹਨ, ਓਹ ਅੰਦਰ ਤੇ ਬਾਹਰ ਦੀਆਂ ਦੋ ਤਰ੍ਹਾਂ ਦੀਆਂ ਹਨ, ਅੰਦਰੋਂ ਤਾਂ ਤਮੋਗੁਣੀ ਬ੍ਰਿਤੀਆਂ ਕਾਮ, ਕ੍ਰੋਧ, ਲੋਭ, ਮੋਹ ਆਦਿਕ ਹਨ ਤੇ ਬਾਹਰੋਂ ਸਰੀਰ, ਘਰ, ਵਹੁਟੀ ਆਦਿਕ ਹਨ। ਸੋ ਇਨ੍ਹਾਂ ਦੇ ਅਧੀਨ ਹੋਕੇ ਹੀ ਜਣੇ ਖਣੇ ਨਾਲ ਛਲ ਕਰਦਾ ਤੇ ਵਿਕਾਰਾਂ ਵਿਚ ਤਤਪਰ ਰਹਿੰਦਾ ਹੈ, ਸੋ ਇਨ੍ਹਾਂ ਦੇ ਤਿਆਗ ਲਈ ਸਤਿਸੰਗ ਹੈ। ਸਤਿਸੰਗ ਦੇ ਪ੍ਰਭਾਵ ਨਾਲ ਹੀ ਇਨ੍ਹਾਂ ਤੋਂ ਬਚੀਦਾ ਹੈ। ਯਥਾ:- **"ਉਨ ਤੇ ਰਾਖੈ ਬਾਪ ਨ ਮਾਈ॥ ਉਨ ਤੇ ਰਾਖੈ ਮੀਤੁ ਨ ਭਾਈ॥ ਦਰਬਿ ਸਿਆਣਪ ਨਾ ਓਇ ਰਹਤੇ॥ ਸਾਧ ਸੰਗਿ ਓਇ ਦੁਸਟ ਵਸਿ ਹੋਤੇ॥"**(੧੮੨) ਸੋ ਸਤਿਸੰਗ ਵਿਚ ਅਨੰਨਜ ਪ੍ਰੀਤੀ ਹੀ ਇਨ੍ਹਾਂ ਤੋਂ ਬਚਾਉਂਦੀ ਹੈ, ਇਉਂ ਪਰਮਾਰਥੀ ਸਿਮਰਨ ਤੇ ਸਤਿਸੰਗ ਆਸਰੇ ਸਾਂਈਂ ਦੇ ਦਰ ਜਾ ਪੁਜਦਾ ਹੈ। **"ਚਿਤ ਬਿਲਾਸੁ ਜਗਤ ਏਹੁ"** ਇਸ ਦਾ ਅਰਥ ਗਯਾਨੀ ਇਉਂ ਬੀ ਕਰਦੇ ਹਨ ਕਿ ਇਹ ਜਗਤ ਚਿਤ ਦੀ ਚਿਤਵਨਾ ਮਾਤ੍ਰ ਹੈ ਅਰ "ਮਨ ਗਯੰਦ" ਦਾ ਅਰਥ ਕਰਦੇ ਹਨ ਕਿ "ਹੇ ਮਨ! ਹਾਥੀ (ਵਾਂਗੂੰ ਹੰਕਾਰ ਦੀ ਮਦਰਾ ਨਾਲ ਮੱਤੇ ਹੋਏ) ਵਿਕਾਰ ਛੱਡ ਦੇਹ"॥੫॥੧੦॥੩੯॥

| ਮੂਲ | ਅਰਥ |
|---|---|
| **ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥ ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥ ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ-ਮਦ ਕਾ ॥ ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ ॥ ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਿਗੁਰੂ ਤੇਰਾ ਸਭੁ ਸਦਕਾ ॥੧॥੧੧॥੪੦॥** | ਹੇ ਵਾਹਿਗੁਰੂ ਜੀ! ਸਭ ਆਪ ਦਾ ਹੀ ਸਦਕਾ ਹੈ; ਜੁਗਾਂ ਜੁਗਾਂ ਤੋਂ ਸੇਵਕਾਂ ਦੇ ਭੰਡਾਰੇ ਆਪ ਹੀ ਭਰਨ ਵਾਲੇ ਹੋ। ਹੇ ਨਿਰੰਕਾਰ ਪ੍ਰਭੂ ਜੀ! ਤੂੰ ਸਦਾ ਹੀ ਸਲਾਮਤ ਹੈਂ, ਕੋਈ ਭੀ ਨਹੀਂ ਆਖ ਸਕਦਾ ਕਿ ਆਪ ਕਦ ਦੇ ਹੋ, ਆਪ ਨੇ ਅਣਗਿਣਤ ਹੀ ਬ੍ਰਹਮਾਂ ਵਿਸ਼ਨੂ ਸਾਜੇ ਹਨ (ਪਰ ਤੈਥੋਂ ਭੁੱਲ ਕੇ ਉਹਨਾਂ ਨੂੰ) ਭੁਲੇਖਾ ਪੈ ਗਿਆ ਪਾਪ ਤੇ ਹੰਕਾਰ ਦਾ। ਜਦ ਤੋਂ ਆਪ ਚੌਰਾਸੀ ਲੱਖ ਜੂਨ ਪੈਦਾ ਕੀਤੀ ਹੈ ਤਦ ਤੋਂ ਹੀ ਸਭਨਾਂ ਨੂੰ ਆਪ ਨੇ ਰਿਜ਼ਕ ਦਿੱਤਾ ਹੈ। (ਪਿਛੇ ਬੀ) ਜੁਗਾਂ ਜੁਗਾਂ ਤੋਂ ਸੇਵਕਾਂ ਦੇ ਭੰਡਾਰ ਭਰਪੂਰ ਕੀਤੇ ਹਨ (ਤੇ ਹੁਣ ਭੀ ਜੋ ਕੁਛ ਸੇਵਕਾਂ ਨੂੰ ਪ੍ਰਾਪਤ ਹੈ) ਇਹ ਸਭ ਆਪ ਦਾ ਹੀ ਹੈ॥੧॥੧੧॥੪੦॥ |

**ਪਦਾਰਥ**—ਸਿਰੇ-ਸਿਰਜੇ, ਬਨਾਏ। ਮਦ-ਹੰਕਾਰ।

**ਭਾਵ**—ਅਕਾਲ ਪੁਰਖ ਤੇ ਸਤਿਗੁਰੂ ਇਕ ਰੂਪ ਹਨ। ਇਸ ਵਿਚਾਰ ਨੂੰ ਦ੍ਰਿੜ ਕਰਦੇ ਹੋਏ ਕਵੀਰਾਜ ਜੀ ਆਖਦੇ ਹਨ "ਵਾਹਿਗੁਰੂ" ਹੇ ਅਕਾਲ ਪੁਰਖ ਗੁਰੂ ਜੀ! ਆਪ ਦਾ ਹੀ ਸਦਕਾ ਹੈ, ਆਪ ਦੀ ਮੇਹਰ ਨਾਲ ਹੀ ਸੇਵਕਾਂ ਦੇ ਭੰਡਾਰੇ ਭਰਪੂਰ ਹਨ, ਇਹ ਜੁਗਾਂ ਜੁਗਾਂ ਤੋਂ ਆਪ ਦਾ ਬਿਰਦ ਹੈ ਹੇ ਪ੍ਰਭੂ ਜੀ! ਅਸਲੀਯਤ ਆਪ ਦੀ ਕਿਸੇ ਆਕਾਰ ਦੇ ਦਾਇਰੇ ਵਿਚ ਨਹੀਂ, ਕਿੰਤੂ ਆਪ ਨਿਰੰਕਾਰ ਹੋ ਅਰ ਸਦਾ ਤੋਂ ਹੀ ਆਪ ਅਨਾਦੀ ਹੋ। ਹੇ ਪ੍ਰਭੂ ਜੀ! ਕੋਈ ਬੀ ਆਪ ਦੀ ਆਦਿ ਉਤਪਤੀ ਨੂੰ ਨਹੀਂ ਆਖ ਸਕਦਾ। ਬ੍ਰਹਮਾ ਵਿਸ਼ਨੂ ਆਦਿਕ ਆਪ ਨੇ ਅਨੇਕਾਂ ਹੀ ਬਣਾਏ ਹਨ, ਪਰ ਉਹਨਾਂ ਦੇ ਮਨ ਵਿਚ ਆਪਣੀ ਮਾਨਤਾ ਪੂਜਾ ਵੇਖਕੇ ਮੋਹ ਅਰ ਮਾਨ ਦੇ ਪਰਦੇ ਕਾਰਨ ਹੰਕਾਰ ਹੋ ਗਿਆ। ਚੌਰਾਸੀ ਲੱਖ ਜੂਨ ਸਾਜਕੇ ਆਪ ਹੀ ਆਦਿ ਤੋਂ ਪਾਲਨਾ ਕਰ ਰਹੇ ਹੋ। (੧) ਇਸ ਛੰਦ ਵਿਚ ਦਿਖਾਇਆ ਹੈ ਕਿ ਵਾਹਿਗੁਰੂ ਆਪਣੇ ਦਾਸਾਂ ਦੇ ਭੰਡਾਰੇ ਭਰਪੂਰ ਰਖਦਾ ਹੈ ਅਰ ਜੋ ਕੁਛ ਭਗਤ ਜਨਾਂ ਨੂੰ ਪ੍ਰਾਪਤ ਹੁੰਦਾ ਹੈ, ਓਹ ਆਪਣੇ ਕੀਤੇ ਦਾ ਫਲ ਨਹੀਂ ਜਾਣਦੇ, ਕਿੰਤੂ (ਵਾਹਿਗੁਰੂ ਤੇਰਾ ਸਭ ਸਦਕਾ) ਕੇਵਲ ਮੇਹਰ ਨਿਰੀ ਬਖਸ਼ੀਸ਼ ਸਮਝ ਕੇ ਸ਼ੁਕਰ ਤੇ ਧੰਨਵਾਦ ਦੇ ਭਾਵ ਵਿਚ ਲੀਨ ਹੋਏ ਆਖਦੇ ਹਨ (ਤੇਰਾ ਸਭ ਸਦਕਾ)। (੨) ਪ੍ਰਸ਼ਨ-"ਵਾਹਿਗੁਰੂ ਕੌਣ ਹੈ ਤੇ ਕਦ ਤੋਂ ਹੈ?" ਉੱਤਰ-ਵਾਹਿਗੁਰੂ ਨਿਰਾਕਾਰ ਹੈ, ਵਾਹਿਗੁਰੂ ਕਿਸੇ ਤਰ੍ਹਾਂ ਦੇ ਜੋੜ ਜਾਂ ਮਾਇਆ ਦੇ ਆਕਾਰ ਵਾਲਾ ਨਹੀਂ, ਕਿੰਤੂ ਓਹ ਨਿਰੰਕਾਰ ਹੈ ਅਰ ਓਹ ਪ੍ਰਭੂ ਸਦਾ ਸਲਾਮਤ ਹੈ, ਆਦਿ ਤੋਂ ਹੈ ਅਰ ਅਨਾਦੀ ਹੈ, ਕੋਈ ਭੀ ਉਸ ਦੀ ਆਦਿ ਆਖ ਨਹੀਂ ਸਕਦਾ। ਚੇਤਾ ਰਹੇ ਕਿ ਬ੍ਰਹਮਾਂ ਵਿਸ਼ਨੂੰ ਇਹ ਉਸਦੀ ਰਚਨਾਂ ਹਨ ਅਰ ਮਾਇਆ ਦੇ ਆਕਾਰਾਂ ਵਿਚ ਆਉਣ ਵਾਲੇ ਹੋਣ ਕਰਕੇ ਏ ਸਾਂਈਂ ਨੂੰ ਨਹੀਂ ਦੇਖਦੇ ਪਰ ਸਾਂਈਂ ਇਨ੍ਹਾਂ ਨੂੰ ਦੇਖਦਾ ਹੈ। ਪਿਛੇ ਸ੍ਰੀ ਰਾਮ ਜੀ, ਸ੍ਰੀ ਕ੍ਰਿਸ਼ਨ ਜੀ, ਸ੍ਰੀ ਬਲ ਜੀ, ਸ੍ਰੀ ਨਰਸਿੰਘ, ਮਛ, ਕੱਛ, ਵੈਰਾਹ, ਨਿਹਕਲੰਕੀ ਆਦਿ ਗਿਣੇ ਹਨ। ਸੋ ਏਹ ਵਿਸ਼ਨੂੰ ਦੇ ਅਵਤਾਰ ਨਿਰੰਕਾਰ ਨਹੀਂ, ਕਰਤਾਰ ਨਹੀਂ, ਕਿੰਤੂ ਇਹ ਕਰਤਾਰ ਦੇ ਕੀਤੇ ਹੋਏ ਹਨ। ਇਥੇ ਆਪ ਨੇ ਆਸ਼ਾ ਸਪਸ਼ਟ ਪ੍ਰਗਟ ਕਰ ਦਿੱਤਾ ਹੈ ਕਿ ਭੁਲੇਖਾ ਨਾ ਰਹੇ ਕਿ ਓਹ ਅਕਾਲ ਪੁਰਖ ਦੀ ਮਹਾਨਤਾ ਦੱਸ ਰਹੇ ਹਨ ਅਰ ਸਾਰੇ ਅਵਤਾਰਾਂ, ਦੇਵਤਿਆਂ ਉੱਚ ਵਜਕਤੀਆਂ ਨੂੰ ਉਸ ਤੋਂ ਨੀਵਾਂ ਤੇ ਉਸਦਾ ਕੀਤਾ ਹੋਇਆ ਦੱਸ ਰਹੇ ਹਨ। (੩) ਫੇਰ ਓਹ ਰਾਜ਼ਕ ਹੈ ਜਦ ਤੋਂ ਰਚਨਹਾਰ ਕਰਤਾਰ ਨੇ ਸ੍ਰਿਸ਼ਟੀ ਸਾਜੀ ਹੈ ਤਦ ਤੋਂ ਓਹ ਰਿਜ਼ਕ ਦਾਤਾ ਹੈ, "**ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ**"।(੧੦੭੦) ਸਭਨਾਂ ਜੀਆਂ ਦਾ ਓਹ ਦਾਤਾ ਹੈ॥੧॥੧੧॥੪੦॥

| ਮੂਲ | ਅਰਥ |
|---|---|
| **ਵਾਹੁ ਵਾਹੁ ਕਾ ਬਡਾ ਤਮਾਸਾ ॥ ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ ॥ ਆਪੇ ਜਲੁ ਆਪੇ ਥਲੁ ਥੰਮ੍ਨੁ ਆਪੇ ਕੀਆ ਘਟਿ ਘਟਿ ਬਾਸਾ ॥ ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ ॥** | ਵਾਹਿਗੁਰੂ ਜੀ ਦਾ (ਰਚਿਆ ਹੋਇਆ ਇਹ ਜਗਤ ਰੂਪੀ) ਤਮਾਸ਼ਾ ਬੜਾ ਹੀ ਅਚਰਜ ਹੈ। (ਆਪ ਹੀ ਇਸ ਤਮਾਸ਼ੇ ਨੂੰ ਰਚਕੇ) ਵੇਖਦਾ ਹੈ ਤੇ ਆਪੇ ਹੀ ਪ੍ਰਸੰਨ ਹੁੰਦਾ ਹੈ, ਆਪੇ ਚੰਦ-ਰਮਾਂ ਤੇ ਸੂਰਜ ਨੂੰ ਰੌਸ਼ਨ ਕੀਤਾ ਹੈਸੁ। ਆਪ ਹੀ ਜਲ ਰੂਪ ਹੈ ਤੇ ਆਪ ਹੀ ਉਸ ਜਲ ਦੇ ਠਹਿਰਾਉਣ ਵਾਲਾ ਥਲ ਰੂਪ ਹੈ, ਆਪ ਹੀ ਸਾਰੇ ਘਟਾਂ ਵਿਚ ਵੱਸ ਰਿਹਾ ਹੈ। ਆਪ ਹੀ ਮਾਨੁਖ ਤੇ ਆਪ ਹੀ ਇਸਤ੍ਰੀ ਹੈ, ਆਪੇ ਹੀ (ਜੀਵ ਰੂਪੀ) ਨਰਦਾਂ ਹੈ ਤੇ ਆਪ ਹੀ (ਤ੍ਰੈ ਗੁਣ ਰੂਪੀ) ਪਾਸਾ ਹੈ। ਗੁਰਮੁਖ ਦੀ ਸੰਗਤ ਦੁਆਰਾ ਸਾਰੇ ਅਥਵਾ ਹੇ ਗੁਰਮੁਖੋ! ਸਾਧ |

| | |
|---|---|
| **ਗੁਰਮੁਖਿ ਸੰਗਤਿ ਸਭੈ ਬਿਚਾਰਹੁ ਵਾਹੁ ਵਾਹੁ ਕਾ ਬਡਾ ਤਮਾਸਾ॥ ੨॥੧੨॥੪੧॥** | ਸੰਗਤ ਵਿਚ ਰਲਕੇ ਸਾਰੇ ਵਿਚਾਰ ਕਰੋ, ਵਾਹਿਗੁਰੂ ਜੀ ਦਾ (ਰਚਿਆ ਇਹ ਜਗਤ ਰੂਪੀ) ਤਮਾਸ਼ਾ (ਖੇਲ) ਬੜਾ ਹੀ ਅਚਰਜ ਹੈ॥੨॥੧੨॥੪੧॥ |

**ਪਦਾਰਥ**—ਚਿਤਵੈ-ਦੇਖੇ। ਸੂਰੁ-ਸੂਰਜ। ਥੰਮ੍ਹੁ-ਥਾਂ ਜਾਂ ਕਿਨਾਰੇ ਥਲ। ਨਾਰੀ-ਇਸਤ੍ਰੀ। ਸਾਰਿ-ਨਰਦ, ਗੋਟੀ। ਪਾਸਾ-ਪਾਸੇ।

**ਭਾਵ**—ਵਾਹਿਗੁਰੂ ਅਚਰਜ ਰੂਪ ਹੈ ਅਰ ਉਸ ਦੀ ਰਚੀ ਰਚਨਾ ਭੀ ਬੜੀ ਅਦਭੁਤ ਹੈ। ਓਹ ਸਾਂਈਂ ਆਪ ਹੀ ਸਾਰੇ ਰੂਪ ਧਾਰਕੇ ਆਪ ਸਭ ਵਿਚ ਵਸ ਰਿਹਾ ਹੈ। ਸਾਧ ਸੰਗਤ ਵਿਚ ਮਿਲਕੇ ਉਸ ਦੀ ਵਿਚਾਰ ਕਰਨੀ ਚਾਹੀਏ। ਗਜਾਨੀ ਗੁਰਮੁਖਿ ਦਾ ਅਰਥ ਗੁਰਾਂ ਦਵਾਰੇ ਬੀ ਕਰਦੇ ਹਨ, ਅਰਥਾਤ ਹੇ ਸਾਧ ਸੰਗਤ ਜੀ! ਗੁਰੂ ਦਵਾਰੇ ਹੋਕੇ ਤੁਸੀਂ ਸਾਰੇ ਵਿਚਾਰ ਕਰੋ ਕਿ ਵਾਹਿਗੁਰੂ ਜੀ ਦਾ ਰਚਿਆ ਜਗਤ ਬੀ ਬੜਾ ਅਦਭੁਤ ਹੈ ਤੇ ਆਪ ਵਾਹਿਗੁਰੂ ਬੀ ਬੜਾ ਅਚਰਜ ਹੈ॥੨॥੧੨॥੪੧॥

| ਮੂਲ | ਅਰਥ |
|---|---|
| **ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥ ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ॥ ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ ॥ ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ ॥ ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ ॥ ੩ ॥ ੧੩ ॥ ੪੨ ॥** | ਹੇ ਵਾਹਿਗੁਰੂ ਜੀ! (ਇਹ) ਸਭ ਆਪ ਜੀ ਦੀ ਰਚਨਾ ਹੈ, (ਅਚਰਜ ਹੈ ਕਿ) ਵਡੇ (ਵਿਰੋਧੀ ਤੱਤਾਂ ਨੂੰ) ਮੇਲਕੇ ਇਹ (ਜਗਤ ਰੂਪੀ) ਖੇਲ ਤਮਾਸ਼ਾ ਆਪ ਨੇ ਬਣਾਇਆ ਹੈ। (ਹੇਵਾਹਿਗੁਰੂ!) ਜਲਾਂ, ਥਲਾਂ, ਅਕਾਸ਼, ਪਤਾਲ ਵਿਚ (ਸਾਰੇ ਹੀ) ਤੂੰ ਵਿਆਪ ਰਿਹਾ ਹੈਂ, ਆਪ ਜੀ ਦੇ ਬਚਨ ਅੰਮ੍ਰਿਤ ਤੋਂ ਬੀ ਮਿਠੇ ਹਨ। ਬ੍ਰਹਮਾਂ ਤੋਂ ਆਦਿ ਲੈਕੇ (ਸਰਬ ਜੀਵ ਤੇ) ਸ਼ਿਵ ਜੀ ਤੋਂ ਆਦਿ ਲੈਕੇ (ਸਾਰੇ ਦੇਵਤਾ ਆਪ ਨੂੰ) ਪੂਜਦੇ ਹਨ। (ਸੁਧ ਸ਼ਰੂਪ) ਕਾਲ ਤੇ ਕਾਲਕਾ ਦੋਵੇਂ (ਹੇ) ਨਿਰੰਜਨ! (ਤੇਰੇ ਜਾਚਕ ਹਨ) ਮੰਗਤੇ ਹਨ। ਸਾਧ ਸੰਗਤ ਨਾਲ (ਜਿਨ੍ਹਾਂ ਦਾ) ਮਨ ਜੁੜਿਆ ਹੈ (ਉਹ) ਗੁਰਾਂ ਦੀ ਕ੍ਰਿਪਾ ਕਰਕੇ ਪਾਂਵਦੇ ਹਨ ਤੇਰੇ ਨਿਜ ਰੂਪ ਨੂੰ। ਤਮਾਸ਼ਾ ਰੂਪ ਤੱਤਾਂ ਨੂੰ ਮੇਲਕੇ ਕੀਤਾ ਹੈ ਜਗਤ ਰੂਪੀ ਏਹ ਖੇਲ, ਹੇ ਵਾਹਿਗੁਰੂ ਜੀ ਇਹ ਸਭ ਆਪ ਜੀ ਦੀ ਰਚਨਾ ਹੈ॥੩॥੧੩॥੪੨॥ |

**ਪਦਾਰਥ**—ਤਮਾਸਾ-ਵਿਰੋਧੀ ਤੱਤਾਂ ਦਾ ਮੇਲਣ ਰੂਪ ਇਕ ਕੌਤਕ। ਗਗਨਿ-ਆਕਾਸ਼। ਪਯਾਲਿ-ਪਤਾਲ ਲੋਕ। ਜਚਨਾ-ਜਾਚਦੇ ਹਨ, ਮੰਗਦੇ ਹਨ। ਖਚਨਾ-ਖਚਿਤ ਹੋਣਾ।

**ਭਾਵ**—ਵਾਹਿਗੁਰੂ ਜੀ ਦੀ ਮਹਿਮਾਂ ਤੇ ਉਸ ਦੀ ਪ੍ਰਾਪਤੀ ਦਾ ਮਾਰਗ ਕਵੀਰਾਜ ਜੀ ਪ੍ਰਗਟ ਕਰਦੇ ਹਨ। ਆਪ ਜੀ ਦੀ ਗੁਰੂ ਜਜੋਤੀ ਨਾਲ ਐਸੀ ਅਿੰਨਜਤਾ ਹੋ ਗਈ ਹੈ ਕਿ ਆਪ ਨੂੰ ਵਾਹਿਗੁਰੂ ਤੇ ਗੁਰੂ ਵਿਚ ਕੁਛ ਵੀ ਭੇਦ ਪ੍ਰਤੀਤ ਨਹੀਂ ਹੁੰਦਾ, ਨਾਲੇ ਤਾਂ ਆਖ ਰਹੇ ਹਨ ਕਿ ਤੂੰ ਜਲਾਂ ਥਲਾਂ ਵਿਚ ਵਿਆਪ ਰਿਹਾ ਹੈਂ, ਨਾਲੇ ਕਹਿ ਰਹੇ ਹਨ ਅੰਮ੍ਰਿਤ ਤੋਂ ਮਿਠੇ ਤੇਰੇ ਬਚਨ ਹਨ।

ਅਣਜਾਣ ਨੂੰ ਸੁਣਕੇ ਸੰਸਾ ਪੈਂਦਾ ਹੈ ਕਿ ਵਿਆਪਕ ਨਿਰੰਕਾਰ ਮੁਖ ਬਚਨ ਆਦਿ ਅਸਥੂਲ ਸਮੱਗਰੀ ਤੋਂ ਪਰੇ ਜੋ ਅੰਮ੍ਰਿਤ ਬਚਨ ਸੁਣਾ ਰਿਹਾ ਹੈ ਓਹ ਇਕ ਸਰੀਰ ਵਿਚ ਬੈਠਾ ਬਚਨ ਬੋਲ ਰਿਹਾ ਹੈ, ਇਹ ਦੋ ਵਿਰੋਧੀ ਗਲਾਂ ਦਾ ਕੀ ਭੇਤ ਹੈ? ਇਸ ਦਾ ਉੱਤਰ ਪੂਰਾ ਤਾਂ ਉਥੇ ਪਹੁੰਚਿਆ ਮਿਲਦਾ ਹੈ, ਜਿਸ ਹਾਲਤ ਵਿਚ ਬੈਠਕੇ ਇਹ ਮਹਾਂਪੁਰਖ ਅੱਖੀਂ ਡਿੱਠੇ ਤੇ ਹੱਡੀਂ ਵਰਤੇ ਆਪੇ ਵਿਚ ਅਨੁਭਵ ਕੀਤੇ ਹਾਲ ਪ੍ਰਗਟ ਕਰ ਰਹੇ ਹਨ, ਪਰੰਤੂ ਸਮਝਣ ਲਈ ਇਉਂ ਸਮਝ ਸਕੀਦਾ ਹੈ ਕਿ ਬਚਨਾਂ ਦਾ ਬੋਲਣਾ ਕੇਵਲ ਸਥੂਲ ਇੰਦ੍ਰੀਆਂ ਦ੍ਵਾਰਾ ਹੀ ਨਹੀਂ ਕਿੰਤੂ ਹੋਰ ਤਰ੍ਹਾਂ ਬੀ ਦੇ ਸਕਦਾ ਹੈ, ਜੈਸਾ ਕਿ ਸੁਪਨੇ ਵਿਚ ਇਹ ਇੰਦਰੇ ਨਹੀਂ ਪਰ ਬੋਲਣਾਂ ਸੁਣਨਾ ਹੁੰਦਾ ਹੈ। ਇਸੇ ਤਰ੍ਹਾਂ ਆਤਮ ਮੰਡਲ ਵਿਚ ਭੀ ਇਕ ਕ੍ਰਿਸ਼ਮਾਂ ਐਸਾ ਹੈ, ਜਿਸ ਵਿਚ "**ਭਗਤ ਸੰਗਿ ਪ੍ਰਭੁ ਗੋਸਟਿ ਕਰਤ**"(੮੯੪) ਦਾ ਕੌਤਕ ਵਰਤਦਾ ਹੈ। ਦੂਜਾ ਉੱਤਰ ਇਹ ਹੈ ਕਿ ਨਿਰਗੁਣ ਵਾਹਿਗੁਰੂ ਤੇ ਸਰਗੁਣ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਇਕੋ ਰੂਪ ਕਰਕੇ ਮਹਾਂ ਕਵੀ ਜੀ ਦੇਖ ਰਹੇ ਹਨ। ਜੋ ਵ੍ਯਾਪਕ ਵਾਹਿਗੁਰੂ ਸਰਬੱਤ ਪਰੀ ਪੂਰਨ ਹੈ, ਓਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਰੂਪ ਵਿਚ ਪ੍ਰਗਟ ਹੋਕੇ ਸੋਨੇ ਵਿਚ ਅਗਨੀ ਦੇ ਪਰਵੇਸ਼ ਵਾਂਗ ਐਸੇ ਬਚਨ ਸੁਣਾ ਰਿਹਾ ਹੈ ਕਿ ਜੋ ਅੰਮ੍ਰਿਤ ਤੋਂ ਮਿੱਠੇ ਹਨ। ਜਿਨ੍ਹਾਂ ਦੇ ਸੁਣ ਲੈਣ ਨਾਲ ਰਸਨਾਂ ਨੂੰ ਰਸ ਦੇਣ ਵਾਲੇ ਅੰਮ੍ਰਿਤ ਦੀ ਲੋੜ ਨਹੀਂ ਰਹਿੰਦੀ, ਨਾਲੇ ਉਸ ਅੰਮ੍ਰਿਤ ਪੀਣ ਨਾਲ ਤ੍ਰਿਸ਼ਨਾ ਤੇ ਈਰਖਾ ਦੀ ਡੰਝ ਦੂਰ ਨਹੀਂ ਹੁੰਦੀ ਤੇ ਚੌਰਾਸੀ ਤੋਂ ਮੁਕਤ ਨਹੀਂ ਹੋਇਆ ਜਾਂਦਾ। ਪਰ ਇਸ ਗੁਰਬਚਨ ਅੰਮ੍ਰਿਤ ਦੇ ਪੀਣ ਨਾਲ ਚਿਤ ਸ਼ਾਂਤ ਤੇ ਤ੍ਰਿਪਤ ਹੁੰਦਾ ਹੈ ਤੇ ਚੌਰਾਸੀ ਤੋਂ ਛੁਟਕਾਰਾ ਪਾਈਦਾ ਹੈ, ਇਸ ਲਈ ਗੁਰਬਚਨ ਅੰਮ੍ਰਿਤ ਸੰਸਾਰੀ ਜਾਂ ਸੁਰਗੀ ਅੰਮ੍ਰਿਤ ਤੋਂ ਅਤਿ ਮਿੱਠਾ ਹੈ।

ਵਾਹਿਗੁਰੂ ਸਰਬ ਸਮਰੱਥ ਹੈ। ਆਪੋ ਵਿਚ ਵਿਰੋਧੀ ਵਸਤਾਂ ਨੂੰ ਕੋਈ ਕੱਠਾ ਕਰ ਦੇਵੇ ਤਾਂ ਆਖਦੇ ਹਨ ਤਮਾਸ਼ੇ ਵਾਲੀ ਗੱਲ ਹੈ। ਹੈਰਾਨੀ ਤੇ ਅਸਚਰਜ ਦੇ ਭਾਵਾਂ ਵੇਲੇ ਭੀ ਇਹ ਬੋਲਾ ਵਰਤੀਦਾ ਹੈ ਅਰ ਕਿਸੇ ਖੇਲ ਤਮਾਸ਼ੇ ਦੇ ਕੌਤਕਾਂ ਦੇ ਵੇਲੇ ਭੀ ਆਖਦੇ ਹਨ ਕਿ ਤਮਾਸ਼ਾ ਹੋ ਰਿਹਾ ਹੈ। ਸੋ ਰਚਣਹਾਰ ਵਾਹਿਗੁਰੂ ਜੀ ਨੇ ਇਹ ਇਕ ਤਮਾਸ਼ੇ (ਅਚਰਜ) ਵਾਲੀ ਗਲ ਕੀਤੀ ਹੈ ਕਿ ਅੱਗ ਪਾਣੀ, ਆਦਿ ਵਿਰੋਧੀ ਤੱਤਾਂ ਨੂੰ ਮਿਲਾਕੇ ਇਹ ਜਗਤ ਰੂਪੀ ਖੇਲ ਰਚ ਦਿੱਤਾ ਹੈ।

ਇਸ ਤੁਕ ਦਾ ਇਉਂ ਭੀ ਅਰਥ ਬਣਦਾ ਹੈ ਕਿ ਕੀਤਾ ਹੈ ਬੜਾ ਖੇਲ (ਜਗਤ) ਪਰ ਇਹ ਬੜਾ ਤਮਾਸ਼ੇ ਦਾ ਇਕੱਠ ਹੈ। ਅਰਥਾਤ ਜੀਕੁਣ ਤਮਾਸ਼ੇ ਦੇ ਲੋਕ ਥੋੜ੍ਹਾ ਸਮਾਂ ਕੱਠੇ ਹੋਕੇ ਵਿੱਛੜ ਜਾਂਦੇ ਹਨ, ਤਿਵੇਂ ਹੀ ਇਹ ਸੰਸਾਰ ਦਾ ਖੇਲ ਹੈ। ਬ੍ਰਹਮਾਂ ਤੇ ਸ਼ਿਵ ਆਦਿ ਸਭ ਉਸ ਕਰਤਾਰ ਦੀ ਆਗ੍ਯਾ ਵਿਚ ਹਨ ਤੇ ਉਸ ਨੂੰ ਮੰਨਦੇ ਹਨ। ਕਾਲ ਤੇ ਕਾਲਕਾ (ਦੇਵੀ) ਸਭ ਉਸ ਦੇ ਦਰ ਦੇ ਮੰਗਤੇ ਹਨ। ਜਾਂ ਓਹ ਕਾਲ ਦਾ ਬੀ ਕਾਲ ਹੈ ਅਰਥਾਤ ਮੌਤ ਦੇ ਅੰਤ ਕਰਨ ਵਾਲਾ ਹੈ। ਤਥਾ ਸਮੇਂ ਤੋਂ ਪਾਰ ਹੈ, (ਨਿਰੰਜਨ) ਮਾਇਆ ਦੀ ਕਾਲਖ ਤੋਂ ਰਹਿਤ ਸ਼ੁਧ ਹੈ (ਤੇ) ਜਚਨਾ ਨਜਾਇਕਾਰੀ ਹੈ। ਸਭ ਦੇ ਅੰਦਰਲੇ ਬਾਹਰਲੇ ਕਰਮਾਂ ਦਾ ਤੋਲਣਹਾਰ ਹੈ। ਐਸਾ ਵਾਹਿਗੁਰੂ, ਸਤਿਸੰਗ ਦੀ ਲਗਨ ਤੇ ਸਤਿਗੁਰੂ ਜੀ ਦੀ ਪੂਰੀ ਮਿਹਰ ਨਾਲ ਪ੍ਰਾਪਤ ਹੁੰਦਾ ਹੈ। ਯਥਾ-"**ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥ ਸਾਧ ਸੰਗਤਿ ਪਾਈ ਪਰਮ ਗਤੇ॥**"(੧੨੯੩)

ਪਰਮਾਰਥ ਦਾ ਅਰਥ ਹੈਂ "ਪਰਮ ਪ੍ਰਯੋਜਨ", ਮਾਨੁਖ ਦੇਹ ਪਾਵਣ ਦਾ ਅਸਲ ਮਕਸਦ। ਭਾਵ ਵਿਚ ਵਾਹਿਗੁਰੂ ਪ੍ਰਾਪਤੀ ਹੀ "ਪਰਮ ਪ੍ਰਯੋਜਨ" ਹੈ। ਯਥਾ-"**ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ।** "(੩੮੨) ਸੋ ਪ੍ਰਭੂ ਮਿਲਣ ਵਿਚ ਹੀ ਮਾਨੁਖ ਦੇਹੀ ਦੀ ਸਫਲਤਾ ਹੈ॥੩॥੧੩॥੪੨॥

| ਮੂਲ | ਅਰਥ |
|---|---|
| ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ ॥ ਸਿਵ ਬਿਰੰਚਿ ਧਰਿ ਧ੍ਯ੍ਯਾਨੁ ਨਿਤਹਿ ਜਿਸੁ ਬੇਦੁ ਬਖਾਣੈ ॥ ਨਿਰੰਕਾਰੁ ਨਿਰਵੈਰੁ ਅਵਰੁ ਨਹੀ ਦੂਸਰ ਕੋਈ ॥ ਭੰਜਨ ਗੜ੍ਹਣ ਸਮਥੁ ਤਰਣ ਤਾਰਣ ਪ੍ਰਭੁ ਸੋਈ ॥ ਨਾਨਾ ਪ੍ਰਕਾਰ ਜਿਨਿ ਜਗੁ ਕੀਓ ਜਨੁ ਮਥੁਰਾ ਰਸਨਾ ਰਸੈ ॥ ਸ੍ਰੀ ਸਤਿ ਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ ॥੧॥੪੩॥ | (ਸ੍ਰੀ ਗੁਰੂ ਰਾਮਦਾਸ ਜੀ ਦੇ ਚਿੱਤ ਵਿਚ ਅਕਾਲ ਪੁਰਖ ਦਾ ਨਿਵਾਸ ਹੈ।) ਵਾਹਿਗੁਰੂ ਮਨ ਬਾਣੀ ਤੋਂ ਪਰੇ ਹੈ ਅਰ ਦੇਸ਼ ਕਾਲ ਵਸਤੂ ਦੇ ਅੰਤ ਤੋਂ ਅਨੰਤ ਹੈ, ਜਿਸਦੇ ਮੂਲ ਕਾਰਨ ਤੇਉਤਪਤੀ ਨੂੰ ਕੋਈ ਨਹੀਂ ਜਾਣਦਾ। ਸ਼ਿਵ ਤੇ ਬ੍ਰਹਮਾਂ ਜਿਸਦਾ ਧਿਆਨ ਕਰਦੇ ਹਨ; ਵੇਦ ਜਿਸ ਨੂੰ ਨੇਤਿ ਨੇਤਿ ਕਰ ਆਖਦਾ ਹੈ। ਕਿਸੇ ਅਕਾਰ ਤੋਂ ਜੋ ਰਹਿਤ ਹੈ ਅਰ ਜਿਸਦਾ ਵੈਰ ਕਿਸੇ ਨਾਲ ਬੀ ਨਹੀਂ, ਜਿਸਦੇ ਜੇਹਾ ਹੋਰ ਕੋਈ ਭੀ ਨਹੀਂ; ਓਹ ਪ੍ਰਭੂ ਜਗਤ ਦੀ ਉਤਪਤੀ ਤੇ ਨਾਸ਼ ਕਰਨ ਨੂੰ (ਸੁਤੰਤ੍ਰ) ਸਮਰੱਥ ਹੈ ਤੇ ਸੰਸਾਰ ਤੋਂ ਤਾਰਨ ਲਈ ਜਹਾਜ਼ ਰੂਪ ਹੈ। ਮਥਰਾ ਕਵੀ ਜੀ ਰਸਨਾਂ ਤੋਂ ਉਸਦਾ (ਜਪ) ਉਚਰਦੇ ਹਨ, ਅਨੇਕ ਤਰ੍ਹਾਂ ਦਾ ਜਗਤ ਜਿਸ ਨੇ ਰਚਿਆ ਹੈ, ਜੋ ਸਾਰੇ (ਪੁਰਖ-) ਪਰੀ ਪੂਰਨ ਹੈ ਤੇ ਨਾਮ ਜਿਸਦਾ ਸਤਿ ਹੈ, ਓਹੀ (ਸਤਿਨਾਮ ਕਰਤਾ ਪੁਰਖ) ਗੁਰੂ ਰਾਮਦਾਸ ਸਾਹਿਬ ਜੀ ਦੇ ਚਿਤ ਵਿਚ ਵਸਦਾ ਹੈ॥੧॥੪੩॥ |

**ਪਦਾਰਥ**—ਅਗਮੁ-ਜੋ ਮਨ ਬਾਣੀ ਤੋਂ ਪਰੇ ਹੋਵੇ। ਅਨੰਤੁ-ਜੋ ਦੇਸ਼ ਕਾਲ ਦੇ ਅੰਤ ਤੋਂ ਪਰੇ ਹੋਵੇ। ਅਨਾਦਿ-ਜੋ ਉਤਪਤੀ ਤੋਂ ਰਹਿਤ ਹੋਵੇ। ਬਿਰੰਚਿ-ਬ੍ਰਹਮਾਂ ਜੀ। ਨਿਤਹਿ-ਨਿਤ ਜਾਂ ਨੇਤਿ ਨੇਤਿ। ਭੰਜਨ-ਭੰਨਣ, ਨਾਸ਼। ਗੜ੍ਹਣ-ਘੜਨਾਂ ਜਾਂ ਉਤਪਤੀ। ਨਾਨਾ ਪ੍ਰਕਾਰ-ਅਨੇਕ ਤਰ੍ਹਾਂ ਦਾ। ਜਨੁ-ਦਾਸ। ਰਸੈ-ਆਖਦੇ ਹਨ।

**ਭਾਵ**—ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਜਿਸ ਨੂੰ ਪ੍ਰਗਟ ਕਰਦੇ ਹੋਏ ਕਵੀਰਾਜ ਜੀ ਨੇ "ਗੁਰੁ ਪਰਮੇਸਰੁ ਏਕੋ ਜਾਣੁ" ਦੇ ਮਹਾਨ ਉੱਤਮ ਸਿਧਾਂਤ ਨੂੰ ਪ੍ਰਗਟ ਕੀਤਾ ਸੀ, ਓਸੇ ਭਾਵ ਨੂੰ ਲੈਕੇ ਆਖਦੇ ਹਨ ਜੋ ਸਰਗੁਣ ਵਾਹਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਰੂਪ ਵਿਚ ਦਿੱਸ ਰਿਹਾ ਹੈ, ਓਹ ਨਿਰਗੁਣ ਰੂਪ ਭੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਵਿਚ ਪ੍ਰਤੱਖ ਬਿਰਾਜਮਾਨ ਹੈ। ਓਹ ਵਾਹਿਗੁਰੂ ਮਨ ਬਾਣੀ ਤੋਂ ਪਰੇ ਹੈ, ਸਮੇਂ ਤੇ ਦੇਸ਼ ਕਰਕੇ ਉਸ ਦਾ ਅੰਤ ਨਹੀਂ ਹੈ, ਕਿਉਂਕਿ ਉਹ ਅਕਾਲ ਤੇ ਸਰਬ ਪਰੀ ਪੂਰਨ ਹੈ, ਵਸਤੂ ਕਰਕੇ ਉਸ ਦਾ ਅੰਤ ਨਹੀਂ, ਕਿਉਂਕਿ ਕੋਈ ਵਸਤੂ ਉਸਦੀ ਹਸਤੀ ਤੋਂ ਬਿਨਾਂ ਆਪਣੇ ਆਪ ਹੈ ਨਹੀਂ ਜੋ ਉਤਪਤੀ ਰਹਿਤ ਹੈ ਜਿਸ ਦੇ ਮੂਲ ਕਾਰਨ ਨੂੰ ਕੋਈ ਜਾਣ ਨਹੀਂ ਸਕਦਾ। ਯਥਾ-"**ਪਿਤਾ ਕਾ ਜਨਮੁ ਕਿ ਜਾਨੈ ਪੂਤੁ**"। (੨੮੪) ਬ੍ਰਹਮਾ, ਸ਼ਿਵ ਤੇ ਬੇਦ ਭੀ ਉਸ ਨੂੰ (ਨੇਤਿ-ਨੇਤਿ) ਬਿਅੰਤ ਬਿਅੰਤ ਆਖਦੇ ਹਨ। ਇਥੇ ਨਿਤਹਿ ਦਾ ਅਰਥ ਗਜਾਨੀ ਨਿੱਤ ਕਰਦੇ ਹਨ, ਅਰਥਾਤ ਵੇਦ ਜਿਸ ਨੂੰ ਨਿੱਤ ਕਥਨ ਕਰਦੇ ਹਨ। ਸਭ ਆਕਾਰ ਉਸ ਦੇ ਰਚੇ ਹੋਏ ਹਨ, ਪਰ ਆਪ ਓਹ ਨਿਰਾਕਾਰ ਹੈ। ਕਵੀਰਾਜ ਜੀ ਆਖਦੇ ਹਨ ਓਹ ਵਾਹਿਗੁਰੂ ਨਿਰਵੈਰ ਹੈ, ਉਸਦੇ ਜੇਹਾ ਓਹ ਆਪ ਹੈ, ਇਸੇ ਕਰਕੇ ਹੀ ਓਹ ਅਦੁਤੀ ਹੈ। ਕੋਈ ਆਖਦੇ ਹਨ: ਉਹ ਪ੍ਰਕ੍ਰਿਤੀ ਦੀ ਸਹੈਤਾ ਨਾਲ ਜੀਵ ਜੰਤੁ ਰਚਦਾ ਹੈ। ਕਵੀ ਰਾਜ ਜੀ ਆਖਦੇ ਹਨ ਓਹ ਜਗਤ ਉਤਪਤੀ ਤੇ ਨਾਸ਼ ਲਈ ਆਪ ਹੀ ਸਮਰੱਥ ਹੈ, ਉਸਨੂੰ ਹੋਰ ਸਹਾਇਤਾ ਦੀ ਲੋੜ ਹੀ ਨਹੀਂ। ਭਵ ਸਾਗਰ ਤੋਂ ਤਾਰਨ ਲਈ ਸ੍ਰੀ

ਗੁਰੂ ਰਾਮ ਦਾਸ ਸਾਹਿਬ ਜੀ ਜੋ ਆਏ ਹਨ ਇਹ ਓਹ ਆਪ ਹੀ ਆਯਾ ਹੈ। ਜਗਤ ਦੀ ਰਚਨਾਂ ਅਨੇਕ ਤਰ੍ਹਾਂ ਦੀ ਉਸ ਨੇ ਰਚੀ ਹੈ, ਓਹ ਅਕਾਲ ਪੁਰਖ ਅਬਿਨਾਸ਼ੀ ਸ੍ਰੀ ਗੁਰੂ ਰਾਮਦਾਸ ਜੀ ਦੇ ਚਿਤ ਵਿਚ ਵਸ ਰਿਹਾ ਹੈ। ਗਿਆਨੀ ਇਸ ਤੁਕ ਦਾ ਵਿਚਾਰ ਇਉਂ ਭੀ ਕਰਦੇ ਹਨ ਕਿ ਸ੍ਰੀ ਕਰਤਾ ਪੁਰਖ ਜੀ ਦਾ ਸਤਿਨਾਮ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਿਤ ਵਿਚ ਵੱਸ ਰਿਹਾ ਹੈ॥੧॥੪੩॥

| ਮੂਲ | ਅਰਥ |
|---|---|
| ਗੁਰੁ ਸਮਰਥੁ ਗਹਿ ਕਰੀਆ ਧ੍ਰੁਵ ਬੁਧਿ ਸੁਮਤਿ ਸਮ੍ਹਾਰਨ ਕਉ ॥ ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘ ਪੁੰਜ ਤਰੰਗ ਨਿਵਾਰਨ ਕਉ ॥ ਮਥੁਰਾ ਜਨ ਜਾਨਿ ਕਹੀ ਜੀਅ ਸਾਚੁ ਸੁ ਅਉਰ ਕਛੂ ਨ ਬਿਚਾਰਨ ਕਉ ॥ ਹਰਿ ਨਾਮੁ ਬੋਹਿਥੁ ਬਡੌ ਕਲਿ ਮੈ ਭਵ ਸਾਗਰ ਪਾਰਿ ਉਤਾਰਨ ਕਉ ॥੨॥੪੪॥ | (ਮੇਰੀ ਡੋਲ ਰਹੀ ਚੰਚਲ) ਬੁੱਧੀ ਨੂੰ ਸਤਿਗੁਰੂ ਜੀ ਨੇ ਫੜਕੇ ਅਡੋਲ ਕਰ ਦਿਤਾ ਹੈ, ਅਰ ਸਿਮਰਨ ਕਰਨ ਵਾਲੀ (ਸੁਮਤੀ=) ਚੰਗੀ ਮਤ ਮੈਨੂੰ ਬਖਸ਼ੀ ਹੈ। (ਨਿਰਾ ਮੇਰੇ ਲਈ ਨਹੀਂ) ਸਗੋਂ ਪਾਪਾਂ ਦੇ ਸਾਰੇ ਫੁਰਨੇ ਦੂਰ ਕਰਨ ਲਈ (ਸਤਿਗੁਰੂ ਜੀ ਦਾ ਸਰੂਪ) ਧਰਮ ਦਾ ਝੰਡਾ ਝੂਲ ਰਿਹਾ ਹੈ। ਦਾਸ ਮਥੁਰਾ ਦੇ ਦਿਲ ਵਿਚ ਸੱਚੀ ਜਾਣਕੇ ਇਹ ਗਲ ਆਖੀ ਹੈ, ਇਸ ਪੁਰ ਹੋਰ ਵਿਚਾਰ ਕਰਨ ਦੀ ਲੋੜ ਨਹੀਂ ਹੈ। (ਓਹ ਗੱਲ ਇਹ ਹੈ ਕਿ) ਇਸ ਕਲਜੁਗ ਦੇ ਸਮੇਂ ਭਵਸਾਗਰ ਸੰਸਾਰ ਤੋਂ ਪਾਰ ਉਤਾਰਨ ਲਈ ਹਰੀ ਨਾਮੁ ਹੀ ਵੱਡਾ ਜਹਾਜ਼ ਹੈ॥੨॥੪੪॥ |

**ਪਦਾਰਥ**—ਗਹਿ ਕਰੀਆ-ਪਕੜਕੇ, ਫੜਕੇ। ਧ੍ਰੁਵ-ਅਡੋਲ। ਸੁਮਤਿ-ਚੰਗੀ ਸਿੱਖਯਾ ਅਰਥਾਤ ਸਿਮਰਨ ਦੀ ਮਤਿ। ਸਮ੍ਹਾਰਨ ਕਉ-ਸੰਭਾਲਣ ਲਈ। ਫੁਨਿ-ਫੇਰ, ਸਗੋਂ। ਧੁਜਾ-ਝੰਡਾ। ਫਹਰੰਤਿ-ਝੂਲ ਰਿਹਾ ਹੈ, ਫਹਿਰਾ ਰਿਹਾ ਹੈ। ਅਘ-ਪਾਪ। ਪੁੰਜ-ਸਮੂਹ, ਝੁੰਡ। ਤਰੰਗ-ਲਹਿਰਾਂ ਜਾਂ ਫੁਰਨੇ। ਮਥੁਰਾ-ਕਵੀ ਜੀ ਦਾ ਨਾਮ ਹੈ। ਜਨੁ-ਦਾਸ। ਬੋਹਿਥੁ-ਜਹਾਜ਼।

**ਭਾਵ**—ਸਤਿਗੁਰੂ ਸਮਰੱਥ ਹੈ ਤੇ ਪੂਰਨ ਸ਼ਕਤੀ ਵਾਲਾ ਹੈ, ਪਰਮਾਰਥ ਦੇ ਪੂਰਨ ਨਿਸਚੇ ਬਿਨਾਂ ਬੁਧੀ ਡਾਵਾਂ ਡੋਲ ਰਹਿੰਦੀ ਹੈ। ਸਤਿਗੁਰੂ ਸ਼ਰਣ ਪ੍ਰਾਪਤ ਜਗਯਾਸੂ ਦੀ ਬੁਧੀ ਨੂੰ ਪਹਿਲਾਂ ਅਡੋਲ ਕਰਦੇ ਹਨ, ਜਿਸ ਕਰਕੇ ਜਗਯਾਸੂ ਦੀ ਭਟਕਣਾਂ ਮਿਟ ਜਾਂਦੀ ਹੈ, ਫੇਰ ਮਿਹਰ ਕਰਕੇ ਸਤਿਗੁਰੂ ਨਾਮ ਸਿਮਰਨ ਦੀ ਸਿਖਿਆ ਦੇਕੇ ਇਸ ਘਾਲ ਵਿਚ ਲਾਂਵਦੇ ਹਨ। ਇਸ ਪਵਿੱਤ੍ਰ ਘਾਲ ਵਿਚ ਲਗਿਆਂ ਮਨ ਅੰਦਰ ਜੋ ਪਾਪਾਂ ਦੇ ਪਿਛਲੇ ਸੰਸਕਾਰ ਹਨ ਓਹ ਪ੍ਰਗਟ ਹੋਕੇ ਝੁੰਡਾਂ ਦੇ ਝੁੰਡ ਆਂਵਦੇ ਹਨ, ਉਹਨਾਂ ਦੇ ਦੂਰ ਕਰਨ ਲਈ ਹਿਰਦੇ ਵਿਚ ਪ੍ਰਾਪਤ ਸਤਿਗੁਰੂ ਜੀ ਦੇ ਸਰੂਪ ਦਾ ਧਿਆਨ ਮਾਨੋ ਝੰਡਾ ਫਹਿਰਾ ਰਿਹਾ ਹੈ, ਜਿਸ ਧਿਆਨ ਪ੍ਰਭਾਵ ਨਾਲ ਪਾਪਾਂ ਦੇ ਸਮੂਹ ਦੂਰ ਭੱਜ ਜਾਂਦੇ ਹਨ। ਅਥਵਾ ਇਸ ਸੰਸਾਰ ਵਿਚ ਕੁਸੰਗ ਦਾ ਦਰਿਆ ਚਲ ਰਿਹਾ ਹੈ, ਜਿਸ ਵਿਚ ਪਾਪਾਂ ਦੀਆਂ ਲਹਿਰਾਂ ਦੇ ਸਮੂਹ ਲਹਿਰਾ ਰਹੇ ਹਨ। ਇਹਨਾਂ ਲਹਿਰਾਂ ਤੋਂ ਬਚਾਉਣ ਲਈ ਸਤਿਗੁਰੂ ਜੀ ਦਾ ਸਰੂਪ ਰੂਪੀ ਝੰਡਾ ਝੂਲ ਰਿਹਾ ਹੈ; ਜੋ ਆਪਣੀ ਕਰਨੀ ਕਹਿਣੀ ਉਪਦੇਸ਼ਾਂ ਦੇ ਫਹਿਰਾਉ ਨਾਲ ਕੁਸੰਗ ਤੇ ਪਾਪਾਂ ਤੋਂ ਰੋਕ ਰਿਹਾ ਹੈ ਕਿ ਉਧਰ ਮਤ ਜਾਓ। ਯਥਾ:-ਸ੍ਰੀ ਗੁਰੂ ਰਾਮਦਾਸ ਜੀ ਦੇ ਸ੍ਰੀ ਮੁਖਵਾਕ:-"**ਮਨਮੁਖ ਸਉ ਕਰਿ ਦੋਸਤੀ ਸੁਖ ਕੀ ਪੁਛਹਿ ਮਿਤ**"(੧੪੨੧)॥ ਤਥਾ-"**ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ**

**ਪਰੈ ਪਰਾਰੈ॥**"(੬੮੧) ਸਤਿਗੁਰੂ ਜੀ ਦੀ ਬਖਸ਼ਿਸ਼ ਤੋਂ ਪ੍ਰਾਪਤ ਜੋ ਨਾਮ ਸਿਮਰਨ ਦਾ ਮਾਰਗ ਕਵੀ ਮਥੁਰਾ ਜੀ ਨੂੰ ਪ੍ਰਾਪਤ ਹੋਇਆ ਹੈ ਉਸ ਦੀ ਬਾਬਤ ਆਪਣਾ ਨਿਰਸੰਸੇ ਵਿਸ਼ਵਾਸ ਦੱਸਦੇ ਹਨ ਕਿ ਇਸ ਕਲਜੁਗ ਦੇ ਸਮੇਂ ਵਿਖੇ ਭਉਜਲ ਤੋਂ ਪਾਰ ਕਰਨ ਵਾਲਾ (ਵਾਹਿਗੁਰੂ) ਨਾਮ ਹੀ ਬੜਾ ਜਹਾਜ਼ ਹੈ। ਜਿਸ ਆਸਰੇ ਊਚ, ਨੀਚ, ਅਮੀਰ ਗ਼ਰੀਬ ਭਵ ਸਾਗਰ ਤੋਂ ਪਾਰ ਹੋ ਸਕਦਾ ਹੈ। ਧੁਨੀ ਇਹ ਭੀ ਹੈ ਕਿ ਸਤਿਗੁਰੂ ਜੀ ਦੀ ਸਿਖਿਆ ਤੋਂ ਪਹਿਲੇ ਪਰਮਾਰਥ ਦੇ ਸਾਧਨਾਂ ਵਿਚ ਸੰਸੇ ਬ੍ਰਿਤੀ ਕਰਕੇ ਬੁਧੀ ਡੋਲ ਰਹੀ ਸੀ, ਜੈਸਾ ਕਿ ਕਵੀ ਜੀ ਨੇ ਅੱਗੇ ਚੱਲਕੇ ਆਪ ਕਿਹਾ ਹੈ ਕਿ :-"**ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥ ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥**"(੧੪੦੯) ਕੈਸੀ ਤੜਫ਼ ਹੈ? ਵਾਹਵਾ! ਆਖਦੇ ਹਨ, ਤਾਰਨ ਹਾਰ ਸਤਿਗੁਰੂ ਨਾ ਮਿਲਦੇ ਤਾਂ ਇਹ ਪਛੁਤਾਵਾ ਕਦੀ ਨਹੀਂ ਦੂਰ ਹੋਣਾ ਸੀ, ਸੋ ਭ੍ਰਮਦੇ ਤੇ ਧਾਂਵਦੇ ਹੋਇਆਂ ਦੀ ਬੁਧੀ ਨੂੰ ਸਤਿਗੁਰੂ ਨੇ ਅਡੋਲ ਕਰ ਦਿਤਾ ਤੇ ਕਰਤਾਰ ਸਿਮਰਨ ਦੀ ਮੱਤ ਦਿਤੀ ਜੋ ਭਵ ਸਾਗਰ ਤੋਂ ਤਾਰਨ ਲਈ ਜਹਾਜ਼ ਹੈ। ਹੁਣ ਇਸ ਸਿਮਰਨ ਮਾਰਗ ਪੁਰ ਐਸਾ ਅਡੋਲ ਨਿਸਚਾ ਬੱਝਾ ਕਿ ਹੋਰ ਵਿਚਾਰ ਕਰਨ ਦੀ ਲੋੜ ਨਹੀਂ ਰਹੀ॥੨॥੪੪॥

| ਮੂਲ | ਅਰਥ |
|---|---|
| **ਸੰਤਤ ਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ ॥ ਧ੍ਰਮ ਪੰਥੁ ਧਰਿਓ ਧਰਨੀਧਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ ॥ ਮਥੁਰਾ ਭਨਿ ਭਾਗ ਭਲੇ ਉਨ੍ ਕੇ ਮਨ ਇਛਤ ਹੀ ਫਲ ਪਾਵਤ ਹੈ ॥ ਰਵਿ ਕੇ ਸੁਤ ਕੋ ਤਿਨ੍ ਤ੍ਰਾਸੁ ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ ॥੩॥੪੫॥** | (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ) ਸਤਿਸੰਗ ਵਿਚ ਮਿਲਕੇ ਪ੍ਰੇਮ ਰੰਗ ਰੱਤੇ ਹੋਏ ਲਗਾਤਾਰ ਜੱਸ ਨੂੰ ਗਾਉਂਦੇ ਹਨ। ਧਰਤੀ ਦੇ ਧਾਰਨ ਵਾਲੇ (ਵਾਹਿਗੁਰੂ) ਜੀ ਨੇ ਆਪ ਆਕੇ ਇਹ (ਧਰਮ ਦਾ ਰਾਹ) ਸਿਮਰਨ ਤੇ ਜੱਸ ਦਾ ਮਾਰਗ ਥਾਪਿਆ ਹੈ ਜੋ ਇਸ ਦੇ ਵਿਚ ਲਿਵ ਲਗਾ ਰਹੇ ਹਨ ਓਹ ਫੇਰ ਆਵਾਗੌਣ ਵਿਚ ਨਹੀਂ ਭਰਮਦੇ। (ਜੋ ਇਸ ਸਿਮਰਨ ਦੇ ਰਾਹ ਤੁਰੇ ਹਨ) ਮਥੁਰਾ ਕਵੀ ਜੀ ਆਖਦੇ ਹਨ ਉਨ੍ਹਾਂ ਦੇ ਚੰਗੇ ਭਾਗ ਹਨ ਤੇ ਓਹ ਮਨ ਚਿੰਦੇ ਫਲ ਪਾਉਂਦੇ ਹਨ। ਜੋ ਸਤਿਗੁਰੂ ਜੀ ਦੇ ਚਰਨੀਂ ਚਿਤ ਲਾਉਂਦੇ ਹਨ, ਓਹਨਾਂ ਨੂੰ ਸੂਰਜ ਦੇ ਪੁਤ੍ਰ (ਧਰਮ ਰਾਜ) ਦਾ ਡਰ ਕਿਥੋਂ (ਅਰਥਾਤ ਉਨ੍ਹਾਂ ਨੂੰ ਜਮ ਦਾ ਭੈ ਨਹੀਂ)॥੩॥੪੫॥ |

**ਪਦਾਰਥ**—ਸੰਤਤ-ਲਗਾਤਾਰ। ਪੰਥੁ-ਰਾਹ। ਧਰਨੀਧਰ-ਧਰਤੀ ਦੇ ਧਾਰਨੇ ਵਾਲੇ। ਮਥੁਰਾ-ਕਵੀ ਜੀ ਦਾ ਨਾਮ। ਭਨਿ-ਆਖਦੇ ਹਨ। ਰਵਿਕੇ ਸੁਤ-ਸੂਰਜ ਦਾ ਪੁਤ੍ਰ ਅਰਥਾਤ ਧਰਮ ਰਾਜ। ਤ੍ਰਾਸੁ-ਡਰ।

**ਭਾਵ**—ਸ੍ਰੀ ਸਤਿਗੁਰੂ ਰਾਮਦਾਸ ਸਾਹਿਬ ਜੀ ਦੇ ਚਲਾਏ ਮਾਰਗ ਦਾ ਪ੍ਰਭਾਵ:-

(੧) ਜਦੋਂ ਧਰਮ ਮਾਰਗ ਲੋਪ ਹੋ ਚੁਕਾ ਸੀ; ਪਾਪ ਦਾ ਵਰਤਾਰਾ ਵਰਤ ਰਿਹਾ ਸੀ, ਸ੍ਰਿਸ਼ਟੀ ਹਾਹਾਕਾਰ ਕਰ ਰਹੀ ਸੀ, ਮੰਦੇ ਕੰਮਾਂ ਕਰਕੇ ਲੋਕ ਨਰਕ ਗਾਮੀ ਹੋ ਰਹੇ ਸਨ, ਇਹ ਹਾਲਤ ਤੱਕਕੇ ਤਦੋਂ ਜਗਤ ਪਿਤਾ ਦੇ ਜੀ ਵਿਚ ਮਿਹਰ ਆਈ, ਆਪ ਨਿਰੰਜਨੀ ਜਯੋਤੀ ਸਤਿਗੁਰੂ ਰੂਪ ਵਿਚ ਆ ਪ੍ਰਗਟੀ, ਇਉਂ (ਧਰਨੀਧਰ) ਵਾਹਿਗੁਰੂ ਜੀ ਨੇ ਧਰਮ ਮਾਰਗ (ਸਿਮਰਨ ਤੇ ਹਰੀ ਜਸ ਦਾ) ਰਾਹ ਤੋਰਿਆ।

(੨) ਇਸ ਰਾਹੇ ਜਾਣ ਦਾ ਦਰਵਾਜ਼ਾ ਸਤਿਸੰਗ ਥਾਪਿਆ ਤੇ ਸਾਫ਼ ਕਹਿ ਦਿੱਤਾ :-
**"ਧਨੁ ਧੰਨੁ ਸਤਿ ਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ॥"**(੧੦)

(੩) ਇਸ ਸਤਿਸੰਗ ਵਿਚ ਜੋ ਪੁੱਜੇ ਉਨ੍ਹਾਂ ਦੇ ਭਾਗ ਬੜੇ ਚੰਗੇ, ਓਹ ਕਰਮਾਂ ਵਾਲੇ ਪੁਰਖ ਲਗਾਤਾਰ ਪ੍ਰੇਮ ਰੰਗ ਰਤੇ ਹਰਿ ਜਸ ਦਾ ਭੰਡਾਰ ਗੁਰਬਾਣੀ ਦੇ ਪਾਠ ਕੀਰਤਨ ਵਿਚ ਸਾਵਧਾਨ ਹੋਕੇ ਲਗੇ। ਆਪਣੀ ਬ੍ਰਿਤੀ ਨੂੰ ਗੁਰੂ ਚਰਨਾਂ ਦੇ ਧਿਆਨ ਵਿਚ ਅਡੋਲ ਕੀਤਾ, ਇਉਂ ਸਿਮਰਨ ਧਿਆਨ ਦੇ ਪ੍ਰਭਾਵ ਨਾਲ 'ਲਿਵ' ਵਿਚ ਟਿਕੇ।

(੪) ਇਹਨਾਂ ਲਿਵ ਧਾਰੀ ਪੁਰਖਾਂ ਨੂੰ ਜਮ ਦਾ ਭੈ ਨਹੀਂ, ਜੈਸਾ ਕਿ ਮੁਖਵਾਕ ਹੈ: **"ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ"**॥(੪੩੫) ਤਥਾ:-**"ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ"**॥(੬੧੪) ਜਮ ਮਾਰਗ ਤੇ ਜਮਾਂ ਦੇ ਨਾਲ ਨਾਮ ਜਪਣ ਵਾਲੇ ਲਿਵ ਧਾਰੀ ਗੁਰਮੁਖ ਦਾ ਵਾਸਤਾ ਨਹੀਂ, ਇਸੇ ਤਰ੍ਹਾਂ ਓਹ ਚੌਰਾਸੀ ਤੋਂ ਹੀ ਮੁਕਤ ਹੈ, ਆਵਾਗਉਣ ਉਸਦਾ ਮਿਟ ਚੁਕਾ ਹੈ। ਯਥਾ:-**"ਕਬਹੂ ਸਾਧ ਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ ਬਹੁਰਿ ਨ ਆਵੈ॥"**(੨੭੮) ਤਥਾ-**"ਮਿਟਿ ਗਏ ਗਵਨ ਪਾਏ ਬਿਸ੍ਰਾਮ॥"**(੨੭੮) ਇਉਂ ਗੁਰਮੁਖ ਮਾਰਗ ਦਾ ਪੰਧਾਊ ਪਰਮ ਪਦ ਨੂੰ ਪਾ ਲੈਂਦਾ ਹੈ॥੩॥੪੫॥

| ਮੂਲ | ਅਰਥ |
|---|---|
| **ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥ ਗਹਿਰ ਗੰਭੀਰੁ ਅਥਾਹ ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥ ਸੰਤ ਮਰਾਲ ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥ ਕਲਜੁਗ ਦੁਰਤ ਦੂਰਿ ਕਰਬੇ ਕਉ ਦਰਸਨੁ ਗੁਰੂ ਸਗਲ ਸੁਖ ਸਾਗਰੁ ॥੪॥੪੬॥** | (ਹੇ ਸ੍ਰੀ ਗੁਰੂ ਰਾਮਦਾਸ ਜੀ ਆਪ ਜੀ ਦਾ ਸਤਿਸੰਗ ਤੇ ਸ੍ਰੀ ਹਰਿਮੰਦਰ ਸਾਹਿਬ) ਪਵਿੱਤ੍ਰ ਨਾਮ ਅੰਮ੍ਰਿਤ ਨਾਲ ਪੂਰਨ ਹੈ, (ਅਥਵਾ ਹਰੀਮੰਦਰ ਨਾਮ ਨਾਲ ਤੇ ਸਰੋਵਰ ਅੰਮ੍ਰਿਤ ਨਾਲ) ਤੇ ਸ਼ਬਦ ਦੀਆਂ ਲਹਿਰਾਂ (ਭਾਵ ਆਸਾ ਦੀ ਵਾਰ ਜੀ ਦੇ ਕੀਰਤਨ) (ਸਤਿਸੰਗ ਵਿਦਜਾ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ) ਦਿਨ ਚੜ੍ਹਨ ਤੋਂ ਅੱਗੇ ਹੀ (ਭਾਵ ਪਹਿਰ ਰਾਤ ਰਹਿੰਦੀ ਤੋਂ ਹੀ) ਪ੍ਰਗਟ ਹੋ ਰਹੇ ਹਨ। ਆਪ ਡੂੰਘਿਆਂ ਤੋਂ ਡੂੰਘੇ ਅਗਮ ਤੇ ਬਹੁਤ ਹੀ ਵੱਡੇ ਹੋ, ਸਦਾ ਪੂਰਨ ਹੋ ਤੇ ਸਭ ਤਰ੍ਹਾਂ ਨਾਲ ਸੁਭ ਗੁਣਾਂ ਰੂਪੀ ਰਤਨਾਂ ਦੀ ਖਾਣ ਹੋ। (ਆਪ ਜੀ ਦੇ ਸਤਿਸੰਗ ਯਾ ਸ੍ਰੀ ਦਰਬਾਰ ਸਾਹਿਬ ਜੀ ਵਿਚ) ਸੰਤਾਂ ਰੂਪੀ ਹੰਸ ਆਨੰਦ ਮਾਣ ਰਹੇ ਹਨ, ਤਿਨ੍ਹਾਂ (ਸੰਤਾਂ) ਦਾ ਜਮਾਂ ਦਾ ਖ਼ੌਫ ਹੀ ਮਿਟ ਗਿਆ ਹੈ, ਦੁਖਾਂ ਦੀ ਤਾਂ ਗਲ ਹੀ ਕੀਹ ਹੈ। ਹੇ ਸਤਿਗੁਰੂ ਜੀ (ਆਪ ਦਾ) ਦਰਸ਼ਨ ਕਲਜੁਗ ਦੇ ਪਾਪਾਂ ਦੇ ਦੂਰ ਕਰਨ ਵਾਲਾ ਤੇ ਸਾਰੇ ਸੁਖਾਂ ਦਾ ਸਮੁੰਦਰ ਹੈ॥੪॥੪੬॥ |

**ਪਦਾਰਥ**—ਦਿਨ ਆਗਰੁ-ਦਿਨ ਦੇ ਚੜ੍ਹਨ ਤੋਂ ਅੱਗੇ ਭਾਵ ਪਹਿਰ ਰਾਤ ਰਹਿੰਦੀ ਤੋਂ। ਸੁਭਰੁ-ਪੂਰਨ। ਰਤਨਾਗਰੁ-ਰਤਨਾਂ ਦੀ ਖਾਣ ਭਾਵ ਸੁਭ ਗੁਣਾਂ ਦੀ ਖਾਣ। ਮਰਾਲ-ਹੰਸ। ਕੰਤੂਹਲ-ਕੌਤਕ, ਅਨੰਦ। ਦੁਖ ਕਾਗਰੁ-ਦੁਖ ਦੀ ਤਾਂ ਗਲ ਹੀ ਕੀ ਹੈ। (ਅ) ਦੁਖਾਂ ਦਾ ਕਾਗਜ਼। ਦੁਖਾਂ ਦਾ ਲੇਖਾ। ਦੁਰਤ-ਪਾਪ।

**ਭਾਵ**—ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਲਜੁਗੀ ਜੀਵਾਂ ਦੇ ਉਧਾਰ ਲਈ ਸ੍ਰੀ ਹਰਿਮੰਦਰ

ਸਾਹਿਬ ਜੀ ਤੇ ਅੰਮ੍ਰਿਤ ਸਰੋਵਰ ਰਚਿਆ ਜਿਸ ਦੀ ਮਹਿਮਾਂ ਵਿਚ ਗੁਰੂ ਅਰਜਨ ਸਾਹਿਬ ਜੀ ਨੇ ਲਿਖਿਆ ਹੈ:-**"ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ"**॥(੬੨੩) ਜਿਥੇ ਨਾਮ ਦੇ ਰਸੀਏ ਸੰਤ ਚੋਜ ਕਰ ਰਹੇ ਹਨ ਜੋ ਆਪ ਸਭ ਦੁਖਾਂ ਤੋਂ ਪਾਰ ਹਨ। ਇਹੋ ਜਿਹੇ ਸੁਖਾਂ ਦੇ ਸਮੁੰਦਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਧਿਆਨ ਹੀ ਇਸ ਸਮੇਂ ਵਿਚ ਜੀਵਾਂ ਦੇ ਪਾਪਾਂ ਦੇ ਨਿਵਿਰਤ ਕਰਨ ਵਾਲਾ ਹੈ।

ਬਿਨੈ-ਸ੍ਰੀ ਦਰਬਾਰ ਸਾਹਿਬ ਜੀ ਦਾ ਇਹ ਆਦਰਸ਼ ਪੰਥ ਨੂੰ ਸਦਾ ਧਿਆਨ ਵਿਚ ਰਖਣਾ ਚਾਹੀਏ।

ਇਹ ਅਰਥ ਗਿਆਨੀ 'ਸਤਿਸੰਗ' ਪਰ ਬੀ ਲਾਉਂਦੇ ਹਨ। ਦੁਖ ਕਾਗਰ ਦਾ ਅਰਥ ਦੁਖਾਂ ਦਾ ਕਾਗਜ਼ ਮਿਟਿਆ ਕਰਕੇ ਬੀ ਲਾਉਂਦੇ ਹਨ। ਪਰ ਕਾਗਜ਼ ਫਟਦਾ ਹੈ ਮਿਟਦਾ ਜਮ ਦਾ ਭੈ ਹੈ, ਇਸ ਕਰਕੇ 'ਦੁਖਾਂ ਦੀ ਕੀ ਗਲ' ਹੈ ਵੀ ਲਾਈਦਾ ਹੈ॥੪॥੪੬॥

| ਮੂਲ | ਅਰਥ |
|---|---|
| **ਜਾ ਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ ॥ ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ ਸਿਵ ਮੁਨਿ ਗਹਿ ਨ ਤਜਾਤ ਕਬਿ-ਲਾਸ ਕੰਉ ॥ ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥ ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥੫॥੪੭॥** | ਜਿਸ (ਪਰਮਾਤਮਾ) ਦਾ ਧਿਆਨ ਮੁਨੀ ਸਾਰੇ ਜੁਗਾਂ ਵਿਚ ਧਾਰਦੇ ਫਿਰਦੇ ਹਨ (ਪਰ ਤਿਨ੍ਹਾਂ ਵਿਚੋਂ) ਕਦੇ ਹੀ ਕੋਈ (ਆਪਣੇ) ਆਤਮ ਸਰੂਪ ਦੇ ਗਿਆਨ ਨੂੰ ਪਾਂਵਦਾ ਹੈ। ਬ੍ਰਹਮਾਂ ਬੇਦ ਬਾਣੀ ਦੇ ਸਮੇਤ (ਜਿਸ ਦੇ) ਜਸ ਨੂੰ ਗਾਂਵਦਾ ਹੈ ਤੇ ਜਿਸ (ਪਰਮਾਤਮਾ) ਦਾ ਗ੍ਰਹਿਣ ਕਰ ਅਰਥਾਤ ਧਿਆਨ ਧਾਰਦਾ ਹੋਇਆ ਸ਼ਿਵ ਮੁਨੀ ਕੈਲਾਸ਼ ਪਰਬਤ ਨੂੰ ਨਹੀਂ ਛਡਦਾ। ਜਿਸ (ਪਰਮਾਤਮਾ ਦੀ ਪ੍ਰਾਪਤੀ) ਲਈ (ਗੋਰਖਾਦਿ) ਜੋਗੀ, ਜਤੀ, ਸਿੱਧ, ਸਾਧਨਾਂ ਕਰਨ ਵਾਲੇ ਅਨੇਕਾਂ ਤਪੀ ਜਟਾ ਜੂਟ ਭੇਖ ਕਰਕੇ ਉਦਾਸ ਹੋਏ ਫਿਰਦੇ ਹਨ; ਸੋ ਤਿਸ (ਪਰਮਾਤਮਾਂ) ਨੇ ਸਤਿਗੁਰੂ (ਅਮਰ ਦਾਸ ਰੂਪ ਹੋ ਕੇ) ਸੁਭਾਵਕ ਹੀ ਕ੍ਰਿਪਾ ਕੀਤੀ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਨਾਮ ਦਾਨ ਦੀ ਵਡਾਈ ਦਿੱਤੀ। (ਅਥਵਾ-ਉਸ ਨੇ ਜੀਆਂ ਉਤੇ ਕਿਰਪਾ ਕਰਨ ਲਈ ਨਾਮ ਦੀ ਵਡਿਆਈ ਗੁਰੂ ਰਾਮਦਾਸ ਜੀ ਨੂੰ ਦਿੱਤੀ।)॥੫॥੪੭॥ |

**ਪਦਾਰਥ**—ਕਬਹੁਕ-ਕਦੇ ਕੋਈ। ਆਤਮ-ਪ੍ਰਗਾਸ-ਆਪਣੇ ਆਤਮ ਸਰੂਪ ਦਾ ਗਿਆਨ। ਬਿਰੰਚਿ-ਬ੍ਰਹਮਾ। ਗਹਿ-ਗ੍ਰਹਿਣ ਕਰਕੇ ਭਾਵ, ਧਿਆਨ ਧਾਰਕੇ। ਤਜਾਤ-ਛਡਦਾ। ਕਬਿਲਾਸ-ਕੈਲਾਸ ਪਰਬਤ। ਸਾਧਿਕ-ਸਾਧਨਾ ਕਰਨ ਵਾਲੇ (ਜੱਗਜਾਸੂ)। ਤਪ-ਤਪੱਸਵੀ। ਸੁਖ ਭਾਇ-ਸੁਖੈਨ ਤਰ੍ਹਾਂ, ਸੁਭਾਵਕ। ਜੀਅ ਨਾਮ-ਨਾਮ ਦਾਨ।

**ਭਾਵ**—ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪਾਰਬ੍ਰਹਮ ਦਾ ਸਰੂਪ ਹਨ, ਜਿਸ ਦੀ ਪ੍ਰਾਪਤੀ ਦੇ ਚਾਹਵਾਨ ਹੋਏ ਹੋਏ ਮੁਨੀ, ਜੋਗੀ, ਜਤੀ, ਸਿੱਧ, ਅਨੇਕਾਂ ਤਪੱਸਵੀ ਉਸਦੇ ਧਯਾਨ ਵਿਚ ਨਿਮਗਨ ਇਸ ਸੰਸਾਰ ਤੇ ਉਦਾਸ ਹੋਏ ਫਿਰਦੇ ਹਨ। ਜਿਵੇਂ ਸਿੱਖ ਸ੍ਰੇਣੀ ਵਿਚੋਂ ਸ਼ਿਰੋਮਣਿ ਭਾਈ ਗੁਰਦਾਸ ਸਾਹਿਬ ਜੀ ਨੇ ਆਪਣੇ ਇਸ ਕਬਿੱਤ ਵਿਚ ਦੱਸਿਆ ਹੈ:-

ਸਿੱਧ ਨਾਥ ਜੋਗੀ ਜੋਗ ਧਿਆਨ ਮੈ ਨ ਆਨ ਸਕੇ, ਬੇਦ ਪਾਠ ਕਰਿ ਬ੍ਰਹਮਾਦਿਕ ਨ ਜਾਨੇ ਹੈਂ।
ਅਧਜਾਤਮ ਗਿਆਨ ਕੈ ਨ ਸ਼ਿਵ ਸਨਕਾਦਿ ਪਾਏ, ਜੋਗ ਭੋਗ ਮੈ ਨ ਇੰਦ੍ਰਾਦਿਕ ਪਹਿਚਾਨੇ ਹੈਂ।
ਨਾਮ ਸਿਮਰਨ ਕੈ ਸੇਖਾਦਿਕ ਨ ਸੰਖ੍ਯ ਜਾਨੀ, ਬ੍ਰਹਮਚਰਜ ਨਾਰਦਾਦਿਕ ਹਿਰਾਨੇ ਹੈਂ।
ਨਾਨਾ ਅਵਤਾਰ ਕੈ ਅਪਾਰ ਕੋ ਨ ਪਾਰ ਪਾਇਓ, ਪੂਰਨ ਬ੍ਰਹਮ ਗੁਰੂ ਸਿੱਖ ਮਨ ਮਾਨੇ ਹੈਂ।"॥੨੧॥*

ਇਹ ਪੂਰਨ ਗੁਰ ਸਿੱਖਜਾ ਦਾ ਸਿਦਕ ਹੈ॥੫॥੪੭॥

| ਮੂਲ | ਅਰਥ |
|---|---|
| **ਨਾਮੁ ਨਿਧਾਨੁ ਧਿਆਨ ਅੰਤਰਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥ ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ॥ ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ॥ ਬਿਦ੍ਮਾਨ ਗੁਰਿ ਆਪਿ ਥਪ੍ਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ॥ ੬॥੪੮॥** | (ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ) ਨਿਧੀਆਂ ਦਾ ਖਜ਼ਾਨਾ ਨਾਮ (ਅਤੇ) ਧਿਆਨ (ਆਪ ਜੀ ਦੇ ਅੰਦਰ ਪ੍ਰਾਪਤ ਹੈ) (ਇਸ ਲਈ ਆਪ ਜੀ ਦਾ) ਸਮੂਹ ਤੇਜ ਤਿੰਨਾਂ ਲੋਕਾਂ ਵਿਚ ਪ੍ਰਕਾਸ਼ ਰਿਹਾ ਹੈ। (ਆਪ ਜੀ ਦੇ) ਦਰਸ਼ਨ ਦੇਖਦਿਆਂ ਹੀ ਛੇਤੀ ਹੀ ਭਰਮ ਨਾਸ਼ ਹੋ ਜਾਂਦਾ ਹੈ (ਅਥਵਾ) ਭਟਕਣਾ ਤੇ ਭਰਮ ਭੱਜ ਜਾਂਦੇ ਹਨ, ਦੁਖ ਦੂਰ ਹੋ ਜਾਂਦੇ ਹਨ ਤੇ ਸਹਜ ਸੁਖ ਦਾ ਪ੍ਰਕਾਸ਼ ਹੋ ਜਾਂਦਾ ਹੈ। ਸਿਖ ਸੇਵਕ ਸਦਾ (ਆਪ ਤੇ) ਬਹੁਤ ਹੀ ਰੀਝੇ ਰਹਿੰਦੇ ਹਨ (ਜਿਵੇਂ) ਭੌਰਿਆਂ ਦਾ ਸਮੁਦਾਇ ਫੁਲਾਂ ਦੀ ਸੁਗੰਧੀ ਤੇ (ਲੁਭਾਂਵਦਾ ਹੈ)। ਆਪ ਸ੍ਰੀ ਗੁਰੂ (ਅਮਰ ਦਾਸ ਸਾਹਿਬ ਜੀ ਨੇ) ਆਪਣੇ ਹੁੰਦਿਆਂ ਹੀ ਹੇ ਸਤਿਗੁਰੂ ਰਾਮ ਦਾਸ ਸਾਹਿਬ ਜੀ (ਆਪ ਨੂੰ) ਸਚੇ (ਗੁਰਿਆਈ ਦੇ) ਤਖ਼ਤ ਤੇ ਥਾਪਕੇ ਇਸਥਿਤ ਕੀਤਾ ਹੈ॥੬॥੪੮॥ |

**ਪਦਾਰਥ**—ਤੇਜ ਪੁੰਜ-ਸਮੂਹ ਤੇਜ। ਭਟਕਿ-ਚਟੱਕ, ਭਾਵ ਸ਼ੀਘ੍ਰ। (ਅ) ਭਟਕਣਾਂ। ਸੁਖ ਸਹਜ-ਅਚੁੱਤ ਸੁਖ, ਅਬਿਨਾਸ਼ੀ ਸੁਖ। ਅਲਿ-ਭੌਰੇ। ਕੁਸਮ-ਫੁਲ। ਸੁਬਾਸੇ-ਸ੍ਰੇਸ਼ਟ ਸੁਗੰਧੀ। ਬਿਦ੍ਮਾਨ-(ਅਪਣੇ) ਹੁੰਦਿਆਂ।

**ਭਾਵ**—ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਦੇ ਅੰਦਰ (ਅਕਾਲ ਪੁਰਖ ਦੇ) ਨਾਮ ਦਾ ਖਜ਼ਾਨਾ ਤੇ ਧਿਆਨ ਪ੍ਰਾਪਤ ਹੈ, ਇਸ ਲਈ ਸਤਿਗੁਰੂ ਜੀ ਦਾ ਪੁੰਜ ਤੇਜ ਤਿੰਨਾਂ ਲੋਕਾਂ ਵਿਚ ਪ੍ਰਗਟ ਹੋ ਰਹਿਆ ਹੈ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਦੁਖ ਦੂਰ ਹੋ ਜਾਂਦੇ ਹਨ ਤੇ ਸੁਖ ਹੀ ਸੁਖ ਪ੍ਰਗਟ ਹੁੰਦਾ ਹੈ। ਇਸ ਲਈ ਲੋਕ ਪ੍ਰਲੋਕ ਦੇ ਸੁਖਾਂ ਦੇ ਚਾਹਵਾਨ ਸਿੱਖ ਸੇਵਕ ਆਪ ਉਤੇ ਭੌਰੇ ਵਾਂਗ ਲੁਭਾਇਮਾਨ ਰਹਿੰਦੇ ਹਨ, ਕਿਉਂਕਿ ਸਿੱਖ ਲਈ ਸਤਿਗੁਰੂ ਸਭ ਤੋਂ ਉੱਚਾ ਤੇ ਸੁੱਚਾ ਹੈ, ਸਿੱਖ ਆਪਣੇ ਸਤਿਗੁਰੂ ਜੀ ਤੋਂ ਆਪਣਾ ਆਪ ਇਸ ਤਰ੍ਹਾਂ ਵਾਰਦੇ ਹਨ ਜਿਵੇਂ ਭਾਈ ਗੁਰਦਾਸ ਸਾਹਿਬ ਜੀ ਨੇ ਆਪਣੇ ਇਕ ਕਬਿਤ ਵਿਚ ਵਰਣਨ ਕੀਤਾ ਹੈ:-

"ਦਰਸਨ ਦੇਖਤ ਹੀ ਸੁੱਧਿ ਕੀ ਨ ਸੁੱਧਿ ਰਹੀ,
ਬੁੱਧਿ ਕੀ ਨ ਬੁੱਧਿ ਰਹੀ ਮਤਿ ਮੈਂ ਨ ਮਤਿ ਹੈ।
ਸੁਰਤ ਮੈ ਨ ਸੁਰਤ ਅਉ ਧਿਆਨ ਮੈ ਨ ਧਿਆਨੁ ਰਹਿਓ,
ਗਿਆਨ ਮੈ ਨ ਗਿਆਨ ਰਹਿਓ ਗਤਿ ਮੈ ਨ ਗਤਿ ਹੈ।
ਧੀਰਜੁ ਕੋ ਧੀਰਜੁ ਗਰਬ ਕੋ ਗਰਬੁ ਗਇਓ,

* ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਤੋਂ ਸੋਧਿਆ ਹੈ।

ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਮੈ।
ਅਦਭੁਤ ਪਰਮਦਭੁਤ ਬਿਸਮੈ ਬਿਸਮ,
ਅਸ੍ਰਚਰਜੈ ਅਸਚਰਜ ਅਤਿ ਅਤਿ ਮੈ।''(੨੫)*॥੬॥੪੮॥

| ਮੂਲ | ਅਰਥ |
|---|---|
| ਤਾਰ੍ਯਉ ਸੰਸਾਰੁ ਮਾਇਆ ਮਦ ਮੋਹਿਤ ਅੰਮ੍ਰਿਤ ਨਾਮੁ ਦੀਅਉ ਸਮਰਥੁ ॥ ਫੁਨਿ ਕੀਰਤਿਵੰਤ ਸਦਾ ਸੁਖ ਸੰਪਤਿ ਰਿਧਿ ਅਰੁ ਸਿਧਿ ਨ ਛੋਡਇ ਸਥੁ॥ ਦਾਨਿ ਬਡੌ ਅਤਿਵੰਤੁ ਮਹਾਬਲਿ ਸੇਵਕਿ ਦਾਸਿ ਕਹਿਓ ਇਹੁ ਤਥੁ॥ ਤਾਹਿ ਕਹਾ ਪਰਵਾਹ ਕਾਹੂ ਕੀ ਜਾ ਕੈ ਬਸੀਸਿ ਧਰਿਓ ਗੁਰਿ ਹਥੁ ॥ ੭ ॥ ੪੯ ॥ | ਹੇ ਸਮਰੱਥ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ) ਮਾਇਆ ਮਦ ਨਾਲ ਮੋਹੇ ਹੋਏ (ਜਿਨ੍ਹਾਂ ਪਰਸ਼ਾਂ ਨੂੰ ਆਪ ਜੀ ਨੇ) ਨਾਮ ਅੰਮ੍ਰਿਤ ਦਿੱਤਾ ਹੈ (ਉਨ੍ਹਾਂ ਨੇ) ਸੰਸਾਰ ਨੂੰ ਤਾਰਿਆ ਹੈ (ਭਾਵ ਮੁਕਤ ਹੋਏ ਹਨ)। ਫਿਰ (ਆਪ) ਕੀਰਤੀ ਵਾਲੇ ਤੇ ਸਦਾ ਸੁਖ ਸੰਪਦਾ (ਦੇ ਦੇਣ) ਵਾਲੇ ਹੋ, ਰਿਧੀਆਂ ਅਤੇ ਸਿਧੀਆਂ ਤਾਂ (ਆਪ ਜੀ ਦਾ) ਸਾਥ ਹੀ ਨਹੀਂ ਛਡਦੀਆਂ। ਦਾਨ (ਆਪ ਜੀ ਦਾ) ਵੱਡਾ ਹੈ, (ਕਾਮ, ਕ੍ਰੋਧ ਆਦਿਕਾਂ ਤੇ ਆਪ) ਅਤਜੰਤ ਮਹਾਂ ਬਲਵਾਨ ਹੋ, ਦਾਸ (ਨਾਮ ਵਾਲਾ ਭੱਟ ਕਹਿੰਦਾ ਹੈ ਕਿ ਮੈਂ ਆਪ ਜੀ ਦੇ) ਸੇਵਕ ਨੇ ਇਹ ਯਥਾਰਥ ਕਹਿਆ ਹੈ ਕਿ:-ਉਸ (ਪੁਰਸ਼) ਨੂੰ ਕਿਸੇ ਦੀ ਕੀ ਪ੍ਰਵਾਹ ਹੈ ਜਿਸ ਦੇ ਸਿਰ ਤੇ ਸ੍ਰੀ ਗੁਰੂ (ਰਾਮਦਾਸ ਸਾਹਿਬ ਜੀਓ! ਆਪ) ਨੇ (ਆਪਣਾ) ਹੱਥ ਰੱਖਿਆ ਹੈ॥੭॥੪੯॥ |

**ਪਦਾਰਥ**—ਤਾਰ੍ਯਉ-ਤਰ ਗਏ, ਪਾਰ ਹੋਏ। ਕੀਰਤਿਵੰਤ-ਸ਼ੋਭਾ ਵਾਲੇ। ਸੁਖ ਸੰਪਤਿ-ਸੁਖ ਸੰਪਤਾ ਦੇ (ਦਾਤੇ)। ਸਥੁ-ਸਾਥ। ਅਤਿਵੰਤੁ-ਅਤਿਸ਼ੈ ਕਰ। ਦਾਸਿ-ਨਾਮ ਹੈ ਭੱਟ ਦਾ। ਤਥੁ-ਸਾਰ, ਸਿਧਾਂਤ, ਯਥਾਰਥ। ਬਸੀਸ-ਸਿਰ ਤੇ।

**ਭਾਵ**—ਸਰਬ ਕਲਾ ਸਮਰੱਥ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਮਾਇਆ ਮਦ ਦੇ ਮੋਹੇ ਜਿਨ੍ਹਾਂ ਜਿਨ੍ਹਾਂ ਜੀਵਾਂ ਨੂੰ ਨਾਮ ਅੰਮ੍ਰਿਤ ਦਾ ਦਾਨ ਦਿੱਤਾ ਉਹ ਸੰਸਾਰ ਤੋਂ ਪਾਰ ਹੋ ਗਏ, ਤਥਾ ਭਾਈ ਗੁਰਦਾਸ ਜੀ ਦਾ ਕਬਿਤ ਹੈ:-

"ਗੁਰਮੁਖਿ ਪੰਥ ਗਹੇ ਜਮ ਪੁਰਿ ਪੰਥ ਮੇਟੇ, ਗੁਰ ਸਿਖ ਸੰਗ ਪੰਚ ਦੂਤ ਸੰਗਿ ਤਯਾਗੇ ਹੈ॥
ਚਰਨ ਸਰਨ ਗੁਰ ਕਰਮ ਭਰਮ ਖੋਏ, ਦਰਸ ਅਕਾਲ ਕਾਲ ਕੰਟਕ ਭੈ ਭਾਗੇ ਹੈ॥"(੫੭*)

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਵਿਚ ਰਿੱਧੀਆਂ ਅਰ ਸਿੱਧੀਆਂ ਸਦਾ ਰਹਿੰਦੀਆਂ ਹਨ, ਆਪ ਜੀ ਦੀ ਬਖਸ਼ਿਸ਼ ਭੀ ਵੱਡੀ ਹੈ, ਜਿਸ ਦੇ ਸਿਰ ਤੇ ਆਪ ਜੀ ਨੇ ਕ੍ਰਿਪਾ ਰੂਪੀ ਹੱਥ ਰੱਖਿਆ ਹੈ ਉਸ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਰਹੀ ਹੈ, ਭਾਵ ਸਭ ਕੁਝ ਉਸ ਨੂੰ ਪ੍ਰਾਪਤ ਹੁੰਦਾ ਹੈ। ਯਥਾ ਭਾਈ ਗੁਰਦਾਸ ਜੀ:-

"ਕਿੰਚਤ ਕਟਾਛ ਕ੍ਰਿਪਾ ਸਰਬ ਨਿਧਾਨ ਪਾਏ,
ਜੀਵਨ ਮੁਕਤਿ ਗੁਰ ਗਿਆਨ ਲਿਵ ਲਾਗੇ ਹੈ॥" (ਕਬਿ-੫੭*)॥੭॥੪੯॥

---

* ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਤੋਂ ਸੋਧਿਆ ਹੈ।

| ਮੂਲ | ਅਰਥ |
| --- | --- |
| ਤੀਨਿ ਭਵਨ ਭਰਪੂਰਿ ਰਹਿਓ ਸੋਈ ॥ ਅਪਨ ਸਰਸੁ ਕੀਅਉ ਨ ਜਗਤ ਕੋਈ ॥ ਆਪੁਨ ਆਪੁ ਆਪ ਹੀ ਉਪਾਯਉ ॥ ਸੁਰਿ ਨਰ ਅਸੁਰ ਅੰਤੁ ਨਹੀ ਪਾਯਉ ॥ ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ ਗਣ ਗੰਧ੍ਰਬ ਖੋਜੰਤ ਫਿਰੇ ॥ ਅਬਿਨਾਸੀ ਅਚਲੁ ਅਜੋਨੀ ਸੰਭਉ ਪੁਰਖੋਤਮੁ ਅਪਾਰ ਪਰੇ ॥ ਕਰਣ ਕਾਰਣ ਸਮਰਥੁ ਸਦਾ ਸੋਈ ਸਰਬ ਜੀਅ ਮਨਿ ਧੵਾਇਯਉ॥ ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੧॥੫੦॥ | ੬. (ਵਾਹਿਗੁਰੂ) ਅਮਰ ਹੈ, ਅਚੱਲ ਹੈ, ਜੂਨੀਆਂ ਤੋਂ ਰਹਿਤ ਹੈ, ਸੁਤੇ ਪ੍ਰਕਾਸ਼ ਹੈ, ਪੁਰਖੋਤਮ ਹੈ ਤੇ ਪਰੇ ਤੋਂ ਪਰੇ (ਬੇਅੰਤ) ਹੈ। ੩. ਅਪਣੇ ਆਪ ਹੀ ਉਸ ਨੇ ਆਪ ਨੂੰ ਪ੍ਰਗਟ ਕੀਤਾ ਹੈ। ੭. ਸੰਸਾਰ ਦੇ ਕਾਰਨ ਦਾ ਬੀ ਕਾਰਨ ਹੈ, ਸਮਰਥਵਾਨ ਹੈ, ਸਾਰੇ ਜੀਵਾਂ ਨੇ ਉਸ ਨੂੰ ਹੀ ਮਨ ਵਿਚ ਧਿਆਇਆ ਹੈ। ੧. ਤਿੰਨਾਂ ਲੋਕਾਂ ਵਿਚ (ਇਕ ਰਸ) ਭਰਪੂਰ (ਵਜਾਪਕ) ਹੈ ਉਹੋ, ੨. (ਉਸ ਨੇ) ਆਪਣੇ ਜਿਹਾ ਜਗ ਵਿਚ ਕਿਸੇ ਨੂੰ ਨਹੀਂ ਬਣਾਇਆ (ਉਹ ਅਦੁਤੀ ਹੈ)। ੪. ਦੇਵਤੇ, ਦੈਂਤ ਤੇ ਮਨੁੱਖਾਂ ਨੇ (ਉਹਦਾ) ਅੰਤ ਨਹੀਂ ਪਾਇਆ। ੫. (ਹਾਂ), ਦੇਵਤਿਆਂ ਤੇ ਦੈਂਤਾਂ ਤੇ ਮਨੁੱਖਾਂ ਨੇ ਉਹਦਾ ਅੰਤੁ ਨਹੀਂ ਪਾਇਆ, ਗਣ ਤੇ ਗੰਧਰਬ ਸਾਰੇ ਖੋਜਦੇ ਫਿਰਦੇ ਹਨ। ੮. ਹੇ ਸ੍ਰੀ ਗੁਰੂ ਰਾਮਦਾਸ ਜੀਓ (ਐਸੇ ਅਲੱਭਤ ਤੇ ਸਰਬ ਗੁਣਾਂ ਦੇ ਭੰਡਾਰ) ਵਾਹਿਗੁਰੂ ਪਰਮਪਦ ਸਰੂਪ ਨੂੰ (ਆਪ ਨੇ) ਪ੍ਰਾਪਤ ਕਰ ਲਿਆ (ਇਸ ਕਰਕੇ) ਜਗਤ ਵਿਚ ਆਪ ਦੀ ਮਹਿਮਾ ਤੇ ਜੈ ਜੈ ਕਾਰ ਹੋ ਰਹੀ ਹੈ॥੧॥੫੦॥ |

**ਪਦਾਰਥ**—ਤੀਨਿ ਭਵਨ-ਤ੍ਰਿਲੋਕ। ਸਰਸੁ-ਜਿਹਾ, ਬਰਾਬਰ, ਵਰਗਾ। ਉਪਾਯਉ-ਪ੍ਰਗਟ ਕੀਤਾ, ਉਪਜਨ ਧਾਤੂ ਦਾ ਅਰਥ ਪੈਦਾ ਹੋਣਾ ਬੀ ਹੈ ਤੇ ਪ੍ਰਕਾਸ਼ ਪਾਉਣਾ, ਪ੍ਰਗਟਣਾ ਬੀ ਹੈ। ਗਣ-ਸ਼ਿਵ ਦੇ ਸੇਵਕ। ਗੰਧ੍ਰਬ-ਦੇਵਤਿਆਂ ਦੇ ਰਾਗੀ। ਸੰਭਉ-ਸੁਤੇ ਪ੍ਰਕਾਸ਼। ਪੁਰਖੋਤਮੁ-ਸਭ ਤੋਂ ਉੱਚੀ ਵਜਕਤੀ, ਪਰਮ ਆਤਮਾ। ਕਰਣ ਕਾਰਣ-ਹੇਤੂ ਦਾ ਬੀ ਹੇਤੂ। (ਅ) ਸਾਰੇ ਜਗਤ ਨੂੰ ਕਰਨ (ਰਚਨ) ਦਾ ਕਾਰਣ ਸਰੂਪ।

| ਮੂਲ | ਅਰਥ |
| --- | --- |
| ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ ॥ ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯਾਨਿ ਰਸਿ ਰਸੵਉ ਹੀਅਉ ॥ ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧੵਾਇਯਉ ॥ ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੨॥੫੧॥ | ਸਤਿਗੁਰ ਨਾਨਕ (ਜੀ ਨੇ ਵਾਹਿਗੁਰੂ ਜੀ ਦੀ) ਇਕ ਮਨ (ਹੋ) ਭਗਤੀ ਕੀਤੀ (ਅਪਣਾ) ਤਨ, ਮਨ (ਤੇ) ਧਨ ਵਾਹਿਗੁਰੂ (ਜੀ ਦੇ) ਅਰਪਨ ਕਰ ਦਿਤਾ। (ਗੁਰੂ) ਅੰਗਦ ਜੀ ਨੇ ਅਨੰਤ ਦੀ ਮੂਰਤੀ ਨਿਸਚਜਆਤਮਕ (ਅੰਦਰ) ਧਾਰਨ ਕੀਤੀ (ਜਿਨ੍ਹਾਂ ਦਾ) ਹ੍ਰਿਦਾ ਗੰਮਤਾ ਰਹਿਤ ਪਰਮਾਤਮਾਂ ਦੇ ਗਜਾਨ ਦੇ ਰਸ ਨਾਲ ਰਸਾਲ ਹੋਇਆ ਰਿਹਾ। ਗੁਰੂ ਅਮਰ ਦਾਸ ਜੀ ਨੇ ਕਰਤਾਰ ਨੂੰ ਵਾਹੁ ਵਾਹੁ ਕਰਕੇ ਧਿਆਇਆ ਤੇ ਵੱਸ ਕਰ ਲਿਆ। (ਤਿਵੇਂ ਹੇ) ਸ੍ਰੀ ਗੁਰੂ ਰਾਮਦਾਸ ਜੀ! ਤੁਸਾਂ ਵਾਹਿਗੁਰੂ ਪਰਮ ਪਦ ਸਰੂਪ ਪਾ ਲਿਆ ਹੈ (ਇਸ ਕਰਕੇ) ਜਗਤ ਵਿਚ (ਆਪ ਦੀ) ਜੈ ਜੈ ਕਾਰ ਹੋ ਰਹੀ ਹੈ॥੨॥੫੧॥ |

**ਪਦਾਰਥ**—ਦੀਅਉ-ਦਿੱਤਾ, ਅਰਪਿਆ। ਅਨੰਤ-ਜਿਸ ਦਾ ਅੰਤ ਨਹੀਂ। ਨਿਜ-ਖਾਸ ਕਰਕੇ, ਠੀਕ ਨਿਸਚੇ ਆਤਮਕ। ਅਗੰਮ-ਗਮਤਾ ਰਹਿਤ। ਰਸੁਓ-ਭਿਜਿਆ। ਹੀਅਉ-ਹਿਰਦਾ। ਕੀਅਉ ਵਸਿ-ਵਸ ਕੀਤਾ, ਪ੍ਰਸੰਨ ਕੀਤਾ।

**ਭਾਵ**—ਭਗਤੀ ਪੁੰਜ ਸਤਿਗੁਰੂ ਨਾਨਕ ਦੇਵ ਜੀ ਇਕ ਚਿਤ ਹੋ ਆਪਣਾ ਤਨ, ਮਨ, ਧਨ ਵਾਹਿਗੁਰੂ ਦੇ ਅਰਪਣ ਕਰ ਵਾਹਿਗੁਰੂ ਰੂਪ ਹੋਏ, ਤਿਵੇਂ ਗੁਰੂ ਅੰਗਦ ਦੇਵ ਜੀ ਨੇ ਅਨੰਤ ਵਾਹਿਗੁਰੂ ਨੂੰ ਧਾਰਨ ਕੀਤਾ। ਗੁਰੂ ਅੰਗਦ ਦੇਵ ਜੀ ਵਾਹਿਗੁਰੂ ਦੇ ਗਜਾਨ ਦੇ ਰਸ ਦੇ ਰਸਾਲ ਹੋ ਗਏ, ਉਹਨਾਂ ਹੀ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਅਮਰਦਾਸ ਜੀ ਹੋਏ, ਜਿਨ੍ਹਾਂ ਨੇ ਕਰਤਾਰ ਨੂੰ ਵੱਸ ਕੀਤਾ, ਭਾਵ ਇਨਾਂ ਪ੍ਰਸੰਨ ਕੀਤਾ ਕਿ ਇਕ ਸੁਰਤਾ ਹੋ ਗਈ ਪੂਰਨ। ਹੇ ਸ੍ਰੀ ਗੁਰੂ ਰਾਮਦਾਸ ਜੀ! ਤੁਸੀਂ ਬੀ ਉਨ੍ਹਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ ਹੋ, ਭਾਵ ਇਹ ਕਿ ਗੁਰੂ ਸਾਹਿਬਾਨ ਇਕ ਰੂਪ ਹਨ। ਤੁਸਾਂ ਉਸੇ ਹੀ ਪਰਮ ਪਦ ਨੂੰ ਪਾਇਆ ਹੈ ਜਿਸ ਤੋਂ ਆਪ ਦੀ ਜਗਤ ਵਿਚ ਮਹਿਮਾ ਹੋ ਰਹੀ ਹੈ॥੨॥੫੧॥

| ਮੂਲ | ਅਰਥ |
|---|---|
| **ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ ॥ ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ ॥ ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ ॥ ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੩॥੫੨॥** | ਨਾਰਦ, ਧ੍ਰੂ, ਪ੍ਰਹਿਲਾਦ, (ਤੇ) ਸੁਦਾਮਾ (ਜੋ) ਪਹਿਲੇ (ਜੁਗਾਂ ਵਿਚ) ਹਰੀ (ਦੇ) ਭਗਤ ਗਿਣੇ ਜਾਂਦੇ ਹਨ, ਅੰਬ੍ਰੀਕ (ਅਮ੍ਰੀਸ਼)*, ਜੈ ਦੇਵ, ਤ੍ਰਿਲੋਚਨ, ਨਾਮਾਂ ਅਤੇ ਜੋ ਕਬੀਰ (ਆਦਿ) ਉਚਾਰਨ ਕੀਤੇ ਜਾਂਦੇ ਹਨ, ਇਨ੍ਹਾਂ ਦਾ ਅਵਤਾਰ ਕਲਜੁਗ ਵਿਚ ਹੋਇਆ ਹੈ (ਤੇ ਇਨ੍ਹਾਂ ਦਾ) ਜਸ ਜਗ ਤੇ ਛਾਇ ਗਇਆ ਹੈ; (ਪਰ ਹੇ!) ਸ੍ਰੀ ਗੁਰੂ ਰਾਮਦਾਸ (ਜੀ! ਆਪ ਜੀ ਨੇ) (ਉਸ) ਪਰਮ ਪਦ ਰੂਪ ਹਰੀ ਨੂੰ (ਹੀ) ਪਾਲਿਆ ਹੋਇਆ ਹੈ (ਇਸ ਕਰਕੇ ਆਪ ਨੂੰ) ਜਗ (ਵਿਚ) ਜੈ ਜੈ (ਕਾਰ) ਹੋ ਰਹੀ ਹੈ॥੩॥੫੨॥ |

**ਪਦਾਰਥ**—ਪੁਬ-ਪਹਿਲੇ, ਪ੍ਰਾਚੀਨ। ਜੁਗਣੰ-ਜੁ+ਗਣੇ-ਜੋ ਗਿਣੇ ਜਾਂਦੇ ਹਨ। ਭਣੰ-ਕਹੇ ਜਾਂਦੇ। ਭਿੰਤਰਿ-ਵਿਚ। ਜਸੁ-ਕੀਰਤੀ।

**ਭਾਵ**—ਕਵਿ ਜੀ ਦੱਸਦੇ ਹਨ ਕਿ ਹੇ ਸ੍ਰੀ ਗੁਰੂ ਰਾਮਦਾਸ ਜੀ ਪਿਛਲੇ ਜੁਗਾਂ ਵਿਚ ਧ੍ਰੂ ਆਦਿਕਾਂ ਤੇ ਕਲੀ ਕਾਲ ਵਿਚ ਕਬੀਰ ਆਦਿਕ ਭਗਤ ਵਾਹਿਗੁਰੂ ਦਾ ਨਾਮ ਜਪਣ ਕਰਕੇ ਕੀਰਤੀ ਵੰਤ ਹੋਏ ਹਨ, ਪਰ ਆਪ ਉਸ ਵਾਹਿਗੁਰੂ ਦੇ ਪਰਮ ਪਦ ਨੂੰ ਪ੍ਰਾਪਤਿ ਹੋ, ਇਹ ਆਪ ਦੀ ਗੌਰਵਤਾ ਤੇ ਵਡਿਆਈ ਸਭ ਤੋਂ ਉੱਚੀ ਹੈ, ਇਸ ਕਰਕੇ ਆਪ ਨੂੰ ਸੰਸਾਰ ਸਾਰਾ ਜੈ ਜੈ ਕਾਰ ਕਰ ਰਿਹਾ ਹੈ॥੩॥੫੨॥

| ਮੂਲ | ਅਰਥ |
|---|---|
| **ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ ॥ ਬਾਚਾ ਕਰਿ ਸਿਮਰੰਤ ਤੁਝੈ ਤਿਨ੍ ਦੁਖੁ ਦਰਿਦ੍ਰੁ ਮਿਟਯਉ ਜੁ ਖਿਣੰ ॥ ਕਰਮ ਕਰਿ ਤੁਅ ਦਰਸ ਪਰਸ** | (ਜੇਹੜੇ) ਨਰ ਮਨ ਦਵਾਰਾ ਤੁਹਾਨੂੰ ਸਿਮਰਦੇ ਹਨ ਤਿਨ੍ਹਾਂ ਦੇ ਕਾਮ ਕ੍ਰੋਧ (ਆਦਿਕ ਸ਼ੱਤ੍ਰ) ਮਿਟ ਜਾਂਦੇ ਹਨ। ਜੇਹੜੇ ਬਾਣੀ ਨਾਲ (ਭਾਵ ਰਸਨਾ ਦੁਆਰੇ) ਆਪ ਨੂੰ ਸਿਮਰਦੇ ਹਨ ਤਿਨ੍ਹਾਂ ਦੇ ਖਿਣ ਵਿਚ ਦੁਖ ਦਰਿੱਦਰ ਨਸ਼ਟ ਹੋ ਜਾਂਦੇ ਹਨ। ਬਲ੍ਹ ਭੱਟ ਕੀਰਤੀ ਕਰਦਾ ਹੋਇਆ ਕਹਿੰਦਾ ਹੈ ਕਿ ਸਰੀਰ |

* ਦੇਖੋ ਸ੍ਰੀਮਦ ਭਾਗਵਤ, ਸਿਕੰਦ-੯, ਪੰਨਾ ੭੦੩।

| | |
|---|---|
| **ਪਾਰਸ ਸਰ ਬਲ੍ਯ ਭਟ ਜਸੁ ਗਾਇਯਉ ॥ ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੪॥੫੩॥** | (ਕਰਮਾਂ) ਨਾਲ ਜੋ ਆਪ ਦੇ ਦਰਸ਼ਨ ਪਰਸਨ ਕਰਦੇ ਹਨ, ਪਾਰਸ ਤੁੱਲ ਹੋ ਜਾਂਦੇ ਹਨ। (ਹੇ) ਸ੍ਰੀ ਗੁਰੂ ਰਾਮ ਦਾਸ ਜੀ! ਆਪ ਨੇ ਹਰੀ ਰੂਪ ਪਰਮ ਪਦ ਨੂੰ ਪਾਇਆ ਹੈ (ਇਸ ਕਰਕੇ ਆਪ ਦੀ) ਜਗਤ ਵਿਚ ਜੈ ਜੈ ਹੋ ਰਹੀ ਹੈ॥੪॥੫੩॥ |

**ਪਦਾਰਥ**—ਮਨਸਾ-ਮਨਸ਼-ਮਨ, ਬੁੱਧੀ, ਬੀਚਾਰ, ਸਮਝ। ਤਿਣੰ-ਤਿਨ੍ਹਾਂ ਦੇ। ਬਾਚਾ-ਬਾਣੀ ਨਾਲ। ਖਿਣੰ-ਖਿਣ ਵਿਚ। ਦਰਸ-ਦਰਸ਼ਨ। ਪਰਸ-ਛੋਹ। ਸਰ-ਸਦਰਸ, ਤੁੱਲ। ਬਲ੍ਯ-ਭੱਟ ਦਾ ਨਾਮ ਹੈ।

**ਭਾਵ**—ਗੁਰੂ ਜਯੋਤੀ ਨੂੰ ਮਿਲਣ ਤੋਂ ਮਨੁਖਾਂ ਨੂੰ ਜੋ ਲਾਭ ਹੁੰਦਾ ਹੈ, ਉਸ ਦਾ ਵਰਣਨ ਐਉਂ ਕੀਤਾ ਗਿਆ ਹੈ:-

"ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥
ਹਰਖ ਸੋਖ ਦਾਝੈ ਨਹੀ ਤਬ ਹਰਿ ਆਪਹਿ ਆਪ"॥੧੮੯॥

ਇਸੇ ਗਲ ਨੂੰ ਬੱਲ੍ਯ ਭੱਟ ਜੀ ਵਿਸਥਾਰ ਨਾਲ ਦਸਦੇ ਹੋਏ ਕਹਿੰਦੇ ਹਨ ਕਿ:-

ਸ੍ਰੀ ਗੁਰੂ ਰਾਮਦਾਸ ਜੀ ਹਰਿ ਦੇ, ਪਰਮ ਪਦ ਨੂੰ ਪ੍ਰਾਪਤ ਹਨ। ਇਨ੍ਹਾਂ ਦੀ ਮਨ ਬਾਣੀ ਤੇ ਕਰਮ ਕਰਕੇ ਜੋ ਬੀ ਆਰਾਧਨਾ ਕਰਦਾ ਹੈ ਉਸ ਦੇ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਮਿਟ ਜਾਂਦੇ ਤੇ ਦੁਖ ਦਰਿਦਰ ਨਸ਼ਟ ਹੋ ਜਾਂਦੇ ਹਨ। ਇਨ੍ਹਾਂ ਦੀ ਕੀਤੀ ਯਾਚਨਾ ਨਿਸਫਲ ਨਹੀਂ ਜਾਂਦੀ॥੪॥੫੩॥

| ਮੂਲ | ਅਰਥ |
|---|---|
| **ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ॥ ਜਿਹ ਸਤਿ-ਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ ॥ ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ ॥ ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ ॥ ਸੋਈ ਰਾਮਦਾਸੁ ਗੁਰੁ ਬਲ੍ਯ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥ ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ॥੫॥੫੪॥** | ਜਿਸ ਸਤਿਗੁਰੂ (ਜੀ ਨੂੰ) ਸਿਮਰਨ ਨਾਲ ਖਿਣ ਵਿਚ (ਹੀ ਬੁਧੀ ਰੂਪੀ) ਨੇਤਰਾਂ ਵਿਚੋਂ (ਅਗਯਾਨ ਦਾ) ਹਨੇਰਾ ਮਿਟ ਜਾਂਦਾ ਹੈ, ਜਿਸ ਸਤਿਗੁਰੂ (ਜੀ ਨੂੰ) ਸਿਮਰਨ ਨਾਲ ਹਰਿ ਦੇ ਨਾਮ ਦਾ ਦਿਨੋ ਦਿਨ ਹਿਰਦੇ ਵਿਚ (ਨਿਵਾਸ ਹੁੰਦਾ ਹੈ)। ਜਿਸ ਸਤਿਗੁਰੂ (ਜੀ ਨੂੰ) ਸਿਮਰਨ ਨਾਲ ਜੀਅ ਦੀ (ਵਿਕਾਰਾਂ ਰੂਪੀ) ਤਪਤ (ਸਿਮਰਨਹਾਰ) ਮਿਟਾ ਲੈਂਦਾ ਹੈ, ਜਿਸ ਸਤਿਗੁਰੂ (ਜੀ ਨੂੰ) ਸਿਮਰਨ ਨਾਲ (ਸਿਮਰਨਹਾਰ) ਰਿੱਧੀਆਂ ਸਿੱਧੀਆਂ ਤੇ ਨੌਂ ਨਿਧਾਂ ਪ੍ਰਾਪਤ ਕਰ ਲੈਂਦਾ ਹੈ। ਬੱਲ੍ਯ ਭੱਟ ਕਹਿੰਦਾ ਹੈ ਕਿ ਉਹ ਗੁਰੂ (ਸ੍ਰੀ) ਗੁਰੂ ਰਾਮਦਾਸ ਜੀ ਹੀ ਹਨ, (ਹੇ ਸਿਖੋ!) ਸੰਗਤ ਦੇ ਨਾਲ ਮਿਲ ਕੇ (ਉਨ੍ਹਾਂ) ਨੂੰ ਧੰਨ ਧੰਨ ਕਹੋ। ਜਿਸ ਸਤਿਗੁਰ ਦੀ (ਚਰਨੀਂ) ਲੱਗਕੇ ਪਰਮੇਸੁਰ ਪਾਈਦਾ ਹੈ, ਹੇ ਨਰੋ! ਉਸ ਸਤਿਗੁਰੂ ਨੂੰ ਸਿਮਰੋ॥੫॥੫੪॥ |

**ਪਦਾਰਥ**—ਨਯਨ-ਅੱਖਾਂ। ਤਿਮਰ-ਹਨੇਰਾ, ਅਗਯਾਨ। ਲਗਿ-ਮਿਲਕੇ। ਨਰਹੁ-ਮਨੁੱਖੋ।

**ਭਾਵ**—ਬੱਲ੍ਯ ਭੱਟ ਇਸ ਸਵੱਯੇ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨ ਪ੍ਰਾਪਤ ਹੋਣ ਦੇ ਲਾਭ ਦੱਸਦੇ ਹਨ ਤੇ ਕਹਿੰਦੇ ਹਨ ਕਿ ਆਪ ਜੀ ਦੇ ਦਰਸਨ ਅਗਯਾਨਤਾ ਦੇ ਹਨੇਰੇ ਨੂੰ ਹਟਾਉਣ, ਹਿਰਦੇ

ਦੀ ਤਪਤ ਮਿਟਾਉਣ, ਹਰਿ ਦੇ ਨਾਮ ਵਿਚ ਜੋੜਨ ਤੇ ਰਿੱਧੀਆਂ, ਸਿੱਧੀਆਂ ਤੇ ਨੌ ਨਿਧੀਆਂ ਦੇ ਦਾਤਾ ਹਨ। ਅਜਿਹੇ ਮੁਕਤ ਭੁਗਤ ਦੇ ਦਾਤਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੰਗਤ ਨਾਲ ਮਿਲ ਕੇ ਧੰਨ ਧੰਨ ਕਹੋ। ਭਾਵੇਂਹ ਕਿ ਐਸੇ ਮੁਕਤੀ ਦਾਤਾ ਸਤਿਗੁਰੂ ਜੀ ਵੱਲ ਮਨ ਜੋੜਕੇ ਧੰਨ ਧੰਨ ਕਹਿਣ ਨਾਲ ਹਿਰਦੇ ਵਿਚ ਸਿਫ਼ਤ ਸਲਾਹ ਦਾ ਭਾਵ ਉਪਜਕੇ ਉਹਨਾਂ ਦੇ ਦਰਸ਼ਨ ਤੇ ਸ਼ਰਨ ਪ੍ਰਾਪਤ ਹੁੰਦੀ ਹੈ ਤੇ ਓਹੋ ਰੰਗ ਓਥੋਂ ਲੈਕੇ ਮੋਇਆ ਮਨ ਜੀਉ ਉਠੰਦਾ ਹੈ। ਅੰਤ ਵਿਚ ਦਸਦੇ ਹਨ ਕਿ ਜਿਸ ਸਤਿਗੁਰੂ ਨੂੰ ਮਿਲਣ ਤੋਂ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਹੇ ਨਰਹੁ ਉਸਨੂੰ ਸਿਮਰਹੁ॥੫॥੫੪॥

| ਮੂਲ | ਅਰਥ |
|---|---|
| ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ ॥ ਤਾ ਤੇ ਗਉਹਰ ਗ੍ਯ੍ਾਨ ਪ੍ਰਗਟੁ ਉਜੀਆਰਉ ਦੁਖ ਦਰਿਦ੍ਰ ਅੰਧ੍ਯ੍ਾਰ ਕੋ ਨਾਸੁ ॥ ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ਹ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥ ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥੧॥੫੫॥ | ਜਿਨ (ਸ੍ਰੀ ਗੁਰੂ ਰਾਮਦਾਸ ਜੀ ਨੇ) ਸ਼ਬਦ ਨੂੰ ਕਮਾਕੇ ਪਰਮ ਪਦ ਦੀ ਪ੍ਰਾਪਤੀ ਕੀਤੀ, ਤੇ ਸੇਵਾ ਕਰਦਿਆਂ (ਸ੍ਰੀ ਗੁਰੂ ਅਮਰਦਾਸ ਜੀ ਦਾ) ਸੰਗ ਨਹੀਂ ਛੱਡਿਆ। ਜਿਸ ਤੋਂ ਗਜਾਨ ਰੂਪੀ ਮੋਤੀ ਪ੍ਰਗਟਿਆ (ਜਿਸਦੇ) ਚਾਨਣੇ ਨਾਲ (ਸੰਸਾਰ ਦਾ) ਦੁੱਖ ਤੇ ਦਰਿੱਦ੍ਰ ਦਾ ਨਾਸ਼ ਹੋਇਆ ਹੈ। ਕੀਰਤ ਕਵਿ (ਜੀ ਕਹਿੰਦੇ ਹਨ ਕਿ) ਜਿਹੜੇ (ਮਨੁੱਖ ਦੁਨੀਆਂ ਵਲੋਂ) ਮੁੜ (ਕੇ) ਸੰਤਾਂ ਦੀ ਚਰਨੀਂ ਲੱਗੇ ਹਨ ਤਿਨ੍ਹਾਂ ਨੂੰ ਕਾਮ ਕ੍ਰੋਧ ਤੇ ਜਮ (ਧਰਮਰਾਜ) ਦਾ ਡਰ ਨਹੀਂ। ਜਿਵੇਂ (ਸ੍ਰੀ) ਗੁਰੂ ਅੰਗਦ ਦੇਵ ਜੀ (ਸ੍ਰੀ) ਗੁਰੂ ਨਾਨਕ ਦੇਵ ਜੀ ਦੇ ਅੰਗ ਸੰਗ ਰਹੇ ਹਨ, ਉਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਲ ਸ੍ਰੀ ਗੁਰੂ ਰਾਮਦਾਸ ਜੀ ਰਹੇ ਹਨ॥੧॥੫੫॥ |

**ਪਦਾਰਥ**—ਪਾਸੁ-ਸਾਥ। ਗਉਹਰ-ਮੋਤੀ। ਉਜੀਆਰਉ-ਚਾਨਣਾ। ਅੰਧ੍ਯ੍ਾਰ-ਹਨੇਰਾ। ਕੀਰਤ-ਭੱਟ ਦਾ ਨਾਮ ਹੈ। ਤ੍ਰਾਸ-ਡਰ।

**ਭਾਵ**—ਤੁਕ ਤੀਜੀ ਵਿਚ ਆਏ 'ਸੰਤ ਪਦ ਤੋਂ ਏਥੇ ਮੁਰਾਦ ਗੁਰੂ ਰਾਮਦਾਸ ਜੀ ਦੀ ਹੈ। ਇਸ ਸਵੱਯੇ ਤੋਂ ਉਪਦੇਸ਼ ਇਹ ਮਿਲਦਾ ਹੈ ਕਿ ਸੇਵਾ ਤੇ ਸਿਮਰਨ ਦੋ ਕਰਨੀਆਂ ਹਨ, ਜਿਨ੍ਹਾਂ ਦੇ ਨਾਲ ਗਿਆਨ ਰੂਪੀ ਮੋਤੀ ਪ੍ਰਗਟ ਹੁੰਦਾ ਹੈ ਤੇ ਇਹਦੇ ਚਾਨਣੇ ਨਾਲ (ਸੰਤ ਜਗਤ ਦੇ) ਦੁਖ ਤੇ ਦਰਿੱਦਰ ਦਾ ਹਨੇਰਾ ਦੂਰ ਹੋ ਜਾਂਦਾ ਹੈ। ਜਿਨ੍ਹਾਂ ਨੇ ਸੰਸਾਰ ਵੱਲੋਂ ਮੂੰਹ ਮੋੜ ਕੇ ਗੁਰਮੁਖਾਂ ਦੀ ਸ਼ਰਨ ਲਈ ਹੈ ਉਹਨਾਂ ਨੂੰ ਕਾਮ, ਕ੍ਰੋਧ ਨਹੀਂ ਸਤਾ ਸਕਦੇ ਤੇ ਨਾ ਹੀ ਜਮਾਂ ਦਾ ਭੈ ਰਹਿੰਦਾ ਹੈ। ਕਵਿ ਕੀਰਤ ਜੀ ਸ੍ਰੀ ਗੁਰੂ ਰਾਮਦਾਸ ਜੀ ਦੀ ਮਹਿਮਾਂ ਵਰਨਣ ਕਰਦੇ ਹੋਏ ਦੱਸਦੇ ਹਨ ਕਿ ਇਹ ਇੰਜ ਹੀ ਸ੍ਰੀ ਗੁਰੂ ਅਮਰਦਾਸ ਜੀ ਦੇ ਸਾਥ ਰਹੇ ਹਨ, ਜਿਵੇਂ ਸ੍ਰੀ ਗੁਰੂ ਅੰਗਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਰਹੇ ਹਨ। ਇਨ੍ਹਾਂ ਨੇ ਸੇਵਾ ਕਰਦੇ ਹੋਏ ਸੰਗ ਨਹੀਂ ਛੱਡਿਆ ਤੇ ਸ਼ਬਦ ਕਮਾਕੇ ਪਰਮ ਪਦ ਪ੍ਰਾਪਤ ਕੀਤਾ ਹੈ। ਤਾਂਤੇ ਹੇ ਗੁਰਮੁਖੋ! ਸੇਵਾ ਕਰੋ ਤੇ ਨਾਮ ਜਪੋ॥੧॥੫੫॥

| ਮੂਲ | ਅਰਥ |
|---|---|
| ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥ ਤਾ ਤੇ ਸੰਗਤਿ ਸਘਨ | ਜਿਨ੍ਹਾਂ ਨੇ (ਭਾਵ, ਤੁਸਾਂ ਹੇ ਗੁਰੂ ਰਾਮਦਾਸ ਜੀ! ਆਪ ਨੇ) ਸਤਿਗੁਰੂ (ਸ੍ਰੀ ਗੁਰੂ ਅਮਰਦਾਸ ਜੀ ਦੀ) ਸੇਵਾ ਕਰਕੇ (ਉੱਤਮ) ਪਦਾਰਥ (ਨਾਮ) ਨੂੰ ਪਾਇਆ ਹੈ (ਤੇ) ਰਾਤ |

**ਭਾਇ ਭਉ ਮਾਨਹਿ ਤੁਮ ਮਲੀਆਗਰ ਪ੍ਰਗਟ ਸੁਬਾਸੁ ॥ ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜੵੋ ਜੁ ਪ੍ਰਗਾਸੁ ॥ ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥੨॥੫੬॥**

ਦਿਨ ਹਰਿ ਚਰਨਾਂ ਵਿਚ ਨਿਵਾਸ ਰਖਦੇ ਹੋ, ਇਸ ਕਰਕੇ ਸਭ ਸੰਗਤ ਆਪ ਨੂੰ ਗੂੜ੍ਹੇ ਪ੍ਰੇਮ ਤੇ (ਨਿਰਮਲ) ਭਉ ਨਾਲ (ਸਤਿਗੁਰੂ) ਮੰਨਦੀ ਹੈ, ਆਪ ਦੀ ਖੁਸ਼ਬੋਈ ਮਲਜਾਗਰ ਦੀ (ਖੁਸ਼ਬੋ) ਤਰ੍ਹਾਂ ਪ੍ਰਗਟ ਹੈ (ਭਾਵ ਆਪ ਦਾ ਜਸ ਫੈਲ ਰਿਹਾ ਹੈ।) ਧ੍ਰੂ, ਪ੍ਰਹਿਲਾਦ, ਕਬੀਰ, ਤ੍ਰਿਲੋਚਨ (ਇਨ੍ਹਾਂ ਨੂੰ ਜਿਸਦਾ) ਨਾਮ ਲੈਣ ਕਰਕੇ (ਭਾਵ ਜਿਸ ਦੀ ਭਗਤੀ ਕਰਨ ਕਰਕੇ) ਚਾਨਣਾ ਹੋਇਆ; ਅਤੇ ਜਿਸ ਦਾ ਦਰਸ਼ਨ ਕਰਕੇ (ਹੁਣ ਸਾਨੂੰ) ਮਨ ਵਿਚ ਆਨੰਦ ਹੁੰਦਾ ਹੈ, ਉਹੋ ਸੰਤਾਂ ਦੀ ਓਟ ਸ੍ਰੀ ਗੁਰੂ ਰਾਮਦਾਸ ਜੀ ਆਪ ਹੋ॥੨॥੫੬॥

**ਪਦਾਰਥ**—ਪਦਾਰਥੁ-ਨਾਮ ਪਦਾਰਥ, ਮੁਕਤ ਪਦਾਰਥ। ਨਿਸਿ-ਰਾਤਿ। ਬਾਸੁਰ-ਦਿਨ। ਭਾਇ-ਪਿਆਰ। ਭਉ-ਡਰ। ਮਲੀਆਗਰ-ਮਲਜਾਗਿਰਿ-ਮਲਜ ਨਾਮੇ ਪਹਾੜ ਜੋ ਮੈਸੂਰ ਦੇ ਦੱਖਣ ਪੱਛਮੀ ਘਾਟ ਵਿਚ ਹੈ। ਇਥੋਂ ਦਾ ਚੰਦਨ ਪ੍ਰਸਿੱਧ ਹੈ। ਹਿੰਦੀ ਕਵੀਆਂ ਨੇ ਮਲਜਾਗਿਰਿ ਚੰਦਨ ਦੇ ਅਰਥਾਂ ਵਿਚ ਬੀ ਵਰਤਿਆ ਹੈ। ਮਲਜ ਪਹਾੜ ਦਾ ਚੰਦਨ। ਸੁਬਾਸੁ-ਸੁਗੰਧੀ। ਪ੍ਰਗਾਸ-ਪ੍ਰਕਾਸ਼, ਚਾਨਣ। ਪਿਖਤ-ਵੇਖਕੇ। ਰਹਸੁ-ਖੁਸ਼ੀਆਂ, ਆਨੰਦ। ਸਹਾਰੁ-ਸਹਾਰਾ।

**ਭਾਵ**—ਸ੍ਰੀ ਗੁਰੂ ਰਾਮਦਾਸ ਜੀ ਦੀ ਮਹਿਮਾ ਤੇ ਗੌਰਵਤਾ ਦੱਸਦੇ ਹੋਏ ਕਿਹਾ ਹੈ ਕਿ ਧ੍ਰੂ, ਪ੍ਰਹਿਲਾਦ, ਤ੍ਰਿਲੋਚਨ ਤੇ ਕਬੀਰ ਆਦਿਕ ਜੋ ਭਗਤ ਹੋਏ ਹਨ ਇਨ੍ਹਾਂ ਨੂੰ ਨਾਮ ਜਪਕੇ ਜਦ ਅੰਦਰਲੇ ਨੈਣ ਖੁਲ੍ਹੇ ਤਦ ਆਪ ਦਾ ਚਾਨਣਾ ਪਿਆ ਸੀ, ਉਹੀ ਤੁਸੀਂ ਹੋ ਜਿਨ੍ਹਾਂ ਦਾ ਪ੍ਰਤੱਖ ਦਰਸ਼ਨ ਅਸੀਂ ਦੇਖ ਰਹੇ ਹਾਂ। ਪ੍ਰੇਮ ਭਰੇ ਕਵੀ ਜੀ ਦੱਸ ਰਹੇ ਹਨ ਕਿ ਗੁਰੂ ਜਜੋਤੀ ਅਜ਼ਲਾਂ ਤੋਂ ਅਰਸ਼ਾਂ ਵਿਚ ਭਗਤਾਂ ਨੂੰ ਸੁਖ ਦੇ ਰਹੀ ਸੀ॥੨॥੫੬॥

| <u>ਮੂਲ</u> | <u>ਅਰਥ</u> |
|---|---|
| **ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥ ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀਨੀ ਵਰਖਾਈ ॥ ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ ॥ ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥੩॥੫੭॥** | (ਗੁਰੂ) ਨਾਨਕ (ਜੀ ਨੇ) ਵਾਹਿਗੁਰੂ ਦੇ ਨਾਮ ਨੂੰ ਜਾਨਿਆਂ, ਲਿਵ ਲਾਕੇ ਪ੍ਰੇਮਾ ਭਗਤੀ ਕੀਤੀ। ਤਿਨ੍ਹਾਂ ਦੇ ਅੰਗ ਸੰਗ ਹੋਕੇ ਗੁਰੂ ਅੰਗਦ (ਜੀ) ਸਮੁੰਦਰ (ਵਾਂਗ ਅਥਾਹ ਤੇ ਅਸਗਾਹ) ਹੋ ਗਏ; ਤਿਨ੍ਹਾਂ ਨੇ ਸ਼ਬਦ (ਵਿਚ) ਮਨ ਲਗਾਉਣ ਦੀ ਵਰਖਾ ਕੀਤੀ, (ਗੁਰੂ) ਅਮਰਦਾਸ (ਜੀ ਦੀ) ਕਥਾ ਕਥੀ ਨਹੀਂ ਜਾ ਸਕਦੀ, ਇਕ ਜੀਭ (ਹੈ, ਇਸਤੋਂ) ਕੁਝ (ਮਹਿਮਾ) ਕਹੀ ਨਹੀਂ ਜਾ ਸਕਦੀ। ਸਾਰੀ ਸ੍ਰਿਸ਼ਟੀ ਨੂੰ ਤਾਰਨ ਦੀ ਹੁਣ ਸੋਢੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਵਡਿਆਈ ਮਿਲੀ ਹੈ॥੩॥੫੭॥ |

**ਪਦਾਰਥ**—ਨਿਰੰਜਨ-ਮਾਇਆ ਤੋਂ ਅਤੀਤ। ਸਾਇਰੁ-ਸਮੁੰਦਰ। (ਅ) ਸ਼ਾਇਰ, ਜਾਣਨਹਾਰ, ਅਰਬੀ ਵਿਚ ਸ਼ਿਅਰ ਕਹਿੰਦੇ ਹਨ ਜਾਣਨੇ ਵਾਲਾ, ਗਜਾਨਵਾਨ ਤੇ ਕਵੀ।

ਸ਼ਬਦ ਸੁਰਤਿ-ਨਾਮ ਅਭਯਾਸ, ਵਾਹਿਗੁਰੂ ਜੀ ਦੇ ਨਾਮ ਸਿਮਰਨ ਵਿਚ ਸੁਰਤ ਦਾ ਪ੍ਰਵਿਰਤ ਹੋਣਾ। ਕੀਨੀ ਵਰਖਾਈ-ਵਰਖਾ ਕੀਤੀ। (ਅ) ਕੀ ਨੀਵ ਰਖਾਈ-ਦੀ ਨੀਂਹ ਰੱਖੀ। ਅਕਥ ਕਥਾ-ਨਾ ਕਥੇ ਜਾਣ ਵਾਲੀ ਕਥਾ, ਅਕਹਿ। ਜੀਹ-ਜੀਭ। ਸਕਲ-ਸਾਰੀ।

**ਭਾਵ**—ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵਾਹਿਗੁਰੂ ਦੀ ਲੱਖਤਾ ਹੋਈ, ਉਨ੍ਹਾਂ ਨੇ ਲਿਵ ਲਾਕੇ ਪ੍ਰੇਮਾ ਭਗਤੀ ਕੀਤੀ। ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੇ ਅੰਗ ਸੰਗ ਰਹੇ ਤੇ ਗੁਰੂ ਅੰਗਦ ਹੋ ਸਮੁੰਦਰ ਵਾਂਗ ਅਥਾਹ ਹੋ ਗਏ, ਤੇ ਉਨ੍ਹਾਂ ਨੇ ਪ੍ਰੇਮਾ ਭਗਤੀ, ਜਿਸ ਦੀ ਦਾਤ ਕਿ ਉਨਾਂ ਨੂੰ ਗੁਰੂ ਨਾਨਕ ਥੋਂ ਮਿਲੀ ਸੀ, ਉਸ ਦਾ ਚੱਕਰ ਚਲਾਇਆ, ਗੁਰਮਤ ਪ੍ਰਚਾਰ ਤੇ ਜੀਵਾਂ ਦੇ ਉਧਾਰ ਦੇ ਕੰਮ ਦਾ ਜਿਸ ਸਰਗਰਮੀ ਨਾਲ ਗੁਰੂ ਅਮਰਦਾਸ ਜੀ ਨੇ ਬੀੜਾ ਚੁਕਿਆ, ਉਹਦੀ ਕਥਾ ਵਰਣਨ ਕਰਨਾ ਜੀਭਾ ਦੀ ਸ਼ਕਤੀ ਤੋਂ ਬਾਹਰ ਦੀ ਗੱਲ ਹੈ। ਹੁਣ ਸ੍ਰੀ ਗੁਰੂ ਰਾਮਦਾਸ ਜੀ, ਜੋ ਸੋਢੀ ਕੁਲ ਦੇ ਸਿਰਮੌਰ ਹਨ, ਇਨ੍ਹਾਂ ਨੂੰ ਸ੍ਰਿਸ਼ਟੀ ਦੇ ਤਾਰਨ ਦੀ ਵਡਿਆਈ ਮਿਲੀ ਹੈ॥੩॥੫੭॥

| ਮੂਲ | ਅਰਥ |
|---|---|
| **ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥ ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥ ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥ ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥ ੪ ॥ ੫੮ ॥** | ਅਸੀਂ ਅਵਗੁਣਾਂ (ਨਾਲ) ਭਰੇ ਹੋਏ (ਹਾਂ ਤੇ ਸਾਡੇ ਵਿਚ) ਇਕ (ਵੀ) ਗੁਣ ਨਹੀਂ, (ਨਾਮ ਰੂਪੀ) ਅੰਮ੍ਰਿਤ (ਨੂੰ) ਛੱਡ (ਕੇ) ਵਿਹੁ (ਰੂਪੀ) ਵਿਸ਼ਿਆਂ (ਨੂੰ) ਖਾਂਦੇ (ਵਿਸ਼ੇ ਆਸ਼ਕਤ ਹੋ) ਭਰਮ (ਵਿਚ) ਪੈਕੇ ਮਾਯਾ (ਦੇ) ਮੋਹ (ਵਿੱਚ) ਭੁੱਲ (ਗਏ ਹਾਂ), ਪੁੱਤਰ (ਤੇ) ਇਸਤ੍ਰੀ (ਨੂੰ ਹੀ ਸਤਿ ਜਾਣਕੇ) ਪ੍ਰੀਤ ਲਗਾ (ਲਈ) ਹੈ। ਗੁਰੂ (ਦੀ) ਸੰਗਤ (ਅਸਾਂ) ਇਕ ਉੱਤਮ ਪੰਥ ਸੁਣਿਆਂ ਹੈ, ਤਿਸ ਨਾਲ ਮਿਲਕੇ ਜਮਾਂ ਦਾ ਡਰ ਮਿਟਾ ਲਿਆ ਹੈ। ਕੀਰਤ (ਨਾਮੇ) ਭੱਟ ਦੀ ਇਕ ਅਰਦਾਸ ਹੈ ਕਿ ਹੇ ਗੁਰੂ ਰਾਮਦਾਸ ਜੀ! (ਸਾਨੂੰ ਆਪਣੀ) ਸ਼ਰਨ ਵਿਚ ਰਖੋ॥੪॥੫੮॥ |

**ਪਦਾਰਥ**—ਬਿਖੈ-ਵਿਸ਼ੇ ਵਿਕਾਰ। ਬਿਖੁ-ਵਿਹੁ, ਜ਼ਹਿਰ। ਪੈ-ਪੈਕੇ। ਸੁਤ-ਪੁੱਤਰ। ਦਾਰਾ-ਇਸਤ੍ਰੀ। ਕੀਰਤਿ-ਭੱਟ ਦਾ ਨਾਮ ਹੈ।

**ਭਾਵ**—ਕੀਰਤ ਭੱਟ ਸਤਿਗੁਰੂ ਜੀ ਦੀ ਮਹਾਨਤਾ ਤੇ ਆਪਣੀਆਂ ਊਣਤਾਈਆਂ ਵਲ ਨਜ਼ਰ ਮਾਰਕੇ ਆਪਣੇ ਸਿੱਖੀ ਵਿਚ ਆਉਣ ਤੋਂ ਪਹਿਲੇ ਦੀ ਵਿਥਯਾ ਦੱਸਦੇ ਹਨ ਤੇ ਕਹਿੰਦੇ ਹਨ ਕਿ ਹੇ ਸੱਚੇ ਪਾਤਸ਼ਾਹ! ਮੈਂ ਗੁਣ ਹੀਨ ਹਾਂ, ਆਪ ਗੁਣਾਂ ਦੇ ਭੰਡਾਰ ਹੋ, ਮੇਰਾ ਮਨ ਅੰਮ੍ਰਿਤ ਰੂਪੀ ਨਾਮ ਛੱਡਕੇ ਸੰਸਾਰਕ ਵਿਸ਼ਿਆਂ ਵਿਚ ਅਟਕ ਰਿਹਾ ਹੈ। (ਹੁਣ ਦੀ ਹਾਲਤ) ਆਪ ਦੇ ਪੰਥ ਦੀ ਉੱਚਤਾ ਤੇ ਸੁੱਚਤਾ ਸੁਣਕੇ ਸਿੱਖੀ ਵਿਚ ਪ੍ਰਵੇਸ਼ ਕੀਤਾ ਹੈ, ਜਿਸ ਤੋਂ ਜਮਾਂ ਦੀ ਤ੍ਰਾਸ ਮਿਟ ਗਈ ਹੈ। ਹੁਣ ਮੇਰੀ ਇਹੋ ਹੀ ਅਰਜ਼ੋਈ ਹੈ ਕਿ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੋ ਤਾਕਿ ਇਹ ਸੁਖ ਬਣਿਆਂ ਰਹੇ।

ਇਸ ਪ੍ਰਕਾਰ ਦੇ ਭੱਟਾਂ ਦੇ ਇਕਰਾਰ ਸਪੱਸ਼ਟ ਦੱਸ ਰਹੇ ਹਨ ਕਿ ਇਹ ਲੋਕ 'ਸੱਚੇ ਮਾਰਗ' ਦੇ ਜਗਯਾਸੂ ਤੇ ਮੁਤਲਾਸ਼ੀ ਸੇ, ਸਤਿਗੁਰਾਂ ਦੀ ਚਰਨ ਸ਼ਰਨ ਆਕੇ ਇਨ੍ਹਾਂ ਨੂੰ ਸਦਗਤੀ ਪ੍ਰਾਪਤ ਹੋਈ ਸੀ, ਇਨ੍ਹਾਂ, ਜੋ ਬੜੇ ਵਿਦ੍ਵਾਨ ਸਨ, ਆਪਣੇ ਤਜ਼ਰਬੇ ਨਾਲ ਇਹ ਸਾਖ ਭਰੀ ਕਿ ਗੁਰੂ ਸਾਹਿਬ 'ਪੂਰਨ

ਅਵਤਾਰ' ਸੇ, ਇਹ ਇਕ ਇਤਿਹਾਸਕ ਗਵਾਹੀ ਹੈ ਜਿਸ ਦੀ ਕੀਮਤ ਪਾ ਸਕਣੀ ਕਠਨ ਹੈ, ਸਵਈਆਂ ਨੂੰ ਅਮੁੱਲ ਕਰਨੇ ਲਈ ਇਹ ਇਕ ਭਾਰੀ ਗੌਰਵਤਾ ਵਾਲੀ ਯੁਕਤੀ ਹੈ॥੪॥੫੮॥

| ਮੂਲ | ਅਰਥ |
|---|---|
| **ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਉ ॥ ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਉ ॥ ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥ ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ ॥ ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥ ਗੁਰ ਰਾਮਦਾਸ ਸਚੁ ਸਲ੍ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥੧॥ ॥੫੯॥** | ਬਲੀ ਮੋਹ ਨੂੰ (ਤੁਸਾਂ) ਵੱਸ ਕੀਤਾ ਹੈ, ਕਾਮ ਨੂੰ ਕੇਸਾਂ ਤੋਂ ਫੜ ਕੇ ਪਛਾੜਿਆ ਹੈ (ਭਾਵ ਜਿੱਤ ਲਿਆ ਹੈ)। ਤੇਜ ਨਾਲ ਕ੍ਰੋਧ ਦੇ ਟੋਟੇ ਕਰ ਦਿੱਤੇ ਹਨ ਤੇ ਲੋਭ ਨੂੰ ਅਪਮਾਨ ਨਾਲ ਝਾੜ ਦਿੱਤਾ ਹੈ। ਜੰਮਣ ਤੇ ਮੌਤ ਹੱਥ ਜੋੜ (ਆਪ ਦੇ ਦਰ ਤੇ ਖੜੇਹੈਨ ਤੇ ਆਪ ਜੀ ਦਾ) ਜੋ ਹੁਕਮ ਹੋਵੇ ਉਸ ਨੂੰ ਮੰਨਦੇ ਹਨ। ਪ੍ਰਸੰਨ ਹੋ ਕੇ (ਆਪ ਨੇ) ਸੰਸਾਰ ਸਾਗਰ (ਉਤੇ ਨਾਮ ਰੂਪੀ ਪੁਲ ਬੰਨ੍ਹਿਆ ਹੈ, (ਤੇ ਐਉਂ) ਸਿੱਖ ਪਾਰ ਕੀਤੇ ਹਨ। (ਆਪ ਜੀ ਦੇ) ਸਿਰ ਤੇ (ਜਸ ਰੂਪ) ਛੱਤ੍ਰ (ਸ਼ੋਭ ਰਿਹਾ) ਹੈ, (ਗੁਰਿਆਈ ਦੀ ਗੱਦੀ ਦੇ) ਸੱਚੇ ਤਖਤ ਤੇ ਜੋਗ ਭੋਗ ਦੇ ਬਲ ਨਾਲ ਬਿਰਾਜਮਾਨ ਹੋ। ਹੇ ਗੁਰੂ ਰਾਮਦਾਸ (ਜੀ) ਸਲ੍ (ਭਟ) ਸੱਚੀ (ਗਲ) ਕਹਿੰਦਾ ਹੈ, ਆਪ ਜੀ ਦਾ ਰਾਜ ਅਟੱਲ ਹੈ, ਤੇ (ਦੈਵੀ ਸੰਪਦਾ) ਦਾ ਦਲ ਅਜਿੱਤ ਹੈ॥੧॥੫੯॥ |

**ਪਦਾਰਥ**—ਮੋਹੁ-ਮਮਤਾ। ਮਲਿ-ਪਹਿਲਵਾਨ, ਭਾਵ ਜ਼ੋਰ ਵਾਲਾ। ਬਿਵਸਿ-ਵਿਸ਼ੇਸ਼ ਕਰਕੇ ਵੱਸ ਵਿਚ। ਆਤਪਤੁ-ਛੱਤ੍ਰ। ਸੰਜੁਤੁ-ਸੰਯੁਕਤ। ਸਲ੍-ਭੱਟ ਦਾ ਨਾਮ। ਅਭਗੁ-ਨਾ ਭਜਣ ਵਾਲਾ।

**ਭਾਵ**—ਸੱਲ੍ ਨਾਮ ਦਾ ਭੱਟ ਗੁਰੂ ਜੀ ਦੀ ਆਤਮ ਸੱਤਜਾ ਨੂੰ ਆਪਣੀ ਅੱਖੀਂ ਵੇਖ ਤੇ ਵਿਦ੍ਵਤਾ ਨਾਲ ਪਰਖਕੇ ਕਹਿੰਦਾ ਹੈ ਕਿ ਮੈਂ ਸਚਾਈ ਨਾਲ ਗੁਵਾਹੀ ਦੇਂਦਾ ਹਾਂ ਕਿ ਇਸ ਜਗਤ ਦੇ ਵਿਚ ਮਨੁੱਖ ਦੇ ਸ਼ੱਤਰੂਆਂ ਵਿਚ ਮੋਹ **"ਏਤੁ ਮੋਹਿ ਡੂਬਾ ਸੰਸਾਰੁ"** {ਆਸਾ ਮ: ੧-੩੫੬} ਤੇ ਕਾਮ **"ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ"** {ਸਲੋਕ ਸਹ: ਮ: ੫-੧੩੫੮} ਮਹਾਂ ਬਲੀ ਸ਼ੱਤਰੂ ਹਨ, ਕਿਉਂਕਿ ਜੀਵ ਵਿੱਚ ਪ੍ਰਬਲ ਵਿਸ਼ਾ ਖਾਣ ਆਦਿਕ ਲੋੜਾਂ ਦਾ ਲੋਭ ਤੇ ਕਾਮ ਹੈ; ਪਰ ਹੇ ਗੁਰੂ ਰਾਮਦਾਸ ਜੀ! ਆਪ ਨੇ ਇਨ੍ਹਾਂ ਸ਼ੱਤਰੂਆਂ ਨੂੰ ਦੂਰ ਕੀਤਾ ਹੈ। ਇਸ ਦਾ ਭਾਵ ਇਹ ਹੈ ਕਿ ਆਪਣੇ ਸੇਵਕਾਂ ਵਿਚੋਂ ਇਨ੍ਹਾਂ ਨੂੰ ਦੂਰ ਕੀਤਾ ਹੈ। ਕਿਉਂਕਿ ਅੱਗੇ ਜਨਮ ਮੌਤ ਦਾ ਵੱਸ ਹੋਣਾ ਤੇ ਸਿੱਖਾਂ ਨੂੰ ਤਾਰਨ ਹਿਤ ਭਵਸਾਗਰ ਤੇ ਪੁਲ ਬੰਨ੍ਹ ਦਾ ਜ਼ਿਕਰ ਹੈ ਤੇ ਗੁਰੂ ਜੀ ਨੂੰ ਰਾਜਾ ਵਰਣਨ ਕੀਤਾ ਹੈ; ਰਾਜਾ ਪਰਜਾ ਲਈ ਹੀ ਸਾਰੇ ਕਸ਼ਟ ਨਿਵਾਰਨ ਦੇ ਸਾਮਾਨ ਕਰਦਾ ਹੈ॥੧॥੫੯॥

| ਮੂਲ | ਅਰਥ |
|---|---|
| **ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥ ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥ ਆਦਿ ਜੁਗਾਦਿ ਅਨਾਦਿ ਕਲਾ ਧਾਰੀ** | ਹੇ ਸਤਿਗੁਰੂ (ਜੀ!) ਤੁਸੀਂ ਆਪ ਚਹੁ ਜੁਗਾਂ ਵਿਚ ਆਪੇ ਪਰਮੇਸ਼੍ਵਰ (ਦਾ ਰੂਪ) ਹੋ। (ਸ੍ਰਿਸ਼ਟੀ ਦੇ) ਆਦ ਤੋਂ ਹੀ ਦੇਵਤੇ, ਮਨੁਖ, ਸਾਧਨਾ ਕਰਨ ਵਾਲੇ, ਸਿੱਧ ਤੇ ਸਿਖ (ਆਪ ਜੀ ਨੂੰ) ਸੇਂਵਦੇ (ਆ ਰਹੇ) ਹਨ। ਆਪਿ ਆਦਿ ਹੋ, ਜੁਗਾਦਿ |

**ਤ੍ਰਿਹੁ ਲੋਅਹ ॥ ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ॥ ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ ॥ ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ ॥ ੨ ॥ ੯੦॥**

ਹੋ ਤੇ ਆਦਿ ਤੋਂ ਰਹਿਤ ਹੋ, ਤਿੰਨਾਂ ਲੋਕਾਂ ਵਿਚ ਆਪ ਕਲਾਧਾਰ ਰਹੇ ਹੋ। ਅਗੰਮਜ ਦਾ ਰਸਤਾ (ਦੱਸਣ ਵਾਲੇ ਤੇ ਸੰਸਾਰ ਦਾ) ਉਧਾਰਣ ਕਰਨ ਵਾਲੇ ਬੀ (ਤੁਸੀਂ ਹੋ) ਤੇ ਜੰਮਣ ਮਰਣ ਤੇ ਬੀ ਆਪ ਹੀ ਸ੍ਵਾਰ ਹੋ (ਅਰਥਾਤ ਬੁਢੇਪਾ ਤੇ ਜੰਮਣ ਆਪ ਦੇ ਹੁਕਮ ਵਿਚ ਹੈਨ)। ਸ੍ਰੀ ਗੁਰੂ ਅਮਰ ਦਾਸ ਜੀ ਨੇ ਆਪਨੂੰ (ਗੁਰਿਆਈ ਦੀ ਪਦਵੀ ਤੇ) ਅਪਣੇ ਹੁੰਦਿਆਂ ਸਥਾਪਨ ਕੀਤਾ ਹੈ, ਆਪ ਪਾਰਗਿਰਾਮੀ ਹੋ (ਤੇ ਸੰਸਾਰ ਤੋਂ) ਤਾਰਨ ਲਈ ਜਹਾਜ਼ ਹੋ। (ਇਸ ਲਈ) ਸਲ੍ਯ ਕਵੀ ਆਖਦਾ ਹੈ ਕਿ ਮੈਂ (ਹੁਣ) ਪਾਪ ਤੇ ਜਮ ਨੂੰ ਕੁਛ ਨਹੀਂ ਬਿਦਦਾ (ਕਿਉਂਕਿ) ਹੇ ਗੁਰੂ ਰਾਮਦਾਸ ਮੈਂ ਤੇਰੀ ਸ਼ਰਣ (ਲੈ ਲਈ ਹੈ) (ਭਾਵ ਪਾਪ ਤੇ ਜਮ ਦੋਵੇਂ ਮੈਨੂੰ ਹੁਣ ਕੁਛ ਨਹੀਂ ਆਖ ਸਕਦੇ) (ਅ) ਦੂਸਰਾ ਅਰਥ ਐਉਂ ਬੀ ਲਾਉਂਦੇ ਹਨ:-ਸਲਿ ਕਵਿ ਕਹਿੰਦਾ ਹੈ ਕਿ ਹੇ ਗੁਰੂ ਰਾਮਦਾਸ ਤੇਰੀ ਸ਼ਰਣ ਪਾਪਾਂ ਦਾ ਅੰਤ ਕਰਨ ਵਾਲੀ ਹੈ॥੨॥੯੦॥

**ਪਦਾਰਥ**—ਸਾਧਿਕ-ਸਾਧਨਾ ਕਰਨ ਵਾਲੇ। ਤ੍ਰਿਹ-ਤਿੰਨ। ਲੋਅਹ-ਲੋਕ। ਅਗਮ-ਅਗੰਮਜ-ਜੋ ਜਾਣਿਆਂ ਨਾ ਜਾ ਸਕੇ। ਵਾਹਿਗੁਰੂ। ਨਿਗਮ-ਜਿਸ ਦੁਆਰਾ ਤੁਰੀਏ, ਰਸਤਾ। ਅਗਮ ਨਿਗਮ ਦਾ ਅਰਥ ਵੇਦ ਸ਼ਾਸਤ੍ਰ ਬੀ ਕਰਦੇ ਹਨ। ਆਰੋਅਹ-ਸਵਾਰ। ਪਰਗਾਮੀ-ਪਾਰ ਜਾਣ ਵਾਲਾ। ਤਾਰਣ-ਤਾਰਨ ਵਾਲਾ। ਤਰਨ-ਬੇੜੀ, ਜਹਾਜ਼। ਅਘ-ਪਾਪ। ਅੰਤਕ-ਜਮ, (ਅ) ਅੰਤ ਕਰਨ ਵਾਲੀ। ਬਦੈ ਨ-ਨਹੀਂ ਬਿਦਦਾ। (ਅ) ਬਦੈਨ-ਆਖਦਾ ਹੈ। ਸਲ-ਭੱਟ ਦਾ ਨਾਮ।

**ਭਾਵ**—ਗੁਰੂ ਦੇ ਅਰਥ ਹਨ ਪ੍ਰਕਾਸ਼ ਕਰਨ ਵਾਲਾ। ਵਾਹਿਗੁਰੂ ਨੇ ਮਨੁੱਖ ਨੂੰ ਬੁੱਧੀ ਦਿੱਤੀ ਹੈ ਜਿਸ ਦੇ ਰਾਹੀਂ ਗਿਆਨ ਹੁੰਦਾ ਹੈ, ਇਸ ਕਰਕੇ ਵਾਹਿਗੁਰੂ ਹੀ ਆਦਿ ਗੁਰੂ ਹੈ। ਗੁਰੂ ਰੂਪ ਵਾਹਿਗੁਰੂ ਪਹਿਲੇ ਤਿੰਨ ਜੁਗਾਂ ਵਿਚ ਸਮੇਂ ਸਮੇਂ ਤੇ ਭਗਤਾਂ ਨੂੰ ਉਬਾਰਨ, ਅਗਿਆਨ ਵਿਦਾਰਨ ਵਾਸਤੇ ਉਪਦੇਸ਼ ਦੇਕੇ ਮਹਾਂਪੁਰਖਾਂ ਨੂੰ ਭੇਜਦਾ ਰਿਹਾ। ਕਿੰਤੂ ਕਲਜੁਗ ਦੇ ਵਿਚ ਜਦ "ਪਾਪ ਗਰਾਸੀ ਪ੍ਰਿਥਵੀ" ਤਦ ਅਕਾਲ ਪੁਰਖ ਦੀ "ਗੁਰੂ" ਵਾਲੀ ਗੁਰੱਤ੍ਵ ਗੁਰੂ ਜਗੋਤੀ ਗੁਰੂ ਨਾਨਕ ਰੂਪ ਧਾਰਨ ਕਰਕੇ ਪ੍ਰਕਾਸ਼ਵਾਨ ਹੋਈ। ਸਲ੍ਯ ਭੱਟ ਜੀ ਏਸੇ ਅਕਾਲ ਪੁਰਖ ਦੀ ਗੁਰਤਾ ਵਾਲੀ ਗੁਰੱਤ੍ਵ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ: ਕਿ ਹੇ ਸਤਿਗੁਰੋ! ਆਪ ਚਹੁੰ ਜੁੱਗਾਂ ਵਿਚ ਗੁਰੂ ਵੀ ਹੋ ਤੇ ਸੰਗੀਆਂ ਦੇ ਉਪਾਸ਼ਜ ਹੋ ਰਹੇ ਹੋ, ਇਸ ਸ੍ਰਿਸ਼ਟੀ ਨੂੰ ਸੱਤਜਾਸੱਤਜ ਸਫੁਰਤਾ ਆਪ ਹੀ ਦੇ ਰਹੇ ਹੋ, ਇਸ ਕਰਕੇ ਇਸ ਦੀ ਕਲਾ ਆਪ ਨੇ ਹੀ ਧਾਰਨ ਕੀਤੀ ਹੋਈ ਹੈ, ਗਿਆਨ ਦੇ ਪ੍ਰਕਾਸ਼ਕ ਹੋ, ਮੁਕਤੀ ਦਾ ਮਾਰਗ ਹੋ, ਬੁਢੇਪਾ ਤੇ ਮੌਤ ਆਪਦੇ ਅਧੀਨ ਹਨ। ਆਪ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਸੰਸਾਰ ਵਿਚ ਆਪਣੇ ਹੁੰਦਿਆਂ ਅਪਣੇ ਹੱਥੀਂ ਦਿੱਤੀ ਹੈ; ਆਪ ਪਾਰਗਿਰਾਮੀ ਹੋ ਤੇ ਸੰਸਾਰ ਦੇ ਤਾਰਕ ਹੋ॥੨॥੯੦॥

# (ਹ) ਸਵਈਏ ਮਹਲੇ ਪੰਜਵੇਂ ਕੇ ੫

## ੴ ਸਤਿਗੁਰ ਪ੍ਰਸਾਦਿ ॥

| ਮੂਲ | ਅਰਥ |
|---|---|
| ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥ ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥ ਸਤਿਗੁਰ ਚਰਣ ਕਵਲ ਰਿਦਿ ਧਾਰੰ ॥ ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥ ਗੁਰ ਰਾਮ-ਦਾਸ ਘਰਿ ਕੀਅਉ ਪ੍ਰਗਾਸਾ ॥ ਸਗਲ ਮਨੋਰਥ ਪੂਰੀ ਆਸਾ ॥ ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥ ਕਲ੍ਯ ਜੋੜਿ ਕਰ ਸੁਜਸੁ ਵਖਾਣਿਓ ॥ | (ਪਹਿਲੇ ਮੈਂ) ਓਸ ਅਮਰ ਤੇ ਅਟਲ ਪੁਰਖ (ਜੋ) ਵਾਹਿਗੁਰੂ ਹੈ, ਨੂੰ ਸਿਮਰਦਾ ਹਾਂ, ਜਿਸ ਦੇ ਸਿਮਰਨ ਨਾਲ ਦੁਰਮਤ ਦੀ ਮੈਲ ਦੂਰ ਹੁੰਦੀ ਹੈ। (ਫਿਰ ਮੈਂ ਆਪਣੇ ਇਸ਼ਟ ਦੇਵ ਸ੍ਰੀ) ਸਤਿਗੁਰੂ (ਜੀ ਦੇ) ਚਰਨ ਕਵਲ ਰਿਦੇ (ਵਿਚ) ਧਾਰਨ ਕਰਦਾ ਹਾਂ (ਤੇ ਇਹ ਧਿਆਨ ਧਰਕੇ, ਸ੍ਰੀ) ਗੁਰੂ ਅਰਜਨ (ਦੇਵ ਜੀ) ਦੇ ਗੁਣਾਂ ਦਾ ਵਿਚਾਰ ਕਰਦਾ ਹਾਂ (ਜੋ ਉਨ੍ਹਾਂ ਵਿਚ) ਸੁਭਾਵਿਕ ਹਨ। (ਆਪ) ਗੁਰੂ ਰਾਮਦਾਸ ਜੀ ਦੇ ਘਰ ਪ੍ਰਗਟ ਹੋਏ। (ਆਪ ਜੀ ਦੇ ਅਵਤਰਨ ਨਾਲ ਸ੍ਰੀ ਗੁਰੂ ਰਾਮਦਾਸ ਜੀ ਦਾ) ਸਾਰਾ ਮਨੋਰਥ (ਤੇ ਲਗ ਰਹੀ) ਆਸਾ ਪੂਰਨ ਹੋਈ। (ਹਾਂ, ਹੇ ਗੁਰੂ ਅਰਜਨ ਜੀਓ) ਆਪ ਨੂੰ ਅਵਤਾਰ ਧਾਰਦਿਆਂ ਹੀ ਬ੍ਰਹਮ ਦੀ ਪਛਾਣ ਤੇ ਗੁਰੂ ਮਤ ਦੀ ਸਿਆਣ (ਸੁਤੇ ਸਿੱਧ ਪ੍ਰਾਪਤ) ਸੀ। ਕਲ੍ਯ ਭਟ (ਇਸ ਕਰਕੇ ਆਪ ਦਾ) ਸ੍ਰੇਸ਼ਟ ਜੱਸ ਹੱਥ ਜੋੜਕੇ ਵਰਣਨ ਕਰਦਾ ਹੈ। |

**ਪਦਾਰਥ**—ਸੋਈ ਪੁਰਖੁ-ਓਹੋ ਪੁਰਖ, ਭਾਵ ਵਾਹਿਗੁਰੂ। ਅਚਲੁ-ਨਾ ਚਲਾਇਮਾਨ। ਅਬਿਨਾਸੀ-ਨਾਸ਼ ਰਹਿਤ। ਗੁਣ ਸਹਿਜ-ਸਹਜਿ ਗੁਣ-ਸੁਭਾਵਿਕ ਗੁਣ। ਸਹਿਜ-ਜੋ ਨਾਲ ਉਪਜੇ। ਓਹ ਗੁਣ ਜੋ ਉਨ੍ਹਾਂ ਨੇ ਸਾਧਨਾਂ ਨਾਲ ਪ੍ਰਾਪਤ ਨਹੀਂ ਕੀਤੇ ਪਰ ਜੋ ਉਨ੍ਹਾਂ ਨੂੰ ਅਵਤਾਰ ਹੋਣ ਕਰਕੇ ਸੁਤੇ ਸੁਭਾਵ ਹੀ ਪ੍ਰਾਪਤ ਸਨ। ਗੁਰਮਤਿ-ਗੁਰੂ ਦੀ ਮਤਿ। ਮਤਿ ਸੰਸਕ੍ਰਿਤ ਪਦ ਹੈ। ਦੁਰਮਤਿ-ਖੋਟੀ ਮਤ। ਕਲ੍ਯ-ਭਟ ਦਾ ਨਾਮ ਹੈ।

**ਭਾਵ**—ਕੱਲ੍ਯ ਭਟ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੁਜਸ ਵਰਣਨ ਕਰਨ ਲੱਗੇ ਹਨ। ਆਪ ਸਿਦਕ ਭਰੋਸੇ ਵਾਲੇ ਵਿਦਵਾਨ ਹਨ, ਸੱਚ ਦੇ ਪਿਆਰੇ ਹਨ। ਮਤਾਂ ਕੋਈ ਗਲ ਸੱਚ ਦੇ ਵਿਰੁਧ ਯਾ ਵਧ ਘਟ ਲਿਖੀ ਜਾਵੇ, ਇਸ ਕਰਕੇ ਆਪ ਪਹਿਲਾਂ ਈਸ਼੍ਵਰ ਆਰਾਧਨਾ ਕਰਦੇ ਹਨ ਤੇ ਉਸ ਆਰਾਧਨਾ ਵਿਚ ਵਾਹਿਗੁਰੂ ਜੀ ਦੇ ਸਿਮਰਨ ਨਾਲ ਬੁੱਧੀ ਦੀ ਮੈਲ ਨੂੰ ਦੂਰ ਕਰਨ ਦੇ ਗੁਣ ਨੂੰ ਯਾਦ ਕਰਦੇ ਹਨ। ਭਾਵ ਇਹ ਹੈ ਕਿ ਮੇਰੀ ਬੁੱਧੀ ਨੂੰ ਪ੍ਰਕਾਸ਼ਣ ਵਾਲਾ ਈਸ਼੍ਵਰ ਆਪ ਹੋਵੇ, ਉਨ੍ਹਾਂ ਦੇ ਦੈਵੀ ਪ੍ਰਕਾਸ਼ ਵਿਚ ਮੈਂ ਜੋ ਲਿਖਾਂ ਸੋ ਲਿਖਾਂ। ਇਹ ਮੰਗਲ ਕਰਕੇ ਫਿਰ ਸਤਿਗੁਰੂ ਦਾ ਮੰਗਲ ਕਰਦੇ ਹਨ ਕਿ ਮੈਂ ਆਪਨੇ ਇਸ਼ਟ ਦੇਵ ਸਤਿਗੁਰੂ ਜੀ ਦੇ ਚਰਨਾਂ ਕਮਲਾਂ ਦਾ ਆਸਰਾ ਲੈਂਦਾ ਹਾਂ, ਜਿਸ ਨੂੰ ਮੈਂ ਅੱਖੀਂ ਡਿੱਠਾ ਤੇ ਜਿਸ ਤੋਂ ਮੈਂ ਉੱਜਲ ਬੁੱਧੀ ਤੇ ਆਤਮ ਜੀਵਨ ਪ੍ਰਾਪਤ ਕੀਤਾ ਹੈ। ਇਹ ਦੂਸਰੀ ਟੇਕ ਲਈ ਹੈ ਆਪਨੇ ਕਾਰਜ ਦੀ ਸਫ਼ਲਤਾ ਵਾਸਤੇ। ਫਿਰ ਆਪਣਾ ਮਨੋਰਥ ਦੱਸਦੇ ਹੈਨ ਕਿ ਮੈਂ ਗੁਰੂ ਅਰਜਨ ਦੇਵ ਜੀ ਦੇ ਗੁਣਾਂ ਦਾ ਵਿਚਾਰ ਕਰਨ ਲੱਗਾ ਹਾਂ। ਸਹਿਜ ਤੋਂ ਮੁਰਾਦ ਇਹ ਹੈ ਕਿ ਉਨ੍ਹਾਂ ਨੇ

ਅੰਞਾਣ ਅਵਸਥਾ ਵਿਚ ਜਨਮ ਲੈਕੇ ਫਿਰ ਵਿੱਦਜਾ ਪਾਕੇ ਤੇ ਤਜਰਬੇ ਕਰਕੇ ਗੁਣ ਧਾਰਨ ਨਹੀਂ ਕੀਤੇ, ਪਰ ਉਨ੍ਹਾਂ ਵਿਚ ਗੁਣਾਂ ਦਾ ਨਿਵਾਸ ਸੁਤੇ ਹੀ ਸੀ। ਉਹ ਗੁਣਵਾਨ ਹੀ ਜਗਤ ਵਿਚ ਆਏ ਸੇ, ਇਸ ਆਪਣੇ ਭਾਵ ਨੂੰ ਕਵੀ ਜੀ ਨੇ ਅਗਲੇਰੀਆਂ ਤੁਕਾਂ ਵਿਚ ਆਪ ਹੀ ਸਪਸ਼ਟ ਕਰ ਦਿਤਾ ਹੈ ਕਿ ਤੁਸਾਂ ਨੇ ਜਨਮਦਿਆਂ ਹੀ ਗੁਰੂ ਮਤ ਤੇ ਬ੍ਰਹਮ ਨੂੰ ਪਛਾਣਿਆਂ ਸੀ, ਭਾਵ ਇਹ ਕਿ ਜਨਮ ਤੋਂ ਮਗਰੋਂ ਸਿੱਖਿਆ ਤੇ ਤਜਰਬੇ ਨਾਲ ਨਹੀਂ, ਪਰ ਜਨਮਦਿਆਂ ਹੀ ਤੁਸਾਂ ਦੇ ਲੱਛਣਾਂ ਨੇ ਤੁਸਾਡੀ ਬ੍ਰਹਮ ਪਛਾਣਤਾ ਤੇ ਗੁਰਮਤ ਦੀ ਸਿਆਣ ਦੱਸ ਦਿੱਤੀ ਸੀ। ਇਸ ਕਹਿਣ ਤੋਂ ਆਪ ਉਨ੍ਹਾਂ ਨੂੰ ਅਵਤਾਰ ਜ਼ਾਹਰ ਕਰ ਰਹੇ ਹਨ, ਕਿਉਂਕਿ ਅਵਤਾਰ ਜਨਮ ਤੋਂ ਹੀ ਕਲਾਧਾਰੀ ਹੁੰਦਾ ਹੈ। ਜਿਸ ਦਾ ਗੁਣ ਕਥਨ ਕਰਨਾ ਹੁੰਦਾ ਹੈ ਉਸ ਦਾ ਪਹਿਲੋਂ ਨਾਮ, ਫਿਰ ਪਿਤਾ, ਤੇ ਕੁਲ ਆਦਿ ਦਾ ਪਤਾ ਦੇਈਦਾ ਹੈ। ਸੋ ਕਵਿ ਜੀ ਨੇ ਪਹਿਲਾਂ ਆਪ ਦਾ ਨਾਮ ਦੱਸਿਆ ਹੈ, ਫਿਰ ਦਸਿਆ ਹੈ ਕਿ ਆਪ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਪ੍ਰਕਾਸ਼ ਕੀਤਾ, ਕਿਉਂਕਿ ਗੁਰੂ ਰਾਮਦਾਸ ਜੀ ਦੀ ਪਾਵਨ ਵਜਕਤੀ ਜਗਤ ਪ੍ਰਸਿੱਧ ਸੀ ਇਸ ਕਰਕੇ ਹੋਰ ਵੇਰਵੇ ਦਾ ਵਿਸਥਾਰ ਆਪ ਨੇ ਨਹੀਂ ਕੀਤਾ, ਇੰਨਾਂ ਦੱਸਣਾ ਕਾਫ਼ੀ ਸਮਝਿਆ ਹੈ ਕਿ ਆਪ ਸ੍ਰੀ ਗੁਰੂ ਰਾਮਦਾਸ ਜੀ ਦੇ ਗ੍ਰਿਹਿ ਅਵਤਾਰ ਧਾਰੀ ਹੋਏ ਹੋ।

**"ਸਗਲ ਮਨੋਰਥ ਪੂਰੀ ਆਸਾ"** ਦਾ ਅਰਥ 'ਗੁਰੂ ਅਰਜਨ ਦੇਵ ਜੀ ਨੇ ਮਨੋਰਥਾਂ ਤੇ ਆਸਾ ਦਾ ਪੂਰਨ ਹੋਣਾ' ਕਰਨਾ ਠੀਕ ਨਹੀਂ, ਕਿਉਂਕਿ ਅਜੇ ਤਾਂ ਕਵਿ ਉਨ੍ਹਾਂ ਦਾ ਪਹਿਲਾ ਗੁਣ, ਕਿ ਪ੍ਰਗਟਦਿਆਂ ਹੀ ਆਪ ਵਿਚ ਸੁਤੇ ਗਿਆਨ ਦਾ ਗੁਣ ਸੀ ਕਹਿ ਰਹੇ ਹਨ, ਮਨੋਰਥ ਤੇ ਆਸਾ ਤਾਂ ਵਡੇ ਹੋਕੇ ਉਪਜਦੀਆਂ ਤੇ ਪੂਰਨ ਹੁੰਦੀਆਂ ਹਨ। ਵੱਡੇ ਹੋਣ ਤੋਂ ਪਹਿਲਾਂ ਹੀ ਇਸ ਗੁਣ ਦਾ ਵਰਣਨ ਕਰਨਾ ਸਮੇਂ ਵਿਚ ਅਸੰਗਤੀ ਕਥਨ ਕਰਨੀ ਹੈ। ਨਾ ਹੀ ਇਸ ਦਾ ਇਹ ਅਰਥ ਠੀਕ ਹੈ ਕਿ ਤੁਸਾਂ ਲੋਕਾਂ ਦੇ ਮਨੋਰਥ ਪੂਰੇ ਕੀਤੇ, ਕਿਉਂਕਿ ਇਨ੍ਹਾਂ ਦਾ ਜ਼ਿਕਰ ਜਨਮ ਦਾ ਜ਼ਿਕਰ ਕਰਕੇ ਮਗਰੋਂ ਆਉਣਾ ਚਾਹੀਦਾ ਸੀ। ਤਾਂ ਤੇ ਇਸ ਦਾ ਭਾਵ ਪਹਿਲੀ ਤੁਕ ਤੋਂ ਨਿਕਲਦਾ ਹੈ ਕਿ ਤੁਸਾਂ ਗੁਰੂ ਰਾਮਦਾਸ ਜੀ ਦੇ ਘਰ ਅਵਤਾਰ ਲਿਆ ਤੇ ਤੁਸਾਡੇ ਅਵਤਾਰ ਹੋਣ ਨੇ ਗੁਰੂ ਰਾਮਦਾਸ ਜੀ ਦੇ ਮਨੋਰਥਾਂ ਤੇ ਆਸਾਂ ਨੂੰ ਪੂਰਣ ਕੀਤਾ। ਜਦੋਂ ਗੁਰੂ ਅਰਜਨ ਦੇਵ ਜੀ ਨੇ ਅਵਤਾਰ ਧਾਰਿਆ ਹੈ ਤਦੋਂ ਗੁਰੂ ਰਾਮਦਾਸ ਜੀ ਅਜੇ ਗੱਦੀ ਤੇ ਨਹੀਂ ਬੈਠੇ ਸਨ, ਗੁਰੂ ਅਮਰ ਦਾਸ ਜੀ ਦੀ ਸੇਵਾ ਵਿਚ ਸੇ ਤੇ ਸੇਵਾ ਸਫਲ ਹੋ ਰਹੀਂ ਸੀ, ਤੇ ਰੱਬੀ ਭੇਤ ਖੁਲ੍ਹ ਚੁਕਾ ਸੀ ਕਿ ਆਪ ਧੁਰੋਂ ਗੁਰੂ ਪਦ ਤੇ ਹੋਕੇ ਆਏ ਹਨ ਅਤੇ ਗੁਰੂ ਅਰਜਨ ਦੇਵ ਜੀ ਬਾਬਤ ਬੀ ਉਹਨਾਂ ਦੀ ਅੰਤਰਯਾਮਤਾ ਨੂੰ ਪਤਾ ਹੋਣਾ ਜ਼ਰੂਰੀ ਸੀ ਜੈਸਾ ਕਿ ਤੀਸਰੀ ਪਾਤਸ਼ਾਹੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਾਲ ਪੁਨੇ ਵਿਚ ਹੀ 'ਦੋਹਿਤਾ ਬਾਣੀ ਦਾ ਬੋਹਿਥਾ' ਕਹਿਕੇ ਤੇ ਇਕ ਵੇਰ ਰਿੜ੍ਹਦੇ ਆ ਰਹੇ ਤੇ ਗੱਦੀ ਤੇ ਚੜ੍ਹਨ ਲਗਿਆਂ ਨੂੰ ਇਹ ਕਹਿਕੇ ਕਿ 'ਅਜੇ ਸਮਾਂ ਨਹੀਂ ਆਇਆ' ਪ੍ਰਗਟ ਤੋਰ ਤੇ ਦੱਸ ਦਿੱਤਾ ਸੀ ਕਿ ਇਹ ਗੁਰੂ ਹੋਕੇ ਆਏ ਹਨ*। ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਦੇ ਲਿਵਲੀਨ ਰਹਿਣ ਵਾਲੇ ਚਿੱਤ ਨੂੰ ਗੁਰੂ ਅਰਜਨ ਦੇਵ ਜੀ ਦੇ ਆਗਮਨ ਤੇ ਗੁਣਾਂ ਦਾ ਪਤਾ ਸੀ। ਇਹੋ ਆਸਾ ਤੇ ਮਨੋਰਥ ਸੀ ਕਿ ਰੱਬੀ ਜੋਤ ਪ੍ਰਗਟ ਹੋਵੇ, ਜੋ ਪੂਰਨ ਹੋਇਆ ਸੀ। ਫਿਰ 'ਪੂਰੀ' ਕ੍ਰਿਯਾ ਪਦ ਦਾ ਜ਼ੋਰ ਬੀ ਇਸੇ ਅਰਥ ਵਲ ਲੈ ਜਾਂਦਾ ਹੈ। **"ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ"**(੧੪੦੭) ਤੁਕ ਦਾ ਅਰਥ ਉੱਪਰ ਦੱਸਿਆ ਗਿਆ ਹੈ ਕਿ ਸ੍ਰੇਸ਼ਟ ਕਵਿ ਤੇ ਸਿਖ ਭਾਈ ਕਲ੍ਹ ਆਪ ਜੀ ਨੂੰ ਅਵਤਾਰ ਪਛਾਣ ਰਿਹਾ ਹੈ ਤੇ ਇਸ ਸਿਆਣ ਅਰ ਤਜਰਬੇ ਦਾ ਨਿਜ ਜਾਣੂ ਤੇ ਉਨ੍ਹਾਂ ਦਾ ਨਿਕਟ ਵਰਤੀ ਹੋਣ ਕਰਕੇ ਅੱਖੀਂ ਡਿਠੇ ਗੁਣ ਵਰਣਨ ਕਰਦਾ ਹੈ।

* ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਵਤਾਰ ੧੬੨੦ ਵਿਚ ਹੈ, ਗੁਰੂ ਰਾਮਦਾਸ ਜੀ ਗੱਦੀ ਬੈਠੇ ੧੬੩੧ ਵਿਚ, ਤੇ ਸ੍ਰੀ ਗੁਰੂ ਅਰਜਨ ਦੇਵ ਜੀ ਗੱਦੀ ਬੈਠੇ ੧੬੩੮ ਵਿਚ।

| ਮੂਲ | ਅਰਥ |
| --- | --- |
| ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥ ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ॥ ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥ ੧ ॥ | (ਹੇ ਸ੍ਰੀ ਗੁਰੂ ਅਰਜਨ ਦੇਵ ਜੀ ਆਪ) ਭਗਤੀ ਜੋਗ ਦੇ ਜੈਤਵਾਰ ਹੋ, ਵਾਹਿਗੁਰੂ ਨੇ (ਆਪ ਨੂੰ) ਗਿਆਨੀ ਪ੍ਰਗਟ ਕੀਤਾ ਹੈ। ਗੁਰੂ ਕਾ ਸਬਦ (ਜਦੋਂ ਆਪ ਤੇ) ਪ੍ਰਕਾਸਿਆ (ਤਦੋਂ ਤੋਂ ਹੀ) ਆਪ ਨੇ ਵਾਹਿਗੁਰੂ ਨੂੰ ਰਸਨਾ ਤੇ ਵਸਾ ਲਿਆ ਸੀ। ਜਿਵੇਂ ਗੁਰੂ ਨਾਨਕ (ਜੀ) ਨੂੰ ਮਿਲਕੇ (ਗੁਰੂ) ਅੰਗਦ; (ਗੁਰੂ ਅੰਗਦ ਜੀ ਨੂੰ ਮਿਲਕੇ ਗੁਰੂ) ਅਮਰਦਾਸ ਜੀ ਨੇ ਉੱਤਮ ਪਦਵੀ ਪਾਈ ਸੀ, (ਇੰਜ ਹੀ) ਗੁਰੂ ਰਾਮਦਾਸ ਜੀ ਦੇ ਗ੍ਰਹਿ ਹੇ ਗੁਰੂ ਅਰਜਨ ਦੇਵ ਜੀ! (ਤੁਸੀਂ) ਭਗਤੀ ਦਾ ਅਵਤਾਰ ਧਾਰ ਆਏ ਹੋ॥੧॥ |

**ਪਦਾਰਥ**—ਜੈਤਵਾਰੁ-ਜਿੱਤਣ ਵਾਲੇ। ਜਿੱਤੇ ਹੋਏ ਸੂਰਮੇ। ਜਿੱਤੀ ਹੋਈ ਸ਼ੈ ਜਿੱਤਣ ਵਾਲੇ ਨੂੰ ਪ੍ਰਾਪਤ ਹੁੰਦੀ ਹੈ, ਇਸ ਲਈ ਮਾਲਕ। ਜਨਕੁ-ਗਿਆਨੀ। ਯਥਾ ਪ੍ਰਮਾਣ:-'ਜਨਕੁ ਸੋਇ ਜਿਨ੍ਹਿ ਜਾਣਿਆ'। ਉਤੰਰਿ-ਅਵਤਾਰ। ਆਯਉ-ਧਾਰਨ ਕੀਤਾ।

**ਭਾਵ**—ਜੋਗ, ਭਗਤੀ ਤੇ ਗਿਆਨ, ਤ੍ਰੈ ਮਾਰਗ ਹਨ। ਭੱਟ ਜੀ ਦੱਸਦੇ ਹਨ ਕਿ ਜੋਗ ਤੇ ਭਗਤੀ ਦੇ ਆਪ ਸੂਰਮੇ ਹੋ। ਭਾਵ ਇਹ ਹੈ ਕਿ ਇਹ ਮਾਰਗ ਆਪ ਨੇ ਜਿੱਤ ਲਿਆ ਹੈ। ਨਿਰਾ ਜੋਗ 'ਆਪਣੇ ਵਿਚ ਟਿਕਣਾ' ਹੈ, ਭਗਤਿ ਜੋਗ ਹੈ 'ਪਰਮਾਤਮਾ ਨਾਲ ਪ੍ਰੇਮ ਦੁਆਰਾ ਜੁੜ ਜਾਣਾ'। ਸੋ ਜੋਗ ਤੇ ਭਗਤੀ ਬਾਬਤ ਕਵਿ ਸ੍ਰੀ ਗੁਰੂ ਜੀ ਨੂੰ 'ਜੈਤਵਾਰ' ਕਹਿੰਦਾ ਹੈ ਕਿਉਂਕਿ ਇਹ ਮਾਰਗ ਘਾਲ ਦਾ ਤੇ ਮਿਹਨਤ ਦਾ ਹੈ ਤੇ ਗਿਆਨ ਦਾ ਰਸਤਾ ਸਮਝ ਮਾਤ੍ਰ ਨੂੰ ਉੱਜਲ ਕਰਕੇ ਫੇਰ ਅਗੇ ਅੰਤਸ਼ਕਰਨਾ ਤੋਂ ਤ੍ਰੱਪ ਕੇ ਅਨੁਭਵ ਵਿਚ ਜਾਣਾ ਹੈ। ਇਸ ਦੀ ਪ੍ਰਾਪਤੀ ਵਾਲਾ 'ਗਿਆਨੀ' ਕਹੀਦਾ ਹੈ। ਸੋ ਗੁਰੂ ਜੀ ਜੋਗੀ ਬੀ ਹਨ, ਭਗਤ ਬੀ ਹਨ ਤੇ ਗਿਆਨੀ ਬੀ ਜਾਂ ਭਗਤ, ਜੋਗੀ ਤੇ ਭਗਤ ਗਿਆਨੀ। ਇਸਦੀ ਪ੍ਰਾਪਤੀ ਦਾ ਵਸੀਲਾ ਯਾ ਸਾਧਨ ਹੈ 'ਨਾਮ'। ਸੋ ਦੱਸਦੇ ਹਨ ਕਿ ਜਦੋਂ ਗੁਰੂ ਕਾ ਸਬਦ ਅਰਥਾਤ ਗੁਰੂ ਕਾ ਉਪਦੇਸ਼ ਆਪ ਨੂੰ ਮਿਲਿਆ ਤਦ ਤੋਂ ਹੀ ਆਪ ਨੇ ਰਸਨਾ ਤੇ ਹਰੀ ਨੂੰ ਵਸਾ ਲਿਆ ਸੀ। ਸ਼ਬਦ ਗੁਰੂ ਦਾ ਅਰਥ ਏਥੇ ਗੁਰੂ ਕਾ ਉਪਦੇਸ਼ ਹੈ, ਕਿਉਂਕਿ ਰਸਨਾਂ ਤੇ ਵੱਸਣ ਵਾਲਾ 'ਹਰੀ' ਅਗੇ ਵੱਖਰਾ ਦੱਸਿਆ ਗਿਆ ਹੈ। ਇਥੇ ਸ਼ੰਕਾ ਹੁੰਦੀ ਹੈ ਕਿ ਜੇ ਗਿਆਨ ਅਵਤਾਰ ਸਨ ਤਾਂ ਉਪਦੇਸ਼ ਤੇ ਨਾਮ ਦੀ ਕੀ ਲੋੜ ਸੀ? ਗੁਰੂ ਅਰਜਨ ਦੇਵ ਜੀ ਨੇ ਪਹਿਲਾਂ ਸਿੱਖੀ ਤੇ ਫੇਰ ਗੁਰੂ ਪਦ ਦਾ ਆਦਰਸ਼ ਦੱਸਣਾ ਸੀ ਇਸ ਕਰਕੇ ਉਹ ਐਸੇ ਰੰਗ ਵਿਚ ਸਨ ਕਿ ਗੁਰੂ ਰਾਮਦਾਸ ਜੀ ਨਾਲ ਪ੍ਰੇਮ ਕਰਕੇ ਸਿੱਖੀ ਦਾ ਨਮੂਨਾ ਬਣਨ, ਫੇਰ ਗੁਰੂ ਪਦ ਤੇ ਆ ਜਾਵਣ। ਮਿਸਾਲ ਲਈ ਦੱਸਦੇ ਹਨ ਕਿ ਜਿਵੇਂ ਤੀਸਰੇ ਚੌਥੇ ਸਤਿਗੁਰੂ ਸਨ ਤਾਂ 'ਭਗਤਿ ਅਉਤਾਰ' ਪਰ ਆਪਣੇ ਤੋਂ ਪਹਿਲੇ ਗੁਰੂ ਜੀ ਨੂੰ ਮਿਲਕੇ ਉੱਤਮ ਪਦ ਭਾਵ ਗੁਰੂ ਪਦ ਪਾਇਆ ਸੀ, ਤਿਵੇਂ ਤੁਸਾਂ ਪਾਇਆ ਹੈ।

ਗੁਰੂ ਨਾਨਕ ਦੇਵ ਤਾਂ 'ਗੁਰ' ਆਦਰਸ਼ ਕਾਇਮ ਕਰਨ ਆਏ ਸਨ, ਉਨ੍ਹਾਂ ਤੋਂ ਮਗਰਲੇ ਸਤਿਗੁਰੂ ਪਹਿਲਾਂ **'ਸਿੱਖੀ'** ਤੇ ਫੇਰ 'ਗੁਰੂ' ਪਦ ਦਾ ਆਦਰਸ਼ ਦਿਖਲਾਉਣ ਆਏ ਸਨ, ਉਵ ਸਾਰੇ ਹੀ ਗਿਆਨ ਅਵਤਾਰ ਤੇ ਭਗਤ ਜੋਗ ਦੇ ਜੈਤਵਰ ਸਨ॥੧॥

| ਮੂਲ | ਅਰਥ |
|---|---|
| ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ ॥ ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਹਾਯਉ॥ ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਨਭਉ ਠਹਰਾਯਉ ॥ ੨ ॥ | ਵਡੇ ਭਾਗਾਂ ਵਾਲਿਆਂ ਨੇ (ਆਪ ਨੂੰ ਗੁਰ ਅਵਤਾਰ) ਸਹੀ ਕੀਤਾ ਹੈ, (ਐਸੇ ਪੁਰਖਾਂ ਨੇ ਫੇਰ ਆਪ ਦਾ) ਉਪਦੇਸ਼ ਰਿਦੇ ਵਿਚ ਵਸਾਇਆ ਹੈ। ਹੇ ਗੁਰੂ ਜੀ (ਜਿਨ੍ਹਾਂ ਨੂੰ ਆਪ ਨੇ) ਨਾਮ ਦ੍ਰਿੜ੍ਹਾਇਆ ਹੈ (ਉਨ੍ਹਾਂ ਨੇ ਅਪਣੇ) ਮਾਣਕ ਮਨ ਨੂੰ ਤ੍ਰਿਪਤ ਕੀਤਾ ਹੈ। ਹੇ ਸਤਿਗੁਰੂ (ਜੀ) ਗੰਮਤਾ ਤੋਂ ਰਹਿਤ (ਤੇ) ਮਨ ਬਾਣੀ ਤੋਂ ਪਰੇ ਜੋ ਬ੍ਰਹਮ ਹੈ (ਉਹ ਆਪ ਨੇ ਸਾਖਜਾਤ ਕਰਕੇ) ਦਰਸਾਇਆ ਹੈ। (ਐਉਂ ਮੈਨੂੰ) ਤਜਰਬੇ ਵਾਲਾ ਗਿਆਨ ਹੋਇਆ ਹੈ ਕਿ ਗੁਰੂ ਰਾਮਦਾਸ ਦੇ ਘਰ ਗੁਰੂ ਅਰਜਨ ਦੇਂਵ ਜੀ (ਭਗਤੀ ਦਾ ਅਵਤਾਰ ਉਤਰੇ ਹਨ)। <br> ਜੇ ਇਹ ਚਾਰੇ ਤੁਕਾਂ ਗੁਰੂ ਰਾਮਦਾਸ ਸਾਹਿਬ ਜੀ ਵਲ ਲਾਈਏ ਕਿ ਗੁਰੂ ਅਰਜਨ ਦੇਵ ਜੀ ਜੋ ਵਡਭਾਗੀ ਹਨ ਤੇ ਉਨ੍ਹਾਂ ਨੂੰ ਗੁਰੂ ਜੀ ਨੇ ਨਾਮ ਦਾਨ ਦਿੱਤਾ ਹੈ ਤਾਂ ਪਿਛੇ ਇਹ ਗੱਲਾਂ ਆ ਚੁਕੀਆਂ ਹਨ। ਇਥੇ ਤਾਂ ਇਹੀ ਸਫੁਟ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਕਰਨੀ ਕਰਤੱਤ੍ਰ ਸ਼ੁਰੂ ਹੋ ਪਈ ਹੈ॥੨॥ |

**ਪਦਾਰਥ**—ਉਨਮਾਨਿਅਉ-ਤੋਲਕੇ ਯਾ ਜਾਚਕੇ ਨਿਸਚੇ ਕਰਨਾ, ਸਹੀ ਕਰ ਲੈਣਾ। {ਸੰਸ:, ਉਨੁਮਾਨ-ਨਾਪ, ਤੋਲ, ਮੇਣਤੀ}। ਅਰਥਾਤ ਪਿਛਲੇ ਸ੍ਵਯੇ ਵਿਚ ਆਖੀ ਗਲ ਪੜਤਾਲ ਕਰਕੇ ਨਿਸ਼ਚੇ ਕੀਤੀ ਹੈ ਕਿ ਤੁਸੀਂ ਅਵਤਾਰ ਹੋ। ਰਿਦਿ-ਮਨ ਵਿਚ। ਅਗਮੁ-ਗੰਮਤਾ ਤੋਂ ਪਰੇ। ਅਗੋਚਰੁ-ਮਨ ਬਾਣੀ ਤੋਂ ਪਰੇ। ਅਨਭਉ ਠਹਰਾਯਉ-ਤਜਰਬੇ ਵਾਲਾ ਗਿਆਨ ਹੋਇਆ ਹੈ। {ਸੰਸ:, ਅਨੁਭਵ-ਉਹ ਗਿਆਨ ਜੋ ਸਾਖਜਾਤਕਾਰ ਤੋਂ ਪ੍ਰਾਪਤ ਹੋਵੇ। ਤਜਰਬੇ ਯਾ ਪ੍ਰਤੀਤੀ ਵਿਚ ਆ ਜਾਣ ਵਾਲਾ ਗਿਆਨ; ਜਿਵੇਂ ਕਹੀਦਾ ਹੈ-ਪੀੜ ਦਾ ਅਨੁਭਵ ਹਰ ਕਿਸੇ ਨੂੰ ਹੈ।}

**ਭਾਵ**—ਡੱਡੂ ਪਾਣੀ ਵਿਚ ਰਹਿੰਦਾ ਹੈ, ਕਿੰਤੂ ਕਵਲ ਫੁਲ ਦੀ ਸਾਰ ਨਹੀਂ ਜਾਣਦਾ, ਚਿੱਚੜ ਗਊ ਦੇ ਥਣਾਂ ਨਾਲ ਰਹਿੰਦਾ ਹੋਇਆ ਵੀ ਅੰਮ੍ਰਿਤ ਰੂਪੀ ਦੁੱਧ ਪੀ ਨਹੀਂ ਸਕਦਾ, ਵੱਡੇ ਭਾਗਾਂ ਵਾਲੇ ਹੀ ਕਵਲ ਫੁਲ ਦੀ ਪਰਖ ਕਰਕੇ ਉਸ ਤੋਂ ਲਾਭ ਉਠਾਉਂਦੇ ਤੇ ਗਊ ਦੇ ਥਣਾਂ ਵਿਚੋਂ ਦੁੱਧ ਪ੍ਰਾਪਤ ਕਰਦੇ ਹਨ। ਇੰਜ ਜਾਤਾਂ, ਗੋਤਾਂ, ਬਰਾਦਰੀਆਂ ਤੇ ਕਲਪਿਤ ਖਿਆਲਾਂ ਵਿਚ ਬੱਧੇ ਜੀਵ 'ਗੁਰੂ' ਨੂੰ 'ਗੁਰੂ' ਰੂਪ ਵਿਚ ਨਹੀਂ ਵੇਖ ਸਕਦੇ, ਭਾਵ ਸਾਂਈਂ ਵੱਲੋਂ ਘੱਲੇ ਗੁਰੂ ਅਵਤਾਰ ਜੀ ਨੂੰ ਗੁਰੂ ਰੂਪ ਵਿਚ ਵੇਖਣਾ ਵਡਭਾਗੀਆਂ ਦਾ ਹੀ ਕੰਮ ਹੈ, ਤੇ ਫਿਰ ਗੁਰੂ ਰੂਪ ਜਾਣ ਕੇ ਗੁਰੂ ਜੀ ਦੇ ਦੱਸੇ ਉਪਦੇਸ਼ ਨੂੰ ਕਮਾਉਣਾ ਉਸ ਤੋਂ ਵੀ ਵਡੇ ਭਾਗਾਂ ਵਾਲਿਆਂ ਦਾ ਕੰਮ ਹੈ। ਜੇਹੜੇ ਮਨੁੱਖਾਂ ਨੇ, ਹੇ ਗੁਰੂ ਅਰਜਨ ਦੇਵ ਜੀ! ਆਪ ਨੂੰ ਗੁਰੂ ਅਵਤਾਰ ਮੰਨਿਆਂ ਤੇ ਆਪ ਦੇ ਦ੍ਰਿੜ੍ਹਾਏ ਨਾਮ ਨੂੰ ਮਨ ਵਿਚ ਵਸਾਇਆ ਹੈ, ਉਨ੍ਹਾਂ ਦੇ ਮਨ ਸੁੱਧ ਹੋ ਗਏ ਹਨ ਤੇ ਅਪਾ ਜੀ ਦੀ ਕ੍ਰਿਪਾ ਨਾਲ ਅਗਮ ਤੇ ਅਗੋਚਰ ਪਾਰਬ੍ਰਹਮ ਉਨ੍ਹਾਂ ਨੂੰ ਸਾਖਜਾਤ ਹੋ ਗਿਆ ਹੈ। ਕਲ੍ਹ ਭਟ ਕਹਿੰਦਾ ਹੈ ਕਿ ਹੇ ਸ੍ਰੀ ਗੁਰੂ ਅਰਜਨ ਦੇਵ ਜੀ! ਮੈਨੂੰ ਅਨੁਭਵੀ ਨਿਸ਼ਚਾ ਹੋ ਗਿਆ ਹੈ ਕਿ ਆਪ ਸ੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਗੁਰੂ ਅਵਤ੍ਰਾਰ ਪ੍ਰਗਟ ਹੋਏ ਹੋ, ਪਰ ਵਧੇਰੇ ਠੀਕ ਇਹ ਜਾਪਦਾ ਹੈ ਕਿ ਗੁਰੂ ਰਾਮਦਾਸ ਜੀ ਦੇ ਘਰ ਵਿਚ ਆ ਕੇ ਗੁਰੂ

ਅਰਜਨ ਦੇਵ ਜੀ ਨੇ (ਸਿੱਖਾਂ ਨੂੰ) ਅਨੁਭਵ ਵਿਚ ਟਿਕਾਇਆ ਹੈ। ਅਥਵਾ ਗੁਰੂ ਜੀ ਨੇ ਸਿੱਖਾਂ ਨੂੰ ਉਨ੍ਹਾਂ ਦੇ ਅੰਤਰਾਤਮੇ ਪ੍ਰਤੀਤੀ ਵਾਲਾ (ਸਾਖਜਾਤ ਵਾਲਾ) ਗਿਆਨ ਦਿੱਤਾ ਹੈ।

ਇਹ ਅਰਥ ਵਧੇਰੇ ਦਰੁਸਤ ਇਸ ਕਰਕੇ ਜਾਪਦਾ ਹੈ ਕਿ ਅਗਲੇ ਸਵਈਏ ਵਿਚ ਇਸੇ ਗਿਆਨ ਦਾ ਵਿਸਥਾਰ ਟੁਰਦਾ ਹੈ॥੨॥

| ਮੂਲ | ਅਰਥ |
|---|---|
| ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ ॥ ਗੁਰ ਸਬਦੇ ਮਨੁ ਮਾਨਿਆ ਅਪਤੀਜੁ ਪਤੀਣਾ ॥ ਗੁਰੁ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ ॥ ੩ ॥ | (ਤੁਸਾਂ ਨੇ ਹੀ ਗੁਰੂ ਅਰਜਨ ਦੇਵ ਜੀ ਇਸ ਅਗਿਆਨ ਅੰਧਾਰ ਦੇ ਸਮੇਂ) ਗਿਆਨ ਦਾ ਰਾਜ ਵਰਤਾ ਰਖਿਆ ਹੈ; (ਹਾਂ, ਇਸ ਕਲਜੁਗ ਵਿਚ) ਸਤਿਜੁਗ ਰਲਿਆ ਹੋਇਆ (ਪਿਆ ਦੀਹਦਾ ਹੈ)। (ਅਸਾਂ ਵਰਗੇ) ਨਾ ਪਤੀਜਣ ਵਾਲੇ (ਮਨਾਂ ਵਾਲਿਆਂ) ਦਾ ਮਨ ਗੁਰੂ ਸ਼ਬਦ (ਦੀ ਤਾਸੀਰ ਨੂੰ) ਮੰਨਕੇ ਨਿਸ਼ਚੇਵਾਨ ਹੋ ਗਿਆ ਹੈ (ਜਿਵੇਂ) ਗੁਰੂ ਨਾਨਕ ਦੇਵ ਜੀ ਸੱਚ ਦੀ ਨੀਂਹ ਸਾਜਕੇ ਸਤਿਗੁਰੂ (ਲਹਿਣਾ ਜੀ) ਵਿਚ ਲੀਨ ਹੋ ਗਏ, (ਤਿਵੇਂ) ਗੁਰੂ ਰਾਮਦਾਸ ਜੀ ਦੇ ਗ੍ਰਿਹਿ ਵਿਚ ਗੁਰੂ ਅਰਜਨ ਦੇਵ ਜੀ ਨੂੰ (ਗੁਰੂ ਰਾਮਦਾਸ ਜੀ ਉਨ੍ਹਾਂ ਵਿਚ ਲੀਨ ਹੋਏ ਹੋਏ)ਪਰਮਾਤਮਾ (ਰੂਪ ਹੀ ਮੈਂ) ਦੇਖ ਰਿਹਾ ਹਾਂ॥੩॥ |

**ਪਦਾਰਥ**—ਜਨਕ ਰਾਜੁ-ਗਜਾਨ ਦਾ ਰਾਜ। ਆਲੀਣਾ-ਮਿਲਾਇਆ। ਅਪਤੀਜੁ-ਨਾ ਪਤੀਜਣ ਵਾਲਾ। ਪਤੀਣਾ-ਪਤੀਜਿਆ ਗਿਆ। ਅਪਰੰਪਰੁ-ਉੱਚੇ ਤੋਂ ਉੱਚਾ। ਬੀਣਾ-ਵੇਖਿਆ ਗਿਆ।

**ਭਾਵ**—ਪਹਿਲੀਆਂ ਦੋ ਤੁਕਾਂ ਵਿਚ ਸਤਿਸੰਗ, ਭਗਤੀ, ਨਾਮ, ਗਿਆਨ ਆਦਿ ਦਾ ਜੋ ਪ੍ਰਵਾਹ ਚਲਾਕੇ ਸੱਚੇ ਮਾਰਗ ਤੇ ਚਲਣ ਵਾਲੀ ਸੰਗਤ ਪ੍ਰਗਟ ਕਰ ਦਿਖਾਈ ਹੈ, ਉਸ ਵਲ ਤੱਕਕੇ ਉਸ ਨੂੰ ਸਤਿਜੁਗ ਦੀ ਉਪਮਾ ਦੇਕੇ ਤੇ ਉਸ ਵਿਚ ਤੁਰਦੇ ਤੋਰੇ ਨੂੰ ਗਿਆਨ ਰਾਜ ਕਹਿਕੇ ਦੈਵੀ ਕਵੀ ਜੀ ਨੇ ਆਪ ਦੇ ਰੂਹਾਨੀ ਆਦਰਸ਼ ਦਾ ਨਕਸ਼ਾ ਦਿਖਾਇਆ ਹੈ, ਤੇ ਆਪਣੇ ਨਿਸਚੇਵਾਨ ਹੋ ਜਾਣ ਨੂੰ ਦੱਸਕੇ ਕਵਿ ਪ੍ਰਤੱਖ ਪ੍ਰਮਾਣ ਉਸੀ ਪਹਿਲੀ ਕਹੀ ਗਲ ਦਾ ਦੇ ਰਿਹਾ ਹੈ। ਕੋਈ ਸ਼ੰਕਾ ਕਰ ਸਕਦਾ ਹੈ ਕਿ ਕੀ ਪਹਿਲੇ ਗੁਰੂ ਸਾਹਿਬਾਂ ਨੇ ਗਿਆਨ ਰਾਜ ਨਹੀਂ ਸੀ ਵਰਤਾਇਆ? ਇਸ ਦੇ ਨਵਿਰਤ ਕਰਨ ਲਈ ਦੱਸਦੇ ਹਨ ਕਿ ਸੱਚ ਦੀ ਨੀਉਂ ਉਤੇ ਇਹ ਗਿਆਨ ਰਾਜ ਗੁਰੂ ਨਾਨਕ ਨੇ ਟੋਰਿਆ ਸੀ; ਤੇ ਜਿਵੇਂ ਸ੍ਰੀ ਪਾਵਨ ਲਹਿਣਾ ਜੀ ਵਿਚ ਗੁਰੂ ਨਾਨਕ ਜੀ ਨੇ ਲੀਨ ਹੋਕੇ ਉਹੋ ਤੋਰੀ ਰੱਖਿਆ ਤਿਵੇਂ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਗੁਰੂ ਅਰਜਨ ਜੀ ਹਨ, ਜਿਨ੍ਹਾਂ ਵਿਚ ਉਨ੍ਹਾਂ ਦਾ ਪਰਵੇਸ਼ ਹੋਕੇ ਸਾਨੂੰ ਉਸੇ ਤਰ੍ਹਾਂ (ਅਪਰੰਪਰ) ਉਹ ਪਰਮਾਤਮਾਂ ਰੂਪ ਦਿੱਸ ਰਹੇ ਹਨ, ਜਿਵੇਂ ਗੁਰੂ ਰਾਮਦਾਸ ਜੀ ਦਿੱਸਦੇ ਸਨ।

ਸਤਿਗੁਰੂ ਜੀ ਨੂੰ ਪਰਮਾਤਮਾ ਰੂਪ ਗੁਰੂ ਅਰਜਨ ਦੇਵ ਜੀ ਨੇ ਆਪ ਆਖਿਆ ਹੈ। ਯਥਾ:-"**ਗੁਰ ਨਾਨਕ ਦੇਵ ਗੋਵਿੰਦ ਰੂਪ।**"(੧੧੯੨) ਪਵਿੱਤ੍ਰ ਮਨ ਵਾਲੇ ਕਵਿ ਜੀ ਜਿਸ ਵੇਲੇ "**ਗੁਰ ਨਾਨਕੁ ਸਚੁ ਨੀਵ ਸਾਜਿ**"...ਵਾਲੀ ਤੁਕ ਕਹਿ ਰਹੇ ਹਨ, ਉਸ ਵੇਲੇ ਉਨ੍ਹਾਂ ਦੇ ਮਨ ਵਿਚ ਟਿੱਕੇ ਦੀ ਵਾਰ ਦੀ ਇਹ ਤੁਕ ਰੰਗ ਲਾ ਰਹੀ ਹੈ "**ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥**"(੯੬੬) ਸੱਚ ਦੀ ਨੀਂਹ ਤੇ ਗਿਆਨ ਦਾ ਰਾਜ ਗੁਰੂ ਨਾਨਕ ਨੇ ਚਲਾਇਆ ਤੇ ਗੁਰੂ ਅਰਜਨ ਦੇਵ ਜੀ ਉਨ੍ਹਾਂ ਦਾ ਹੀ ਰੂਪ ਹੋਕੇ ਓਹੀ ਰਾਜ ਚਲਾ ਰਹੇ ਦਰਸ਼ਨ ਕਰ ਰਹੇ ਭੱਟ ਜੀ ਨੂੰ ਪ੍ਰਤੱਖ ਹਰੀ ਰੂਪ ਨਜ਼ਰ ਪੈ ਰਹੇ ਹਨ॥੩॥

| ਮੂਲ | ਅਰਥ |
|---|---|
| ਖੇਲੁ ਗੂੜ੍ਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਹਿਉ ਬਿਮਲ ਬੁਧਿ ਸਤਿਗੁਰਿ ਸਮਾਣਉ ॥ ਆਜੋਨੀ ਸੰਭਵਿਅਉ ਸੁਜਸੁ ਕਲ੍ਹ ਕਵੀਅਣਿ ਬਖਾਣਿਅਉ ॥ ਗੁਰਿ ਨਾਨਕਿ ਅੰਗਦੁ ਵਰ੍ਉ ਗੁਰਿ ਅੰਗਦਿ ਅਮਰ ਨਿਧਾਨੁ ॥ ਗੁਰਿ ਰਾਮਦਾਸ ਅਰਜੁਨੁ ਵਰ੍ਉ ਪਾਰਸੁ ਪਰਸੁ ਪ੍ਰਮਾਣੁ ॥ ੪ ॥ | ਹਰਿ ਰਾਏ ਨੇ ਇਕ ਗੁੱਝਾ ਖੇਲ ਕੀਤਾ ਹੈ (ਜੋ ਇਕ) ਚਾਉ ਭਰਿਆ ਕੌਤਕ ਹੈ (ਉਹ ਇਹ ਕਿ ਹਰਿ ਰਾਇ) ਸਤਿਗੁਰੂ (ਨਾਨਕ ਦੇਵ ਜੀ) ਦੀ ਨਿਰਮਲ ਬੁੱਧੀ ਵਿਚ ਸਮਾ ਗਿਆ ਹੈ। (ਹਾਂ ਉਹੀ ਹਰਿ ਰਾਇ ਜੋ) ਕਿਸੇ ਕਾਰਣ ਤੋਂ ਨਹੀਂ ਬਣਿਆ ਹੋਇਆ, (ਇਸ ਕਰਕੇ ਸਤਿਗੁਰ ਦਾ) ਸੁਜਸ ਕਵੀਆਂ ਨੇ ਆਖਿਆ ਹੈ, (ਮੈਂ) ਕਲ੍ਹ (ਭੱਟ ਬੀ ਇਹ ਗਲ ਜਾਣਦਾ ਹਾਂ)। (ਫਿਰ) ਗੁਰੂ ਨਾਨਕ (ਦੇਵ ਜੀ ਨੇ ਗੁਰੂ) ਅੰਗਦ ਦੇਵ ਜੀ ਨੂੰ (ਆਪਣੇ ਤੁੱਲ) ਸ੍ਰੇਸ਼ਟ ਕੀਤਾ, ਗੁਰੂ ਅੰਗਦ ਦੇਵ ਜੀ ਨੇ (ਗੁਰੂ ਅਮਰ ਦੇਵ ਜੀ ਨੂੰ (ਆਪਣੇ ਤੁੱਲ ਇਕ) ਨਿਧਾਨ ਬਣਾ ਦਿੱਤਾ, (ਤਿਵੇਂ) ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ (ਆਪਣੇ ਤੁੱਲ) ਸ੍ਰੇਸ਼ਟ ਕੀਤਾ, (ਜਿਵੇਂ) ਪਾਰਸ ਸਪਰਸ਼ ਦਾ ਪ੍ਰਮਾਣ (ਵਿਦਿਤ ਹੈ)॥੪॥ |

**ਪਦਾਰਥ**—ਹਰਿ ਰਾਇ-ਹਰੀ ਰੂਪ ਰਾਜੇ ਨੇ, ਪ੍ਰਤਾਪ ਸ਼ੀਲ ਹਰੀ ਨੇ, ਵਾਹਿਗੁਰੂ ਨੇ। ਗੂੜ੍ਉ-ਗੂੜ੍ਹਾ, ਗੁੱਝਾ। {ਸੰਸ:, ਗੂਢ-ਛਿਪਿਆ।} ਸੰਤੋਖਿ-ਚਾਉ, ਆਨੰਦ, ਸੰਤੁਸ਼ਟਤਾ। ਸਮਾਚਰ੍ਹਿਉ-ਕੌਤਕ ਕੀਤਾ। {ਸੰਸ:, ਸਮਾਚਰਣ-ਕਰਨਾ, ਵਰਤਣਾ; ਕੌਤਕ ਕਰਨ, ਭਲੀ ਪ੍ਰਕਾਰ ਗ੍ਰਹਿਣ ਕਰਨਾ, ਚੰਗੀ ਤਰ੍ਹਾਂ ਕਰਨਾ}। ਬਿਮਲ-ਪਰਮ ਸ਼ੁੱਧ, ਜਿਸ ਵਿਚ ਮੈਲ ਦਾ ਅਭਾਵ ਹੋਵੇ। ਨਿਰਮਲ। ਆਜੋਨੀ ਸੰਭਵਿਅਉ-ਜੋ ਕਿਸੇ ਕਾਰਣ ਤੋਂ ਨਹੀਂ ਬਣਿਆਂ ਹੋਇਆ (ਦੇਖੋ ਗੁਰੂ ਗ੍ਰੰਥ ਕੋਸ਼ "ਸੈਭੰ" ਪਦ)। ਵਰ੍ਉ-ਸ੍ਰੇਸ਼ਟ ਕੀਤਾ, ਚੁਣਿਆਂ, ਵਰ ਦਾਨ ਦਿੱਤਾ। {ਸ:, ਵਰ-ਸ੍ਰੇਸ਼ਟ, ਉੱਤਮ, ਵੱਡਾ, ਬਰਕਤ, ਚੁਣਨਾ, ਨੀਯਤ ਕਰਨਾ, ਪਤੀ, ਇੱਛਾ ਆਦਿ।} ਨਿਧਾਨੁ-ਖਜ਼ਾਨਾ, ਕੁਬੇਰ ਦੇ ਰਤਨ, ਆਸ਼੍ਰਯ, ਸਮੁੰਦਰ, ਉਹ ਟਿਕਾਣਾ ਜਿਸ ਵਿਚ (ਸ਼ੁਭ ਗੁਣ ਆਦਿ) ਸਮਾਏ ਹੋਣ। ਪਾਰਸੁ ਪਰਸੁ-ਪਾਰਸ ਦਾ ਸਪਰਸ਼, ਪਾਰਸ ਛੁਹ। ਪ੍ਰਮਾਣੁ-ਦ੍ਰਿਸ਼ਟਾਂਤ।

**ਭਾਵ**—ਕਵਿ ਜੀ ਪਹਿਲੀਆਂ ਦੋ ਤੁਕਾਂ ਵਿਚ ਅਕਾਲ ਪੁਰਖ ਦੇ ਇਕ ਗੂੜ੍ਹੇ ਕੌਤਕ ਕਰਨ ਦਾ ਵਰਣਨ ਕਰਦੇ ਹਨ। ਜਿਸ ਦਾ ਭਾਵ ਇਹ ਹੈ ਕਿ ਮਾਲਕ ਅਕਾਲ ਪੁਰਖ ਆਪ ਗੁਰੂ (ਅਰਥਾਤ ਗੁਰੂ ਨਾਨਕ) ਦੀ ਨਿਰਮਲ ਅਰਥਾਤ ਮਲ ਤੋਂ ਮੂਲੋਂ ਨਿਰਮਲ ਬੁੱਧਿ ਵਿਚ ਆਪ ਆ ਸਮਾਇਆ, ਆਪਣੇ ਚਾਉ ਨਾਲ। ਹਰਿ ਰਾਇ ਪਦ ਤੋਂ ਕਿਸ ਅਵਤਾਰ ਦੀ ਵਜਕਤੀ ਵਲ ਖਯਾਲ ਜਾ ਸਕਦਾ ਹੈ, ਉਸ ਤੋਂ ਨਿਰਸੰਸੇ ਕਰਨੇ ਲਈ ਆਪ ਖੁਹਲਕੇ ਕਹਿੰਦੇ ਹਨ ਕਿ ਓਹ 'ਹਰਿਰਾਇ' ਜੋ ਕਦੇ ਜੋਨੀ ਵਿਚ ਨਹੀਂ ਆਇਆ। ਇਸ ਗੂੜ੍ਹੇ ਖੇਲ ਨੂੰ ਲਖਕੇ ਭੱਟਾਂ ਨੇ ਇਹ ਸੁਜਸ, ਜੋ ਇਸ ਬਾਣੀ ਵਿਚ ਹੈ, ਵਰਣਨ ਕੀਤਾ ਹੈ, ਜਿਵੇਂ ਵਾਹਿਗੁਰੂ ਨੇ ਗੁਰੂ ਵਿਚ ਨਿਵਾਸ ਕੀਤਾ ਹੈ, ਤਿਵੇਂ ਗੁਰੂ ਨਾਨਕ ਨੇ ਗੁਰੂ ਅੰਗਦ ਜੀ ਨੂੰ ਆਪਣੇ ਤੁੱਲ ਸ੍ਰੇਸ਼ਟ ਕੀਤਾ ਹੈ, ਆਪਣੇ ਤੁੱਲ ਸ੍ਰੇਸ਼ਟ ਕਰਨ ਦਾ ਅਰਥ ਭਾਵ ਅੰਤਲੀ ਤੁਕ ਤੋਂ ਸਹੀ ਹੋ ਜਾਂਦਾ ਹੈ, ਜਿੱਥੇ ਪਾਰਸ ਦੀ ਛੁਹ ਦਾ ਪ੍ਰਮਾਣ ਦਿੱਤਾ ਹੈ। 'ਵਰ੍ਉ' ਤੋਂ ਮੁਰਾਦ ਇਹ

ਹੈ ਕਿ ਗੁਰੂ ਅੰਗਦ ਦੇਵ ਜੀ ਦੀ ਨਿਰਮਲ ਬੁੱਧੀ ਵਿਚ ਅਕਾਲ ਪੁਰਖ ਆ ਸਮਾਏ। ਅੱਗੇ ਤੀਸਰੀ ਪਾਤਸ਼ਾਹੀ ਲਈ ਪਦ ਨਿਧਾਨ ਵਰਤਿਆ ਹੈ, ਉਸ ਨਿਧਾਨ ਵਿਚ ਅਰਥ ਧਾਰਨ ਕਰਨੇ ਦਾ ਹੈ; ਜਿਸ ਵਿਚ ਸ਼ੈ ਧਾਰੀ ਜਾਵੇ ਯਾ ਸਮਾਈ ਜਾਵੇ। ਸੋ ਭਾਵ ਇਹ ਹੋਇਆ ਕਿ ਓਹੋ ਵਾਹਿਗੁਰੂ ਜੀ ਤੀਸਰੇ ਸਾਹਿਬਾਂ ਦੀ ਬਿਮਲ ਬੁੱਧਿ ਵਿਚ ਆਏ। ਇਸੀ ਪ੍ਰਕਾਰ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਤੇ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ 'ਵਾਹਿਗੁਰੂ ਸਮਾਏ ਪਰਮ ਪਰਾਵਰ ਨਾਥ' ਬਣਾ ਦਿੱਤਾ।

ਗੁਰੂ ਅਮਰ ਦਾਸ ਜੀ ਤੋਂ ਗੁਰੂ ਰਾਮਦਾਸ ਜੀ ਦਾ ਵਰੇ ਜਾਣ ਦਾ ਅਧਜਾਹਾਰ ਕਰਨਾ ਹੈ, ਪਿਛਲੇ ਸਵਈਆਂ ਵਿਚ ਕਲ੍ਯ ਜੀ ਦੇ ਕਹੇ ਜਾ ਚੁਕੇ ਪਦਾਂ ਤੋਂ।

ਮੁਰਾਦ ਇਹ ਹੋਈ ਕਿ ਗੁਰੂ ਸਾਹਿਬਾਂ ਦਾ 'ਬੁੱਧੀ ਮੰਡਲ' ਪੂਰਾ ਸ਼ੁੱਧ ਸੀ, ਜਿਸ ਵਿਚ ਲੇਸ਼ ਮਾਤ੍ਰ ਬੀ ਆਵਰਣ ਨਹੀਂ ਸੀ, ਉਸ ਵਿਚ 'ਗਜਾਨ ਸਰੂਪ ਅਕਾਲ ਪੁਰਖ' ਸਮਾਏ। ਤਾਂ ਤੇ ਜੋ ਵਾਹਿਗੁਰੂ ਜੀ ਦਾ ਗਜਾਨ ਗੁਰੂ ਸਾਹਿਬਾਂ ਨੇ ਜਗਤ ਨੂੰ ਦਿੱਤਾ ਹੈ, ਬਿਲਕੁਲ ਸ਼ੁੱਧ ਗਜਾਨ ਹੈ। ਦੂਸਰੇ-ਇਹ ਕਿ ਗੁਰੂ ਸਾਹਿਬ ਐਉਂ ਅਸਲੀਅਤ ਨਾਲ ਭਰਪੂਰ ਗੋਬਿੰਦ ਰੂਪ ਸਹੀ ਹੋਏ, ਪਰ ਵਾਹਿਗੁਰੂ ਅਜੋਨੀ ਦੇ ਅਜੋਨੀ ਰਹੇ, ਇਸ ਨੂੰ ਗੁੱਝਾ ਖੇਲ ਤੇ ਚਾਉ ਭਰਿਆ ਸਮਾਚਾਰਣ ਕਹਿ ਰਹੇ ਹਨ। ਤੀਸਰੇ-ਇਨ੍ਹਾਂ ਦੁਹਾਂ ਗੱਲਾਂ ਦਾ ਨਿਜ ਦੇ ਤੌਰ ਤੇ ਜਾਣੂੰ ਹੋਣ ਨੂੰ ਆਪ ਕਾਰਣ ਦੱਸ ਰਹੇ ਹਨ ਕਿ ਕਵੀ ਕਿਉਂ ਸੁਜਸ ਕਰ ਰਹੇ ਹਨ; ਅਰਥਾਤ ਭੱਟਾਂ ਦੇ ਸਵਈਆਂ ਦੇ ਰਚੇ ਜਾਣ ਦਾ ਇਕ ਇਹ ਕਾਰਣ ਦੱਸਿਆ ਹੈ ਕਿ ਅਸੀਂ ਨਿਜ ਤਜਰਬੇ ਕਰਕੇ ਲਿਖ ਰਹੇ ਹਾਂ।

ਹੋਰ ਅਰਥ-ਕਈ ਗਿਆਨੀਂ ਐਉਂ ਬੀ ਅਰਥ ਲਾਉਂਦੇ ਹਨ ਕਿ:-ਹਰੀ ਰੂਪ (ਗੁਰੂ ਅਰਜਨ ਦੇਵ ਜੀ ਨੇ ਸੰਸਾਰ ਇਕ) ਗੂੜ੍ਹਾ ਖੇਲ ਕੀਤਾ ਹੈ ਕਿ ਸੰਤੋਖ (ਆਦਿ ਸਾਰੇ ਗੁਣਾਂ ਨੂੰ) ਗ੍ਰਹਿਣ ਕੀਤਾ ਹੈ ਤੇ ਨਿਰਮਲ ਬੁੱਧੀ ਕਰਕੇ ਸਤਿਗੁਰਾਂ ਵਿਚ ਸਮਾਏ ਹਨ, ਅਜੋਨੀ (ਪਰਮੇਸ਼ਰ ਆਪ) ਉਦੈ ਹੋਏ ਹੋ। ਆਪ ਦਾ ਜਸ (ਪੁਰਾਤਨ ਤੇ ਨਵੀਨ) ਕਵੀਆਂ ਨੇ ਕਿਹਾ ਹੈ। ਗੁਰੂ ਨਾਨਕ ਨੇ ਗੁਰੂ ਅੰਗਦ ਜੀ ਨੂੰ ਵਰ ਦਿੱਤਾ ਤੇ ਗੁਰੂ ਅੰਗਦ ਜੀ ਤੋਂ ਗੁਰੂ ਅਮਰਦਾਸ ਜੀ ਨਾਮ ਦੀ ਨਿਧਿ ਬਣੇ ਹਨ। (ਤਿਸੀ ਪ੍ਰਕਾਰ) ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਵਰ ਦਾਨ ਦਿੱਤਾ ਹੈ। ਆਪ ਪਾਰਸ (ਗੁਰੂ ਰਾਮਦਾਸ) ਨੂੰ ਸਪਰਸ਼ ਕਰਕੇ (ਉਨ੍ਹਾਂ ਦੇ ਤੁੱਲ ਹੋਏ ਹੋ।)॥੪॥

**ਮੂਲ**

**ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥ ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ॥ ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ ॥ ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ ॥ ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥ ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ ॥ ੫ ॥**

**ਅਰਥ**

(ਅਰਥ ਪੰਜਵੀਂ ਤੁਕ ਤੋਂ ਤੁਰੇਗਾ) (ਜਿਵੇਂ) ਆਦਿ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਵਿਚ ਸਮਾਈ ਕਰਕੇ (ਗੁਰੂ) ਅੰਗਦ ਦੇਵ (ਜੀ ਨੂੰ ਗੁਰੂ ਕੀਤਾ, ਗੁਰੂ ਅੰਗਦ ਦੇਵ ਜੀ ਨੇ ਸ਼ਬਦ ਵਿਚ ਟਿਕਾਕੇ) ਗੁਰੂ ਅਮਰਦਾਸ ਜੀ (ਨੂੰ) ਸਤਿਗੁਰੂ (ਕੀਤਾ), (ਤਿਵੇਂ) ਰਾਮਦਾਸ ਗੁਰੂ ਜੀ ਨੇ (ਅਪਣੀ) ਪਾਰਸ ਛੁਹ ਨਾਲ ਜਿਸ (ਗੁਰੂ ਅਰਜਨ ਦੇਵ ਜੀ) ਨੂੰ (ਸਰੂਪ ਨਾਲ) ਮਿਲਾ ਲਿਆ ਹੈ, ਧੰਨ ਹਨ ਧੰਨ ਹਨ (ਓਹ ਗੁਰੂ ਅਰਜਨ ਦੇਵ ਜੀ)। (ਪਹਿਲੀ ਤੁਕ ਦਾ ਅਰਥ:-) (ਤਾਂ ਤੇ) ਸਦਾ ਜੀਉਣੇ ਜੋਗ (ਸ੍ਰੀ) ਅਰਜਨ ਦੇਵ ਜੀ ਅਮੋਲਕ (ਵਜਕਤੀ ਹਨ ਕਿਉਂ ਜੋ ਹਨ ਤਾਂ) ਜਨਮ (ਮਰਨ) ਤੋਂ ਰਹਿਤ (ਪਰ ਫੇਰ ਜਗਤ ਜੀਵਾਂ ਵਿਚ) ਪ੍ਰਗਟੇ ਹਨ, (ਕਾਹਦੇ ਲਈ?)

ਜੀਵਾਂ ਦੇ ਜਨਮ ਮਰਨਾਦਿ ਡਰ ਨੂੰ ਨਾਸ਼ ਕਰਨ ਤੇ ਪਰਾਏ ਦੁਖਾਂ ਨੂੰ ਹਰਨ ਲਈ (ਕਿਉਂਕਿ ਆਪ ਜੀ ਦਾ) ਅਨੁਭਵ ਬੇਅੰਤ ਹੈ। (ਇਸ ਲਈ) ਆਪ ਕਠਨ ਭਵਸਾਗਰ ਦੇ ਤਾਰਕ ਹਨ ਤੇ ਭਰਮ ਤੇ ਭ੍ਰਾਂਤੀ ਨੂੰ ਨਾਸ਼ ਕਰਕੇ ਸ਼ਾਂਤੀ ਤੇ ਸੁਖਾਂ ਦੇ ਦਾਤੇ ਹਨ। (ਇਸ ਲਈ ਕਹੀਦਾ ਹੈ ਕਿ) ਆਪ 'ਕਦੇ ਜਨਮ ਵਿਚ ਨਾ ਆਉਣ ਵਾਲੇ' ਪੂਰਨ ਪੁਰਖ ਵਿਧਾਤੇ (ਵਾਹਿਗੁਰੂ ਜੀ ਤੋਂ) ਪ੍ਰਗਟ ਹਨ॥੫॥

**ਪਦਾਰਥ**—ਆਜੋਨੀ-ਜੂਨਾਂ-ਜਨਮ, ਮਰਨ, ਕਾਰਨ ਤੋਂ ਰਹਿਤ। ਸੰਭਉ-ਸੁਤੇ ਹੋਣ ਵਾਲਾ, ਪ੍ਰਗਟੇ ਹਨ। ਭੰਜਨੁ-ਨਾਸ਼। ਅਨੰਭਉ-ਸੁਤੇ ਗਿਆਨ, ਅਨੁਭਵ। ਅਗਹ-ਜੋ ਗਹਿਆ ਨਾ ਜਾਵੇ, ਜਾਂ ਹੱਥ ਨਾ ਆ ਸਕੇ। ਦਹਨੁ-ਸਾੜਨਾ, ਦੂਰ ਕਰਨਾ। ਅਨਭਉ-ਕਦੇ ਜਨਮ ਵਿਚ ਨਾ ਆਉਣ ਵਾਲਾ। ਉਦਵਿਅਉ-ਪ੍ਰਗਟ ਹੋਣਾ। ਬਿਧਾਤਉ-ਫਲ ਪ੍ਰਦਾਤਾ ਤੋਂ। ਵਾਹਿਗੁਰੂ ਜੀ ਤੋਂ। ਪਾਰਸੁ ਪਰਸਿ-ਪਾਰਸ ਦੀ ਛੂਹ ਦੁਆਰਾ।

**ਭਾਵ**—ਅਕਾਲ ਪੁਰਖ ਵਾਹਿਗੁਰੂ ਜੀ ਆਪ ਆਪਣਾ ਸ਼ਬਦ ਸੰਦੇਸ਼ਾ ਸੁਨਾਉਣ ਲਈ ਆਦਿ ਗੁਰ ਨਾਨਕ ਦੇਵ ਜੀ ਦੇ ਰੂਪ ਵਿਚ ਜਗਤ ਵਿਚ ਆਏ, ਯਥਾ-"**ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥**"(੧੨੭੯) ਸਾਰੇ ਜਗਤ ਵਿਚ ਫਿਰਕੇ ਘਰੋ ਘਰੀ ਜਾਕੇ ਉਹੀ ਰੱਬੀ ਨਾਦ ਸ਼ਬਦ ਸੋਹਲਾ ਸੁਣਾਇਆ, ਇਸੇ ਸ਼ਬਦ ਵਿਚ ਸ੍ਰੀ ਲਹਿਣਾ ਜੀ ਨੂੰ ਮਿਲਾਕੇ ਗੁਰੂ ਅੰਗਦ ਕਰ ਦਿਤਾ, ਫੇਰ ਸ੍ਰੀ ਗੁਰੂ ਅਮਰਦਾਸ ਜੀ ਪ੍ਰਗਟੇ, ਇਨ੍ਹਾਂ ਤੋਂ ਸ੍ਰੀ ਗੁਰੂ ਰਾਮਦਾਸ ਜੀ ਪ੍ਰਗਟ ਹੋਕੇ ਗੁਰੂ ਅਰਜਨ ਦੇਵ ਜੀ ਨੂੰ ਸ਼ਬਦ ਵਿਚ ਮਿਲਾਕੇ ਗੁਰੂ ਪਾਰਸ ਤੋਂ ਪਾਰਸ ਵਾਂਗ ਅਪਣਾ ਰੂਪ ਕਰ ਲੀਤਾ। ਇਸ ਪੰਚਮ ਸਰੂਪ ਸਤਿਗੁਰੂ ਜਾਗਤ ਜੋਤ ਨੂੰ ਪ੍ਰਤੱਖ ਤੱਕਕੇ ਕਵੀ ਜੀ ਪ੍ਰੇਮ ਰੰਗ ਤੇ ਸ਼ੁਕਰ ਦੇ ਤਰੰਗਾਂ ਵਿਚ ਝੂਮਦੇ ਆਖ ਰਹੇ ਹਨ, ਧੰਨ ਹੋ ਗੁਰੂ ਅਰਜਨ ਦੇਵ ਜੀ! ਧੰਨ ਹੋ, ਵਾਹੁ ਵਾਹੁ ਗੁਰੂ, ਧੰਨ ਧੰਨ ਗੁਰੂ, ਹੇ ਅਮੁੱਲ ਜੀਵਣ ਵਾਲੇ ਸਤਿਗੁਰੂ ਜੀਉ! ਸਦਾ ਜੀਵੋ ਸਦਾ ਥੀਵੋ। ਵਾਸ਼ਨਾ ਤੇ ਕਰਮਾਂ ਦੇ ਬੱਧੇ ਜੀਵ ਜਿਕੁਰ ਜੋਨੀਆਂ ਵਿਚ ਆਉਂਦੇ ਹਨ, ਆਪ ਇਹੋ ਜਿਹੇ ਜਨਮ ਜੂਨੀ ਦੇ ਕਾਰਨਾਂ ਤੋਂ ਅਜੋਨੀ ਹੋ, ਪਰ ਪੂਰਨ ਪਰਮਾਤਮਾ ਸਰਬ ਫਲਾਂ ਦੇ ਦਾਤੇ ਵਾਹਿਗੁਰੂ ਜੀ ਤੋਂ ਹੀ ਆਪ ਰੂਪ ਧਾਰੀ ਹੋਏ ਹੋ, ਜਿਵੇਂ ਸਤਿਗੁਰਾਂ ਆਪ ਆਪਣੇ ਪਹਿਲੇ ਗੁਰਾਂ ਬਾਬਤ ਕਿਹਾ ਹੈ:-"**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**"(੭੪੯) ਤਿਵੇਂ ਭੱਟ ਕਹਿ ਰਿਹਾ ਹੈ ਕਿ ਆਪ ਅਜੋਨੀ ਸੰਭਵ ਪੂਰਨ ਪੁਰਖ ਬਿਧਾਤੇ ਦਾ ਰੂਪ ਹੋ, ਜੋ ਹੈ ਤਾਂ ਅਜੋਨੀ ਪਰ ਆਪ ਵਿਚ ਗੋਬਿੰਦ ਰੂਪ ਹੋਕੇ ਪ੍ਰਤੱਖ ਦਿੱਸ ਰਿਹਾ ਹੈ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਵਾਸ਼ਨਾ ਕਰਮ ਤੇ ਪ੍ਰਕ੍ਰਿਤੀ ਦੇ ਗੁਣ ਜੋ ਆਪ ਦੇ ਜਗਤ ਵਿਚ ਆਵਣ ਦਾ ਕਾਰਨ ਨਹੀਂ ਹਨ, ਤਾਂ ਫਿਰ ਪ੍ਰਗਟ ਕਾਹਦੇ ਲਈ ਹੋਏ ਹਨ? ਇਸ ਦਾ ਉੱਤਰ ਕਵੀ ਜੀ ਦਿੰਦੇ ਹਨ ਕਿ ਇਹ ਸਾਂਈਂ ਦੀ ਮਿਹਰ ਦਾ ਕ੍ਰਿਸ਼ਮਾ ਹੈ, ਭੈ ਤੇ ਦੁਖਾਂ ਵਿਚ ਫਸੇ ਜੀਵ ਤ੍ਰਾਹ ਤ੍ਰਾਹ ਕਰ ਰਹੇ ਹਨ "**ਮਿਥਨ ਮੋਹ ਅਗਨਿ ਸੋਕ ਸਾਗਰ॥**"(੭੯੦) ਵਿਚ ਜਲ ਰਹੇ ਜੀਵਾਂ ਨੂੰ ਸ਼ਾਂਤੀ ਤੇ ਸੁਖ ਦੇਣ ਲਈ ਆਪ ਆਏ ਹਨ। ਯਥਾ-"**ਬਲਤੌ ਜਲਤੌ ਤਉਕਿਆ ਗੁਰ ਚੰਦਨੁ ਸੀਤਲਾਇਓ॥**"(੨੪੧) ਭਾਵ ਅੰਦਰੋਂ ਬਾਹਰੋਂ ਸੜਦਿਆਂ ਜੀਵਾਂ ਪੁਰ ਸਤਿਗੁਰਾਂ ਚੰਦਨ 'ਵਾਹਿਗੁਰੂ ਨਾਮ ਸਿਮਰਨ' ਛਿੜਕਕੇ ਸੀਤਲ ਕਰ ਦਿੱਤਾ॥੫॥

| ਮੂਲ | ਅਰਥ |
|---|---|
| ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ॥ ਗੁਰੁ ਪੂਰਾ ਪਾਯਉ ਬਡ ਭਾਗੀ ਲਿਵ ਲਾਗੀ ਮੇਦਨਿ ਭਰੁ ਸਹਤਾ॥ ਭਯ ਭੰਜਨੁ ਪਰ ਪੀਰ ਨਿਵਾਰਨੁ ਕਲ੍ ਸਹਾਰੁ ਤੋਹਿ ਜਸੁ ਬਕਤਾ ॥ ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ ॥ ੬ ॥ | (ਦੂਜੀ ਤੁਕ):-ਵਡੇ ਭਾਗਾਂ ਨਾਲ (ਮੈਂ) ਪੂਰਨ ਗੁਰੂ ਪਾਇਆ ਹੈ (ਜਿਸਦੀ) ਲਿਵ (ਹਰੀ ਦੇ ਚਰਨਾਂ ਨਾਲ) ਲਗੀ ਹੋਈ ਹੈ (ਤੇ ਜੋ) ਧਰਤੀ ਦੇ ਭਾਰ ਨੂੰ ਸਹਾਰ ਰਿਹਾ ਹੈ, ਜਿਸਦੀ ਮਹਿੰਮਾ ਦੀ ਜੈ ਜੈ ਕਾਰ (ਸਾਰੇ) ਜਗ ਅੰਦਰ (ਹੋ ਰਹੀ ਹੈ) (ਜੋ) ਸ਼ੁਭ ਭਾਗਾਂ ਦਾ (ਮਾਨੋ) ਮੰਦਿਰ ਹੈ ਤੇ ਕਲਜਾਨ ਸਰੂਪ ਵਾਹਿਗੁਰੂ ਨਾਲ ਜਿਸਦੀ (ਸੁਰਤ) ਜੁੜੀ ਹੋਈ ਰਹਿੰਦੀ ਹੈ। (ਫਿਰ ਉਹ ਗੁਰੂ ਕਿਹੋ ਜਿਹਾ ਹੈ?) ਭੈ ਦੇ ਨਸ਼ਟ ਕਰਨ ਵਾਲਾ ਹੈ, ਪਰਾਈ ਪੀੜਾ ਨੂੰ ਹਰਦਾ ਹੈ, (ਕਵੀ) ਕਲ ਸਹਾਰ (ਹੇ ਗੁਰੂ ਅਰਜਨ ਦੇਵ ਜੀਓ!) ਤੇਰੇ ਜਸ ਨੂੰ ਕਥਨ ਕਰਦਾ ਹੈ। (ਹੇ ਸ੍ਰੀ ਗੁਰੂ) ਅਰਜੁਨ (ਦੇਵ ਜੀ ਆਪ) ਸੋਢੀ (ਸਿਰ ਮੌਰ ਸ੍ਰੀ) ਗੁਰੂ ਰਮਾਦਾਸ (ਜੀ ਦੇ) ਸਪੁੱਤਰ ਹੋ, ਧਰਮ ਦੀ ਧੁਜਾ ਹੋ, ਤੇ ਹਰਿ ਦੇ ਭਗਤ ਹੋ॥੬॥ |

**ਪਦਾਰਥ**—ਮੰਦਰਿ-ਘਰ ਭਾਵ ਭੰਡਾਰ। ਭਾਗੁ-ਸ਼ੁਭ ਭਾਗ। ਜੁਗਤਿ-ਜੁੜਿਆ ਹੋਇਆ। ਸਿਵ-ਕਲਜਾਨ ਰੂਪ ਨਾਲ। ਮੇਦਨਿ-ਧਰਤੀ। ਪਰਪੀਰ-ਪਰਾਈ ਪੀੜਾ। ਕਲ੍ਸਹਾਰੁ-ਭੱਟ ਦਾ ਨਾਮ ਹੈ। ਬਕਤਾ-ਕਥਨ ਕਰਦਾ ਹੈ। ਤਨੁ-ਸਪੁੱਤਰ, ਆਤਮਜ। ਧਰਮ ਧੁਜਾ-ਧਰਮ ਦਾ ਨਿਸ਼ਾਨ, ਝੰਡਾ।

**ਭਾਵ**—ਕਲ ਸਹਾਰ ਭੱਟ ਆਪਣੇ ਜ਼ਾਤੀ ਤਜਰਬੇ ਦੇ ਆਧਾਰ ਤੇ ਦਸਦਾ ਹੈ ਕਿ ਮੈਂ ਵਡੇ ਭਾਗਾਂ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ, ਜੋ ਪੂਰਨ ਗੁਰੂ ਹਨ, ਪ੍ਰਾਪਤ ਕੀਤਾ ਹੈ, ਤੇ ਆਪਣੇ ਤਜਰਬੇ ਨਾਲ ਦੱਸਦਾ ਹਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸੁਭਾਗਾਂ ਦਾ ਭੰਡਾਰ ਹਨ, ਧਰਮ ਦੀ ਧੁਜਾ ਹਨ, ਪਰਾਈ ਪੀੜਾ ਹਰਨ ਵਾਲੇ ਹਨ, ਭੈ ਦੇ ਨਸ਼ਟ ਕਰਨ ਵਾਲੇ ਤੇ ਇਨ੍ਹਾਂ ਦੀ ਅਖੰਡ ਬ੍ਰਿਤੀ ਵਾਹਿਗੁਰੂ ਦੇ ਚਰਨਾਂ ਨਾਲ ਲਗੀ ਰਹਿੰਦੀ ਹੈ, ਇਸ ਕਰਕੇ ਇਨ੍ਹਾਂ ਵਿਚ ਇੰਨਾਂ ਬਲ ਹੈ ਕਿ ਧਰਤੀ ਦੇ ਲੋਕਾਂ ਦੇ ਪਾਪਾਂ ਦੇ ਭਾਰ ਨੂੰ ਦੂਰ ਕਰਦੇ ਹੋਏ ਅਚੱਲ ਤੇ ਅਡੋਲ ਰਹਿੰਦੇ ਹਨ ਇਸ ਕਰਕੇ ਜਗਤ ਦਾ ਸਹਾਰਾ ਹਨ।

ਸੂਚਨਾ-ਪਾਯਉ ਦਾ ਇਸ਼ਾਰਾ ਕਵੀ ਜੀ ਦਾ ਅਪਣੀ ਵੱਲ ਹੈ, ਸਤਿਗੁਰਾਂ ਨੂੰ ਉਹ "**ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ॥**"(੧੪੦੭) ਤੇ "ਗੁਰੂ ਰਾਮਦਾਸ ਜੀ ਦੀ ਮਿਹਰਨ ਨਾਲ ਗੁਰ ਪਦ ਅਰੂੜ ਹੋਏ" ਪਿਛੇ ਦੱਸ ਆਏ ਹਨ। 'ਪਰ ਪੀਰ ਨਿਵਾਰਨ' ਆਦਿ ਮਹਿਮਾਂ ਉਗਾਹੀਆਂ ਹਨ ਜੋ ਗੁਰੂ ਜੀ ਦੇ ਜਗਤ ਦੀ ਪੀੜਾ ਹਰਨੇ ਦੇ ਕੰਮਾਂ ਨੂੰ ਦੇਖਕੇ ਓਹ ਲੋਕਾਂ ਪਰ ਤੇ ਅਪਣੇ ਪਰ ਤਜਰਬੇ ਕਰਕੇ ਦੇ ਰਿਹਾ ਹੈ॥੬॥

| ਮੂਲ | ਅਰਥ |
|---|---|
| ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ ॥ ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ ॥ ਮਹਾ | ੧. ਧਰਮ (ਦੇ ਵਿਸ਼ੇ ਵਿਚ ਆਪ) ਧੀਰਜਵਾਨ ਹੋ, ਗੁਰਮਤਿ (ਦੇ ਵਿਸ਼ੇ ਵਿਚ ਆਪ) ਡੂੰਘੇ (ਜਾਣਕਾਰ ਹੋ ਇਸੇ ਕਰਕੇ) ਦੂਸਰਿਆਂ ਦੇ ਦੁਖ ਦੂਰ ਕਰਨ ਵਾਲੇ ਹੋ। ੨. (ਦੁਖ ਦੂਰ |

ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ ॥ ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵ ਨਿਧਿ ਨ ਨਿਖੁਟੈ ॥

ਪੱਤਿਆਂ ਨੂੰ ਪਾਣੀ ਦੇਣ ਵਾਂਗੂ ਨਹੀਂ ਕਰਦੇ ਪਰ ਦੁਖ ਦੀ ਜੜ ਜੋ ਸਾਂਈਂ ਵਲੋਂ ਭੁੱਲ ਹੈ, ਉਸ ਨੂੰ ਦੂਰ ਕਰਦੇ ਹੋ; ਜਿਸ ਦਾ ਪ੍ਰਕਾਰ ਦਸਦੇ ਹਨ)। ਵਾਹਿਗੁਰੂ ਜੀ ਦੇ (ਸ਼ਬਦ=) ਨਾਮ ਦੀ (ਆਪ ਨੂੰ) ਸੋਝੀ ਹੈ, (ਸੋਝੀ ਹੋਕੇ ਆਪ ਇਸ ਨੂੰ ਸ਼ੂਮ ਦੇ ਧਨ ਵਾਂਙੂ ਛਿਪਾਉਂਦੇ ਨਹੀਂ ਹੋ ਸਗੋਂ) ਵਾਹਿਗੁਰੂ ਵਾਂਙੂ ਆਪ ਉਦਾਰ ਹੋ (ਜੋ ਸਦਾ ਦੇਂਦਾ ਹੈ ਦੇਂਦਾ ਥਕਦਾ ਨਹੀਂ), (ਫਿਰ ਇਹ ਨਾਮ ਦੀ ਦਾਤ ਨਿਰਹੰਕਾਰੀ ਮਨਾਂ ਪਾਸ ਠਹਿਰ ਸਕਦੀ ਹੈ, ਤੇ ਜਗਤ ਦੇ ਜੀਵ ਹੰਕਾਰੀ ਹਨ, ਤੇ ਆਪਣੇ ਕਰਮਾਂ ਨਾਲ ਹੰਕਾਰ ਨਹੀਂ ਦੂਰ ਹੁੰਦਾ, ਸੋ ਦੱਸਦੇ ਹਨ ਕਿ) ਉਨ੍ਹਾਂ ਦਾ ਹੰਕਾਰ (ਬੀ ਆਪ ਹੀ) ਦੂਰ ਕਰ ਦੇਂਦੇ ਹੋ। ੩. (ਫਿਰ ਆਪ) ਸਤਿਗੁਰ ਦੇ ਗਜ਼ਾਨ (ਦੇਣ ਵਿਚ ਬੀ) ਮਹਾਂਦਾਨੀ ਹੋ (ਐਸੇ ਕਿ ਦਾਨ ਦੇਂਦਿਆਂ ਕਦੇ ਆਪ ਦੇ) ਮਨ ਦਾ ਚਾਉ ਥਕਦਾ (ਭਾਵ ਅੱਕਦਾ) ਨਹੀਂ। ੪. (ਗਜ਼ਾਨ ਰੂਪ ਫਲ ਨਾਮ ਮੰਤਰ ਰੂਪੀ ਬ੍ਰਿਛ ਨੂੰ ਲਗਦਾ ਹੈ, ਇਸ ਕਰਕੇ ਨਾਮ ਦਾਨ ਦੇਣ ਵਿਚ ਆਪਦੀ ਉਦਾਰਤਾ ਕਾਰਨ ਦੱਸਦੇ ਹਨ ਕਿ) ਹਰਨਾਮ ਰੂਪੀ ਮੰਤਰ (ਆਪ ਪਾਸੋਂ) ਕਦੇ ਮੁਕਦਾ ਨਹੀਂ (ਇਹ ਨਾਮ) ਨੌਂ ਨਿਧੀਆਂ (ਦਾ ਦਾਤਾ) ਹੈ ਤੇ (ਸਤਵੰਤ-) ਯਥਾਰਥਤਾ ਦੇ ਧਾਰਨ (ਕਰਾ ਦੇਣ ਵਾਲਾ ਹੈ) ੫-੬. (ਕਵਿ) ਕਲ੍ਯ ਜੀ ਉਚਾਰਦੇ ਹਨ ਕਿ 'ਰਾਜ ਜੋਗ' ਦਾ ਰਸ ਹੈ ਗੁਰੂ ਰਾਮਦਾਸ ਜੀ ਦੇ ਸਪੁੱਤ੍ਰ ਸ੍ਰੀ ਗੁਰੂ ਅਰਜਨ ਦੇਵ ਜੀ! ਤੁਸਾਂ ਹੀ ਜਾਣਿਆਂ ਹੈ (ਜਿਨ੍ਹਾਂ ਨੇ ਉਪਰ ਦੱਸੇ ਵੇਰਵੇ ਅਨੁਸਾਰ) ਸਹਿਜ (ਦਾ ਮਾਨੋਂ) ਚੰਦੋਆ ਹੀ ਸਭਨਾਂ ਵਿਚ ਤਾਣ ਦਿੱਤਾ ਹੈ। (ਭਾਵ ਸਹਜ ਜੋਗ ਦਾ ਰਸ ਨਿਰਾ ਆਪ ਹੀ ਨਹੀਂ ਮਾਣਿਆਂ, ਸਗੋਂ ਸਭਨਾਂ ਲੋਕਾਂ ਨੂੰ ਗਜ਼ਾਨ ਦਾਨ ਇਸ ਤਰ੍ਹਾਂ ਖੁਲ੍ਹਾ ਵੰਡਿਆ ਹੈ ਕਿ ਮਾਨੋ ਇਸ ਦਾ ਚੰਦੋਆ ਤਣ ਗਿਆ ਹੈ, ਜਿਸ ਦੀ ਛਾਵੇਂ ਸਭ ਕੋਈ ਆਕੇ ਠੰਢਾਂ ਮਾਣਦਾ ਹੈ। ਕਟਾਖਜ ਇਹ ਹੈ ਕਿ ਸਹਜ ਜੋਗ ਦਾ ਰਸ ਤੁਸਾਡਾ ਜਾਣਨਾ ਸਫਲ ਹੈ, ਜਿਨ੍ਹਾਂ ਨੇ ਆਪ ਜਾਣਿਆਂ ਤੇ ਹੋਰਨਾਂ ਨੂੰ ਜਣਾਇਆ ਤੇ ਜਿਨ੍ਹਾਂ ਨੂੰ ਜਾਣਨ ਮਾਣਨ ਲਈ ਦਿੱਤਾ ਹੈ ਮਾਨੋਂ ਉਹਨਾਂ ਦਾ ਰਸ ਮਾਣਨਾ ਬੀ ਆਪ ਦੇ ਇਸ ਰਸ ਦਾ ਗਜ਼ਾਤਾ ਹੋਣ ਦਾ ਇਕ ਅੰਗ ਹੈ)॥੭॥

ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ ॥ ਗੁਰ ਅਰਜੁਨ ਕਲ੍ਯੁਚਰੈ ਤੈ ਰਾਜ ਜੋਗ ਰਸੁ ਜਾਣਿਅਉ ॥ ੭ ॥

**ਪਦਾਰਥ**—ਧੀਰੁ-ਬੁਧੀਮਾਨ, ਪ੍ਰਬੀਨ, (ਅ) ਧੀਰਜਵਾਨ ਜੋ ਧਰਮ ਦੇ ਨਿਬਾਹ ਵਿਚ ਹੌਸਲਾ ਰਖਦਾ ਹੋਵੇ ਤੇ ਧਰਮ ਖ਼ਾਤਰ ਕੁਰਬਾਨੀ ਵੇਲੇ ਅਡੋਲ ਰਹੇ।

| ਮੂਲ | ਅਰਥ |
|---|---|
| ਭੈ ਨਿਰਭਉ ਮਾਨਿਅਉ ਲਾਖ ਮਹਿ ਅਲਖੁ ਲਖਾਯਉ ॥ | ਸਤਿਗੁਰੂ (ਅਰਜਨ ਦੇਵ ਜੀ ਨੇ ਆਪਣੇ) ਆਪ ਤਾਂ ਭੈ ਨਿਰਭਉ (ਦਾ ਰੰਗ) ਮਾਨਿਆਂ ਹੈ (ਤੇ ਮੇਰੇ ਤਾਈਂ ਇਸ) ਪ੍ਰਤੱਖਜ ਵਿਚ ਅਪ੍ਰਤੱਖ ਨੂੰ ਲਖਾ ਦਿੱਤਾ ਹੈ, (ਜਿਸ ਦੀ) |
| ਅਗਮੁ ਅਗੋਚਰ ਗਤਿ ਗਭੀਰੁ ਸਤਿਗੁਰਿ ਪਰਚਾਯਉ ॥ | ਗਤੀ ਗੰਭੀਰ ਅਗੰਮ ਤੇ ਅਗੋਚਰ ਹੈ (ਉਸ ਵਿਚ ਮੈਨੂੰ) ਸਤਿਗੁਰ ਨੇ ਪਰਵਿਰਤ ਕਰਾ ਦਿਤਾ ਹੈ। (ਇਉਂ) ਗੁਰੂ ਜੀ |
| ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ ॥ | ਦੇ ਪਰਵਿਰਤ ਕਰਾ ਦੇਣ ਨਾਲ (ਮੈਂ ਬੀ ਦਰ) ਦਬੂਲ ਪੈ ਗਿਆ ਹਾਂ, ਧੰਨ ਹੋ, ਧੰਨ ਹੋ, ਧੰਨ ਹੋ (ਹੇ) ਗੁਰੂ ਜੀ! (ਜਿਨ੍ਹਾਂ |
| ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ ॥ | ਨੇ ਆਪ ਤਾਂ) ਰਾਜ ਜੋਗ ਕਮਾਇਆ ਹੈ ਤੇ ਮੇਰੇ ਵਰਗੇ ਅਤ੍ਰਿਪਤ ਚਿੱਤਾਂ ਨੂੰ ਪੂਰਨ ਤ੍ਰਿਪਤੀ ਬਖਸ਼ੀ ਹੈ। (ਹਾਂ ਕੇਵਲ ਰਾਜ ਜੋਗ ਨਹੀਂ, ਆਪ ਤਾਂ ਸਹਿਜ ਜੋਗ ਵਿਚ ਹੈ, ਇਸ ਦੀ ਸਾਖ ਕਵੀ ਭਰਦਾ ਹੈ ਆਪਣੀ ਦਿੱਬਜ ਤਜਰਬੇ ਦੀ ਉਗਾਹੀ |
| ਗੁਰ ਗਮ ਪ੍ਰਮਾਨਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ ॥ | ਦੇਕੇ ਕਿ) ਮੈਂ ਕਲ੍ਯ (ਭੱਟ) 'ਗੁਰੂ ਗਮ ਪ੍ਰਮਾਣ' ਨਾਲ ਕਹਿੰਦਾ ਹਾਂ (ਕਿ ਹੇ) ਗੁਰੂ ਅਰਜੁਨ ਜੀਓ (ਤੁਸਾਂ) ਅਜਰ ਨੂੰ ਜਰਿਆ ਹੈ, ਵਾਹਿਗੁਰੂ ਵਿਚ ਲੀਨ ਹੋਏ (ਰਹਿੰਦੇ) ਹੋ, |
| ਗੁਰ ਅਰਜੁਨ ਕਲੁਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ ॥ ੮ ॥ | (ਹਾਂ) ਤੁਸਾਂ ਅਸਲੀ ਸਹਜ ਜੋਗ ਪ੍ਰਾਪਤ ਕੀਤਾ ਹੈ। |

ਇਸ ਸਵਈਏ ਦਾ ਹੋਰ ਅਰਥ ਕਰਨ ਦਾਂ ਐਉਂ ਵੀ ਜਤਨ ਕੀਤਾ ਜਾਂਦਾ ਹੈ:-

(ਹੇ ਗੁਰੂ ਜੀਓ! ਆਪ ਨੇ) ਭੈ ਵਿਚ (ਨਿਰਭੈਤਾ) (ਦੇ ਰਸ) ਨੂੰ ਮਾਨਿਆਂ ਹੈ ਤੇ ਲੱਖ (ਸੰਸਾਰ) ਵਿਚ ਅਲੱਖ ਨੂੰ ਲੱਖ ਲਿਆ ਹੈ। (ਅਥਵਾ) (ਲਾਖੁ=) ਲੱਖਾਂ ਜੀਵਾਂ (ਦੇ ਹਿਰਦਿਆਂ ਵਿਚ ਇਕ) ਅਲਖ (ਵਾਹਿਗੁਰੂ) ਨੂੰ ਜਣਾਇਆ ਹੈ। (ਹੇ ਸਤਿਗੁਰੂ ਜੀ ਅਗਮ ਅਗੋਚਰ ਗੰਭੀਰ ਗਤੀ ਵਾਲੇ (ਵਾਹਿਗੁਰੂ ਵਿਚ ਆਪ ਨੂੰ) ਸਤਿਗੁਰੂ (ਰਾਮਦਾਸ ਸਾਹਿਬ ਜੀ ਨੇ) ਪਰਚਾਇਆ ਹੈ। ਗੁਰਾਂ ਦੇ ਪਰਚੇ (-ਉਪਦੇਸ਼) ਕਰਕੇ ਆਪ ਪਰਵਾਣ ਹੋਏ ਹੋ ਤੇ (ਆਪ ਨੇ) ਰਾਜ ਵਿਚ ਜੋਗ ਕਮਾਇਆ ਹੈ (ਇਸ ਕਰਕੇ ਹੇ ਦਾਤਾ ਜੀਓ! ਆਪ) ਮਨ ਬਾਣੀ ਸ਼ਰੀਰ ਕਰਕੇ ਧੰਨਤਾ ਜੋਗ ਹੋ (ਕਿਉਂਕਿ ਆਪ ਨੇ ਖਾਲੀ ਹਿਰਦੇ ਰੂਪ) ਤਲਾਉ (ਆਪਣੇ ਪ੍ਰੇਮ ਰੂਪੀ ਜਲ ਨਾਲ) ਲਬਾ ਲਬ ਕਰਕੇ ਭਰ ਦਿੱਤੇ ਹਨ। (ਗੁਰ ਗਮ ਪ੍ਰਮਾਣ-) ਗੁਰੂ ਦੇ ਤੁੱਲ ਗੰਮਤਾ ਹੋ ਜਾਣ ਕਰਕੇ (ਆਪ ਨੇ) ਅਜਰ ਪਦ ਨੂੰ ਜਰਿਆ ਹੈ (ਤੇ ਆਪ ਦੇ ਰਿਦੇ ਰੂਪ) ਸਰੋਵਰ ਵਿਚ ਸੰਤੋਖ ਆਦਿ ਗੁਣਾਂ ਦਾ ਸਮੁਦਾਇ ਹੈ। (ਸ੍ਰੀ) ਕਲ੍ਯ ਭੱਟ ਜੀ ਕਹਿੰਦੇ ਹਨ: ਹੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਆਪ ਨੇ ਆਪਣੇ ਆਪ ਦਾ ਗਿਆਨ ਯੋਗ ਪਾਇ ਲੀਤਾ ਹੈ॥੮॥

**ਪਦਾਰਥ**—ਭੈ ਨਿਰਭਉ-ਭੈ ਰਹਿਤ ਹੋਕੇ ਫਿਰ ਭੈ ਵਿਚ ਹੋਣ ਦੀ ਅਵਸਥਾ। ਲਾਵਾਂ ਵਿਚ ਇਸ ਨੂੰ 'ਨਿਰਭਉ ਭੈ' ਲਿਖਿਆ ਹੈ ਯਥਾ-"**ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ**"॥(੭੭੪) ਫਿਰ ਇਸ ਨੂੰ ਅਗਲੀ ਤੁਕ ਵਿਚ ਇਉਂ ਖੋਲ੍ਹਿਆ ਹੈ-"**ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ**"॥(੭੭੪) ਇਸੇ ਨਿਰਮਲ ਭੈ ਬਾਬਤ ਗੁਰੂ ਜੀ ਨੇ ਕਿਹਾ ਹੈ:-"**ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ॥**"(੧੪੯) 'ਭੈ ਨਿਰਭਉ' ਯਾ ਨਿਰਮਲ ਭਉ ਦੀ ਅਵਸਥਾ ਉਪਰਲੀ ਤੁਕ ਵਿਚ ਇਹ ਦੱਸੀ ਹੈ-ਕਿ ਹਰਿ ਦੇ ਗੁਣ ਗਾਇਨ ਹੁੰਦੇ ਹਨ ਤੇ ਵਾਹਿਗੁਰੂ ਹਾਜ਼ਰਾ ਹਜ਼ੂਰ ਨਜ਼ਰ ਪੈਂਦੇ ਹਨ। ਆਤਮ ਰਾਮ ਸਾਰੇ ਪਸਰਿਆ ਤੇ ਸਭ ਵਿਚ ਭਰਪੂਰ ਦਿੱਸਦਾ ਹੈ।

ਲਾਖ-ਲਾਕਸ਼, ਲਕਸ਼-ਜੋ ਦਿਖਾਈ ਦੇਵੇ, ਪ੍ਰਤੱਖ। ਇਹ ਜੋ ਦਿੱਸਦਾ ਜਗਤ ਹੈ, ਸਾਡੀ ਨਜ਼ਰ ਦਾ ਲਕਸ਼ ਹੈ। (ਅ) ਲਖਿਆ ਜਾਣ ਵਾਲਾ, ਭਾਵ, ਸੰਸਾਰ। (ੲ) ਲੱਖਾਂ, ਭਾਵ ਲੱਖਾਂ ਜੀਵਾਂ ਵਿਚ। ਅਲਖੁ-ਅਲਕਸ਼-ਜੋ ਦਿਖਾਈ ਨਾ ਪਵੇ, ਅਪ੍ਰਤੱਖ। ਵਾਹਿਗੁਰੂ ਜੋ ਨਜ਼ਰ ਦਾ ਵਿਸ਼ਾ ਨਹੀਂ ਹੈ। ਜੋ ਇੰਦ੍ਰਿਆਂ ਨਾਲ ਲਖਿਆ ਨਾ ਜਾ ਸਕੇ। ਲਖਾਯਉ-ਲਖਾ ਦਿੱਤਾ, ਜਣਾ ਦਿੱਤਾ, ਅਨੁਭਵ ਵਿਚ ਲਿਆ ਦਿੱਤਾ। ਅਗਮ-ਪਹੁੰਚ ਤੇ ਜਾਨਣ ਤੋਂ ਪਰੇ, ਜੋ ਮਨ ਬੁਧੀ ਤੋਂ ਪਰੇ ਹੈ। ਅਗੋਚਰ-ਜੋ ਇੰਦ੍ਰੀਆਂ ਤੋਂ ਪਰੇ ਹੈ। ਪਰਚਾਯਉ-ਲਗਾ ਦਿੱਤਾ ਹੈ, ਪ੍ਰਵਿਰਤ ਕਰ ਦਿੱਤਾ ਹੈ, ਰਚਾ ਮਚਾ ਦਿੱਤਾ ਹੈ। ਪਰਵਾਣ-ਤੋਲ, ਜਾਚ, ਕਬੂਲੀਅਤ, ਦਰ ਪਰਵਾਨ ਪੈ ਜਾਣਾ। ਅਭਰ ਸਰ-ਨਾ ਭਰੇ ਜਾਣ ਵਾਲਾ ਤਲਾਉ, ਉਹ ਚਿੱਤ ਜਿਸ ਵਿਚ ਬ੍ਰਿਤੀਆਂ ਦੀ ਲਹਿਰ ਪਛਾੜ ਨੇ ਅਸ਼ਾਂਤੀ, ਅਤ੍ਰਿਪਤੀ, ਤ੍ਰਿਸ਼ਨਾ ਉਪਜਾ ਦਿੱਤੀ ਹੈ। ਸੁਭਰ ਭਰਾਯਉ-ਲਬਾਲਬ ਭਰ ਦਿੱਤਾ ਹੈ, ਪੂਰਨ ਤ੍ਰਿਪਤੀ ਦਾਨ ਕਰ ਦਿੱਤੀ ਹੈ। ਗੁਰਗਮ ਪ੍ਰਮਾਣਿ-ਗੁਰੂ (ਬਖਸ਼ੀ) ਗੰਮਤਾ ਦੇ ਪ੍ਰਮਾਣ ਨਾਲ। ਦਿਵਜ ਦਸ਼ਾ ਦੇ ਪ੍ਰਮਾਣ ਨਾਲ। ਪ੍ਰਮਾਣ-ਗਜਾਨ ਪ੍ਰਾਪਤੀ ਦਾ ਵਸੀਲਾ, ਕਿਸੇ ਸ਼ੈ ਨੂੰ ਸਹੀ ਸਬੂਤ ਕਰਨ ਦਾ ਵਸੀਲਾ, ਯਥਾਰਥ ਬਿਧਿ ਦਾ ਸਾਧਨ। ਸਾਂਖ ਨੇ ਤ੍ਰੈ ਪ੍ਰਮਾਣ ਮਨੇ ਹਨ:-'ਪ੍ਰਤੱਕਸ਼', 'ਅਨੁਮਾਨ' ਤੇ 'ਸ਼ਬਦ'। ਨਜਾਜ ਨੇ ਇਨ੍ਹਾਂ ਤਿੰਨਾਂ ਨਾਲ ਇਕ ਹੋਰ ਮੰਨਿਆਂ ਹੈ:-'ਉਪਮਾਨ'। ਵੇਦਾਂਤ ਨੇ ਦੋ ਨਾਲ ਹੋਰ ਰਲਾਏ ਹਨ-'ਅਨ ਉਪਲਭਧੀ (ਯਾਂ ਅਭਾਵ ਪ੍ਰਤਕਸ਼) ਤੇ 'ਅਰਥਾਪਤੀ'। ਹੋਰਨਾਂ ਮਤਾਂ ਵਾਲਿਆਂ ਨੇ ਤ੍ਰੈ ਹੋਰ ਪਾ ਕੇ ਸਾਰੇ ਨੌਂ ਕੀਤੇ ਹਨ-ਸੰਭਵ, ਏਤਿਹਜ, ਚੇਸ਼ਟਾ।

ਇਨ੍ਹਾਂ ਵਿਚੋਂ 'ਸ਼ਬਦ ਪ੍ਰਮਾਣ' ਉਹ ਹੈ ਜੋ ਵਾਹਿਗੁਰੂ ਵਲੋਂ ਆਏ ਗਜਾਨ ਤੋਂ ਮਿਲਦਾ ਹੈ, ਗੁਰੂ ਗ੍ਰੰਥ ਸਾਹਿਬ ਤੇ ਸਤ ਸ਼ਾਸਤ੍ਰਾਂ ਦੀ ਉਗਾਹੀ ਸ਼ਬਦ ਪ੍ਰਮਾਣ ਹੈ। ਅਨੁਭਵੀ ਮਹਾਂ ਪੁਰਖ, ਅਵਤਾਰ, ਗੁਰੂ ਅਵਤਾਰ ਦੇ ਵਾਕ 'ਸ਼ਬਦ ਪ੍ਰਮਾਣ' ਹਨ। ਇਨ੍ਹਾਂ ਨੂੰ 'ਆਪਤ ਵਚਨ' ਬੀ ਆਖਦੇ ਹਨ। ਕੱਲ੍ਹ ਜੀ ਇਥੇ ਇਕ ਨਵਾਂ ਪ੍ਰਮਾਣ ਦੇਣਾ ਚਾਹੁੰਦੇ ਹਨ, ਜੋ 'ਸ਼ਬਦ ਪ੍ਰਮਾਣ' ਤੇ 'ਪ੍ਰਤੱਕਸ਼ ਪ੍ਰਮਾਣ' ਦੋਹਾਂ ਦੇ ਮੇਲ ਤੋਂ ਬਣਦਾ ਹੈ, ਜਿਸ ਵਿਚ ਦੋਹਾਂ ਦੀ ਅੰਸ਼ ਰਲੀ ਹੈ। ਉਗਾਹੀ ਜੋ ਦੇਣ ਲੱਗੇ ਹਨ, ਓਹ 'ਪ੍ਰਤੱਖ' ਦੀ ਹੈ, ਪਰ ਪ੍ਰਤੱਖ ਉਨ੍ਹਾਂ ਦਾ ਪੰਜਾਂ ਇੰਦ੍ਰੀਆਂ ਦੇ ਗਿਆਨ ਤੋਂ ਉਚੇਰਾ ਚਲਾ ਗਿਆ ਹੈ, ਪ੍ਰਤੱਖ ਪ੍ਰਮਾਣ ਲਈ ਜ਼ਰੂਰੀ ਹੈ ਕਿ ਉਹ ਪੰਜਾਂ ਇੰਦ੍ਰਿਆਂ ਦ੍ਵਾਰਾ ਪ੍ਰਾਪਤ ਕੀਤਾ ਗਜਾਨ ਹੋਵੇ, ਪਰ ਏਥੇ ਪ੍ਰਤੱਖ ਉਹ ਹੈ ਜੋ ਲੇਖਕ ਨੇ ਦਿਬ-ਦ੍ਰਿਸ਼ਟੀ ਪਾਕੇ ਅਨੁਭਵ ਕੀਤਾ ਹੈ, ਦਿਬ ਦ੍ਰਿਸ਼ਟੀ ਨਾਲ ਅਨੁਭਵ ਵਿਚ ਆਏ ਨੂੰ 'ਆਪਤ ਵਾਕ' ਕਹਿਣਾ ਜਚ ਸਕਦਾ ਹੈ; ਪਰ ਆਪਣਾ ਨਿਜ ਤਜਰਬਾ ਹੋਣ ਕਰਕੇ ਉਹ ਪ੍ਰਤੱਖ ਹੈ। ਫਿਰ ਇਹ ਦਿੱਬ ਦ੍ਰਿਸ਼ਟੀ-ਆਪਣੀ ਹੈ, ਅਦਬ ਆਗਜਾ ਨਹੀਂ ਦੇਂਦਾ ਕਿ ਇਸ ਨੂੰ 'ਆਪਤ ਵਾਕ' ਕਵੀ ਆਖੇ। ਇਸ ਕਰਕੇ ਉਹ ਇਕ ਨਵਾਂ ਪਦ ਵਰਤਦਾ

ਹੈ ਜਿਸ ਵਿਚ ਇਸ 'ਪ੍ਰਮਾਣ' ਨੂੰ ਵਿਦਿਤ ਕਰਦਾ ਹੈ:-'ਗੁਰਗਮ ਪ੍ਰਮਾਣ'-ਉਹ ਪ੍ਰਮਾਣ ਜੋ ਗੁਰੂ ਦੀ (ਬਖਸ਼ੀ) ਗੰਮਤਾ ਨਾਲ ਮੈਂ ਪਾਇਆ ਹੈ, ਅਰਥਾਤ ਪਿਛੇ ਕਹੀ ਉੱਚ ਅਵਸਥਾ (ਦਿਬ ਦ੍ਰਿਸ਼ਟੀ) ਪ੍ਰਾਪਤ ਕਰਕੇ ਪੰਜਾਂ ਇੰਦ੍ਰਿਆਂ ਤੋਂ ਉੱਪਰ ਜਾਕੇ ਜਦ ਮੇਰਾ ਆਤਮਾ ਸ੍ਵੈ ਸਰੂਪ ਵਿਚ ਟਿਕਿਆ ਤੇ ਵਾਹਿਗੁਰੂ ਦੇ ਸਨਮੁਖ ਹੋਇਆ ਉਸ ਅਪਰਮਿਤ ਪ੍ਰੱਗਜਾ ਦੇ ਚਾਨਣੇ ਵਿਚ ਜੋ ਮੈਂ ਪਰਤੱਖ ਦੇਖਿਆ ਉਸ ਪ੍ਰਮਾਣ ਦੁਆਰਾ ਮੈਂ ਕਹਿੰਦਾ ਹਾਂ, ਕਿ ਗੁਰੂ ਅਰਜਨ ਜੀ ਨੇ ਸਹਿਜ ਜੋਗ ਪਾਇਆ ਹੈ। ਪਰ ਉਸ ਉੱਚੀ ਅਵਸਥਾ ਵਿਚ ਮੇਰੀ ਗੰਮਤਾ ਗੁਰੂ ਦੀ ਮਿਹਰ ਨਾਲ ਹੋਈ ਹੈ ਇਸ ਕਰਕੇ ਉਸ ਪ੍ਰਮਾਨ ਨੂੰ 'ਗੁਰ ਗਮ ਪ੍ਰਮਾਣ' ਨਾਮ ਦਿੱਤਾ ਹੈ।

ਇਸ ਉਪਰਲੀ ਵਜਾਖਜਾ ਲਿਖੀ ਜਾਣ ਬਾਦ ਸਾਨੂੰ ਇਸ ਦੀ ਟੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਬਾਹਰ ਤੋਂ ਹੋਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਤੁਕ ਮਿਲੀ "**ਹਿਰਦੈ ਪ੍ਰਗਾਸੁ ਗਿਆਨ ਗੁਰ ਗੰਮਿਤਿ ਗਗਨ ਮੰਡਲ ਮਹਿ ਧਿਆਨਾ ਨਾ**"(੩੩੯) ਗਗਨ ਮੰਡਲ ਵਿਚ ਧਿਆਨ ਲਗਾਉਣ ਨਾਲ ਗੁਰੂ ਬਖਸ਼ੀ ਗੰਮਤਾ ਦੇ, ਗਿਆਨ ਦਾ ਹਿਰਦੇ ਵਿਚ ਪ੍ਰਗਾਸ ਹੋ ਗਿਆ। ਇਥੇ ਉਸ ਅਵਸਥਾ ਦਾ ਪਤਾ ਦਿਤਾ ਗਿਆ ਹੈ, ਜਿਥੇ ਜਾਕੇ ਭੱਟ ਨੂੰ ਸ੍ਵੈ ਅਨੁਭਵ ਹੋਇਆ ਹੈ, ਜਿਸ ਨੂੰ ਉਹ 'ਗੁਰ ਗਮ ਪ੍ਰਮਾਣ' ਕਹਿ ਰਿਹਾ ਹੈ। ਭਰਥਰੀ ਜੀ ਨੇ ਬੀ ਇਸ ਸ੍ਵੈ ਅਨੁਭਵ ਦਾ ਜੋ ਇਕ ਤਰ੍ਹਾਂ ਦਾ ਪ੍ਰਤਜਕਸ਼ ਹੈ ਪਤਾ ਦਿਤਾ ਹੈ। "ਸ੍ਵਾਨੁਭੂਤਜੇਕ ਮਾਨਾਯ" ਅਰਥਾਤ (ਜਿਥੇ) ਸ੍ਵੈ ਅਨੁਭਵ ਹੀ ਇਕ ਪ੍ਰਮਾਣ ਹੈ।

ਇਸੇ ਤਰ੍ਹਾਂ ਰਾਜਾ ਭੋਜ ਨੇ ਪ੍ਰਤਜਕਸ਼ ਦਾ ਰੂਪ ਐਉਂ ਵਰਣਨ ਕੀਤਾ ਹੈ:-ਪ੍ਰਤਜਕਸ਼ਮਕਸ਼ਜੰ ਗਜਾਨੰ ਮਾਨਸੰ ਚਾਭਿਧੀਯਤੇ। ਸ੍ਵਾਨੁ ਭੂਤਿ ਭਵੰ ਚੈਵਮੁਪਚਾਰੇਣ ਕਥਜਤੇ।

ਅਰਥਾਤ-ਅੱਖ ਆਦਿ ਇੰਦ੍ਰਿਆਂ ਤੋਂ ਉਪਜੇ ਗਜਾਨ ਨੂੰ ਪ੍ਰਤਜਕਸ਼ ਆਖਦੇ ਹਨ। (ਪ੍ਰਰ) ਮਾਨਸ ਗਜਾਨ ਅਤੇ ਆਪਣੀ ਅਭੂਤਿ ਤੋਂ ਉਪਜਿਆ ਗਜਾਨ ਬੀ ਗੌਣ ਬ੍ਰਿਤੀ ਨਾਲ ਪ੍ਰਤਜਕਸ਼ (ਪ੍ਰਮਾਣ) ਹੈ। ਸ੍ਵੈ ਅਨਭੂਤਿ ਦਾ ਅਰਥ ਹੈ ਆਪਣਾ ਅਨੁਭਵ ਜੋ ਯੋਗਾਦਿ ਸਾਧਨਾਂ ਤੋਂ ਪ੍ਰਾਪਤ ਹੁੰਦਾ ਮੰਨਦੇ ਹਨ। ਅਜਰ ਜਰਿਓ-ਜਦੋਂ ਚਿੱਤ ਇਕਾਗ੍ਰ ਹੁੰਦਾ ਹੈ, ਕਿਸੇ ਰਸ ਵਿਚ ਜਾਂਦਾ ਹੈ, ਨਿਰੁੱਧ ਹੋਕੇ ਹੋਰ ਉੱਚੇ ਰਸ ਵਿਚ ਜਾਂਦਾ ਹੈ, ਪਰਮਾਤਮਾਂ ਦੇ ਮੇਲ ਵਿਚ ਜਾਕੇ (ਜੀਵ ਤੱਤ ਬ੍ਰਹਮ ਨਾਲ ਮਿਲਕੇ) ਰਸ ਰੂਪ ਹੀ ਹੋ ਜਾਂਦਾ ਹੈ, ਫਿਰ ਜਦ ਉਥਾਨ ਅਵਸਥਾ ਹੋਵੇ ਤਾਂ ਉਸ ਰਸ ਦਾ ਰੰਗ ਮਨ ਬੁੱਧੀ ਤੇ ਬੀ ਸੰਸਕਾਰ ਮਾਤ੍ਰ ਚੜ੍ਹਦਾ ਹੈ, ਇਸ ਰੰਗ ਨੂੰ ਮਨ ਬੁੱਧੀ ਦ੍ਵਾਰਾ ਜਰ ਸਕਣਾ ਕਠਨ ਹੈ। ਅਭਜਾਸੀ ਬੋਲ ਉਠਦੇ ਹਨ, ਚੇਟਕਾਂ ਵਿਚ ਲੱਗ ਪੈਂਦੇ ਹਨ, ਸ਼ਕਤੀਆਂ ਦਿਖਾਲਦੇ ਹਨ, ਪਰ ਜੋ ਇਸ ਨੂੰ ਜਰ ਜਾਏ ਤਾਂ ਕਹੀਦਾ ਹੈ ਅਜਰ ਜਰਿਓ।

ਸਰਿ ਸੰਤੋਖ-ਸੰਤੋਖ ਦਾ ਸਰੋਵਰ, ਤ੍ਰਿਪਤੀ ਦਾ ਸਮੁੰਦਰ, ਵਾਹਿਗੁਰੂ। ਸਹਿਜ ਜੋਗੁ-ਉਹ ਜੋਗ ਜਿਸ ਵਿਚ ਯਤਨ ਨਾ ਰਹੇ; ਜਿਵੇਂ ਕੋਈ ਗਲ ਸੁਭਾਵ ਭੂਤ ਹੁੰਦੀ ਹੈ, ਸੁਤੇ ਸਿੱਧ ਸਾਂਈਂ ਨਾਲ ਲਗਾਤਾਰ ਮਿਲਾਪ ਦੀ ਅਵਸਥਾ। (ਅ) ਗਿਆਨ ਯੋਗ ਆਤਮਾ ਤੇ ਪਰਮਾਤਮਾਂ ਦਾ ਪੂਰਨ ਮਿਲਾਪ, ਜਿਸ ਵਿਚੋਂ ਉਥਾਨ ਨਹੀਂ। ਨਿਜੁ-ਅਪਣਾ, ਸੁਭਾਵ ਭੂਤ, ਖਾਸ, ਅਸਲੀ॥੮॥

| ਮੂਲ | ਅਰਥ |
|---|---|
| **ਅਮਿਉ ਰਸਨਾ ਬਦਨਿ ਬਰਦਾਤਿ ਅਲਖ ਅਪਾਰ ਗੁਰ ਸੂਰ ਸਬਦਿ ਹਉਮੈ ਨਿਵਾਰ੍ਉ ॥ ਪੰਚਾਹਰੁਨਿ-ਦਲਿਅਉ ਸੁੰਨ ਹਜਿ ਨਿਜ ਘਰਿ** | ਹੇ (ਸ੍ਰੀ ਗੁਰੂ ਅਰਜਨ ਦੇਵ ਜੀ ਆਪ) ਗੁਰੂ (ਹੋ, ਤੇ ਗੁਰੂ ਵੀ) ਸੂਰਮੇ (ਹੋ, ਤੁੱਛ ਬੁਧੀ ਵਾਲੇ ਜੀਵ ਆਪ ਨੂੰ) ਲਖ (ਨਹੀਂ ਸਕਦੇ ਤੇ ਨਾ ਹੀ ਆਪ ਦਾ) ਪਾਰਾਵਾਰ (ਪਾ ਸਕਦੇ ਹਨ; ਆਪ ਦੇ) ਮੁਖਾਰਬਿੰਦ (ਤੋਂ) ਵਰਦਾਨ (ਪ੍ਰਾਪਤ ਕਰ |

**ਸਹਾਰ੍ਉ ॥ ਹਰਿ ਨਾਮਿ ਲਾਗਿ ਜਗ ਉਧਰ੍ਉ ਸਤਿਗੁਰੁ ਰਿਦੈ ਬਸਾਇਅਉ ॥**

ਸਿੱਖ ਸੇਵਕ ਤੇ ਯਾਚਕ ਵਰੋਸਾ ਰਹੇ ਹਨ), (ਆਪ ਜੀ ਦੀ) ਰਸਨਾ ਤੋਂ (ਨਾਮ ਰੂਪ) ਅੰਮ੍ਰਿਤ (ਦਾ ਪ੍ਰਵਾਹ) ਜਾਰੀ ਹੈ ਜਿਸ ਤੋਂ ਜਗਤ (ਜਲੰਦੇ ਨੂੰ ਸ਼ਾਂਤਿ ਪ੍ਰਾਪਤ ਹੋ ਰਹੀ ਹੈ ਤੇ ਆਪ ਜੀ ਦਾ ਉਪਦੇਸ਼, ਅਖ਼ਿਲ ਬਾਣੀ, ਸਿੱਖਾਂ ਤੇ ਸੇਵਕਾਂ ਦੇ) ਹਉਮੈ ਦੇ ਰੋਗ ਨੂੰ ਦੂਰ ਕਰ ਰਹੀ ਹੈ। ਪੰਜ (ਗਿਆਨ ਇੰਦ੍ਰੇ ਜੋ ਮਨ ਨੂੰ ਇਕਾਗਰ ਨਹੀਂ ਹੋਣ ਦੇਂਦੇ) ਉਹਨਾਂ ਨੂੰ (ਆਪਣੇ) ਵੱਸ ਵਿਚ ਕਰ ਲੀਤਾ ਹੈ, ਅਫੁਰ ਪਰਮਾਤਮਾ ਨੂੰ ਆਪਣੇ ਰਿਦੇ ਵਿਚ (ਜਰ ਲਿਆ ਅਥਵਾ) ਧਾਰਿਆ ਹੈ।

**ਗੁਰ ਅਰਜੁਨ ਕਲੁਚਰੈ ਤੈ ਜਨਕਹ ਕਲਸੁ ਦੀਪਾਇਅਉ ॥ ੯ ॥**

(ਹੇ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਜਿਨ੍ਹਾਂ ਆਪ ਦੇ ਦੱਸੇ ਮੰਤ੍ਰ ਨੂੰ) ਰਿਦੇ ਵਿਚ ਵਸਾਇਆ ਹੈ ਉਹ ਵਾਹਿਗੁਰੂ ਦੇ ਨਾਮ ਨਾਲ ਜੁੜਕੇ ਜਗਤ ਤੋਂ ਉਧਰ ਗਏ ਹਨ। ਕਲ੍ਹ ਨਾਮੇ ਭੱਟ ਕਹਿੰਦਾ ਹੈ ਕਿ ਹੇ ਗੁਰੂ ਅਰਜਨ ਦੇਵ ਜੀ! ਤੁਸਾਂ ਗਜਾਨ ਰੂਪੀ ਸੂਰਜ (ਜਗਤ ਤੇ) ਰੋਸ਼ਨ ਕੀਤਾ ਹੈ॥੯॥

**ਪਦਾਰਥ**—ਅਮਿਉ-ਅੰਮ੍ਰਿਤ। ਰਸਨਾ-ਜੀਭ। ਬਦਨਿ-ਮੂੰਹ ਤੋਂ। ਬਰਦਾਤਿ-ਵਰ ਦੀ ਬਖਸ਼ਸ਼। ਪੰਚਾਹਰੁਨਿ-ਪੰਜ ਫੜ ਲੈਣ ਵਾਲੇ, ਭਾਵ ਪੰਜ ਗਜਾਨੇਂਦ੍ਰਯ ਜੋ ਬ੍ਰਿਤੀ ਨੂੰ ਫੜ ਲੈਂਦੇ ਹਨ। ਇਕਾਗ੍ਰ ਹੋਣ ਵੇਲੇ ਬਾਹਰ ਨੂੰ ਖਿੱਚ ਲੈਂਦੇ ਹਨ, ਐਉਂ ਬੀ ਅਰਥ ਕਰਦੇ ਹਨ:- ਪੰਚ+ਹਰੁਨਿ ਪੰਜਾਂ ਹਰਨਾਂ ਨੂੰ, ਭਾਵ ਵਿਸ਼ਿਆਂ ਨੂੰ ਪੰਚਾਹਰੁ+ਨਿਦਲ+ਅਉ-ਪੰਚਾਹਰ ਨੂੰ ਵਿਸੇਸ਼ ਕਰਕੇ ਦਲਿਆ ਹੈ। ਪੰਚਾਹਰ ਤੋਂ ਭਵਾ ਪਚਾਨਨ-ਸ਼ੇਰ ਦਾ ਲੈਂਦੇ ਹਨ। ਸ਼ੇਰ ਤੋਂ ਮੁਰਾਦ ਅੱਗਜਾਨ ਦੀ ਲਈ ਜਾਂਦੀ ਹੈ। ਸੁੰਨ ਸਹਜਿ-ਅਫੁਰ ਤੇ ਸ੍ਵਤੇ ਪ੍ਰਕਾਸ਼ਿਤ, ਭਾਵ ਬ੍ਰਹਮ ਤੋਂ ਹੈ।

ਸਹਾਰਉ-ਧਾਰਨ ਕੀਤਾ ਹੈ। ਕਲ੍ਹ-ਭੱਟ ਦਾ ਨਾਮ ਹੈ। ਜਨਕਹ ਕਲਸੁ-ਗਜਾਨ ਦਾ ਸੂਰਜ। ਕਲਸ ਗੁੰਬਦ ਉਪਰ ਚਮਕਦਾ ਰਹਿੰਦਾ ਹੈ, ਲੱਛਨਾਂ ਦੁਆਰਾ ਸੂਰਜ ਅਰਥ ਕਰਦੇ ਹਨ ਗਜਾਨ ਦਾ। (ਅ) ਐਉਂ ਬੀ ਜਤਨ ਹੁੰਦਾ ਹੈ: ਜਨ+ਕਹ+ਕਲਸ+ਦੀ ਪਾਇਅਉ-ਦਾਸ ਤਾਈਂ ਪਰਮਾਤਮਾ ਦਾ ਪ੍ਰਕਾਸ਼ ਕਰ ਦਿੱਤਾ ਹੈ। ਕਲਸ ਉੱਚਾ ਹੁੰਦਾ ਹੈ ਇਸ ਕਰਕੇ ਸ਼ਿਰੋਮਣੀ ਅਰਥ, ਸ਼ਿਰੋਮਣੀ ਸਭ ਤੋਂ ਪਰਮਾਤਮਾ ਹੈ ਇਸ ਕਰਕੇ ਪਰਮਾਤਮਾ ਅਰਥ। ਦੀਪਾਇਅਉ-ਰੌਸ਼ਨ ਕੀਤਾ ਹੈ।

## ਮੂਲ / ਅਰਥ

**ਸੋਰਠੇ ॥ ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ ॥ ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥੧॥੧੦॥**

ਗੁਰੂ ਅਰਜਨ ਦੇਵ ਜੀ ਦੇ ਪੌਰਖੱਤ੍ਰ ਦਾ ਪ੍ਰਮਾਣ ਅਰਜਨ ਨਾਲ ਹੈ (ਉਸ ਵਾਂਙੂ ਆਪ) ਅਚੱਲ ਹਨ। (ਉਸ ਨੇ ਤੀਰੰ-ਦਾਜ਼ੀ ਵਿਚ ਪ੍ਰਸਿੱਧੀ ਪਾਈ ਪਰ ਆਪ ਨੇ) (ਨਾਮ ਰੂਪੀ ਨੇਜ਼ੇ(ਦੇ ਚਲਾਉਣ ਵਿਚ) ਪ੍ਰਸਿਧੀ ਪਾਈ। (ਉਸ ਨੂੰ ਹਉਂ ਨੇ ਸੂਰਮਾਂ ਬਣਾਇਆ, ਆਪ ਨੂੰ) ਸਤਿਗੁਰੂ ਦੇ ਸ਼ਬਦ ਨੇ ਅਲੰਕ੍ਰਿਤ ਕੀਤਾ॥੧॥੧੦॥

**ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ ॥**

ਸਮੁੰਦਰ ਤੋਂ (ਤਾਂ (ਤਾਰਨ ਲਈ) ਬੋਹਥਾ ਹੁੰਦਾ ਹੈ (ਪਰ ਆਪ ਜੀ ਨੇ ਤਾਂ ਭਵ) ਸਾਗਰ ਤੋਂ (ਤਰਨ ਲਈ)

| | |
|---|---|
| **ਤੁਅ ਸਤਿਗੁਰ ਸੰਹੇਤੁ ਨਾਮਿ ਲਾਗਿ ਜਗੁ ਉਧਰ੍ਯਉ ॥੨॥੧੧॥** | ਵਾਹਿਗੁਰੂ ਨਾਮ ਦਾ ਪੁਲ ਹੀ ਬੰਨ੍ਹ ਦਿੱਤਾ ਹੈ। ਹੇ ਸਤਿਗੁਰੂ ਜੀਓ! ਤੁਸਾਡੇ ਨਾਲ ਪ੍ਰੇਮ ਲਾਕੇ (ਜੇਹੜੇ) ਨਾਮੁ ਨਾਲ ਲਗੇਹਨ (ਉਹਨਾਂ ਦਾ ਤੁਸਾਂ) ਭਵ (ਸਾਗਰ ਤੋਂ ਉਧਾਰ ਕਰ ਦਿੱਤਾ ਹੈ॥੨॥੧੧॥ |
| **ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ ॥ ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ ॥ ੩ ॥ ੧੨ ॥** | (ਹਾਂ ਇਹ) ਜਗਤ ਦਾ ਉਧਾਰ ਕਰਨ ਵਾਲਾ ਨਾਮ (ਮੈਂ, ਹੇ) ਸਤਿਗੁਰੂ ਜੀ (ਆਪ ਦੇ) ਕ੍ਰਿਪਾਲੂ ਹੋਣ ਨਾਲ ਪ੍ਰਾਪਤ ਕੀਤਾ ਹੈ, ਹੁਣ ਹੋਰ ਕਿਸੇ ਨਾਲ (ਮੈਨੂੰ ਕੋਈ) ਵਾਸਤਾ ਨਹੀਂ ਰਿਹਾ, (ਕਿਉਂਕਿ) ਅੰਦਰ ਬਾਹਰ (ਮੇਰੀ) ਪੂਰੀ ਪੈ ਗਈ ਹੈ। (ਭਾਵ ਇਹ ਕਿ ਮੇਰੀ ਹਰ ਤਰ੍ਹਾਂ ਖਾਤਰ ਨਿਸ਼ਾ ਹੋਈ ਹੈ)॥੩॥੧੨॥ |

**ਪਦਾਰਥ**—ਪੁਰਖੁ-ਪੌਰਖੱਤ੍ਰ। ਪ੍ਰਮਾਣੁ-ਦ੍ਰਿਸ਼ਟਾਂਤ। ਪਾਰਥਉ-ਅਰਜਨ ਨਾਲ। ਨੀਸਾਣੁ-ਪ੍ਰਸਿੱਧੀ। (ਅ) ਚਿੰਨ੍ਹ। ਸਵਾਰਿਅਉ-ਅਲੰਕ੍ਰਿਤ ਕੀਤਾ, ਫਬਾਇਆ। ਭਵਜਲ-ਸੰਸਾਰ ਸਾਗਰ। ਸਾਇਰੁ-ਸਮੁੰਦਰ। ਸੰਹੇਤੁ-ਜੋੜਿਆ, ਬਣਾਇਆ, {ਸੰ:, ਸੰਹਿਤ-ਇਕੱਠਿਆਂ ਕਰਨਾ, ਸਾਜਣਾ}। (ਅ) ਸੰ+ਹੇਤ-ਨਾਲ ਪ੍ਰੇਮ। ਨਾਹਿ ਅਵਰ ਸਰਿ ਕਾਮੁ-ਹੋਰ ਨਾਲ ਕੰਮ ਨਹੀਂ, ਭਾਵ ਕਿਸੇ ਨਾਲ ਕੋਈ ਪ੍ਰਯੋਜਨ ਨਹੀਂ। ਬਾਰੰਤਰਿ-ਦਿਲ ਵਿਚ। {ਸੰ:, ਵਾਰ=ਘਰ+ਅੰਤਰ=ਅੰਦਰ। ਘਰ ਵਿਚ, ਭਾਵ ਦਿਲ ਵਿਚ}। 'ਬਾਰਤਰਿ ਪੂਰੀ ਪੜੀ' ਦਾ ਭਾਵ ਹੈ ਖਾਤਰਨਿਸ਼ਾ ਹੋਈ ਹੈ। (ਅ) ਬਾਹਰ ਅੰਦਰ, ਜਗਤ ਵਿਚ ਤੇ ਅੰਤਹਕਰਨ ਵਿਚ।

**ਭਾਵ**—ਇਨ੍ਹਾਂ ਸੋਰਠਿਆਂ ਵਿਚ ਭੱਟ ਜੀ ਨੇ ਗੁਰੂ ਜੀ ਦੇ ਅਮੋਘ ਅਸਰ ਨੂੰ ਅਰਜੁਨ ਦੀ ਅਮੋਘ। ਤੀਰੰਦਾਜ਼ੀ ਨਾਲ ਤੁੱਲਜਤਾ ਦੇਂਦੇ ਹੋਏ ਧ੍ਵਨੀ ਵਿਚ ਵਿਸ਼ੇਸ਼ਤਾ ਦਸੀ ਹੈ ਕਿ ਅਰਜਨ ਦੀ ਕ੍ਰਿਤ ਪ੍ਰਾਣ ਹਰਦੀ ਪਰ ਆਪ ਦੀ ਕਰਨੀ ਜੀਅ ਦਾਨ ਦੇਂਦੀ ਹੈ। ਇਸੀ ਤਰ੍ਹਾਂ ਸਾਗਰ ਤੋਂ ਪਾਰ ਕਰਨੇ ਵਾਸਤੇ ਜਹਾਜ਼ ਹੁੰਦਾ ਸੀ ਪਰ ਤੁਸਾਂ ਨੇ ਨਾਮ ਰੂਪੀ ਪੁਲ ਹੀ ਬਣਾ ਦਿਤਾ ਹੈ, ਜਿਸ ਤੋਂ ਜਗਤ ਤਰਕੇ ਪਾਰ ਹੋਣ ਵਾਲੇ ਦੁਖਾਂ ਤੋਂ ਛੁਟਕੇ ਸੁਖੈਨ ਹੀ ਪਾਰ ਹੋ ਰਿਹਾ ਹੈ। ਲੋਕਾਂ ਦੇ ਤਰਨੇ ਦੀ ਸਾਖ ਭਰਕੇ ਭੱਟ ਜੀ ਹੁਣ ਆਪਣਾ ਤਜ਼ਰਬਾ ਦਸਦੇ ਹਨ ਕਿ ਉਹੀ ਜਗਤ ਤਾਰਕ ਨਾਮ ਮੈਂ ਪਾਇਆ ਹੈ ਪਰ ਸਤਿਗੁਰੂ ਦੇ ਤ੍ਰੁੱਠਣ ਨਾਲ, ਜਿਸਨੂੰ ਪਾਕੇ ਮੇਰੀ ਪੂਰੀ ਤਸੱਲੀ ਹੋਈ ਹੈ; ਇੰਨਾਂ ਕਿ ਮੈਨੂੰ ਕਿਸੇ ਨਾਲ ਹੁਣ ਕੋਈ ਪ੍ਰੋਜਨ ਬਾਕੀ ਨਹੀਂ ਰਹਿ ਗਿਆ। ਇਹ ਭੱਟ ਜੀ ਦਾ ਆਪਣਾ ਤਜਰਬਾ ਜ਼ਬਰਦਸਤ ਸਾਖ ਹੈ ਸਤਿਗੁਰਾਂ ਦੇ ਪੂਰਨ ਪੁਰਖ ਤੇ ਜਗਤ ਤਾਰਕ ਸ਼ਕਤੀ ਵਾਲੇ ਹੋਣ ਦੀ ਤੇ ਇਸ ਗੱਲ ਦੀ ਕਿ ਭੱਟ ਜੀ ਜੱਗਜਾਸੂ ਸਨ ਤੇ ਚਰਨ ਸ਼ਰਨ ਆਕੇ ਸੁਖੀ ਹੋਏ ਸਨ॥੧੦ ਤੋਂ ੧੨॥

| ਮੂਲ | ਅਰਥ |
|---|---|
| **ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥ਅਮਰਦਾਸਿ** | ਜਜੋਤੀ ਸਰੂਪ ਹਰੀ ਨੇ ਆਪ ਗੁਰੂ ਨਾਨਕ ਕਹਾਇਆ, ਤਿਨ੍ਹਾਂ (ਸ੍ਰੀ ਗੁਰੂ ਨਾਨਕ ਦੇਵ ਜੀ) ਤੋਂ (ਸ੍ਰੀ) ਅੰਗਦ (ਦੇਵ ਜੀ) ਪ੍ਰਗਟੇ, ਤਤ (ਸ੍ਰੀ ਗੁਰੂ ਨਾਨਕ ਜਜੋਤੀ) ਨੇ ਤਤ (ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜੋਤਿ) ਵਿਚ ਪ੍ਰਵੇਸ਼ ਕੀਤਾ। (ਸ੍ਰੀ ਗੁਰੂ) ਅੰਗਦ (ਜੀ ਨੇ) ਕ੍ਰਿਪਾ ਕਰਕੇ ਅਮਰਦਾਸ ਜੀ ਨੂੰ ਸਤਿਗੁਰੂ |

| | |
|---|---|
| **ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥ ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥ ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥੧੩॥** | ਸਥਾਪਨ ਕੀਤਾ। (ਸ੍ਰੀ ਗੁਰੂ) ਅਮਰਦਾਸ ਜੀ ਨੇ (ਗੁਰਗੱਦੀ ਦੀ) ਅਟੱਲਤਾ ਦਾ ਛਤਰ ਗੁਰੂ ਰਾਮਦਾਸ ਜੀ ਨੂੰ ਦਿਤਾ। ਮਥੁਰਾ (ਭੱਟ) ਜਿਸ ਨੇ ਸ੍ਰੀ ਗੁਰੂ ਰਾਮਦਾਸ (ਜੀ ਦੇ) ਦਰਸ਼ਨ ਕੀਤੇ ਤੇ ਚਰਨ ਪਰਸੇ (ਹਨ ਤੇ) (ਉਹਨਾਂ ਦੇ) ਅੰਮ੍ਰਿਤ ਬਚਨ (ਸੁਣੇ ਹਨ) ਕਹਿੰਦਾ ਹੈ ਕਿ ਗੁਰੂ ਅਰਜਨ (ਜੀ ਨੂੰ ਬੀ ਮੈਂ) ਨੈਣੀਂ ਪੇਖਿਆ ਹੈ, (ਤੇ) ਮੈਂ (ਗੁਵਾਹੀ ਦੇਂਦਾ ਹਾਂ ਕਿ ਇਹ) ਪੰਜਵੀਂ ਮੂਰਤ ਬੀ ਪ੍ਰਮਾਣੀਕ ਪੁਰਖ ਦੀ ਹੈ॥੧॥੧੩॥ |

**ਪਦਾਰਥ**—ਜੋਤਿ ਰੂਪਿ-ਜਜੋਤੀ ਸਰੂਪ। ਪ੍ਰਕਾਸ਼ ਹੈ ਜਿਸ ਦਾ ਸਰੂਪ। ਅਮਰੁ-ਸ੍ਰੀ ਅਮਰ ਦਾਸ ਜੀ। ਥਿਰੁ-ਸਥਾਪਨ। ਅਮਰਤੁ-ਅਮਰਤਾ ਵਾਲਾ, ਅਟੱਲਤਾ ਦਾ। (ਅ) ਰਾਮਹਿ-ਸ੍ਰੀ ਰਾਮਦਾਸ ਜੀ ਨੂੰ। ਬਯਣ-ਬਚਨ। ਪ੍ਰਮਾਣ ਪੁਰਖੁ-ਅਕਾਲ ਪੁਰਖ ਸੰਸ:-ਪ੍ਰਮਾਣੀਕ ਵਜਕਤੀ-ਮੰਨਿਆ ਪ੍ਰਮੰਨਿਆਂ। ਭਾਵ ਹੈ ਕਿ ਜੋ ਅਕਾਲ ਪੁਰਖ ਵਲੋਂ ਗੁਰਗੱਦੀ ਤੇ ਹੈ, ਜਿਸ ਨੂੰ ਗੁਰੂ ਰਾਮਦਾਸ ਜੀ ਨੇ ਨਿਸਚੇ ਕਰਕੇ ਅਭੁੱਲਤਾ ਵਿਚ ਖੜੋਕੇ ਇਸਥਿਤ ਕੀਤਾ ਹੈ। ਪ੍ਰਮਾਣ ਪੁਰਖੁ-ਉਹ ਜਿਸਦੇ ਨਿਰਣੈ ਨੂੰ ਸਭ ਕੋਈ ਮੰਨ ਲਵੇ। ਮਹਾਨ ਸ੍ਰੇਸ਼ਟ। (ੲ) ਪ੍ਰਮਾਣ ਦਾ ਭਾਵ ਕਦੇ ਕਦੇ ਵਿਸ਼ਨੂੰ ਤੋਂ ਬੀ ਲੈਂਦੇ ਹਨ। ਪਿਖਹੁ-ਵੇਖਹੁ, ਵੇਖਿਆ।

| ਮੂਲ | ਅਰਥ |
|---|---|
| **ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥ ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥ ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥ ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥ ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥ ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥੧੪॥** | (ਹੇ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਜੀ ਨੇ) ਸਤਿ ਸਰੂਪ ਵਾਲੇ ਸਤਿਨਾਮ ਮੰਡਲ (ਵਾਹਿਗੁਰੂ ਨੂੰ ਤੇ) ਸਤਿ ਤੇ ਸੰਤੋਖ ਨੂੰ ਹਿਰਦੇ ਵਿਚ ਧਾਰਨ ਕੀਤਾ ਹੈ, ਅਕਾਲ ਪੁਰਖ ਨੇ ਧੁਰੋਂ ਹੀ (ਆਪ ਦੇ) ਮੱਥੇ ਤੇ (ਇਨ੍ਹਾਂ ਗੁਣਾਂ ਸੰਯੁਕਤ ਹੋਣ ਦਾ ਲੇਖ) ਪ੍ਰਤੱਖ ਲਿਖਿਆ ਹੈ। ਜਾਗਤ ਜੋਤ (ਵਾਹਿਗੁਰੂ ਦੀ ਜਜੋਤੀ ਆਪ ਦੇ ਮਸਤਕ ਤੇ) ਜਗਮਗ ਕਰ ਰਹੀ ਹੈ, (ਤੇ ਆਪ ਜੀ ਦਾ) ਤੇਜ ਸਾਰੇ ਸੰਸਾਰ ਵਿਚ ਛਾਇਆ ਹੋਇਆ ਹੈ। ਪਰਸਣ ਜੋਗ ਪਾਰਸ ਰੂਪ ਗੁਰੂ ਨੂੰ ਪਰਸ ਪਰਸਕੇ (ਆਪ) ਗੁਰੂ ਤੋਂ ਗੁਰੂ ਸਦਵਾਏ ਹੋ। ਮਥਰਾ (ਨਾਮ ਦਾ ਭੱਟ ਗੁਰੂ ਅਰਜਨ ਦੇਵ ਜੀ ਦੀ ਇਹ ਗੌਰਵਤਾ ਅੱਖੀਂ ਵੇਖਕੇ ਤੇ ਪਰਖਕੇ ਆਪਣੇ ਆਪ ਨੂੰ ਸੰਬੋਧਨ ਕਰਦਾ ਹੋਇਆ) ਕਹਿੰਦਾ ਹੈ ਕਿ ਹੇ ਮਨ (ਇਸ ਪੰਜਵੀਂ) ਮੂਰਤੀ ਵਿਚ ਚਿੱਤ ਜੋੜਕੇ ਸਦਾ ਸਨਮੁਖ ਟਿਕਿਆ ਰਹੁ। (ਫਿਰ ਮਥੁਰਾ ਭੱਟ ਲੋਕਾਂ ਨੂੰ ਕਹਿੰਦਾ ਹੈ ਕਿ:-) ਕਲਜੁਗ ਦੇ ਵਿਚ ਗੁਰੂ ਅਰਜਨ ਦੇਵ ਜੀ ਜਹਾਜ਼ ਹਨ; ਹੇ ਸਾਰੀ ਸ੍ਰਿਸ਼ਟੀ (ਦੇ ਲੋਕੋ ਇਨ੍ਹਾਂ ਦੀ ਚਰਨੀ) ਲਗਕੇ (ਤੁਸੀਂ) ਬੀ ਤਰੋ॥੨॥੧੪॥ |

**ਪਦਾਰਥ**—ਅਛਰੁ-ਅੱਖਰ, ਭਾਵ ਲੇਖ। ਧੁਰਿ-ਧੁਰੋਂ, ਮੁੱਢ ਤੋਂ। ਭੂਅਮੰਡਲਿ-ਸੰਸਾਰ ਵਾਲੇ। ਬਿਤਰਹੁ-ਬੀ ਤਰੋ। ਭਾਵ ਤੁਸੀਂ ਬੀ ਤਰੋ। (ਅ) ਨਿਸ਼ਚੇ ਤਰੋ।

| ਮੂਲ | ਅਰਥ |
|---|---|
| ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ ॥ ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗ੍ਯ੍ਯੌ ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥ ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗ੍ਯ੍ਯੌ ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥ ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥੩॥੧੫॥ | ਹੇ (ਲੋਕੋ) ਉਸ ਜਨ (ਮਹਾਂ ਪੁਰਖ) ਤੋਂ ਯਾਚਨਾਂ ਕਰੋ, ਜਿਸ ਦਾ (ਜਗਤ ਵਿਚ ਵਸਦਿਆਂ) ਜਗਤ ਤੋਂ ਪਰੇ ਵਾਸਾ ਪ੍ਰਗਟ ਹੈ, (ਅਤੇ ਜਿਸ ਦਾ) ਦਿਨ ਰਾਤ ਪ੍ਰੇਮ (ਵਾਹਿਗੁਰੂ ਜੀ ਦੇ) ਨਾਮ ਨਾਲ (ਪ੍ਰਗਟ) ਹੈ। ਹਾਂ ਜੋ ਪੂਰੀ ਤਰ੍ਹਾਂ ਅਤੀਤ ਹੈ, ਪਰਮੇਸੁਰ ਦੇ ਰੰਗ ਵਿਚ ਰੰਗਿਆ ਹੋਇਆ ਹੈ, ਵਾਸ਼ਨਾ ਰਹਿਤ ਹੈ, ਪਰ ਫੇਰ ਘਰ ਬਾਰ ਵਾਲਾ ਦੇਖੀਦਾ ਹੈ। ਪਰੇ ਤੋਂ ਪਰੇ, ਜਿਸ ਤੋਂ ਪਰੇ ਹੋਰ ਕੋਈ ਨਹੀਂ, ਐਸੇ (ਪਰਮਾਤਮਾ) ਨਾਲ ਜਿਸ ਦਾ ਪ੍ਰੇਮ ਲਗ ਰਿਹਾ ਹੈ (ਤੇ ਜਿਸ ਨੂੰ) ਸਿਵਾਏ ਵਾਹਿਗੁਰੂ ਜੀ ਦੇ ਹੋਰ ਕਿਸੇ (ਸੰਸਾਰਕ) ਕੰਮ ਨਾਲ ਰਸ ਨਹੀਂ ਹੈ। (ਉਹ ਮੈਂ) ਮਥੁਰਾ ਦਾ ਪ੍ਰਭੂ ਗੁਰੂ ਅਰਜਨ (ਦੇਵ) ਹੈ (ਜੋ) ਭਗਤੀ ਦੇ ਪ੍ਰਕਾਸ਼ (ਕਰਨ) ਵਾਸਤੇ ਮਿਲ ਰਿਹਾ ਹੈ ਸਰਬ ਵਿਆਪੀ ਰਾਮ ਦੇ ਚਰਨਾਂ ਨਾਲ॥੩॥੧੫॥ |

**ਪਦਾਰਥ**—ਜਾਚਹੁ-ਮੰਗੋ, ਯਾਚਨਾ ਕਰੋ। ਪਰ-ਪਰੇ। ਜਾਨੀਅਤੁ-ਜਾਣੀਦਾ ਹੈ, ਪ੍ਰਗਟ, ਪ੍ਰਸਿੱਧ। ਬਾਸੁ-ਵਾਸਾ। ਪਰਮ ਅਤੀਤ-ਪੂਰਨ ਤਿਆਗੀ। ਧਾਮ ਸਿਉ-ਘਰ ਸਮੇਤ, ਘਰ ਵਾਲਾ ਭਾਵ ਗ੍ਰਿਹਸਤ ਵਿਚ। ਅਪਰ ਪਰੰਪਰ-ਇਨ੍ਹਾਂ ਲੋਕਾਂ ਤੋਂ (ਪਰ-) ਪਰੇ ਜੋ ਬ੍ਰਹਮਾ ਆਦਿਕ ਦੇਵਤਾ ਹਨ ਸੋ ਬੀ (ਅਪਰ-) ਉਰੇ ਹਨ ਜਿਸ ਥੋਂ, (ਅ+ਪਰ) ਪਰੇ ਹੋਰ ਕੋਈ ਨਹੀਂ। ਸ੍ਰਬਮਯ-ਜਿਸ ਵਿਚ ਸਭ ਕੁਛ ਹੋਵੇ, ਜੋ ਸਰਬ ਰੂਪ ਹੋਵੇ। ਸਰਬ ਵਿਆਪੀ।
ਹੇਤਿ-ਪ੍ਰਕਾਸ਼ ਲਈ। ਇਸ ਪਦ ਵਿਚ ਕਟਾਖਯ ਹੈ। ਹੇਤਿ ਨਾਮ ਹੈ ਸ਼ਸਤ੍ਰ ਦਾ, ਕਿਰਨ ਦਾ, ਪ੍ਰਕਾਸ਼ ਦਾ। ਤੇ ਹੇਤੂ ਦਾ ਅਰਥ ਹੈ ਸਬੱਬ, ਕਰਕੇ, ਵਾਸਤੇ। ਤੇ ਇਥੇ ਹੇਤਿ ਭਾਵ ਦੇਂਦਾ ਹੈ ਪ੍ਰਕਾਸ਼ ਵਾਸਤੇ, ਭਾਵ ਪ੍ਰਕਾਸ਼ ਕਰਨ ਲਈ।

**ਭਾਵ**—ਮਥੁਰਾ ਨਾਮ ਦਾ ਭੱਟ ਆਪਣਾ ਜ਼ਾਤੀ ਤਜਰਬਾ ਦਸਦਾ ਹੋਇਆ ਕਹਿੰਦਾ ਹੈ ਕਿ ਮੇਰੇ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮੇਰੇ ਪ੍ਰਭੂ ਹਨ, ਦਿਨ ਤੇ ਰਾਤ ਵਾਹਿਗੁਰੂ ਦੇ ਨਾਮ ਦੇ ਪਿਆਰ ਵਿਚ ਵਸਦੇ ਹਨ, ਪਰਮ ਅਤੀਤ ਹਨ ਤੇ ਪਰਮੇਸ਼ੂਰ ਦੇ ਰੰਗ ਵਿਚ ਰੱਤੇ ਹੋਏ ਹਨ, ਘਰ ਦੇ ਕੰਮ ਕਾਜ ਵਿਚ ਲਗਿਆਂ ਉਨ੍ਹਾਂ ਨੂੰ ਵੇਖੀਦਾ ਹੈ ਪਰ ਹਨ ਜਗਤ ਦੀਆਂ ਵਾਸ਼ਨਾ ਤੋਂ ਬਾਹਰ, ਪਾਰਬ੍ਰਹਮ ਪਰਮੇਸ਼ੂਰ ਨਾਲ ਇਨ੍ਹਾਂ ਦਾ ਪ੍ਰੇਮ ਲਗਾ ਹੋਇਆ ਹੈ। ਵਾਹਿਗੁਰੂ ਦੇ ਨਾਮ ਸਿਮਰਨ ਬਿਨਾਂ ਕਿਸੇ ਹੋਰ ਕੰਮ ਕਾਜ ਵਿਚ ਇਨ੍ਹਾਂ ਨੂੰ ਸੁਆਦ ਨਹੀਂ। ਐਸੇ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਹਨ, ਓਹ ਮੇਰੇ ਪ੍ਰਭੂ ਹਨ। ਤੁਸੀਂ ਹੇ ਲੋੜਵੰਦ ਲੋਕੋ! ਉਸੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰ ਤੋਂ ਨਾਮ ਦੀ ਯਾਚਨਾ ਕਰੋ। ਜੋ ਹਨ ਤਾਂ ਪ੍ਰਭੂ ਆਪ ਪਰ ਭਗਤੀ ਦਾ ਜਗਤ ਵਿਚ ਪ੍ਰਕਾਸ਼ ਪਾਣ ਵਾਸਤੇ ਆਪ ਵਾਹਿਗੁਰੂ ਦੀ ਭਗਤੀ ਵਿਚ ਹੈਨ॥੩॥੧੫॥

| ਮੂਲ | ਅਰਥ |
|---|---|
| ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥ ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਹਉ ਏਕ ਘਰੀ ॥ ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥ ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥੧੬॥ | ਸਾਰੇ ਦੇਵਤੇ ਤੇ ਮੁਨੀ, ਇੰਦਰ, ਮਹਾਂ ਸ਼ਿਵ ਯੋਗ ਦੀਆਂ ਸਾਧਨਾਂ ਸਾਧ ਸਾਧਕੇ ਅੰਤ ਨਾ ਪਾ ਸਕੇ, ਫਿਰ ਬ੍ਰਹਮਾਂ ਵੇਦਾਂ ਨੂੰ ਵਿਚਾਰ ਵਿਚਾਰਕੇ ਥਕ ਗਿਆ (ਤੇ ਉਸ ਨੇ ਉਸ) ਹਰੀ ਦਾ ਜਪ ਇਕ ਘੜੀ ਨਾ ਛਡਿਆ। (ਮਥਰਾ ਕਹਿੰਦਾ ਹੈ ਕਿ) ਮੈਂ ਦਾਸ ਦਾ ਪ੍ਰਭੂ (ਬੜਾ ਹੀ) ਦੀਨਾਂ ਦਾ ਦਯਾਲੂ ਹੈ, (ਜਿਸ ਨੇ ਕਿ) ਸੰਗਤ ਤੇ ਸ੍ਰਿਸ਼ਟੀ ਨੂੰ ਨਿਹਾਲ ਕੀਤਾ ਹੈ। (ਐਉਂ ਕਿ ਪਹਿਲਾ) ਗੁਰੂ ਰਾਮਦਾਸ (ਹੋਕੇ) ਜਗਤ ਨੂੰ ਤਾਰਿਆ ਤੇ ਫੇਰ ਜਗਤ ਦੇ ਤਾਰਨ ਵਾਸਤੇ (ਉਹੋ ਹੀ) ਗੁਰਤਾ ਦੀ ਜੋਤਿ (ਸ੍ਰੀ) ਅਰਜਨ ਜੀ ਦੇ ਵਿੱਚ ਰੱਖ ਦਿੱਤੀ॥੪॥੧੬॥ |

**ਪਦਾਰਥ**—ਅੰਤੁ-ਪਾਰਾਵਾਰ। ਮਹਾਂ ਸ਼ਿਵ-ਸ਼ਿਵ ਜੀ। ਜੋਗ ਕਰੀ-ਯੋਗ ਦੀਆਂ ਸਾਧਨਾਂ ਸਾਧੀਆਂ। ਫੁਨਿ-ਫਿਰ। ਬਿਰੰਚਿ-ਬ੍ਰਹਮਾਂ। ਗੁਰ ਜੋਤਿ-ਗੁਰਤਾ ਦੀ ਜੋਤਿ।

**ਭਾਵ**—ਵਾਹਿਗੁਰੂ ਬੇਅੰਤ ਹੈ; ਰਿਖੀ ਮੁਨੀ, ਜੋਗੀ ਯੋਗ ਸਾਧਨਾਂ ਨਾਲ ਉਸ ਦਾ ਅੰਤ ਨਹੀਂ ਪਾ ਸਕੇ। ਬ੍ਰਹਮਾਂ ਵੇਦ ਪੜ੍ਹ ਪੜ੍ਹਕੇ ਥਕ ਗਿਆ, ਪਰ ਉਹ ਭੀ ਉਸ ਦਾ ਅੰਤ ਨਾ ਪਾ ਸਕਿਆ। ਉਸ ਵਾਹਿਗੁਰੂ ਨੇ ਆਪਣੀ ਕ੍ਰਿਪਾਲਤਾ ਕਰਕੇ ਦੀਨ ਦਿਆਲ ਬਿਰਦ ਦੀ ਪੈਜ ਰੱਖੀ, ਤੇ ਆਪਣੀ 'ਗੁਰੂ ਰੂਪ ਜਜੋਤੀ' ਦਾ ਅਵਤਾਰ ਧਾਰਨ ਕੀਤਾ ਜੋ ਗੁਰੂ ਨਾਨਕ ਤੋਂ ਲੈਕੇ ਸ੍ਰੀ ਗੁਰੂ ਰਾਮਦਾਸ ਤੱਕ ਪੁੱਗੀ ਤੇ ਹੁਣ ਉਨ੍ਹਾਂ ਸ੍ਰੀ ਗੁਰੂ ਅਰਜਨ ਰੂਪ ਵਿਚ ਰਖੀ ਹੈ। ਭਾਵ ਇਹ ਹੈ ਕਿ ਸ੍ਰੀ "**ਗੁਰ ਅਰਜਨ ਪਰਤਖ੍ਹ ਹਰਿ**" ਭਾਵ ਗੋਬਿੰਦ ਰੂਪ ਹਨ ਤੇ ਜਗਤ ਦੇ ਉਧਾਰਨ ਲਈ ਪ੍ਰਕਾਸ਼ਮਾਨ ਹੋਏ ਹਨ॥੪॥੧੬॥

| ਮੂਲ | ਅਰਥ |
|---|---|
| ਜਗ ਅਉਰੁ ਨ ਯਾਹਿ ਮਹਾਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ॥ ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ ਅੰਮ੍ਰਿਤ ਨਾਮੁ ਪੀਅਉ॥ ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ॥ ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥੧੭॥ | (ਜਦ) ਇਸ ਕਲਜੁਗ ਵਿਚ ਜਗਤ ਉਤੇ ਕੋਈ (ਬਚਾਵਣ-ਹਾਰ ਸ੍ਰਿਸ਼ਟੀ ਦਾ) ਨਹੀਂ ਸੀ (ਤਾਂ ਗੁਰੂ ਨਾਨਕ ਜਜੋਤੀ ਨੇ ਆਪਣਾ) ਅਵਤਾਰ ਆਨ ਪ੍ਰਗਟ ਕੀਤਾ। ਮਥਰਾ (ਭੱਟ ਕਹਿੰਦਾ ਹੈ ਕਿ) ਜਿਨ੍ਹਾਂ ਨੇ (ਇਨ੍ਹਾਂ ਤੋਂ) ਨਾਮ ਰੂਪੀ ਅੰਮ੍ਰਿਤ ਪੀਤਾ ਹੈ, ਤਿਨ੍ਹਾਂ ਦੇ ਕਰੋੜਾਂ ਦੁਖਾਂ ਦੀ ਨਿਵਿਰਤੀ ਹੋ ਗਈ ਹੈ। ਹੇ ਮਨ! ਇਸ (ਸਿੱਖੀ ਮਾਰਗ ਦੇ) ਰਸਤੇ ਤੋਂ ਨਾ ਚੁੱਕ ਜਾਈਂ, ਭੇਦ ਪਰ ਭੇਦ (ਬੁਧੀ ਵਿਚ ਪੈਕੇ) ਦੂਸਰਾ ਨਾ ਜਾਣ ਲਈਂ (ਕਿ ਗੁਰੂ ਅਰਜਨ ਦੇਵ ਹਰੀ ਰੂਪ ਨਹੀਂ, ਕਿਉਂਕਿ) ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿਚ ਪੂਰਨ ਬ੍ਰਹਮ ਹਰੀ ਨੇ ਪ੍ਰਤੱਖ ਨਿਵਾਸ ਲੀਤਾ ਹੋਇਆ ਹੈ॥੫॥੧੭॥ |

**ਪਦਾਰਥ**—ਅਉਰੁ ਨ-ਹੋਰ ਨਹੀਂ। ਮਹਾਤਮ-ਵਡਾ ਅਨ੍ਹੇਰਾ, ਭਾਵ ਕਲਜੁਗ। (ਅ) ਮਹਾਤਮ-ਮਹਾਤਮਾ, ਮਹਾਂ ਪੁਰਖ ਮਹਾਤਮਨੁ। ਉਜਾਗਰੁ-ਪ੍ਰਕਾਸ਼ਮਾਨ, ਪ੍ਰਗਟ, ਮਸ਼ਹੂਰ।

ਆਨਿ ਕੀਅਉ-ਆਣਕੇ ਕੀਤਾ ਹੈ। ਪੱਧਤਿ-ਰਾਸਤਾ। ਭੇਦੁ ਵਿਭੇਦੁ-ਫਰਕ ਦਾ ਫਰਕ। ਬੀਅਉ-ਦੂਜਾ।

**ਭਾਵ**—ਭੱਟ ਜੀ ਸਤਿਗੁਰਾਂ ਨੂੰ ਵਾਹਿਗੁਰੂ ਰੂਪ ਕਹਿ ਰਹੇ ਹਨ, ਸਵਈਏ ਦੀ ਅੰਤਲੀ ਤੁਕ ਵਿਚ ਕੀਕੂੰ ਉਹ ਸਾਂਈਂ ਨਾਲ ਤਦਰੂਪ ਹਨ ਇਸ ਗਲ ਦਾ ਇਕ ਦੇਸ਼ ਕਾਲ ਦੀ ਬੋਲੀ ਵਾਲਾ ਵਰਣਨ ਦੇਂਦੇ ਹਨ।

ਹੋਰ ਅਰਥ-ਪਹਿਲੀ ਤੁਕ ਦੇ ਅਰਥ ਐਉਂ ਬੀ ਲਗਦੇ ਹਨ:-ਜਗਤ ਵਿਚ ਐਹੋ ਜਿਹਾ ਹੋਰ ਮਹਾਂਪੁਰਖ (ਕੋਈ) ਨਹੀਂ (ਹੋਇਆ ਜੋ) ਅਵਤਾਰ (ਹੋਵੇ ਤੇ ਜਿਸ ਨੇ ਵਾਹਿਗੁਰੂ ਨਾਮ ਨੂੰ ਐਨਾ) ਆਕੇ ਉਜਾਗਰ ਕੀਤਾ ਹੋਵੇ॥੫॥੧੭॥

| ਮੂਲ | ਅਰਥ |
|---|---|
| ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥ ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥ ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥ ਜਪ੍ਯ੍ਯਉ ਜਿਨ੍ਹ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥੧੮॥ | (ਮਥੁਰਾ ਭੱਟ ਆਪਣੀ ਹੱਡ ਬੀਤੀ ਵਿਥਯਾ ਦੱਸਦਾ ਹੈ ਕਿ) ਜਦ ਤਕ ਮੱਥੇ ਦੇ ਭਾਗ ਨਹੀਂ ਜਾਗੇ (ਸਨ) ਤਦ ਤਕ ਭਰਮਦੇ ਫਿਰਦੇ (ਰਹੇ ਤੇ) ਬਹੁਤ ਦੌੜ ਭਜ (ਕੀਤੀ)। (ਇਸ) ਕਲਜੁਗ (ਰੂਪੀ) ਘੋਰ ਸਮੁੰਦਰ ਵਿਚ ਡੁਬਦੇ ਸਾਂ, (ਜੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਨਾ ਹੁੰਦੇ) ਤਦ ਇਹ ਪਛੁਤਾਵਾ (ਪਸਚਾਤਾਪ) ਕਦੇ ਨਾ ਮਿਟਦਾ। ਮਥਰਾ (ਭੱਟ ਕਹਿੰਦਾ ਹੈ: ਮੇਰੀ) ਵਿਚਾਰ ਦਾ ਨਿਚੋੜ ਇਹ ਹੈ ਕਿ ਜਗਤ ਦੇ ਤਾਰਨ ਕਾਰਨ (ਪਰਮਾਤਮਾ ਨੇ ਗੁਰੂ ਰੂਪ) ਅਵਤਾਰ ਧਾਰਿਆ ਹੈ। (ਐਸੇ ਗੋਬਿੰਦ ਰੂਪ) ਸ੍ਰੀ ਗੁਰੂ ਅਰਜਨ ਦੇਵ ਜੀ (ਨੂੰ) ਜਿਨ੍ਹਾਂ ਨੇ ਜਪਿਆ ਹੈ ਫਿਰ (ਓਹ ਮਨੁਖ) ਗਰਭ ਦੇ ਸੰਕਟ ਤੇ ਜਨਮ ਮਰਨ ਵਿਚ ਨਹੀਂ (ਕਦੇ) ਆਏ॥੬॥੧੮॥ |

**ਪਦਾਰਥ**—ਜਬ ਲਉ-ਜਦ ਤਕ। ਲਿਲਾਰ-ਮੱਥਾ। ਉਦੈ-ਪ੍ਰਗਟ। ਕਲਿ-ਕਲਿਜੁਗ। ਤਤੁ ਬੀਚਾਰ-ਵਿਚਾਰ ਦਾ ਤੱਤ, ਵਿਚਾਰ ਦਾ ਨਿਚੋੜ।

| ਮੂਲ | ਅਰਥ |
|---|---|
| ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿ ਨਾਮ ਉਧਾਰਨੁ ॥ ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ਰ ਨਿਵਾਰਨੁ ॥ ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥ ਮਨ ਬਚ ਜਿਨਿ ਜਾਣਿਅਉ ਭਯਉ ਤਿਹ ਸਮਸਰਿ ਸੋਈ ॥ ਧਰਨਿ ਗਗਨ ਨਵ ਖੰਡ | ਕਲਿਜੁਗ (ਵਿਚ) ਹਰੀ ਰੂਪ (ਸ੍ਰੀ ਗੁਰੂ ਅਰਜਨ ਦੇਵ ਜੀ) ਪ੍ਰਗਟ ਹੋਏ (ਤਾਕਿ ਸੰਸਾਰੀ ਜੀਵਾਂ ਨੂੰ) ਹਰੀ ਦਾ ਨਾਮ (ਦੇ ਕੇ ਸੰਸਾਰ ਰੂਪੀ) ਸਮੁੰਦਰ ਤੋਂ ਪਾਰ ਕਰਨ। ਜਿਸ ਦੇ ਰਿਦੇ ਵਿਚ (ਆਪ) ਸੰਤ ਵੱਸਦੇ ਹਨ (ਉਸਦੇ) ਦੁਖ ਦਰਿੱਦ੍ਰ ਦੂਰ ਕਰ ਦਿੰਦੇ ਹਨ। ਉਸ (ਗੁਰੂ ਅਰਜਨ) ਤੋਂ ਬਿਨਾਂ ਹੋਰ ਕੋਈ ਅਪਾਰ ਤੇ ਨਿਰਮਲ (ਪਰਮਾਤਮਾ ਦਾ) ਸਰੂਪ ਨਹੀਂ ਹੈ। ਜਿਸ ਨੇ ਮਨ ਬਚ (ਤੇ ਕਰਮ ਦੁਆਰਾ ਇਸ ਭੇਦ ਨੂੰ) ਜਾਣਿਆਂ ਹੈ ਉਹੋ ਉਸ (ਪਰਮਾਤਮ) ਦੇ ਤੁਲ* ਹੋਇਆ ਹੈ। |

* 'ਜੋ ਜਾਣੈ ਸੋ ਤਿਸੁ ਹੀ ਜੇਹਾ'।

| | |
|---|---|
| ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ॥੭॥੧੯॥ | ਜੋ ਜਜੋਤੀ ਸਰੂਪ (ਪਰਮਾਤਮਾ) ਨਵਾਂ ਖੰਡਾਂ (ਸਾਰੀ) ਧਰਤੀ ਤੇ ਅਕਾਸ਼ ਵਿਚ ਭਰਪੂਰ (ਹੋ ਰਿਹਾ) ਹੈ, ਮਥੁਰਾ ਕਹਿੰਦਾ ਹੈ ਕਿ ਕੁਛ ਭੇਦ ਨਹੀਂ, (ਓਹੋ) ਹਰੀ ਪ੍ਰਤੱਖ ਗੁਰੂ ਅਰਜਨ ਹੈ॥੭॥੧੯॥ |

**ਪਦਾਰਥ**—ਕਲਿ-ਕਲਜੁਗ। ਸੰਤ-ਜਿਸ ਨੇ ਵਿਸ਼ੇ ਜਿੱਤ ਲਏ ਹਨ ਤੇ ਜੋ ਬ੍ਰਹਮ ਵਿਚ ਲੀਨ ਰਹਿੰਦਾ ਹੈ। ਦੇਖੋ ਗੁਰੂ ਗ੍ਰੰਥ ਕੋਸ਼ ਖਾ: ਟ੍ਰੈ: ਸੁ:। ਸੰਤ ਤੋਂ ਮੁਰਾਦ ਸ਼ਾਂਤਿ ਸਰੂਪ ਗੁਰੂ ਅਰਜਨ ਦੇਵ ਜੀ ਦੀ ਹੈ। ਜਾਨਿਅਉ-ਜਾਣਿਆ। ਧਰਨਿ-ਧਰਤੀ। ਗਗਨ-ਅਕਾਸ਼। ਭਰਿ-ਵਿਆਪਕ। ਭਨਿ-ਕਹੁ। ਭੇਦ-ਫ਼ਰਕ, ਸੰਸਾ।

**ਭਾਵ**—ਇਸ ਸਵਈਏ ਵਿਚ ਰੱਬੀ ਆਵੇਸ਼ ਵਾਲੇ ਲਿਖਾਰੀ ਜੀ ਦੱਸਦੇ ਹਨ ਕਿ ਪਰਮਾਤਮਾ ਦੇ ਦੋ ਸਰੂਪ ਹਨ, ਇਕ ਤਾਂ ਜਜੋਤੀ ਸਰੂਪ ਜੋ ਅਦ੍ਰਿਸ਼ਜ ਹੈ; ਉਸ ਨੂੰ ਹਰਿ ਆਪ ਨੇ ਧਰਤ, ਅਕਾਸ਼, ਨੌਖੰਡ ਵਿਚ ਵਜਾਪਕ ਕਿਹਾ ਹੈ, ਇਸ ਅਦ੍ਰਿਸ਼ਜ ਪਰਮਾਤਮਾ ਦਾ ਪ੍ਰਗਟ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਹਾ ਹੈ, ਜਿਨ੍ਹਾਂ ਵਾਸਤੇ ਆਪ ਨੇ ਪਦ 'ਪ੍ਰਗਟ ਹਰਿ' ਤੇ 'ਪ੍ਰਤੱਖ ਹਰਿ' ਵਰਤੇ ਹਨ। ਤੇ ਦੱਸਦੇ ਹਨ ਕਿ ਫ਼ਰਕ ਕੁਛ ਨਹੀਂ। ਜੋ ਸੀ ਆਪ ਨੇ ਦੱਸ ਦਿੱਤਾ ਹੈ ਕਿ ਜਜੋਤੀ ਸਰੂਪ ਹਰੀ ਅਦ੍ਰਿਸ਼ਜ ਹੈ ਤੇ ਗੁਰੂ ਅਰਜਨ ਦੇਵ ਜੀ ਪ੍ਰਤੱਖ ਹੈਨ। ਫ਼ਰਕ ਨਾ ਹੋਣ ਦਾ ਮਤਲਬ ਇਹ ਹੈ ਕਿ ਜੀਵ, ਈਸ਼੍ਵਰ ਯਾ ਰੂਹ ਮਾਦਾ ਆਦਿ ਕੋਈ ਫ਼ਰਕ ਨਹੀਂ ਹਨ। ਇਕੋ ਰੂਪ ਹੈ ਦੋ ਕੌਤਕ ਹਨ। ਥੰਮ੍ਹਿਆਂ ਤੇ ਲੱਗੀਆਂ ਤਾਰਾਂ ਵਿਚ ਓਹੋ ਬਿਜਲੀ ਚਲ ਰਹੀ ਹੈ, ਪਰ ਉਥੇ ਅਦ੍ਰਿਸ਼ਜ ਹੈ, ਪਰ ਬਲਬ ਯਾ ਲਾਟੂ ਵਿਚ ਜਾਕੇ ਉਹੀ ਅਦ੍ਰਿਸ਼ਜ ਸ਼ੈ ਪ੍ਰਤੱਖ ਹੋ ਰਹੀ ਹੈ, ਪ੍ਰਕਾਸ਼ ਦੇ ਰਹੀ ਹੈ ਤੇ ਜਗਤ ਨੂੰ ਚਾਨਣਾਂ ਦੇਕੇ ਸੁਖੀ ਕਰ ਰਹੀ ਹੈ॥੭॥੧੯॥

| ਮੂਲ | ਅਰਥ |
|---|---|
| ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ ॥ ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ ॥ ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ ॥ ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ॥ ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ॥ ਹਰਿਬੰਸ ਜਗਤਿ ਜਸੁ ਸੰਚਰ੍ਯਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥੧॥੨੦॥ | (ਨਾਮ ਅਥਵਾ ਹਰੀ ਜਸ ਰੂਪੀ ਗੁਰੂ) ਗੰਗਾ (ਦਾ ਮਹਾਤਮ ਰੂਪ) ਜਲ ਅਜੈ ਤੇ ਅਟੱਲ ਹੈ, (ਜਿਸ ਵਿਚ) ਸਭ ਸਿੱਖ ਸੰਗਤਾਂ ਨ੍ਹਾ ਰਹੀਆਂ ਹਨ। (ਸਤਿਗੁਰੂ ਜੀ ਦੇ ਦਰ ਤੇ) ਹਰਿ ਭਗਤਾਂ ਦੀ ਕਥਾ ਵਾਚੀ ਜਾ ਰਹੀ ਹੈ ਤੇ ਹਰੀ ਕੀਰਤਨ ਦਾ ਗਾਯਨ ਨਿਤ ਹੋ ਰਿਹਾ ਹੈ। ਅਬਿਨਾਸ਼ੀ ਚੌਰ ਉਸ (ਪਵਿੱਤ੍ਰ) ਸੀਸ ਪੁਰ ਝੁਲ ਰਿਹਾ ਹੈ ਕਿ ਨਾਮੁ ਅੰਮ੍ਰਿਤ ਜਿਨ੍ਹਾਂ ਦੇ ਮੁਖ ਤੋਂ (ਮੈਂ) ਲਿਆ ਹੈ, (ਹਾਂ) ਗੁਰੂ ਅਰਜਨ (ਦੇਵ ਜੀ ਦੇ) ਸਿਰ ਪੁਰ ਛਤ੍ਰ ਆਪ ਪਰਮੇਸੁਰ ਜੀ ਨੇ ਦਿੱਤਾ ਹੈ। ਹਰਿਬੰਸ ਜੀ ਆਖਦੇ ਹਨ ਕੌਣ ਕਹਿੰਦਾ ਹੈ ਸ੍ਰੀ ਗੁਰੂ ਜੀ ਚਲ ਬਸੇ? (ਜਦ ਕਿ ਇਸ) ਜਗਤ ਵਿਚ ਤਾਂ (ਗੁਰੂ ਰਾਮਦਾਸ ਜੀ ਦਾ) ਜਸ ਫੈਲ ਰਿਹਾ ਹੈ॥੧॥੨੦॥ |
| ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥ ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥ ਰਹਸੁ ਕੀਅਉ | (ਹਾਂ ਇਹ ਗੱਲ ਠੀਕ ਹੈ ਕਿ) ਸ੍ਰੀ ਗੁਰੂ ਅੰਗਦ ਸਾਹਿਬ ਜੀ (ਸ੍ਰੀ ਗੁਰੂ) ਨਾਨਕ ਦੇਵ ਜੀ ਨੂੰ ਮਿਲਕੇ ਤੇ (ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮਿਲਕੇ ਸ੍ਰੀ ਗੁਰੂ) ਅਮਰ ਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ (ਸ੍ਰੀ ਗੁਰੂ ਅਮਰ ਦਾਸ ਜੀ |

**ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ ॥ ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ ॥ ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮ-ਦਾਸੁ ਜਿਨ੍ ਪਾਇਯਉ ॥ ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥੨॥੨੧॥੯॥ ੧੧॥੧੦॥੧੦॥੨੨॥੬੦॥੧੪੩॥**

ਨਾਲ ਮਿਲਕੇ) ਗੁਰੂ ਜੀ ਪਾਸ ਗਏ ਹਨ। (ਜਦੋਂ ਸਤਿਗੁਰੂ ਜੀ) ਸਚ ਖੰਡ ਵਿਚ ਗਏ ਤਾਂ ਪਰਮੇਸੁਰ ਨੂੰ (ਇਉਂ) ਪਿਆਰੇ ਲਗੇ (ਜਿਉਂ) ਆਪਣਾ ਆਪ (ਪਿਆਰਾ ਲਗਦਾ ਹੈ)। ਵਾਹਿਗੁਰੂ ਜੀ ਨੇ (ਆਪਣੇ ਸਨਮੁਖ) ਸਿੰਘਾਸਨ ਦੇਕੇ ਸ੍ਰੀ ਗੁਰੂ ਜੀ ਨੂੰ ਓਥੇ ਬੈਠਾਇਆ। (ਸਾਂਈਂ ਰੰਗ ਮਾਣਨ ਵਾਲੇ) ਦੇਵਤਿਆਂ ਨੇ (ਬੜੀ) ਖੁਸ਼ੀ ਕੀਤੀ ਤੇ ਆਪ ਜੀ ਦੇ ਜਸ ਨੂੰ (ਜੈ ਹੋ ਸ੍ਰੀ ਗੁਰੂ ਰਾਮਦਾਸ ਜੀ ਕੀ) ਜੈ ਹੋ (ਉੱਚੀ ਸੁਰ ਨਾਲ) ਉਚਾਰਿਆ। (ਜਿਸ ਆਵਾਜ਼ ਨੂੰ ਸੁਣਕੇ) ਦੈਂਤ ਭੱਜ ਗਏ ਤੇ ਉਨ੍ਹਾਂ ਦੇ ਪਾਪ ਉਨ੍ਹਾਂ ਦੇ ਅੰਦਰ ਕੰਬ ਰਹੇ ਹਨ। (ਸਚ ਖੰਡ ਮੰਡਲ ਵਲੋਂ ਗੰਭੀਰ ਧੁਨਿ ਹੋਈ ਕਿ) ਕਟੇ ਗਏ ਪਾਪ ਉਨ੍ਹਾਂ ਮਨੁਖਾਂ ਦੇ ਸਤਿਗੁਰੂ ਰਾਮਦਾਸ ਜੀ ਜਿਨ੍ਹਾਂ ਨੂੰ ਪ੍ਰਾਪਤ ਹੋਏ। (ਗੁਰਿਆਈ ਦਾ) ਸਿੰਘਾਸਨ ਤੇ ਛਤ੍ਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੇਕੇ (ਸ੍ਰੀ ਗੁਰੂ ਰਾਮਦਾਸ ਜੀ ਸਚ ਖੰਡ ਵਿਖੇ) ਆਏ (ਜੀਉ ਆਏ, ਸਦਕੇ ਆਏ)॥੨॥੨੧॥

**ਪਦਾਰਥ**—ਅਜੈ-ਜੋ ਜਿਤਿਆ ਨਾ ਜਾ ਸਕੇ। ਨਿਤ ਪੁਰਾਣ-ਸਦਾ ਸਨਾਤਨ ਕਥਾ। ਪਰਮੇਸੁਰ ਦੇ ਭਗਤਾਂ ਦੀਆਂ ਕਥਾਂ 'ਨਿੱਤ ਪੁਰਾਣ' ਹੈ, ਜੋ ਪਰੰਪਰਾ ਤੋਂ ਹੁਣ ਤਕ ਵਰਤਦੀ ਹੈ ਅਗੋਂ ਨੂੰ ਵਰਤੇਗੀ, ਤੇ ਅਗਲਿਆਂ ਲਈ ਪਿਛਲੀ ਸਨਾਤਨ ਹੋ ਜਾਂਦੀ ਹੈ। ਭਾਵ ਹੈ ਭਗਵੰਤ ਭਗਤਾਂ ਦੀਆਂ ਕਥਾਂ। (ਅ) ਸਦਾ ਪੁਰਾਣ ਵਾਚੀ ਦੇ ਹਨ। ਪੁਰਾਣ ਤੋਂ ਭਾਵ ਪੁਰਾਤਨ ਭਗਤਾਂ ਦੀਆਂ ਕਥਾ ਦੇ ਪ੍ਰਸੰਗ। ਬੇਦ-ਭਗਤ ਦਾ ਗਜਾਨ। ਭਗਵਤ ਗਜਾਨ ਦੇ ਗੀਤ। ਮੁਰਾਦ ਹੈ ਹਰਿ ਜਸ ਦਾ ਗਾਇਨ, ਹਰੀ ਦਾ ਕੀਰਤਨ। ਹਰੀ ਦਾ ਕੀਰਤਨ (ਅ) ਬ੍ਰਹਮਾਂ ਵੇਦਾਂ ਕਰਕੇ ਮੁਖੋਂ ਗਾਉਂਦਾ ਹੈ (ਆਪ ਦਾ ਜਸ)। 'ਰੰਗ' ਪਦ ਨਾਲ ਵਿਸ਼ੇਸ਼ਨ 'ਅਜੈ' ਦੇਕੇ ਦੈਵੀ ਭੱਟ ਜੀ ਨੇ ਕੁੰਜੀ ਦਿੱਤੀ ਹੈ 'ਨਿਤ ਪੁਰਾਨ' ਤੇ 'ਵੇਦ...ਗਾਵੈ' ਦੇ ਭਾਵ ਸਮਝਣ ਦੀ। ਹਰਿ ਭਗਤਾਂ ਦੀ ਕਥਾ, ਨਿਤ ਪੁਰਾਣ ਹੈ, ਤੇ ਹਰੀ ਕੀਰਤਨ ਬ੍ਰਹਮਾਂ ਦਾ ਆਪ ਵੇਦ ਗਾਯਨ ਹੈ। ਬਾਚੀਅਹਿ-ਵਾਚੀਦੇ ਹਨ। ਢੁਲੈ-ਝੁਲਦਾ ਹੈ। ਹਰਿਬੰਸ-ਕਵੀ ਦਾ ਨਾਮ ਹੈ। ਸੰਚਰਉ-ਫੈਲ ਰਿਹਾ ਹੈ। ਦੇਵਪੁਰੀ-ਸੱਚ ਖੰਡ। ਰਹਸੁ-ਖੁਸ਼ੀ। ਸੁਰਦੇਵ-ਜਜੋਤੀ ਸ੍ਰੂਪ ਵਾਹਿਗੁਰੂ ਦੇ ਜਜੋਤੀ ਰੂਪ ਹੋਕੇ ਕ੍ਰੀੜਾ ਕਰਨ ਵਾਲੇ ਦੇਵਤਾ। ਅਸੁਰ-ਦੈਂਤ।

**ਭਾਵ**—ਪਾਠਕਾਂ ਦੇ ਸੁਭੀਤੇ ਲਈ ਤੁਕਾਂ ਦਾ ਅਰਥ ਸਿੱਧਾ ਦੇਣ ਦਾ ਜਤਨ ਹੀ ਕੀਤਾ ਹੈ, ਪਰੰਤੂ ਅਰਥ ਦੀ ਲਾਵੰਨਤਾ ਤੇ ਭਾਵ ਦੀ ਸਪਸ਼ਟਤਾ ਲਈ ਏਥੋਂ ਅਰਥ ਭਾਵ ਨੂੰ ਚੁੱਕਣਾ ਪ੍ਰਤੀਤ ਹੁੰਦਾ ਹੈ:-'**ਕਵਣੁ ਕਹੈ ਸ੍ਰੀ ਗੁਰੁ ਮੁਯਉ**' ਹਰਿਬੰਸ ਭਟਾਚਾਰਯ ਜੀ ਜਿਨ੍ਹਾਂ ਦੇ ਅੱਖੀਂ ਦੇਖਦੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚੌਥਾ ਜਾਮਾ ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾਏ ਤੇ ਸ੍ਰੀ ਗੁਰੂ ਜੀ ਪੰਚਮ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ੍ਰੂਪ ਵਿਚ ਪ੍ਰਗਟੇ ਕਿਸੇ ਤੋਂ ਇਹ ਸੁਣਕੇ ਕਿ 'ਸ੍ਰੀ ਗੁਰੂ ਜੀ ਚਲ ਬਸੇ' 'ਸ੍ਰੀ ਗੁਰੂ ਰਾਮਦਾਸ ਹੁਕਮ ਸਤ ਹੋ ਗਏ', ਆਪ ਮੇਘ ਨਾਦ ਕਰਕੇ ਪੁਛਦੇ ਹਨ ਕਿ ਕੌਣ ਆਖਦਾ ਹੈ ਸ੍ਰੀ ਗੁਰੂ ਜੀ ਚਲ ਬਸੇ? ਉਹ ਤਾਂ "**ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥**"(੭੫੯) ਤਥਾ:-"**ਜਨਮ ਮਰਣ**

**ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥**"(੭੪੯) ਦੇ ਮਹਾਂਵਾਕ ਅਨੁਸਾਰ ਸਤਿਗੁਰੂ ਇਥੇ ਓਥੇ ਸਦਾ ਜਾਗਤ ਜੋਤ ਹਨ। ਅਰਥਾਤ ਇਸ ਜਗਤ ਵਿਚ ਤਾਂ "**ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥**" (੧੪੦੯) ਸੋ ਗੁਰ ਜਯੋਤਿ ਅਸਥਾਪਨ ਵੇਲੇ ਰਾਜ ਤਿਲਕ ਦੇ ਸਮੇਂ ਦੇ ਸਾਮਾਨ ਵਾਂਗੂੰ ਇਹ ਦਿੱਬਜ ਸਾਮਾਨ ਇਥੇ ਪ੍ਰਗਟੇ, ਯਥਾ-"ਅਜੈ ਗੰਗ" ਇਤਯਾਦੀ ਭਾਵ ਜੈਸੇ ਪੁਰਾਤਨ ਸਮੇਂ ਭਾਰਤ ਵਰਸ਼ ਦੇ ਧਰਮਾਤਮਾਰਾਜੇ ਅਪਣੇ ਜਾਨਸ਼ੀਨਾਂ ਨੂੰ ਜਦ ਰਾਜ ਤਿਲਕ ਦਿੰਦੇ ਸਨ ਤਾਂ ਗੰਗਾ ਜਲ, ਪੁਰਾਨ, ਕਥਾ, ਵੇਦ ਮੰਤਰਾਂ ਦੀ ਧੁਨੀ, ਚਵਰ ਦਾ ਝੁਲਾਣਾ, ਯੁਵਰਾਜ ਦੇ ਮੁਖ ਮਧੁ ਘ੍ਰਿਤ ਦਹੀਂ ਆਦਿ ਦਾ ਪਾਉਣਾ, ਛਤ੍ਰ ਸੀਸ ਪੁਰ ਫਿਰਨਾ, ਇਤਯਾਦੀ ਕੇਵਲ ਸੰਸਾਰਕ ਸਾਮਾਨ ਵਰਤਦੇ ਹਨ, ਤੈਸੇ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦੇ ਗੁਰ ਰਾਜ (ਗੁਰੂ ਨਾਨਕ ਰਾਜ) ਸਿੰਘਾਸਨ ਦੀ ਇਸਥਿਤੀ ਸਮੇਂ ਨਦੀ ਗੰਗਾ ਦਾ ਜਲ ਨਹੀਂ ਲਿਆਂਦਾ ਗਿਆ ਕਿੰਤੂ "**ਗੰਗਾ ਜਲੁ ਗੁਰ ਗੋਬਿੰਦ ਨਾਮ॥**"(੧੧੩੭) ਦੇ ਮਹਾਂ ਵਾਕ ਅਨੁਸਾਰ ਵਾਹਿਗੁਰੂ ਜੀ ਦੇ ਪਵਿੱਤ੍ਰ ਨਾਮ ਦੀ ਅੰਮ੍ਰਿਤ ਗੰਗਾ ਅਟੱਲ ਮਹਾਤਮ ਵਾਲੀ ਸੁਤੇ ਵਹਿ ਰਹੀ ਹੈ। ਜਿਸ ਵਿਚ ਸਭ ਸਿੱਖ ਸੰਗਤਾਂ ਇਸ਼ਨਾਨ ਕਰ ਰਹੀਆਂ ਹਨ। ਇਥੇ ਪੁਰਾਣ ਵਾਚਕੇ ਰਾਜਿਆਂ ਦੇ ਜੁੱਧ ਜੰਗ ਹੀ ਨਹੀਂ ਪ੍ਰਗਟ ਹੋ ਰਹੇ ਕਿੰਤੂ ਭਗਵਾਨ ਦੀ ਭਗਤ ਵਤਸਲਤਾ, ਬਿਰਦ-ਪਾਲਤਾ, ਸੰਤ ਦੋਖੀਆਂ ਦੀ ਖੰਡਨਤਾ, ਭਗਤਾਂ ਦੀ ਮਾਨਤਾ ਤੇ ਭਗਤ ਉਧਾਰਤਾ ਆਦਿ ਜੋ ਪੁਰਾਤਨ ਕਥਾ, ਸਨਾਤਨ ਕਥਾ ਹੈ ਸੋਈ ਪੁਰਾਨ ਵਾਚੇ ਜਾ ਰਹੇ ਹਨ, ਯਥਾ:-

"**ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ॥**
**ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ॥**" (੮੧੫)

ਤਥਾ:-"**ਭਗਤਾਂ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥**"(੬੩੭)

ਇਥੇ ਕੇਵਲ ਵੇਦ ਮੰਤ੍ਰਾਂ ਦਾ ਗਾਇਨ ਕਰਕੇ ਸੂਰਜ, ਅਗਨੀ, ਇੰਦਰ, ਵਾਯੂ ਆਦਿਕਾਂ ਦਾ ਆਵਾਹਨ ਨਹੀਂ ਹੋ ਰਿਹਾ ਕਿੰਤੂ ਕੇਵਲ ਵਾਹਿਗੁਰੂ ਜੀ ਦਾ ਨਿਰਬਾਨ ਕੀਰਤਨ, ਅਖੰਡ ਕੀਰਤਨ, ਉਚਾਰ ਕਰਕੇ ਅਕਾਲ ਪੁਰਖ ਜੀ ਦੀ ਆਰਾਧਨਾ ਹੋ ਰਹੀ ਹੈ। "**ਗਾਵਹੁ ਰਾਮ ਕੇ ਗੁਣ ਗੀਤ॥**" (੯੦੧) ਤਥਾ:-"**ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ॥ ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ॥**" (੪੭੮) ਅਥਵਾ ਹਰਿਬੰਸ ਜੀ ਗੁਰੂ ਕੈ ਦੁਆਰੇ ਵੇਦ ਪੁਰਾਣਾਂ ਨੂੰ ਜਸ ਗਾਯਨ ਕਰਨਹਾਰੇ ਕਹਿ ਰਹੇ ਹਨ। ਇਸ ਤਰ੍ਹਾਂ ਉੱਜਲ ਗੁਰ ਜਸ ਰੂਪੀ ਅਵਿਨਾਸ਼ੀ ਚੌਰ ਹੈ, ਨਾਮ ਅੰਮ੍ਰਿਤ ਆਪ ਮੁਖ ਵਿਚ ਲੈ ਰਹੇ ਹਨ ਤੇ ਦਾਸਾਂ ਨੂੰ ਵਰਤਾ ਰਹੇ ਹਨ; ਇਸ ਲਈ ਮਧੁ, ਘ੍ਰਿਤ, ਦਹੀਂ ਆਦਿ ਪਦਾਰਥਾਂ ਦੇ ਬਨਾਏ ਕਥਨ ਮਾਤ੍ਰ ਸ਼ੈਆਂ ਦੀ ਲੋੜ ਨਹੀਂ ਹੈ। ਸ੍ਰੀ ਸਤਿਗੁਰੂ ਅਰਜਨ ਦੇਵ ਜੀ ਸੀਸ ਪਰ ਅਰਸ਼ੀ ਛਤ੍ਰ ਅਕਾਲ ਪੁਰਖ ਜੀ ਵਲੋਂ ਆਇਆ ਹੈ, ਇਉਂ ਸਤਿਗੁਰੂ ਪੰਚਮ ਸ੍ਵਰੂਪ ਵਿਚ ਇਥੇ ਜੋਤਿ ਜਗਾ ਰਹੇ ਹਨ।

ਹੁਣ ਸਚ ਖੰਡ ਦਰਬਾਰ ਦੀ ਵਾਰਤਾ ਦੱਸਦੇ ਹਨ ਕਿ ਜਿਕੁਣ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲਕੇ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮਿਲ ਕੇ ਸ੍ਰੀ ਗੁਰੂ ਅਮਰਦਾਸ ਜੀ ਵਾਹਿਗੁਰੂ ਜੀ ਪਾਸ ਗਏ ਹਨ ਤਿਵੇਂ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਲ ਮਿਲ ਕੇ ਸ੍ਰੀ ਗੁਰੂ ਰਾਮਦਾਸ ਜੀ ਸਤਿਗੁਰੂ ਜੀ ਪਾਸ ਗਏ ਹਨ, ਅਥਵਾ ਜਦ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਦਾ ਸੰਕਲਪ ਕੀਤਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ ਆਪਣੇ ਨਿਜ ਰੂਪ ਨੂੰ ਜਯੋਤੀ ਮਯ ਸ੍ਵਰੂਪ ਵਿਚ ਲੈਣ ਆਏ। ਇਉਂ ਪੂਰਵੋਕਤ ਤਿੰਨਾਂ ਹੀ ਸਤਿਗੁਰਾਂ ਨਾਲ ਮਿਲਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਵਾਹਿਗੁਰੂ ਜੀ ਪਾਸ ਜਦ ਸਚਖੰਡ ਪੁੱਜੇ ਤਾਂ ਵਾਹਿਗੁਰੂ ਜੀ ਨੇ ਜਯੋਤੀ ਮਯ ਸਿੰਘਾਸਨ ਦੇਕੇ ਸਤਿਗੁਰੂ ਜੀ ਨੂੰ ਉੱਪਰ ਬੈਠਾਇਆ ਇਉਂ ਸਤਿਕਾਰੇ ਜਾ ਰਹੇ

ਸਤਿਗੁਰੂ ਜੀ ਦੇ ਦਰਸ਼ਨ ਪਾ ਕੇ ਦੈਵੀ (ਸਚਖੰਡੀ*) ਮਹਾਂਪੁਰਸ਼ਾਂ ਨੇ ਜੈ ਜੈ ਦੀ ਧੁਨਿ ਉਚਾਰਨ ਕੀਤੀ। ਇਸ ਦਿੱਬਜ ਧੁਨੀ ਨੂੰ ਸੁਣਕੇ ਪਾਪਾਚਰਣ ਵਾਲੀਆਂ ਅਸੁਰ ਰੂਹਾਂ ਕੰਬ ਉਠੀਆਂ ਤੇ ਦੌੜ ਗਈਆਂ ਪਰ ਫੇਰ ਬੀ ਦੌੜ ਭੱਜ ਵਿਚ ਜਿਨ੍ਹਾਂ ਰੂਹਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਦੈਵੀ ਜਜੋਤੀ ਦੇ ਦੀਦਾਰੇ ਪਾਏ ਉਹਨਾਂ ਦੇ ਪਾਪ ਕੱਟੇ ਗਏ ਤੇ ਅਨੰਤ ਪਾਪੀ ਰੂਹਾਂ ਪਰ ਸਾਂਈਂ ਦੀ ਬਖਸ਼ਿਸ਼ ਹੋਈ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਸਚਖੰਡ ਦੀ ਪਹੁੰਚ ਦੀ ਖੁਸ਼ੀ ਵਿਚ ਉਨ੍ਹਾਂ ਪਾਪੀਆਂ ਦੇ ਪਾਪ ਬਖਸ਼ਕੇ ਉਨ੍ਹਾਂ ਨੂੰ ਬੀ ਚਾਨਣੇ ਵਿਚ ਲਿਆਂਦਾ ਗਿਆ। "**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥**"(੮) ਦਾ ਚੋਜ ਵਰਤਿਆ ਤੇ "**ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥**" (੬੦੮) ਤਥਾ:-"**ਵਡਿਆਈ ਸਚੇ ਨਾਮ ਕੀ ਹਉ ਜੀਵਾ ਸੁਣਿ ਸੁਣੇ॥ ਪਸੂ ਪਰੇਤ ਅਗਿਆਨ ਉਧਾਰੇ ਇਕ ਖਣੇ॥**"{੯੬੩} ਵਾਲਾ ਕੌਤਕ ਪ੍ਰਤੱਖ ਹੋ ਦਿੱਸਿਆ। ਇਸ ਤਰ੍ਹਾਂ ਦੇ ਸਤਿਕਾਰ ਤੇ ਬਖਸ਼ਿਸ਼ ਦੇ ਬਾਦ ਵਾਹਿਗੁਰੂ ਜੀ ਵਲੋਂ ਦਿੱਬਜ ਧੁਨੀ ਹੋਈ ਕਿ ਹੇ ਪੁਰਖ! ਗੁਰਿਆਈ ਦਾ ਛਤ੍ਰ ਸਿੰਘਾਸਨ ਪ੍ਰਿਥਵੀ ਮੰਡਲ ਪੁਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੇਕੇ ਆਪ ਆਏ ਹੋ। ਸ਼ਾਬਾਸ਼! ਜੀਉ ਆਏ, ਧੰਨ ਆਏ, ਸਦਕੇ ਆਏ.......।

ਯਥਾ:-"**ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ ਧਨੁ ਧਨੁ ਕਹੈ ਸਾਬਾਸਿ ਜੀਉ।**" ਸਾਹਿਬ ਦਸਮ ਪਾਤਸ਼ਾਹ ਜੀਉ ਨੇ ਇਸ ਸਾਰੇ ਬ੍ਰਿਤਾਂਤ ਨੂੰ ਇਉਂ ਪ੍ਰਗਟ ਕੀਤਾ ਹੈ :-(੯੨੩)

"**ਰਾਮਦਾਸ ਹਰਿ ਸਿਉ ਮਿਲ ਗਏ॥ ਗੁਰਤਾ ਦੇਤ ਅਰਜਨਹਿ ਭਏ॥**"

{ਬਚਿੱਤ੍ਰ ਨਾਟਕ ਧਿਆ ੫ ਅੰਕ ੧੭}

ਇਨ੍ਹਾਂ ਦੋਹਾਂ ਸਵਈਆਂ ਦੇ ਅਰਥ ਕਰਨ ਲਈ ਇਉਂ ਬੀ ਜਤਨ ਕੀਤੇ ਜਾਂਦੇ ਹਨ। ਯਥਾ:-

ਹੇ ਪਰਮੇਸ਼ਰ ਰੂਪ ਗੁਰੋ ਆਪ ਦਾ ਜਸ ਰੂਪੀ ਗੰਗਾ ਜਲ ਜੋ (ਅਜੈ) ਕਿਸੇ ਤੋਂ ਜਿੱਤਿਆ ਨਹੀਂ ਜਾਂਦਾ, ਆਪ ਜੀ ਦੀ ਸਭਾ ਵਿਚ ਅਟੱਲ ਹੈ, ਜਿਸ ਵਿਚ ਸਿੱਖ ਸੰਗਤਾਂ ਸਭ ਨ੍ਹਾਉਂਦੀਆਂ ਹਨ। ਆਪ ਦੇ ਸਨਮੁਖ ਨਿੱਤ ਪੁਰਾਨ ਆਪ ਦੇ ਸਤੁਤੀ ਵਾਚਦੇ ਹਨ ਅਰ ਵੇਦਾਂ ਨਾਲ ਬ੍ਰਹਮਾਂ ਜੀ ਦੇ ਮੁਖ ਤੋਂ ਆਪ ਦੇ ਜੱਸ ਨੂੰ ਗਾਉਂਦੇ ਹਨ। ਅਰ ਵਾਹਿਗੁਰੂ ਜਸ ਦਾ ਅਜੇ ਚੌਰ ਆਪ ਦੇ ਸਿਰ ਪਰ ਝੁਲ ਰਿਹਾ ਹੈ ਤੇ ਨਾਮੁ ਅੰਮ੍ਰਿਤ ਆਪ ਨੇ ਮੁਖ ਤੋਂ ਲਿਆ ਹੈ ਭਾਵ ਜਪਿਆ ਹੈ। ਹੇ ਸ੍ਰੀ ਗੁਰੂ ਅਰਜਨ ਦੇਵ ਜੀ! ਆਪ ਪਰਮੇਸੁਰ ਰੂਪ ਹੋ, ਆਪ ਜੀ ਦੇ ਸਿਰ ਪਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ (ਹੁਣ ਗੁਰਿਆਈ ਦਾ ਛਤ੍ਰ ਦਿੱਤਾ ਹੈ) ਆਦਿ॥੨॥੨੧॥੯॥੧੧॥੧੦॥੧੦॥੨੨॥੬੦॥੧੪੩॥

(ਸ੍ਰੀ ਮੁਖਬਾਕ੍ਰ ਮਹਲ ੫ ਤੇ ਭਟਾਂ ਦੇ ਕੁਲ ੧੪੩ ਸਵੱਯੇ ਸਮਾਪਤ ਹੋਏ)

-ਇਤਿ-

* ਇਸ ਪ੍ਰਕਰਨ ਦੇ ਗੁਰਬਾਣੀ ਅਨੁਸਾਰ ਵਿਸ਼ੇਸ਼ ਸਮਝਣ ਲਈ ਦੇਖੋ 'ਉਚੇਖੰਡਾਂ ਦੇ ਕਉਤਕ' ਸ੍ਰੀ ਗੁਰੂ ਨਾਨਕ ਚਮਤਕਾਰ ਵਿਚੋਂ ਤੇ 'ਸੱਚਖੰਡ ਤੋਂ ਮਾਤਲੋਕ' ਸ੍ਰੀ ਕਲਗੀਧਰ ਚਮਤਕਾਰ ਵਿਚੋਂ। ਇਹ ਦੋਵੇਂ ਪੁਸਤਕ ਭਾਈ ਵੀਰ ਸਿੰਘ ਸਾਹਿਤ ਸਦਨ, ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ, ਨਵੀਂ ਦਿੱਲੀ, ੧੧੦੦੦੧ ਦੇ ਦਫਤਰੋਂ ਮਿਲਦੇ ਹਨ।

# ੧੯. ਸਲੋਕ ਮ: ੯*

## ੧ਓ ਸਤਿਗੁਰ ਪ੍ਰਸਾਦਿ ॥ ਸਲੋਕ ਮਹਲਾ ੯॥

| ਮੂਲ | ਅਰਥ |
| --- | --- |
| ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥ ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥ ੧ ॥ | (ਹੇ ਮਨ! ਮਨੁਖ ਜਨਮ ਪਾਇਕੇ) ਅਕਾਲ ਪੁਰਖ ਪਰਮੇਸੂਰ ਦੇ ਗੁਣਾਂ ਨੂੰ (ਤੈਂ) ਨਹੀਂ ਗਾਂਵਿਆਂ, (ਇਸ ਕਰਕੇ ਇਹ ਉਤਮ) ਜਨਮ (ਤੈਂ) ਨਿਹਫਲ ਕਰ ਦਿਤਾ। (ਨੌਵੇਂ ਗੁਰੂ) ਨਾਨਕ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ) ਕਹਿੰਦੇ ਹਨ, ਹੇ ਮਨ (ਤੂੰ) ਹਰਿ ਪਰਮੇਸੂਰ ਦਾ ਭਜਨ (ਐਉਂ) ਕਰ ਜਿੱਕੁਰ ਮੱਛੀ ਪਾਣੀ ਨੂੰ (ਹਰ ਵੇਲੇ ਚੇਤੇ ਰਖਦੀ ਹੈ)॥੧॥ |

**ਪਦਾਰਥ**—ਗੁਨ-ਵਡਿਆਈਆਂ, ਉਪਕਾਰ। ਗੋਬਿੰਦ-ਧਰਤੀ ਰਖਜਕ, ਵਿਸ੍ਵ ਮੰਡਲ ਦਾ ਪਾਲਕ, ਪਰਮੇਸੁਰ, ਅਕਾਲ ਪੁਰਖ। ਅਕਾਰਥ-ਬਿਅਰਥ, ਨਿਹਫਲ। ਭਜੁ-ਚੇਤੇ ਕਰ, ਸਿਮਰ। ਬਿਧਿ-ਤਰਾਂ। ਮੀਨ-ਮੱਛੀ।

**ਭਾਵ**—ਇਸ ਸਲੋਕ ਵਿਚ ਸਤਿਗੁਰੂ ਜੀ ਵਾਹਿਗੁਰੂ ਦੇ ਗੁਣ ਉਪਕਾਰ ਗਾਉਣੇ ਤੋਂ ਬਿਨਾਂ ਅਤਿ ਦੁਰਲੱਭ ਮਨੁਖ ਜਨਮ ਦਾ ਨਿਕੰਮਾ ਬੀਤ ਜਾਣਾ ਦਸਦੇ ਹਨ ਅਰ ਉਸਦੇ ਭਜਨ ਕਰਨ ਦੀ ਰੀਤੀ ਅਰ ਪ੍ਰਮਾਣ ਦੱਸਕੇ ਸਿਮਰਨ ਵੱਲ ਪ੍ਰੇਰਦੇ ਹਨ ਕਿ ਹੇ ਭਾਈਓ, ਇਹ ਜਨਮ ਸਭਨਾਂ ਜੂਨਾਂ ਜਨਮਾਂ ਤੋਂ ਉੱਤਮ ਹੈ ਅਰ ਅਜਿਹਾ ਦੁਰਲੱਭ ਹੈ, ਜੋ ਫੇਰ ਮਿਲਨਾ ਹੀ ਅਣਹੋਯਾ ਹੈ, ਜਿਹਾ ਕੁ-

"ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥੩੦॥"{ਕਬੀਰ}

ਪੁਨਾ:-ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ {ਆਸਾ ਮ: ੫:੧੨}

ਇਹਨਾਂ ਬਚਨਾਂ ਤੋਂ ਸਿੱਧ ਹੁੰਦਾ ਹੈ, ਜੋ ਏਹ ਜਨਮ ਹੀਰੇ ਲਾਲਾਂ ਨਾਲੋਂ ਬੀ ਵਡਮੁੱਲਾ ਹੈ, ਜੋ ਕਾਮ ਕ੍ਰੋਧ ਲੋਭ ਲਾਲਚ ਅਰ ਝੂਠੇ ਪਦਾਰਥਾਂ ਦੇ ਮੋਹ ਵਿਚ ਨਿਕੰਮਾ ਬੀਤਦਾ ਜਾਂਦਾ ਹੈ, ਵਾਹਿਗੁਰੂ ਦੇ ਗੁਣ ਗਾਇਕੇ ਇਸ ਨੂੰ ਸਫਲਾ ਕਰੋ।

---

* ਇਹ ਨੌਵੇਂ ਮਹਲੇ ਦੇ ਸਲੋਕਾਂ ਦਾ ਟੀਕਾ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ੧੯੦੫ ਈ: ਦੇ ਆਨਮਾਨ ਕੀਤਾ ਸਹੀ ਹੁੰਦਾ ਹੈ।

**"ਭਜਹੁ ਗੋਬਿੰਦ ਭੂਲਿ ਮਤ ਜਾਹੁ॥**
**ਮਾਨਸ ਜਨਮ ਦਾ ਏਹੀ ਲਾਹੁ॥"** {ਭੈ: ਕਬੀਰ-੯-੫:੧੧੫੯}

ਜਿਸ ਵਾਹਿਗੁਰੂ ਨੇ ਇਸ ਮਨੁਖ ਨੂੰ ਇਹ ਉੱਤਮ ਜਨਮ ਦਿੱਤਾ; ਅੱਖਾਂ, ਕੰਨ, ਨੱਕ, ਰਸਨਾ ਆਦਿ ਦਸ ਇੰਦ੍ਰੇ ਦਿੱਤੇ, ਜਿਨ੍ਹਾਂ ਨਾਲ ਇਹ ਸੁਖ ਭੋਗਦਾ ਹੈ ਤੇ ਰਸ ਮਾਣਦਾ ਹੈ, ਭਾਂਤਿ ਭਾਂਤਿ ਦੇ ਪਦਾਰਥ, ਮੇਵੇ, ਮਠਿਆਈਆਂ ਅਰ ਖਟ ਰਸ ਅਨਾਜ ਖਾਣੇ ਨੂੰ, ਅਰ ਰੰਗਾ ਰੰਗ ਦੇ ਕਪੜੇ ਪਹਿਨਣ ਨੂੰ, ਅਰ ਘੋੜੇ, ਹਾਥੀ, ਬੈਲ, ਗਊਆਂ, ਮਹੀਆਂ ਆਦਿ ਪਸ਼ੂ, ਅਤੇ ਮੰਦਰ, ਬਾਗ, ਬਗੀਚੇ, ਫੁਲਵਾੜੀਆਂ, ਨਦੀਆਂ, ਪਹਾੜ ਆਦਿ ਸਭ ਇਸਦੇ ਸੁਖ ਲਈ ਰਚੇ ਹਨ, ਇਨ੍ਹਾਂ ਦੇ ਵੱਟੇ ਤਾਂ ਇਹ ਦੇ ਕੁਛ ਨਹੀਂ ਸਕਦਾ, ਪਰ ਉਸਦਾ ਉਪਕਾਰ ਤਾਂ ਮੰਨੇ, ਅਰ ਉਸਦੀ ਵਡਿਆਈ ਕਰੇ, ਨਹੀਂ ਤਾਂ ਕ੍ਰਿਤਘਨ, ਲੂਣ ਹਰਾਮ ਹੋਕੇ ਨਰਕਾਂ ਦਾ ਅਧਿਕਾਰੀ ਬਣੇਂਗਾ, ਯਥਾ ਬਚਨ ਹੈ-**"ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥"** {ਜੈਤਸਰੀ ਵਾਰ ਮ: ੫-੪, ਪੰ: ੭੦੬}

ਅਰ ਉਸਦਾ ਭਜਨ ਐਉਂ ਪ੍ਰੇਮ ਨਾਲ ਲੱਗਕੇ ਕਰੀਏ ਜਿਕੁਰ ਮੱਛੀ ਪਾਣੀ ਤੋਂ ਬਿਨਾਂ ਪਲ ਮਾਤ੍ਰ ਬੀ ਨਹੀਂ ਜੀਉਂ ਸਕਦੀ ਇਸੇ ਤਰ੍ਹਾਂ ਉਸਦਾ ਵਿਸਰਨਾ ਸਾਡਾ ਮਰਨਾ ਹੋ ਜਾਵੇ।

**"ਆਖਾ ਜੀਵਾ ਵਿਸਰੈ ਮਰਿਜਾਉ॥ ਆਖਣਿ ਅਉਖਾ ਸਾਚਾ ਨਾਉ॥"**

{ਆਸਾ ਮਹਲਾ ੧, ਪੰ:੩੪੯}॥੧॥

| **ਮੂਲ** | **ਅਰਥ** |
|---|---|
| **ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥ ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥ ੨ ॥** | (ਹੇ ਮਨੁਖ ਤੂੰ) ਵਿਸ਼ਯ ਵਿਕਾਰਾਂ ਵਿਚ ਕਿਉਂ ਲੰਪਟ ਹੋ ਰਿਹਾ ਹੈਂ? ਇਕ ਪਲ ਮਾਤ੍ਰ ਬੀ (ਇਨ੍ਹਾਂ ਤੋਂ) ਉਦਾਸ ਨਹੀਂ ਹੁੰਦਾ। (ਗੁਰੂ) ਨਾਨਕ (ਸਾਹਿਬ) ਕਹਿੰਦੇ ਹਨ, ਹੇ ਮਨ (ਤੂੰ ਅਕਾਲ ਪੁਰਖ) ਹਰਿ (ਪਰਮੇਸ਼੍ਵਰ) ਦਾ ਸਿਮਰਨ ਕਰ (ਜੋ ਤੇਰੇ ਗਲ ਵਿਖੇ) ਜਮ ਦੀ ਫਾਸੀ ਨਾ ਪਵੇ॥੨॥ |

**ਪਦਾਰਥ**—ਬਿਖਿਅਨ-ਇੰਦ੍ਰੀਆਂ ਦੇ ਵਿਸ਼ਯ, ਵਿਕਾਰ। ਰਚਿਓ-ਲੰਪਟ ਹੋਇਆ। ਨਿਮਖ-ਪਲ ਭਰ। ਜਮ-ਕਾਲ, ਮੌਤ।

**ਭਾਵ**—ਇਸ ਸ਼ਲੋਕ ਵਿਖੇ ਸਤਿਗੁਰੂ ਜੀ ਉੱਤਮ ਸਿਖਜਾ ਵਿਸ਼ਯ ਵਿਕਾਰਾਂ ਤੋਂ ਬਚਣ ਦੀ ਦਿੰਦੇ ਹਨ, ਕਿਉਂ ਜੋ ਸ਼ਬਦ ਵਿਸ਼ਯ ਕੰਨਾ ਦਾ ਮ੍ਰਿਗਾਂ ਨੂੰ, ਸਪਰਸ਼ ਵਿਸ਼ਯ ਤ੍ਵਚਾ ਇੰਦ੍ਰੀ ਦਾ ਹਾਥੀਆਂ ਨੂੰ, ਰੂਪ ਵਿਸ਼ਯ ਨੇਤ੍ਰਾਂ ਦਾ ਅਣਗਿਣਤ ਪਤੰਗਿਆਂ ਨੂੰ, ਰਸ ਵਿਸ਼ਯ ਜਿਹਵਾ ਦਾ ਮਛਲੀਆਂ ਨੂੰ, ਗੰਧ ਵਿਸ਼ਯ ਨਾਸਕਾ ਦਾ ਭੌਰਿਆਂ ਨੂੰ, ਇਕ ਇਕ ਵਿਸ਼ਯ ਸ੍ਰਿਸ਼ਟੀ ਨੂੰ ਖਪਾ ਰਿਹਾ ਹੈ ਅਤੇ ਮਨੁੱਖਾਂ ਉਤੇ ਏਹ ਪੰਜੇ ਪ੍ਰਬਲ ਪਏ ਹੋਏ ਹਨ ਤਾਂ ਜਿੰਨਾ ਚਿਰ ਇਨ੍ਹਾਂ ਤੋਂ ਨਾ ਛੁਟੇ ਬਚਾਉ ਦੀ ਕੀ ਆਸਾ ਹੋ ਸਕਦੀ ਹੈ, ਯਥਾ:-

**"ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ॥੧॥"** {ਆ: ਰਵਿ:-੧, ਪੰ:੪੮੬}

ਏਹ ਵਿਸ਼ਯ ਅੰਤ ਨੂੰ ਪਰਮ ਦੁਖਦਾਈ ਹੁੰਦੇ ਹਨ ਪਰ ਇਸਤ੍ਰੀ, ਪਰਾਇਆ ਧਨ, ਮਦ, ਮਾਸ ਆਦਿਕ ਵਿਸ਼ਯ ਭੋਗਣ ਵਾਲਿਆਂ ਦੇ ਗਲ ਵਿਚ ਯਮ ਦੂਤ ਫਾਸੀ ਪਾਉਂਦੇ ਅਰ ਬੰਨ੍ਹਕੇ ਅਗੇ ਲਾਉਂਦੇ ਅਰ ਨਰਕਾਂ ਵਿਚ ਪਾਉਂਦੇ ਹਨ, ਯਥਾ:-

"ਇਕਨ੍ਹਾ ਗਲੀਂ ਜੰਜੀਰ ਬੰਦਿ ਰਬਾਣੀਐ॥ ਬਧੇ ਛੁਟਹਿ ਸਚਿ ਸਚੁ ਪਛਾਣੀਐ॥ ਲਿਖਿਆ ਪਲੈ ਪਾਇ ਸੋ ਸਚੁ ਜਾਣੀਐ॥ ਹੁਕਮੀ ਹੋਇ ਨਿਬੇੜੁ ਗਇਆ ਜਾਣੀਐ॥ ਭਉਜਲ ਤਾਰਣਹਾਰੁ ਸਬਦਿ ਪਛਾਣੀਐ॥ ਚੋਰ ਜਾਰ ਜੂਆਰ ਪੀੜੇ ਘਾਣੀਐ॥ ਨਿੰਦਕ ਲਾਇਤਬਾਰ ਮਿਲੇ ਹੜ੍ਹਵਾਣੀਐ॥ ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ॥" {ਵਾਰ ਮਲਾਰ ਮਹਲਾ ੧-੨੧, ਪੰ: ੧੨੮੮}

ਇਨ੍ਹਾਂ ਵਿਸ਼ਯਾਂ ਦੇ ਕਾਰਨ ਅਣਗਿਣਤ ਘਰਾਣੇ ਨਾਸ਼ ਹੁੰਦੇ ਦਿਖਾਈ ਦਿੰਦੇ ਹਨ। ਇਸ ਕਾਰਨ ਸਤਿਗੁਰੂ ਜੀ ਆਪਣੇ ਸਿਖਾਂ ਨੂੰ ਉਤਮ ਸਿਖ੍ਯਾ ਦਿੰਦੇ ਹਨ, ਕਿ ਵਿਸ਼ਿਆਂ ਵਿਕਾਰਾਂ ਤੋਂ ਬਚ, ਅਰ ਵਾਹਿਗੁਰੂ ਦਾ ਭੈ ਰੱਖ ਕੇ ਉਸ ਦਾ ਸਿਮਰਨ ਕਰੋ। ਯਥਾ:-

"ਮਿਥਿਆ ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ॥ ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸੰਤਸੰਗਿ ਹੇਤ॥ ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਸਭ ਤੇ ਜਾਨੈ ਆਪਸ ਕਉ ਮੰਦਾ॥"{ਸੁਖਮਨੀ ੯-੧}॥੨॥

| <u>ਮੂਲ</u> | <u>ਅਰਥ</u> |
|---|---|
| **ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥ ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥ ੩ ॥** | ਜਵਾਨੀ ਐਵੇਂ ਹੀ ਬੀਤ ਗਈ, ਬ੍ਰਿਧ ਅਵਸਥਾ ਨੇ ਤਨ ਨੂੰ ਜਿੱਤ ਲਿਆ। ਨਾਨਕ ਜੀ ਕਹਿੰਦੇ ਹਨ : ਹੇ ਮਨ! ਪਰਮੇਸ੍ਰ ਦਾ ਸਿਮਰਨ ਕਰ, ਉਮਰਾ ਬੀਤਦੀ ਜਾਂਦੀ ਹੈ॥੩॥ |

**ਪਦਾਰਥ**—ਤਰਨਾਪੋ-ਜੋਬਨ ਅਵਸਥਾ, ਜਵਾਨੀ। ਜਰਾ-ਬ੍ਰਿਧ ਅਵਸਥਾ, ਬੁਢਾਪਾ। ਜੀਤਿ-ਜਿੱਤਣਾ, ਵੱਸ ਕਰ ਲੈਣਾ। ਅਉਧ-ਉਮਰਾ, ਜਗਤ ਵਿਚ ਜੀਉਣ ਦੇ ਦਿਨ, ਮਿਆਦ।

**ਭਾਵ**—ਬਾਲ ਅਵਸਥਾ ਵਿਚ ਜੜ੍ਹਤਾ ਬੇਸਮਝੀ ਅਰ ਪਰਾਧੀਨਤਾ ਹੁੰਦੀ ਹੈ, ਜਵਾਨੀ ਦੀ ਅਵਸਥਾ ਵਿਚ ਜੋ ਕੁਛ ਕਰਨਾ ਚਾਹੀਏ ਸੋ ਕਰ ਸਕੀਦਾ ਹੈ, ਪਰ ਇਹ ਜੋਬਨ ਵਿਸ਼ਿਆਂ ਵਿਕਾਰਾਂ ਵਿਚ ਬਿਅਰਥ ਬੀਤ ਜਾਂਦਾ ਹੈ, ਯਥਾ:-

"ਤਰਨਾਪੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ॥
ਬਿਰਧ ਭਇਓ ਅਜਹੂ ਨਹੀ ਸਮਝੈ ਕਉਨੁ ਕੁਮਤਿ ਉਰਝਾਨਾ॥"

{ਰਾਮ: ਮ: ੯-੩, ਪੰ: ੯੦੨}

ਹੁਣ ਜਦ ਬ੍ਰਿਧ ਅਵਸਥਾ ਨੇ ਤਨ ਨੂੰ ਜਿੱਤ ਲਿਆ, ਅਰਥਾਤ ਆਪਣੇ ਅਧੀਨ ਕਰ ਲਿਆ, ਨੇਤਰਾਂ ਦੀ ਜੋਤਿ ਮੱਧਮ ਹੋਈ, ਕੰਨ ਉੱਚਾ ਸੁਣਨ ਲਗੇ, ਦੰਦ ਝੜ ਗਏ, ਹੱਥ ਕੰਬਣ ਅਰ ਪੈਰ ਥਿੜਕਣ ਲੱਗੇ, ਗੱਲ ਕਾਹਦੀ ਸਭ ਇੰਦਰੇ ਸਿਥਲ ਹੋ ਗਏ, ਸ਼ਰੀਰ ਅਸ਼ਕਤਿ ਬਲ ਹੀਣ ਹੋਇਆ ਆਪਣੀ ਕ੍ਰਿਯਾ ਸਾਧਣ ਜੋਗਾ ਬੀ ਨਾ ਰਿਹਾ, ਪਰ ਮਨ ਅਜੇ ਤੱਕ ਬੀ ਅਚੇਤ ਹੈ; ਗੁਰੂ ਸਾਹਿਬ ਜੀ ਜਗਾਉਂਦੇ ਹਨ, ਜੋ ਭਾਈ! ਅਵਸਥਾ ਬੀਤਦੀ ਜਾਂਦੀ ਹੈ, ਸ੍ਰੀ ਵਾਹਿਗੁਰੂ ਦਾ ਭਜਨ ਕਰ, ਜੋ ਤੇਰਾ ਸੰਸਾਰ ਵਿਚ ਆਉਣਾ, ਜਨਮ ਮਰਨ ਦਾ ਦੁਖ ਪਾਉਣਾ ਸਫ਼ਲ ਹੋਵੇ ਅਰ ਵਾਹਿਗੁਰੂ ਦੇ ਚਰਨਾਂ ਵਿਚ ਤੈਨੂੰ ਨਿਵਾਸ ਮਿਲੇ॥੩॥

| ਮੂਲ | ਅਰਥ |
| --- | --- |
| ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥ ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥ ੪ ॥ | (ਹੇ ਮਨੁੱਖ ਤੂੰ) ਬੁੱਢਾ ਹੋ ਗਿਆ ਹੈਂ (ਪਰ ਅਜੇ ਤੋੜੀ ਤੈਨੂੰ ਇਹ) ਸਮਝ ਨਹੀਂ ਆਉਂਦੀ ਕਿ (ਅੰਤ ਦਾ ਸਮਯ ਸੰਸਾਰ ਥੋਂ ਵਿਛੁੜਨ ਦਾ) ਮਰਨ ਕਾਲ (ਨੇੜੇ) ਆਨ ਪਹੁੰਚਿਆ ਹੈ। ਕਹਿੰਦੇ ਹਨ (ਨੌਵੇਂ ਗੁਰੂ) ਨਾਨਕ : ਹੇ ਝੱਲੇ ਮੂਰਖ ਜੀਵ (ਤੂੰ) ਕਿਉਂ ਨਹੀਂ ਭਗਵਾਨ ਦਾ ਭਜਨ ਕਰਦਾ॥੪॥ |

**ਪਦਾਰਥ**—ਬਿਰਧਿ-ਬੁੱਢਾ। ਸੂਝੈ-ਸਮਝਦਾ। ਕਾਲੁ-ਅੰਤ ਦਾ ਸਮਾ, ਮੌਤ ਦਾ ਵੇਲਾ। ਪਹੂਚਿਓ ਆਨ-ਨੇੜੇ ਆਣ ਢੁੱਕਾ ਹੈ। ਬਾਵਰੇ-ਝੱਲੇ, ਮੂਰਖ।

**ਭਾਵ**—ਪਿਛਲੇ ਸਲੋਕ ਵਿਚ ਗੁਰੂ ਸਾਹਿਬ ਨੇ ਜੋਬਨ ਅਵਸਥਾ ਦਾ ਬਿਤੀਤ ਹੋਣਾ ਅਰ ਬੁਢਾਪੇ ਦਾ ਸਰੀਰ ਨੂੰ ਆਪਣੇ ਵੱਸ ਵਿਚ ਕਰ ਲੈਣਾ ਦੱਸਿਆ ਸੀ। ਇਸ ਵਿਚ ਗੁਰੂ ਮਹਾਰਾਜ ਬਿਰਧ ਅਵਸਥਾ ਦੇ ਬੀਤਣੇ ਪਰ ਮੌਤ ਦਾ ਆਗਮਨ ਸੁਣਾ ਕੇ ਚਿੰਤਨ ਕਰਦੇ ਹਨ ਕਿ ਪਰਲੋਕ ਸੁਧਾਰ ਹੇਤ ਵਾਹਿਗੁਰੂ ਦਾ ਭਜਨ ਕਰ, ਜੋ ਇਸ ਜੀਵ ਦਾ ਸੰਗੀ ਅਰ ਸਹਾਇਕ ਹੈ, ਯਥਾ:-

**"ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥**
**ਜਹ ਮਹਾ ਭਇਆਨ ਦੂਤ ਜਮ ਦਲੈ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥**
**ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥**
**ਅਨਿਕ ਪੁਨਹਚਰਨ ਕਰਤ ਨਹੀ ਤਰੈ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥**
**ਗੁਰਮੁਖਿ ਨਾਮੁ ਜਪਹੁ ਮਨ ਮੇਰੇ॥ ਨਾਨਕ ਪਾਵਹੁ ਸੂਖ ਘਨੇਰੇ॥੧॥"** {ਸੁਖਮਨੀ, ੨-੧}

ਪੁਨਾ:-**"ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ॥ ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ॥੫੫॥"**

ਪੁਨਾ:-**"ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥ ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥੯॥"** {ਸਲੋਕ ਫਰੀਦ ਜੀ}

ਧੌਲੇ ਵਾਲ ਕਾਲ ਦਾ ਸੁਨੇਹਾ ਦਿੰਦੇ ਹਨ। ਸਵੇਰ ਦਾ ਭੁੱਲਾ ਰਾਤ ਨੂੰ ਘਰ ਆ ਜਾਵੇ ਤਾਂ ਉਹ ਭੁੱਲਾ ਨਹੀਂ ਜਾਣੀਦਾ; ਇਸੇ ਤਰ੍ਹਾਂ ਅੰਤ ਵੇਲੇ ਬੀ ਪਰਮੇਸੁਰ ਦਾ ਧਿਆਨ ਹੋ ਜਾਣੇ ਤੇ ਗਤੀ ਪ੍ਰਾਪਤ ਹੋ ਜਾਂਦੀ ਹੈ, ਯਥਾ-

**ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥ ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥** {ਰਾਮ: ਮ: ੯-੧}

ਸੋ ਹੇ ਬਾਵਰੇ ਮਨੁਖ! ਐਸੇ ਵਾਹਿਗੁਰੂ ਦਾ ਭਜਨ ਤੂੰ ਕਿਉਂ ਨਹੀਂ ਕਰਦਾ?॥੪॥

| ਮੂਲ | ਅਰਥ |
| --- | --- |
| ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥ ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥ ੫ ॥ | (ਹੇ ਮਨ) ਧਨ, ਇਸਤ੍ਰੀ (ਅਰ ਹੋਰ) ਸਾਰੀ ਸੰਪਦਾ ਨੂੰ ਆਪਣੀ ਕਰਕੇ ਨਾ ਜਾਣ। ਇਨ੍ਹਾਂ ਵਿਚੋਂ ਕੋਈ ਸੰਗੀ (ਅਰਥਾਤ ਪਰਲੋਕ ਵਿਚ ਨਾਲ ਜਾਣ ਵਾਲੀ) ਨਹੀਂ ਹੈ, ਹੇ ਨਾਨਕ! ਇਹ ਸਚ ਮੰਨ॥੫॥ |

**ਪਦਾਰਥ**—ਦਾਰਾ-ਇਸਤ੍ਰੀ। ਸੰਪਤਿ-ਘਰ, ਮੰਦਰ ਧਰਤੀ, ਧਨ ਆਦਿ ਸਭ ਪਦਾਰਥ, ਜਾਇਦਾਦ। ਜਿਨਿ-ਮਤ-ਨਾ।

**ਭਾਵ**—ਪਿਛਲੇ ਸਲੋਕ ਵਿਚ ਗੁਰੂ ਸਾਹਿਬ ਨੇ ਦੱਸਿਆ ਹੈ ਜੋ ਹੇ ਮਨੁਖ ਤੂੰ ਭਜਨ ਕਿਉਂ ਨਹੀਂ ਕਰਦਾ? ਕਾਰਨ ਇਹ ਹੈ ਜੋ ਧਨ ਪਦਾਰਥਾਂ ਇਸਤ੍ਰੀ ਆਦਿਕਾਂ ਵਿਚ ਮੋਹਿਤ ਹੋਇਆ ਇਹ ਜੀਵ ਵਾਹਿਗੁਰੂ ਨੂੰ ਭੁਲਾ ਬੈਠਾ ਹੈ, ਇਸ ਤੋਂ ਵੈਰਾਗ ਉਪਜੇ ਤਾਂ ਭਜਨ ਕਰੇ। ਇਸ ਕਾਰਨ ਸਤਿਗੁਰੂ ਜੀ ਉਪਦੇਸ਼ ਦਿੰਦੇ ਹਨ, ਜੋ ਸੰਸਾਰਕ ਪਦਾਰਥ ਪਰਲੋਕ ਵਿੱਚ ਕਿਸੇ ਦੇ ਵੀ ਸੰਗੀ ਨਹੀਂ ਹੋਣਗੇ, ਇਨ੍ਹਾਂ ਵਿੱਚ ਮਨ ਨਾ ਲਾਓ; ਯਥਾ :-

**"ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ॥ ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ॥੧॥ ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥ ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ॥੨॥"** {ਜੈਤ:ਵਾਰ ਮ: ੫-੧੦,ਪੰ:੭੦੮}

ਪਰੰਤੂ ਇਸਦਾ ਇਹ ਭਾਵ ਨਹੀਂ ਜੋ ਧਨ, ਧਰਤੀ, ਇਸਤ੍ਰੀ ਆਦਿ ਦਾ ਤਜਾਗ ਕਰਕੇ ਫ਼ਕੀਰ ਹੀ ਹੋ ਜਾਓ। ਪ੍ਰਯੋਜਨ ਇਹ ਹੈ, ਕਿ ਇਨ੍ਹਾਂ ਦੇ ਲੋਭ ਵਿਚ ਆਕੇ ਠੱਗੀ ਨਾ ਕਰੋ, ਪਾਪ ਅਰ ਅਨਰਥ ਨਾ ਕਰੋ, ਇਨ੍ਹਾਂ ਵਿਚ ਖਚਿਤ ਹੋਕੇ ਇਨ੍ਹਾਂ ਦੇ ਦਾਤੇ ਅਕਾਲ ਪੁਰਖ ਨੂੰ ਨਾ ਭੁੱਲੋ ਅਰ ਵਾਹਿਗੁਰੂ ਤੋਂ ਬੇਮੁਖ ਹੋਕੇ ਨਰਕ ਦੇ ਅਧਿਕਾਰੀ ਨਾ ਬਣੋ। ਸੰਸਾਰ ਦੇ ਸਭ ਪਦਾਰਥ ਤੁਹਾਡੇ ਵਾਸਤੇ ਹਨ, ਤੁਸੀਂ ਪਰਮੇਸ਼੍ਵਰ ਦੇ ਭਜਨ ਵਾਸਤੇ ਹੋ।

**"ਹਰਿ ਚੇਤਿ ਖਾਹਿ ਤਿਨਾ ਸਫਲੁ ਹੈ ਅਚੇਤਾ ਹਥ ਤਡਾਇਆ॥੮॥"**

{ਸਿਰੀ ਰਾਗ ਵਾਰ ਮ: ੪-੮ ਪੰ: ੮੫}

ਸਦਾ ਚੇਤੇ ਰਖੋ :-

**"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥"** {ਵਾਰ ਮਾਝ ਮ: ੧-੭, ਪੰ: ੧੪੧}

ਪੁਨਾ:-**"ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥"** {ਆਸਾ ਮ: ੧-੧੨} ॥੫॥

| <u>ਮੂਲ</u> | <u>ਅਰਥ</u> |
|---|---|
| **ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥ ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥ ੬ ॥** | ਵਾਹਿਗੁਰੂ ਪਾਪੀਆਂ ਦਾ ਉਧਾਰਨ ਵਾਲਾ (ਮੁਕਤਿ ਦਾਤਾ) ਭੈ ਦੂਰ ਕਰਤਾ, ਅਰ ਨਿਰਾਸਰਿਆਂ ਦਾ ਆਸਰਾ ਹੈ। ਕਹਿੰਦੇ ਹਨ (ਗੁਰੂ) ਨਾਨਕ ਉਸ ਨੂੰ ਸਦਾ ਤੁਸੀਂ (ਆਪਣੇ) ਨਾਲ ਵਸਦਾ ਜਾਣੋਂ॥੬॥ |

**ਪਦਾਰਥ**—ਪਤਿਤ-ਪਾਪੀ। ਗਿਰਿਆ ਹੋਇਆ। ਉਧਾਰਨ-ਛੁਡਾਉਣ ਵਾਲਾ, ਮੁਕਤਿ ਦਾਤਾ। ਭੈ-ਡਰ। ਅਨਾਥ-ਨਿਰਾਸਰਾ।

**ਭਾਵ**—ਅਕਾਲ ਪੁਰਖ ਪਾਪੀਆਂ ਨੂੰ ਬਖਸ਼ਣ ਵਾਲਾ ਹੈ। ਮਹਾਂ ਘੋਰ ਪਾਪੀ ਉਸਦੀ ਸ਼ਰਨ ਪੈਣ ਤੇ ਨਾਮ ਜਪਣ ਕਰਕੇ ਬਖਸ਼ੇ ਗਏ ਹਨ, ਜੈਸਾ ਕਿ ਗੁਰੂ ਵਾਕ ਹਨ:-

**"ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ॥ ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ॥**

{ਧਨਾਸਰੀ ਕਬੀਰ ਜੀ-੫,ਪੰ:੬੯੨}

ਪੁਨਾ:-**"ਗਨਿਕਾ ਉਧਰੀ ਹਰਿ ਕਹੈ ਤੋਤ॥ ਗਜ ਇੰਦ੍ਰ ਧਿਆਇਓ ਹਰਿ ਕੀਓ ਮੋਖ॥"**
{ਬਸੰਤੁ ਮਹਲਾ ੫ ਅਸਟ :-੧, ਪੰ: ੧੧੯੨}

ਪੁਨਾ:-**"ਹਰਿ ਹਰਿ ਕਰਤ ਪੂਤਨਾ ਤਰੀ॥ ਬਾਲ ਘਾਤਨੀ ਕਪਟਹਿ ਭਰੀ॥ ਸਿਮਰਨ ਦ੍ਰੋਪਦ ਸੁਤ ਉਧਰ ਗਊਤਮ ਸਤੀ ਸਿਲਾ ਨਿਸਤਰੀ॥"** {ਗੋਂਡ ਨਾਮ-੫, ਪੰ: ੮੭੪}

ਪੁਨਾ:-**"ਬਧਿਕੁ ਉਧਾਰਿਓ ਖਮਿ ਪ੍ਰਹਾਰ॥"** {ਬਸੰਤ ਮਹਲਾ ੫ ਅਸਟ:-੧, ਪੰ: ੧੧੯੨}

ਪਾਪੀਆਂ ਦਾ ਤਾਰਨਹਾਰਾ ਵਾਹਿਗੁਰੂ ਹੈ। ਸਚੇ ਨਾਮ ਦੇ ਜਪਣ ਤੇ ਛੁਟਕਾਰਾ ਹੁੰਦਾ ਹੈ। **(ਸਭ ਭੈ ਮਿਟਹਿ ਤੁਮਾਰੈ ਨਾਇ**-੨੦੨) ਉਸ ਦੇ ਨਾਮ ਸਿਮਰਨ ਤੇ ਸਭ ਡਰ ਦੂਰ ਹੋ ਜਾਂਦੇ ਹਨ। ਉਹ ਹਰ ਅਨਾਥ ਦਾ ਨਾਣ ਹੈ, ਗੁਰੂ ਵਾਕ ਹੈ **"ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ"**। (੯੯੯) ਗੁਰੂ ਸਾਹਿਬ ਕਹਿੰਦੇ ਹਨ, ਹੇ ਭਾਈਓ ਇਹ ਜਾਣੋ ਜੋ ਅਨਾਥਾਂ ਦਾ ਨਾਥ ਸਦਾ ਤੁਹਾਡੇ ਅੰਗ ਸੰਗ ਰਹਿੰਦਾ ਹੈ।

ਯਥਾ:-**"ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ॥ ਸਤਿਗੁਰ ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ ਪ੍ਰਾਨ ਅਧਾਰਾ॥"**{ਸਾਰਗ ਮ: ੧-੩, ਪੰ: ੧੧੯੮} ॥੬॥

| **ਮੂਲ** | **ਅਰਥ** |
|---|---|
| **ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥ ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥ ੭ ॥** | ਜਿਸ, (ਕਰਤਾਰ) ਨੇ ਤੈਨੂੰ ਮਨੁੱਖਾ ਦੇਹੀ (ਅਰ ਇਸਦੇ ਨਿਰਬਾਹ ਵਾਸਤੇ) ਧਨ ਸੰਪਦਾ ਦਿਤੀ ਹੈ (ਤੂੰ) ਉਸ ਦੇ ਨਾਲ ਪ੍ਰੇਮ ਨਾ ਕੀਤਾ। ਸਤਿਗੁਰੂ ਬਚਨ ਕਰਦੇ ਹਨ:-ਹੇ ਮੂਰਖ ਮਨੁੱਖ! ਹੁਣ ਆਤੁਰ ਹੋਕੇ ਕਿਉਂ ਡੋਲਦਾ ਫਿਰਦਾ ਹੈਂ॥੭॥ |

**ਪਦਾਰਥ**—ਨੇਹੁ-ਪ੍ਰੀਤੀ, ਪਿਆਰ। ਡੋਲਤ-ਡੋਲਦਾ ਫਿਰਦਾ ਹੈਂ, ਬਿਆਕੁਲ ਹੁੰਦਾ ਹੈਂ। ਦੀਨ-ਅਨਾਥ, ਨਿਰਾਸਰਾ, ਆਤੁਰ ਹੋਕੇ।

**ਭਾਵ**—ਜੇ ਕਿਸੇ ਨੂੰ ਕੋਈ ਥੋੜੀ ਜੇਹੀ ਵਸਤੂ ਦੇਵੇ ਜਾਂ ਕਿਸੇ ਵੇਲੇ ਸਹਾਇਤਾ ਕਰੇ ਤਾਂ ਉਹ ਸਦਾ ਚੇਤੇ ਰੱਖਦਾ, ਅਰ ਉਸਦਾ ਕੀਤਾ ਜਾਣਦਾ ਹੈ ਅਰ ਉਸ ਨਾਲ ਪ੍ਰੀਤੀ ਰਖਦਾ ਹੈ, ਤੈਨੂੰ ਭੀ ਯੋਗ ਸੀ ਕਿ ਤੂੰ ਸਭ ਤੋਂ ਵਧੀਕ ਉਸ ਨਾਲ ਪ੍ਰੀਤੀ ਕਰਦਾ, ਜਿਸ ਨੇ ਤੈਨੂੰ ਇਹ ਮਨੁੱਖਾ ਜਨਮ ਦੁਰਲਭ ਦੇਹ ਦਿਤੀ, ਅਰ ਇਸਦੀ ਪਾਲਣਾ ਵਾਸਤੇ ਧਨ ਪਦਾਰਥ ਅਨੇਕ ਸੁਖਾਂ ਦੇ ਸਾਧਨ ਤੈਨੂੰ ਦਿਤੇ। ਪਰ ਹੇ ਆਪਣਾ ਭਲਾ ਬੁਰਾ ਨਾ ਸਮਝਣ ਵਾਲੇ ਮੂਰਖ ਮਨੁੱਖ! ਤੂੰ ਉਸ ਦੇ ਗੁਣ ਉਪਕਾਰ ਕਦੀ ਨਾ ਚੇਤੇਕੀਤੇ ਅਰ ਨਾ ਉਸ ਨਾਲ ਪ੍ਰੇਮ ਕੀਤਾ॥੭॥

| **ਮੂਲ** | **ਅਰਥ** |
|---|---|
| **ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥ ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ॥ ੮॥** | ਤਨ (ਮਨੁੱਖਾ ਦੇਹ), ਧਨ (ਸੋਨਾ ਚਾਂਦੀ ਰੁਪਏ ਮੋਹਰਾਂ) ਸੰਪਦਾ (ਹੋਰ ਪਦਾਰਥ) ਅਰ ਸੁਹਣੇ ਘਰ ਮੰਦਰ ਦੇਕੇ ਜਿਸ (ਵਾਹਿਗੁਰੂ) ਨੇ (ਤੈਨੂੰ ਸੁਖੀ ਕੀਤਾ, ਅਰ) ਸੁਖ ਦਿਤੇ ਹਨ, ਗੁਰੂ ਨਾਨਕ ਜੀ ਕਹਿੰਦੇ ਹਨ, ਹੇ ਮਨ (ਤੂੰ ਉਸ ਸਰਬਤ੍ਰ ਬਜਾਪਕ) ਪਰਮੇਸ਼ੁਰ ਨੂੰ ਕਿਉਂ ਨਹੀਂ ਚੇਤੇ ਕਰਦਾ?॥੮॥ |

**ਪਦਾਰਥ**—ਸੰਪੈ-ਸੰਪਦਾ-ਜਾਇਦਾਦ, ਸਮੂਹ ਪਦਾਰਥ। ਨੀਕੇ-ਚੰਗੇ, ਸੋਹਣੇ। ਧਾਮ-ਘਰ, ਮੰਦਰ।

**ਭਾਵ**—ਚੌਰਾਸੀ ਲਖ ਜੂਨ ਵਿਚੋਂ ਸੁਤੰਤ੍ਰਤਾ ਅਰ ਗਜਾਨ ਦੇ ਕਾਰਨ ਮਨੁੱਖ ਅਤਿ ਉੱਤਮ ਜਨਮ ਹੈ। ਇਸ ਦੇਹ ਦੇ ਸੁਖ ਦਾ ਸਾਧਨ : ਧਨ ਪਦਾਰਥ, ਅਰ ਗਰਮੀ ਸਰਦੀ ਵਰਖਾ ਦੀ ਬਾਹੁੱਲਤਾ ਦੇ ਦੁਖ ਤੋਂ ਬਚਾਉਣ ਵਾਲਾ ਸਾਧਨ : ਸੁਖਦਾਇਕ ਚੰਗੇ ਘਰ ਮੰਦਰ, ਜਿਸ ਵਾਹਿਗੁਰੂ ਨੇ ਤੈਨੂੰ ਦਿਤੇ ਹਨ, ਗੁਰੂ ਸਾਹਿਬ ਕਹਿੰਦੇ ਹਨ, ਹੇ ਮਨੁੱਖ! ਤੂੰ ਉਸ ਸਰਬਤ੍ਰ ਪੂਰਨ ਵਾਹਿਗੁਰੂ ਦੇ ਗੁਣ ਕਿਉਂ ਨਹੀਂ ਚੇਤੇ ਕਰਦਾ? ਯਥਾ:-

"ਜੀਉ ਪ੍ਰਾਨ ਤਨੁ ਧਨੁ ਦੀਆ ਦੀਨੇ ਰਸ ਭੋਗ॥
ਗ੍ਰਿਹ ਮੰਦਰ ਰਥ ਅਸੁ ਦੀਏ ਰਚਿ ਭਲੇ ਸੰਜੋਗ॥
ਸੁਤ ਬਨਿਤਾ ਸਾਜਨ ਸੇਵਕ ਦੀਏ ਪ੍ਰਭ ਦੇਵਨ ਜੋਗ॥
ਹਰਿ ਸਿਮਰਤ ਤਨੁ ਮਨੁ ਹਰਿਆ ਲਹਿ ਜਾਹਿ ਵਿਜੋਗ॥੩॥"
{ਜੈਤਸਰੀ ਵਾਰ ਮ: ੫,ਪੰ:੭੦੬}॥੮॥

| ਮੂਲ | ਅਰਥ |
|---|---|
| **ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥ ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥** | ਸਾਰੇ ਸੁਖਾਂ ਦਾ ਦੇਣ ਵਾਲਾ ਇਕ ਅਕਾਲ ਪੁਰਖ ਪਰਮੇਸੂਰ ਹੈ, (ਉਸ ਤੋਂ ਬਿਨਾਂ) ਦੂਜਾ ਹੋਰ ਕੋਈ ਨਹੀਂ। ਸਤਿਗੁਰੂ ਨਾਨਕ ਜੀ ਕਹਿੰਦੇ ਹਨ, ਹੇ ਮਨ ਸੁਣ! (ਜੇ ਤੂੰ) ਉਸ ਦਾ ਸਿਮਰਨ ਕਰੇਂ (ਤਾਂ ਤੇਰੀ) ਗਤਿ ਹੋ ਜਾਵੇਗੀ, (ਅਰਥਾਤ ਤੈਨੂੰ ਪਰਲੋਕ ਵਿਚ ਮੁਕਤੀ ਪ੍ਰਾਪਤ ਹੋਵੇਗੀ।)॥੯॥ |

**ਪਦਾਰਥ**—ਸੁਖ ਦਾਤਾ-ਸੁਖਾਂ ਦੇ ਦੇਣ ਵਾਲਾ। ਰਾਮੁ-ਪਰਮੇਸੂਰ। ਗਤਿ-ਮੁਕਤਿ।

**ਭਾਵ**—"ਨਾਨਕ ਦੁਖੀਆ ਸਭੁ ਸੰਸਾਰੁ"। (੯੫੪) ਜੋ ਆਪ ਦੁਖੀ ਹੈ ਉਹ ਦੂਜੇ ਨੂੰ ਸੁਖ ਨਹੀਂ ਦੇ ਸਕਦਾ, ਇਸ ਕਰਕੇ ਕੋਈ ਮਨੁੱਖ ਕਿਸੇ ਦੇ ਦੁਖ ਦੂਰ ਕਰਨ ਨੂੰ ਸਮਰੱਥ ਨਹੀਂ:-

"ਅੰਤਰਿ ਚਿੰਤਾ ਨੈਣੀ ਸੁਖੀ ਮੂਲਿ ਨ ਉਤਰੈ ਭੁਖ॥
ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ ਦੁਖੁ॥"(ਪੰ:੩੧੯)

ਪਰ ਇਕ ਵਾਹਿਗੁਰੂ ਸੁਖਾਂ ਦਾ ਪੁੰਜ ਹੈ:-

"ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ॥" {ਵਾਰ ਗਉ: ਮ: ੫-੭, ਪੰ:੩੧੯}

ਉਸ ਦੇ ਭਜਨ ਕਰਨ ਵਾਲੇ ਉਸ ਦੇ ਗੁਣ ਚੇਤੇ ਰਖਣ ਵਾਲੇ ਭਗਤ ਸਦਾ ਸੁਖੀ ਵਸਦੇ ਹਨ ਅਰ ਮੁਕਤਿ ਹੁੰਦੇ ਹਨ॥੯॥

| ਮੂਲ | ਅਰਥ |
|---|---|
| **ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥ ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ ॥੧੦॥** | ਜਿਸ (ਵਾਹਿਗੁਰੂ) ਦੇ ਸਿਮਰਨ ਕਰਨੇ ਤੇ (ਪਰਲੋਕ ਵਿਚ ਗਤਿ ਅਰਥਾਤ) ਮੁਕਤਿ ਪ੍ਰਾਪਤ ਹੁੰਦੀ ਹੈ, ਹੇ ਮਿਤ੍ਰ ਤੂੰ ਉਸੇ ਦਾ ਭਜਨ ਕਰ। ਸਤਿਗੁਰੂ ਜੀ ਕਹਿੰਦੇ ਹਨ ਹੇ ਮਨ ਸੁਣ! ਉਮਰਾ ਨਿਤ ਘਟਦੀ ਹੀ (ਘਟਦੀ) ਜਾਂਦੀ ਹੈ॥੧੦॥ |

**ਪਦਾਰਥ**—ਸਿਮਰਤ-ਅਰਾਧਨਾ ਕਰਨੇ ਤੇ। ਮੀਤ-ਹੇ ਮਿਤ੍ਰ। ਅਉਧ-ਉਮਰਾ।

**ਭਾਵ**—ਪਰਲੋਕ ਵਿਚ ਇਸ ਜੀਵ ਨੂੰ ਮੁਕਤਿ ਦੇਣ ਵਾਲਾ ਇਕ ਅਕਾਲ ਪੁਰਖ ਤੋਂ ਬਿਨਾਂ ਹੋਰ ਕੋਈ ਦਾਤਾਰ ਅਰ ਸਮਰੱਥ ਨਹੀਂ, ਦੇਵੀਆਂ ਦੇਵਤੇ ਸਭ ਉਸ ਦੇ ਕੀਤੇ ਹੋਏ ਹਨ:-

"ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ॥
ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ॥"

{ਗਉੜੀ ਕਬੀਰ ਜੀ-੪੫, ਪੰ:੩੩੨}

"ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈ ਹਾਰਾ॥
ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ॥੪॥"

{ਮਾਰੂ ਮਹਲਾ ੫-੧, ਪੰ:੯੯੯}

ਪਰ ਏਹ ਨ ਕਹੀਏ ਜੋ ਪ੍ਰਭੂ ਦਾ ਚਿੰਤਨ ਕੱਲ ਕਰਾਂਗੇ ਜਾਂ ਫਲਾਣੇ ਦਿਨ ਕਰਾਂਗੇ, ਕਿਉਂ ਜੋ ਉਮਰਾ ਨਿਤ ਨਿਤ ਘਟਦੀ ਜਾਂਦੀ ਹੈ, ਕਾਲ ਆ ਗਿਆ ਤਾਂ ਫੇਰ ਕੁਛ ਨਹੀਂ ਹੋ ਸਕੇਗਾ:-

"ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲ॥"

{ਸਲੋਕ ਕਬੀਰ ਜੀ-੧੩੮}॥੧੦॥

| ਮੂਲ | ਅਰਥ |
|---|---|
| ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥ ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥੧੧॥ | ਹੇ ਚਤੁਰ ਤੇ ਸੁਜਾਨ ਪੁਰਸ਼ੋ, ਸਮਝੋ ਕਿ (ਅਕਾਲ ਪੁਰਖ ਨੇ) ਪੰਜਾਂ ਹੀ ਤੱਤਾਂ ਦਾ ਸਰੀਰ ਬਨਾਯਾ ਹੈ। ਸੋ ਜਿਨ੍ਹਾਂ ਤੋਂ ਇਹ ਬਣਿਆ ਹੈ ਮੰਨ ਲੈ ਕਿ (ਅੰਤ ਨੂੰ) ਉਨ੍ਹਾਂ ਵਿਚ ਹੀ ਇਹ ਲੀਨ ਹੋ ਜਾਵੇਗਾ (ਕਹਿੰਦੇ ਹਨ ਗੁਰੂ) ਨਾਨਕ॥੧੧॥ |

**ਪਦਾਰਥ**—ਪਾਂਚ ਤਤ-ਜਲ, ਅਗਨੀ, ਪੌਣ, ਧਰਤੀ, ਆਕਾਸ਼। ਤਨੁ-ਸਰੀਰ। ਚਤੁਰ-ਵਿਦਿਆ ਬੁਧੀ ਦੇ ਬਲ ਕਰਕੇ ਉਤਰ ਦੇਣੇ ਵਾਲੇ। ਸੁਜਾਨ-ਸ੍ਰੇਸ਼ਟ ਗਜਾਨੀ।

**ਭਾਵ**—ਇਸ ਵਿਚ ਗੁਰੂ ਜੀ ਸਰੀਰ ਦੀ ਬਨਾਵਟ ਦੱਸਦੇ ਹਨ ਕਿ ਇਹ ਸਦਾ ਰਹਿਣ ਵਾਲੀ ਵਸਤੂ ਨਹੀਂ ਹੈ। ਇਹ ਪੰਜ ਅਡੋ ਅੱਡ ਤੱਤ ਪਦਾਰਥਾਂ ਤੋਂ ਬਣਿਆ ਹੈ ਅਰ ਜਿਨ੍ਹਾਂ ਪਦਾਰਥਾਂ ਤੋਂ ਕਿਸੇ ਪ੍ਰਕਾਰ ਦੇ ਕਾਰਨਾਂ ਕਰਕੇ ਬਣਿਆ ਹੈ ਉਸ ਤੋਂ ਉਲਟ ਕਿਸਮ ਦੇ ਕਾਰਨ ਪੈਦਾ ਹੋਣ ਤੇ ਉਨ੍ਹਾਂ ਹੀ ਪਦਾਰਥਾਂ ਵਿਚ ਫੇਰ ਜਾ ਰਲੇਗਾ। ਇਸ ਲਈ ਇਸ ਵਿਚ ਸਦਾ ਕਾਇਮ ਰਹਿਣ ਦਾ ਭਰਮ ਨਾ ਬੰਨ੍ਹ ਲਵੋ ਸਗੋਂ ਇਸ ਨੂੰ ਨਾਸ਼ਵੰਤ ਜਾਣੋ ਅਰ ਮੌਨ ਨੂੰ ਉਸ ਪਰਮਾਤਮਾਂ ਵੱਲ ਲਾਓ ਜੋ ਸਰੀਰਾਂ ਦੇ ਅੰਦਰ ਇਕ ਅਬਿਨਾਸ਼ੀ ਵੱਸ ਰਿਹਾ ਹੈ, ਜਿਸ ਦਾ ਪਤਾ ਅਗਲੇ ਸਲੋਕ ਵਿਚ ਦਿੰਦੇ ਹਨ, ਕਿ ਵਾਹਿਗੁਰੂ ਅਚਲ ਅਟੱਲ ਅਮਰ ਹਰ ਐਸੇ ਸਰੀਰ ਵਿਚ, ਜੋ ਨਾਸ਼ਮਾਨ ਹੈ, ਵਸਦਾ ਹੈ; ਤੁਸੀਂ ਉਸ ਦਾ ਭਜਨ ਕਰੋ ਤਾਂ ਜੋ ਭੌਜਲ ਵਿਚੋਂ ਨਿਕਲ ਜਾਓ। ਬਾਰ ਬਾਰ ਐਸੇ ਨਾਸ਼ੀ ਸਰੀਰ ਵਿਚ ਵੱਸਣਾ ਤੇ ਇਸ ਤੋਂ ਨਿਕਲ ਜਾਣਾ ਛੁਟ ਜਾਏ।

ਪੰਜ ਤੱਤਾਂ ਤੋਂ ਭਾਵ ਓਹ ਪੰਜ ਪਦਾਰਥ ਹਨ ਜਿਨ੍ਹਾਂ ਦੇ ਮਿਲਾਪ ਤੋਂ ਰੰਗਾ ਰੰਗ ਦੀ ਸ੍ਰਿਸ਼ਟੀ ਬਣਦੀ ਹੈ:-ਅਪ, ਤੇਜ, ਵਾਇ, ਪ੍ਰਿਥਵੀ, ਅਕਾਸ਼। ਇਨ੍ਹਾਂ ਤੋਂ ਏਹ ਭਾਵ ਨਹੀਂ ਕਿ ਏਹ ਪਦਾਰਥ

ਮੁਫ਼ਰਦ ਹਨ; ਭਾਵ ਕੇਵਲ ਇਹ ਹੈ ਕਿ ਇਨ੍ਹਾਂ ਪੰਜਾਂ ਨੂੰ ਸਭ ਕੋਈ ਸਮਝਦਾ ਹੈ ਤੇ ਜਾਣਦਾ ਹੈ। ਪਦਾਰਥ ਵਿਦਜਾ ਵਿਚ ਇਨ੍ਹਾਂ ਪਰ ਬਹੁਤ ਦੀਰਘ ਵਿਚਾਰਾਂ ਹਨ। ਪਰ ਏਥੇ ਗੁਰੂ ਜੀ ਪਦਾਰਥ ਵਿਦਜਾ ਨਹੀਂ ਰਚ ਰਹੇ, ਕੇਵਲ ਹਰ ਪ੍ਰਕਾਰ ਦੇ ਜਗਜਾਸੂ ਨੂੰ ਸਰੀਰ ਦੀ ਅਨਿਸਥਿਰਤਾ ਉਸਦਾ ਇਨ੍ਹਾਂ ਤੱਤਾਂ ਤੋਂ ਬਨਾਵਟ ਅਰ ਇਨ੍ਹਾਂ ਤੱਤਾਂ ਵਿਚ ਫੇਰ ਜਾ ਰਲਣ ਦਾ ਹਾਲ ਕਹਿਕੇ ਪ੍ਰਗਟ ਕਰ ਰਹੇ ਹਨ ਕਿ ਇਹ ਸਰੀਰ, ਜਿਸ ਸ਼ਕਲ ਵਿਚ ਦੇਖਦੇ ਹੋ, ਏਸ ਵਿਚ ਨਹੀਂ ਰਹੇਗਾ। ਟੁੱਟ ਜਾਏਗਾ ਤਾਂ ਤੇ ਅਗਲੇ ਸਲੋਕ ਦੇ ਭਾਵ ਨੂੰ ਧਾਰਨ ਕਰੋ॥੧੧॥

| ਮੂਲ | ਅਰਥ |
|---|---|
| **ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥ ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥੧੨॥** | ਹਰੇਕ ਸਰੀਰ ਵਿਖੇ ਵਾਹਿਗੁਰੂ ਵਸ ਰਿਹਾ ਹੈ ("ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥")(੧੩) ਸੰਤਾਂ ਨੇ ਪੁਕਾਰ ਪੁਕਾਰ ਕੇ (ਇਹ ਗਲ) ਕਹੀ ਹੈ। ਗੁਰੂ ਨਾਨਕ (ਸਾਹਿਬ) ਬਚਨ ਕਰਦੇ ਹਨ: ਹੇ ਮਨ! ਉਸ (ਵਾਹਿਗੁਰੂ) ਦਾ ਭਜਨ ਕਰ (ਤਾਂ ਜੋ ਤੂੰ) ਸੰਸਾਰ ਸਾਗਰ ਤੋਂ ਪਾਰ ਲੰਘ ਜਾਵੇ, (ਅਰਥਾਤ ਮੋਖ ਹੋਵੇਂ)॥੧੨॥ |

**ਪਦਾਰਥ**—ਘਟਿ ਘਟਿ-ਹਰੇਕ ਸ਼ਰੀਰ ਵਿਖੇ। ਭਉਨਿਧਿ-ਭਜਾਨਕ ਸਮੁੰਦਰ, ਸੰਸਾਰ ਸਾਗਰ।

**ਭਾਵ**—ਵਾਹਿਗੁਰੂ ਨੂੰ ਬਨਾਂ, ਪਰਬਤਾਂ, ਪਰਦੇਸਾਂ ਵਿਖੇ ਨਾ ਢੂੰਡੋ, ਉਹ ਸਭਨਾਂ ਸਰੀਰਾਂ ਵਿਖੇਵਜਾਪਕ ਹੈ, ਇਹ ਜਾਣਕੇ ਸਭ ਦਾ ਮਿੱਠੇ ਬਚਨਾਂ ਨਾਲ ਸਤਿਕਾਰ ਕਰੋ, ਕਿਸੇ ਦਾ ਹਿਰਦਾ ਨਾ ਦੁਖਾਓ, ਕਿਸੇ ਦਾ ਮਨ ਨਾ ਢਾਹੋ, ਕਿਸੇ ਦਾ ਧਨ, ਮਾਲ, ਇਸਤ੍ਰੀ, ਧਰਤੀ ਨਾ ਹਿਰੋ, ਫਿੱਕਾ ਨਾ ਬੋਲੋ। ਯਥਾ ਸ਼ਕਤ ਨੰਗੇ, ਭੁੱਖੇ, ਪਜਾਸੇ, ਰੋਗੀ, ਦਰਿੱਦ੍ਰੀ ਨੂੰ ਸਹਾਇਤਾ ਦੇਵੋ, ਸਭਨਾਂ ਦੀ ਪ੍ਰਸੰਨਤਾ ਲਵੋ, ਵੈਰ ਵਿਰੋਧ ਈਰਖਾ ਤਿਆਗ ਦੇਵੋ, ਜਦ ਸਮਦਰਸੀ ਹੋਕੇ ਮਾਸ ਚੰਮ ਪੰਜ ਭੌਤਕ ਰਚਨਾ ਤੋਂ ਲੰਘਿ ਬ੍ਰਹਮ ਦਰਸੀ ਹੋ ਜਾਵੋਗੇ ਅਨਿੱਤ ਵਸਤੂ ਨੂੰ ਤਿਆਗ ਸਤਜ ਵਸਤੂ ਦੇ ਦਰਸ਼ਕ ਹੋ ਜਾਵੋਗੇ, ਤਦ ਨਿਸਚੈ ਮੋਖ ਹੋਵੋਗੇ॥੧੨॥

| ਮੂਲ | ਅਰਥ |
|---|---|
| **ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥ ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥ ੧੩ ॥** | ਸੁਖ ਅਰ ਦੁਖ ਜਿਸਨੂੰ ਨਹੀਂ ਪੋਂਹਦਾ, ਅਰ ਲੋਭ ਮੋਹ ਅਹੰ-ਕਾਰ (ਜਿਸ ਵਿਖੇ ਨਹੀਂ ਰਹੇ), ਗੁਰੂ ਨਾਨਕ ਜੀ ਕਹਿੰਦੇ ਹਨ ਹੇ ਮਨ! ਉਹ (ਮਨੁਖ) ਭਗਵਾਨ ਦੀ ਮੂਰਤੀ ਹੈ॥੧੩॥ |

**ਪਦਾਰਥ**—ਪਰਸੈ ਨਹੀ-ਨਹੀਂ ਪੋਂਹਦਾ, ਵਿਆਪਦਾ ਲਗਦਾ। ਅਭਿਮਾਨੁ-ਅਹੰਕਾਰ।

**ਭਾਵ**—ਸੰਪਦਾ, ਬਿਪਦਾ, ਸੁਖ ਦੁਖ ਤਾਂ ਸਿਆਲ ਉਨ੍ਹਾਲ ਦੀ ਤਰ੍ਹਾਂ ਹਰੇਕ ਸਰੀਰ ਉਪਰ ਸਮੇਂ ਸਮੇਂ ਪਰ ਆਉਂਦੇ ਜਾਂਦੇ ਹਨ, ਪਰ ਜੋ ਲੋਕ ਇਨ੍ਹਾਂ ਨੂੰ ਆਉਣ ਜਾਣ ਹਾਰ ਜਾਣਕੇ ਧੀਰਜੀ ਰਹਿੰਦੇ ਹਨ, ਦੇਹ ਅਰ ਮਨ ਦੇ ਧਰਮ ਜਾਣਕੇ ਅਰ ਅਨਿੱਤਜ ਤੇ ਖਿਣਭੰਗਰ ਸਮਝਕੇ ਅਲੇਪ ਰਹਿੰਦੇ ਹਨ, ਯਥਾ:-

"ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ॥"

{ਸੋਰਠਿ ਮ: ੯-੧੧, ਪੰ: ੬੩੩}

ਪੁਨਾ:-"ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥"

{ਸੁਖਮਨੀ ੯-੭, ਪੰ:੨੭੫}

ਨਾਸ਼ਵੰਤ ਜਾਣਕੇ ਪਦਾਰਥ ਦਾ ਲੋਭ ਨਹੀਂ ਕਰਦੇ ਅਰ ਵੈਰਾਗ ਹੋਣੇ ਦੇ ਕਾਰਣ ਮੋਹ ਅਰ ਅਹੰਕਾਰ ਤੇ ਰਹਿਤ ਹਨ, ਉਹ ਮਹਾਤਮਾ ਜੀਵਨ ਮੁਕਤਿ ਵਾਹਿਗੁਰੂ ਦੀ ਮੂਰਤਿ ਹਨ, ਇਨ੍ਹਾਂ ਦੀ ਸੇਵਾ ਭਗਵਾਨ ਦੀ ਸੇਵਾ ਹੈ।

"ਹਰਿ ਕਾ ਸੇਵਕੁ ਸੋ ਹਰਿ ਜੇਹਾ॥ ਭੇਦੁ ਨ ਜਾਣਹੁ ਮਾਣਸ ਦੇਹਾ॥"

{ਮਾਰੂ ਮਹਲਾ ੫, ਸੋਹਲਾ ੫-੮, ਪੰ: ੧੦੭੬}॥੧੩॥

| ਮੂਲ | ਅਰਥ |
|---|---|
| ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥ ੧੪ ॥ | (ਜੋ ਮਨੁੱਖ ਉਸਤਤਿ ਸੁਣਕੇ ਪ੍ਰਸੰਨ ਨਹੀਂ ਹੁੰਦਾ ਅਰ ਨਿੰਦਾ ਸੁਣਕੇ ਦੁਖੀ ਨਹੀਂ ਹੁੰਦਾ ਅਰ) ਨਾ ਜਿਸਨੂੰ (ਕਿਸੇ ਦੀ) ਉਸਤਤਿ ਨਿੰਦਾ (ਚੰਗੀ ਲਗਦੀ ਹੈ ਨਾ ਸੁਣਦਾ) ਹੈ, (ਫੇਰ) ਸੋਨੇ ਅਰ ਲੋਹੇ ਨੂੰ ਇਕੋ ਜੇਹਾ ਜਾਣਦਾ ਹੈ, (ਅਰਥਾਤ ਸੁਇਨੇ ਦਾ ਲੋਭ ਨਹੀਂ, ਲੋਹੇ ਦਾ ਤਿਆਗ ਨਹੀਂ ਕਰਦਾ) (ਗੁਰੂ) ਨਾਨਕ ਜੀ ਕਹਿੰਦੇ ਹਨ : ਹੇ ਮਨ! ਤੂੰ ਉਸ ਨੂੰ ਮੁਕਤਿ ਰੂਪ ਜਾਣ (ਭਾਵ ਅਗਲੇ ਸਲੋਕ ਨਾਲ ਹੋਵੇਗਾ)॥੧੪॥ |

**ਪਦਾਰਥ**—ਉਸਤਤਿ-ਵਡਿਆਈ, ਗੁਣ ਪ੍ਰਗਟ ਕਰਨੇ। ਨਿੰਦਿਆ-ਬੁਰਿਆਈ ਤਥਾ ਔਗੁਣ ਪ੍ਰਗਟ ਕਰਨੇ। ਕੰਚਨ-ਸੋਨਾ। ਲੋਹ-ਲੋਹਾ।

| ਮੂਲ | ਅਰਥ |
|---|---|
| ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥ ੧੫ ॥ | ਜਿਸ (ਮਨੁੱਖ) ਨੂੰ (ਪਦਾਰਥ ਦੀ ਪ੍ਰਾਪਤੀ ਅਰ ਲਾਭ ਵਿਚ) ਹਰਖ ਨਹੀਂ (ਅਰ ਵਿਯੋਗ ਅਰ ਹਾਨੀ ਘਾਟੇ ਵਿਖੇ) ਸਗੋਂ (ਚਿੰਤਾ) ਨਹੀਂ, (ਅਰ ਜੋ) ਵੈਰੀ ਅਰ ਮਿਤ੍ਰ (ਦੋਹਾਂ) ਨੂੰ ਇਕੈ ਦ੍ਰਿਸ਼ਟੀ ਨਾਲ ਵੇਖਦਾ ਹੈ; ਗੁਰੂ ਨਾਨਕ ਜੀ ਕਹਿੰਦੇ ਹਨ ਹੇ ਭਾਈ ਮਨੁਖੋ ਸੁਣੋ, ਉਸ ਨੂੰ ਤੁਸੀਂ ਮੁਕਤਿ ਰੂਪ ਜਾਣੋ॥੧੫॥ |

**ਪਦਾਰਥ**—ਹਰਖੁ-ਖੁਸ਼ੀ। ਸੋਗੁ-ਗਮੀ। ਬੈਰੀ-ਵੈਰੀ, ਦੁਸ਼ਮਨ। ਮੀਤ-ਦੋਸਤ, ਮਿਤ੍ਰ। ਸਮਾਨਿ-ਇਕੋ ਜੇਹੇ।

**ਭਾਵ**—ਜਿਸ ਵਿਖੇ ਏਹ ਗੁਣ ਪਾਏ ਜਾਣ, ਜੋ ਸੁਖ ਦੁਖ, ਸੰਪਦਾ ਬਿਪਦਾ, ਹਰਖ ਸੋਗ, ਸੰਯੋਗ ਵਿਯੋਗ ਵਿਚ ਵਾਹਿਗੁਰੂ ਦਾ ਭਾਣਾ ਮੰਨਕੇ ਸਦਾ ਇਕ ਰਸ ਰਹਿੰਦਾ ਹੈ, ਇੰਦ੍ਰੀਆਂ ਦੇ ਵਿਕਾਰਾਂ ਅਰ ਦ੍ਵੰਦਾਂ ਤੋਂ ਬਚਿਆ ਹੋਯਾ ਹੈ, ਤਿਸ ਨੂੰ ਮੁਕਤਿ ਰੂਪ ਸਮਝੋ। ਸਲੋਕ ੧੩, ੧੪, ੧੫ ਦਾ ਭਾਵ ਇਕੋ ਹੀ ਸਮਝੋ॥੧੫॥

| ਮੂਲ | ਅਰਥ |
|---|---|
| **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥** | (ਜੋ ਮਨੁੱਖ) ਕਿਸੇ ਨੂੰ ਭੈ ਨਹੀਂ ਦੇਂਦਾ ਅਰ ਨਾ ਹੀ ਕਿਸੇ ਦਾ ਭੈ (ਆਪ) ਮੰਨਦਾ ਹੈ (ਗੁਰੂ) ਨਾਨਕ ਜੀ ਆਖਦੇ ਹਨ : ਹੇ ਮਨ! (ਤੂੰ) ਗਜਾਨਵਾਨ ਉਸੇ ਨੂੰ ਆਖ॥੧੬॥ |

**ਪਦਾਰਥ**—ਭੈ-ਡਰ। ਆਨਿ-ਦੂਜੇ ਦਾ, ਕਿਸੇ ਦਾ। ਬਖਾਨਿ-ਆਖ।

**ਭਾਵ**—ਜਿਸ ਤਰ੍ਹਾਂ ਪਰਮੇਸ੍ਵਰ ਨੂੰ ਸਭ ਕੋਈ ਆਪਣਾ ਜਾਣਦਾ ਹੈ; ਸੁਰ ਅਸੁਰ, ਹਿੰਦੂ ਮੁਸਲਮਾਨ, ਈਸਾਈ ਯਹੂਦੀ ਆਦਿ ਸਭ ਉਸਦੀ ਉਪਾਸਨਾ ਕਰਦੇ ਅਰ ਉਸ ਕੋਲੋਂ ਮਨ ਬਾਂਛਿਤ ਸੁਖ ਤੇ ਲਾਭ ਮੰਗਦੇ ਹਨ। ਆਪਸ ਵਿਚ ਭਾਵੇਂ ਵਿਰੋਧੀ ਹੋਕੇ ਲੜਦੇ ਭਿੜਦੇ ਹਨ ਪਰ ਉਸ ਨੂੰ ਸਭੇ ਆਪਣਾ ਹੀ ਜਾਣਦੇ ਹਨ, ਅਰ ਉਹ ਭੀ ਸਭ ਨੂੰ ਪਾਲਦਾ ਹੈ: ਗਰਮੀ, ਸਰਦੀ, ਵਰਖਾ, ਚਾਨਣ ਆਪਣੇ ਪਦਾਰਥ ਸਭ ਨੂੰ ਇਕੋ ਜੇਹੇ ਪ੍ਰਦਾਨ ਕਰਦਾ ਹੈ, ਤੇਹਾ ਹੀ ਗਿਆਨਵਾਨ ਹੋਣਾ ਚਾਹੀਏ ਯਥਾ:-

**"ਸੋ ਸਮਦਰਸੀ ਤਤ ਕਾ ਬੇਤਾ॥ ਨਾਨਕ ਸਗਲ ਸ੍ਰਿਸਟਿ ਕਾ ਜੇਤਾ॥"**(੨੯੨)

ਜਿਸ ਨੂੰ ਆਪਣਾ ਜਾਣਕੇ ਕੋਈ ਡਰੇ ਨਹੀਂ। ਗਿਆਨੀ ਕਿਸੇ ਨੂੰ ਭੈ ਦਿੰਦਾ ਨਹੀਂ, ਕਿਉਂਕਿ ਉਹ ਸਭ ਨੂੰ ਆਪਣਾ ਅੰਗ ਸਮਝਦਾ ਹੈ। ਏਹ ਗਿਆਨਵਾਨ ਦੇ ਲੱਛਣ ਹਨ॥੧੬॥

| ਮੂਲ | ਅਰਥ |
|---|---|
| **ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥** | ਜਿਸ (ਮਨੁੱਖ) ਨੇ ਸਾਰੇ ਵਿਸ਼ੇ ਛੱਡ ਦਿਤੇ ਹਨ, (ਅਰ ਸਭ ਪਦਾਰਥਾਂ ਲਈ ਦੋਖ ਦ੍ਰਿਸ਼ਟੀ ਕਰਕੇ) ਵੈਰਾਗ ਦਾ ਭੇਸ ਲਿਆ ਹੈ। ਗੁਰੂ ਨਾਨਕ ਜੀ ਕਹਿੰਦੇ ਹਨ: ਹੇ ਮਨ! ਉਹ ਨਰ ਮੱਥੇ ਦੇ ਭਾਗਾਂ ਵਾਲਾ ਹੈ॥੧੭॥ |

**ਪਦਾਰਥ**—ਬਿਖਿਆ-ਵਿਖੰ (ਜ਼ਹਿਰ) ਸਮਾਨ ਇੰਦ੍ਰਿਆਂ ਦੇ ਵਿਸ਼ਯ ਵਿਕਾਰ। ਬੈਰਾਗ-ਦੋਖ ਦ੍ਰਿਸਟੀ ਕਰਕੇ ਸੰਸਾਰ ਦੇ ਪਦਾਰਥਾਂ ਦਾ ਤਿਆਗ। ਭਾਗ-ਚੰਗੀ ਪ੍ਰਾਲਬਧਿ।

**ਭਾਵ**—ਗਿਆਨੀ ਦਾ ਲੱਛਣ ਕਰਦੇ ਹਨ। ਗਿਆਨੀ ਉਹ ਹੈ ਜੋ ਸਭ ਅਵਸਥਾ ਤੋਂ ਲੰਘ ਕੇ ਯਥਾਰਥ ਨੂੰ ਜਾਣ ਚੁਕਾ ਹੈ। ਹੁਣ ਯਥਾਰਥ ਇਹ ਹੈ ਕਿ ਵਾਹਿਗੁਰੂ ਪ੍ਰੇਮ ਸਰੂਪ ਅਰ ਘਟ ਘਟ ਵਿਚ ਵਿਆਪਕ ਹੈ, ਤੇ ਸਸੰਾਰ ਦੀ ਸਾਰੀ ਕ੍ਰਿਯਾ ਪ੍ਰੇਮ ਆਸ਼੍ਰਿਤ ਹੈ; ਪ੍ਰਭੂ ਪਿਤਾ ਦੇ ਸਾਰੇ ਪੁਤਰ ਹਨ, ਤਾਂ ਤੇ ਸਾਰੇ ਭਾਈ ਹਨ, ਇਸ ਸਮਝ ਕਾਰਨ ਗਿਆਨੀ ਕਿਸੇ ਨੂੰ ਭੈ ਨਹੀਂ ਦੇਂਦਾ; ਕਿਉਂਕਿ ਜਦ ਉਹ ਅਸਥੂਲ ਸ੍ਰਿਸ਼ਟੀ ਅਰਥਾਤ ਪ੍ਰਕਾਸ਼ ਵਲ ਦੇਖਦਾ ਹੈ ਤਾਂ ਸਭੇ ਭਾਈ ਨਜ਼ਰ ਪੈਂਦੇ ਹਨ, ਸਾਰੇ ਪ੍ਰੇਮ ਦੇ ਸੂਤ ਵਿਚ ਪ੍ਰੋਤੇ ਦਿਸਦੇ ਹਨ। ਹੁਣ ਡਰਾਉਣ ਤਾਂ ਕਿਸ ਨੂੰ? ਫੇਰ ਉਹ ਕਿਸੇ ਨੂੰ ਭੁੱਲਾ ਹੋਇਆ ਸਮਝਕੇ ਹੰਕਾਰ ਨਹੀਂ ਕਰਦੇ ਕਿ ਅਸੀ ਅਭੁੱਲ ਹਾਂ, ਉਹ ਭੈ ਦੇਣ ਤਾਂ ਕਿਸ ਨੂੰ ਤੇ ਕਿਉਂ ਦੇਣ?

ਜਦ ਉਹ ਸੂਖਮ ਅਰ ਕਾਰਣ ਰੂਪ ਵਲ ਨਜ਼ਰ ਕਰਦੇ ਹਨ, ਤਦ ਕਰਤਾ ਵਾਹਿਗੁਰੂ ਨੂੰ ਦੇਖਦੇ ਹਨ, ਜਿਸ ਦੇ ਆਪ ਕੀਤੇ ਹੋਏ ਹਨ, ਭੈ ਦੇਣਾ ਇਥੇ ਅਸੰਭਵ ਹੈ। ਦੂਜੇ ਪਾਸੇ ਆਪ ਭੈ ਨਹੀਂ ਮੰਨਦੇ ਕਿਸੇ ਦਾ, ਕਿਉਂਕਿ ਕਿਸੇ ਨਾਲ ਉਹਨਾਂ ਦਾ ਵੈਰ ਨਹੀਂ, ਇਸ ਕਰਕੇ ਕਿਸੇ ਦਾ ਉਨ੍ਹਾਂ ਨੂੰ ਡਰ ਨਹੀਂ, ਪਾਪ ਮੰਡਲ ਤੋਂ ਬਾਹਰ ਹੋ ਗਏ ਹਨ, ਇਸ ਕਰਕੇ ਯਮ ਦਾ ਉਨ੍ਹਾਂ ਨੂੰ ਡਰ ਨਹੀਂ ਹੈ। ਵਾਹਿਗੁਰੂ ਦਾ ਵਾਸਤਵ ਪ੍ਰੇਮ ਸਰੂਪ ਦੇਖ ਚੁਕੇ ਹਨ। ਉਸ ਨਿਰਭੈ ਦਾ ਆਰਾਧਨ ਕਰਦੇ ਹਨ, ਹੁਣ "**ਨਿਰਭਉ ਭਏ ਸਗਲ ਭਉ ਮਿਟਿਆ**"(੧੨੧੭) ਦੀ ਅਵਸਥਾ ਵਿਚ ਪਹੁੰਚ ਪਏ ਹਨ। ਤਾਂਤੇ ਆਪ ਨਿਰਭੈ ਹਨ। ਬਾਕੀ ਰਿਹਾ ਰਾਜ ਭੈ, ਸੋ ਉਹ ਪੂਰਨ ਸਦਾਚਾਰੀ ਹੋਣ ਕਰਕੇ ਕਦੇ ਦੇਸ ਕਾਨੂੰਨ ਉਲੰਘਨ ਕਰਦੇ ਹੀ ਨਹੀਂ। ਤੇ ਜੇ ਰਾਜਾ ਅਨੀਤਿ ਕਰਕੇ ਦੁਖ ਦੇਵੇ ਤਾਂ ਉਨ੍ਹਾਂ ਨੂੰ ਆਤਮ ਅਵਿਨਾਸ਼ੀ ਦਾ ਬੋਧ ਹੈ, ਸਰੀਰ ਖਿਨ ਭੰਗਰ ਜਾਣਦੇ ਹਨ, ਇਸ ਕਰਕੇ ਸਰੀਰ ਦੇ ਦੇਂਦੇ ਹਨ, ਪਰ ਭੈ ਨਹੀਂ ਮੰਨਦੇ, ਜਿਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪ ਅਨੀਤੀ ਵੇਲੇ ਨਿਰਭੈ ਸੀਸ ਦੇ ਦਿੱਤਾ, ਪਰ ਸੀ ਨਾ ਕੀਤੀ। ਇਸ ਸਲੋਕ ਵਿਖੇ ਸਤਿਗੁਰੂ ਜੀ ਦੱਸਦੇ ਹਨ ਕਿ ਵੈਰਾਗ ਅਸਲ ਵਿਚ ਕਿਸਨੂੰ ਆਖਦੇ ਹਨ। ਸਗਲੀ ਬਿਖਿਆ ਤਜਣੀ ਵੈਰਾਗ ਦੀ ਪ੍ਰਾਪਤੀ ਤੇ ਪਹੁੰਚਾਉਂਦੀ ਹੈ। ਜਗਤ ਦੇ ਪਦਾਰਥਾਂ ਵਿਚ ਵਿਸ਼ੇ ਅਨੁਸਾਰ ਖਚਿਤ ਹੋਣਾ ਵੈਰਾਗ ਤੋਂ ਰੋਕਦਾ ਹੈ, ਪਰ ਉਨ੍ਹਾਂ ਹੀ ਕਾਰਜਾਂ ਨੂੰ ਕਰਤਾ ਦੀ ਰਚਨਾ ਜਾਣਕੇ ਕਰਤਾ ਦੀ ਯਾਦ ਦਾ ਕਾਰਨ ਬਨਾਉਣਾ, ਕਰਤਾ ਦੇ ਕੀਤੇ ਹੋਏ ਜਾਣਕੇ ਕਰਤਾ ਦੇ ਹਿਤ ਵਿਚ ਸਹਾਈ ਬਨਾਉਣਾ, ਵੈਰਾਗ ਦਾ ਬਾਧਕ ਨਹੀਂ ਹੈ। ਤਾਂਤੇ ਇਹ ਨਹੀਂ ਸਮਝਣਾ ਚਾਹੀਏ ਜੋ ਪਰਮਾਤਮਾਂ ਦੀਆਂ ਦਾਤਾਂ ਦਾ ਤਿਆਗ ਕਰਨਾ ਵੈਰਾਗ ਹੈ। ਘਰੋਂ ਨਿਕਲਣਾ, ਪੰਥ ਸੇਵਾ ਤੋਂ ਨੱਸਣਾ, ਦਾਤੇ ਦੀਆਂ ਦਾਤਾਂ ਦਾ ਧ੍ਰਿਕਾਰ ਕਰਨਾ ਤੇ ਮਨ ਵਿਚ ਪਾਪ ਦੀ ਘੁੰਡੀ ਰੱਖਣੀ ਵੈਰਾਗ ਨਹੀਂ ਹੈ। ਸਗੋਂ ਪਰਮਾਤਮਾ ਦੇ ਬਖਸ਼ੇ ਹੋਏ ਸੁਖਾਂ ਦੇ ਵਿਚ ਪਰਮਾਤਮਾਂ ਦਾ ਚਿੰਤਨ ਕਰਨਾ, ਉਸਦੇ ਜੀਵਾਂ ਨੂੰ ਸੁਖ ਪਹੁੰਚਾਉਣਾ, ਉਨ੍ਹਾਂ ਦੀ ਸੇਵਾ ਕਰਨੀ, ਆਪ "**ਜੈਸੇ ਜਲ ਮਹਿ ਕਮਲ ਅਲੇਪ**" ਦੀ ਤਰ੍ਹਾਂ ਵਿਚਰਕੇ ਹੋਰਨਾਂ ਨੂੰ ਸਚੇ ਪ੍ਰਭੂ ਨਾਲ ਜੋੜਨਾ ਵੈਰਾਗ ਹੈ। ਸਤਿਗੁਰ ਬਚਨ ਕਰਦੇ ਹਨ ਕਿ ਉਨ੍ਹਾਂ ਆਪਣੇ ਪਿਆਰਿਆਂ ਪਰ, ਜਿਨ੍ਹਾਂ ਨੇ ਸਗਲੀ ਬਿਖਿਆ ਮਨ ਬਚ ਕਰਮ ਕਰਕੇ ਛੱਡ ਦਿੱਤੀ ਹੋਵੇ, ਸਮਝਣਾ ਚਾਹੀਏ ਜੋ ਅਕਾਲ ਪੁਰਖ ਦੀ ਕ੍ਰਿਪਾ ਹੈ॥੧੭॥

| <u>ਮੂਲ</u> | <u>ਅਰਥ</u> |
|---|---|
| **ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥ ੧੮ ॥** | ਜਿਸ ਨੇ ਮਾਇਆ (ਤੇ ਸਰਬ ਪ੍ਰਕਾਰ ਦੇ ਸੰਸਾਰਕ ਪਦਾਰਥਾਂ ਦੀ) ਮਮਤਾ ਤਿਆਗ ਦਿਤੀ ਹੈ (ਅਰ) ਸਭਨਾਂ (ਪਾਸਿਆਂ) ਤੋਂ ਉਦਾਸ ਹੋ ਰਿਹਾ ਹੈ। ਗੁਰੂ ਸਾਹਿਬ ਕਹਿੰਦੇ ਹਨ ਹੇ ਮਨ! ਸੁਣ, ਤਿਸ ਦੇ ਹਿਰਦੇ ਵਿਚ ਬ੍ਰਹਮ (ਪਰਮਾਤਮਾ) ਦਾ ਨਿਵਾਸ ਹੈ॥੧੮॥ |

**ਪਦਾਰਥ**—ਮਮਤਾ-ਮੈਂ ਮੇਰੀ। ਉਦਾਸ-ਵੈਰਾਗਵਾਨ। ਘਟਿ-ਹਿਰਦਾ, ਜੀਵ ਆਤਮਾ। ਬ੍ਰਹਮ-ਸਰਬ ਬਿਆਪਕ ਪਰਮੇਸ਼ੁਰ।

**ਭਾਵ**—ਪਰਮੇਸ਼ੁਰ ਦੇਂ ਭਗਤ ਗੁਰਮੁਖ ਲੋਕ ਪਦਾਰਥਾਂ ਦਾ ਤਿਆਗ ਨਹੀਂ ਕਰਦੇ, ਜੋ ਕੁਛ ਵਾਹਿਗੁਰੂ ਦੇਵੇ ਸੰਤੋਖ ਨਾਲ, ਸ਼ੁਕਰ ਕਰਕੇ, ਉਸੇ ਵਿਚ ਪ੍ਰਸੰਨ ਅਰ ਅਲੇਪ ਰਹਿੰਦੇ ਹਨ, ਮੈਂ ਮੇਰੀ ਦੀ ਮਮਤਾ ਨਹੀਂ ਕਰਦੇ, ਸਭ ਕੁਛ ਵਾਹਿਗੁਰੂ ਦਾ ਜਾਣਕੇ ਭਟਕਦੇ ਨਹੀਂ ਤ੍ਰਿਸ਼ਨਾਂ ਨਹੀਂ ਕਰਦੇ,

ਖਾਂਦੇ ਪੀਂਦੇ ਪਹਿਨਦੇ ਵਰਤਦੇ ਭੋਗਦੇ ਹਨ; ਪਰ ਮਨ ਕਰਕੇ ਉਦਾਸ ਵੈਰਾਗਵਾਨ ਰਹਿੰਦੇ ਹਨ:-

**"ਬ੍ਰਹਮਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥"**{ਸੁਖਮਨੀ ੮-੧, ਪੰ:੨੭੨}

ਜਿਸ ਵਿਖੇ ਇਹ ਲੱਛਣ ਹੋਣ, ਜਾਣੋ ਉਸਦੇ ਹਿਰਦੇ ਵਿਚ ਵਾਹਿਗੁਰੂ ਅਕਾਲ ਪੁਰਖ ਪਰਮੇਸ਼੍ਵਰ ਨਿਵਾਸ ਕਰਦਾ ਹੈ। ਤਾਂ ਹੀ ਉਸਦਾ ਹਿਰਦਾ ਪਵਿਤ੍ਰ ਹੋ ਗਿਆ, ਉਸ ਨੂੰ ਕੋਈ ਸੰਸਾਰ ਦਾ ਦੁਖ ਪੋਹੰਦਾ ਨਹੀਂ॥੧੮॥

| ਮੂਲ | ਅਰਥ |
|---|---|
| **ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥ ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥ ੧੯ ॥** | ਜਿਸ ਮਨੁੱਖ ਨੇ ਕਰਨ ਕਾਰਨ (ਸਰਬ ਬਿਧਾਂ ਦੇ ਬਨਾਉਣ ਹਾਰੇ) ਵਾਹਿਗੁਰੂ ਅਕਾਲ ਪੁਰਖ ਨੂੰ ਪਛਾਣਕੇ (ਆਪਣੀ) ਹਉਮੈ ਤਜਾਗ ਦਿੱਤੀ ਹੈ; (ਗੁਰੂ) ਨਾਨਕ (ਸਾਹਿਬ) ਕਹਿੰਦੇ ਹਨ ਉਹ ਮਨੁੱਖ ਮੁਕਤਿ ਰੂਪ ਹੈ, ਇਸ (ਗੱਲ) ਨੂੰ (ਆਪਣੇ) ਮਨ ਵਿਚ ਸੱਚੀ ਸਮਝੋ॥੧੯॥ |

**ਪਦਾਰਥ**—ਹਉਮੈ-ਮੈਂ ਮੇਰੀ, ਹੰਕਾਰ। ਕਰਤਾ ਰਾਮੁ-ਕਰਨ ਕਾਰਨ ਵਾਹਿਗੁਰੂ ਅਕਾਲ ਪੁਰਖ ਨੂੰ।

**ਭਾਵ**—੧੩ ਥੋਂ ਲੈਕੇ ੧੯ ਤਕ, ਇਨ੍ਹਾਂ ੭ ਸਲੋਕਾਂ ਵਿਚ ਗੁਰੂ ਸਾਹਿਬ ਨੇ ਲੱਛਣ ਹੀ ਦੱਸੇ ਹਨ ਕਿ ਗਜਾਨਵਾਨਾਂ ਦੇ ਇਹ ਲੱਛਣ ਹਨ, ਮੁਕਤਿ ਰੂਪ ਦੇ ਏਹ ਹਨ, ਜਿਨ੍ਹਾਂ ਦੇ ਹਿਰਦੇ ਵਿਚ ਪਰਮੇਸਰ ਵਸਿਆ ਹੈ ਉਨ੍ਹਾਂ ਦੀ ਏਹ ਨਿਸ਼ਾਨੀ ਹੈ, ਜੋ ਕੋਈ ਸਿਖ ਧੋਖਾ ਨਾ ਖਾਵੇ ਤੇ ਕਿਸੇ ਪਖੰਡੀ ਦੇ ਛਲ ਹੇਠ ਨਾ ਆਵੇ। ਪ੍ਰਯੋਜਨ ਸਭਨਾ ਦਾ ਇਕ ਹੈ, ਕਿ ਕਰਨ ਕਾਰਨ ਇਕ ਵਾਹਿਗੁਰੂ ਨੂੰ ਜਾਣਕੇ ਅਪਣੀ ਹਉਮੈ ਮਮਤਾ ਨਾ ਕਰੋ:-

**"ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥ ਤਬ ਇਸ ਕਉ ਸੁਖੁ ਨਾਹੀ ਕੋਇ॥**
**ਜਬ ਇਹ ਜਾਨੈ ਮੈ ਕਿਛੁ ਕਰਤਾ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ॥**
**ਜਬ ਧਾਰੈ ਕੋਊ ਬੈਰੀ ਮੀਤੁ॥ ਤਬ ਲਗੁ ਨਿਹਚਲੁ ਨਾਹੀ ਚੀਤੁ॥**
**ਜਬ ਲਗੁ ਮੋਹ ਮਗਨ ਸੰਗਿ ਮਾਇ॥ ਤਬ ਲਗੁ ਧਰਮ ਰਾਇ ਦੇਇ ਸਜਾਇ॥**
**ਪ੍ਰਭ ਕਿਰਪਾ ਤੇ ਬੰਧਨ ਤੂਟੈ॥ ਗੁਰ ਪ੍ਰਸਾਦਿ ਨਾਨਕ ਹਉ ਛੂਟੈ॥੪॥"**

{ਸੁਖਮਨੀ, ੧੨-੪}॥੧੯॥

| ਮੂਲ | ਅਰਥ |
|---|---|
| **ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥ ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥ ੨੦ ॥** | (ਸਰਬ ਪ੍ਰਕਾਰ ਦੇ ਡਰ ਅਰ ਸਭ ਤੋਂ ਵਿਸ਼ੇਸ਼ ਕਾਲ ਦਾ) ਭੈ ਨਾਸ਼ ਕਰਨ ਵਾਲਾ ਅਰ ਖੋਟੀਆਂ ਬੁੱਧਾਂ (ਮੱਤਾਂ) ਦੇ ਦੂਰ ਕਰਨਹਾਰਾ ਕਲਿਯੁਗ ਵਿਚ ਵਾਹਿਗੁਰੂ ਦਾ ਨਾਮ ਹੈ। ਰਾਤ ਦਿਨ (ਅਰਥਾਤ ਹਰ ਵੇਲੇ) ਜੋ (ਉਸਦਾ) ਭਜਨ ਕਰਦਾ ਹੈ ਹੇ ਨਾਨਕ! ਤਿਸਦੇ ਸਭ ਕੰਮ ਪੂਰਨ ਅਤੇ ਫਲਦਾਇਕ ਹੁੰਦੇ ਹਨ॥੨੦॥ |

**ਪਦਾਰਥ**—ਨਾਸਨ-ਨਾਸ਼ ਕਰਨ ਹਾਰਾ। ਦੁਰਮਤਿ-ਖੋਟੀ ਮਤਿ। ਹਰਨ-ਨਾਸ਼ ਕਰਨ ਵਾਲਾ। ਨਿਸਦਿਨ-ਰਾਤ ਦਿਨ।

**ਭਾਵ**—ਪਰਮੇਸ਼ਰ ਦਾ ਨਾਮ ਭੈ ਦੂਰ ਕਰਨ ਵਾਲਾ, ਖੋਟੀ ਬੁਧੀ ਨਾਸ਼ ਕਰਨ ਵਾਲਾ ਹੈ। ਭੈ ਇਕ ਐਸੀ ਚੀਜ਼ ਹੈ ਕਿ ਜੋ ਜਿਸ ਕੰਮ ਵਿਚ ਪੈਦਾ ਹੋ ਜਾਵੇ ਉਸ ਦੀ ਜੜ੍ਹ ਵਿਚ ਨਾ-ਕਾਮਯਾਬੀ ਦਾ ਬੀਜ ਰੱਖ ਦਿੰਦਾ ਹੈ। ਜੋ ਪੁਰਖ ਨਿਰਭੈ ਵਾਹਿਗੁਰੂ ਦੀ ਆਰਾਧਨਾ ਕਰਕੇ ਨਿਰਭੈ ਨੂੰ ਪਹੁੰਚਦੇ ਹਨ, ਉਹਨਾਂ ਦੇ ਨਾ-ਕਾਮਯਾਬੀ ਨੇੜ ਨਹੀਂ ਫਟਕਦੀ। ਦੂਜਾ ਕਾਰਣ ਨਾ-ਕਾਮਯਾਬੀ ਦਾ ਸੰਸੇ ਬੁੱਧੀ ਹੋਇਆ ਕਰਦੀ ਹੈ। ਸੰਸੇ ਬੁੱਧੀ ਅਰ ਭੈ ਦੋਨੋਂ ਉਸ ਨੂੰ ਵਾਪਰਦੇ ਹਨ ਜੋ ਜੀਵ ਵਿਸ਼ੇ ਪਰਾਯਣ ਹੋਵੇ। ਵਿਸ਼ੈ ਪਰਾਯਣ ਦੀ ਬੁਧਿ ਖੋਟੀ ਹੋ ਜਾਂਦੀ ਹੈ। ਜਿਉਂ ਜਿਉਂ ਪਾਪ ਕਰਦਾ ਹੈ ਉਸ ਦੀ ਮਤਿ ਪਾਪਾਂ ਨਾਲ ਭਰਦੀ ਜਾਂਦੀ ਹੈ। ਉਹ ਮਤਿ ਦੀ ਮੈਲ ਨਾਮ ਨਾਲ ਦੂਰ ਹੁੰਦੀ ਹੈ। ਜਦ ਉਸਦੀ ਬੁੱਧੀ ਨਿਰਮਲ ਨਿਰਸੰਸੇ ਹੋ ਜਾਂਦੀ ਹੈ ਫੇਰ ਜੋ ਕਾਰਜ ਉਹ ਕਰਦਾ ਹੈ ਸਿਰੇ ਚੜ੍ਹਦਾ ਹੈ। ਕਈ ਅਣਜਾਣ ਇਹ ਸੰਸਾ ਕਰਦੇ ਹਨ ਕਿ ਕਿਆ ਉਸ ਦੇ ਵਿਸ਼ੇ ਮਨੋਰਥ ਬੀ ਨਾਮ ਨਾਲ ਪੂਰਨ ਹੋ ਜਾਣਗੇ। ਇਸ ਦਾ ਉੱਤਰ ਸਲੋਕ ਦੇ ਵਿਚ ਮੌਜੂਦ ਹੈ ਕਿ ਨਾਮ ਖੋਟੀ ਬੁੱਧੀ ਨੂੰ ਦੂਰ ਕਰ ਦੇਂਦਾ ਹੈ। ਜਿਸਦੀ ਬੁੱਧਿ ਉੱਜਲ ਹੋ ਗਈ ਹੈ ਉਸਨੂੰ ਵਿਸ਼ੇ ਮਨੋਰਥ ਪੈਦਾ ਕਿਸ ਤਰ੍ਹਾਂ ਹੋ ਸਕਦੇ ਹਨ? ਉਸਦੀ ਅਕਲ ਜਦ ਖਰੀ ਹੈ, ਤਦ ਖੋਟੇ ਕਰਮਾਂ ਦੀ ਚਾਹ ਹੋਵੇਗੀ ਹੀ ਨਹੀਂ, ਤਾਂਤੇ ਨਾਮ ਅਭਿਆਸੀ ਦੇ ਮਨੋਰਥ ਉੱਜਲ ਹੋਣਗੇ ਅਰ ਉਸਦੀ ਆਤਮ ਸੱਤਾ ਭੈ ਤੇ ਸੰਸੇ ਤੋਂ ਸਾਫ਼ ਹੋਣ ਕਰਕੇ ਉਹ ਹਰ ਕਾਰਜ ਨੂੰ ਸਿਰੇ ਚਾੜ੍ਹ ਲਵੇਗਾ। ਭੈ ਦੀ ਇਕ ਹੋਰ ਹਾਲਤ ਹੈ, ਜਿਸ ਬਾਬਤ ਲਿਖਤ ਹੈ:-

**"ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ॥"**{ਵਾਰ ਮਾਝ ਮ: ੩-੨੫, ਪੰ:੧੪੯}

ਇਹ ਭੈ ਇਕ ਹੋਰ ਉੱਚ ਅਵਸਥਾ ਦੀ ਬਾਤ ਹੈ। ਉੱਪਰਲਾ ਭੈ ਹਾਨੀ ਕਰਨੇ ਵਾਲਾ ਭੈ ਹੈ, ਇਹ ਭੈ ਲਾਭ ਵਾਲੀ ਸ਼ੈ ਹੈ॥੨੦॥

| **ਮੂਲ** | **ਅਰਥ** |
|---|---|
| **ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥ ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥ ੨੧ ॥** | (ਹੇ ਭਾਈ ਗੁਰਮੁਖ ਮਨੁੱਖੋ! ਅਥਵਾ ਹੇ ਮਨ ਸੁਣੋ!) ਜਿਹਵਾ ਨਾਲ ਗੋਬਿੰਦ (ਪਰਮੇਸਰ) ਦੇ ਗੁਣ ਗਾਓ (ਅਰ) ਕੰਨਾ ਨਾਲ ਹਰਿ ਦਾ ਨਾਮ ਸੁਣੋ। (ਤਾਂ) ਗੁਰੂ ਸਾਹਿਬ ਕਹਿੰਦੇ ਹਨ, ਹੇ ਮਨ ਸੁਣ! ਯਮ ਦੇ ਘਰ (ਨਰਕ) ਵਿਚ (ਤੂੰ ਫੇਰ) ਨਹੀਂ ਪਵੇਂਗਾ॥੨੧॥ |

**ਪਦਾਰਥ**—ਜਿਹਬਾ-ਜ਼ੁਬਾਨ। ਜਮ ਕੈ ਧਾਮ-ਜਮ ਦੇ ਘਰ।

**ਭਾਵ**—ਇਸ ਸਲੋਕ ਵਿਖੇ ਜਮ ਦੇ ਧਾਮ (-ਪੀੜਾ ਦੁੱਖ ਦਾ ਘਰ) ਨਰਕ ਤੋਂ ਬਚਣ ਦੇ ਦੋ ਉਪਾਵ ਦੱਸੇ ਹਨ ਕਿ ਜੀਭ ਨਾਲ ਪਰਮੇਸ਼ਰ ਦੇ ਗੁਣ ਗਾਓ, ਅਰ ਕੰਨਾਂ ਨਾਲ ਹਰਿ ਗੁਣ ਸੁਣੋ। ਅਰਥਾਤ ਗਾਉਂਦਿਆਂ ਚਿਤ ਬ੍ਰਿਤੀ ਥੱਕ ਜਾਵੇ ਤਾਂ ਸੁਣਨ ਲਗ ਜਾਓ, ਅਰ ਸੁਣਦਿਆਂ ਥਕਤ ਹੋਵੇ ਤਾਂ ਗਾਇਨ ਕਰੋ; ਫੇਰ ਨਰਕ ਨਹੀਂ ਪਵੋਗੇ॥੨੧॥

**"ਨਰਕ ਨ ਡੀਠੜਿਆ ਸਿਮਰਤ ਨਾਰਾਇਣ॥"**{ਆਸਾ ਮਹਲਾ ੫, ਛੰਤ ੧੨-੩}॥੨੧॥

| ਮੂਲ | ਅਰਥ |
| --- | --- |
| **ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥ ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥** | ਜੋ ਮਨੁੱਖ (ਆਪਣੀ ਪ੍ਰਾਣ ਅਵਸਥਾ, ਅਰਥਾਤ ਜੀਉਣ ਸਮੇਂ ਵਿਖੇ) ਅਹੰਤਾ ਮਮਤਾ ਤਜਾਗ ਦਿੰਦਾ ਹੈ, (ਅਰ) ਲੋਭ ਮੋਹ ਅਹੰਕਾਰ ਬੀ ਤਜਾਗਦਾ ਹੈ, ਗੁਰੂ ਸਾਹਿਬ ਕਹਿੰਦੇ ਹਨ ਉਹ ਆਪ (ਸੰਸਾਰ ਸਾਗਰ ਤੋਂ) ਤਰਦਾ (ਅਰਥਾਤ ਮੋਖ ਹੁੰਦਾ) ਹੈ (ਨਾਲ) ਹੋਰਨਾਂ ਨੂੰ (ਬੀ) ਮੁਕਤ ਕਰ ਲੈਂਦਾ ਹੈ॥੨੨॥ |

**ਪਦਾਰਥ**—ਮਮਤਾ-ਮੈਂ ਮੇਰੀ, ਹਉਮੈ। ਲੋਭ-ਭੱਖ ਅਭੱਖ ਨਾ ਵਿਚਾਰਨਾ, ਮਨ ਨੂੰ ਭਾਈ (ਚੰਗੀ ਲਗੀ) ਹਰ ਸ਼ੈ ਨੂੰ ਲੈਣਾ ਲੋਚਣਾ, ਅਤਿਪ੍ਰਤ ਦਸ਼ਾ, ਆਪਣੇ ਅਧਿਕਾਰ ਤੋਂ ਵਧੀਕ ਮੰਗਣਾ, ਧਾਨ ਕੁਧਾਨ ਦਾ ਵਿਚਾਰ ਨਾ ਕਰਨਾ। ਮੋਹ-ਅਗਜਾਨ, ਅਧਿਕ ਪ੍ਰੀਤੀ। ਉਧਾਰ-ਮੋਖ।

**ਭਾਵ**—ਹਉਮੈ ਮਮਤਾ ਦੇ ਬੰਧਨ ਵਿਚ ਸਭ ਬੱਝੇ ਹੋਏ ਹਨ। ਲੋਭ ਅੰਨ੍ਹਾਂ ਖੂਹ ਹੈ। ਮੋਹ ਰੂਪੀ ਚਿੱਕੜ ਵਿਚ ਸੰਸਾਰ ਗ਼ਲਤਾਨ ਹੋਯਾ ਦੁੱਖ ਪਾ ਰਿਹਾ ਹੈ। ਸਤਿਗੁਰੂ ਦੀ ਸਹਾਇਤਾ ਨਾਲ ਜਿਨ੍ਹਾਂ ਨੇ ਹਉਮੈ ਅਹੰਕਾਰ ਲੋਭ ਮੋਹ ਤਜਾਗੇ ਹਨ, ਅਰਥਾਤ, ਜੋ ਸਜਣ ਕਰਨ ਕਾਰਨ ਵਾਹਿਗੁਰੂ ਨੂੰ ਜਾਣ ਕੇ ਆਪਣੀ ਹਉਮੈ ਨਹੀਂ ਕਰਦੇ ਅਰ ਰਜ਼ਾ ਉਤੇ ਸੰਤੋਖੀ, ਰਾਗ ਦ੍ਵੈਸ਼ ਤੋਂ ਵਿਰਕਤ ਅਰ ਆਪ ਨੂੰ ਸਭ ਨਾਲੋਂ ਮੰਦਾ ਸਮਝਕੇ ਮਨ ਨੀਵਾਂ ਰੱਖਦੇ ਹਨ, ਓਹ ਆਪ ਤਰਦੇ ਤੇ ਹੋਰਨਾਂ ਨੂੰ ਤਾਰਦੇ ਹਨ॥੨੨॥

| ਮੂਲ | ਅਰਥ |
| --- | --- |
| **ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥** | ਜਗਤ ਨੂੰ ਐਸਾ ਜਾਣੋ ਜੈਸਾ ਸੁਪਨਾ ਯਾ ਨਟ ਦਾ ਤਮਾਸ਼ਾ ਹੁੰਦਾ ਹੈ, ਇਨ੍ਹਾਂ ਵਿਚ ਕੁਛ ਬੀ ਸੱਚਾ (ਇਕ ਰਸ) ਨਹੀਂ ਹੈ, ਬਿਨਾ ਅਕਾਲ ਪੁਰਖ ਦੇ, ਕਹਿੰਦੇ ਹਨ (ਗੁਰੂ) ਨਾਨਕ ਦੇਵ॥੨੩॥ |

**ਪਦਾਰਥ**—ਸੁਪਨਾ-ਨੀਂਦ ਵਿਖੇ ਪ੍ਰਤੱਖ ਵਾਂਗ ਪਦਾਰਥਾਂ ਦਾ ਦਿੱਸਣਾ, ਜੋ ਥੋੜੇ ਸਮੇਂ ਵਿਚ ਹੀ ਅਭਾਵ ਹੋ ਜਾਂਦੇ ਹਨ। ਪੇਖਨਾ-ਦੇਖਣਾ। ਭਾਵ ਇੰਦ੍ਰ ਜਾਲ ਦਾ ਕੌਤਕ, ਨਟਾਂ ਦਾ ਤਮਾਸ਼ਾ।

**ਭਾਵ**—ਜਿਸ ਤਰ੍ਹਾਂ ਸੁਪਨੇ ਵਿਚ ਬਹੁਤ ਰਚਨਾ ਦਿੱਸਦੀ ਹੈ, ਭਾਂਤਿ ਭਾਂਤਿ ਦੇ ਮਨੁੱਖ, ਪਸ਼ੂ, ਪੰਛੀ, ਬ੍ਰਿਛ, ਬਨਾਸਪਤੀ, ਦੇਸ, ਗ੍ਰਾਮ, ਬਾਗ਼, ਬਨ, ਨਦੀਆਂ, ਸਰੋਵਰ ਪਰ ਉਹ ਦਿੱਸਦੀ ਰਚਨਾ ਕਾਯਮ ਨਹੀਂ ਰਹਿੰਦੀ। ਨੀਂਦ ਖੁੱਲ੍ਹਦੇ ਹੀ ਸੱਭੇ ਗੁੰਮ ਹੋ ਜਾਂਦੇ ਹਨ। ਇਸੇ ਤਰ੍ਹਾਂ ਜੋ ਕੁਝ ਸੰਸਾਰ ਦੇ ਸਾਮਾਨ ਮਨ ਨੂੰ ਮੋਹ ਲੈਣ ਵਾਲੇ ਸਾਨੂੰ ਵਾਹਿਗੁਰੂ ਤੋਂ ਭੁਲਾਕੇ ਆਪਣੇ ਵਿਚ ਮਸਤ ਕਰਦੇ ਹਨ, ਸਾਨੂੰ ਐਸਾ ਰੂਪ ਦੱਸਦੇ ਹਨ ਕਿ ਮਾਨੋਂ ਸਦਾ ਇਕ ਰਸ ਰਹਿਣ ਵਾਲੇ ਹਨ, ਪਰ ਉਹ ਸਮੇਂ ਦੀ ਇਕ ਇਕ ਖਿਨ ਵਿਚ ਬਦਲ ਰਹੇ ਹਨ। ਇਸ ਕਰਕੇ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਥਿਰ ਜਾਣਕੇ ਉਹਨਾਂ ਵਿਚ ਖਚਿਤ ਨਾ ਹੋਵੀਏ, ਸਗੋਂ ਰਚਨਹਾਰ ਵਾਹਿਗੁਰੂ ਵਿਚ ਪ੍ਰੇਮ ਕਰੀਏ ਜੋ ਸਦਾ ਇਕ ਰਸ ਆਨੰਦ ਦਾਤਾ ਅਜਰ ਅਮਰ ਅਕਾਲ ਸਰੂਪ ਹੈ। ਜੋ ਇਕੋ ਹੀ ਸਤਿ ਸਰੂਪ, ਤਿੰਨ ਕਾਲ ਇਕ ਰਸ ਰਹਿਣ ਵਾਲਾ ਹੈ, ਜਿਸ ਦੇ ਸਿਮਰਨੇ ਤੇ ਸਦਾ ਸੁਖ ਦੀ ਪ੍ਰਾਪਤੀ ਹੁੰਦੀ ਹੈ॥੨੩॥

| ਮੂਲ | ਅਰਥ |
|---|---|
| **ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥ ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥੨੪॥** | ਮਾਇਆ (ਅਰਥਾਤ-ਸੋਨਾ, ਚਾਂਦੀ, ਧਰਤੀ, ਧਨ ਅਰ ਇਸਤ੍ਰੀ, ਪੁਤ੍ਰ, ਪਰਿਵਾਰ ਆਦਿਕ ਦੀ ਪ੍ਰਾਪਤੀ) ਦੇ ਕਾਰਨ ਨਿਤਜ ਨਿਤਜ (ਏਹ) ਪ੍ਰਾਣਧਾਰੀ (ਜੀਵ) ਭਟਕਦਾ ਫਿਰਦਾ ਹੈ। (ਪਰ) ਜਿਸ ਦੇ ਚਿਤ ਵਿਚ ਨਾਰਾਯਣ (ਦਾ ਨਿਵਾਸ) ਹੋਵੇ ਕਰੋੜਾਂ ਵਿਚੋਂ (ਐਸਾ) ਕੋਈ ਇਕ ਹੁੰਦਾ ਹੈ॥੨੪॥ |

**ਪਦਾਰਥ**—ਨਿਸਿ ਦਿਨਿ-ਰਾਤ ਦਿਨ, ਨਿੱਤ। ਡੋਲਤ-ਭਟਕਦਾ। ਕੋਟਨ-ਕਰੋੜਾਂ।

**ਭਾਵ**—ਪ੍ਰਾਣੀ ਤੋਂ ਮਤਲਬ ਪ੍ਰਾਣੀ ਮਾਤ੍ਰ ਹੈ, ਅਰਥਾਤ ਹਰੇਕ ਮਨੁੱਖ ਦਿਨ ਰਾਤ ਆਪਣੇ ਮਨ ਵਿਚ ਮਾਇਆ ਦੀ ਚਾਹ ਵਿਚ ਡੋਲ ਰਿਹਾ ਹੈ। ਇਹ ਦਸ਼ਾ ਮਨੁੱਖ ਮਾਤ੍ਰ ਦੀ ਹੋ ਰਹੀ ਹੈ। ਜਦ ਨਜ਼ਰ ਪਸਾਰਕੇ ਦੇਖੀਏ ਤਦ ਠੀਕ ਇਹੋ ਨਜ਼ਰ ਆ ਰਿਹਾ ਹੈ। ਇਸ ਦਸ਼ਾ ਪਰ ਇਹ ਸ਼ੰਕਾ ਹੁੰਦੀ ਹੈ ਕਿ ਕਿਆ ਸਾਰੇ ਹੀ ਡੋਲਤ ਹਿਰਦਿਆਂ ਵਾਲੇ ਹਨ? ਗੁਰੂ ਜੀ ਦੱਸਦੇ ਹਨ ਕਿ ਨਹੀਂ ਏਕਾਗ੍ਰ ਚਿਤ ਬੀ ਹਨ ਤੇ ਓਹ ਕੇਵਲ ਓਹ ਹਨ ਜਿਨ੍ਹਾਂ ਦੇ ਚਿਤ ਵਿਚ ਵਾਹਿਗੁਰੂ ਦਾ ਸਿਮਰਨ ਹੈ। ਉਨ੍ਹਾਂ ਨੂੰ ਮਾਇਆ ਦੀ ਖਿੱਚ ਹਿਲਾਉਂਦੀ ਨਹੀਂ, ਵਾਹਿਗੁਰੂ ਦਾ ਸਿਮਰਨ ਹਿੱਲਣੋਂ ਰੋਕਦਾ ਹੈ, ਪਰ ਐਸੇ ਪ੍ਰਾਣੀ ਹੈਨ ਘੱਟ, ਇਸੇ ਕਰਕੇ ਕਹਿੰਦੇ ਹਨ ਕਿ ਕ੍ਰੋੜਾਂ ਵਿਚੋਂ ਕੋਈ ਇਕ ਹੁੰਦਾ ਹੈ, ਭਾਵੇਹ ਕਿ ਵਿਰਲੇ ਵਿਰਲੇ ਹਨ। ਆਮ ਪ੍ਰਾਣੀਆਂ ਨੂੰ ਤਾਂ ਮਾਇਆ ਦੀ ਖਿੱਚ ਹਿਲਾਉਂਦੀ ਹੀ ਰਹਿੰਦੀ ਹੈ ਤੇ ਓਹ ਆਪਣੇ ਸਾਰੇ ਜਗਤ ਜੀਵਨ ਵਿਚ ਇਸੇ ਮਾਇਆ ਪਿਛੇ ਹੀ ਭੱਜੇ ਫਿਰਦੇ ਰਹਿੰਦੇ ਹਨ॥੨੪॥

| ਮੂਲ | ਅਰਥ |
|---|---|
| **ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥ ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥ ੨੫ ॥** | ਜਿਸ ਤਰ੍ਹਾਂ ਜਲ ਵਿਚੋਂ ਬੁਲਬੁਲੇ ਨਿਤ ਉਪਜਦੇ ਹਨ (ਫੇਰ ਉਸੇ ਵਿਚ) ਲੀਨ ਹੋ ਜਾਂਦੇ ਹਨ। ਗੁਰੂ ਸਾਹਿਬ ਕਹਿੰਦੇ ਹਨ, ਹੇ ਭਾਈ! ਜਗਤ ਦੀ ਰਚਨਾ ਬੀ ਕਰਤਾਰ ਨੇ ਤੇਹੀ ਹੀ ਰਚੀ ਹੈ॥੨੫॥ |

**ਪਦਾਰਥ**—ਬੁਦਬੁਦਾ-ਬੁਲਬੁਲਾ। ਉਪਜੈ-ਜੰਮਦਾ ਹੈ। ਬਿਨਸੈ-ਨਾਸ਼ ਹੁੰਦਾ ਹੈ। ਲੀਨ ਹੁੰਦਾ ਹੈ।

**ਭਾਵ**—ਜਿਸ ਜਗਤ ਨੂੰ ਅਸੀਂ ਸੱਚ ਅਰ ਦ੍ਰਿੜ੍ਹ ਮੰਨ ਕੇ ਕਰਤਾਰ ਨੂੰ ਵਿਸਾਰ ਸੰਸਾਰ ਦੇ ਅਸਾਰ ਪਦਾਰਥਾਂ ਦੀ ਪ੍ਰਾਪਤੀ ਹਿਤ ਰਾਤ ਦਿਨ ਭਟਕਦੇ ਅਰ ਪਾਪ ਕਮਾਉਂਦੇ ਹਾਂ, ਉਸਦੀ ਸਥਿਰਤਾ ਕੇਵਲ ਜਲ ਦੇ ਬੁਦਬੁਦੇ ਵਤ ਦੱਸੀ ਹੈ, ਜੋ ਜਲ ਵਿਚ ਉਪਜਦੇ ਤੇ ਬਿਨਸਦੇ ਰਹਿੰਦੇ ਹਨ, ਇਸੇ ਤਰ੍ਹਾਂ ਅਨੰਤ ਸ੍ਰਿਸ਼ਟੀ ਅਨੰਤ ਧਰਤੀ ਦੇ ਅਭਿਮਾਨੀ ਹੋ ਹੋ ਬੀਤ ਗਏ, ਤਾਂਤੇ ਵਾਹਿਗੁਰੂ ਦਾ ਭਜਨ ਕਰਨੇ ਵਿਚ ਦੇਰ ਨਾ ਕਰੋ॥੨੫॥

| ਮੂਲ | ਅਰਥ |
|---|---|
| **ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਬਿਨੁ ਹਰਿ** | ਮਾਇਆ ਦੇ ਮਦ ਨਾਲ ਅੰਨ੍ਹਾ ਹੋਯਾ ਹੋਯਾ (ਇਹ) ਪ੍ਰਾਣੀ ਕੁਛ ਨਹੀਂ ਹੋਸ਼ ਕਰਦਾ। ਪਰ ਗੁਰੂ ਸਾਹਿਬ ਕਹਿੰਦੇ ਹਨ, |

| | |
|---|---|
| **ਭਜਨ ਪਰਤ ਤਾਹਿ ਜਮ ਫੰਧ ॥ ੨੬ ॥** | ਕਰਤਾਰ ਦੇ ਭਜਨ ਤੇ ਬਿਨਾ ਇਸ ਨੂੰ ਯਮ ਦੀ ਫਾਹੀ ਪਏਗੀ॥੨੬*॥ |

**ਪਦਾਰਥ**—ਚੇਤਈ-ਚੇਤੇ ਕਰਦਾ, ਸਮਝਦਾ, ਹੋਸ਼ ਕਰਦਾ। ਮਦ-ਨਸ਼ਾ, ਅਮਲ। ਫੰਧ-ਫਾਹੀ।

**ਭਾਵ**—ਮਾਇਆ ਦੀ ਮਸਤੀ ਜੀਵ ਨੂੰ ਅੰਨ੍ਹਿਆਂ ਕਰ ਦਿੰਦੀ ਹੈ, ਜਿਸ ਤਰ੍ਹਾਂ ਮਦ ਮਸਤ ਮੋਰੀਆਂ ਚਲ੍ਹਿਆਂ ਵਿਚ ਡਿਗਦਾ ਹੈ ਤੇ ਉਸ ਨੂੰ ਆਪਣੇ ਤਨ ਬਦਨ ਦੀ ਸੁਧ ਨਹੀਂ ਰਹਿੰਦੀ, ਪੱਲੇ ਧਨ ਹੋਵੇ ਤਾਂ ਕੋਈ ਲੁਟ ਲੈ ਜਾਂਦਾ ਹੈ, ਆਪਣੇ ਲਾਹੇ ਤੋਟੇ ਦੀ ਕੁਝ ਵਿਚਾਰ ਨਹੀਂ ਹੁੰਦੀ; ਇਸੇ ਤਰ੍ਹਾਂ ਮਾਇਆ ਦੇ ਮਦ ਮਸਤ ਨਰਕ ਰੂਪੀ ਟੋਏ ਵਿਚ ਡਿਗਦੇ ਹਨ, ਯਮਦੰਡ ਰੂਪੀ ਸੱਟਾਂ ਸਹਾਰਦੇ ਹਨ :-

**"ਮਾਇਆਧਾਰੀ ਅਤਿ ਅੰਨ੍ਹਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥"**
{ਗਉੜੀ ਵਾਰ ਮ: ੪-੨੪, ਪੰ: ੩੧੩}

ਪਰਲੋਕ ਵਿਚ ਧਨ ਦਾ ਕੁਝ ਲਿਹਾਜ਼ ਨਹੀਂ ਹੋਵੇਗਾ।

**"ਲਾਖ ਕਰੋਰੀ ਬੰਧੁਨ ਪਰੇ॥ ਹਰਿ ਕਾ ਨਾਮੁ ਜਪਤ ਨਿਸਤਰੈ॥"**{ਸੁਖਮਨੀ ੨-੨}

ਤਾਂਤੇ ਧਨ ਮਾਯਾ ਦਾ ਗਰਬ ਨਾ ਕਰੋ, ਸ੍ਰੀ ਵਾਹਿਗੁਰੂ ਦਾ ਨਾਮ ਜਪੋ, ਅਕਾਲ ਪੁਰਖ ਦੀ ਸ਼ਰਨ ਲਵੋ॥੨੬॥

| ਮੂਲ | ਅਰਥ |
|---|---|
| **ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥ ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥ ੨੭ ॥** | (ਹੇ ਭਾਈ) ਜੇ ਤੂੰ ਸਦਾ ਸੁਖ ਨੂੰ (ਨਿਤਜ ਸੁਖ, ਅਵਿਨਾਸ਼ੀ ਸੁਖ ਨੂੰ) ਚਾਹੁੰਦਾ ਹੈਂ ਤਾਂ ਵਾਹਿਗੁਰੂ ਦੀ ਸ਼ਰਨ ਫੜ। ਗੁਰੂ ਜੀ ਕਹਿੰਦੇ ਹਨ: ਹੇ ਮਨ! ਸੁਣ, ਏਹ ਮਨੁੱਖਾ ਦੇਹੀ ਬੜੀ ਕਠਨਤਾ ਨਾਲ ਮਿਲਦੀ ਹੈ॥੨੭॥ |

**ਪਦਾਰਥ**—ਸਰਨ-ਆਸਰਾ, ਓਟ। ਦੁਰਲਭ-ਜੋ ਵਡੀ ਕਠਨਤਾ ਨਾਲ ਮਿਲੇ।

**ਭਾਵ**—ਪਿੱਛੇ ਕਿਹਾ ਸੀ ਕਿ ਮਾਇਆ ਦੇ ਸੁਖਾਂ ਨੇ ਤੈਨੂੰ ਅੰਨ੍ਹਾ ਕਰ ਛਡਿਆ ਹੈ ਇਸਦਾ ਫਲ ਯਮਦੰਡ ਹੋਵੇਗਾ; ਤਾਂ ਤੇ ਇਹ ਸੁਖ ਸਦਾ ਰਹਿਣ ਵਾਲਾ ਨਹੀਂ, ਕਿਉਂਕਿ ਉਸਦਾ ਫਲ ਜਦ ਯਮ ਦੰਡ ਹੈ, ਤਦ ਉਹ ਮਾਯਾਂ ਦਾ ਸੁਖ ਜ਼ਰੂਰ ਮੁੱਕਣ ਵਾਲਾ ਹੈ। ਹੁਣ ਦੱਸਦੇ ਹਨ ਕਿ ਜੇ ਤੂੰ ਉਸ ਮੁੱਕ ਜਾਣ ਵਾਲੇ ਤੇ ਯਮ ਦੰਡ ਦਾ ਫਲ ਪੈਦਾ ਕਰਨ ਵਾਲੇ ਸੁਖ ਤੋਂ ਡਰਕੇ ਸਦਾ ਸੁਖ ਨੂੰ ਚਾਹੁੰਦਾ ਹੈਂ, ਜਿਸ ਦਾ ਅੰਤ ਨਹੀਂ ਹੈ, ਅੰਤ ਨਾ ਹੋਣ ਕਰਕੇ ਜਿਸ ਦਾ ਫਲ-ਕੀ ਆਦਿ, ਕੀ ਅੰਤ ਤੇ ਕੀ ਮੱਧ-ਸੁਖ ਹੀ ਸੁਖ ਹੈ, ਆਦਿ ਅੰਤ ਕੀ, ਜੋ ਹੈ ਹੀ ਅਨੰਤ ਸੁਖ, ਜੋ ਅਨੰਤ ਹੋਣ ਕਰਕੇ ਅਨਾਦਿ ਬੀ ਹੈ, ਅਰ ਸਾਰੇ ਵਜਾਪਕ ਹੈ, ਤੇਰੇ ਬੀ ਅੰਦਰ ਬਾਹਰ ਹੈ, ਐਸੇ ਸੁਖ ਦੀ ਜੇ ਚਾਹ ਹੈ ਤਾਂ ਵਾਹਿਗੁਰੂ ਦੀ ਸ਼ਰਨ ਲੈ। ਸ਼ਰਨ ਲੈਣ ਦੀ ਜਾਚ ਇਹ ਹੈ, ਕਿ ਮਨ ਦੀਆਂ ਚਤੁਰਾਈਆਂ ਛੱਡਕੇ ਵਜਾਪਕ ਵਾਹਿ-ਗੁਰੂ ਨੂੰ ਅਪਣੇ ਅੰਦਰ ਬਿਰਾਜਮਾਨ ਸਮਝਣਾ ਅਰ ਕਦੀ ਨਾ ਭੁੱਲਣਾ ਕਿ ਉਹ ਮੇਰੇ ਅੰਦਰ ਬਾਹਰ ਨਹੀਂ ਹੈ, ਸਦਾ ਯਾਦ ਕਰਨਾ ਤੇ ਕਦੀ ਨਾ ਵਿਸਾਰਨਾ। ਇਹ ਯਾਦ ਨਾਮ ਦੇ ਸਰੂਪ ਵਿਚ ਹੀ

* ਇਹ ਤੇ ੩੧ਵਾਂ ਸਲੋਕ ਮਾਮੂਲੀ ਪਾਠਾਂਤ੍ਰ ਭੇਦਾਂ ਤੋਂ ਛੁਟ ਆਪੋ ਵਿਚ ਮਿਲਦੇ ਹਨ।

ਪਕਦੀ ਤੇ ਦ੍ਰਿੜ ਹੁੰਦੀ ਹੈ। ਇਸ ਪ੍ਰਕਾਰ ਸ਼ਰਨ ਲਵੋ। ਅਗੇ ਕਹਿੰਦੇ ਹਨ ਕਿ ਜ਼ਰੂਰ ਸ਼ਰਨ ਲਵੋ, ਇਹ ਢਿੱਲੀ ਪਾਉਣ ਵਾਲੀ ਗਲ ਨਹੀਂ ਹੈ, ਕਿਉਂਕਿ ਇਹ ਮਨੁੱਖਾ ਦੇਹ ਦੁਰਲਭ ਹੈ। ਵਿਸ਼ੇ ਸੁਖ ਤਾਂ ਹਰ ਜੂਨ ਵਿਚ ਪ੍ਰਾਪਤ ਹਨ, ਪਰ ਇਹ ਸਦਾ ਸੁਖ ਵਾਹਿਗੁਰੂ ਦੀ ਸ਼ਰਨ ਦਾ ਕਿਸੇ ਜੂਨਿ ਵਿਚ ਪ੍ਰਾਪਤ ਨਹੀਂ ਹੈ, ਇਹ ਕੇਵਲ ਮਨੁੱਖਾ ਦੇਹ ਵਿਚ ਹੀ ਅਵਸਰ ਮਿਲਦਾ ਹੈ। ਤਾਂ ਤੇ ਇਹ ਦੇਹ ਦੁਰਲਭ ਜਾਣੋ ਤੇ ਜੋ ਕਾਰਜ ਸਦਾ ਸੁਖ ਪ੍ਰਾਪਤੀ ਦਾ ਹੈ ਤੇ ਕੇਵਲ ਇਸੇ ਦੇਹ ਵਿਚ ਹੋ ਸਕਦਾ ਹੈ ਉਸ ਨੂੰ ਕਰ ਲਓ, ਵਕਤ ਨਾ ਗੁਆਓ॥੨੭॥

| ਮੂਲ | ਅਰਥ |
|---|---|
| **ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥ ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥੨੮॥** | ਮੂਰਖ ਤੇ ਅਞਾਣ ਲੋਕ ਮਾਯਾ ਦੀ ਪ੍ਰਾਪਤੀ ਹਿਤ ਭਟਕਦੇ ਫਿਰਦੇ ਹਨ। ਗੁਰੂ ਸਾਹਿਬ ਬਚਨ ਕਰਦੇ ਹਨ ਕਿ ਵਾਹਿਗੁਰੂ ਦੇ ਭਜਨ ਬਿਨਾਂ ਜਨਮ ਬਿਅਰਥ ਬੀਤ ਜਾਂਦਾ ਹੈ॥੨੮॥ |

**ਪਦਾਰਥ**—ਧਾਵਹੀ-ਡੋਲਦੇ ਫਰਦੇ ਹਨ। ਨੱਸਦੇ ਭੱਜਦੇ ਹਨ। ਸਿਰਾਨ-ਬੀਤ ਗਿਆ।

**ਭਾਵ**—ਹੁਣ ਫੇਰ ਦੱਸਦੇ ਹਨ ਕਿ ਜੋ ਲੋਕ ਪਿੱਛੇ ਕਹੇ ਭੇਤ ਨੂੰ ਨਹੀਂ ਜਾਣਦੇ, ਯਾ ਜੋ ਸਦਾ ਸੁਖ ਦੇ ਸਾਮ੍ਹਣੇ ਨਾ ਰਹਿਣ ਵਾਲੇ ਯਮਦੰਡ ਦੇਣ ਵਾਲੇ ਸੁਖ ਵਿਚ ਫਸੇ ਪਏ ਹਨ ਓਹ ਮੂਰਖ ਹਨ ਜੋ ਘਾਟੇ ਵਾਲੀ ਗਲ ਵਿਚ ਖਚਿਤ ਤੇ ਲਾਹੇ ਵਾਲੀ ਤੋਂ ਉਪਰਾਮ ਹਨ। ਉਨ੍ਹਾਂ ਤੋਂ ਵਡਾ ਮੂਰਖ ਹੋਰ ਕੌਣ ਹੈ ਜੋ ਮਾਯਾ ਦੇ ਕਾਰਣ ਤਾਂ ਨੱਠੇ ਫਿਰਦੇ ਹਨ ਪਰ ਸਦਾ ਸੁਖ ਦੇ ਵਾਸਤੇ ਆਲਸੀ ਹਨ। ਗੁਰੂ ਜੀ ਕਹਿੰਦੇ ਹਨ ਉਹ ਆਪਣਾ ਜਨਮ ਬਿਰਥਾ ਬਿਤਾ ਰਹੇ ਹਨ; ਜਿਸ ਤਰ੍ਹਾਂ ਕੁੱਤੇ ਬਿੱਲੇ ਖਾ ਪੀ ਸੌਂ ਕੇ ਕੋਈ ਪ੍ਰਯੋਜਨ ਆਪਣੇ ਜੀਵਨ ਦਾ ਨਾ ਸਿਧ ਕੀਤੇ ਬਿਨਾਂ ਮਰ ਜਾਂਦੇ ਹਨ, ਉਸੀ ਤਰ੍ਹਾਂ ਏਹ ਲੋਕ ਮਰ ਜਾਂਦੇ ਹਨ। ਜਨਮ ਸੁਫਲ ਤਾਂ ਹੈ ਜੇ ਜਨਮ ਦਾ ਪ੍ਰਯੋਜਨ ਪ੍ਰਾਪਤ ਕੀਤਾ ਜਾਏ ਤੇ ਜੇ ਏਹ ਨਾ ਕੀਤਾ ਤਦ ਜਨਮ ਬਿਰਥਾ ਹੀ ਗਿਆ। ਉਹ ਪ੍ਰਯੋਜਨ ਸਦਾ ਸੁਖ ਸੀ॥੨੮॥

| ਮੂਲ | ਅਰਥ |
|---|---|
| **ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥ ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥ ੨੯ ॥** | ਜੋ ਮਨੁਖ ਰਾਤ ਦਿਨ ਪਰਮੇਸ਼ਰ ਦਾ ਭਜਨ ਕਰਦਾ ਹੈ ਉਸਨੂੰ (ਉਸੀ) ਰਾਮ ਦਾ ਰੂਪ ਹੀ ਜਾਣੋ*। ਹੇ ਨਾਨਕ! ਪਰਮੇਸ਼ਰ ਅਰ ਪਰਮੇਸ਼ਰ ਦੇ ਦਾਸ (ਭਗਤ) ਵਿਚ ਰੰਚਕ ਭੇਦ ਨਹੀਂ, ਏਹ ਗਲ ਸੱਚੀ ਮੰਨ ਲਵੋ॥੨੯॥ |

**ਪਦਾਰਥ**—ਨਿਸ ਦਿਨ-ਰਾਤ ਦਿਨ। ਅੰਤਰ-ਭੇਦ।

**ਭਾਵ**—ਪਿਛਲੇ ਸਲੋਕ ਵਿਚ ਜਨਮ ਦੀ ਨਿਸ਼ਫਲਤਾ ਦੱਸੀ ਸੀ, ਪਰ ਉਸ ਵਿਚ ਸਫ਼ਲਤਾ ਦਾ ਰੂਪ ਬੀ ਕਿਹਾ ਸੀ 'ਹਰਿ ਭਜਨ', ਇਸ ਸਲੋਕ ਵਿਚ ਉਸ ਸਫ਼ਲਤਾ ਦਾ ਸਰੂਪ ਕਥਨ ਕਰਦੇ

---

* "ਜਿਨ੍ਹਾਂ ਨ ਵਿਸਰੈ ਨਾਮੁ ਸੇ ਕਿਨੇਹਿਆ॥ ਭੇਦੁ ਨਾ ਜਾਣਹੁ ਮੂਲਿ ਸਾਂਈ ਜੇਹਿਆ॥"
{ਆਸਾ ਮਹਲਾ ੫-੧੦੭}

ਹਨ। ਜੋ ਪ੍ਰਾਣੀ ਦਿਨ ਰਾਤ ਵਾਹਿਗੁਰੂ ਦਾ ਭਜਨ ਕਰੇਗਾ, ਉਸ ਬਾਬਤ ਪਿਛਲੇਰੇ ਸਲੋਕ ਵਿਚ ਕਹਿ ਆਏ ਹਨ ਕਿ ਉਹ ਸਦਾ ਸੁਖ ਨੂੰ ਪਾਏਗਾ। ਸਦਾ ਸੁਖ ਵਾਹਿਗੁਰੂ ਦਾ ਹੀ ਸਰੂਪ ਲੱਖਣ ਹੈ; ਤਾਂ ਤੇ ਓਹ ਵਾਹਿਗੁਰੂ ਨੂੰ ਪਾਏਗਾ। ਅਰਥਾਤ ਉਸ ਦੇ ਤੇ ਵਾਹਿਗੁਰੂ ਦੇ ਵਿਚ ਜੋ ਭੁੱਲ ਦਾ ਪੜਦਾ ਸੀ ਸੋ ਯਾਦ ਨੇ ਦੂਰ ਕਰ ਦਿਤਾ, ਹੁਣ ਵਿਚ ਵਿੱਥ ਕੋਈ ਨਹੀਂ ਰਹੀ, ਇਸੇ ਕਰਕੇ ਦੂਜੀ ਤੁਕ ਵਿਚ ਕਿਹਾ ਹੈ ਉਸ ਦੇ ਵਿਚ ਅਰ ਵਾਹਿਗੁਰੂ ਦੇ ਵਿਚ ਕੋਈ ਅੰਤਰ ਨਹੀਂ ਰਿਹਾ। 'ਅਤਰ' ਵਿੱਥ ਨੂੰ ਕਹਿੰਦੇ ਹਨ। ਜਦ ਵਿੱਥ ਨਾ ਰਹੀ ਤਦ ਉਸ ਵਾਹਿਗੁਰੂ ਦਾ ਸਰੂਪ ਇਸ ਨੂੰ ਆਪਣੀ ਰੰਗਣ ਚਾੜ੍ਹਨ ਲਗਾ। ਜਿਸ ਤਰ੍ਹਾਂ ਵਿੱਥ ਦੂਰ ਕਰਕੇ ਲੋਹੇ ਦਾ ਟੁਕੜਾ ਅਗਨੀ ਨਾਲ ਲ਼ਗਾ ਦਿਓ ਤਾਂ ਉਹ ਅਗਨੀ ਦਾ ਰੂਪ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਯਾਦ ਦੀ ਕਾਤੀ ਨਾਲ ਭੁੱਲ ਦੀ ਵਿੱਥ ਨੂੰ ਕੱਟ ਚੁਕਾ ਹੋਇਆ ਸਿਖ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ। ਸਥੂਲ ਦ੍ਰਿਸ਼ਟਾਂਤ ਹੈ, ਸੂਖਮ ਵਿਚਾਰ ਇਹ ਹੈ ਕਿ ਜਿੱਕੁਰ ਸੁਰ ਹੋਈ ਤਰਬ ਬਾਜ਼ ਦਾ ਰੂਪ ਹੋ ਜਾਂਦੀ ਹੈ, ਉਹਨਾਂ ਵਿਚ ਸਦਾ ਦੇ ਸਿਮਰਨ ਨ ਮਾਇਆ ਦੂਰ ਕਰਕੇ ਨਿਰੋਲ ਆਪਣਾ ਆਪ ਪ੍ਰਗਟ ਕਰਕੇ ਆਪਣੇ ਆਧਾਰ ਵਾਹਿਗੁਰੂ ਨਾਲ ਮਿਲਾਪ ਕਰ ਦਿਤਾ ਹੈ, ਹੁਣ ਉਸ ਵਾਹਿਗੁਰੂ ਦੀ ਸੱਤਾ ਉਸ ਵਿਚ, ਜਿਸ ਦੀ ਬਾਬਤ ਇਹ ਕਥਨ ਹੈ:-"**ਕਹੁ ਕਬੀਰ ਇਹ ਰਾਮ ਕੀ ਅੰਸ**" ਆਪਣੇ ਸਰੂਪ ਦਾ ਝਲਕਾ ਪਾਕੇ ਆਪਣੇ ਵਰਗਾ ਕਰ ਲੈਂਦੀ ਹੈ। ਇਸ ਦਾ ਇਹ ਭਾਵ ਨਹੀਂ ਕਿ ਹਰ ਜੀਵ ਰਬ ਹੋਕੇ ਹਜ਼ਾਰਾਂ ਰੱਬ ਹੋ ਜਾਂਦੇ ਹਨ; ਪਰ ਇਹ ਹੈ ਜਿਕੂੰ ਲੈਂਪ ਲਾਲਟੈਨ ਵਿਚ ਪ੍ਰਕਾਸ਼ ਦਾ ਝਲਕਾ ਹੈ, ਇਸੇ ਤਰ੍ਹਾਂ ਉਨ੍ਹਾਂ ਦੀ ਹਉਮੈ ਅਤੀਤ ਪਾਰਦਰਸ਼ਕ ਆਤਮਾ ਵਿਚ ਵਾਹਿਗੁਰੂ ਝਲਕਦਾ ਹੈ॥੨੯॥

| ਮੂਲ | ਅਰਥ |
|---|---|
| **ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥ ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥** | ਸਤਿਗੁਰੂ ਜੀ ਬਚਨ ਕਰਦੇ ਹਨ (ਹੇ ਭਾਈ ਪਿਆਰਿਓ!) ਮਾਯਾ ਦੇ ਵਿਚ ਮਨ ਫਸ ਰਿਹਾ ਹੈ (ਉਲਝ ਰਿਹਾ ਹੈ) ਤੇ ਗੋਵਿੰਦ (ਪਰਮੇਸਰ) ਦਾ ਨਾਮ ਵਿਸਰ ਗਿਆ ਹੈ; (ਪਰ ਜੇ ਭਜਨ ਨਾ ਕੀਤਾ) ਵਾਹਿਗੁਰੂ ਦੇ ਭਜਨ ਬਿਨਾਂ ਜੀਉਂਦੇ ਰਹੇ (ਤਾਂ ਇਹ ਜੀਉਣਾ) ਕਿਸ ਅਰਥ? (ਭਾਵ ਕਿਸੇ ਕੰਮ ਨਹੀਂ, ਨਿਹਫਲ ਹੈ)॥੩੦॥ |

**ਪਦਾਰਥ**—ਫਧਿ ਰਹਿਓ-ਫਸਿਆ ਹੋਇਆ ਹੈ, ਉਲਝਿਆ ਹੋਇਆ ਹੈ।

**ਭਾਵ**—ਮਨ ਮਾਯਾ ਦੇ ਮੋਹ ਰੂਪ ਚਿੱਕੜ ਵਿਚ ਖੁੱਭਿਆ ਹੋਇਆ ਹੈ। ਯਥਾ-"**ਮਿਠੈ ਮਖੁ ਮੁਆ ਕਿਉ ਲਏ ਉਡਾਰੀ॥ ਹਸਤੀ ਗਰਤਿ ਪਇਆ ਕਿਉ ਤਰੀਐ ਤਾਰੀ॥**" {ਆਸਾ ਮ: ੫, ਛੰਤ-੧੧} ਅਥਵਾ ਮਾਯਾ ਰੂਪ ਜਾਲ ਵਿਚ ਪੰਛੀ ਦੀ ਤਰ੍ਹਾਂ ਫਸ ਗਿਆ ਹੈ, ਛੁੱਟ ਨਹੀਂ ਸਕਦਾ, ਹਰ ਵੇਲੇ ਮਨ ਮਾਇਆ ਦੀ ਚਿੰਤਾ ਕਰਦਾ ਹੈ ਪਰਮੇਸ਼ਰ ਦੇ ਨਾਮ ਨੂੰ ਅੰਦਰ ਥਾਂ ਨਹੀਂ ਮਿਲਦੀ ਉਹ ਠਹਿਰੇ ਕਿਥੇ? ਯਥਾ:-"**ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥**" {ਸਿਰੀ ਰਾਗੁ ਮ: ੧-੪}

ਪੂਰੇ ਗੁਰੂ ਦੇ ਉਪਦੇਸ਼ ਨਾਲ ਮਨ ਦਾ ਪ੍ਰਵੇਸ਼ ਮਨ ਵਿਚ ਕਰਾਓ ਤਾਂ ਮਾਯਾ ਦੀ ਚਿਤਵਨਾ ਮਿਟੇ, ਜਦ ਤਕ ਨਾਮ ਸਿਮਰਨ ਨਾ ਹੋਵੇ ਜੀਉਣਾ ਬਿਅਰਥ ਹੈ।

ਸਫਲ ਜੀਵਨ ਹੈ:-"**ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ॥**"
{ਮਾਰੂ ਮ: ੫ ਅਸਟ:-੬}॥੩੦॥

## ਮੂਲ

**ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥ ੩੧ ॥**

## ਅਰਥ

ਮਾਇਆ ਦੇ ਮਦ ਨਾਲ ਅੰਨ੍ਹਾ ਹੋਣ ਕਰਕੇ (ਇਹ) ਪ੍ਰਾਣੀ ਨਾਮ ਨਹੀਂ ਜਪਦਾ। ਗੁਰੂ ਸਾਹਿਬ ਕਹਿੰਦੇ ਹਨ:-ਕਰਤਾਰ ਦੇ ਭਜਨ ਤੇ ਬਿਨਾਂ ਇਸ ਨੂੰ ਯਮ ਦੀ ਫਾਹੀ ਪਏਗੀ॥੩੧॥

**ਪਦਾਰਥ**—ਚੇਤਈ-ਚੇਤੇ ਕਰਦਾ, ਸਿਮਰਦਾ, ਯਾਦ ਕਰਦਾ। ਮਦ-ਨਸ਼ਾ, ਮਸਤੀ। ਫੰਧ-ਫਾਹੀ।

**ਭਾਵ**—ਜਿਸ ਤਰ੍ਹਾਂ ਸ਼ਰਾਬ ਦੇ ਅਮਲ ਵਿਚ ਮਨੁੱਖ ਆਪਣਾ ਹਾਨ ਲਾਭ ਕੁਛ ਨਹੀਂ ਸਮਝਦਾ ਮੋਰੀਆਂ ਚਲਿਹਾਂ ਵਿਚ ਡਿੱਗਦਾ ਹੈ, ਗਹਿਣੇ ਕਪੜੇ ਗਵਾਇ ਖੀਸਾ ਖਾਲੀ ਕਰ ਬੈਠਦਾ ਹੈ, ਤੇਹਾ ਹੀ ਮਾਯਾ ਦੇ ਮਦ ਵਿਚ ਅੰਨ੍ਹਾ ਹੋਯਾ ਪਰਮੇਸ਼੍ਰ ਦਾ ਭਯ ਨਾ ਕਰਕੇ ਮਨੁੱਖ ਅਧੋਗਤੀ ਨੂੰ ਪ੍ਰਾਪਤ ਹੁੰਦਾ ਹੈ, ਅਰ ਯਮ ਦੇ ਵੱਸ ਪਿਆ ਨਰਕਾਂ ਦੇ ਦੁਖ ਭੋਗਦਾ ਹੈ, ਤਾਂ ਤੇ ਅਕਾਲ ਪੁਰਖ ਦਾ ਭਜਨ ਕਰੋ ਅਰ ਯਮ ਦੇ ਭਯ ਅਰ ਨਰਕ ਦੇ ਦੁੱਖ ਤੋਂ ਬਚੋ॥੩੧॥

## ਮੂਲ

**ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥ ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥ ੩੨ ॥**

## ਅਰਥ

ਸੁਖ ਸੰਪਦਾ ਦੇ ਸਮੇਂ (ਸੁਖ ਦੇ ਵੰਡਣ ਵਾਲੇ) ਅਨੇਕ ਮਿੱਤ੍ਰ ਆਣ ਬਣਦੇ ਹਨ, (ਪਰ) ਦੁਖ ਦੇ ਸਮੇਂ (ਸਹਾਇਤਾ ਕਰਨੇ ਵਾਲਾ ਅਰ ਦੁਖ ਵੰਡਾਉਣ ਵਾਲਾ) ਕੋਈ ਮਿੱਤ੍ਰ ਨਹੀਂ ਬਣਦਾ (ਜੋ ਦੁਖ ਵਿਚ ਸਹਾਇਤਾ ਦੇਵੇ)। ਸਤਿਗੁਰੂ ਜੀ ਕਹਿੰਦੇ ਹਨ : ਹੇ ਭਾਈ! ਵਾਹਿਗੁਰੂ ਪਰਮੇਸ਼੍ਰ ਦਾ ਭਜਨ ਕਰੋ ਜੋ ਓੜਕ ਦੇ ਵੇਲੇ ਸਹਾਇਤਾ ਕਰਦਾ ਹੈ॥੩੨॥

**ਪਦਾਰਥ**—ਸੰਗੀ-ਸਾਥੀ, ਮਿਤ੍ਰ। ਅੰਤ-ਓੜਕ ਦੇ ਵੇਲੇ। ਸਹਾਈ-ਸਹਾਇਤਾ ਕਰਨੇ ਵਾਲਾ।

**ਭਾਵ**—ਸੋਰਠ ਰਾਗ ਵਿਚ ਬੀ ਨੌਵੇਂ ਪਾਤਸ਼ਾਹ ਜੀ ਨੇ ਫੁਰਮਾਇਆ ਹੈ:-
"**ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥ ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥੧॥ ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥ ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰ ਭਾਗੀ॥**" {੬੩੪}

ਏਹ ਸਭ ਸੰਬੰਧੀ ਅਰ ਸੰਸਾਰ ਦੇ ਜੀਵ ਆਪਣੇ ਪ੍ਰਯੋਜਨ ਦੇ ਮਿੱਤ੍ਰ ਹਨ, ਜੀਵ ਦਾ ਮਿੱਤ੍ਰ ਕੋਈ ਨਹੀਂ, ਜੋ ਅੰਤ ਸਮੇਂ ਸਹਾਇਤਾ ਕਰੇ, ਪਰ ਅੰਤ ਦੇ ਸਮੇਂ ਸਹਾਇਤਾ ਕਰਨ ਹਾਰਾ ਇਕ ਸ੍ਰੀ ਵਾਹਿਗੁਰੂ ਅਕਾਲ ਪੁਰਖ ਦਾ ਹੀ ਨਾਮ ਹੈ:-

"ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥"
{ਸੁਖਮਨੀ ੨-੧, ਪੰ: ੨੬੪}

ਤਾਂ ਤੇ ਉਸ ਦਾ ਸਰਬ ਸਮੇਂ ਭਜਨ ਕਰੋ, ਅਰ ਝੂਠੇ ਮਿੱਤ੍ਰਾਂ ਦੀ ਪ੍ਰੀਤ ਤਜੋ॥੩੨॥

| ਮੂਲ | ਅਰਥ |
|---|---|
| ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥ ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥ ੩੩ ॥ | ਜਨਮ ਜਨਮਾਂਤਰਾਂ ਵਿਚ ਭੌਂਦੇ ਫਿਰਨ ਤੇ ਭੀ ਯਮ ਦਾ ਡਰ ਦੂਰ ਨਾ ਹੋਯਾ। ਗੁਰੂ ਸਾਹਿਬ ਕਹਿੰਦੇ ਹਨ : ਹੇ ਮਨ! (ਹੁਣ) ਹਰੀ ਦਾ ਭਜਨ ਕਰ ਜੋ ਤੂੰ ਡਰ ਰਹਿਤ ਟਿਕਾਣਾ ਪਾ ਲਵੇਂ॥੩੩॥ |

**ਪਦਾਰਥ**—ਭਰਮਤ ਫਿਰਿਓ-ਭੌਂਦੇ ਫਿਰੇ। ਤ੍ਰਾਸੁ-ਡਰ। ਬਾਸੁ-ਵੱਸਣ ਦਾ ਥਾਂ। ਸਥਾਨ। ਟਿਕਾਣਾ।

**ਭਾਵ**—ਗੁਰੂ ਸਾਹਿਬ ਲਿਖਦੇ ਹਨ:-

"ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥ ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥੧॥ ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥੧॥"{ਗਉੜੀ ਮਹਲਾ ੫-੭੨, ਪੰ: ੧੭੬}

ਪੁਨਾ:-"ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ॥"
{ਮਾਰੂ ਮਹਲਾ ੫ ਅਸਟ:-੧, ਪੰ: ੧੦੧੭}

ਇਨ੍ਹਾਂ ਜਨਮਾਂ ਵਿਚ ਅਨੰਤ ਕਾਲ ਤੇ ਜੀਵ ਭਉਂਦਾ ਫਿਰਦਾ ਦੁਖ ਪਾਉਂਦਾ ਹੈ ਅਰ:-

"ਜਹਾ ਜਹਾ ਇਹ ਦੇਹੀ ਧਾਰੀ ਰਹਨੁ ਨ ਪਾਇਓ ਕਬਹੂੰ॥" {ਦੇਵ ਗੰ: ਮ: ੫, ਪੰ: ੫੨੯}

ਯਮ ਦਾ ਡਰ ਸਿਰ ਉਤੇ ਹੁੰਦਾ ਹੈ, ਪਰ ਹੁਣ ਜੋ ਮਨੁੱਖ ਜਨਮ ਪ੍ਰਾਪਤਿ ਹੋਯਾ ਹੈ, ਹੁਣ ਵਾਹਿਗੁਰੂ ਦਾ ਸਿਮਰਨ ਕਰੋ ਜੋ ਜਨਮ ਮਰਨ ਦਾ ਦੁਖ ਯਮ ਦਾ ਭੈ ਮਿਟਾ ਕੇ ਸੁਖ ਨਿਵਾਸ ਪਾਓ।

"ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥੧॥"{ਸੁਖਮਨੀ ਸਲੋਕੁ-੨੦, ਪੰ: ੨੮੯}

"ਫਫਾ ਫਿਰਤ ਫਿਰਤ ਤੂ ਆਇਆ॥ ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ॥
ਫਿਰਿ ਇਆ ਅਉਸਰੁ ਚਰੈ ਨ ਹਾਥਾ॥ ਨਾਮੁ ਜਪਹੁ ਤਉ ਕਟੀਅਹਿ ਫਾਸਾ॥"
{ਗਉੜੀ ਮ: ੫, ਬਾਵਨ ਅਖਰੀ-੩੮}॥੩੩॥

| ਮੂਲ | ਅਰਥ |
|---|---|
| ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ॥ ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥ ੩੪ ॥ | ਬਹੁਤੇ ਜਤਨ ਮੈਂ ਕਰ ਰਿਹਾ ਹਾਂ ਪਰ ਮਨ ਦਾ ਅਹੰਕਾਰ ਨਹੀਂ ਮਿਟਿਆ। ਸਤਿਗੁਰੂ ਬਚਨ ਕਰਦੇ ਹਨ ਖੋਟੀ ਮਤਿ ਵਿਚ ਫਸਿਆ ਹੋਇਆਂ ਨੂੰ ਹੇ ਭਗਵਾਨ! (ਤੁਸੀਂ) ਰੱਖ ਲਓ॥੩੪॥ |

**ਪਦਾਰਥ**—ਜਤਨ-ਉਪਾਵ, ਕੋਸ਼ਸ਼। ਮਾਨੁ-ਹੰਕਾਰ। ਦੁਰਮਤਿ-ਖੋਟੀ ਮੱਤ, ਕੁਸੰਗਤ।

**ਭਾਵ**—ਸ੍ਰੀ ਗੁਰੂ ਜੀ ਉੱਤਮ ਪੁਰਖ ਦੁਆਰਾ ਉੱਤਮ ਉਪਦੇਸ਼ ਕਰਦੇ ਹਨ ਅਰ ਸਭ ਤੋਂ ਔਖੀ ਘਾਟੀ ਦਾ ਵਰਣਨ ਕਰਦੇ ਹਨ। ਵਿਸ਼ੇ ਵਿਕਾਰਾਂ ਦੇ ਤਿਆਗ ਕਰ ਲਏ, ਮਾਨ ਈਰਖਾ ਆਦਿ ਬੀ ਮਿਟੇ ਪਰ ਇਹ ਸੂਖਮ ਵੈਰੀ ਮਨ ਦਾ ਮਾਨ ਕਿਸੇ ਉਪਰਾਲੇ ਨਾਲ ਨਾ ਮਿਟਿਆ। ਨੌਂਵੀ ਪਾਤਸ਼ਾਹੀ ਨੇ ਇਸ ਸੂਖਮ ਪਰ ਕਠੋਰ ਵੈਰੀ ਦੇ ਤਿਆਗ ਦਾ ਹੋਰ ਬੀ ਕਈ ਥਾਂ ਉਪਦੇਸ਼ ਕੀਤਾ ਹੈ ਯਥਾ:-**"ਸਾਧੋ ਮਨ ਕਾ ਮਾਨੁ ਤਿਆਗਉ"**। ਇਹ ਮਾਨ ਛੇਕੜ ਦੀ ਲਪੇਟ ਹੈ। ਜਦ ਮਨ ਮਾਨ ਵਿਚੋਂ ਨਿਕਲ ਜਾਏ, ਇਸ ਨੂੰ ਮਾਨ, ਅਪਮਾਨ ਜਰਨ ਤੋਂ ਵਧਕੇ ਅਪਮਾਨ ਤੁੱਲ ਹੋ ਜਾਵੇ, ਤਦ ਇਹ ਘਾਟੀ ਮੁੱਕਦੀ ਹੈ। ਪਰ ਗੁਰੂ ਜੀ ਇਸ ਮੁਸ਼ਕਲ ਦਾ ਇਕ ਭੇਤ ਹੋਰ ਨਾਲ ਹੀ ਦੱਸਦੇ ਹਨ ਕਿ ਖੋਟੀ ਬੁੱਧੀ ਇਸ ਜਿੱਲ੍ਹਣ ਵਿਚੋਂ ਨਿਕਲਣ ਨਹੀਂ ਦਿੰਦੀ। ਬੁਧੀ ਮਨ ਦੇ ਸਿਰ ਇਕ ਕੁੰਡਾ ਹੁੰਦਾ ਹੈ, ਜਦ ਬੁੱਧੀ ਪੂਰੀ ਉੱਜਲ ਨਹੀਂ ਹੁੰਦੀ ਤਦੇ ਹੀ ਮਨ ਵਿਚੋਂ ਮਾਨ ਦੀ ਗੰਧ ਨਹੀਂ ਨਿਕਲਦੀ, ਇਸ ਕਰਕੇ ਰੋਜ਼ ਅਰਦਾਸਾ ਸੋਧੀਦਾ ਹੈ ਕਿ **'ਹੇ ਵਾਹਿਗੁਰੂ! ਮਨ ਨੀਵਾਂ ਤੇ ਮਤਿ ਉੱਚੀ ਬਖਸ਼ੀਂ ਤੇ ਮਤ ਦਾ ਰਾਖਾ ਵਾਹਿਗੁਰੂ ਜੀ! ਆਪ ਹੋਵੀਂ'**। ਇਸੇ ਕਰਕੇ ਜਪੁਜੀ ਵਿਚ ਉਪਦੇਸ਼ ਹੈ:-

**"ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥"** {ਜਪੁਜੀ-੨੦}

ਜੇਕਰ ਬੁੱਧੀ ਉੱਜਲ ਹੋ ਜਾਏ ਬੁੱਧੀ ਆਤਮ ਵਿਸ਼ੈਣੀ ਹੋ ਜਾਏ, ਤਦ ਮਨ ਦਾ ਮਾਨ ਸਹਿਜੇ ਹੀ ਦੂਰ ਹੋ ਜਾਂਦਾ ਹੈ। ਜਦ ਮਨ ਦਾ ਮਾਨ ਗਿਆ ਬੁੱਧੀ ਦਾ ਖੋਟ ਗਿਆ। ਸ਼ੁਧ ਆਤਮਾ ਹੋਕੇ ਆਪਣੇ ਪ੍ਰੀਤਮ ਵਾਹਿਗੁਰੂ ਦੀ ਸ਼ਰਨ ਵਿਚ ਰੁੱਝ ਗਿਆ। ਇਸ ਲਈ ਗੁਰੂ ਜੀ ਹੁਣ ਇਸ ਔਖੀ ਘਾਟੀ ਦਾ ਇਲਾਜ ਕਰਦੇ ਹਨ ਕਿ ਯਤਨਾਂ ਨਾਲ ਨਾ ਮਨ ਦਾ ਮਾਨ, ਨਾ ਬੁਧੀ ਦੀ ਕਦੂਰਤ ਗਈ, ਇਸ ਦਾ ਇਲਾਜ ਵਾਹਿਗੁਰੂ ਦੇ ਚਰਨਾਂ ਵਿਚ ਦੁਹਾਈ ਦੇਣੀ ਹੈ: ਹੇ ਵਾਹਿਗੁਰੂ ਆਪ ਰਖ ਲੈ, ਆਪ ਕ੍ਰਿਪਾ ਕਰਕੇ ਬਖਸ਼ ਲੈ। ਇਹ ਬੇਨਤੀ ਇਹ ਸਚੇ ਦਿਲ ਦੀ ਅਰਜ਼ੋਈ, ਉਸ ਪ੍ਰੇਮ ਸਮੁੰਦਰ ਵਿਚੋਂ ਉਹ ਪਵਿਤ੍ਰਤਾ ਦੇ ਲਹਿਰੇ ਲੈਕੇ ਆਵੇਗੀ ਕਿ ਮਨ ਮਾਨ ਸਮੇਤ ਮਰ ਜਾਏਗਾ, ਬੁਧੀ ਜੋ ਖੋਟੇ ਅਰ ਖ਼ਤਾਵੰਦ ਪੱਖਾਂ ਵਿਚ ਫਿਰਦੀ ਸੀ ਹਿਰੀ ਜਾਏਗੀ, ਉਸਦੀ ਥਾਂ ਦੈਵੀ ਬੁਧਿ ਆਵੇਗੀ, ਜਿਸ ਨੂੰ ਕਬੀਰ ਜੀ ਨੇ ਸਿਧੀ ਲਿਖਿਆ ਹੈ ਯਥਾ-

**"ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥"**{ਗ: ਕਬੀ:-੭੨, ਪੰ: ੩੩੯}

ਸਿਧਾਂਤ ਇਹ ਨਿਕਲਿਆ ਕਿ ਜਦ ਇਸ ਔਖੀ ਘਾਟੀ ਤੇ ਜਗਿਆਸੂ ਆ ਫਸੇ ਤਦ ਸੱਚੇ ਦਿਲੋਂ ਵਾਹਿਗੁਰੂ ਅਗੇ ਦੁਹਾਈ ਦੇਵੇ ਤੇ ਬੇਨਤੀਆਂ ਕਰੇ। ਵਾਹਿਗੁਰੂ ਆਪ ਪਾਰ ਕਰੇਗਾ॥੩੪॥

| ਮੂਲ | ਅਰਥ |
|---|---|
| **ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥ ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥ ੩੫ ॥** | ਸਤਿਗੁਰੂ ਜੀ ਬਚਨ ਕਰਦੇ ਹਨ (ਹੇ ਭਾਈ!) (ਪਹਿਲੇ) ਬਾਲਕ (ਫੇਰ) ਜੁਵਾਨੀ ਤੇ ਫੇਰ ਬੁਢਾਪਾ (ਏਹ) ਤਿੰਨੇ ਅਵਸਥਾ (ਸਰੀਰ ਦੀਆਂ) ਸਮਝ, ਪਰ ਵਾਹਿਗੁਰੂ ਦੇ ਭਜਨ ਤੋਂ ਬਿਨਾਂ ਏਹ ਸਾਰੀਆਂ ਹੀ ਨਿਕੰਮੀਆਂ ਹਨ॥੩੫॥ |

**ਪਦਾਰਥ**—ਬਿਰਧਿ-ਬੁਢੇਪਾ। ਅਵਸਥਾ-ਆਯੂ, ਉਮਰ। ਬਿਰਥਾ-ਨਿਕੰਮੀਆਂ।

**ਭਾਵ**—ਕੋਈ ਬਾਲ ਅਵਸਥਾ ਨੂੰ ਚੰਗਾ ਜਾਣਦੇ ਹਨ ਜੋ ਇਹ ਭੋਲੀ ਭਾਲੀ ਉਮਰ ਹੈ, ਇਸ

ਵਿਚ ਹਾਨਿ ਲਾਭ ਹਰਖ ਸੋਗ ਨਹੀਂ ਹੁੰਦਾ, ਨਿਰਛਲ ਅਰ ਨਿਰਵਿਕਾਰ ਹੁੰਦੀ ਹੈ। ਕੋਈ ਬਿਰਧ ਅਵਸਥਾ ਨੂੰ ਚੰਗਾ ਜਾਣਦੇ ਹਨ ਜੋ ਇਸ ਵਿਚ ਅਵਸ਼ਜ ਮਨ ਨੂੰ ਵੈਰਾਗ ਵਿਵੇਕ ਸ਼ੁਭ ਕਰਮਾਂ ਦੀ ਇੱਛਾ ਉਪਜਦੀ ਹੈ। ਜਵਾਨੀ ਨੂੰ ਤਾਂ ਸਭ ਕੋਈ ਸਲਾਹੁੰਦਾ ਹੈ ਕਿ ਇਸ ਵਿਚ ਮਨੁਖ ਸ੍ਵਾਧੀਨ ਸੁਤੰਤਰ ਸਾਮਰਥ ਹੁੰਦਾ ਹੈ, ਹਰ ਪ੍ਰਕਾਰ ਦੇ ਆਨੰਦ ਭੋਗ ਸਕਦਾ ਹੈ ਪਰੰਤੂ ਸਾਹਿਬ ਬਚਨ ਕਰਦੇ ਹਨ ਕਿ ਜਿਸ ਅਵਸਥਾ ਵਿਚ ਵਾਹਿਗੁਰੂ ਦਾ ਪ੍ਰੇਮ ਅਰ ਭਜਨ ਸਿਮਰਨ ਹੋਵੇ ਕੇਵਲ ਉਹੋ ਉਮਰਾ ਅਰ ਉਹੋ ਅਵਸਥਾ ਚੰਗੀ ਹੈ, ਪਰ ਜੇ ਵਾਹਿਗੁਰੂ ਦਾ ਸਿਮਰਨ ਨਾ ਹੋਵੇ ਤਾਂ ਤਿੰਨੇ ਹੀ ਬਿਅਰਥ ਹਨ॥੩੫॥

| ਮੂਲ | ਅਰਥ |
|---|---|
| **ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥ ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥ ੩੬ ॥** | ਲੋਭ ਦੀ ਫਾਹੀ ਵਿਚ ਫਸਕੇ ਜੋ ਕੁਛ ਕਰਨਾ ਚਾਹੀਦਾ ਸੀ, ਸੋ ਨਾ ਕੀਤਾ। ਗੁਰੂ ਸਾਹਿਬ ਕਹਿੰਦੇ ਹਨ ਹੇ ਅੰਧੇ ਜੀਵ! ਵੇਲਾ ਬੀਤ ਗਿਆ ਹੁਣ ਕਿਉਂ ਰੋਂਦਾ ਹੈਂ॥੩੬॥ |

**ਪਦਾਰਥ**—ਫੰਧ-ਫਾਹੀ। ਸਮਿਓ-ਵੇਲਾ, ਸਮਾਂ। ਰਮਿ ਗਇਓ-ਲੰਘ ਗਿਆ।

**ਭਾਵ**—ਸਮੇਂ ਪਰ ਬੀਜ ਬੀਜਿਆ ਉਗਦਾ ਹੈ, ਸਮੇਂ ਸਿਰ ਕੀਤੀ ਹੋਈ ਗਲ ਸ਼ੋਭਾ ਦਿੰਦੀ ਹੈ, ਵੇਲੇ ਸਿਰ ਦੀ ਪੜ੍ਹੀ ਹੋਈ ਵਿਦਜਾ ਸਾਰੀ ਉਮਰ ਸੁਖ ਦਿੰਦੀ ਹੈ, ਵੇਲਾ ਬੀਤ ਜਾਵੇ ਤਾਂ ਕੇਵਲ ਪਛੋਤਾਵਾ ਹੀ ਪੱਲੇ ਰਹਿ ਜਾਂਦਾ ਹੈ। ਇਸੇ ਤਰ੍ਹਾਂ ਮਨੁੱਖਾ ਜਨਮ, ਸਰੀਰ ਅਰੋਗ, ਏਹ ਪਰਮੇਸ੍ਵਰ ਦੇ ਭਜਨ ਦਾ ਵੇਲਾ ਹੈ ਪਰ ਮਾਇਆ ਦੇ ਲੋਭ ਅਰ ਪਦਾਰਥਾਂ ਦੀ ਤ੍ਰਿਸ਼ਨਾਂ ਵਿਚ ਫਸ ਕੇ ਕਰਨ ਯੋਗ ਕੰਮ ਨਾ ਕੀਤਾ, ਅਰੋਗਤਾ, ਜਵਾਨੀ ਅਰ ਜੀਵਨ ਦੇ ਦਿਨ ਬੀਤ ਗਏ ਵਿਸਾਰੇ ਵਿਚ, ਫੇਰ ਨਰਕਾਂ ਦੇ ਦੁਖ ਅਰ ਯਮਾਂ ਦਾ ਭਜਾਨਕ ਰੂਪ ਦੇਖਕੇ ਜੀਵ ਡਰਦਾ ਅਰ ਪਛੁਤਾਉਂਦਾ ਹੈ। ਇਸ ਮਨੁੱਖਾ ਜਨਮ ਦਾ ਮਨਤੱਵ ਨਾਮ ਦਾ ਜਾਪ ਹੈ। ਇਸੇ ਜਨਮ ਵਿਚ ਭਜਨ ਹੋ ਸਕਦਾ ਹੈ ਹੋਰ ਵਿਚ ਨਹੀਂ, ਪੰਚਮ ਸਤਿਗੁਰੂ ਜੀ ਆਗਿਆ ਕਰਦੇ ਹਨ:-

**"ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ"** {ਆਸਾ ਮਹਲਾ ੫, ਪੰ: ੧੨}

ਜੋ ਸਜਣ ਇਸ ਪਵਿਤ੍ਰ ਵਾਕ ਵਲ ਧਿਆਨ ਨਹੀਂ ਦੇਂਦੇ, ਹੋਰ ਹੋਰ ਕਾਰਜਾਂ ਵਿਚ ਪਏ ਸਮਾਂ ਗੁਵਾਉਂਦੇ ਹਨ, ਉਹ ਜਦ ਆਯੂ ਬਿਤੀਤ ਹੋਣ ਦਾ ਸਮਾਂ ਹੁੰਦਾ ਹੈ ਤਾਂ ਫਿਰ ਕੀਤੇ ਕਰਮਾਂ ਦੇ ਫਲਾਂ ਦੇ ਭੁਗਤਣ ਵੇਲੇ ਪਛੁਤਾਉਂਦੇ ਹਨ; ਤਾਂਤੇ ਆਯੂ ਦੇ ਬਿਤੀਤ ਹੋਣ ਤੋਂ ਪਹਿਲੋਂ ਹੀ ਫ਼ਿਕਰ ਕਰਨਾ ਚਾਹੀਏ, ਤੇ ਜਿਸ ਲਾਹਾ ਲੈਣ ਲਈ ਇਹ ਜਨਮ ਮਿਲਿਆ ਹੈ, ਉਸ ਪਾਸੇ ਵੱਲ ਲੱਗਣਾ ਚਾਹੀਦਾ ਹੈ। ਸਤਿਗੁਰਾਂ ਦਾ ਵਚਨ ਹੈ :-

**"ਪ੍ਰਾਣੀ ਤੂ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥"**
{ਸਿਰੀ ਰਾਗੁ ਮ: ੫-੭੩, ਪੰ: ੪੩}

ਇਸ ਸਲੋਕ ਤੋਂ ਇਹ ਭਾਵ ਨਹੀਂ ਕੱਢਣਾ ਜੋ ਬੁਢੇਪੇ ਵੇਲੇ ਪਰਮਾਤਮਾ ਵੱਲ ਲੱਗਿਆ ਨਹੀਂ ਜਾ ਸਕਦਾ ਤੇ ਜੇ ਜਵਾਨੀ ਐਵੇਂ ਬਿਤੀਤ ਹੋ ਜਾਵੇ ਤਾਂ ਫਿਰ ਬੁਢੇਪੇ ਵਿਚ ਨਿਰਾਸ ਹੋਕੇ ਇਸ ਪਾਸੇ ਨਹੀਂ ਲੱਗਣਾ ਚਾਹੀਦਾ। ਭਾਵ ਇਹ ਹੈ ਕਿ ਜੋ ਭੀ ਵੇਲਾ ਹੋਵੇ ਉਸ ਵੇਲੇ ਲਗੋ, ਦੇਰ ਨਾ

ਕਰੋ। ਸਤਿਗੁਰ ਦੀ ਆਗਿਆ ਹੈ :-

"ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨਾ ਆਵੈ ਰਾਮ॥" {ਬਿਹਾ: ਮ: ੪, ਪੰ: ੫੪੦}

ਇਸ ਸ਼ਲੋਕ ਵਿਚ ਕੇਵਲ ਜਵਾਨੀ ਦੇ ਵਿਅਰਥ ਜਾਣ ਦੇ ਪਛੁਤਾਵੇ ਦੀ ਸੂਚਨਾ ਜਾਪਦੀ ਹੈ; ਨਹੀਂ ਤਾਂ ਮੇਹਰ ਹੋਵੇ ਤਾਂ ਬੁਢੇਪੇ ਵਿਚ ਬੀ ਕਿਰਪਾ ਹੋ ਜਾਣੀ ਅਸੰਭਵ ਨਹੀਂ, ਸਤਿਗੁਰਾਂ ਦਾ ਵਾਕ ਹੈ:-

"ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥" {ਸ: ਫਰੀਦ ਮ: ੩-੧੩} ॥੩੬॥

**ਮੂਲ**

**ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥ ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥ ੩੭ ॥**

**ਅਰਥ**

ਸਤਿਗੁਰੂ ਬਚਨ ਕਰਦੇ ਹਨ, ਹੇ ਮਿੱਤ੍ਰ! ਜਿਸ ਤਰ੍ਹਾਂ (ਕੰਧ ਦੇ ਉਤੇ) ਚਿਤ੍ਰੀ ਹੋਈ ਮੂਰਤਿ ਕੰਧ ਨੂੰ ਨਹੀਂ ਛੱਡਦੀ (ਅਰਥਾਤ ਕੰਧ ਨਾਲੋਂ ਵੱਖਰੀ ਨਹੀਂ ਹੁੰਦੀ, ਇਸੇ ਤਰ੍ਹਾਂ) ਮਨ ਮਾਇਆ ਵਿਚ ਖੁੱਭਾ ਹੋਇਆ ਨਿਕਲਦਾ ਨਹੀਂ॥੩੭॥

**ਪਦਾਰਥ**—ਰਮਿ ਰਹਿਓ-ਲੱਗਾ ਹੋਯਾ ਹੈ, ਖੁੱਭਾ ਹੋਇਆ ਹੈ। ਨਿਕਸਤ-ਨਿਕਲਦਾ। ਭੀਤਿ-ਕੰਧ।

**ਭਾਵ**—ਇਸ ਸਲੋਕ ਵਿਚ ਮਨ ਦੀ ਫਸੌਤੀ ਦਾ ਵਰਣਨ ਹੈ ਜੋ ਇਹ ਮਾਯਾਵੀ ਪਦਾਰਥਾਂ ਵਿਚ ਇਸ ਤਰ੍ਹਾਂ ਖਚਿਤ ਹੋਇਆ ਹੋਇਆ ਹੈ ਜਿਸ ਤਰ੍ਹਾਂ ਕੋਈ ਮੂਰਤ ਕੰਧ ਤੇ ਖਿੱਚੀ ਹੋਈ ਉਸ ਕੰਧ ਦੀ ਸਮੀਪੀ ਹੁੰਦੀ ਹੈ। ਮਾਇਆ ਦੇ ਸਮੀਪੀ ਹੋਣ ਦਾ ਫਲ ਅਗੇ ਸਤਿਗੁਰ ਦੱਸ ਚੁਕੇ ਹਨ। ਤਾਂ ਤੇ ਐਸੇ ਖਚਿਤ ਮਨ ਨੂੰ ਮਾਇਆ ਤੋਂ ਕੱਢਣਾ ਬਹੁਤ ਕਠਨ ਹੁੰਦਾ ਹੈ। ਇਹ ਚਿਤਾਵਨੀ ਕਿ ਬੁੜ੍ਹੇਪੇ ਦਾ ਵੇਲਾ ਆਵੇਗਾ ਤਾਂ ਭਜਨ ਕਰ ਲਵਾਂਗੇ, ਮਹਾਂ ਅਯੋਗ ਹੈ, ਕਿਉਂਕਿ ਮਾਯਾ ਵਿਚ ਇਤਨੇ ਖਚਿਤ ਮਨ ਦਾ ਮਾਯਾ ਦੇ ਖੋਭੇ ਵਿਚੋਂ ਨਿਕਲਣਾ ਸੌਖਾ ਨਹੀਂ। ਜਿਤਨੀ ਇਸ ਮਨ ਦੀ ਮਾਇਆ ਨਾਲ ਸਮੀਪਤਾ ਵਧੀਕ ਹੋਵੇਗੀ ਉਤਨਾਂ ਹੀ ਇਸ ਨੂੰ ਇਕ ਦਰੋਂ ਪੁਟ ਕੇ ਦੂਜੇ ਦਰ ਲਾਉਣ ਦਾ ਯਤਨ ਵਧੀਕ ਲੋੜੀਦਾ ਹੈ। ਇਸ ਲਈ ਹੁਣੇ ਹੀ ਯਤਨ ਕਰਨ ਲੱਗ ਜਾਵੋ, ਢਿੱਲ ਨਾ ਕਰੋ; ਤੇ ਇਹ ਭੀ ਨਾ ਸਮਝੋ ਕਿ ਮਾਯਾ ਤੋਂ ਆਜ਼ਾਦ ਹੋਣਾ ਅਸੰਭਵ ਹੈ। ਸਤਿਗੁਰ ਬਚਨ ਕਰਦੇ ਹਨ ਜੋ ਮਨ ਦੀ ਮਾਇਆ ਨਾਲ ਸਮੀਪਤਾ ਮੂਰਤ ਦੀ ਕੰਧ ਨਾਲ ਸਮੀਪਤਾ ਦੇ ਤੁੱਲ ਹੈ। ਦੋਨੋ ਇਕ ਸਰੂਪ ਹੋਏ ਹੋਏ ਹਨ। ਪਰ ਜਿਸ ਤਰ੍ਹਾਂ ਕੰਧ ਤੋਂ ਮੂਰਤ ਸਾਫ਼ ਹੋ ਸਕਦੀ ਹੈ, ਇਸੇ ਤਰ੍ਹਾਂ ਮਨ ਭੀ ਮਾਇਆ ਤੋਂ ਨਿਰਲੇਪ ਹੋ ਸਕਦਾ ਹੈ। ਪਰ ਕਿਸ ਤਰ੍ਹਾਂ? ਇਸ ਲਈ ਬਚਨ ਹੈ :-

"ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥" {ਸਿਧ ਗੋਸ:ਪੰ:੯੩੮} ॥੩੭॥

**ਮੂਲ**

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥ ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥ ੩੮ ॥**

**ਅਰਥ**

ਮਨੁੱਖ ਕੁਛ ਹੋਰ ਚਾਹੁੰਦਾ ਸੀ, (ਅਤੇ) ਹੋ ਗਈ ਹੋਰ ਦੀ ਹੋਰ। ਲੋਕਾਂ ਨੂੰ ਠੱਗਣ ਦੀ ਚਿਤਵਨਾਂ ਕਰਦਾ ਰਿਹਾ (ਸੋ ਅੰਤ ਕਾਲ ਦੀ) ਫਾਹੀ ਗਲ ਵਿਚ ਆਣ ਪਈ (ਕਹਿੰਦੇ ਹਨ ਸ੍ਰੀ ਗੁਰੂ) ਨਾਨਕ ਜੀ॥੩੮॥

**ਪਦਾਰਥ**—ਭਈ-ਹੋ ਗਈ, ਵਰਤ ਗਈ। ਚਿਤਵਤ-ਸੋਚਦਾ। ਠਗਉਰ-ਠਗਣਾ।

**ਭਾਵ**—ਮਨੁੱਖ ਚਿਤਵਦਾ ਹੈ: ਇਹ ਖੱਟੀਏ, ਅਮਕੇ ਦਾ ਖੋਹ ਲਈਏ, ਧਨ ਹੋਵੇ, ਪੁੱਤਰ ਹੋਵੇ, ਰਾਜ ਹੋਵੇ, ਸੁਖ ਹੋਵੇ, ਪਰ ਭਾਣਾ ਕੁਛ ਹੋਰ ਦਾ ਹੋਰ ਵਰਤ ਜਾਂਦਾ ਹੈ, ਇਹਨਾਂ ਚਿਤਵਨਾਂ ਵਿਚ ਕਾਲ ਦੀ ਫਾਹੀ ਆ ਪੈਂਦੀ ਹੈ।

"ਕਬੀਰ ਜੋ ਮੈ ਚਿਤਵਉ ਨ ਕਰੈ ਕਿਆ ਮੇਰੇ ਚਿਤਵੇ ਹੋਇ॥
ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ॥"੨੧੯॥

ਪੁਨਾ-"ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ॥
ਆਇ ਪਰੇ ਧਰਮ ਰਾਇ ਕੈ ਬੀਚਹਿ ਧੂੰਮਾ ਧਾਮ॥"੧੪੨॥

ਪੁਨਾ:-"ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ॥
ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ॥"੨੦੫॥ {ਸ: ਕਬੀਰ}॥੩੮॥

| ਮੂਲ | ਅਰਥ |
|---|---|
| **ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥ ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥੩੯॥** | ਸੁਖ ਦੀ (ਪ੍ਰਾਪਤੀ ਵਾਸਤੇ) ਬਹੁਤ ਜਤਨ ਕੀਤੇ (ਪਰ) ਦੁਖ ਲਈ ਕੋਈ (ਉਪਾਵ) ਨਾ ਕੀਤਾ। ਗੁਰੂ ਸਾਹਿਬ ਕਹਿੰਦੇ ਹਨ, ਹੇ ਮਨ! (ਹੁਣ ਜੋ) ਕਰਤਾਰ ਨੂੰ ਭਾਵੇ ਸੋ ਹੋਵੇਗਾ॥੩੯॥ |

**ਪਦਾਰਥ**—ਜਤਨ-ਉਪਾਵ, ਉੱਦਮ।

**ਭਾਵ**—ਸੰਸਾਰ ਵਿਚ ਚਾਰ ਦਿਨ ਦਾ ਰਹਿਣਾ ਹੈ, ਭਰੋਸਾ ਇਕ ਪਲ ਦਾ ਬੀ ਨਹੀਂ। ਸੁਖ ਭੋਗ ਪਦਾਰਥ ਬੀ ਛਿਨ ਭੰਗਰ ਹਨ, ਪਰ ਇਨ੍ਹਾਂ ਦੀ ਪ੍ਰਾਪਤੀ ਹਿਤ ਬੜੇ ਬੜੇ ਯਤਨ ਕਰੀਦੇ ਹਨ, ਅਰ ਜੀਵ ਸਦੀਵ ਆਪਦੇ ਸੁਖਾਂ ਦੇ ਯਤਨ ਹੀ ਕਰਦਾ ਰਹਿੰਦਾ ਹੈ। ਕਦੀ ਨਹੀਂ ਚਾਹੁੰਦਾ ਜੋ ਦੁਖ ਭੀ ਹੋਵੇ। ਹਮੇਸ਼ਾਂ ਦੁਖਾਂ ਤੋਂ ਪਰੇਡਾ ਤੇ ਸੁਖਾਂ ਦੇ ਸਮੀਪ ਰਹਿਣਾ ਚਾਹੁੰਦਾ ਹੈ। ਪਰ ਸਤਿਗੁਰੂ ਜੀ ਦੱਸਦੇ ਹਨ ਜੋ ਸੁਖ ਦੁਖ ਜੀਵ ਦੇ ਆਪਣੇ ਵੱਸ ਤੋਂ ਬਾਹਰ ਹੈ। ਸੁਖ ਦੁਖ ਪ੍ਰਦਾਤਾ ਇਕ ਵਾਹਿਗੁਰੂ ਹੈ। ਜੋ ਕੁਝ ਉਸ ਦੇ ਭਾਣੇ ਵਿਚ ਹੈ ਉਹੀ ਹੁੰਦਾ ਹੈ। ਉਸ ਦੀ ਰਜ਼ਾ ਦੇ ਆਸਰੇ ਤੋਂ ਬਾਹਰ ਸੁਖਾਂ ਦਾ ਯਤਨ ਨਿਸ਼ਫਲ ਹੈ। ਤਾਂਤੇ ਹੱਥੋਂ ਕੁਝ ਕਰਦਿਆਂ ਉੱਦਮੀ ਹੁੰਦਿਆਂ ਰਜ਼ਾ ਦੇ ਘੇਰੇ ਵਿਚ ਵਰਤਣ ਦਾ ਪ੍ਰਯਤਨ ਹੋਣਾ ਚਾਹੀਏ। ਜੋ ਜੀਵ ਕੇਵਲ ਆਪਣੇ ਯਤਨਾਂ ਦੇ ਆਸਰੇ ਟਿਕਦੇ ਹਨ ਉਹ ਹਉਮੈ ਦੇ ਬੰਧਨ ਵਿਚ ਫਸੇ ਹੋਏ ਵਿਕਾਰਾਂ ਦੇ ਹੇਠ ਦਬਦੇ ਜਾਂਦੇ ਹਨ ਤੇ ਪਰਮੇਸੂਰ ਤੋਂ ਬੇਮੁਖ ਹੋਏ ਜੂਨਾਂ ਵਿਚ ਪੈਂਦੇ ਹਨ, ਜਿਸ ਦੀ ਭਿਆਨਕਤਾ ਦੀ ਬਾਬਤ ਹੁਕਮ ਹੈ :-

"ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ॥
ਨਾ ਜਲੁ ਲੇਫ ਤੁਲਾਈਆ ਨਾ ਭੋਜਨ ਪਰਕਾਰੋਵਾ॥
ਭੋਜਨ ਭਾਉ ਨ ਠੰਢਾ ਪਾਣੀ ਨਾ ਕਾਪੜੁ ਸੀਗਾਰੋ॥
ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ॥"
{ਵਡਹੰਸੁ ਮ: ੧ ਅਲਾਹਣੀ ੪-੩}॥੩੯॥

| ਮੂਲ | ਅਰਥ |
|---|---|
| ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥ ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥ ੪੦ ॥ | ਸਾਰਾ ਸੰਸਾਰ ਮੰਗਤਾ ਹੋਇਆ ਫਿਰਦਾ ਹੈ ਦੇਣ ਵਾਲਾ ਦਾਤਾਰ ਸਭ ਦਾ (ਇਕ) ਪਰਮੇਸ਼ੁਰ ਹੈ। ਸਤਿਗੁਰੂ ਬਚਨ ਕਰਦੇ ਹਨ: ਹੇ ਮਨ! ਉਸੇ ਦੀ ਅਰਾਧਨਾ ਕਰ (ਜਿਸ ਤੋਂ ਤੇਰੇ ਸਭ) ਕੰਮ ਸਫਲ ਹੋਣ॥੪੦॥ |

**ਪਦਾਰਥ**—ਭਿਖਾਰੀ-ਮੰਗਤਾ। ਦਾਤਾ-ਦੇਣ ਵਾਲਾ। ਪੂਰਨ-ਪੂਰੇ। ਸਫਲ। ਕਾਮ-ਮਨੋਰਥ।

**ਭਾਵ**—ਇਸ ਸ਼ਲੋਕ ਵਿਚ ਉਪਦੇਸ਼ ਹੈ ਜੋ ਸਾਰਾ ਜਗਤ ਭਿਖਾਰੀ ਹੈ, ਕੋਈ ਐਸਾ ਨਹੀਂ ਜੋ ਲੋੜਵੰਦ ਨਾ ਹੋਵੇ। ਕਿਆ ਰਾਜਾ, ਕਿਆ ਰੰਕ ਸਭੋ ਆਪੋ ਆਪਣੀ ਥਾਈਂ ਲੋੜਵੰਦ ਹਨ। ਕਿਸੇ ਨੂੰ ਕਾਸੇ ਦੀ ਲੋੜ ਹੈ ਤੇ ਕਿਸੇ ਨੂੰ ਕਾਸੇ ਦੀ, ਪਰ ਦਾਤਾ ਇਕੋ ਪ੍ਰਭੂ ਹੀ ਹੈ। ਉਸੇ ਤੋਂ ਸਭ ਦਾਤਾਂ ਹਰ ਕਿਸੇ ਨੂੰ ਪ੍ਰਾਪਤ ਹੁੰਦੀਆਂ ਹਨ। ਉਹ ਇਕੋ ਹੀ ਹੈ ਜਿਸ ਨੂੰ ਦਾਤਾ ਕਿਹਾ ਜਾ ਸਕਦਾ ਹੈ, ਕਿਉਂਕਿ ਉਹ ਕਿਸੇ ਪਾਸੋਂ ਲੈਕੇ ਅੱਗੇ ਨਹੀਂ ਦਿੰਦਾ। ਬਾਕੀ ਜੋ ਕੋਈ ਬੀ ਹੈ ਇਕ ਪਾਸੇ ਮੰਗਤਾ ਹੈ ਤਾਂ ਦੂਏ ਪਾਸੇ ਦਾਤਾ ਹੋ ਸਕਦਾ ਹੈ। ਕੇਵਲ ਦਾਤਾ ਇਕ ਅਕਾਲ ਪੁਰਖ ਤੋਂ ਬਿਨਾਂ ਹੋਰ ਕੋਈ ਨਹੀਂ, ਜੋ ਕਿਸੇ ਅੱਗੇ ਮੰਗਤਾ ਨਹੀਂ।

ਜੋ ਜੀਵ ਇਸ ਗਲ ਨੂੰ ਵਿਸਾਰਕੇ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਤੇ ਆਸ ਰੱਖਦੇ ਹਨ ਉਹ ਭੁੱਲ ਕਰਦੇ ਹਨ। ਸਤਿਗੁਰੂ ਜੀ ਸਪੱਸ਼ਟ ਆਗਜਾ ਕਰਦੇ ਹਨ:-

"ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ॥
ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਿਨਿ ਭਉ ਸਾਗਰੁ ਤਰਿਆ॥" {ਗੁ: ਮ: ੫-੭/੪੯੭}

ਪੁਨਾ-"ਦਦਾ ਦਾਤਾ ਏਕੁ ਹੈ ਸਭ ਕਉ ਦੇਵਨ ਹਾਰ॥
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥"

{ਗਉੜੀ ਬਾਵਨ ਅਖਰੀ-੩੪, ਪੰ: ੨੫੭}

ਪੁਨਾ-"ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥"{ਵਾ: ਆਸਾ ਮ: ੧, ਪੰ:੪੭੦}॥੪੦॥

| ਮੂਲ | ਅਰਥ |
|---|---|
| ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥ ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥ ੪੧ ॥ | ਅਹੰਕਾਰ ਜੋ ਵਿਅਰਥ ਹੈ ਕਿਉਂ ਕਰਦਾ ਹੈਂ, ਜਗਤ ਨੂੰ ਸੁਪਨੇ ਸਮਾਨ ਜਾਣ। ਇਨ੍ਹਾਂ (ਜਗਤ ਪਦਾਰਥਾਂ) ਵਿਚੋਂ ਤੇਰਾ ਕੁਝ ਨਹੀਂ, ਗੁਰੂ ਸਾਹਿਬ ਨੇ ਇਹ ਗਲ ਖੋਲਕੇ ਆਖ ਦਿੱਤੀ ਹੈ॥੪੧॥ |

**ਪਦਾਰਥ**—ਮਾਨੁ-ਗਰਬ, ਹੰਕਾਰ। ਬਖਾਨ-ਵਜਾਖਜਾ ਕਰਕੇ ਕਹਿਣਾ, ਵਿਸਥਾਰ ਨਾਲ ਸਮਝਾਉਣਾ।

**ਭਾਵ**—ਸਤਿਗੁਰ ਉਪਦੇਸ਼ ਕਰਦੇ ਹਨ:-ਜੋ ਸੰਸਾਰ ਸਾਗਰ ਹੈ ਨਾਸ਼ਵੰਤ ਹੈ, ਇਸ ਦੇ ਪਦਾਰਥਾਂ ਕਰਕੇ ਮਾਨ ਕਰਨਾ ਅਨੁਚਿਤ ਹੈ। ਜਿਸ ਤਰ੍ਹਾਂ ਸੁਪਨੇ ਦੀ ਅਵਸਥਾ ਨਾਸ਼ਵੰਤ ਹੈ ਇਸੇ ਤਰ੍ਹਾਂ ਸੰਸਾਰ ਦੀ ਭੀ ਹਾਲਤ ਸਥਿਰ ਨਹੀਂ ਹੈ, ਤ੍ਹਾਂ ਤੇ ਸਤਿਗੁਰ ਆਗਿਆ ਕਰਦੇ ਹਨ ਕਿ ਜੋ ਆਪ ਅਨਿਸਥਿਰ ਹੈ ਉਸ ਤੇ ਮਾਨ ਨਾ ਕਰੋ। ਇਕ ਅਕਾਲ ਪੁਰਖ, ਜੋ ਸਰਬਦਾ ਕਾਲ ਸਥਿਰ ਹੈ, ਉਸਦੀ ਸ਼ਰਨ ਪਵੇ। ਇਹ ਨਿਸਚੇ ਜਾਣੋ: ਸੰਸਾਰ ਦੇ ਪਦਾਰਥ ਇਸ ਤਰ੍ਹਾਂ ਤੁਹਾਡੇ ਨਹੀਂ ਜੋ ਇਨ੍ਹਾਂ ਦੇ ਸੁਖ ਤੁਹਾਡੇ ਨਾਲ ਅਗੇ ਭੀ ਸੰਗੀ ਹੋਣਗੇ ਯਾ ਏਹ ਤੇਰੇ ਹੋਣ ਕਰਕੇ ਤੇਰੇ ਨਾਲ ਅੱਗੇ ਜਾਣਗੇ, ਨਹੀਂ, ਯਾ ਤੂੰ ਇਨ੍ਹਾਂ ਨੂੰ ਛੱਡ ਜਾਏਂਗਾ ਯਾ ਏਹ ਤੈਨੂੰ ਛੱਡ ਜਾਣਗੇ। ਇਨ੍ਹਾਂ ਪਦਾਰਥਾਂ ਨੂੰ ਇਸ ਤਰ੍ਹਾਂ ਵਰਤੋ ਜਿਸ ਤਰ੍ਹਾਂ ਆਪਣਾ ਮਨ ਇਨ੍ਹਾਂ ਤੋਂ ਅਲੇਪ ਰਹੇ। ਅਕਾਲ ਪੁਰਖ ਦੀ ਸ੍ਰਿਸ਼ਟੀ ਦੇ ਸੁਧਾਰ ਵਿਚ ਇਨ੍ਹਾਂ ਨੂੰ ਪਰਤਕੇ ਦਾਤਾ ਦੀ ਦਿਤੀ ਦਾਤ ਨੂੰ ਦਾਤਾ ਦੇ ਸਮਰਪਣ ਕਰਕੇ ਆਪਣਾ ਫਰਜ਼ ਪੂਰਾ ਕਰੋ ਤੇ ਇਸ ਫਰਜ਼ ਦੀ ਪੂਰਨਤਾਈ ਵਿਚ ਦਾਤੇ ਪਾਸੋਂ ਉਸ ਦੀ ਸ਼ਰਨ ਮੰਗੋ। ਇਹ ਚੇਤੇ ਰੱਖੋ ਕਿ ਸੰਸਾਰਕ ਸੰਪਦਾ: ਰਾਜ ਮਾਲ ਧਨ ਕਦੀ ਕਿਸੀ ਦੇ ਸੰਗੀ ਨਹੀਂ ਹੋਏ ਤੇ ਨਹੀਂ ਹੋਣੇ॥੪੧॥

| ਮੂਲ | ਅਰਥ |
|---|---|
| **ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥ ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ॥ ੪੨ ॥** | ਗੁਰੂ ਸਾਹਿਬ ਬਚਨ ਕਰਦੇ ਹਨ ਹੇ ਮਿੱਤ੍ਰ! ਤੂੰ ਦੇਹਿ ਦਾ ਅਭਿਮਾਨ ਕਰਦਾ ਹੈਂ (ਪਰ ਇਸ ਦਾ ਵਿਸਾਹ ਕੋਈ ਨਹੀਂ, ਇਹ) ਪਲ ਵਿਚ ਨਾਸ਼ ਹੋ ਜਾਣ ਵਾਲੀ ਹੈ। ਜਿਸ ਪ੍ਰਾਣੀ ਨੇ ਅਕਾਲ ਪੁਰਖ ਦੀ ਉਸਤਤਿ (ਕੀਰਤੀ) ਕੀਤੀ ਹੈ, ਉਸ ਨੇ (ਸਾਰੇ) ਜਗਤ ਨੂੰ ਜਿੱਤ ਲਿਆ ਹੈ॥੪੨॥ |

**ਪਦਾਰਥ**—ਬਿਨਸੈ-ਨਾਸ਼ ਹੋਵੇਗੀ। ਹਰਿਜਸੁ-ਪਰਮੇਸ਼ਰ ਦੀ ਮਹਿਮਾ। ਕੀਰਤੀ।

**ਭਾਵ**—ਸੁੰਦਰ ਦੇਹ ਵਾਲੇ ਸੁਤੇ ਹੀ ਆਪਣੀ ਦੇਹ ਦੀ ਸੁੰਦਰਤਾ ਤੇ ਸਤਜਾ ਤੇ ਪ੍ਰਸੰਨ ਹੋਇਆ ਕਰਦੇ ਹਨ, ਦੂਸਰਿਆਂ ਨੂੰ ਮਸ਼ਖਰੀ ਕਰਦੇ ਹਨ ਤੇ ਆਪਣੀ ਸੁੰਦਰਤਾ ਦੇ ਅਭਿਮਾਨ ਵਿਚ ਰਹਿੰਦੇ ਹਨ। ਇਸੇ ਤਰ੍ਹਾਂ ਬਲਵਾਨ ਪੁਰਸ਼ਾਂ ਦਾ ਹਾਲ ਹੁੰਦਾ ਹੈ ਦੇਹ ਦੇ ਆਸਰੇ। ਇਸੇ ਤਰ੍ਹਾਂ ਕਈ ਹੋਰ ਤਰ੍ਹਾਂ ਚਿਤ ਵਿਚ ਗਰਬ ਉਪਜ ਪੈਂਦਾ ਹੈ, ਸਤਿਗੁਰ ਬਚਨ ਕਰਦੇ ਹਨ ਜੋ ਸਦੀਵ ਚਿਤ ਵਿਚ ਯਾਦ ਰਖੋ ਕਿ ਇਹ ਦੇਹ ਨਾਸ਼ਵੰਤ ਹੈ, ਜੋ ਅਜ ਸੁੰਦਰ ਤੇ ਬਲਵਾਨ ਹੈ ਕਲ ਨੂੰ ਹੀ ਕੁਸੋਹਣੀ ਤੇ ਮਾੜੀ ਹੋ ਸਕਦੀ ਹੈ। ਤਾਂ ਤੇ ਇਸ ਦੇ ਨਾਲ ਜੋ ਪ੍ਰਬੀਨਤਾ ਹੋਵੇਗੀ ਉਹ ਭੀ ਨਾਸ਼ ਹੋ ਜਾਵੇਗੀ। ਇਸ ਲਈ ਸਦੈਵੀ ਪ੍ਰਸੰਨਤਾ ਦੀ ਪ੍ਰਾਪਤੀ ਲਈ ਉੱਦਮ ਤੇ ਉਪਰਾਲਾ ਕਰੋ, ਉਹ ਉਪਰਾਲਾ ਆਪ ਹੀ ਅਗੇ ਦਸਦੇ ਹਨ: ਜੋ ਹਰੀ ਦਾ ਨਾਮ ਜਪਣਾ ਉਸ ਦਾਂ ਜਸ ਗਾਉਣਾ ਹੈ। ਜੋ ਆਪਣੇ ਹਰਿ ਦੇ ਸਿਮਰਨ ਵਿਚ ਲੱਗ ਜਾਂਦੇ ਹਨ ਓਹ ਪਰਮ ਆਨੰਦ ਦੀ ਪ੍ਰਾਪਤੀ ਦੇ ਰਾਹੇ ਪੈਂਦੇ ਹਨ, ਜਗਤ ਦਾ ਕੋਈ ਪਦਾਰਥ ਇਸ ਦੀ ਤੁੱਲਤਾ ਨੂੰ ਨਹੀਂ ਪਹੁੰਚ ਸਕਦਾ, ਤਾਂ ਤੇ ਐਸੇ ਮਹਾਂ ਆਨੰਦ ਦੀ ਪ੍ਰਾਪਤੀ ਜਗਤ ਦੇ ਸਭ ਪਦਾਰਥਾਂ ਤੋਂ ਉੱਤਮ ਹੈ, ਜਿਸ ਨੂੰ ਇਹ ਪ੍ਰਾਪਤ ਹੋਈ ਉਸ ਨੇ ਸਾਰੇ ਜਗਤ ਨੂੰ ਜਿੱਤ ਲਿਆ, ਸਤਿਗੁਰਾਂ ਦਾ ਵਾਕ ਹੈ **"ਮਨਿ ਜੀਤੈ ਜਗੁ ਜੀਤੁ॥"**(੧੧੦੩)॥੪੨॥

| ਮੂਲ | ਅਰਥ |
|---|---|
| ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥ ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥ ੪੩ ॥ | ਜਿਸ ਦੇ ਹਿਰਦੇ ਵਿਚ ਅਕਾਲ ਪੁਰਖ (ਪਰਮੇਸਰ) ਦਾ ਸਿਮਰਨ ਵੱਸਦਾ ਹੈ ਉਸ ਮਨੁੱਖ ਨੂੰ ਮੁਕਤਿ ਰੂਪ ਜਾਣੋ। ਉਸ ਵਿਚ ਅਰ ਪਰਮੇਸਰ ਵਿਚ ਕੁਛ ਭੇਦ ਨਹੀਂ, ਗੁਰੂ ਸਾਹਿਬ ਕਹਿੰਦੇ ਹਨ (ਇਹ ਗੱਲ) ਸੱਚ ਮੰਨੋ॥੪੩॥ |

**ਪਦਾਰਥ**—ਘਟਿ-ਹਿਰਦੇ ਵਿਚ, ਮਨ ਵਿਚ। ਮੁਕਤਾ-ਮੁਕਤਿ ਰੂਪ, ਬੰਧਨ ਰਹਿਤ, ਛੁਟਿਆ ਹੋਯਾ।

**ਭਾਵ**—ਏਥੇ ਸਤਿਗੁਰ ਨਾਮ ਜਪਣ ਦੀ ਵਡਿਆਈ ਦਾ ਉਦਾਹਰਨ ਦਿੰਦੇ ਹਨ। ਪਿਛਲੇ ਸਲੋਕ ਵਿਚ ਬਚਨ ਕੀਤਾ ਸੀ ਕਿ ਹਰਿ ਸਿਮਰਨ ਨਾਲ ਜਗ ਜੀਤ ਦੀ ਪਦਵੀ ਪ੍ਰਾਪਤ ਹੁੰਦੀ ਹੈ। ਇਥੇ ਦੱਸਦੇ ਹਨ ਕਿ ਇਥੇ ਸੰਸਾਰ ਵਿਚ ਹੀ ਬਸ ਨਹੀਂ, ਨਾਮ ਦਾ ਜਾਪ ਪਰਲੋਕ ਵਿਚ ਬੀ ਉੱਚੇ ਟਿਕਾਣੇ ਤੇ ਪਹੁੰਚਾਉਂਦਾ ਹੈ। ਨਾਮ ਦਾ ਜਾਪ ਮੁਕਤੀ ਦਿੰਦਾ ਹੈ। ਨਾਮ ਦਾ ਜਾਪ ਜਪਣ ਵਾਲੇ ਨੂੰ ਸੁਾਮੀ ਦੇ ਚਰਨਾਂ ਤੱਕ ਪਹੁੰਚਾਉਣ ਲਈ ਸਮਰਥ ਹੈ। ਪ੍ਰਭੂ ਪ੍ਰਾਪਤੀ ਦੀ ਇਹ ਪੱਕੀ ਸੜਕ ਹੈ, ਜਿਸ ਦੇ ਮਨ ਵਿਚ ਸਿਮਰਨ ਕਰਦਿਆਂ ਹੋਯਾਂ ਕਰਤਾਰ ਵੱਸ ਗਿਆ, ਉਸ ਦੀ ਅਵਸਥਾ ਹੋ ਗਈ:-

"ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨਾ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥"{੧੩੭੫}

ਉਸ ਦੀ ਦ੍ਰਿਸ਼ਟੀ ਜਿੱਧਰ ਜਾਂਦੀ ਹੈ ਉੱਧਰ ਹਰਿ ਰੂਪ ਹੀ ਦਿੱਸਦਾ ਹੈ, ਹਰਿ ਹੀ ਸੁਣੀਂਦਾ ਹੈ, ਉਹ ਆਪ ਤੂਹੀ-ਤੂਹੀ ਕਰਦਾ ਹੈ, ਅਹੰਤਾ ਮਿਟਾਕੇ ਹਰਿ ਰੂਪ ਹੀ ਹੋ ਰਿਹਾ ਹੈ:-

"ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥"
{ਸਿਰੀ ਰਾਗੁ ਬੇਣੀ ਜੀ, ਪੰ: ੯੩}॥੪੩॥

| ਮੂਲ | ਅਰਥ |
|---|---|
| ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥ ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥ ੪੪ ॥ | ਇਕ ਅਕਾਲ ਪੁਰਖ (ਪਰਮੇਸਰ) ਦੀ ਭਗਤੀ ਜਿਸ ਪ੍ਰਾਣੀ ਦੇ ਮਨ ਵਿਚ ਨਹੀਂ ਹੈ, ਗੁਰੂ ਸਾਹਿਬ ਬਚਨ ਕਰਦੇ ਹਨ: ਉਸ ਦੇ ਤਨ ਨੂੰ ਸੂਰ ਤੇ ਕੁੱਤੇ ਦੀ ਤਰ੍ਹਾਂ (ਨਖਿੱਧ) ਸਮਝੋ॥੪੪॥ |

**ਪਦਾਰਥ**—ਸੂਕਰ-ਸੂਰ। ਸੁਆਨ-ਕੁਤਾ।

**ਭਾਵ**—ਪਿਛਲੇ ਸਲੋਕ ਵਿਚ ਨਾਮ ਦੀ ਵਡਿਆਈ ਕਥਨ ਕੀਤੀ ਸੀ, ਇਥੇ ਸਤਿਗੁਰ ਦੱਸਦੇ ਹਨ ਜੋ ਮਤੇ ਕੋਈ ਇਹ ਚਿਤਵ ਬੈਠੇ ਕਿ ਭਾਵੇਂ ਨਾਮ ਜਿਤਨੀ ਪਹੁੰਚ ਤੇ ਹੋਰ ਕੋਈ ਉਪਾਵ ਨਾ ਪਹੁੰਚਾ ਸਕਦਾ ਹੋਵੇ ਪਰ ਤਾਂ ਭੀ ਕੋਈ ਨਾ ਕੋਈ ਹੋਰ ਉਪਾਵ ਸੁਖ ਦਾ ਕਾਰਨ ਤਾਂ ਜ਼ਰੂਰ ਹੋ ਸਕਦਾ ਹੋਵੇਗਾ। ਆਪ ਸਪਸ਼ਟ ਕਰ ਦਿੰਦੇ ਹਨ ਕਿ ਪ੍ਰਭੂ ਦੀ ਭਗਤੀ ਤੋਂ ਬਿਨਾਂ ਹੋਰ ਕਿਸੇ ਸਾਧਨ ਵਿਚ ਭੀ ਜੀਵ ਨੂੰ ਤਾਰਨ ਦੀ ਸਮਰਥਾ ਨਹੀਂ ਹੈ। ਪ੍ਰਭੂ ਦੇ ਨਾਮ ਦਾ ਸਿਮਰਨ ਹੀ ਹੈ ਜੋ ਹੌਲੀ ਹੌਲੀ ਮਨ ਦੀ ਮੈਲ ਨੂੰ ਕੱਟਦਾ, ਸ਼ੀਸ਼ੇ ਦੀ ਤਰ੍ਹਾਂ ਸਾਫ਼ ਕਰ ਸਕਦਾ ਹੈ, ਤਾਂ ਤੇ ਜਿਸ ਪ੍ਰਾਣੀ ਦੇ ਮਨ ਵਿਚ ਪ੍ਰਭੂ ਦੀ

ਭਗਤੀ ਨਹੀਂ ਉਸ ਨੇ ਮਨੁੱਖਾ ਜਨਮ ਅਕਾਰਥ ਗਵਾਇਆ ਹੈ।

ਮਨੁੱਖਾ ਜਨਮ ਦੀ ਵਡਿਆਈ ਇਹੋ ਹੈ ਜੋ ਇਸ ਵਿਚ ਪ੍ਰਭੂ ਦਾ ਗਜਾਨ ਹੋ ਸਕਦਾ ਹੈ। ਜੇ ਇਹ ਪ੍ਰਾਪਤ ਨਹੀਂ ਹੋਇਆ ਤਾਂ ਖਾਣਾ-ਪੀਣਾ, ਹੱਸਣਾ ਸੌਣਾ, ਭੁੱਖ ਤ੍ਰਿਖਾ, ਨੀਂਦਰ ਕਾਮ ਆਦਿ ਚੇਸ਼ਟਾ ਸਭ ਪੰਜ ਭੌਤਕ ਦੇਹਾਂ ਦੀ ਇਕ ਸਮਾਨ ਹੈ। ਇਸ ਵਿਚ ਕੁੱਤੇ, ਸੂਰ, ਮਨੁੱਖ ਇਕੋ ਜੇਹੇ ਹਨ। ਜੇ ਭਗਵਾਨ ਦੀ ਭਗਤੀ ਨਹੀਂ ਕੀਤੀ ਤਾਂ ਜੇਹੇ ਸੂਰ ਮਲ ਅਹਾਰੀ ਅਰ ਕੁੱਤੇ ਬਿਅਰਥ ਭੌਂਕਦੇ ਰਹਿੰਦੇ, ਜੂਠਾਂ ਖਾਂਦੇ ਹਨ, ਇਸੇ ਤਰ੍ਹਾਂ ਮਨੁੱਖ ਭੋਗੇ ਹੋਏ ਪਦਾਰਥਾਂ ਨੂੰ ਭੋਗਦੇ ਅਰ ਨਿੰਦਿਆ ਚੁਗਲੀ ਅਵਗੁਣ ਚੁਣਨੇ ਆਦਿ ਮੈਲ ਅਹਾਰੀ ਹੁੰਦੇ ਹੋਏ ਸੂਰਾਂ ਅਰ ਕੁੱਤਿਆਂ ਸਮਾਨ ਹੋ ਰਹੇ ਹਨ॥੪੪॥

| ਮੂਲ | ਅਰਥ |
|---|---|
| **ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥ ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕਿ ਚਿਤਿ ॥ ੪੫ ॥** | ਜਿਸ ਤਰ੍ਹਾਂ ਕੁੱਤਾ (ਆਪਣੇ) ਮਾਲਕ ਦਾ ਘਰ ਕਦੀ ਨਹੀਂ ਛੱਡਦਾ, ਸਦਾ (ਬੂਹੇ ਉਤੇ ਹੀ ਬੈਠਾ ਰਹਿੰਦਾ ਹੈ)। ਗੁਰੂ ਸਾਹਿਬ ਬਚਨ ਕਰਦੇ ਹਨ, ਇਸੇ ਤਰ੍ਹਾਂ ਤੁਸੀਂ ਇਕ ਮਨ ਇਕ ਚਿਤ ਹੋਕੇ ਸ੍ਰੀ ਨਿਰੰਕਾਰ ਜੀ ਦਾ ਨਿੱਤ ਸਿਮਰਨ ਕਰੋ ॥੪੫॥ |

**ਪਦਾਰਥ**—ਗ੍ਰਿਹੁ-ਘਰ। ਸੁਆਨ-ਕੁੱਤਾ। ਤਜਤ-ਛਡਦਾ। ਬਿਧਿ-ਤਰ੍ਹਾਂ।

**ਭਾਵ**—ਇਥੇ ਸਤਿਗੁਰ ਭਗਤੀ ਬਾਰੇ ਦੱਸਦੇ ਹਨ ਕਿ ਕਿਸ ਤਰ੍ਹਾਂ ਦੀ ਪ੍ਰੇਮ ਭਰੀ ਭਗਤੀ ਹੋਣੀ ਚਾਹੀਏ। ਕੁੱਤੇ ਦਾ ਪ੍ਰੇਮ ਆਪਣੇ ਮਾਲਕ ਨਾਲ ਇਕ ਬੜੀ ਮੰਨੀ ਪ੍ਰਮੰਨੀ ਗੱਲ ਹੈ। ਇਹ ਆਪਣੇ ਮਾਲਕ ਨਾਲ ਇਤਨਾ ਪ੍ਰੇਮ ਕਰਦਾ ਹੈ ਕਿ ਉਸ ਦੀ ਸੇਵਾ ਹਿੱਤ ਆਪਣੀ ਜਾਨ ਤੱਕ ਵਾਰ ਦੇਂਦਾ ਹੈ। ਮਾਲਕ ਦੀ ਸੇਵਾ ਵਿਚ ਇਹ ਨਿਰੇ ਆਪਣੇ ਸੁਖ ਹੀ ਨਹੀਂ ਭੁੱਲਦਾ ਯਾ ਉਸ ਦੀ ਸੇਵਾ ਦੇ ਪ੍ਰੇਮ ਵਿਚ ਨੀਂਦਰ ਤੇ ਹੋਰ ਸੁਖ ਹੀ ਨਹੀਂ ਵਾਰ ਦਿੰਦਾ ਸਗੋਂ ਆਪਾ ਭਾਵ ਭੁੱਲਕੇ ਮਾਲਕ ਦੀ ਸੇਵਾ ਕਰਦਾ ਹੈ। ਕੋਈ ਲਾਲਚ ਕੋਈ ਹੋਰ ਖਿੱਚ ਇਸ ਨੂੰ ਆਪਣੇ ਮਾਲਕ ਤੋਂ ਅਲਹਿਦਾ ਨਹੀਂ ਕਰ ਸਕਦੀ, ਮਾਲਕ ਦੀ ਖੁਸ਼ੀ ਵਿਚ ਹੀ ਇਹ ਆਪਣਾ ਜੀਵਨ ਸਫ਼ਲ ਕਰਦਾ ਹੈ। ਸਤਿਗੁਰੂ ਜੀ ਇਕ ਪ੍ਰਤੱਖ ਵਰਤ ਰਹੀ ਗੱਲ ਦੱਸਕੇ ਬਚਨ ਕਰਦੇ ਹਨ ਜੋ ਪ੍ਰਭੂ ਦੇ ਪ੍ਰੇਮੀਆਂ ਨੂੰ ਕੂਕਰ ਕੋਲੋਂ ਸਿਖਯਾ ਲੈਣੀ ਚਾਹੀਏ। ਜਿਸ ਤਰ੍ਹਾਂ ਕੁੱਤਾ ਕੇਵਲ ਇਕੋ ਮਾਲਕ ਦਾ ਆਸਰਾ ਰੱਖਕੇ ਉਸ ਦੇ ਗ੍ਰੈਹ ਨੂੰ ਨਹੀਂ ਛੱਡਦਾ, ਇਸੇ ਤਰ੍ਹਾਂ ਹਰਿ ਦੇ ਦਾਸਾਂ ਨੂੰ ਦੂਏ ਦਾ ਧਿਆਨ ਛੱਡਕੇ ਕੇਵਲ ਹਰਿ ਪਰਾਇਣ ਹੋ ਰਹਿਣਾ ਚਾਹੀਏ; ਤੇ ਇਸ ਤਰ੍ਹਾਂ ਕੁੱਤਾ ਆਪਣੇ ਜੀਵਨ ਦਾ ਮਨੋਰਥ ਕੇਵਲ ਮਾਲਕ ਦੀ ਸੇਵਾ ਜਾਣਦਾ ਹੈ, ਇਸੇ ਤਰ੍ਹਾਂ ਜੀਵ ਨੂੰ ਕੇਵਲ ਹਰਿ ਭਜਨ ਹੀ ਆਪਣੇ ਜੀਵਨ ਦਾ ਮਨੋਰਥ ਥਾਪ ਲੈਣਾ ਚਾਹੀਏ॥੪੫॥

| ਮੂਲ | ਅਰਥ |
|---|---|
| **ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥** | ਤੀਰਥਾਂ ਦੇ ਇਸ਼ਨਾਨ ਕਰਕੇ, ਬਰਤ ਰੱਖਕੇ, ਅਰ ਦਾਨ ਕਰਕੇ ਜੇ ਕੋਈ ਮਨ ਵਿਚ ਅਹੰਕਾਰ ਕਰੇ; ਤਾਂ ਗੁਰੂ ਸਾਹਿਬ ਕਹਿੰਦੇ ਹਨ ਉਸ ਦੇ (ਓਹ ਸਾਰੇ ਕੀਤੇ ਕਰਮ ਐਉਂ) ਬਿਅਰਥ ਚਲੇ ਜਾਂਦੇਂ ਹਨ ਜਿਸ ਤਰ੍ਹਾਂ ਹਾਥੀ ਨੂੰ ਇਸ਼ਨਾਨ ਕਰਾਯਾ (ਬਿਅਰਥ ਜਾਂਦਾ ਹੈ)॥੪੬॥ |

**ਪਦਾਰਥ**—ਬਰਤ-ਨੇਮ, ਪ੍ਰਣ। ਗੁਮਾਨੁ-ਹੰਕਾਰ। ਨਿਹਫਲ-ਬਿਅਰਥ, ਨਿਕੰਮੇ। ਕੁੰਚਰ-ਹਾਥੀ।

**ਭਾਵ**—ਇਥੇ ਸਤਿਗੁਰ-ਉਪਦੇਸ਼ ਦਿੰਦੇ ਹਨ ਜੋ ਸਤਿ ਕਰਮ ਕਿਸ ਤਰ੍ਹਾਂ ਦੇ ਕਰਨੇ ਚਾਹੀਏ। ਜੇ ਕੋਈ ਕੁਝ ਭਲਾ ਕਰਮ ਕਰਕੇ ਆਪਣੇ ਚਿਤ ਵਿਚ ਇਹ ਹੰਕਾਰ ਰੱਖੇ ਜੋ ਮੈਂ ਅਮਕਾ ਕਾਰਜ ਭਲਾ ਕੀਤਾ ਹੈ ਤਾਂ ਸਗੋਂ ਇਹ ਜਾਨਣਾ ਚਾਹੀਏ ਜੋ ਭਲਾ ਕਰਕੇ ਹਉਮੈ ਦਾ ਇਕ ਹੋਰ ਮਹਾਂ ਰੋਗ ਨਾਲ ਲਾ ਲੈਣ ਵਾਲੀ ਗੱਲ ਹੋਈ ਹੈ। ਹਾਥੀ ਦੇ ਇਸ਼ਨਾਨ ਦਾ ਦ੍ਰਿਸ਼ਟਾਂਤ ਦਿੱਤਾ ਹੈ। ਜੇ ਹਾਥੀ ਨੂੰ ਨੁਹਾਇਆ ਜਾਵੇ ਤਾਂ ਫਿਰ ਉਹ ਆਪਣੇ ਸੁਭਾਵ ਅਨੁਸਾਰ ਮਿੱਟੀ ਉਡਾਕੇ ਆਪਣੇ ਹੀ ਸਿਰ ਪਾ ਲੈਂਦਾ ਹੈ। ਸੋ ਨ੍ਹਾਵਣ ਦੇ ਕਾਰਨ ਜੋ ਉਸ ਦੀ ਸਫ਼ਾਈ ਹੋਣੀ ਸੀ ਉਸ ਦੀ ਥਾਂ ਸਗੋਂ ਹੋਰ ਮੈਲ ਪ੍ਰਾਪਤ ਹੋ ਗਈ। ਇਸੇ ਤਰ੍ਹਾਂ ਜੇ ਕੋਈ ਜੀਵ ਸ਼ੁਭ ਕਰਮ ਕਾਰਨ ਹਉਮੈ ਦੇ ਰੋਗ ਦਾ ਰੋਗੀ ਹੋ ਜਾਵੇ ਤਾਂ ਜਾਣੋ ਉਸ ਕਰਮ ਦਾ ਫਲ ਸਗੋਂ ਉਲਟਾ ਪ੍ਰਾਪਤ ਹੋਇਆ। ਸਤਿਗੁਰ ਦਾ ਬਚਨ ਹੈ:-

"**ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥**" {ਵਾਰ ਆਸਾ ਮ: ੧-੫}॥੪੬॥

| ਮੂਲ | ਅਰਥ |
|---|---|
| **ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥ ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥ ੪੭ ॥** | ਸਿਰ ਕੰਬਣ ਲੱਗਾ, ਪੈਰ ਥਿੜਕਣ ਲੱਗੇ, ਅੱਖੀਆਂ ਵਿਚ ਜੋਤਨਾ ਨਹੀਂ ਰਹੀ, ਗੁਰੂ ਸਾਹਿਬ ਕਹਿੰਦੇ ਹਨ ਇਹ ਦਸ਼ਾ ਹੋ ਗਈ ਤਾਂ ਬੀ ਪਰਮੇਸ਼ੁਰ (ਸਿਮਰਨ) ਦਾ ਰਸ ਨਾ ਲਿਆ ॥੪੭॥ |

**ਪਦਾਰਥ**—ਪਗ-ਪੈਰ। ਡਗਮਗੈ-ਡੋਲੇ, ਕੰਬੇ, ਥਿੜਕੇ। ਨੈਨ-ਅੱਖਾਂ। ਹੀਨ-ਸੱਖਣੀਆਂ।

**ਭਾਵ**—ਇਸ ਸਲੋਕ ਵਿਚ ਬੀਤੀ ਆਯੂ ਦੇ ਵਿਅਰਥ ਜਾਣ ਦੀ ਚੇਤਾਵਨੀ ਕਰਕੇ ਪਛੁਤਾਵਾ ਦਿਵਾਕੇ ਉਸ ਸਮੇਂ ਭੀ ਫਿਰ ਹਰਿ ਵਲ ਪ੍ਰੇਰਨਾ ਕਰਨ ਦਾ ਸਤਿਗੁਰ ਉਪਦੇਸ਼ ਦਿੰਦੇ ਹਨ, ਕਿ ਸਾਰੀ ਉਮਰ ਬੀਤ ਗਈ, ਇੰਦ੍ਰੇ ਸਿਥਲ ਹੋ ਗਏ, ਸਰੀਰ ਕੋਈ ਕੰਮ ਕਰਨ ਜੋਗ ਨਾ ਰਿਹਾ, ਪਰ ਜੀਵ ਅਜੇ ਬੀ ਵਿਸ਼ੈ ਵਿਕਾਰ ਅਰ ਤ੍ਰਿਸ਼ਨਾ ਦੇ ਜਾਲ ਤੋਂ ਨਹੀਂ ਨਿਕਲਦਾ, ਪਰਮੇਸ਼ੁਰ ਦੇ ਸਿਮਰਨ ਦਾ ਆਨੰਦ ਨਹੀਂ ਲੈਂਦਾ, ਮਰਨਾ ਭੁੱਲਾ ਹੋਯਾ ਹੈ, ਵੈਰਾਗ ਨਹੀਂ ਆਉਂਦਾ॥੪੭॥

| ਮੂਲ | ਅਰਥ |
|---|---|
| **ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥ ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥ ੪੮ ॥** | ਜ਼ਾਤੀ ਤੌਰ ਤੇ (ਮੈਂ ਚੰਗੀ ਤਰ੍ਹਾਂ ਆਪ ਕਰਕੇ) ਵੇਖ ਲਿਆ ਹੈ (ਇਸ) ਸੰਸਾਰ ਵਿਚ ਕੋਈ ਕਿਸੇ ਦਾ ਨਹੀਂ ਹੈ, ਸਦਾ ਸਥਿਰ ਰਹਿਣ ਵਾਲੀ (ਨਾਲ ਨਿਭਣ ਵਾਲੀ ਵਸਤੂ) ਪਰਮੇਸ਼ੁਰ ਦੀ ਭਗਤੀ ਹੀ ਹੈ, ਸਤਿਗੁਰੂ ਜੀ ਕਹਿੰਦੇ ਹਨ (ਹੇ ਭਾਈ ਪਿਆਰਿਓ!) ਉਸ ਨੂੰ ਆਪਣੇ ਮਨ ਵਿਚ ਰਖੋ॥੪੮॥ |

**ਪਦਾਰਥ**—ਨਿਜ ਕਰਿ-ਭਲੀ ਪ੍ਰਕਾਰ, ਖਾਸ ਕਰਕੇ, ਜ਼ਾਤੀ ਤੌਰ ਤੇ। ਥਿਰੁ-ਦ੍ਰਿੜ੍ਹ, ਸਦਾ ਰਹਿਣ ਵਾਲੀ।

**ਭਾਵ**—ਵੈਰਾਗ ਦ੍ਰਿੜਾਉਣ ਵਾਸਤੇ ਸਤਿਗੁਰ ਉਪਦੇਸ਼ ਦਿੰਦੇ ਹਨ ਕਿ ਸੰਸਾਰ ਦੇ ਸਭ ਸਬੰਧੀ ਅਰ ਹੋਰ ਸਭ ਲੋਕ ਆਪੋ ਆਪਣੇ ਪ੍ਰਯੋਜਨ ਦੇ ਮਿਤਰ ਹਨ, ਜੀਵ ਦਾ ਮਿਤ੍ਰ ਕੋਈ ਨਹੀਂ, ਇਹ ਚੰਗੀ ਤਰ੍ਹਾਂ ਪ੍ਰੀਖਜਾ ਕਰਕੇ ਅਸੀਂ ਜ਼ਾਤੀ ਤੌਰ ਤੇ ਦੇਖ ਲਿਆ ਹੈ, ਸਦਾ ਸਹਾਈ ਅਰ ਸੁਖਦਾਈ ਕੇਵਲ ਇਕ ਪਰਮੇਸ਼੍ਰ ਹੈ ਅਰ ਸਦਾ ਸਥਿਰ ਰਹਿਣ ਵਾਲਾ ਪਦਾਰਥ ਉਸਦੀ ਭਗਤੀ ਹੈ, ਤਾਂ ਤੇ ਇਸੇ ਵਿਚ ਮਨ ਲਾਓ॥

ਸਤਿਗੁਰਾਂ ਦਾ ਵਾਕ ਹੈ:-

**"ਪ੍ਰੀਤਮ ਜਾਨਿ ਲੇਹੁ ਮਨ ਮਾਹੀ॥ ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥੧॥ਰਹਾਉ॥ ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥ ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥੧॥ ਘਰ ਕੀ ਨਾਰਿ ਬਹੁਤੁ ਹਿਤੁ ਜਾਸਿਉ ਸਦਾ ਰਹਤ ਸੰਗ ਲਾਗੀ॥ ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥੨॥ ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾਸਿਉ ਨੇਹੁ ਲਗਾਇਓ॥ ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥"** {ਸੋ: ਮ: ੯-੧੨}॥੪੮॥

| ਮੂਲ | ਅਰਥ |
|---|---|
| **ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥ ੪੯ ॥** | ਹੇ ਮਿੱਤ੍ਰ ਪਿਆਰਿਓ! (ਏਹ) ਤੁਸੀਂ ਜਾਣ ਲਓ ਕਿ ਜਗਤ ਦੀ ਰਚਨਾ ਸਭ ਅਨਿਸਥਿਰ ਹੈ। ਗੁਰੂ ਸਾਹਿਬ ਕਹਿੰਦੇ ਹਨ (ਇਹ ਸਦਾ) ਥਿਰ ਨਹੀਂ ਰਹਿੰਦੀ ਜਿਸ ਤਰ੍ਹਾਂ ਰੇਤ ਦੀ ਕੰਧ (ਨਹੀਂ ਠਹਿਰ ਸਕਦੀ)॥੪੯॥ |

**ਪਦਾਰਥ**—ਬਾਲੂ-ਰੇਤ। ਭੀਤ-ਕੰਧ।

**ਭਾਵ**—ਪਿਛਲੇ ਸਲੋਕ ਵਿਚ, ਜਗਤ ਵਿਚ ਕੋਈ ਭੀ ਆਪਣੇ ਪ੍ਰਯੋਜਨ ਬਿਨਾਂ ਕਿਸੇ ਦਾ ਨਹੀਂ, ਦੱਸਕੇ ਜਗਤ ਦੀ ਪ੍ਰੀਤ ਤੋਂ ਬਚਣ ਲਈ ਉਪਦੇਸ਼ ਕੀਤਾ ਸੀ, ਇਥੇ ਜਗਤ ਦੀ ਅਨਿਸ-ਥਿਰਤਾ ਦੱਸਕੇ ਮਾਯਾ ਦੇ ਬੰਧਨ ਤੋਂ ਛੁੱਟਣ ਲਈ ਉਪਦੇਸ਼ ਹੈ। ਇਥੇ ਇਹ ਬਚਨ ਨਹੀਂ ਕਿ ਜਗਤ ਹੈ ਹੀ ਨਹੀਂ, ਸਗੋਂ ਇਹ ਹੈ ਕਿ ਜਗਤ ਹੈ ਤਾਂ ਸਹੀ ਪਰ ਰੇਤ ਦੀ ਕੰਧ ਦੀ ਤਰ੍ਹਾਂ ਅਨਿਸਥਿਰ ਹੈ। ਰੇਤ ਦੇ ਘਰ ਨਾਲ ਪਜਾਰ ਛਡਕੇ ਇਕ ਅਕਾਲ ਪੁਰਖ ਦੇ ਚਰਨਾਂ ਕਮਲਾਂ ਵਿਚ, ਜੋ ਸਦਾ ਸਥਿਰ ਹੈ, ਪ੍ਰੇਮ ਰੱਖਣ ਦਾ ਉਪਦੇਸ਼ ਹੈ। ਜਗਤ ਛਿਨਭੰਗਰ ਹੈ, ਇਸ ਵਿਚ ਮਨ ਦੀ ਪ੍ਰੀਤ ਨਾ ਲਾਓ, ਕਾਲ ਨੂੰ ਸਦਾ ਸਿਰ ਉਤੇ ਸਮਝ ਕੇ ਉਦਾਸ ਰਹੋ, ਪਾਪ ਨਾ ਕਰੋ॥੪੯॥

| ਮੂਲ | ਅਰਥ |
|---|---|
| **ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥ ੫੦ ॥** | ਰਾਮ ਚੰਦ੍ਰ (ਜੀ ਸੰਸਾਰ ਤੋਂ) ਚਲੇ ਗਏ (ਅਰ) ਰਾਵਣ ਬੀ ਚਲਾ ਗਿਆ ਜਿਸਦਾ ਬਹੁਤ ਵਡਾ ਪਰਵਾਰ ਸੀ। ਗੁਰੂ ਸਾਹਿਬ ਕਹਿੰਦੇ ਹਨ, ਸਦਾ ਰਹਿਣ ਵਾਲੀ ਵਸਤੂ ਕੋਈ ਨਹੀਂ, ਸੰਸਾਰ ਸੁਪਨੇ ਦੀ ਤਰ੍ਹਾਂ ਹੈ॥੫੦॥ |

**ਪਦਾਰਥ**—ਰਾਮੁ-ਦਸਰਥ ਕੁਮਾਰ। ਰਾਵਨ-ਲੰਕਾ ਪਤੀ। ਪਰਵਾਰ-ਸਭ ਕੁਟੰਬੀ।

**ਭਾਵ**—ਪਿਛਲੇ ਸਲੋਕ ਵਿਚ ਸਤਿਗੁਰਾਂ ਨੇ "**ਜਗ ਰਚਨਾ ਸਭ ਝੂਠ ਹੈ**" ਕਿਹਾ ਸੀ, ਇਸ ਸਲੋਕ ਵਿਚ ਦੱਸਦੇ ਹਨ: ਜੋ ਜਗਤ ਵਿਚ ਉਪਜਿਆ ਹੈ ਸੋ ਬਿਨਸ ਜਾਵੇਗਾ ਭਾਵੇਂ ਉਹ ਕੋਈ ਬੀ ਹੋਵੇ।

ਰਾਮ ਜੀ ਜੈਸੇ ਭਲੇ ਸੁਖਦਾਈ ਅਰ ਰਾਵਣ ਜੈਸੇ ਵਡੇ ਪਰਵਾਰੀ ਮਹਾਂ ਜੋਧੇ, ਦੋਵੇਂ ਸੰਸਾਰ ਤੋਂ ਚਲੇ ਗਏ। ਸਤਿਗੁਰ ਬਚਨ ਕਰਦੇ ਹਨ ਜੋ ਇਹ ਸਾਰਾ ਸੰਸਾਰ ਸੁਪਨੇ ਵਤ ਨਾਸ਼ਵੰਤ ਹੈ। ਜਿਸ ਤਰ੍ਹਾਂ ਸੁਪਨਾਂ ਕੇਵਲ ਇਕ ਅਵਸਥਾ ਦਾ ਨਾਮ ਹੈ; ਜਿਸ ਅਵਸਥਾ ਵਿਚ ਨੀਂਦ ਅਰ ਚੇਤਨਤਾ ਦੋਨੋ ਕਮਜ਼ੋਰ ਹੋਣ ਉਸ ਵਿਚ ਮਨੋਰਾਜ ਆਪਣੀਆਂ ਮੌਜਾਂ ਵਿਚ ਕਦੀ ਨੀਂਦ ਦੀ ਦਾਬ ਹੇਠ ਕਦੀ ਜਾਗਰਤ ਦੀ ਲੈ ਤੇ ਸਵਾਰ, ਬੇਥਵਾ, ਬੇ ਟਿਕਾਣਾ ਸੈਲਾਂ ਕਰਦਾ ਹੈ, ਅਵਸਥਾ ਜਾਗਰਤ ਤੇ ਸੁਖੋਪਤ ਦੋਨਾਂ ਵਿਚੋਂ ਅਲੋਪ ਹੋ ਜਾਂਦਾ ਹੈ, ਇਸੇ ਤਰ੍ਹਾਂ ਸੁਪਨੇ ਦੀ ਅਵਸਥਾ ਕਾਇਕ ਰਹਿਣ ਵਾਲੀ ਨਹੀਂ। ਜਿਸ ਤਰ੍ਹਾਂ ਸੁਪਨਾ ਨਾਸ਼ਵੰਤ ਹੈ ਇਸੇ ਤਰ੍ਹਾਂ ਸਸੰਾਰ ਨਾਸ਼ਵੰਤ ਹੈ॥੫੦॥

| ਮੂਲ | ਅਰਥ |
|---|---|
| **ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥ ੫੧ ॥** | ਚਿੰਤਾ ਉਸਦੀ ਕਰੀਏ ਜੇ ਨਾ ਹੋਣ ਵਾਲੀ ਗਲ ਵਾਪਰ ਗਈ ਹੋਵੇ। ਗੁਰੂ ਸਾਹਿਬ ਕਹਿੰਦੇ ਹਨ ਸੰਸਾਰ ਦੀ ਤਾਂ ਇਹ ਰੀਤੀ ਹੀ ਤੁਰੀ ਆਉਂਦੀ ਹੈ ਜੋ (ਏਥੇ) ਥਿਰ ਕੋਈ ਨਹੀਂ ਰਹਿੰਦਾ ॥੫੧॥ |

**ਪਦਾਰਥ**—ਅਨਹੋਨੀ-ਨਾ ਹੋਣ ਵਾਲੀ।  ਮਾਰਗ-ਰਾਹ, ਦਸਤੂਰ।

**ਭਾਵ**—ਸਤਿਗੁਰ ਅਗੇ ਉਪਦੇਸ਼ ਕਰ ਆਏ ਹਨ ਜੋ ਜਗ ਰਚਨਾ ਸਭ ਝੂਠੀ ਹੈ। ਜੀਵ ਜਗ ਰਚਨਾ ਵਿੱਚ ਵਸਦਾ ਹੈ, ਸਾਕ, ਸੰਬੰਧੀ, ਮਿੱਤ੍ਰ, ਪਿਆਰੇ ਇਸਦੇ ਪਰਚਾਵੇ ਦਾ ਕਾਰਣ ਹੁੰਦੇ ਹਨ। ਧਨ ਮਾਇਆ ਇਸਦੇ ਲੋੜਦੇ ਵੇਲੇ ਇਸਦੇ ਸਹਾਇਕ ਹੋਕੇ ਮਨੋਰਥ ਪੂਰੇ ਕਰਦੇ ਹਨ; ਜਿਨ੍ਹਾਂ ਨੂੰ ਇਹ ਸੱਚੇ ਤੇ ਸਦੈਵੀ ਸਹਾਇਕ ਸਮਝ ਲੈਂਦਾ ਹੈ, ਪਰ ਇਹ ਸਾਰੇ ਜੀਵ ਸਾਕ ਸਨੇਹ ਆਪ ਜਗ ਰਚਨਾ ਹਨ, ਤੇ ਇਨ੍ਹਾਂ ਨੇ ਇਕ ਦਿਨ ਬਿਨਸਨਾ ਹੀ ਹੈ। ਆਪਣੇ ਕਿਸੇ ਸਮੀਪੀ ਦੇ ਵਿਛੋੜੇ ਦਾ ਕਲੇਸ਼ ਹੋਣ ਦੇ ਵਕਤ ਸਤਿਗੁਰ ਉਪਦੇਸ਼ ਕਰਦੇ ਹਨ ਜੋ ਇਹ ਗਲ ਆਪਣੇ ਹਿਰਦੇ ਵਿਚ ਯਾਦ ਰਖੋ ਜੋ ਇਹ ਵਿਛੋੜਾ ਕੋਈ ਨਵੀਂ ਗਲ ਨਹੀਂ, ਨਾ ਇਹ ਅਨਹੋਣੀ ਹੈ। ਨਾਸ਼ਵੰਤ ਚੀਜ਼ ਨੇ ਨਾਸ਼ ਹੋਣਾ ਹੀ ਸੀ। ਸੰਸਾਰ ਦੀ ਇਹ ਰੀਤੀ ਮੁੱਢਾਂ ਤੋਂ ਹੀ ਚਲੀ ਆਉਂਦੀ ਹੈ ਜੋ ਇਥੋਂ ਦੇ ਪਦਾਰਥ ਤੇ ਸੰਗ ਸਭ ਅਨਿਸਥਿਰ ਹਨ ਗੁਰੂ ਮਹਾਰਾਜ ਹੁਕਮ ਦੇਂਦੇ ਹਨ:-

"**ਸਭਨਾ ਮਰਣਾ ਆਇਆ ਵਿਛੋੜਾ ਸਭਨਾਹ॥**" {ਸੋਰਠਿ ਮ: ੧-੧, ਪੰ: ੫੯੫}॥੫੧॥

| ਮੂਲ | ਅਰਥ |
|---|---|
| **ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥ ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥ ੫੨ ॥** | ਜੋ ਜੰਮਿਆਂ ਹੈ ਉਹ ਮਰੇਗਾ, (ਕੋਈ) ਪਰਸੋਂ (ਕੋਈ) ਅਜ ਕਿ (ਕੋਈ) ਕੱਲ। ਸਤਿਗੁਰੂ ਜੀ ਕਹਿੰਦੇ ਹਨ (ਸੋ ਸੰਸਾਰ ਦੇ) ਸਾਰੇ ਜੰਜਾਲ ਛੱਡਕੇ ਪਰਮੇਸ਼ੂਰ ਦੇ ਗੁਣ ਗਾ ਲਵੋ (ਜੋ ਅੱਗੇ ਕੰਮ ਆਉਣ)॥੫੨॥ |

**ਪਦਾਰਥ**—ਉਪਜਿਓ-ਜੰਮਿਆਂ।　ਬਿਨਸ ਹੈ-ਮਰੇਗਾ।　ਪਰੋ-ਪਰਸੋਂ, ਤੀਜੇ ਦਿਨ ਨੂੰ।　ਜੰਜਾਲ-ਧੰਦੇ।

**ਭਾਵ**—'**ਦ੍ਰਿਸਟਿਮਾਨ ਹੈ ਸਗਲ ਮਿਥੇਨਾ**' (੧੨੦੪), ਸੰਸਰ ਵਿਚ ਅਜਿਹਾ ਕੋਈ ਨਹੀਂ ਜੰਮਿਆਂ ਜੋ ਅਮਰ ਹੋਵੇ, ਮਰਨਾ ਸਭ ਦੇ ਸਿਰ ਪੁਰ ਹੈ, ਕਾਲ ਗੱਜਦਾ ਹੈ, ਸ਼ਾਹ ਹੋਵੇ ਪਾਤਸ਼ਾਹ, ਰਈਸ ਹੋਵੇ ਯਾ ਰੰਕ, ਅਮੀਰ ਹੋਵੇ ਯਾ ਫ਼ਕੀਰ, ਪੀਰ ਪੈਕੰਬਰ ਅਵਤਾਰ ਸਭ ਨੂੰ ਮੌਤ ਨੇ ਗ੍ਰਸਿਆ ਹੈ। ਜੇਹੜੇ ਨਜ਼ਰ ਆਉਂਦੇ ਹਨ ਸਭ ਕਾਲ ਦਾ ਗ੍ਰਾਸ ਹਨ, ਤਾਂਤੇ ਸਭ ਧੰਦੇ ਛੱਡਕੇ ਸ੍ਰੀ ਵਾਹਿਗੁਰੂ ਪਰਮੇਸ਼੍ਰਰ ਦੇ ਗੁਣ ਗਾ ਲਵੋ, ਫੇਰ ਇਹ ਸਮਾਂ ਹਥ ਨਹੀਂ ਜੇ ਆਉਣਾ ਯਥਾ:-

"**ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਐ॥**"{ਵਾਰ ਆਸਾ ਮ: ੧-੨੦, ਪੰ:੪੭੪} ॥੫੨॥

| **ਮੂਲ** | **ਅਰਥ** |
| --- | --- |
| **ਦੋਹਰਾ ॥ ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥ ੫੩ ॥** | ਬਲ ਨਸ਼ਟ ਹੋ ਚੁਕਾ ਹੈ, ਬੰਧਨ ਪੈ ਰਹੇ ਹਨ, ਉਪਾਵ ਕੁਛ ਨਹੀਂ ਹੋ ਸਕਦਾ। ਗੁਰੂ ਸਾਹਿਬ ਕਹਿੰਦੇ ਹਨ ਹੁਣ ਇਕ ਅਕਾਲ ਪੁਰਖ ਦਾ ਹੀ ਆਸਰਾ ਹੈ (ਹੇ ਪਰਮੇਸ਼੍ਰਰ) ਗਜ ਦੀ ਤਰ੍ਹਾਂ ਸਹਾਈ ਹੋਵੇ॥੫੩॥ |

**ਪਦਾਰਥ**—ਬਲ-ਜ਼ੋਰ।　ਓਟ-ਆਸਰਾ।　ਗਜ-ਹਾਥੀ।

**ਭਾਵ**—ਇਸ ਸਲੋਕ ਦੀ ਪੂਰਣਤਾ ਅਗਲਾ ਸਲੋਕ ਹੈ, ਇਸ ਵਿਚ ਮਨ ਦੀ ਉਸ ਅਵਸਥਾ ਦਾ ਨਕਸ਼ਾ ਹੈ, ਕਿ ਜਿਸ ਵਿਚ ਮਨ ਸਾਰੇ ਆਸਰੇ ਛੱਡਕੇ ਕੇਵਲ ਵਾਹਿਗੁਰੂ ਦਾ ਆਸਰਾ ਲੈਂਦਾ ਹੈ। ਇਹ ਇਕ ਪ੍ਰਕਾਰ ਦੀ ਵੈਰਾਗ ਪ੍ਰਾਪਤੀ ਦਾ ਨਿਖੇਧੀ ਪੱਖ ਹੈ ਕਿ ਸਭ ਪਦਾਰਥਾਂ ਤੋਂ ਮੋਹ ਤੋੜਦੇ ਤੋੜਦੇ ਪਦਾਰਥਾਂ ਨੂੰ ਇਹ ਕਹਿੰਦੇ ਕਹਿੰਦੇ ਕਿ ਇਹ ਨਾਸ਼ਵਾਨ ਹਨ, ਛੇਕੜ ਆਪਣੇ ਸ਼ਰੀਰ ਤੋਂ ਵੈਰਾਗ ਹੋ ਗਿਆ; ਇੰਦ੍ਰਿਆਂ ਤੋਂ ਵੈਰਾਗ, ਮਨ ਤੋਂ ਵੈਰਾਗ, ਉਸ ਵੇਲੇ ਡੁਬਦੇ ਸੂਰਜ ਵਾਂਙ ਵੈਰਾਗ ਵਿਚ ਲੈ ਹੁੰਦਾ ਮਨ ਛੇਕੜ ਆਵਾਜ਼ ਇਹ ਦਿੰਦਾ ਹੈ ਕਿ ਮੇਰੇ ਸਾਰੇ ਬਲ ਟੁੱਟ ਗਏ, ਅਰ ਸਾਰੇ ਪਾਸਿਆਂ ਤੋਂ ਰੁਕਦਿਆਂ ਰੁਕਦਿਆਂ ਹਰ ਬ੍ਰਿਤਿ ਨੂੰ ਨਿਰੁੱਧ ਕਰਦਿਆਂ ਕਰਦਿਆਂ ਬੰਧਨ ਪੈ ਗਏ ਹਨ, ਹੁਣ ਕੋਈ ਉਪਾਵ ਬਾਕੀ ਨਹੀਂ ਹੈ, ਮਨ ਦੀ ਇਹ ਦਸ਼ਾ ਹੈ ਕਿ ਵੈਰਾਗ ਨੇ ਹਰ ਸ਼ੈ ਵਿਚ ਗਿਲਾਨ ਬੁਧੀ ਕਰ ਲਈ ਹੈ, ਮਾਇਆ ਦੀ ਘਾਟੀ ਦੀ ਉਤਰਾਈ ਮੁੱਕ ਗਈ ਹੈ। ਇਸ ਵਿਚ ਹੁਣ ਇਕ ਇਹ ਗਲ ਆਈ ਹੈ, ਇਥੋਂ ਹੁਣ ਆਤਮਾ ਦੀ ਚੜ੍ਹਾਈ ਸ਼ੁਰੂ ਹੈ, ਵਿਚਕਾਰਲੀ ਦਸ਼ਾ ਇਹ ਹੈ। ਇਸ ਦਸ਼ਾ ਨੂੰ ਨੀਵੀਂ ਨਹੀਂ ਕਹਿ ਸਕਦੇ, ਭਾਵੇਂ ਬਾਹਰੋਂ ਦਿੱਸਦੀ ਬੀ ਹੈ, ਕਿਉਂਕਿ ਇਹ ਜੋ ਆਵਾਜ਼ ਹੈ "**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ**" ਇਥੇ ਮਨ ਸਾਰੇ ਸੰਸਾਰਕ ਆਸਰਿਆਂ ਤੋਂ ਟੁੱਟਾ ਇਕ ਵਾਹਿਗੁਰੂ ਦਾ ਹੀ ਆਸਰਾ ਲੈਂਦਾ ਹੈ ਅਰ ਸਚ ਮੁਚ ਨਿਰਾਸਤਾ ਅਨੁਭਵ ਕਰਕੇ ਇਥੋਂ ਇਕੋ ਓਟ ਉਸ ਨੂੰ ਦਿੱਸ ਪੈਂਦੀ ਹੈ। ਜਿੱਕੁਰ ਰਾਤ ਬੀਤ ਗਈ ਤੇ ਤੜਕਸਾਰ ਦਾ ਵੇਲਾ ਆਉਂਦਾ ਹੈ, ਰਾਤ ਦਾ ਧੁੰਦ ਹਨੇਰਾ ਤਾਂ ਨਹੀਂ ਹੈ, ਪਰ ਅਜੇ ਸੂਰਜ ਬੀ ਨਹੀਂ ਚੜ੍ਹਿਆ, ਸੋ ਇਸ ਵੇਲੇ ਜੋ ਅੰਦਰ ਆਸਰਾ ਇਕ ਵਾਹਿਗੁਰੂ ਦਾ ਲੈਂਦਾ ਹੈ, ਉਹ ਠੀਕ ਦਸ਼ਾ ਹੈ ਕਿ ਰਾਤ ਤਾਂ ਕੌੜੀ ਜਾਣਕੇ ਬੀਤਾਈ ਤੇ ਸੂਰਜ ਅਜੇ ਦਿੱਸਿਆ ਨਹੀਂ, ਪਰ ਭਰੋਸਾ ਪੱਕਾ ਤੇ

ਪ੍ਰੇਮ ਉਸੇ ਦੇ ਦਰਸ਼ਨ ਦਾ ਹੈ, ਉਸੇ ਦੀ ਸਿੱਕ ਨੇ ਰਾਤ ਦੇ ਅਨਿਸਥਿਰ ਭੋਗਾਂ ਤੋਂ ਗਿਲਾਨੀ ਕਰਾਈ ਹੈ, ਹੁਣ ਉਸੇ ਸੂਰਜ ਰੂਪ ਪਰਮੇਸੁਰ ਦੇ ਅਗੇ ਦੁਹਾਈ ਹੈ ਕਿ ਹੇ ਪਿਆਰੇ! ਕੇਵਲ ਤੇਰਾ ਹੀ ਆਸਰਾ ਹੈ, ਹੋਰ ਆਸਰੇ ਛੁੱਟ ਗਏ ਹਨ, ਕੋਈ ਐਸਾ ਵੈਸਾ ਬਲ ਨਹੀਂ ਰਿਹਾ। ਬਲ ਟੁੱਟਣ ਤੇ ਜੋ ਅਸ਼ਕਤੀ ਹੋ ਗਈ ਹੈ, ਓਹ ਮਾਨੋਂ ਬੰਧੰਨ ਰੂਪ ਹੈ। ਜਿਵੇਂ ਬੰਧਨ ਕੁਝ ਨਹੀਂ ਕਰਨ ਦੇਂਦੇ ਤਿਵੇਂ ਇਹ ਅਸ਼ਕਤੀ ਨਹੀਂ ਕੁਝ ਕਰਨ ਦਿੰਦੀ; ਹੁਣ ਹੇ ਪ੍ਰਭੂ! ਤੂੰਹੇਂ ਸਹਾਯਤਾ ਕਰ, ਅਰ ਜੋ ਕੁਝ ਤੇਰੀ ਇਛਾ ਹੈ ਪੂਰਨ ਹੋਵੇ। ਜਿਵੇਂ ਨਸ਼ਾ ਜਦ ਉਤਰਦਾ ਹੈ ਤਾਂ ਟੋਟ ਵਾਪਰਦੀ ਹੈ, ਤਿਵੇਂ ਵੈਰਾਗ ਦੀਆਂ ਖਟਿਆਈਆਂ ਖਾ ਖਾਕੇ ਜਦ ਹਉਮੈ ਦਾ ਮਦ ਲਹਿੰਦਾ ਹੈ ਤਦ ਬੀ ਇਕ ਟੋਟ ਜਿਹੀ ਵਾਪਰਦੀ ਹੈ, ਪਰ ਇਹ ਟੋਟ ਦੁਖਦਾਈ ਨਹੀਂ ਹੁੰਦੀ, ਕਿਉਂਕਿ ਹਉਮੈ ਤੋਂ ਨਿਕਲਕੇ ਜੀਵ ਦਾ ਆਸਰਾ ਭਰੋਸਾ ਨਿਰੰਜਨ ਵਾਹਿਗੁਰੂ ਪਰ ਹੁੰਦਾ ਹੈ; ਅਰ ਉਹ ਵਕਤ ਅਣੀ ਤੇ ਹੁੰਦਾ ਹੈ ਕਿ ਪਿਆਰੇ ਦਾ ਝਲਕਾ ਅਪਣੇ ਸਰੂਪ ਵਿਚ ਮਗਨ ਕਰ ਲੈਂਦਾ ਹੈ। ਸ੍ਰੀ ਗੁਰੂ ਜੀ ਨੇ ਉੱਤਮ ਉਪਦੇਸ਼ ਦੁਆਰਾ ਇਹ ਅਚਰਜ ਅਵਸਥਾ ਪ੍ਰਾਰਥਨਾ ਰੂਪ ਵਿਚ ਵਰਣਨ ਕੀਤੀ ਹੈ ਕਿ ਪਰਮਾਰਥ ਦੇ ਤੁਰਾਊ ਇਸ ਦਸ਼ਾ ਤੋਂ ਅਰ ਇਸ ਵੇਲੇ ਦੇ ਇਲਾਜ (ਵਾਹਿਗੁਰੂ ਅਗੇ ਪ੍ਰਾਰਥਨਾ) ਤੋਂ ਨਾਵਾਕਫ਼ ਨਾ ਰਹਿਣ। ਅਗਲੇ ਸਲੋਕ ਵਿਚ ਚੜ੍ਹਦੇ ਸੂਰਜ ਵਤ ਵਾਹਿਗੁਰੂ ਦੇ ਦਰਸ਼ਨ ਦੇ ਝਲਕੇ ਪੈਂਦਿਆਂ ਦੀ ਦਸ਼ਾ ਦਾ ਉੱਤਮ ਉਪਦੇਸ਼ ਦੁਆਰਾ ਵਰਣਨ ਕਰਨਗੇ॥੫੩॥

| ਮੂਲ | ਅਰਥ |
|---|---|
| **ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥ ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥ ੫੪ ॥** | ਬਲ ਹੋਇਆ, ਬੰਧਨ ਸਭ ਛੁੱਟ ਗਏ, ਹਰ ਤਰ੍ਹਾਂ ਦਾ ਉਪਾਵ ਹੋ ਰਿਹਾ ਹੈ, ਕਹਿੰਦੇ ਹਨ ਸ੍ਰੀ ਗੁਰੂ ਜੀ ਸਭ ਕੁਛ ਆਪ ਦੇ ਹਥ ਵਿਚ ਹੈ ਆਪ ਹੀ ਸਹਾਈ ਹੋ ਰਹੇ ਹੋ॥੫੪॥ |

**ਭਾਵ**—ਹੁਣ ਸਵੇਰ ਦੀ ਵਿਚਕਾਰਲੀ ਗੁੱਲੀ ਲੰਘ ਗਈ, ਸੂਰਜ ਉਦੈ ਹੋ ਪਿਆ। ਜਿਸ ਮੁਰਾਦ ਲਈ ਪਿਛਲੇ ਸਲੋਕਾਂ ਵਿਚ ਕਹੇ ਵੈਰਾਗ ਨੇ ਦ੍ਰਿਸ਼ਟਮਾਨ ਤੋਂ ਅਰ ਮਾਯਾ ਦੇ ਭੋਗਾਂ ਤੋਂ ਦੋਖ ਦ੍ਰਿਸ਼ਟੀ ਕਰ ਕਰਕੇ ਛੁਟਕਾਰਾ ਪਾਯਾ ਸੀ, ਹੁਣ ਉਹ ਵਾਹਿਗੁਰੂ ਰੂਪ ਸੂਰਜ ਨਜ਼ਰ ਆ ਗਿਆ, ਆਉਂਦਿਆਂ ਹੀ ਹੁਣ ਆਤਮ ਅਵਸਥਾ ਹੋ ਗਈ। ਜੀਵਤ ਮਰੈ ਦੀ ਅਵਸਥਾ ਲੰਘ ਗਈ। ਆਉਂਦਿਆਂ ਹੀ ਕੀ ਹੋਇਆ, ਕਿ ਜੋ ਸਰੀਰਕ ਬਲ ਛੁਟ ਗਏ ਸੇ ਹੁਣ ਬਲਾਂ ਦਾ ਚਸ਼ਮਾਂ, ਸੂਰਜ ਰੂਪ ਵਾਹਿਗੁਰੂ ਦਿਸਦਿਆਂ ਪਤਾ ਲਗ ਗਿਆ ਕਿ ਮੈਂ ਬਲ ਹੀਨ ਹਾਂ ਹੀ ਨਹੀਂ, ਸਰਬ ਬਲ ਮੇਰਾ ਹੈ, ਕਿਉਂਕਿ ਬਲਾਂ ਦੇ ਚਸ਼ਮੇ ਵਿਚ ਮੇਰੀ ਸਮਾਈ ਹੋ ਗਈ ਹੈ, ਬੰਧਨ ਮੇਰੇ ਸਾਰੇ ਛੁੱਟ ਗਏ ਹਨ। ਕਿਉਂਕਿ ਹਉਮੈ ਸਭ ਬੰਧਨਾਂ ਦਾ ਮੂਲ ਸੀ, ਹਉਮੈ ਹੁੰਦਿਆਂ ਮੈਨੂੰ ਆਜ਼ਾਦੀ ਤੇ ਬੰਧਨ ਸਾਪੇਖਜਕ ਦਸ਼ਾ ਵਿਚ ਆਜ਼ਾਦੀ ਭਾਸਦੀ ਸੀ, ਪਰ ਹੁਣ ਤਾਂ ਸਾਰਾਂ ਹਉਮੈ ਦਾ ਖੇਲ ਬੰਧਨ ਰੂਪ ਦਿਸਿਆ ਹੈ, ਜੋ ਸ਼ੁਕਰ ਹੈ ਝੜ ਪਿਆ ਹੈ, ਉਪਾਵ ਸਾਰੇ ਹੋ ਰਹੇ ਹਨ। ਰਜ਼ਾ ਨੇ ਦੱਸ ਦਿਤਾ ਹੈ ਕਿ ਉਪਾਉ ਕਰਨੇ ਕੀ, ਉਪਾਉ ਤਾਂ ਹੋ ਹੀ ਰਹੇ ਹਨ। ਫੇਰ ਹੁਣ ਗੁਸਤਾਖ ਹੋਕੇ ਦਮ ਮਾਰਨ ਦੀ ਥਾਂ ਨਹੀਂ ਹੈ, ਹੁਣ ਭੀ ਪ੍ਰਾਰਥਨਾ ਹੀ ਸੁਖਦਾਈ ਹੈ, ਗੁਰੂ ਜੀ ਕਹਿੰਦੇ ਹਨ, ਹੇ ਵਾਹਿਗੁਰੂ ਸਭ ਕੁਝ ਆਪ ਦੇ ਹਥ ਹੈ, ਸਹਾਇਤਾ ਹੁਣ ਕੀ ਮੰਗਾਂ ਆਪ ਆਪੇ ਸਹਾਈ ਹੋ ਰਹੇ ਹੋ॥੫੪॥

| ਮੂਲ | ਅਰਥ |
|---|---|
| **ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥ ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥ ੫੫ ॥** | ਨਾਲ ਰਹਿਣ ਵਾਲੇ ਮਿੱਤ੍ਰ ਸਾਥੀ ਸਭ ਛਡ ਗਏ, ਨਾਲ ਕੋਈ ਨਾਂ ਨਿਭਿਆ। ਗੁਰੂ ਸਾਹਿਬ ਕਹਿੰਦੇ ਹਨ ਇਸ ਬਿਪਤਾ ਵਿਖੇ (ਕੇਵਲ) ਇਕ ਪਰਮੇਸ਼ਰ ਦਾ ਹੀ ਆਸਰਾ ਹੈ॥੫੫॥ |

**ਪਦਾਰਥ**—ਸਖਾ-ਮਿੱਤਰ, ਸਾਥੀ। ਬਿਪਤਿ-ਦੁਖ ਦਾ ਸਮਾਂ। ਰਘੁਨਾਥ-ਪਰਮੇਸ਼ਰ।

**ਭਾਵ**—ਇਥੇ ਬੀ ਉਸੇ ਅਵਸਥਾ ਦਾ ਕਥਨ ਹੈ ਜੋ ਸਲੋਕ ੫੩ ਵਿਚ ਕਥੀ ਹੈ। ਜਦ ਉਹ ਜੀਵਤ ਮਰੇ ਦੀ ਅਵਸਥਾ ਆਉਂਦੀ ਹੈ ਤਾਂ ਏਸ ਮੌਤ ਵਿਚ ਪਹਿਲੀ ਜੀਵਤ ਅਵਸਥਾ ਦੇ ਸੰਗੀ ਸਹਾਈ ਸਭ ਰਹਿ ਜਾਂਦੇ ਹਨ; ਨਾ ਆਸਾ, ਨਾ ਮਨਸਾ, ਨਾ ਅੰਤਹਕਰਣ ਕੋਈ ਇਸ ਮੌਤ ਵਿਚ ਨਾਲ ਨਹੀਂ ਰਹਿੰਦਾ, ਕਿਸੇ ਦੀ ਏਥੋਂ ਤਾਈਂ ਗੰਮਤਾ ਨਹੀਂ, ਇਸ ਕਰਕੇ ਨਿਭਣ ਕਿਸ ਤਰ੍ਹਾਂ। ਇਹ ਅਵਸਥਾ ਬਿਪਤ (ਮੁਸ਼ਕਲ) ਦੀ ਹੈ, ਕਿਉਂਕਿ ਇਸ ਵਿਚ ਆਸਰੇ ਆਦਿ ਪਹਿਲੇ ਸਭ ਟੁੱਟ ਜਾਂਦੇ ਹਨ। ਜਗਜਾਸੂ ਨੂੰ ਜਦ ਤਕ ਸੂਰਜ ਵਾਹਿਗੁਰੂ ਨਾ ਦਿੱਸੇ ਇਹ ਦਸ਼ਾ ਚੰਗੀ ਨਹੀਂ ਜਾਪਦੀ, ਜੈਸਾ ਕਿ ਪਿਛੇ ਦੱਸਿਆ ਹੈ, ਪਰ ਅਸਲ ਵਿਚ ਇਹ ਮਾੜੀ ਨਹੀਂ ਹੁੰਦੀ; ਕਿਉਂਕਿ '**ਮਰੈ ਫੁਨ ਜੀਵੇ**' ਦੀ ਅਵਸਥਾ ਇਥੋਂ ਹੀ ਸ਼ੁਰੂ ਹੁੰਦੀ ਹੈ। ਫੇਰ ਇਥੇ ਇਹੋ ਉਪਦੇਸ਼ ਹੈ ਕਿ ਪ੍ਰਾਰਥਨਾ ਕਰਨੀ ਅਤੇ ਇਕੋ ਵਾਹਿਗੁਰੂ ਦੀ ਟੇਕ ਲੈਣੀ, ਇਹ ਮੌਤ ਤੋਂ ਆਤਮ ਜੀਵਨ ਪਦ ਵਿਖੇ ਲੈ ਜਾਏਗੀ, ਇਥੇ ਸਰਬ ਅਵਸਥਾ ਨੇ ਸਮਾਪਤ ਹੋ ਜਾਣਾ ਹੈ, ਹੁਣ ਯਥਾਰਥ ਨੇ ਪ੍ਰਗਟ ਹੋ ਪੈਣਾ ਹੈ॥੫੫॥

**ਸੂਚਨਾ**—ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਿਆ ਹੈ ਕਿ ਸਲੋਕ ੫੩ ਤੇ ੫੫ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਕੈਦ ਵਿਚੋਂ ਸਾਹਿਬਜ਼ਾਦੇ ਸ੍ਰੀ ਗੋਬਿੰਦ ਸਿੰਘ ਜੀ ਦੀ ਪਰਖ ਲਈ ਚਿੱਠੀ ਦੇ ਰੂਪ ਵਿਚ ਲਿਖੇ ਸੀ ਤੇ ਸਲੋਕ ੫੪ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਨੇ ਉਤਰ ਵਿਚ ਲਿਖਿਆ ਸੀ। ਫਿਰ ਨੌਵੇਂ ਪਾਤਸ਼ਾਹ ਜੀ ਨੇ ਗੁਰਤਾ ਦਾ ਸਾਮਾਨ ਪੰਜ ਪੈਸੇ ਤੇ ਨਾਰੀਅਲ ਸਾਹਿਬਜ਼ਾਦੇ ਜੀ ਵਲ ਭੇਜ ਕੇ ਗੁਰਤਾ ਅਰਪਨ ਕਰ ਦਿਤੀ ਸੀ। ਸ਼ਾਇਦ ਇਸੇ ਕਥਾ ਕਾਰਨ ਭਾਈ ਬੰਨੋ ਸਾਹਿਬ ਜੀ ਦੀ ਬੀੜ ਦੇ ਉਤਾਰਿਆਂ ਵਿਚ, ਜਿਨ੍ਹਾਂ ਵਿਚ ਮ: ੯ ਦੀ ਬਾਣੀ ਚੜ੍ਹੀ ਹੋਈ ਹੈ, ਉਨ੍ਹਾਂ ਵਿਚੋਂ ਕਈਆਂ ਵਿਚ ਸਲੋਕ ੫੪ ਦੇ ਪਹਿਲੇ 'ਮ: ੧੦' ਲਿਖਿਆ ਮਿਲਦਾ ਹੈ।

| ਮੂਲ | ਅਰਥ |
|---|---|
| **ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥ ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥ ੫੬ ॥** | (ਕਰਤਾਰ ਦਾ) ਨਾਮ ਰਿਹਾ ਹੈ, (ਅਰ ਨਾਮ ਜਪਣ ਵਾਲੇ) ਸਾਧੂ ਰਹੇ ਹਨ, ਗੁਰੂ ਅਰ ਗੋਬਿੰਦ (ਪਰਮੇਸ਼ਰ ਸਦਾ) ਰਹੇ ਹਨ। ਗੁਰੂ ਸਾਹਿਬ ਕਹਿੰਦੇ ਹਨ, ਇਸ ਸੰਸਾਰ ਵਿਚ ਕਿਸੇ (ਵਿਰਲੇ ਨੇ ਹੀ ਗੁਰੂ ਮੰਤ੍ਰ ਜਪਿਆ ਹੈ॥੫੬॥ |

**ਪਦਾਰਥ**—ਨਾਮੁ-ਪਰਮੇਸ਼ਰ ਦਾ ਨਾਮ। ਸਾਧੂ-ਸਾਧਨਾ ਕਰਨੇ ਵਾਲੇ, ਨਾਮ ਜਪਣ ਵਾਲੇ। ਕਿਨ-ਕਿਸੇ (ਵਿਰਲੇ) ਨੇ। ਗੁਰੂ ਮੰਤੁ-ਗੁਰ ਮੰਤ੍ਰ, ਵਾਹਿਗੁਰੂ। ਨਾਮ।

**ਭਾਵ**—ਇਥੇ ਫੇਰ ਉਹੋ ਅਵਸਥਾ ਜੋ ੫੪ ਸਲੋਕ ਵਿਚ ਕਹੀ ਸੀ ਕਥਨ ਕਰਦੇ ਹਨ, ਅਰ ਇਕ ਬੜੇ ਭਾਰੇ ਟਪਲੇ ਤੋਂ ਬਚਾਉਂਦੇ ਹਨ, ਜਿਸ ਵਿਚ ਅਨੇਕਾਂ ਮਤ ਮਤਾਂਤਰਾਂ ਵਾਲੇ ਪੈ ਗਏ: ਨਿਰਵਾਨ ਨੂੰ ਉੱਕੀ ਤਬਾਹੀ, ਤੁਰੀਆ ਪਦ ਨੂੰ ਸੁੰਞ ਮਸਾਣ, ਵਾਹਿਗੁਰੂ ਦੀ ਸਰੂਪ ਪ੍ਰਾਪਤੀ ਨੂੰ ਕੀੜੀ ਦੇ ਖੰਡ ਵਿਚ ਪਿਸਕੇ ਮਰ ਮਿਟਣ ਵਾਂਙੂ ਉਜਾੜਾ ਸਮਝਕੇ ਕੁਝ ਨਾਸਤਕ ਜਿਹੇ ਲੋਕੀ ਹੋ ਜਾਂਦੇ ਹਨ, ਅਰ ਸੰਸਾਰ ਧੋਖਾ ਖਾਕੇ ਬੇਮੁਖ ਹੋ ਜਾਂਦਾ ਹੈ। ਗੁਰੂ ਜੀ ਦੱਸਦੇ ਹਨ ਕਿ ਜਦ **'ਮਰੇ ਫੁਨ ਜੀਵੈ'** ਦੀ ਅਵਸਥਾ ਆਈ, ਜੋ ਪੂਰੀ ਕਥਨ ਨਹੀਂ ਹੋ ਸਕਦੀ, ਤਦ ਨਾ ਸਮਝੋ ਕਿ ਕੁਝ ਨਹੀਂ ਰਹਿੰਦਾ, ਤਦੋਂ ਵਾਹਿਗੁਰੂ ਦਾ ਨਾਮ ਰਹਿੰਦਾ ਹੈ, ਪਰ ਕਿਹੜਾ ਨਾਮ? ਜਿਸ ਦੇ ਆਸਰੇ ਅਕਾਸ਼ ਪਤਾਲ ਖੜੇ ਹਨ:-

**"ਨਾਮ ਕੇ ਧਾਰੇ ਪੁਰੀਆ ਸਭ ਭਵਨ॥"** {ਸੁਖਮਨੀ-੧੬, ਪੰ:੨੮੪}

ਫੇਰ ਸਾਧੂ ਰਹਿੰਦਾ ਹੈ, ਉਹ ਬੀ ਉਸੇ ਅਵਸਥਾ ਵਿਚ, ਜਿਸ ਪਰਥਾਇ ਹੁਕਮ ਹੈ:-

**"ਜਹ ਅਬਿਗਤੁ ਭਗਤੁ ਤਹ ਆਪਿ॥"** {ਸੁਖਮਨੀ-੨੧, ਪੰ: ੨੯੨}

ਪੁਨਾ-**"ਥਿਰੁ ਪਾਰਬ੍ਰਹਮੁ ਪਰਮੇਸਰ ਸੇਵਕੁ ਥਿਰੁ ਹੋਸੀ॥"** {ਡਖਣੇ ਮ: ੫-੧੮, ਪੰ:੧੧੦੦}

ਫੇਰ ਗੁਰੂ ਰਹਿੰਦਾ ਹੈ, ਕਿਉਂਕਿ **"ਗੁਰੁ ਪਰਮੇਸਰੁ ਏਕੋ ਜਾਣੁ"** ਹੁਕਮ ਹੈ, ਫੇਰ ਗੋਬਿੰਦ ਰਿਹਾ, ਕਿਉਂਕਿ ਗੋਬਿੰਦ ਹੀ ਤਾਂ ਸਭ ਦਾ ਪ੍ਰਕਾਸ਼ਕ ਹੈ, ਗੋਬਿੰਦ ਵਿਚ ਹੀ ਸਾਰੇ ਰਹੇ। ਇਹ ਕ੍ਰਮ ਵਾਰ ਕਥਨ ਕੀਤਾ ਹੈ, ਨਾਮ, ਸਾਧੂ; ਗੁਰੂ ਤੇ ਪਰਮੇਸ਼ਰੁ। ਇਸ ਅਵਸਥਾ ਨੂੰ ਕਹਿਕੇ ਗੁਰੂ ਜੀ ਦੂਜੀ ਤੁਕ ਵਿਚ ਕਹਿੰਦੇ ਹਨ, ਕਿ ਏਹ ਸਭ ਕੁਝ ਨਾਮ ਨਾਲ ਪ੍ਰਾਪਤ ਹੁੰਦਾ ਹੈ, ਪਰ ਨਾਮ ਕੋਈ ਵਿਰਲਾ ਜਪਦਾ ਹੈ॥੫੬॥

| ਮੂਲ | ਅਰਥ |
|---|---|
| **ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥ ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥ ੫੭ ॥ ੧ ॥** | ਪਰਮੇਸ਼ਰ ਦਾ ਨਾਮ ਹਿਰਦੇ ਵਿਚ ਦ੍ਰਿੜ੍ਹ ਕਰਕੇ ਰਖਿਆ ਹੈ ਜਿਸ (ਨਾਮ) ਦੇ ਤੁੱਲ ਹੋਰ ਕੋਈ ਨਹੀਂ। ਜਿਸ ਦੇ ਸਿਮਰਨ ਕਰਨੇ ਤੇ (ਸਭ) ਸੰਕਟ (ਬਿਪਦਾ) ਦੂਰ ਹੁੰਦੀਆਂ ਹਨ (ਅਰ) ਤੇਰਾ ਦਰਸ਼ਨ (ਪ੍ਰਾਪਤ) ਹੁੰਦਾ ਹੈ॥੫੭॥੧॥ |

**ਪਦਾਰਥ**—ਉਰਿ-ਮਨ, ਹਿਰਦਾ। ਗਹਿਓ-ਦ੍ਰਿੜ੍ਹ ਕਰਕੇ ਧਾਰਨਾ। ਸਮ-ਤੁੱਲ। ਸੰਕਟ-ਬਿਪਤਾ, ਕਲੇਸ਼।

**ਭਾਵ**—ਪਿਛਲੇ ਸਲੋਕ ਵਿਚ ਜੋ ਵਾਹਿਗੁਰੂ ਨਾਮ ਤੋਂ ਸਾਰੀ ਪ੍ਰਾਪਤੀ ਦਾ ਇਸ਼ਾਰਾ ਸੀ ਉਸ ਦਾ ਉਪਦੇਸ ਇਥੇ ਹੈ ਕਿ ਵਾਹਿਗੁਰੂ ਨਾਮ ਦੇ ਤੁੱਲ ਕੋਈ ਨਹੀਂ ਹੈ, ਤਾਂ ਤੇ ਉਸਦੇ ਨਾਮ ਨੂੰ ਹਿਰਦੇ ਵਿਚ ਧਾਰਨ ਕਰਨਾ ਚਾਹੀਦਾ ਹੈ; ਜਿਸਦੇ ਸਿਮਰਨ ਨਾਲ ਹਉਮੈ ਦੇ ਸਾਰੇ ਸੰਕਟ ਮਿਟ ਜਾਂਦੇ ਹਨ, ਅਰਥਾਤ ਜੀਵਤ ਮਰ ਜਾਂਦਾ ਹੈ, ਫੇਰ ਇਸੇ ਦੇ ਆਸਰੇ ਹੇ ਭਗਵਾਨ ਆਪਦਾ ਦਰਸ਼ਨ ਹੁੰਦਾ ਹੈ ਜੋ **'ਮਰੇ ਫੁਨ ਜੀਵੇ'** ਦੀ ਅਵਸਥਾ ਹੈ। ਸਲੋਕਾਂ ਦੀ ਸਮਾਪਤੀ ਗੁਰੂ ਜੀ ਨੇ ਨਾਮ ਜਪਣ ਦੇ ਉਪਦੇਸ਼ਾਂ ਪਰ ਕੀਤੀ ਹੈ, ਜੋ ਗੁਰੂ ਜੀ ਦੇ ਅਵਤਾਰ ਦਾ ਮੁੱਖ ਪ੍ਰਯੋਜਨ ਸੀ॥੫੭॥੧॥

॥ਇਤਿ॥